UNISTAR BOOKS PVT LTD.

# ਕਲਿਜੁਗਿ ਪ੍ਰਮਾਣੁ ਨਾਨਕ ਗੁਰ

(ਮਹਾਂ-ਕਾਵਿ)

Unistar Books Pvt Ltd.

Pvt Ltd.

Unistar Books Pvt Ltd.

UNISTAR BOOKS PVT LTD.

UNISTAR BOOKS PVT LTD.

Unistar Books Pv

**ਇਸੇ ਕਲਮ ਤੋਂ**

**ਖੋਜ ਪੁਸਤਕਾਂ**

1. ਦਰਸ਼ਨ ਸਿੰਘ ਆਵਾਰਾ : ਕਾਵਿ ਵਿਚ ਵਿਦ੍ਰੋਹ (2008)
2. ਆਸਾ ਦੀ ਵਾਰ ਦਾ ਸੁਹਜਾਤਮਕ ਗੌਰਵ (2015) ਦੂਜੀ ਵਾਰ
3. ਅਣਪ੍ਰਕਾਸ਼ਿਆ ਪੰਜਾਬੀ ਕਵੀ ਕਿਰਪਾਲ ਸਿੰਘ ਈਸ਼ਰ (2021)

Unistar Books Pvt Ltd.

**ਗਜ਼ਲ ਸੰਗ੍ਰਹਿ:**

1. ਪਰਵਾਜ਼ੇ ਪੰਖ (2011)
2. ਸ਼ਾਮ-ਓ-ਸਹਰ (ਉਰਦੂ) (2016)
3. ਸਮੀਰ ਸੰਦਲੀ (2017)

**ਕਾਵਿਤਾ ਸੰਗ੍ਰਹਿ:**

1. ਖੋਲ੍ਹ ਕਿਵਾੜ (2008)
2. ਕਾਨੀ ਕਸਕ (2011)
3. ਡਿਓਢਾਂ ਜਗਦੀਪ ਦੀਆਂ (2020)
4. ਵਾਹਗਿਓਂ ਆਰ-ਪਾਰ (2023)
5. ਰਿਸ਼ਤਿਆਂ ਦੇ ਇਰਦ ਗਿਰਦ (2026)

UNISTAR BOOKS PVT LTD.

UNISTAR BOOKS PVT LTD.

# ਕਲਿਜੁਗਿ ਪ੍ਰਮਾਣੁ ਨਾਨਕ ਗੁਰ

(ਮਹਾਂ-ਕਾਵਿ)

Unistar Books Pvt I

Pvt Ltd.

ਡਾ. ਜਗਦੀਪ ਕੌਰ ਆਹੂਜਾ

Unistar Books Pvt Ltd.

UNISTAR BOOKS PVT LTD.

UNISTAR BOOKS PVT LTD.

**Kalyug Paraman Nanak Gur**

*by*

**Dr. Jagdeep Kaur Ahuja**
Principal Tara Vivek College, Gajjan Majra
+91 84277-53575, +91 95011-24175

Unistar Books Pvt Ltd.

Unistar Books Pvt Ltd.

2026
Published by Lokgeet Parkashan
printed & bound by Unistar Books Pvt. Ltd.
301, Industrial Area, Phase-9,
S.A.S. Nagar, Mohali-Chandigarh (India)
email : unistarbooks@gmail.com
website : www.unistarbooks.com
Ph. +91-172-5027427, 5027429

*© 2026*

*Produced and bound in India*

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

UNISTAR BOOKS PVT LTD.

UNISTAR BOOKS PVT LTD.

Unistar Books Pvt I

## ਸਮਰਪਿਤ

Pvt Ltd.

ਕੋਟਨਕੋਟ ਨਮਨ ਗੁਰ ਮੇਰੇ
ਗੁਰੂ ਤੇਗ਼ ਬਹਾਦਰ!
ਗੁਰੂ ਤੇਗ਼ ਬਹਾਦਰ!
'ਧਰਮ ਦੀ ਚਾਦਰ ਗੁਰੂ ਤੇਗ਼ ਬਹਾਦਰ ਜੀ ਦੇ
350ਵੇਂ ਸ਼ਹਾਦਤ ਵਰ੍ਹੇ ਨੂੰ'

Unistar Books Pvt Ltd.



UNISTAR BOOKS PVT LTD.

UNISTAR BOOKS PVT LTD.
Unistar Books Pv
Unistar Books Pvt Ltd.
UNISTAR BOOKS PVT LTD.

UNISTAR BOOKS PVT LTD.

# ਤਤਕਰਾ

ਮੁੱਖ ਕਥਨ ........................................ 14
'ਕਥਨਾ ਕਰੜਾ ਸਾਰ' ........................................ 15

## ਪਹਿਲਾ ਸਰਗ : ਗੁਰੂ ਨਾਨਕ ਆਗਮਨ ਤੋਂ ਪਹਿਲਾਂ

ਬੰਦਨਾ ........................................ 23
ਕਲਜੁਗੀ ਵਰਤਾਰਾ ........................................ 24
ਰਾਜਸੀ ਵਰਤਾਰਾ ........................................ 25
ਧਾਰਮਿਕ ਵਰਤਾਰਾ ........................................ 26
ਸਮਾਜਿਕ ਸਭਿਆਚਾਰਕ ਵਰਤਾਰਾ ........................................ 28
ਆਰਥਿਕ ਵਰਤਾਰਾ ........................................ 31

## ਦੂਜਾ ਸਰਗ : ਤਲਵੰਡੀ

ਤਲਵੰਡੀ ਪਿਛੋਕੜ ........................................ 37
ਸਾਂਦਲਬਾਰ/ਤਲਵੰਡੀ ........................................ 38
ਜਨਮ ........................................ 39
ਜਨਮ ਪੱਤਰੀ ........................................ 43
ਬਾਲ ਚੋਜ ........................................ 45
ਅੱਖਰੀ ਗਿਆਨ ........................................ 46
ਜਨੇਊ ਸੰਸਕਾਰ ........................................ 51
ਏਕਾਂਤਵਾਸ ........................................ 54
ਮਹੀਆਂ ਦਾ ਚਰਵਾਲ ........................................ 56
ਬੇਬੇ ਨਾਨਕੀ ........................................ 62
ਨਾਨਕ ਦਾ ਵਿਆਹ ........................................ 63
ਘਰ-ਪਰਿਵਾਰ ........................................ 66
ਕਾਰ-ਵਿਹਾਰ ........................................ 68
ਵੈਦ ਬੁਲਾਇਆ ਵੈਦਗੀ ........................................ 72
ਖ਼ਰਾ ਸੌਦਾ ........................................ 74


UNISTAR BOOKS PVT LTD.

## ਤੀਜਾ ਸਰਗ : ਸੁਲਤਾਨਪੁਰ

ਸੁਲਤਾਨਪੁਰ ........................................... 83
ਮੋਦੀਖਾਨਾ ........................................... 86
ਵੇਈ ਪਰਵੇਸ਼ ........................................... 97
ਬਾਬਾ ਪੈਂਧਾ ਸਚਖੰਡ ........................................... 90
ਵਿਦਾਇਗੀ ਤੋਂ ਪਹਿਲਾਂ ........................................... 107

## ਚੌਥਾ ਸਰਗ : ਪਹਿਲੀ ਉਦਾਸੀ (ਭਾਗ ਪਹਿਲਾ)

ਪਹਿਲੀ ਉਦਾਸੀ ........................................... 113
ਲਾਹੌਰ ........................................... 117
ਸੈਦਪੁਰ ........................................... 120
ਹਰਿਦੁਆਰ ........................................... 125
ਕੋਟ ਦੁਆਰਾ ........................................... 129
ਅਲਮੋੜਾ ........................................... 129
ਗੋਰਖਮਤਾ ........................................... 131
ਰੀਠਿਆਂ ਦਾ ਜੰਗਲ ........................................... 135
ਅਯੁੱਧਿਆ ........................................... 136
ਵਣਜਾਰਿਆਂ ਦੇ ਟਾਂਡੇ ........................................... 139
ਪਰਯਾਗ ........................................... 140
ਬਨਾਰਸ ........................................... 143
ਚੰਦਰੌਲੀ ........................................... 147
ਗਯਾ ........................................... 148
ਬੋਧ ਗਯਾ ........................................... 150
ਰਾਜੌਲੀ ........................................... 152
ਪਾਟਲੀਪੁੱਤਰ ........................................... 153
ਹਾਜ਼ੀਪੁਰ ........................................... 156
ਮਾਲਦਾ ਨਗਰ ........................................... 156
ਕਾਮਰੂਪ ........................................... 157
ਗੋਹਾਟੀ ........................................... 160
ਸ਼ੰਕਰ ਦੇਵ ........................................... 161
ਕਉਰੂ ਦੇਸ਼ ........................................... 162

UNISTAR BOOKS PVT LTD.
Unistar Books Pvt Ltd.

UNISTAR BOOKS PVT LTD.

ਭਾਈ ਭੂਮੀਆ ....................................166
ਨਾਗਾ ਦੇਸ਼ ....................................168
ਇੰਫਾਲ (ਮਨੀਪੁਰ) ....................................168
ਸਿਲਚਰ ....................................169
ਸਿਲਹਟ ....................................170
ਕੋਲਕਾਤਾ (ਬੰਗਾਲ) ....................................172
ਉੜੀਸਾ ....................................173
ਕਟਕ ....................................174
ਭੁਵਨੇਸ਼ਵਰ ....................................175
ਪੁਰੀ ....................................176
ਕਲਯੁਗ ਪਾਂਡਾ ....................................179

Unistar Books Pvt Ltd.

## ਪੰਜਵਾਂ ਸਰਗ : ਪਹਿਲੀ ਉਦਾਸੀ (ਭਾਗ ਦੂਜਾ)

ਦ੍ਰਾਵਿੜ ਫੇਰੀ ....................................183
ਕੁੜਾਪਾ ....................................184
ਜੱਬਲਪੁਰ ....................................185
ਕੌਂਡਾ ਭੀਲ ....................................186
ਤਿਰੁਪਤੀ ....................................187
ਕਾਂਚੀਪੁਰਮ ....................................188
ਗੰਟੂਰ ....................................188
ਤ੍ਰਿਵਣਮਲਾਏ ....................................190
ਸ੍ਰੀਰੰਗਮ ....................................191
ਤ੍ਰਿਚਨਾਪੱਲੀ ....................................191
ਤੰਜੋਰ ....................................192
ਤ੍ਰਿਨਕੋਮਲੀ ....................................192
ਸਿੰਗਲਾਦੀਪ ....................................193
ਬਾਟਿਕਲੋਆ ....................................194
ਕੁਰੂਕੁਲ ਮੰਡਪ ....................................196
ਰਾਮੇਸ਼ਵਰ ....................................197
ਪਾਲਮ ਕੋਟਾਇਮ ....................................198
ਬਾਡੁੱਲਾ ....................................199

Unistar Books Pvt Ltd.
UNISTAR BOOKS PVT LTD.

UNISTAR BOOKS PVT LTD.
ਕੋਟੀ ........................................................199
ਜੈਵਰਧਨਾਪੁਰ ............................................ 200
ਅਨੁਰਾਧਪੁਰ ...............................................201
ਧਨੁਸ਼ਕੋਡੀ ................................................ 202
ਬਿਦਰ ...................................................... 203
ਪਾਂਧਰਪੁਰ ................................................. 205
ਇੰਦੌਰ ...................................................... 209
ਬੇਟਗਾ ...................................................... 209
ਉਜੈਨ ........................................................211
ਪਾਲੀਟਾਣਾ (ਗੁਜਰਾਤ) ................................213
ਗਿਰਨਾਰ ..................................................215
ਸੋਮਨਾਥ ...................................................215
ਪਰਭਾਸ ....................................................216
ਦਵਾਰਕਾ ..................................................218
ਮਾਂਡਵੀ ....................................................218
ਆਬੂਕੋਹ ..................................................219
ਨਾਥ ਦੁਆਰ ............................................. 220
ਅਜਮੇਰ ................................................... 222
ਪੁਸ਼ਕਰ ................................................... 224
ਮਥਰਾ ..................................................... 225
ਬ੍ਰਿੰਦਾਬਨ ................................................ 226
ਰੁਹੇਲਖੰਡ ................................................. 227
ਦਿੱਲੀ ...................................................... 229
ਮਜਨੂੰ ਟਿੱਲਾ ............................................. 230
ਪਾਨੀਪਤ .................................................. 232
ਕੁਰਖੇਤਰ .................................................. 234
ਪਹੋਏ ...................................................... 238
ਸਰਸਾ ..................................................... 239
ਸੁਲਤਾਨਪੁਰ ...............................................241
ਤਲਵੰਡੀ ................................................... 242
ਪੱਖੋਕੇ ਰੰਧਾਵਾ .......................................... 244
Unistar Books Pvt Ltd.
Unistar Books Pvt Ltd.
UNISTAR BOOKS PVT LTD.

UNISTAR BOOKS PVT LTD.

## ਛੇਵਾਂ ਸਰਗ : ਦੂਜੀ ਉਦਾਸੀ

ਦੂਜੀ ਉਦਾਸੀ ........................................ 251
ਸਕੇਤ ਮੰਡੀ ........................................ 252
ਜੁਆਲਾ ਜੀ ........................................ 253
ਕਾਂਗੜਾ ........................................ 253
ਮੌਲਾਣਾ ........................................ 254
ਤਿੱਬਤ ........................................ 255
ਮਾਨਸਰੋਵਰ ........................................ 255
ਸੁਮੇਰ ........................................ 256
ਲੱਦਾਖ ........................................ 259
ਨੀਮੂ ........................................ 259
ਸਕਾਰਦੂ ........................................ 260
ਕਾਰਗਿਲ ........................................ 261
ਅਮਰਨਾਥ ........................................ 261
ਮਟਨ ........................................ 262
ਸ੍ਰੀਨਗਰ ........................................ 268
ਕੋਹਾਲਾ ........................................ 269
ਜੰਮੂ ........................................ 270
ਸਿਆਲਕੋਟ ........................................ 272
ਪਸਰੂਰ ........................................ 275
ਜਸਰੋਟਾ ........................................ 278
ਸੁਲਤਾਨਪੁਰ ........................................ 279
ਉੱਦੋਕੇ ........................................ 281
ਕੱਥੂਨੰਗਲ ........................................ 282
ਕਰਤਾਰਪੁਰ ........................................ 283
ਤਲਵੰਡੀ ........................................ 280
ਮਾਤ-ਪਿਤਾ ਵਿਛੋੜਾ ........................................ 287

Unistar Books Pvt L
Pvt Ltd.
Unistar Books Pvt Ltd.

## ਸੱਤਵਾਂ ਸਰਗ : ਤੀਜੀ ਉਦਾਸੀ

ਤੀਜੀ ਉਦਾਸੀ ........................................ 291
ਪੱਛਮ ਵੱਲ ਉਦਾਸੀ ........................................ 292

UNISTAR BOOKS PVT LTD.

UNISTAR BOOKS PVT LTD.

ਪਾਕਪਟਨ ............................................. 292
ਤੁਲੰਬਾ ................................................. 295
ਮੁਲਤਾਨ ............................................... 298
ਉੱਚ ਸ਼ਰੀਫ਼ ............................................ 298
ਸੱਖਰ ................................................. 300
ਸਾਧ ਬੇਲਾ ............................................. 300
ਲਖਪਤ ਨਗਰ ...........................................301
ਮੱਕਾ ................................................... 304
ਹਾਮਰਾ ................................................310
ਮਦੀਨਾ ................................................311
ਮਿਸਰ ..................................................314
ਕਰਬਲਾ ...............................................315
Unistar Books Pvt
ਬਗ਼ਦਾਦ ...............................................316
ਹਿੰਦ ਵਾਪਸੀ—ਤਹਿਰਾਨ ..............................319
ਮਸਹਦ ................................................ 320
ਕੰਧਾਰ ..................................................321
ਕਾਬਲ ..................................................321
Unistar Books Pvt Ltd.
ਪਿਸ਼ਾਵਰ ............................................. 324
ਹਸਨ ਅਬਦਾਲ ........................................ 325
ਬਾਲ ਗੁੰਦਾਈ .......................................... 328
ਰੁਹਤਾਸ ............................................... 330
ਡਿੰਗਾ ...................................................331
ਸੈਦਪੁਰ ................................................ 332
ਬਾਬਰ ਦਾ ਹੱਲਾ ....................................... 335

## ਅੱਠਵਾਂ ਸਰਗ : ਕਰਤਾਰਪੁਰ

ਕਰਤਾਰਪੁਰ .............................................349
ਗੁਰ ਮਰਯਾਦਾ ..........................................351
ਨਾਮ ਰਸੀਏ ............................................355
ਨਵਸੰਗਤ ਦੀ ਉਸਾਰੀ .................................363

UNISTAR BOOKS PVT LTD.

UNISTAR BOOKS PVT LTD.

ਪਰਥਾਏ ਸਾਖੀ ਮਹਾਂਪੁਰਖ ਬੋਲਦੇ ................... 364
ਫੁਟਕਲ ਫੇਰੀਆਂ ....................................... 365
ਅਚਲ ਵਟਾਲੇ .......................................... 367
ਮੁਲਤਾਨ ਦੀ ਜ਼ਿਆਰਤ................................371
ਮੁੜ ਸਿਆਲਕੋਟ ....................................... 373
ਬਾਣੀ ਦੀ ਸੰਭਾਲ....................................... 375
ਮਰਦਾਨਾ ਜੀ ਦਾ ਚਲਾਣਾ ............................ 377
ਲਹਿਣਾ ਜੀ ............................................. 378
ਗੁਰੂ ਮਿਲਾਪ ............................................ 379
ਲਹਿਣੇ ਤੋਂ ਅੰਗਦ ...................................... 385
ਲਹਿਣੇ ਲਈ ਆਦੇਸ਼................................... 386
ਸੰਪੂਰਨ ਥੀਆ ਰਾਮ................................... 389

Unistar Books Pvt Ltd.
Pvt Ltd.
Unistar Books Pvt Ltd.
UNISTAR BOOKS PVT LTD.

UNISTAR BOOKS PVT LTD.

# ਮੁੱਖ ਕਥਨ

'ਕਲਿਜੁਗਿ ਪ੍ਰਮਾਣੁ ਨਾਨਕ ਗੁਰੂ ਮਹਾਂਕਾਵਿ ਦੀ ਲੇਖਿਕਾ ਸ਼ਾਇਰਾ ਡਾ. ਜਗਦੀਪ ਕੌਰ ਅਹੂਜਾ ਨੇ ਇਸ ਮਹਾਂਕਾਵਿ ਨੂੰ ਅੱਠ ਸਰਗਾਂ ਵਿਚ ਵੰਡਦਿਆਂ ਗੁਰੂ ਸਾਹਿਬ ਦੇ ਸਮੁੱਚੇ ਜੀਵਨ ਅਮਲ ਨੂੰ ਸੰਯੁਕਤ ਰੂਪ ਵਿੱਚ ਉਨ੍ਹਾਂ ਦੀ ਇਲਾਹੀ ਅਜ਼ਮਤ ਦੇ ਆਵੇਸ਼ ਨੂੰ ਆਪਣੇ ਕਾਵਿਕਤਾ ਵਿਚ ਗੁਰੂ ਸੁਰਤਿ ਦਾ ਚਿਹਨ ਚੱਕਰ, ਗੁਰੂ ਸਾਹਿਬ ਦੀ ਮਹਾਂਪ੍ਰਤਿਭਾ ਦੀ ਪੈਗ਼ੰਬਰੀ ਅਜ਼ਮਤ ਦੇ ਸਮੁੱਚੇ ਸਫ਼ਰ ਅਤੇ ਅਮਲ ਦੀ ਰੂਹਾਨੀ ਸਾਂਝ ਨੂੰ ਮਾਨਵੀ ਸੱਚ ਦੇ ਪਸਾਰਾਂ, ਸਮਾਜਿਕ ਵਰਤਾਰਿਆਂ ਅਤੇ ਕੁਦਰਤ ਦੇ ਅਨੰਤ ਪਸਾਰਾਂ ਵਿਚੋਂ ਮੌਲਿਕ ਧਰਮ ਦੇ ਨੈਣ-ਨਕਸ਼ਾਂ ਦੀ ਮੌਲਿਕਤਾ ਉਭਾਰੀ ਹੈ, ਲੇਖਕ ਸ਼ਾਇਰਾ ਨੇ ਗੁਰੂ ਨਾਨਕ ਸਾਹਿਬ ਜੀ ਦੀ ਪੈਗ਼ੰਬਰੀ ਪ੍ਰਤਿਭਾ ਦੇ ਵਿਕਾਸਮਈ ਪੜਾਵਾਂ, ਜੀਵਨ ਵਿਚ ਵਾਪਰਦੇ ਵੱਖਰੇ-ਵੱਖਰੇ ਸੰਦਰਭਾਂ ਅਤੇ ਰੂਹਾਨੀ (ਇਲਾਹੀ) ਪਰਵਾਜ਼ ਦੇ ਪ੍ਰਵਚਨ ਨੂੰ ਅਕਹਿ ਤੇ ਅਕੱਥ ਪ੍ਰਵਚਨ ਵਿੱਚ ਨਿਭਾਇਆ ਹੈ। ਸ਼ਾਇਰਾ ਨੇ ਮਹਾਂਕਾਵਿਕ ਧੁਨ ਵਿਚ ਕੁਦਰਤ, ਅਰਦਾਸ, ਹੁਕਮ ਦੀ ਏਕਤਾ ਦੇ ਮੁਕੰਮਲ ਨੇਮ-ਪ੍ਰਬੰਧ ਨੂੰ ਕਾਵਿਕ ਜੁਗਤਾਂ, ਲੋਕ-ਮਿੱਥਾਂ, ਲੋਕ-ਪਰੰਪਰਾਵਾਂ ਰਾਹੀਂ ਲੋਕ-ਸਾਹਿਤ, ਲੋਕ-ਸਭਿਆਚਾਰ ਦੀ ਸਜੀਵ ਪੇਸ਼ਕਾਰੀ ਵੱਖਰੇ-ਵੱਖਰੇ ਕੁਦਰਤੀ ਸੋਮਿਆਂ ਤੋਂ ਕਰਵਾਈ ਹੈ। ਇਹ ਮਹਾਂਕਾਵਿ ਪੰਜਾਬੀ ਸਾਹਿਤ ਵਿਚ ਰਚੇ ਗਏ ਸਾਰੇ ਮਹਾਂਕਾਵਿ ਦੇ ਸਫ਼ਰ ਵਿਚ ਵਿਲੱਖਣ ਤੇ ਰੂਹਾਨੀ ਵਾਧਾ ਹੈ। ਕਿਉਂਕਿ ਸ਼ਾਇਰਾ ਨੇ ਮਹਾਂਕਾਵਿ ਦੀ ਨਜਾਕਤ ਵਿੱਚ ਨਾਰੀ ਵਿਸਮਾਦ ਦੀ ਬਹੁਪਰਤੀ ਨੁਹਾਰ ਦੀ ਖ਼ੂਬੀ, ਵਫ਼ਾ ਸਾਫ਼ ਬਿਰਤੀ ਦੀ ਪ੍ਰਮਾਣਿਕਤਾ ਨੂੰ ਸਿਰਜਿਆ ਹੈ। ਇਹ ਮਹਾਂਕਾਵਿ ਗੁਰੂ ਸਾਹਿਬ ਦੇ ਪੈਗ਼ੰਬਰੀ ਜਲੌਅ ਤੇ ਜਲਾਲ ਦੀ ਵਿਸਮਾਦੀ ਧਰੋਹਰ ਹੈ। ਓਸਦੀ ਗਹਿਨਤਾ ਵਿੱਚ ਅਨੰਤ ਸਫ਼ਰਾਂ ਦੇ ਹੁੰਗਾਰੇ ਦੇ ਕਾਵਿ ਆਵੇਸ਼ ਦੀ ਅਧਿਆਤਮਕ ਸੂਝ ਰਾਹੀਂ ਲੇਖਿਕਾ ਨੇ 'ਸਭ ਤੋਂ ਵੱਡਾ ਸਤਿਗੁਰ ਨਾਨਕ' ਦੇ ਸੱਚ ਦੀ ਪੈਰਵੀ ਵਿਚ ਆਪਣੇ ਕਾਵਿਕ ਸੰਵਾਦ ਦੀਆਂ ਵੰਨ-ਸੁਵੰਨੀਆਂ ਕੜੀਆਂ ਦੀ ਅੰਤਰਦ੍ਰਿਸ਼ਟੀ ਵਿਚ ਸਹਿਜ ਸੁਭਾਵਕ ਕੁਦਰਤ ਦੇ ਸਜੀਵ ਦ੍ਰਿਸ਼ਾਂ ਰਾਹੀਂ ਦ੍ਰਿਸ਼ਟ ਦਾ ਅੰਤਰੀਵ ਰਹੱਸ, ਧਰਤੀ ਦੀ ਵੰਨ ਸੁਵੰਨਤਾ ਦਾ ਰਹੱਸ, ਕੁਦਰਤ ਬ੍ਰਹਿਮੰਡ ਅਤੇ ਕਾਲ ਤੋਂ ਪਾਰ ਦੇ ਦ੍ਰਿਸ਼ਾਂ ਨਾਲ ਇਕਸੁਰ ਕੀਤਾ ਹੈ। ਇਸ ਕਿਰਤ ਦੀ ਸਾਹਿਤਕ ਦ੍ਰਿਸ਼ਟੀ ਅਤੇ ਕਾਵਿਕਤਾ ਵਿਚ ਮਨ ਦੀ ਸੁੱਚਤਾ, ਸੰਗੀਤਾਤਮਕਤਾ, ਵਿਦਵਤਾ ਅਤੇ ਕਲਾਤਮਕ ਸੁਹਜ ਦੀ ਅਨੋਖੀ ਤੇ ਅਨੂਠੀ ਤਨਜ਼ ਪਾਠਕ ਦੀ ਰੂਹ ਨੂੰ ਪੈਗ਼ੰਬਰੀ ਅਮਲ ਵਿਚ ਪਲਟਦੀ ਹੈ। ਲੇਖਿਕਾ ਦੀ ਇਹ ਕਿਰਤ ਸਾਨੂੰ ਸਾਰਿਆਂ ਨੂੰ ਗੁਰੂ ਨਾਨਕ ਸਾਹਿਬ ਪ੍ਰਤੀ ਸ਼ਿੱਦਤ ਅਤੇ ਵੈਰਾਗਮਈ ਆਤਮਿਕ ਮਿਲਣੀ ਦੀ ਇਲਾਹੀ ਲਿਸ਼ਕ ਬਖ਼ਸ਼ਦੀ ਹੈ। ਇਸ ਮਹਾਂਕਾਵਿ ਦੀ ਕਾਵਿਕ ਵਡੱਤਣ ਅਤੇ ਸਰੋਦੀਪਣ ਵਿਸ਼ੇਸ਼ ਪਹਿਚਾਣ ਮੰਗਦੀ ਹੈ। ਅਜਿਹੀ ਰਚਨਾ ਵਿਸਮਾਦੀ ਪਲਾਂ ਦਾ ਆਵੇਸ਼ ਕਬੂਲਦੀ ਦੁਨੀਆ ਦੀ ਪਾਵਨ ਅਮਾਨਤ ਤੇ ਸਰਬ ਸਮਿਆਂ ਦੀ ਪਵਿੱਤਰ ਧਰੋਹਰ ਤੇ ਜਾਮਨ ਬਣ ਜਾਂਦੀ ਹੈ

Unistar Books Pvt Ltd.

ਮੁਬਾਰਕਬਾਦ! ਕਹਿੰਦੀ ਪਰਮਾਤਮਾ ਅੱਗੇ ਅਰਦਾਸ ਕਰਦੀ ਹਾਂ ਡਾ. ਜਗਦੀਪ ਕੌਰ ਅਹੂਜਾ ਨੂੰ ਪਰਮਾਤਮਾ ਗੁਰੂ ਬਖ਼ਸ਼ੀ ਦਾਤ 'ਦੈਵੀ ਸ਼ਾਇਰੀ' ਦੀ ਚੇਟਕ ਨੂੰ ਹੋਰ ਚੇਸ਼ਟਾ ਦੇਵੇ।

ਡਾ. ਬਲਵਿੰਦਰ ਕੌਰ ਸਿੱਧੂ
ਪ੍ਰੋਫ਼ੈਸਰ ਅਤੇ ਡੀਨ ਭਾਸ਼ਾਵਾਂ,
ਪੰਜਾਬੀ ਯੂਨੀਵਰਸਿਟੀ ਪਟਿਆਲਾ।

UNISTAR BOOKS PVT LTD.

UNISTAR BOOKS PVT LTD.

# 'ਕਥਨਾ ਕਰੜਾ ਸਾਰੁ'

ਮਹਾਂ-ਕਾਵਿ ਇਕ ਅਜਿਹੀ ਉੱਚਪਾਏ ਦੀ ਪ੍ਰੇਰਨਾ ਭਰਪੂਰ ਰਚਨਾ ਹੈ ਜਿਸ ਵਿਚ ਕੋਈ ਸਮਰੱਥ ਕਵੀ ਯੁੱਗ ਨਾਇਕ ਦੇ ਸੰਪੂਰਨ ਜੀਵਨ ਚਿੱਤਰ ਨੂੰ ਆਪਣੀ ਵਿਸ਼ੇਸ਼ ਪ੍ਰਤਿਭਾ, ਬੌਧਿਕ ਗਿਆਨ, ਉੱਚ-ਕਲਪਨਾ, ਰਸੀਲੀ ਤੇ ਢੁੱਕਵੀਂ ਰਸ ਵਿਅੰਜਨਾ, ਅਲੰਕਾਰਕ ਭਾਸ਼ਾ ਤੇ ਉੱਦਾਤ ਸ਼ੈਲੀ ਵਿਚ ਚਿਤਰਦਾ ਹੈ। ਇਸ ਮਹਾਨ ਕਾਰਜ ਦੀ ਪੂਰਤੀ ਲਈ ਸਮੇਂ-ਸਮੇਂ 'ਤੇ ਕਈ ਉੱਘੇ ਕਵੀਆਂ ਵੱਲੋਂ ਮਹਾਂ-ਕਾਵਿ ਦੀ ਸਿਰਜਣਾ ਹੋਈ, ਜਿਨ੍ਹਾਂ ਵਿਚ ਸਭ ਤੋਂ ਪਹਿਲਾ ਮਹਾਂ-ਕਾਵਿ ਭਾਈ ਵੀਰ ਸਿੰਘ ਰਚਿਤ **ਰਾਣਾ ਸੂਰਤ ਸਿੰਘ** ਸੀ। ਉਸ ਮਗਰੋਂ ਪ੍ਰੋ. ਮੋਹਨ ਸਿੰਘ, ਲਾਲਾ ਕਿਰਪਾ ਸਾਗਰ, ਅਵਤਾਰ ਸਿੰਘ ਆਜ਼ਾਦ ਆਦਿ ਕਵੀਆਂ ਦੇ ਨਾਲ-ਨਾਲ ਪੰਥਕ ਕਵੀ ਗੁਰਦਿਆਲ ਸਿੰਘ 'ਨਿਮਰ' ਨੇ ਸਭ ਤੋਂ ਵੱਧ ਮਹਾਂ-ਕਾਵਿ ਲਿਖ ਕੇ ਇਸ ਪਰੰਪਰਾ ਨੂੰ ਅਮੀਰ ਕੀਤਾ।

**ਕਲਿਜੁਗਿ ਪ੍ਰਮਾਣੁ ਨਾਨਕ ਗੁਰੁ** ਮਹਾਂ-ਕਾਵਿ ਪੰਜਾਬੀ ਕਾਵਿ ਜਗਤ ਦੀ ਪ੍ਰਸਿੱਧ ਕਵਿੱਤਰੀ ਪ੍ਰਿੰਸੀਪਲ ਡਾ. ਜਗਦੀਪ ਕੌਰ ਆਹੂਜਾ ਦੀ ਅਨੂਠੀ ਕਿਰਤ ਹੈ। ਅਧਿਐਨ ਤੇ ਅਧਿਆਪਨ ਨਾਲ ਬਾਵਸਤਾ ਡਾ. ਆਹੂਜਾ ਪਿਛਲੇ ਤੀਹ ਸਾਲ ਤੋਂ ਨਿਰੰਤਰ ਸਾਹਿਤ ਰਚਨਾ ਕਰਦੀ ਆ ਰਹੀ ਹੈ। ਸੱਚੇ ਤੇ ਸੁੱਚੇ ਸੁਰਾਂ ਦੀ ਸਾਧਕ ਲੇਖਿਕਾ ਦੀ ਇਹ ਤੇਰ੍ਹਵੀਂ ਪੁਸਤਕ ਹੈ। ਇਸ ਤੋਂ ਪਹਿਲਾਂ ਖੋਜ ਅਤੇ ਕਾਵਿ ਨਾਲ ਸੰਬੰਧਤ ਪੁਸਤਕਾਂ ਲਿਖ ਕੇ ਉਹ ਸਾਹਿਤ ਜਗਤ ਵਿਚ ਆਪਣੀ ਨਿਵੇਕਲੀ ਥਾਂ ਬਣਾ ਚੁੱਕੀ ਹੈ। ਅਤਿ-ਸੂਖ਼ਮ ਤੇ ਅਮੂਰਤ ਭਾਵਾਂ ਦੀ ਪੇਸ਼ਕਾਰੀ ਲਈ ਉਸਨੇ ਵੱਖ-ਵੱਖ ਸਰੋਤਾਂ ਤੋਂ ਪੁਰਾਤਨ ਤੇ ਨਵੀਨਤਮ ਖੋਜ-ਸਮੱਗਰੀ ਨੂੰ ਇਸ ਮਹਾਂ-ਕਾਵਿ ਦੀ ਲੇਖਣੀ ਦਾ ਆਧਾਰ ਬਣਾਇਆ ਹੈ, ਜਿਸ ਵਿਚ ਪੁਰਾਤਨ ਜਨਮ ਸਾਖੀ, ਕਿਰਪਾਲ ਸਿੰਘ ਰਚਿਤ **ਜਨਮ ਸਾਖੀ ਪਰੰਪਰਾ**, **ਗੁਰੂ ਨਾਨਕ ਚਮਤਕਾਰ**, **ਸ੍ਰੀ ਗੁਰੂ ਨਾਨਕ ਪ੍ਰਕਾਸ਼**, **ਪੂਰਵਾਰਧ**, **ਸਿੱਖ ਤਵਾਰੀਖ**, **ਨਾਨਕ ਰਾਜ ਚਲਾਇਆ** ਤੋਂ ਇਲਾਵਾ ਨਵੀਨਤਮ ਪੁਸਤਕਾਂ ਦੇ ਅੰਤਰਗਤ ਗੁਰੂ ਨਾਨਕ ਦੇਵ ਜੀ ਦੇ ਸਮੁੱਚੇ ਜੀਵਨ ਸਫ਼ਰ ਨਾਲ ਸੰਬੰਧਤ ਪੰਜਾਬੀ ਯੂਨੀਵਰਸਿਟੀ ਵੱਲੋਂ ਛਪੀ **ਐਟਲਸ ਗੁਰੂ ਨਾਨਕ ਦੇਵ ਜੀ ਦੇ ਸਫ਼ਰ**, **ਬਾਬੇ ਤਾਰੇ ਚਾਰਿ ਚਕੁ** ਤੇ **ਗੁਰੂ ਨਾਨਕ ਉਦਾਸੀ ਦਰਪਣ** ਆਦਿ ਪ੍ਰਮੁੱਖ ਹਨ। ਇਸ ਮਹਾਂ-ਕਾਵਿ ਵਿਚ ਲੇਖਿਕਾ ਨੇ ਜਨਮ ਸਾਖੀਆਂ ਦੇ ਇਤਿਹਾਸ ਤੱਥਾਂ, ਸਫ਼ਰ ਦੀਆਂ ਰਵਾਇਤਾਂ, ਇਤਿਹਾਸਕ ਗੁਰੂ ਘਰਾਂ, ਤਜ਼ਾਰਤੀ ਰਾਹਾਂ ਦੀ ਜਾਣਕਾਰੀ ਦਿੰਦਿਆਂ ਗੁਰਬਾਣੀ ਦਰਸ਼ਨ ਚਿੰਤਨ ਤੇ ਲੋਕ ਦਰਸ਼ਨ ਚਿੰਤਨ ਦਾ ਸਮਨਵੈ ਕਾਇਮ

ਰੱਖਿਆ ਹੈ। ਡਾ. ਆਹੂਜਾ ਨੇ ਇਸ ਮਹਾਂ-ਕਾਵਿ ਨੂੰ ਅੱਠ ਸਰਗਾਂ ਵਿਚ ਵੰਡਦੇ ਹੋਏ ਇਸ ਦੇ ਪਹਿਲੇ ਸਰਗ ਦੀ ਸ਼ੁਰੂਆਤ 'ਬੰਦਨਾ' (ਉਪ-ਸਿਰਲੇਖ) ਤੋਂ ਸ਼ੁਰੂ ਕੀਤੀ ਹੈ। ਦੋਹਾ ਛੰਦ ਵਿਚ ਲਿਖੇ ਮੰਗਲਾਚਰਣ ਦੇ ਅਰਸ਼ੀ ਵਾਕ ਨਾਲ ਜੁੜਦਿਆਂ ਹੀ ਮਨ ਅੰਦਰ ਅਮਿਉਂ ਬਾਣੀ ਝਰਦੀ ਪ੍ਰਤੀਤ ਹੁੰਦੀ ਹੈ:

ਨਾਨਕ ਸ਼ਾਇਰ ਮਿਹਰ ਕਰ ਲਾਵੋ ਬੇੜਾ ਪਾਰ
ਚਰਨ ਕਮਲ ਕੀ ਦਾਸਰੀ ਬਿਨਤੀ ਕਰਤ ਹਜ਼ਾਰ।
ਮਨ ਮੇਰੇ ਦੇ ਮੰਦਰੀਂ ਬੈਠ ਕਰੋ ਬਿਸ਼ਰਾਮ
ਬਖ਼ਸ਼ ਦਿਓ ਇਸ ਕਲਮ ਨੂੰ ਲਿਖਣ ਦਾ ਵਰਦਾਨ।
ਉੱਚ ਕਲਾਮ ਇਹ ਲਿਖਣ ਦੀ ਸੀ ਮੇਰੀ ਕੀ ਔਕਾਤ
ਫਿਰ ਵੀ ਡਾਹੀ ਮਾਲਕਾ ਮਨ ਦੀ ਇਹ ਬਿਸਾਤ।
ਧਾਰਿਆ ਜਦ ਤੋਂ ਮਨ ਵਿਚ ਲਿਖਣ ਦਾ ਉਦੇਸ਼
ਤਦ ਤੋਂ ਹੀ ਇਸ ਸੂਝ ਵਿਚ ਕੀਤਾ ਤੂੰ ਪਰਵੇਸ਼।

ਸਰਗ ਵੰਡ ਦੌਰਾਨ ਆਦਿ ਤੋਂ ਅੰਤਲੇ ਸਰਗ ਤੱਕ ਲੇਖਿਕਾ ਨੇ ਪ੍ਰਚਲਤ ਲੋਕ ਛੰਦ ਅਨੁਸਾਰ 'ਦੋਹੇ ਛੰਦ' ਦੀ ਵਰਤੋਂ ਕੀਤੀ ਹੈ। ਹਰ ਸਰਗ ਦੇ ਅੰਤ ਵਿਚ ਆਗਾਮੀ ਸੂਚਨਾ ਦਿੰਦਿਆਂ ਲੋੜ ਅਨੁਸਾਰ ਛੰਦਾ-ਬਦਲੀ ਵੀ ਕੀਤੀ ਹੈ। ਪਹਿਲੇ ਸਰਗ ਵਿਚ ਗੁਰੂ ਨਾਨਕ ਆਗਮਨ ਤੋਂ ਪਹਿਲਾਂ ਕਲਜੁਗੀ ਵਰਤਾਰਾ ਦੇ ਅੰਤਰਗਤ ਰਾਜਸੀ, ਧਾਰਮਿਕ, ਸਮਾਜ (ਸਮਾਜਿਕ), ਸਭਿਆਚਾਰਕ ਤੇ ਆਰਥਿਕ ਵਰਤਾਰਾ, ਦੂਜੇ ਸਰਗ ਵਿਚ ਬਾਬਾ ਨਾਨਕ ਦਾ ਜਨਮ ਤੇ ਤਲਵੰਡੀ ਵਿਚਲਾ ਜੀਵਨ, ਤੀਜਾ ਸਰਗ ਸੁਲਤਾਨਪੁਰ ਵਿਚਲਾ ਮੋਦੀਖਾਨਾ ਜਿਥੇ ਤੇਰਾ ਤੇਰਾ ਤੋਲਦੇ ਨਉਨਿਧ ਨਾਮ ਦੀ ਪ੍ਰਾਪਤੀ ਕੀਤੀ, ਚੌਥਾ ਸਰਗ ਵਿਚ ਧਰਤ ਲੋਕਾਈ ਨੂੰ ਸੋਧਣ ਲਈ ਬਾਬਾ ਨਾਨਕ ਪਹਿਲੀ ਉਦਾਸੀ 'ਤੇ ਗਏ। ਇਸੇ ਪ੍ਰਕਾਰ ਪੰਜਵਾਂ, ਛੇਵਾਂ ਤੇ ਸੱਤਵਾਂ ਸਰਗ ਵਿਚ ਉਦਾਸੀਆਂ ਦੌਰਾਨ ਬਾਬਾ ਨਾਨਕ ਦਾ ਦੇਸ਼ ਦੇਸ਼ਾਂਤਰਾਂ ਦਾ ਰਟਨ ਸਮਾਜਿਕ, ਧਾਰਮਿਕ, ਰਾਜਸੀ ਕੁਰੀਤੀਆਂ ਵਿਰੁੱਧ ਸਮੇਂ ਦੇ ਪ੍ਰਮੁੱਖ ਅਨੁਯਾਈਆਂ ਨਾਲ ਗੋਸ਼ਟੀ ਰਚਾ ਕੇ ਧਰਮ ਦੀ ਕਿਰਤ, ਸੇਵਾ, ਸਦਾਚਾਰ, ਨਿਰਮਲ ਕਰਨੀ, ਵੰਡ ਖਾਣ ਦੀ ਜੀਵਨ ਜੁਗਤੀ ਦੱਸੀ ਤੇ ਅੱਠਵਾਂ ਸਰਗ 'ਕਰਤਾਰਪੁਰ' ਵਿਖੇ ਪਰਤ ਕੇ ਸਰਬ ਭੇਖ ਉਦਾਸੀ ਵਾਲੀ ਪੋਸ਼ਾਕ ਉਤਾਰ ਗ੍ਰਿਹਸਥੀ ਜੀਵਨ ਵਾਲੀ ਪੁਸ਼ਾਕ ਪਹਿਨ ਬਾਬਾ ਨਾਨਕ ਮੰਜੀ ਉੱਤੇ ਬਿਰਾਜਮਾਨ ਹੋਏ। ਡਾ. ਆਹੂਜਾ ਨੇ ਇਸ ਸਰਗ ਦੇ ਅੰਤਰਗਤ ਜਿਥੇ ਮਾਇਆ ਵਿਚ ਉਦਾਸ ਬਾਬਾ ਨਾਨਕ ਵੱਲੋਂ ਹੱਥੀਂ ਕਿਰਤ, ਰਹਿਤ ਮਰਯਾਦਾ, ਗੁਰਬਾਣੀ ਕੀਰਤਨ, ਸੰਗਤ-ਪੰਗਤ, ਅਨਿਨ ਸੇਵਕ, ਫੁਟਕਲ ਫੇਰੀਆਂ, ਬਾਣੀ ਦੀ ਸੰਭਾਲ ਤੇ ਜੀਉਂਦੇ ਜੀਅ ਬਾਬਾ ਨਾਨਕ ਵੱਲੋਂ ਭਾਈ ਲਹਿਣਾ ਜੀ ਨੂੰ ਗੁਰਗੱਦੀ ਦੀ ਬਖ਼ਸ਼ਿਸ਼ ਦਾ ਬਾਖ਼ੂਬੀ ਵਰਣਨ ਕੀਤਾ ਹੈ, ਨਾਲ ਹੀ ਮਾਨਵਤਾ ਦੇ ਰਖਵਾਲੇ ਬਾਬਾ ਨਾਨਕ ਦੀ ਸਿਰਜਣਾਤਮਕ ਤੇ ਰਚਨਾਤਮਕ ਸ਼ਖ਼ਸੀਅਤ ਦੀਆਂ ਅਨੰਤ ਪਰਤਾਂ ਦੇ



UNISTAR BOOKS PVT LTD
Unistar Books Pvt Ltd.

ਪੱਖਾਂ ਦਾ ਪੁਨਰ ਅਧਿਐਨ ਕਰਦਿਆਂ ਸੰਕਟਮਈ ਸਥਿਤੀਆਂ ਤੇ ਵੰਗਾਰਾਂ ਨਾਲ ਜੂਝਦੀ/ਉਭਰਦੀ ਬਹੁਪੱਖੀ ਸ਼ਖ਼ਸੀਅਤ ਨੂੰ ਵੀ ਉਭਾਰਿਆ ਹੈ।

ਇਸ ਮਹਾਂ-ਕਾਵਿ ਦੇ ਰੂਪ ਸੰਬੰਧੀ ਡਾ. ਆਹੂਜਾ ਨੇ ਪ੍ਰਕਿਰਤੀ ਦੇ ਬਾਹਰੀ ਅਤੇ ਭੀਤਰੀ ਰੂਪ, ਬਿੰਬਾਤਮਕ ਸਿਰਜਣਾ, ਭਾਵ ਵਿਰੇਚਨ, ਮਾਨਵੀਕਰਨ, ਦ੍ਰਿਸ਼ ਵਰਣਨ ਦੇ ਅੰਤਰਗਤ ਪਰਬਤ, ਰੁੱਖ, ਚੜ੍ਹਦੇ-ਡੁੱਬਦੇ ਸੂਰਜ, ਨਦੀਆਂ, ਸਮੁੰਦਰ ਆਦਿ ਦੀ ਬੜੀ ਰੌਚਕ ਤੇ ਪ੍ਰਭਾਵਸ਼ਾਲੀ ਸ਼ੈਲੀ ਵਿਚ ਪੇਸ਼ਕਾਰੀ ਕੀਤੀ ਹੈ :

ਤਲਵੰਡੀ ਖੂਹਾਂ ਗਿੜਦੇ ਹਰੇ ਭਰੇ ਸੀ ਖੇਤ
ਘਾਹ ਸੁੱਕ ਤੇ ਝਾੜ ਝਬਾੜ ਕੱਕਰ ਸੋਏ ਅਚੇਤ।
ਜੰਗਲੀ ਝਾੜੀਆਂ 'ਚੋਂ ਬਸੰਤੀ ਫੁੱਟਣ ਸੂਹੇ ਫੁੱਲ
ਕਣਕ, ਛੋਲਿਆਂ ਅਤੇ ਮਕਈ ਵਿਕੇ ਝਾੜ ਅਮੁੱਲ।
ਜੇਠ ਹਾੜ੍ਹ ਲੂਸੇ ਬਦਨ ਅੱਗ ਸੁੱਟੇ ਅਸਮਾਨ
ਬੁੱਲ੍ਹੇ ਕਾਲ਼ੀ ਧੂੜ ਦੇ ਚਹੁੰ ਪਾਸੀਂ ਗਰਦ ਉਡਾਣ।
ਵਿਚ ਬਰਸਾਤੀ ਰੁੱਤ ਆ ਸ਼ਗਨ ਮਨਾਵੇ ਧਰਤ
ਹਰੇ ਵਿਛੌਣੇ ਮਖ਼ਮਲੀ ਢੱਕਣ ਪੂਰੀ ਪਰਤ।

ਸਮਾਜਿਕ ਵਰਤਾਰੇ ਦੌਰਾਨ ਪਸ਼ੂਆਂ ਵਤ ਵਿਕਦੇ ਇਨਸਾਨਾਂ ਦੀ ਮੰਡੀ ਵਿਚ ਬਾਬਾ ਨਾਨਕ ਖ਼ੁਦ ਵਿਕ ਕੇ ਮਾਲਕ ਦੇ ਅਣਮਨੁੱਖੀ ਵਤੀਰੇ ਪ੍ਰਤੀ ਤਾੜਨਾ ਭਰੇ ਬੋਲ ਆਖਦਾ ਹੈ :

ਗਰਜ ਕੇ ਬਾਬਾ ਬੋਲਿਆ ਪਾਣੀ ਗਏ ਮੁੱਕ
ਤੇਰੇ ਵਜੂ ਸਨਾਨ ਲਈ ਖੂਹ ਵੀ ਗਏ ਸੁੱਕ।
ਕੁਦਰਤ ਸੰਦਾ ਜਲ ਇਹ ਹੈ ਵੇ ਪਾਕੰ ਪਾਕ
ਤੇਰੇ ਜੇਹੇ ਭ੍ਰਿਸ਼ਟ ਸੰਗ ਲੱਗ ਕੇ ਹੋਊ ਨਾਪਾਕ।
ਪਸ਼ੂਆਂ ਵਾਂਗ ਖਰੀਦ ਕੇ ਵੇਚੇਂ ਤੂੰ ਇਨਸਾਨ
ਬੁਰਕਾ ਪਾਇਆ ਧਰਮ ਦਾ ਕੰਮ ਤੇਰੇ ਸ਼ੈਤਾਨ।

ਡਾ. ਆਹੂਜਾ ਨੇ ਇਸ ਮਹਾਂ-ਕਾਵਿ ਵਿਚ ਰਸ ਨਿਰੂਪਣ ਲਈ ਕਰੀਬਨ ਸਾਰੇ ਰਸਾਂ ਦੀ ਵਰਤੋਂ ਕਰਦੇ ਹੋਏ ਵੀਰ ਰਸ, ਸ਼ਾਂਤ ਰਸ ਤੇ ਸ਼ਿੰਗਾਰ ਰਸ ਨੂੰ ਪ੍ਰਮੁੱਖਤਾ ਦਿੱਤੀ ਹੈ। ਸੱਚ ਆਚਾਰੀ ਮਹਾਂ-ਮਾਨਵ ਬਾਬਾ ਨਾਨਕ ਲੰਕਾਦੀਪ ਵਿਖੇ ਰਾਜੇ ਸ਼ਿਵਨਾਭ ਵੱਲੋਂ ਪਰਖ ਕਰਨ ਲਈ ਭੇਜੀਆਂ ਕੰਚਨੀਆਂ ਨੂੰ 'ਗਾਛੋ ਪੁੱਤਰੀ ਰਾਜ ਕੁਆਰ' ਭਾਵ 'ਪੁੱਤਰੀਓ ਘਰਾਂ ਨੂੰ ਜਾਓ' ਆਖ ਕੇ ਅੱਜ ਦੇ ਦੰਭੀ ਧਰਮਾਚਾਰੀਆਂ ਉੱਤੇ ਤਿੱਖਾ ਵਿਅੰਗ ਕਰਦਾ ਹੈ। ਲੇਖਿਕਾ ਨ੍ਰਿਤਕੀਆਂ ਦੇ ਅਦਭੁਤ ਤੇ ਕਲਾਤਮਕ ਸੋਹਜ ਦਾ ਵਰਣਨ ਕਰਦਿਆਂ ਲਿਖਦੀ ਹੈ :

ਰਾਜੇ ਦੀਆਂ ਕੰਚਨੀਆਂ ਪਰੀਆਂ ਜਿਉਂ ਕੋਹਕਾਫ਼



UNISTAR BOOKS PVT LTD. Unistar Books Pvt Ltd. Unistar Books Pvt Ltd. Unistar Books Pvt Ltd. UNISTAR BOOKS PVT LTD.

ਸਜ ਸੰਵਰ ਕੇ ਪੁੱਜੀਆਂ, ਜੌਹਰ ਦਿਖਾਉਣ ਨੂੰ ਆਪ।
ਸ਼ੋਖ਼ ਨਿਗਾਹਾਂ ਕਾਲੀਆਂ, ਭਵਾਂ ਵਾਂਗ ਕਮਾਨ
ਹੂਰਾਂ ਜਿਉਂ ਬਹਿਸ਼ਤ 'ਚੋਂ ਜ਼ਿਮੀਂ ਉਤਰੀਆਂ ਆਣ।
ਗੋਲ ਸੁਰਾਹੀ ਗਰਦਨਾਂ ਗਲ੍ਹਾਂ ਗਲਗਲ ਨਾਰ
ਰਤਨ ਜੜਾਊ ਚੋਲੀਆਂ ਗਲ਼ ਬੇਸ਼ਕੀਮਤੀ ਹਾਰ।
ਪਦਮਨੀਆਂ ਹਿਰਣਾਖੀਆਂ ਨੈਣੀਂ ਬਾਤਾਂ ਪਾਣ
ਭਵਾਂ ਚਾੜ੍ਹ ਕੇ ਵਿੰਗੀਆਂ ਬਾਬੇ ਮੂਹਰੇ ਆਣ।

ਬਾਬਾ ਨਾਨਕ ਦੀ ਸਰਬ ਸਾਂਝੀਵਾਲਤਾ ਦੀ ਸੋਚ ਨੇ ਨਾ ਸਿਰਫ਼ ਅਧਿਆਤਮਕ ਖੇਤਰ ਵਿਚ ਪਸਰੇ ਖਲਾਅ ਨੂੰ ਪੂਰਿਆ ਬਲਕਿ 'ਬਾਬਰਬਾਣੀ' ਵਿਚ ਜਾਬਰ ਹੁਕਮਰਾਨ ਦੇ ਜ਼ੁਲਮ ਦੀ ਪਹਿਲੀ ਵਾਰ ਇਤਿਹਾਸ ਵਿਚ ਚਸ਼ਮਦੀਦ ਗਵਾਹੀ ਜੋ ਧਰਮ ਤੇ ਸਾਹਿਤ ਦਾ ਵਿਸ਼ਵਵਿਆਪੀ ਚਿਹਨ ਬਣੀ ਡਾ. ਆਹੂਜਾ ਦੀ ਕਲਮ ਇੰਞ ਬਿਆਨ ਕਰਦੀ ਹੈ :

ਪਲੋ ਪਲੀ ਵਿਚ ਸ਼ਹਿਰ ਦੇ ਪੈ ਗਈ ਭਸੂੜੀ
ਗਲੀਆਂ ਅਤੇ ਬਾਜ਼ਾਰਾਂ ਦਾ ਰੰਗ ਉਡਿਆ ਨੂਰੀ
ਹਰਲ ਹਰਲ ਕਰਦੇ ਫਿਰਨ ਜ਼ਾਲਮ ਮਗ਼ਰੂਰੀ
ਵੜ ਗਏ ਵਿਚ ਹਵੇਲੀਆਂ ਹਾਏ! ਬੇਸ਼ਊਰੀ
ਚੁਣ ਚੁਣ ਮਾਰ ਪਠਾਣਾਂ ਵਿਚ ਮਿਲਾਇਆ ਧੂੜੀ
ਧਰਤੀ ਹੋਈ ਰਾਂਗਲੀ ਰੱਤ ਜੰਮੀ ਗੂੜ੍ਹੀ
ਪਿੱਟਣ ਤੀਆਂ ਦੁਹੱਥੜੀ ਗਲ ਖੋਲ੍ਹ ਲਟੂਰੀ
ਸਦਮੇ ਪਤੀ ਦੇ ਪੁੱਤਾਂ ਦੇ ਖੋਹ ਲਈ ਸਬੂਰੀ।

ਨਾਰੀ ਸੰਵੇਦਨਾ ਭਰਪੂਰ ਲੇਖਿਕਾ ਨੇ ਸੂਖ਼ਮ ਭਾਵੀ ਵਿਸ਼ਿਆਂ ਦੀ ਪੇਸ਼ਕਾਰੀ ਵੀ ਅਤਿ ਮਰਮ ਸਪਰਸ਼ੀ ਢੰਗ ਨਾਲ ਕੀਤੀ ਹੈ। ਮਾਤ ਸੁਲੱਖਣੀ ਦੇ ਬਾਬਾ ਨਾਨਕ ਦੇ ਜੀਵਨ ਵਿਚ ਦਿੱਤੇ ਯੋਗਦਾਨ ਰਾਹੀਂ ਸਿੱਖ ਨਾਰੀਆਂ ਦੀ ਆਤਮਿਕ ਆਭਾ ਹੋਰ ਵੀ ਸੰਵਰੀ। ਧਰਮ ਲੋਕਾਈ ਸੋਧਣ ਜਾ ਰਹੇ ਪਤੀ ਵਿਯੋਗ ਵਿਚ ਬਿਰਹੁੰ ਸੱਲੇ ਪਿਆਰ-ਪ੍ਰਸੰਗ ਨੂੰ ਪੜ੍ਹਦਿਆਂ ਨੈਣਾਂ 'ਚੋਂ ਅਛੋਪਲੇ ਹੀ ਨੀਰ ਵਹਿ ਤੁਰਦਾ ਹੈ :

ਗ਼ਮਜ਼ਦਾ ਸੁਲੱਖਣੀ ਤੇ ਨੇਰ੍ਹੀ ਗਈ ਝੁੱਲ
ਸੀਨਾ ਹੋਇਆ ਛਲਣੀ ਫ਼ਰਕਣ ਲੱਗੇ ਬੁੱਲ੍ਹ।
ਆਲ੍ਹਣਾ ਜੀਕੂੰ ਗ੍ਰਹਿਸਥ ਦਾ ਖਿੰਡਿਆ ਪੱਤੇ ਤਾਸ਼
ਮੋੜ ਮੁਹਾਰਾਂ ਕਦੋਂ ਫਿਰ ਮਿਲੂਗਾ ਸਿਰ ਦਾ ਭਾਗ।
ਨਿੱਕੇ ਨਿੱਕੇ ਬਾਲ ਛੱਡ ਹੋਇਆ ਕੰਤ ਉਦਾਸ
ਸੋਚੋ! ਕੇਹੀ ਦਸ਼ਾ ਵਿਚ ਹੋਊ ਸੁਲੱਖਣੀ ਮਾਤ।

UNISTAR BOOKS PVT LTD.
Unistar Books Pvt Ltd.
UNISTAR BOOKS PVT LTD.

UNISTAR BOOKS PVT LTD.

ਰੁੰਨੀਆਂ ਅੱਖਾਂ ਝਪਕਦੀ ਤੱਕੇ ਧਰਤੀ ਵੱਲ
ਸਿਖ਼ਰ ਦੁਪਹਿਰਾਂ ਵਿਚ ਜਿਉਂ ਸ਼ਾਮਾਂ ਪੈਵਣ ਢਲ।

ਬਚਪਨ ਤੋਂ ਹੀ ਅਖੰਡ ਕੀਰਤਨ ਤੇ ਨਾਮ ਅਭਿਆਸੀ ਡਾ. ਆਹੂਜਾ ਨੇ ਸੂਖ਼ਮ ਭਾਵਾਂ ਦੀ ਪੇਸ਼ਕਾਰੀ ਤੇ ਵਿਸ਼ੇ ਨੂੰ ਸਾਰਥਿਕਤਾ ਪ੍ਰਦਾਨ ਕਰਨ ਲਈ ਜਿਥੇ ਪੁਰਾਤਨ ਤੇ ਨਵੀਨਤਮ ਪੁਸਤਕਾਂ ਨੂੰ ਆਧਾਰ ਬਣਾਇਆ ਹੈ, ਉਥੇ ਗੁਰੂ ਗ੍ਰੰਥ ਸਾਹਿਬ ਵਿਚੋਂ ਵੀ ਗੁਰਬਾਣੀ ਦੀਆਂ ਅਨੇਕ ਟੂਕਾਂ ਦੀ ਸੁਵਰਤੋਂ ਕੀਤੀ ਹੈ। ਗੁਰਬਾਣੀ ਦਾ ਗੂਹਜ ਗਿਆਨ ਉਸ ਦੀ ਕਾਵਿ-ਲੇਖਣੀ ਵਿਚ ਸਪੱਸ਼ਟ ਝਲਕਦਾ ਹੈ :

Unistar Books Pvt I

ਰਾਖੇ ਹੀ ਮੂੰਹ ਭਖਦੇ ਹੱਥੀਂ ਲਾਈ ਵਾੜ
ਹੋਏ ਬੇਅਦਬੀ ਪਾਤਸ਼ਾਹ ਅੰਦਰ ਹਉਮੈ ਸਾੜ।
ਕੁੱਤਿਆਂ ਵਾਂਗੂੰ ਪਾੜਦੇ ਫਿਰਨ ਮੁਕੱਦਮ ਵੱਗ
ਬੰਦਿਆਂ ਨੂੰ ਵਤ ਡੰਗਰਾਂ ਢੁੱਡਾਂ ਮਾਰਨ ਢੱਗ।
ਅੰਨ੍ਹੀ ਪਰਜਾ ਗਿਆਨ ਹੀਣ ਭ੍ਰਿਸ਼ਟੇ ਧਰਮ ਸਥਾਨ
ਭੁੱਲੇ ਦੇਵੀ ਦੇਵ ਸਭ ਨਾਉਂ ਭਇਆ ਰਹਮਾਣ।
ਮਿੱਟੀ ਦੇ ਇਨ੍ਹਾਂ ਬੁੱਤਾਂ ਵਿਚ ਹੈਸੀ ਕਿੱਥੇ ਤਾਣ
ਹੱਕ ਧਰਮ ਦੇ ਵਾਸਤੇ ਡਟਦੇ ਇਹ ਨਾਦਾਨ।
ਧਰਮ ਧਉਲ ਇਕ ਪੈਰ 'ਤੇ ਖੜ੍ਹਾ ਸੀ ਕਰੇ ਪੁਕਾਰ
ਪਾਪਾਂ ਲੱਦੀ ਪ੍ਰਿਥਮੀ ਥੱਕ ਗਿਆ ਚੁੱਕ ਭਾਰ।

Pvt Ltd.

ਭਾਈ ਲਹਿਣਾ ਜੀ ਨੂੰ ਹਕੀਕੀ ਰਾਜ ਬਖ਼ਸ਼ਦਿਆਂ ਜਦ ਬਾਬਾ ਨਾਨਕ ਨੇ ਖਡੂਰ ਸਾਹਿਬ ਵਿਖੇ ਮਾਈ ਬਿਰਾਈ ਦੇ ਘਰ ਵਿਚ ਪਈ ਆਪਣੀ ਮੰਜੀ ਦੀ ਬਖ਼ਸ਼ਿਸ਼ ਕੀਤੀ, ਉਸ ਮੰਜੀ ਦੇ ਚਾਰੇ ਪਾਵਿਆਂ ਦੀ ਗੂਹਜ ਜਾਣਕਾਰੀ ਗੁਰਸਿੱਖੀ ਜੀਵਨ ਜੁਗਤ ਦੀ ਘਾੜਤ ਪ੍ਰਤੀਤ ਹੁੰਦੀ ਹੈ :

Unistar Books Pvt Ltd.

ਪਹਿਲਾ ਪਾਵਾ 'ਚਕਿਤਸਾ' ਦੂਜਾ 'ਪੁਸਤਕਸਾਲ'
ਤੀਜਾ ਪਾਵਾ 'ਪਾਠਸ਼ਾਲ' ਚੌਥਾ 'ਧਰਮਸ਼ਾਲ'
ਗੁਰਸਿੱਖ ਜੀਵਨ ਜੁਗਤ ਦੀ ਹੈ ਸੀ ਅਜਬ ਮਿਸਾਲ।

ਵਿਦਵਾਨ ਲੇਖਕ ਪਿਤਾ ਸ. ਕਿਰਪਾਲ ਸਿੰਘ ਈਸ਼ਰ ਦੀ ਇਸ ਹੋਣਹਾਰ ਸਪੁੱਤਰੀ ਵੱਲੋਂ ਪ੍ਰੌਢ ਉਮਰੇ ਲਿਖਿਆ ਇਹ ਮਹਾਂਕਾਵਿ ਉਸਦੀ ਲੰਮੇਰੀ ਕਾਵਿ-ਸਾਧਨਾ ਦਾ ਲਖਾਇਕ ਹੈ। ਲੇਖਿਕਾ ਨੇ ਇਸ ਮਹਾਂ-ਕਾਵਿ ਨੂੰ ਵਿਸ਼ੇ ਦੀ ਸਾਰਥਕਤਾ ਨਾਲ ਕਾਵਿ-ਸ਼ਾਸਤ੍ਰੀ ਰੂਪ ਦਿੰਦੇ ਹੋਏ ਕਲਾਤਮਕ ਜੁਗਤਾਂ, ਭਾਸ਼ਾਈ ਖ਼ੂਬੀਆਂ, ਸੁਹਜਮਈ ਦਿਲ ਟੁੰਬਵੀਂ ਸ਼ਬਦਾਵਲੀ, ਵਿਸ਼ਾਲ ਕਲਪਨਾ, ਪ੍ਰਕਿਰਤੀ ਚਿਤਰਨ, ਰਹੱਸਮਈ ਵਾਤਾਵਰਣ ਤੇ ਚਮਤਕਾਰੀ ਸ਼ੈਲੀ ਰਾਹੀਂ ਪਰਮ ਬੁਲੰਦੀ ਦੀ ਦਸ਼ਾ ਪ੍ਰਦਾਨ ਕੀਤੀ ਹੈ। ਮੈਨੂੰ ਪੂਰਨ ਵਿਸ਼ਵਾਸ ਹੈ ਕਿ ਅਜੋਕਾ ਸੰਸਾਰ ਬਾਬਾ ਨਾਨਕ ਜੀ ਦੇ

UNISTAR BOOKS PVT LTD.

ਸੰਪੂਰਨ ਜੀਵਨ ਮਾਰਗ ਤੋਂ ਜੀਵਨ ਸੇਧ ਹਾਸਲ ਕਰਕੇ ਚੌਗਿਰਦੇ ਨੂੰ ਰਹਿਣਯੋਗ ਤੇ ਸੁਰੱਖਿਅਤ ਸਥਾਨ ਬਣਾਉਣ ਵੱਲ ਲੋੜੀਂਦਾ ਵਿਕਾਸ ਕਰੇਗਾ।

ਪੰਜਾਬੀ ਸਾਹਿਤ ਦੇ ਖੇਤਰ ਵਿਚ ਇਸ ਵਡਮੁੱਲੇ ਯੋਗਦਾਨ ਲਈ ਮੈਂ ਪ੍ਰਿੰਸੀਪਲ ਡਾ. ਜਗਦੀਪ ਕੌਰ ਆਹੂਜਾ ਜੀ ਨੂੰ ਤਹਿ ਦਿਲੋਂ ਮੁਬਾਰਕਬਾਦ ਦਿੰਦਾ ਹਾਂ ਤੇ ਉਨ੍ਹਾਂ ਦੇ ਕਲਮੀ ਸਫ਼ਰ ਦੇ ਜਾਰੀ ਰਹਿਣ ਦੀ ਕਾਮਨਾ ਕਰਦਾ ਹਾਂ। ਪਰਮਾਤਮਾ ਉਨ੍ਹਾਂ ਨੂੰ ਲੰਮੇਰੀ ਸਿਹਤਯਾਬ ਜ਼ਿੰਦਗੀ ਪ੍ਰਦਾਨ ਕਰੇ।

ਸ਼ੁਭਚਿੰਤਕ

**ਪ੍ਰਿੰਸੀਪਲ ਡਾਕਟਰ ਇੰਦਰਜੀਤ ਸਿੰਘ 'ਵਾਸੂ'**
**ਸਾਬਕਾ ਸੈਨੇਟ ਤੇ ਸਿੰਡੀਕੇਟ ਮੈਂਬਰ**
**ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ**
**1000, ਅਰਬਨ ਅਸਟੇਟ, ਫਗਵਾੜਾ-144632**
**ਮੋਬਾ. 62841-76861**

Unistar Books Pvt Ltd.

UNISTAR BOOKS PVT LTD.

Unistar Books Pvt I

# ਪਹਿਲਾ ਸਰਗ

Pvt Ltd.

# ਗੁਰੂ ਨਾਨਕ ਆਗਮਨ ਤੋਂ ਪਹਿਲਾਂ

Unistar Books Pvt Ltd.

JNISTAR BOOKS PVT LTD.

ਕਲਿ ਕਲਵਾਲੀ ਕਾਮੁ ਮਦੁ ਮਨੂਆ ਪੀਵਣਹਾਰੁ॥
ਕ੍ਰੋਧ ਕਟੋਰੀ ਮੋਹਿ ਭਰੀ ਪੀਲਾਵਾ ਅਹੰਕਾਰੁ॥
ਮਜਲਸ ਕੂੜੇ ਲਬ ਕੀ ਪੀ ਪੀ ਹੋਇ ਖੁਆਰੁ॥

**–ਸਲੋਕ ਮਰਦਾਨਾ**

UNISTAR BOOKS PVT LTD.
Unistar Books Pvt Ltd.
UNISTAR BOOKS PVT LTD.

UNISTAR BOOKS PVT LTD.

# ਪਹਿਲਾ ਸਰਗ

## ਬੰਦਨਾ

ਨਾਨਕ ਸ਼ਾਇਰ ਮਿਹਰ ਕਰ ਲਾਵੋ ਬੇੜਾ ਪਾਰ
ਚਰਨ ਕਮਲ ਕੀ ਦਾਸੁਰੀ ਬਿਨਤੀ ਕਰਤ ਹਜ਼ਾਰ।
ਮਨ ਮੇਰੇ ਦੇ ਮੰਦਰੀਂ ਬੈਠ ਕਰੋ ਬਿਸਰਾਮ
ਬਖ਼ਸ਼ ਦਿਉ ਇਸ ਕਲਮ ਨੂੰ ਲਿਖਣ ਦਾ ਵਰਦਾਨ।
ਉੱਚ ਕਲਾਮ ਇਹ ਲਿਖਣ ਦੀ ਸੀ ਮੇਰੀ ਕੀ ਔਕਾਤ
ਫਿਰ ਵੀ ਡਾਹੀ ਮਾਲਕਾ ਮਨ ਦੀ ਇਹ ਬਿਸਾਤ।
ਧਾਰਿਆ ਜਦ ਤੋਂ ਦਿਲ ਵਿਚ ਲਿਖਣ ਦਾ ਉਦੇਸ਼
ਤਦ ਤੋਂ ਹੀ ਇਸ ਸੂਝ ਵਿਚ ਕੀਤਾ ਤੂੰ ਪ੍ਰਵੇਸ਼।
ਵਿਗਸੂ ਖੇੜਾ ਮੁੜ ਤੋਂ ਮਨ ਰੂਪੀ ਮੰਞਬਾਰ
ਤੇਰੇ ਬਾਰੇ ਲਿਖ-ਲਿਖ ਰੂਹ ਹੋਊ ਸ਼ਰਸਾਰ।
ਮਿਹਰ ਕਰੀਂ ਓ ਦਾਤਿਆ! ਬਖ਼ਸ਼ੀਂ ਏਨੀ ਸੂਝ
ਲਿਖਾਂ ਤੇਰੀ ਯਾਤਰਾ ਬੰਨ੍ਹ ਕੇ ਵਿਚ ਅਰੂਜ਼।
ਦਿਲ ਤਾਂ ਇਹੀ ਲੋਚਦਾ ਬੈਠ ਇਕਾਂਤਵਾਸ
ਲਿਖ ਦਿਆਂ ਜੋ ਜਾਣਦੀ ਜਨਮ ਤੋਂ ਅੰਤਿਮ ਸੁਆਸ।
ਕਲਜੁਗ ਦੱਬੇ-ਕੁਚਲਿਆਂ ਦੀ ਲਿਖਾਂ ਦਾਸਤਾਨ
ਤੱਕਦਿਆਂ ਜਿਸ ਹੋਈ ਸੀ ਰੂਹ ਤੇਰੀ ਲਹੂ-ਲੁਹਾਣ।
ਤਲਵੰਡੀਉਂ ਕਰਤਾਰਪੁਰ ਤੱਕ ਕੀਤਾ ਸਫ਼ਰ ਮਹਾਨ
ਜੋ ਵੀ ਸ਼ਰਨੀਂ ਆਇਆ ਦਿੱਤਾ ਸਭਨਾਂ ਜੀਅ ਦਾਨ।
ਇਕ ਓਂਕਾਰ ਸਭਸ ਨੂੰ ਮੰਨਣ ਦਾ ਦੇਇ ਆਦੇਸ਼
ਨਵਾਂ ਨਰੋਆ ਲੋਕ-ਹਿਤੈਸ਼ੀ ਦਿੱਤਾ ਤੂੰ ਸੰਦੇਸ਼।
ਮੇਰੇ ਪਾਸ ਤਾਂ ਦਾਤਿਆ ਸੀ ਕਿੱਥੇ ਐਨੀ ਸੁਧ
ਮੈਂ ਤਾਂ ਓਹੀ ਲਿਖਿਆ ਜੋ ਲਿਖਵਾਇਆ ਤੁਧ।
ਮੈਂ ਨਿਮਾਣੀ ਖੜ੍ਹੀ ਹਾਂ ਸੰਸਾਰ-ਸਮੁੰਦ ਉਰਾਰ
ਬਾਬਾ! ਬੇੜਾ ਜ਼ਰਜ਼ਰਾ ਭਉਜਲ ਲਾਈਂ ਪਾਰ।
'ਕਲਿਜੁਗ ਪ੍ਰਮਾਣੁ ਨਾਨਕ ਗੁਰ' ਦਰ ਤੇਰੇ ਨਮਸਕਾਰ
ਨਮੋ ਨਮੋ ਸਦ ਨਮੋ ਨਮੋ ਕਲ ਦੇ ਤਾਰਣਹਾਰ।

Unistar Books Pvt Ltd.
Unistar Books Pvt Ltd.
Unistar Books Pvt Ltd.
UNISTAR BOOKS PVT LTD.

## ਕਲਜੁਗੀ ਵਰਤਾਰਾ

ਕਲਜੁਗ ਵਿਚ ਜੋ ਧਰਮ ਦੀਆਂ ਹੈਸਨ ਲੱਤਾਂ ਚਾਰ
ਤਿੰਨ ਜੁਗਾਂ ਵਿਚ ਇਕ ਇਕ ਕਰ ਟੁੱਟੀਆਂ ਤ੍ਰੈ ਵਾਰ।
ਧਰਮ ਧਉਲ ਇਕ ਲੱਤ 'ਤੇ ਖੜ੍ਹਾ ਸੀ ਕਰੇ ਪੁਕਾਰ
'ਕੱਲੇ ਤੋਂ ਕਲੀ ਕਾਲ ਦਾ ਕੌਣ ਵੰਡਾਵੇ ਭਾਰ ?
ਬਾਬਾ ਨਾਨਕ ਆਗਮਨ ਤੋਂ ਪਹਿਲਾਂ ਦਾ ਵਿਸਤਾਰ
ਭਾਈ ਗੁਰਦਾਸ ਜੀ ਲਿਖਦੇ ਵਿਚ ਆਪਣੀ ਪਹਿਲੀ ਵਾਰ:
'ਸਤਿਜੁਗ ਕਾ ਅਨਿਆਇ ਸੁਣ ਇਕ ਫੇੜੈ ਸਭ ਜਗਤ ਮਰਾਵੈ॥
ਤ੍ਰੇਤੀ ਨਗਰੀ ਪੀੜੀਐ ਦੁਆਪਰ ਵੰਸ ਕੁਵੰਸ ਕਹਾਵੈ॥
ਕਲਜੁਗ ਜੋ ਫੜੈ ਸੋ ਪਾਵੈ॥੧੩॥'
ਕਲਤਾਰਕ ਦੇ ਜਨਮ ਤੋਂ ਜੋ ਪਹਿਲਾਂ ਦਾ ਬਿਰਤਾਂਤ
ਦੁਖੀ ਦੁਨੀ ਵਿਆਕੁਲਤਾ ਵਿਚ ਫਿਰਦੀ ਸੀ ਅਸ਼ਾਂਤ।
ਇਸੇ ਜੁਗ ਵਿਚ ਜਨਮਿਆ ਸੀ ਭਾਵੇਂ ਗੌਤਮ ਬੁੱਧ
ਕਿੱਥੇ ਲੋਕਾਂ ਕੋਲ ਸੀ ਪਾਰਖੂ ਨਿਆਂਇਕ ਬੁੱਧ।
ਸ਼ਾਸਕ ਸੋਸ਼ਿਤ ਵਿਚ ਹਨ੍ਹੇਰੇ ਰਹੇ ਸੀ ਟੱਕਰਾਂ ਮਾਰ
ਵਿਅਰਥ ਦੇ ਕਰਮਕਾਂਡ ਦਾ ਵਧ ਰਿਹਾ ਸੀ ਭਾਰ।
ਬ੍ਰਹਮਾ, ਵਿਸ਼ਨੂੰ, ਇੰਦ੍ਰ, ਸ਼ਿਵ ਦੱਖਣੀ ਏਸ਼ੀਆ ਦੇਵ
ਘਟਣ ਲੱਗੀ ਹੌਲ਼ੀ-ਹੌਲ਼ੀ ਇਨ੍ਹਾਂ ਦੇਵਾਂ ਦੀ ਸੇਵ।
ਨਵੇਂ ਦੇਵਤਿਆਂ ਲੈ ਲਈ ਇਨ੍ਹਾਂ ਦੀ ਥਾਂ ਆਣ
ਹਰਮਨ ਪਿਆਰੇ ਹੋ ਗਏ ਰਾਮ, ਕ੍ਰਿਸ਼ਨ, ਹਨੂੰਮਾਨ।
ਤਿੰਨ ਕੁ ਸਦੀਆਂ ਚੱਲਿਆ ਜੋਗ ਨਾਥ ਕਰਮਕਾਂਡ
ਜਾਦੂ ਟੂਣੇ ਅਤੇ ਤਵੀਤਾਂ ਸੰਗ ਬਹੁਦੇਵੀ ਸ੍ਵਾਂਗ।
ਹੌਲ਼ੀ-ਹੌਲ਼ੀ ਸੱਚ ਕਾਲ ਵਿਚ ਕੂੜ ਵਰਤਿਆ ਆਣ
ਮਾਇਆ ਫਾਥਾ ਜੀਵ ਤਦ ਖ਼ੁਦ ਦੀ ਭੁੱਲ ਪਛਾਣ।
ਰਾਹ ਸ਼ੈਤਾਨੀ ਤੁਰ ਪਿਆ ਤੱਕਦਾ ਬਦਲਿਆ ਵੇਸ
ਮਨ ਕਾਤੀ ਗੁੜ ਵਾਤ ਸੀ ਕੇਹਾ ਵਟਾਇਆ ਭੇਖ ??
ਚਹੁੰ ਤਰਫ਼ੀਂ ਬਦਅਮਨੀ, ਬਦਫੈਲੀ ਮੂੰਹ ਜ਼ੋਰ
ਨੇਕੀ ਉੱਡੀ ਖੰਭ ਲਾ ਜਨਤਾ ਡੌਰ-ਭੌਰ।
ਕੂੜ ਅਮਾਵਸ ਦਿਸਦੀ ਚਾਰੋਂ ਤਰਫ਼ ਹਨ੍ਹੇਰ
ਖ਼ਵਰੇ ਕਾਲ਼ੀਆਂ ਸਦੀਆਂ ਦੀ ਹੋਣੀ ਕਦ ਸਵੇਰ ?
ਗੋਰ ਮੜੀ ਮਠ ਪੂਜ ਵੱਲ ਬਿਰਤੀ ਮੁੜੀ ਵਿਸੇਖ
ਨਫ਼ਰਤ ਦਿਲੀਂ ਪਲ਼ਦੀ ਇਕ ਦੂਏ ਦੇ ਹੇਤ।

UNISTAR BOOKS PVT LTD.
Unistar Books Pvt
Unistar Books Pvt Ltd
UNISTAR BOOKS PVT LTD.

ਪੂਜੇ ਕੋਈ ਚੰਦ ਸੂਰ ਕੋਈ ਧਰਤ ਅਕਾਸ਼
ਪੌਣ ਪਾਣੀ ਬੈਸੰਤਰੋਂ ਕੋਈ ਧਰਮਰਾਜ।
ਦੂਸ਼ਿਤ ਹੋਈ ਭਾਵਨਾ ਵਧਿਆ ਕਲਾ ਕਲੇਸ਼
ਵੱਲ ਰਸਾਤਲ ਪੁੱਜਿਆ ਸੋਨ ਚਿੜੀ ਦਾ ਦੇਸ਼।
ਲੋਕੀਂ ਭੁਲ ਭੁਲੇਖਿਆਂ ਦਾ ਹੋਣ ਲੱਗੇ ਸ਼ਿਕਾਰ
ਭਾਈ ਗੁਰਦਾਸ ਜੀ ਦੇ ਰਹੇ ਸਮੇਂ ਦਾ ਇੰਜ ਹਵਾਲ :
ਕਿਸੇ ਪੁਜਾਈ ਸਿਲਾ ਮੁੰਦਿ ਕੋਈ ਗੋਰ ਮੜੀ ਪੁਜਾਵੈ॥
ਤੰਤ੍ਰ ਮੰਤ੍ਰ ਪਾਖੰਡ ਕਰ ਕਲਹਿ ਕ੍ਰੋਧ ਬਹੁ ਵਾਦ ਵਧਾਵੈ॥
ਆਪੋ-ਧਾਪੀ ਹੋਇ ਕੈ ਨਿਆਰੇ ਨਿਆਰੇ ਧਰਮ ਚਲਾਵੈ॥
ਪਉਣ ਪਾਣੀ ਬੈਸੰਤਰੋ ਕੋਈ ਧਰਮਰਾਜ ਮਨਾਵੈ॥
ਫੋਕਟਿ ਧਰਮੀ ਭਰਮਿ ਭੁਲਾਵੈ॥੧੮॥

## ਰਾਜਸੀ ਵਰਤਾਰਾ

ਇਕ ਤਰਫ਼ੀਂ ਜਰਵਾਣਿਆਂ ਹੱਥ ਹਿੰਦ ਤਖ਼ਤ ਦੀ ਵਾਗ
ਰੱਖਣਾ ਚਾਹੇ ਹਰ ਕੋਈ ਚਿਰ-ਸਥਾਈ ਤਾਜ।
ਧਰਮ ਰੱਖਿਆ ਵਾਸਤੇ ਸੀ ਕਾਜੀਆਂ ਦੇ ਹੱਥ ਡੋਰ
ਧਨ ਪਦਵੀ ਸਤਿਕਾਰ ਲਈ ਬਣ ਗਏ ਰਿਸ਼ਵਤਖੋਰ।
ਭ੍ਰਿਸ਼ਟ ਹੋ ਚੱਲਿਆ ਦਿਨੋਂ-ਦਿਨ ਰਾਜਸੀ ਕਿਰਦਾਰ
ਦਰਸਾਉਂਦੇ ਭਾਈ ਗੁਰਦਾਸ ਵਿਚ ਇਕ ਆਪਣੀ ਵਾਰ :
ਉਠੀ ਗਿਲਾਨ ਜਗਤ੍ਰਿ ਵਿਚਿ ਹਉਮੈ ਅੰਦਰ ਜਲੈ ਲੁਕਾਈ॥
ਕੋਇ ਨ ਕਿਸੈ ਪੂਜਦਾ ਊਚ ਨੀਚ ਸਭ ਗਤਿ ਬਿਸਰਾਈ॥
ਭਏ ਬੇਅਦਬੀ ਪਾਤਸ਼ਾਹ ਕਲਿ ਕਾਤੀ ਉਮਰਾਇ ਕਸਾਈ॥
ਰਹਿਆ ਤਪਾਵਸ ਤ੍ਰਿਹੁ ਜੁਗੀ ਚਉਥ ਜੁਗਿ ਜੋ ਦੇਇਸੁ ਪਾਈ॥
ਕਰਮ ਭ੍ਰਿਸ਼ਟ ਸਭ ਭਈ ਲੁਕਾਈ॥੭॥
ਚੌਦਵੀਂ ਸਦੀ ਦੇ ਅੰਤ ਵਿਚ ਤੈਮੂਰ ਲੰਗ ਨੇ ਆਣ
ਦਿੱਲੀ ਕੀਤੀ ਫ਼ਤਹਿ ਉਸ ਕਰ ਮਨੁੱਖਣਾ ਘਾਣ।
ਲੁੱਟਣ ਸਾੜਨ ਨਾਲ਼ ਹੋਏ ਲੱਖਾਂ ਘਰ ਬਰਬਾਦ
ਲੁੱਟੀ ਪੁੱਟੀ ਜਨਤਾ ਦੀ ਕੌਣ ਸੁਣੇ ਫਰਯਾਦ ?
ਗੱਭਰੂ ਮੁਟਿਆਰਾਂ ਬੰਨ੍ਹੀ ਗਿਣਤੀ ਕਈ ਹਜ਼ਾਰ
ਗ਼ੁਲਾਮ ਬਣਾਈ ਲੈ ਗਿਆ ਆਪਣੇ ਦੇਸ਼ 'ਚ ਨਾਲ਼।
ਬਾਹਰੋਂ ਆਏ ਧਾੜਵੀ ਮੁਗਲ ਸੀ ਜਾਂ ਪਠਾਣ
ਰਾਜ ਕਾਇਮੀ ਲਈ ਉਸ ਫੈਲਾਇਆ ਇਸਲਾਮ।

UNISTAR BOOKS PVT LTD.
Unistar Books Pvt Ltd.

ਇਕ ਤਰਫ਼ ਮੁਸਲਿਮ ਹਮਲਾਵਰਾਂ ਲੋਕਾਂ ਪਾ ਕੁਰਾਹ
ਜਬਰੀ ਦੀਨ 'ਚ ਲਿਆਣ ਦੀ ਦਿੱਤੀ ਮੁਹਿੰਮ ਚਲਾ।
ਬਾਹਰੋਂ ਆਏ ਪੀਰ ਫ਼ਕੀਰਾਂ ਕਰ ਇਸਲਾਮੀ ਪਰਚਾਰ
ਲੱਖਾਂ ਦੀ ਗਿਣਤੀ ਵਿਚ ਲੋਕੀ ਜੋੜੇ ਆਪਣੇ ਨਾਲ਼।
ਪੀਰ ਮਈਨੁਦੀਨ ਸੀ ਵਿਚੋਂ ਸੱਯਦ ਖ਼ਾਨਦਾਨ
ਸੱਤਰ ਵਰ੍ਹਿਆਂ ਤੀਕ ਉਸ ਪਰਚਾਰ ਕੀਤਾ ਇਸਲਾਮ।
ਸ਼ੇਖ਼ ਕੁਤਬ-ਉਦ-ਦੀਨ, ਫਰੀਦ-ਉਦ-ਦੀਨ, ਨਿਜ਼ਾਮ-ਉਦ-ਦੀਨ
ਮਨ ਦੀ ਸ਼ਾਂਤੀ ਲਈ ਜੋੜੇ ਸਹੰਸਰ ਦੀਨ ਹੀਨ।
ਕਾਬਜ਼ ਹੋਏ ਧਾੜਵੀ ਜਨਤਾ ਹੋਈ ਕਮਜ਼ੋਰ
ਹਰ ਤਰਫ਼ੋਂ ਲੁੱਟਣ ਲਈ ਹਾਕਮ ਹੋਏ ਮੂੰਹ-ਜ਼ੋਰ।
ਲੁੱਟੀ ਹਿੰਦੁਸਤਾਨ ਦੀ ਆਨ, ਬਾਨ ਤੇ ਸ਼ਾਨ
ਉੱਤੋਂ ਜਜ਼ੀਆ ਟੈਕਸ ਲਾ ਕੀਤੇ ਲੋਕ ਹੈਰਾਨ ?
ਹੌਲ਼ੀ ਹੌਲ਼ੀ ਸੱਯਦਾਂ ਨੂੰ ਲੋਧੀਆਂ ਦਿੱਤੀ ਹਾਰ
ਬੁੱਤ-ਸ਼ਿਕਨ ਸਿਕੰਦਰ ਲੋਧੀ ਢਾਏ ਮੰਦਰ ਬੇਸ਼ੁਮਾਰ।
ਵਧੀ ਹਿੰਦ ਹਰ ਨੁੱਕਰੇ ਬੇਚੈਨੀ ਘਬਰਾਹਟ
ਪਾਪ ਜ਼ੁਲਮ ਐਸ਼ੋ-ਇਸ਼ਰਤ ਵਧਣ ਲੱਗੇ ਪਾਪ।
ਕਰਦਾ ਜੋ ਮੁਖ਼ਾਲਫ਼ਤ ਸੱਚ ਈਮਾਨ ਜਗਾ
ਦਿੰਦੇ ਸਬਕ ਉਹ ਉਸ ਨੂੰ ਜਿਉਂਦਿਆਂ ਦੀ ਖੱਲ ਲਾਹ!
ਲਿਖਿਐ ਗਿਆਨੀ ਗਿਆਨ ਸਿੰਘ 'ਸ੍ਰੀ ਗੁਰੂ ਪੰਥ ਪ੍ਰਕਾਸ਼'
ਉਸ ਵੇਲ਼ੇ ਦੇ ਸਮੇਂ ਦਾ ਦੇਇ ਹਵਾਲਾ ਖ਼ਾਸ :
ਸੱਯਦ ਸ਼ੇਖ ਮੁਗਲ ਪਠਾਣ।
ਜ਼ਾਲਮ ਭਏ ਸਭੀ ਬਲਵਾਨ।
ਹਿੰਦਨ ਕੋ ਦੁਖ ਦਯੋ ਮਹਾਏ।
ਦੇਵਨ ਕੇ ਮੰਦਰ ਗਿਰਵਾਏ।
ਤੁਰਕ ਹੋਵਣਾ ਜਿਨੈ ਨ ਮਾਨਿਓ।
ਤਿਨ ਦਿਨ ਕੋ ਅਤਿ ਦੁਖ ਕੈ ਹਾਨਿਓ।
ਗੋ ਗਰੀਬ ਨੋ ਬਧ ਕਰ ਸੁਟੈਂ।
ਧਨੀ ਦੇਖ ਤਾ ਕਾ ਧੰਨ ਲੁਟੈਂ। **(ਸ੍ਰੀ ਗੁਰੂ ਪੰਥ ਪ੍ਰਕਾਸ਼, ਪੂਰਵਾਰਧ, ਬਿਸ਼੍ਰਾਮ 4)**

## ਧਾਰਮਿਕ ਵਰਤਾਰਾ

ਸ਼ਰ੍ਹਾ ਅਰਥ ਦੇ ਭੇਦਾਂ ਦਾ ਸੀ ਨਾਹੀ ਕਿਸੀ ਗਿਆਨ
ਅਰਬੀ ਵਿਚ ਸੀ ਲਿਖਿਆ ਇਸਲਾਮ ਗ੍ਰੰਥ ਕੁਰਾਨ।



UNISTAR BOOKS PVT LTD. Unistar Books Pvt Ltd. Unistar Books Pvt Ltd. UNISTAR BOOKS PVT LTD.

ਕਾਜ਼ੀ ਦਾ ਕੰਮ ਹੋਵੰਦਾ ਨਿਆਇਕ ਪਾਠ ਪੜ੍ਹਾਣ
ਪਾਕ ਕੁਰਾਨ 'ਚੋਂ ਰਾਹ ਖੋਜ ਸੇਧ ਦਵੇ ਇਨਸਾਨ।
ਲੇਕਿਨ ਕਾਜ਼ੀ ਝੂਠ ਲੜ ਲੱਗ ਬਣੇ ਸੀ ਰਿਸ਼ਵਤਖ਼ੋਰ
ਆਪਣੀ ਹੋਂਦ ਪਕਿਆਣ ਲਈ ਹੋਏ ਸੀ ਮੂੰਹ ਜ਼ੋਰ।
ਪਹਿਲੋਂ ਧੱਕੇ ਨਾਲ ਉਹ ਝਗੜੇ ਦੇਣ ਵਧਾ
ਉੱਤੋਂ ਵੱਢੀ ਲੈ ਕੇ ਦਿੰਦੇ ਹੱਕ ਗਵਾ।
ਦੂਜਾ ਰਾਜ ਪ੍ਰਬੰਧ ਦਾ ਜੋ ਸੀ ਭਾਈਵਾਲ
ਧਰਮ ਪੱਖੋਂ ਹਾਕਮਾਂ ਤੋਂ ਵੱਧ ਸੀ ਮੰਦਾ ਹਾਲ!!
ਅਗਿਣਤ ਵਿਚਾਰਧਾਰਾਈਂ ਵੰਡਿਆ ਸਨਾਤਨੀ ਸਮਾਜ
ਸੰਸਕ੍ਰਿਤ ਵਿਚ ਲਿਖੇ ਸੀ ਗ੍ਰੰਥ ਇਨ੍ਹਾਂ ਦੇ ਆਦਿ।
ਧਰਮ ਗੁਰੂ ਬ੍ਰਾਹਮਣ ਸੀ ਅਧਿਕਾਰੀ ਪੜ੍ਹਨ ਪੜ੍ਹਾਉਣ
ਧਰਮ ਗ੍ਰੰਥ ਅਰਥ ਭੇਦੋਂ ਸਭ ਬਾਕੀ ਸੀ ਅਣਜਾਣ।
ਹਰ ਸਨਾਤਨੀ ਹਿੰਦੂ ਬ੍ਰਾਹਮਣੀ ਗ੍ਰੰਥ ਦਾ ਸੀ ਮੁਹਤਾਜ
ਕਰਮਕਾਂਡ ਵਿਚ ਰੁੱਝਿਆ ਜਨਮ ਤੋਂ ਅੰਤਿਮ ਸ੍ਵਾਸ।
ਧਰਮੀ ਕਰਮੀ ਸਾਸ਼ਤ੍ਰਾਂ ਨੂੰ ਪੜ੍ਹਨ ਘੋਖਣੋਂ ਬਾਅਦ
ਬ੍ਰਾਹਮਣ ਦਾ ਕੰਮ ਦੱਸਣਾ! ਕੋਈ ਚੰਗੀ ਜੀਵਨ-ਜਾਚ!!
ਧਰਮ ਨੂੰ ਦ੍ਰਿੜ੍ਹ ਕਰਵਾਉਣ ਥਾਂ ਸੀ ਕਰਮਕਾਂਡ ਦਾ ਜ਼ੋਰ
ਨੌਂ ਗ੍ਰਿਹ ਤੇ ਦਸ ਦੀਪ ਸ਼ਿਵ ਸ਼ਕਤੀ ਪੂਜਾ ਹੋਰ।
ਕਈ ਕਿਸਮ ਦੇ ਸੰਸਕਾਰ ਜਾਪ ਹਵਨ ਇਸ਼ਨਾਨ
ਵਹਿਮ ਭਰਮ ਦਾ ਬਚਿਆ ਬੰਦਿਆਂ ਪਾਸ ਈਮਾਨ।
ਬ੍ਰਾਹਮਣ ਵੱਲੋਂ ਪੈ ਗਈਆਂ ਇਸ ਦੀਆਂ ਵੰਡੀਆਂ ਆਣ
ਅਵਤਾਰ ਪੂਜ ਨੇ ਲੈ ਲਿਆ ਭਗਤੀ ਦਾ ਸਥਾਨ।
ਵੱਖਰੇ-ਵੱਖਰੇ ਤਿਲਕ ਮਾਲ ਮਣਕਿਆਂ ਰੰਗ ਜੁਦਾ
ਹਰ ਇਕ ਦੇਵ ਦਾ ਵੱਖਰਾ ਸੁਰਗ ਨਰਕ ਆਪਣਾ।
ਚੰਦਨ ਤੁਲਸੀ ਰੁਦਰਾਖ਼ ਅੱਡੋ ਅੱਡਰੀ ਮਾਲ
ਮਜ਼੍ਹਬੀ ਰੰਗ-ਰੰਗੀਜ਼ੜੀ ਫਿਰਦੀ ਗਰਜ਼ਾਂ ਨਾਲ਼।
ਮੂਰਤੀ ਪੂਜਾ ਕਰਮਕਾਂਡ ਤੇ ਅਵਤਾਰਵਾਦ
ਵਰਣ ਵੰਡ ਤੇ ਊਚ ਨੀਚ ਵਾਧੂ ਛੂਆ-ਛਾਤ।
ਰੁੱਖਾਂ ਮੱਠਾਂ ਮੜੀਆਂ ਤੇ ਸਿਜਦੇ ਅਲੱਗ-ਅਲੱਗ
ਵਰਣ ਆਸ਼ਰਮ ਵੰਡੀਆਂ ਨਾਲ਼ ਸਮਾਧੀਆਂ ਬਗ!
ਹਰ ਮਜ਼੍ਹਬ ਵਿਚ ਕਰਮ-ਧਰਮ ਦੀ ਅੱਡੋ-ਅੱਡਰੀ ਰੀਤ
ਲਿੱਬੜੇ ਕਾਗ਼ਦ ਭਰਮ ਜਾਲ਼ ਧਾਗੇ ਅਤੇ ਤਵੀਤ।



UNISTAR BOOKS PVT LTD.
Unistar Books Pvt Ltd.

ਭਾਈ ਗੁਰਦਾਸ ਜੀ ਦੱਸਦੇ ਵਰਣਨ ਕਰ ਵਿਚ 'ਵਾਰ'
ਇਕ ਦੂਏ ਸੰਗ ਖਹਿਬੜਨ ਦਾ ਦਿੱਤਾ ਹੈ ਵਿਸਤਾਰ:
'ਚਾਰਿ ਵਰਨਿ ਚਾਰਿ ਮਜਹਬਾਂ ਜਗਿ ਵਿਚਿ ਹਿੰਦੂ ਮੁਸਲਮਾਣੇ।
'ਖੁਦੀ ਬਖੀਲਿ ਤਕਬਰੀ ਖਿੰਚੋਤਾਣ ਕਰੇਨਿ ਧਿਙਾਣੇ।
'ਗੰਗ ਬਨਾਰਸਿ ਹਿੰਦੂਆਂ ਮਕਾ ਕਾਬਾ ਮੁਸਲਮਾਣੇ।
'ਸੁੰਨਤਿ ਮੁਸਲਮਾਣ ਦੀ ਤਿਲਕ ਜੰਞੂ ਹਿੰਦੂ ਲੋਭਾਣੇ।
'ਰਾਮ ਰਹੀਮ ਕਹਾਇਦੇ ਇਕੁ ਨਾਮੁ ਦੁਇ ਰਾਹ ਭੁਲਾਣੇ।
'ਬੇਦ ਕਤੇਬ ਭੁਲਾਇ ਕੈ ਮੋਹੇ ਲਾਲਚ ਦੁਨੀ ਸੈਤਾਣੇ।
'ਸਚੁ ਕਿਨਾਰੇ ਰਹਿ ਗਿਆ ਖਹਿ ਮਰਦੇ ਬਾਮ੍ਹਣਿ ਮਉਲਾਣੇ।'
ਛਿੜ ਪਿਆ ਕਤੇਬ, ਕੁਰਾਨ, ਖਟ ਦਰਸ਼ਨ ਵਿਵਾਦ
ਤੰਤ੍ਰ ਮੰਤ੍ਰ ਪਾਖੰਡ ਯੱਗ ਛਿੜਿਆ ਜਦ ਅਪਵਾਦ।
ਐਸਾ ਨਹੀਂ ਜੋ ਜੋੜ ਸਕੇ ਭਟਕਿਆ ਹੋਇਆ ਸਮਾਜ
ਪੂਰੀ ਕੌਮ ਦੇ ਮਨ 'ਤੇ ਕਰੇ ਰੂਹਾਨੀ ਰਾਜ!!

## ਸਮਾਜਿਕ ਸਭਿਆਚਾਰਕ ਵਰਤਾਰਾ

ਸਲਤਨਤ ਇਸ ਹਿੰਦ ਦੀ ਵਿਚ ਦੋ ਸੀ ਹੁਕਮਰਾਨ
ਕੱਟੜ ਕਾਜ਼ੀ ਭੇਖੀ ਪੰਡਤ ਰਾਹ ਦੋਏ ਸ਼ੈਤਾਨ।
ਵਰਗ ਸਮਾਜ ਤੇ ਭਾਰੂ ਸੀ ਤੀਜੀ ਜੋਗ-ਜਮਾਤ
ਰਿਧੀ ਸਿਧੀ ਕੂੜ ਅਡੰਬਰ ਭੁੱਲੀ ਮਾਨਵਵਾਦ।
ਜੋਗੀਆਂ ਦਾ ਪ੍ਰਭਾਵ ਸੀ ਉੱਤਰੀ-ਭਾਰਤ ਪੰਜਾਬ
ਜੋਗ ਮਤ ਧਾਰਨ ਲਈ ਕਰਦੇ ਘਰ-ਬਾਰ ਤਿਆਗ।
ਜਦੋਂ ਅਮਾਵਸ ਕੂੜ ਦੀ ਤੱਕੀ ਚਾਰ ਚੁਫ਼ੇਰ
ਜੋਗੀ ਸਿਧ ਤਪੱਸਵੀ ਚੜ੍ਹ ਬੈਠੇ ਜਾ ਸੁਮੇਰ।
ਜਦਕਿ ਕਰਨਾ ਚਾਹੀਦਾ ਸੀ ਸ੍ਰਿਸ਼ਟੀ 'ਤੇ ਉਪਕਾਰ
ਪਰ ਗੁਫ਼ਾਵੀਂ ਜਾਂ ਲੁਕੇ ਮੱਤੇ ਵਿਚ ਹੰਕਾਰ।
ਦਿਸਣ ਨੂੰ ਰੱਬ ਵਰਗੇ ਹੈ ਸਨ ਜੁਦਾ-ਜੁਦਾ
ਵੱਖਰੋ-ਵੱਖਰੇ ਦੀਨ ਧਰਮ ਵੱਖੋ-ਵੱਖ ਖ਼ੁਦਾ।
ਇਕ ਲਈ ਕਾਫ਼ਰ ਦੂਆ ਦੂਏ ਲਈ ਮਲੇਛ
ਇਕ ਛੁਰੀ ਫੜ ਕੋਂਹਦੇ ਪਾ ਚੋਲ਼ੇ ਦਰਵੇਸ਼।
ਹਾਕਮਾਂ ਦੀ ਕੀ ਪੁੱਛਦੇ ਸਿਰ ਚੜ੍ਹ ਨੱਚੇ ਹੰਕਾਰ
ਘਿਰਣਾ-ਜਨਕ ਵਤੀਰਾ ਸੀ ਜਨ-ਸਾਧਾਰਨ ਨਾਲ਼।
ਲਿਆਉਣ ਲਈ ਸਨਾਤਨੀਆਂ ਵਿਚ ਦਾਇਰੇ ਇਸਲਾਮ
ਲਾਲਚ ਜਾਂ ਫਿਰ ਜਬਰ ਨਾਲ਼ ਬਦਲਣ ਉਸ ਈਮਾਨ।



UNISTAR BOOKS PVT LTD.
Unistar Books Pvt Ltd.
Unistar Books Pvt. Ltd.
UNISTAR BOOKS PVT LTD.

ਕੀ ਕੁਝ ਨਹੀਂ ਕਰਾਉਂਦਾ ਲਾਲਚ ਲਈ ਇਨਸਾਨ
ਕਈ ਵਾਰ ਰੋਟੀ ਹੁੰਦੀ ਭੁੱਖੇ ਲਈ ਈਮਾਨ!!
ਭਗਤ ਨਾਮਦੇਉ ਜੇਹੇਆਂ ਨੂੰ ਹੀਨੜੀ ਜਾਤ ਬਖਾਣ
ਮੰਦਰ ਦੇ ਪਿਛਵਾੜੇ ਜਾ ਸੁੱਟਿਆ ਭਗਤ ਸਮਾਨ।
ਅੱਜ ਵੀ ਮਹਾਰਾਸ਼ਟਰਾ ਵਿਚ ਓਂਡਾ ਨਾਮੀ ਥਾਂ
ਜਿਸ ਦੇਹੁਰੇ ਦਾ ਮੁੱਖ ਹੈ ਵਿਚ ਪੱਛਮ ਦਿਸ਼ਾ।
ਨਾਮਦੇਵ ਨਕਾਰਿਆ ਸੀ ਜਦ ਸ਼ਾਹੀ ਫ਼ੁਰਮਾਨ
ਹਾਥੀ ਹੇਠ ਲਿਤਾੜਨ ਦਾ ਸੀ ਕੀਤਾ ਗਿਆ ਐਲਾਨ।
ਨਾਮਦੇਵ ਰਵਿਦਾਸ ਕਬੀਰ ਜੇਹਾਂ ਜੋ ਮਿਲੀ ਸਜ਼ਾ
ਲੈਂਦਾ ਸੀ ਸਿਰ ਕੌਣ ਤਦ ਨਿਮਾਣਿਆਂ ਦੀ ਬਲਾ ??
ਵਿਚ ਸਮਾਜ ਦੇ ਮਿਲਣ ਨਾਹ ਜੇ ਸਮਾਨ ਅਧਿਕਾਰ
ਪਨਪਦੀਆਂ ਅਲਾਮਤਾਂ ਬਦਲ ਜਾਂਦੇ ਕਿਰਦਾਰ।
ਲੁੱਟਾਂ ਖੋਹਾਂ ਵਧਦੀਆਂ ਵਧਣ ਵੈਰ ਵਿਰੋਧ
ਹੱਕਾਂ ਦੀ ਖੋਹ-ਖਿੰਝ ਵਿਚ ਖ਼ੁਸ਼ਹਾਲੀ ਹੋਏ ਅਲੋਪ।
ਗ਼ੁਰਬਤ ਮਾਰੀ ਰਿਆਇਆ ਕਰਦੀ ਕੂਕ ਪੁਕਾਰ
ਤੋੜਨ ਹਿਤ ਪੁਕਾਰਦੀ ਜਾਤ-ਪਾਤ ਦੀਵਾਰ।
ਝੂਠੇ ਮਾਇਆਵੀ ਰਿਸ਼ਤੇ ਮਤਲਬੀ ਭੈਣ-ਭਰਾ
ਕੂੜੀ ਦੁਨੀਆ ਕਾਰਨੇ ਦਿੰਦੇ ਦੀਨ ਗਵਾ।
ਦੁਨੀਆ ਦੇ ਇਸ ਰੂਪ ਦਾ ਦਿੰਦੇ ਹੋਏ ਹਵਾਲ
ਬਾਬਾ ਨਾਨਕ ਖ਼ੁਦ ਨੂੰ ਕਰਦੇ ਪਏ ਸਵਾਲ:

ਨਾਨਕ ਦੁਨੀਆ ਕੈਸੀ ਹੋਈ॥
ਸਾਲਕੁ ਮਿਤੁ ਨ ਰਹਿਓ ਕੋਈ॥
ਭਾਈ ਬੰਧੀ ਹੇਤੁ ਚੁਕਾਇਆ॥
ਦੁਨੀਆ ਕਾਰਣਿ ਦੀਨੁ ਗਵਾਇਆ॥੫॥
ਹੈ ਹੈ ਕਰਿ ਕੈ ਓਹਿ ਕਰੇਨਿ॥
ਗਲ੍ਹਾ ਪਿਟਨਿ ਸਿਰੁ ਖੋਹੇਨਿ॥
ਨਾਉ ਲੈਨਿ ਅਰੁ ਕਰਨਿ ਸਮਾਇ ॥
ਨਾਨਕ ਤਿਨ ਬਲਿਹਾਰੈ ਜਾਇ॥੬॥

ਬਗਾ ਬਗੇ ਕੱਪੜੇ ਬਾਣੇ ਧਰਮੀ ਪਾਣ
ਬੋਲ ਮਲੇਛੀ ਬੋਲਦੇ ਭੱਖ-ਅਭੱਖ ਨੇ ਖਾਣ।
ਰਾਜਸੀ-ਧਾਰਮਿਕ ਸੱਤਾ ਵਿਚ ਕੇਹਾ ਜੋੜ ਨਾਪਾਕ
ਫ਼ਰਜ਼ਾਂ ਤੋਂ ਗੁੰਮਰਾਹ ਹੋ ਵਿਚ ਲੁੱਟਣ ਦੀ ਤਾਕ।



UNISTAR BOOKS PVT LTD.
Unistar Books Pvt Ltd.
Unistar Books Pvt Ltd.
Unistar Books Pvt Ltd.
UNISTAR BOOKS PVT LTD.

ਹਾਕਮ ਦੀਆਂ ਨਜ਼ਰਾਂ ਵਿਚ ਹੋਣ ਲਈ ਪਰਵਾਣ
ਨੀਲੇ ਬਾਣੇ ਪਹਿਨ ਕੇ ਬੈਠਣ ਨਾਲ਼ ਸ਼ੈਤਾਨ।
ਜ਼ਰਜ਼ਰੇ ਜੀਵਨ-ਮੁੱਲਾਂ ਵਿਚ ਜੀ ਰਿਹਾ ਸਮਾਜ
ਰਾਜਸੀ ਲੁੱਟ-ਖਸੁੱਟ ਵਿਚ ਜ਼ਿੰਦਗੀ ਸੀ ਮੁਹਤਾਜ।

ਉੱਨਤ ਕਿਸੀ ਸਮਾਜ ਦਾ ਜੇ ਲੈਣਾ ਹੋਵੇ ਨਾਪ
ਕਿਸ ਸਨਮਾਨ ਹੈ ਜੀਵਦੀ ਨਾਰੀ ਉਸ ਸਮਾਜ।
ਸੁਣਦੇ ਹਾਂ ਸਤਜੁਗ ਵਿਚ ਸੀ ਨਾਰੀ ਦਾ ਸਤਿਕਾਰ
ਧਰਮ ਜੱਗ ਸੰਪੰਨ ਸੀ ਹੁੰਦੇ ਹਾਜ਼ਰੀ ਇਸ ਵਿਚਕਾਰ।
ਲੇਕਿਨ ਰਿਸ਼ੀਆਂ-ਮੁਨੀਆਂ ਲਿਖਤਾਂ ਦੇ ਉਣ ਜਾਲ਼
ਭੰਡਿਆ ਔਰਤ ਜਾਤ ਨੂੰ ਅਪਮਾਨਿਤ ਲਫ਼ਜ਼ਾਂ ਨਾਲ਼।
ਕਿਸੀ ਕਿਹਾ ਕੁਲਟਾ ਕਾਮਣ ਕਿਸੀ ਕਿਹਾ ਛੰਨਾਰ
ਤਾੜਨ ਦੀ ਅਧਿਕਾਰੀ ਮੰਨਿਆ ਪਸ਼ੂ ਢੋਰ ਗਵਾਰ।
ਜੋ ਜੀਅ ਕਿਸੀ ਆਇਆ ਮੂੰਹੋਂ ਦਿੱਤਾ ਭਾਖ
ਗੋਰਖ ਨੇ ਤਾਂ ਇਥੋਂ ਤੀਕ ਬਘਿਆੜੀ ਦਿੱਤਾ ਆਖ :
'ਦਾਮ ਕਾਢ ਬਾਘਨ ਲੈ ਆਇਆ
ਮਾਉ ਕਹੈ ਮੇਰਾ ਪੂਤ ਵੀਆਹਿਆ
ਗੀਲੀ ਲਕੜੀ ਕਉ ਘੁਣ ਲਾਇਆ
ਤਿਨ ਡਾਲ ਮੂਲ ਸਣ ਖਾਇਆ
ਬਾਘਨ ਜਿੰਦ ਲਏ ਬਾਘਨ ਬਿੰਦ ਲਏ
ਬਾਘਨ ਹਮਰੀ ਕਾਇਆ
ਇਨ ਬਾਘਨ ਤ੍ਰੈਲੋਈ ਖਾਈ
ਬੱਧਤ ਗੋਰਖ ਰਾਇਆ'
ਕੈਸਾ ਇਹ ਸਮਾਜ ਸੀ ਕੇਹੀ ਸੀ ਦਸ਼ਾ
ਮਰਦ ਦਾ ਹੀ ਅਰਧ ਅੰਗ ਭੋਗੇ ਸਭ ਸਜ਼ਾ।
ਆਦਮ ਦੀ ਅਰਧੰਗਣੀ ਦਾ ਜਿਹਾ ਘਿਨੌਣਾ ਰੂਪ
ਸੋਚੋ ਫਿਰ ਆਦਮ ਮਨੂਆ ਕਿੱਡਾ ਹੋਊ ਕਰੂਪ।
ਧਾੜਵੀ ਵੀ ਉਸ ਸਮੇਂ ਦੇ ਹੋ ਗਏ ਸੀ ਕਮਜਾਤ
ਧਨ ਜੋੜਨ ਦੀ ਲੁੱਟ ਲਈ ਬਣ ਗਏ ਸੀ ਆਫ਼ਾਤ।
ਲੁੱਟ ਲਿਜਾਂਦੇ ਦੇਸ਼ ਵੈਭਵ ਧਨ ਸੰਪਤੀ ਨਾਲ਼
ਬੰਨ੍ਹ ਲਿਜਾਂਦੇ ਔਰਤਾਂ ਨੂੰ ਸਮਝ ਕੇ ਲੁੱਟ ਦਾ ਮਾਲ।
ਨਗਨ ਕਰ ਮੁੱਲ ਪਾਵੰਦੇ ਸੀ ਜ਼ੋਰੂ ਨੂੰ ਸਿਕਦਾਰ
ਟਕੇ ਟਕੇ ਵਿਚ ਵਿਕਦੀ ਸੀ ਔਰਤ ਸਰੇ-ਬਾਜ਼ਾਰ।

UNISTAR BOOKS PVT LTD.
Unistar Books Pvt Ltd.
UNISTAR BOOKS PVT LTD.

ਜਿਉਂ-ਜਿਉਂ ਔਰਤ ਬਣ ਗਈ ਭੋਗ ਵਿਲਾਸੀ ਚੀਜ਼
ਸ਼ਰਮ ਹਯਾ ਦਾ ਏਸ 'ਚੋਂ ਮੁੱਕਣ ਲੱਗਾ ਬੀਜ।
ਸਾਦਗੀ ਪਾਕੀਜ਼ਗੀ ਛੱਡ ਸੀਲ ਹਯਾ ਸੁੱਚ ਅਣਖ
ਕਾਮੁਕਤਾ, ਕਮੀਨਗੀ ਅੰਦਰ ਰਹੀ ਸੀ ਪਣਪ।
ਮਾਇਆ ਮਦ 'ਚ ਰਤੀਆਂ ਪਈਆਂ ਪੁੱਠੇ ਰਾਹ
ਮਰਦਾਂ ਤਾਈਂ ਦੇਂਦੀਆਂ ਰੰਨਾਂ ਮੰਦ ਸਲਾਹ।
ਔਰਤ ਨੇ ਜੋ ਤੱਜਿਆ ਲੱਜਾ ਰੂਪ ਸ਼ਿੰਗਾਰ
ਬਣ ਸੱਯਾਦ ਪੁਰਖ ਤਦੋਂ ਲੱਗੇ ਕਰਨ ਸ਼ਿਕਾਰ।

'ਰੰਨਾ ਹੋਈਆ ਬੋਧੀਆ ਪੁਰਸ ਹੋਏ ਸਈਆਦ॥
ਸੀਲੁ ਸੰਜਮੁ ਸੁਚ ਭੰਨੀ ਖਾਣਾ ਖਾਜੁ ਅਹਾਜੁ॥
ਸਰਮੁ ਗਇਆ ਘਰਿ ਆਪਣੈ ਪਤਿ ਉਠਿ ਚਲੀ ਨਾਲਿ॥'

**(ਗੁਰੂ ਗ੍ਰੰਥ, ਪੰਨਾ ੧੨੪੩)**

ਔਰਤ ਦਾ ਸਤੱਰ ਜੋ ਡਿੱਗਿਆ ਇਥੋਂ ਤੀਕ
ਬੇਹਯਾਈ ਅੱਡਿਆਂ ਸ਼ਰਮਾਂ ਲਾਈ ਲੀਕ।
ਧਰਮਯੁਗਾਂ ਵਿਚ ਸਤਯੁਗੀ ਔਰਤਾਂ ਸੀ ਵਿਦਮਾਨ
ਕਲਜੁਗੀ ਵਿਭਚਾਰਨਾਂ ਕੇਹੇ ਦਰਬਾਰ ਸਜਾਣ ?
ਸਭਾ ਲੱਗੇ ਅਧਰਮੀਆਂ ਕੇਹਾ ਘਿਨਾਉਣਾ ਲੋਕ
ਕਲਤਾਰਕ ਨਾਨਕ ਗੁਰੂ ਲਿਖਿਆ ਵਿਚ ਸਲੋਕ!
'ਨਾਨਕ ਕੂੜਾ ਕਤੀਐ ਕੂੜਾ ਤਣੀਐ ਤਾਣ॥
ਕੂੜਾ ਕਪੜ ਕਛੀਐ ਕੂੜਾ ਪੈਨਣ ਖਾਣ॥'
ਐਨੀ ਜੋ ਘਿਨਾਉਣੀ ਸੀ ਔਰਤ ਦੀ ਤਸਵੀਰ
ਹੁੰਦੀ ਕਿਵੇਂ ਪਾਕਸਾਲ ਔਰਤ ਦੀ ਜ਼ਮੀਰ।
ਨਾਰੀ ਜੇ ਵਿਚਾਰੀ ਸੀ ਵਿਚ ਹਿੰਦੂ ਸਮਾਜ
ਮੁਸਲਿਮ ਨਾਰ ਵੀ ਕਿੰਜ ਲੈਂਦੀ ਆਜ਼ਾਦੀ ਦਾ ਖ਼ਾਬ ?
ਜਾਇਜ਼ ਸੀ ਸਮਾਜ ਵਿਚ ਇਕ ਤੋਂ ਵੱਧ ਨਿਕਾਹ
ਪਰਦੇ ਵਿਚਲੀ ਨਾਰ ਦਾ ਸੀ ਅੰਦਰੀਂ ਘੁਟਦਾ ਸਾਹ।
ਆਪਸੀ ਰਿਸ਼ਤਿਆਂ ਵਿਚ ਸੀ ਮਾਇਆ ਹੀ ਸਰਦਾਰ
'ਇਸਤਰੀ ਪੁਰਖੈ ਦਾਮ ਹਿਤ' ਤੱਕ ਸੀ ਮਹਿਦੂਦ ਪਿਆਰ।

## ਆਰਥਿਕ ਵਰਤਾਰਾ

ਮੁੱਖ ਤੌਰ 'ਤੇ ਕਿਰਤ ਦੇ ਰੂਪ ਸੀ ਹੈਸਨ ਚਾਰ
ਖੇਤੀ ਹਟ ਸੌਦਾਗਰੀ ਜਾਂ ਫਿਰ ਸੀ ਵਪਾਰ।



UNISTAR BOOKS PVT LTD.
Unistar Books Pvt Ltd.

ਕੁਝ ਮੁਜ਼ਾਰੇ ਹਲਵਾਹਕ ਖੇਤਾਂ ਦੇ ਵਿਚ ਜਾਣ
ਮਿੱਟੀ ਵਿਚ ਮਿੱਟੀ ਹੁੰਦੇ ਹੱਡ ਭੰਨਵੀਂ ਕਿਰਤ ਕਮਾਣ।
ਮਾਹੀ ਮੁੰਡੇ ਆਜੜੀ ਜੀਅ ਜਾਨ ਦੇ ਨਾਲ਼
ਜੂਹਾਂ ਵਿਚ ਚਰਾਵੰਦੇ ਜਾ ਆਪਣਾ ਆਪਣਾ ਮਾਲ।
ਛੋਟੇ ਮੋਟੇ ਬਾਣੀਏ ਗਲ਼ੀਆਂ ਵਿਚ ਹੱਟ ਪਾ
ਸੌਦਾ ਵੇਚ ਵੱਟ ਕਰਦੇ ਜੀਵਨ ਦਾ ਨਿਰਬਾਹ।
ਜ਼ਿਮੀਂਦਾਰ ਤਾਂ ਦਿਨੋਂ-ਦਿਨ ਹੋ ਰਹੇ ਸੀ ਮਾਲੋ-ਮਾਲ
ਹਲਵਾਹਕ ਕਿਰਤੀ ਕਾਮੇ ਰਹੇ ਸੀ ਵਕਤ ਗੁਜ਼ਾਰ।
ਅਮੀਰ ਗ਼ਰੀਬ 'ਚ ਵੰਡਿਆ ਸਮੇਂ ਦਾ ਸੀ ਸਮਾਜ
ਗਊ ਗ਼ਰੀਬ ਦੀ ਪੁੱਛ ਨਾਹ ਦਾਦ ਨਾਹ ਕੋਈ ਫ਼ਰਯਾਦ।
ਨੀਵੀਂ ਪੱਧਰ 'ਤੇ ਜੀ ਰਹੇ ਭੋਲ਼ੇ-ਭਾਲ਼ੇ ਇਨਸਾਨ
ਕਿਵੇਂ ਨਾ ਕਿਵੇਂ ਤੋਰਦੇ ਟੱਬਰ ਦਾ ਗੁਜ਼ਰਾਨ।
ਵੱਡ-ਵਪਾਰੀ ਜ਼ਿਮੀਂਦਾਰ ਜਾਂ ਫਿਰ ਹੁਕਮਰਾਨ
ਹਿੰਦੂ ਸੀ ਜਾਂ ਸੀ ਮੁਸਲਿਮ ਤੁਰਦੇ ਰਾਹ ਸ਼ੈਤਾਨ।
ਰਾਜ ਸੀ ਸਮਝੋ ਲੋਭ ਦਾ ਚੌਂਕੀਦਾਰੀ ਕਾਮ
ਸਰਦਾਰੀ ਸੀ ਕੂੜ ਦੀ ਜਨਤਾ ਡੁੱਬੀ ਅਗਿਆਨ।
ਉੱਡ ਗਿਆ ਸੀ ਦੇਸ਼ 'ਚੋਂ ਖੰਭ ਲਾ ਸਦਾਚਾਰ
ਜਨਤਾ ਬਣ ਨਿਮਾਨੜੀ ਜੀ ਰਹੀ ਸੀ ਵਿਚ ਤ੍ਰਿਸਕਾਰ।
ਇਕ ਤਰਫ਼ ਮਲਿਕ ਭਾਗੋ ਦੂਏ ਲਾਲੋ ਗ਼ਰੀਬ
ਲੋਕਾਈ ਦਾ ਖ਼ੂਨ ਪੀ ਚਮਕਾਉਂਦੇ ਨਸੀਬ।
ਦੀਨ ਹੀਨ ਦੀ ਉਸ ਸਮੇਂ ਸੁਣੇ ਨਾ ਕੋਈ ਪੁਕਾਰ
ਵਹਿਸ਼ਤ ਅੰਦਰ ਜੀਵਦੇ ਮੂੰਹ 'ਤੇ ਤਾਲੇ ਮਾਰ।
ਲੋਭੀ ਕਾਜੀ ਰਿਸ਼ਵਤੀ ਦੇਖਣ ਲਾ ਕੇ ਘਾਤ
ਸੱਚ ਚੰਦਰਮਾ ਲੁਕਿਆ ਬੁੱਕਲ਼ ਕਾਲ਼ੀ ਰਾਤ।
ਮਾਰ ਨੌਂਹਦਰਾਂ ਜਰਵਾਣੇ ਪਾਣ ਕਲੇਜੇ ਘਾਵ
ਖੇਤ ਹੀ ਖਾਵੇ ਵਾੜ ਜਦ ਕਰੇ ਕੌਣ ਬਚਾਵ ?
ਲੱਗਿਆ ਖ਼ੂਨ ਜੋ ਮੂੰਹ ਨੂੰ ਨਿੱਤ ਨਵੇਂ ਦੀ ਭਾਲ਼
ਪਰਜਾ ਚੜ੍ਹਦੀ ਬਲੀ ਨਿੱਤ ਸ਼ਾਸਕ ਅਤਿ-ਵਿਕਰਾਲ।
ਬੇ-ਸੂਝ ਅੰਨ੍ਹੀ ਜਨਤਾ ਹੋਈ ਸਾਹ-ਸਤਹੀਣ
ਸ਼ਰਮ, ਪਤ ਤੇ ਸਦਾਚਾਰ ਹੋ ਗਏ ਖੰਭ-ਹੀਣ।
ਰਾਖੇ ਹੀ ਮੂੰਹ ਭਖਦੇ ਹੱਥੀਂ ਲਾਈ ਵਾੜ
ਹੋਏ ਬੇਅਦਬੀ ਪਾਤਸ਼ਾਹ ਅੰਦਰ ਹਉਮੈ ਸਾੜ।

UNISTAR BOOKS PVT LTD.
Unistar Books Pvt Ltd.

ਕੁੱਤਿਆਂ ਵਾਂਗੂੰ ਪਾੜਦੇ ਫਿਰਨ ਮੁਕੱਦਮ ਵੱਗ
ਬੰਦਿਆਂ ਨੂੰ ਵੱਤ ਡੰਗਰਾਂ ਢੁੱਡਾਂ ਮਾਰਨ ਢੱਗ।
ਅੰਨ੍ਹੀ ਪਰਜਾ ਗਿਆਨਹੀਣ ਭ੍ਰਿਸ਼ਟੇ ਧਰਮ ਸਥਾਨ
ਭੁੱਲੇ ਦੇਵੀ ਦੇਵ ਸਭ 'ਨਾਉ ਭਇਆ ਰਹਿਮਾਣ'।
ਮਿੱਟੀ ਦੇ ਇਨ੍ਹਾਂ ਬੁੱਤਾਂ ਵਿਚ ਹੈਸੀ ਕਿੱਥੇ ਤਾਣ
ਹੱਕ ਧਰਮ ਦੇ ਵਾਸਤੇ ਡਟਦੇ ਇਹ ਨਾਦਾਨ!!
ਧਰਮ ਧਓਲ ਇਕ ਪੈਰ 'ਤੇ ਖੜ੍ਹਾ ਸੀ ਕਰੇ ਪੁਕਾਰ
ਪਾਪਾਂ ਲੱਦੀ ਪ੍ਰਿਥਮੀ ਥੱਕ ਗਿਆ ਚੁੱਕ ਭਾਰ।
ਵਸਿਆ ਜਦ ਵੀ ਪ੍ਰਿਥਵੀ 'ਤੇ ਦੁਸ਼-ਕਰਮਾਂ ਦਾ ਭਾਰ
ਜੁਗਗਰਦੀ ਤਦ ਤਦ ਹੋਈ ਆਇਆ ਕੋਈ ਬਲਕਾਰ।
ਸਤਜੁਗ, ਤ੍ਰੇਤਾ, ਦੁਆਪਰ, ਕਲਜੁਗ ਆਏ ਜੋ ਅਵਤਾਰ
ਨੱਥ ਪਾਉਣ ਲਈ ਜ਼ੁਲਮ ਨੂੰ ਭੇਜੇ ਅਲਖ਼ ਅਪਾਰ।
ਆਪ ਨਰਾਇਣ ਕਲਾਧਾਰ ਚੱਲ ਆਏ ਇਸ ਬ੍ਰਹਿਮੰਡ
'ਭਟ ਕਲ' ਹਨ ਲਿਖਦੇ ਵਿਚ ਸਾਹਿਬ ਸ੍ਰੀ 'ਗੁਰੂ ਗ੍ਰੰਥ':

'ਸਤਜੁਗਿ ਤੈ ਮਾਣਿਓ ਛਲਿਓ ਬਲਿ ਬਾਵਨ ਭਾਇਓ॥
ਤ੍ਰੇਤੈ ਤੈ ਮਾਣਿਓ ਰਾਮੁ ਰਘੁਵੰਸੁ ਕਹਾਇਓ॥
ਦੁਆਪੁਰਿ ਕ੍ਰਿਸਨ ਮੁਰਾਰਿ ਕੰਸੁ ਕਿਰਤਾਰਥੁ ਕੀਓ॥
ਉਗ੍ਰਸੈਣ ਕਉ ਰਾਜੁ ਅਭੈ ਭਗਤਹ ਜਨ ਦੀਓ॥
ਕਲਿਜੁਗਿ ਪ੍ਰਮਾਣੁ ਨਾਨਕ ਗੁਰੁ ਅੰਗਦੁ ਅਮਰੁ ਕਹਾਇਓ॥
ਸ੍ਰੀ ਗੁਰੂ ਰਾਜੁ ਅਬਿਚਲੁ ਅਟਲੁ ਆਦਿ ਪੁਰਖਿ ਫੁਰਮਾਇਓ॥

(**ਗੁਰੂ ਗ੍ਰੰਥ, ਪੰਨਾ ੧੩੯੦**)

UNISTAR BOOKS PVT LTD.
Unistar Books Pvt Ltd.
Unistar Books Pvt Ltd.
UNISTAR BOOKS PVT LTD.

UNISTAR BOOKS PVT LTD.
Unistar Books Pv
Unistar Books Pvt Ltd.



UNISTAR BOOKS PVT LTD.

UNISTAR BOOKS PVT LTD.
Unistar Books Pvt I

# ਦੂਜਾ ਸਰਗ
# ਤਲਵੰਡੀ

Pvt Ltd.
Unistar Books Pvt Ltd.
UNISTAR BOOKS PVT LTD.

ਜੋਤਿ ਰੂਪਿ ਹਰਿ ਆਪਿ
ਗੁਰੂ ਨਾਨਕ ਕਹਾਯਉ॥
**–ਭੱਟ ਮਥਰਾ**

UNISTAR BOOKS PVT LTD.
Unistar Books Pvt Ltd.
Unistar Books Pvt Ltd.
UNISTAR BOOKS PVT LTD.

## ਤਲਵੰਡੀ ਪਿਛੋਕੜ

ਸਮੇਂ-ਸਮੇਂ ਤੱਕੇ ਤਲਵੰਡੀ ਕਈ ਉਤਾਰ-ਚੜ੍ਹਾਅ
ਤੇਰਾਂ ਵਾਰੀ ਉਸਰੀ ਹੋਈ ਤੇਰਾਂ ਵਾਰ ਤਬਾਹ।
ਨਿੱਤ ਨਵੀਂ ਲੋਅ ਆਤਸ਼ੀ ਨਿੱਤ ਨਵੀਂ ਆਫ਼ਾਤ
ਫ਼ਸਲ ਬੀਜ ਹੱਡ ਮੋਕਲੇ ਮੁੜ ਕਰ ਲੈਣ ਆਬਾਦ।
ਰਾਏਪੁਰ ਗਿਰਾਂ ਸੀ ਜੋ ਰੜੇ ਬਣਾਂ ਵਿਚਕਾਰ
ਰਾਏ ਭੋਇ ਭੱਟੀ ਦਿੱਤਾ ਸਿਰਿਉਂ ਨਵੇਂ ਉਸਾਰ।
ਰਾਜਪੂਤ ਤੋਂ ਬਣ ਗਿਆ ਜਦ ਭੱਟੀ ਮੁਸਲਮਾਨ
ਉਸ ਨੂੰ ਕਾਹਦੀ ਤੋਟ ਫਿਰ ਜਿਸ ਨਾਲ਼ ਹੋਏ ਸੁਲਤਾਨ।
ਦਸ ਕੁ ਪਿੰਡ ਜਗੀਰ ਦੇ ਬਣਿਆ ਉਹ ਸਰਦਾਰ
ਥਾਪਿਆ ਬੇਦੀ ਸ਼ਿਵਰਾਮ ਨਵਾਂ ਉਸ ਕਾਰਦਾਰ।
ਰਾਏ ਭੋਇ ਦਾ ਲੈਣ ਦੇਣ ਕੁਲ ਹਿਸਾਬ ਕਿਤਾਬ
ਤਲਵੰਡੀ ਦਾ ਸ਼ਿਵਰਾਮ ਰੱਖਦਾ ਅਦਬ ਅਦਾਬ।
ਜ਼ੋਰ ਜ਼ੁਲਮ ਵੱਲ ਰਾਏ ਦਾ ਜ਼ਰਾ ਨਹੀਂ ਸੀ ਰੁਖ਼
ਸਭ ਫ਼ਿਰਕੇ ਰਲ਼ ਬੈਠਦੇ ਸਭ ਦੇ ਸਾਂਝੇ ਸੁਖ-ਦੁਖ।
ਜੰਮਿਆ ਉਸ ਇਕਬਾਲ ਪੁੱਤ ਘਰ ਵਿਚ 'ਰਾਏ ਬੁਲਾਰ'
ਪਿਤਾ ਵਾਂਗ ਹੀ ਰਹਿਮ ਦਿਲ ਸੀ ਸਾਊ ਨੇਕ ਵਿਹਾਰ।
ਮਾਤ ਪਿਤਾ ਦਾ ਉੱਠਿਆ ਜਦ ਸਾਇਆ ਸਿਰੋਂ ਬੁਲਾਰ
ਰਾਏ ਭੋਇੰ ਜਗੀਰ ਦਾ ਉਹ ਬਣਿਆ ਕੁਲ ਮੁਖ਼ਤਾਰ।

ਵੱਡਾ ਸੀ ਜਗ ਮਰਤਬਾ ਰਾਏ ਭੋਇੰ ਸਰਦਾਰ
ਕੋਠਿਆਂ ਤੋਂ ਸਿਰਕੱਢ ਹਵੇਲੀ ਹੈਸੀ ਰਾਏ ਬੁਲਾਰ।
ਛੱਤਾਂ ਉੱਤੇ ਲਟਕਦੇ ਸੀ ਸ਼ਮਾਦਾਨ ਕਾਫ਼ੂਰ
ਨੌਕਰ ਅਤੇ ਮਤਹਿਤ ਸਭ ਕਰਦੇ ਜੀ-ਹਜ਼ੂਰ।
ਸ਼ਿਵ ਰਾਏ ਫਰਜੰਦ ਜੋ ਮਹਿਤਾ ਕਾਲੂ ਸੀ ਨਾਮ
ਪਿਤਾ ਵਾਂਗ ਜ਼ਹੀਨ ਸੀ ਘਰ/ਬਾਹਰ ਕੰਮ ਤਮਾਮ।
ਪੱਠੇਵਿੰਡ ਤੋਂ ਸੱਦਿਆ ਤਦ ਖ਼ੁਸ਼ ਹੋ ਰਾਏ ਬੁਲਾਰ
ਦਸ ਪਿੰਡਾਂ ਦੀ ਸੌਂਪ 'ਤੀ ਕਾਲੂ ਹੱਥ ਪਟਵਾਰ।
ਮਾਲ ਡੰਗਰ ਦੇ ਨਾਲ਼ ਨਾਲ਼ ਰੱਖਦਾ ਸੀ ਹਿਸਾਬ
ਭੱਟੀ ਦੀਆਂ ਜਗੀਰਾਂ, ਹਿੱਸੇ, ਠੇਕੇ ਦਾ ਜਵਾਬ।

UNISTAR BOOKS PVT LTD.
Unistar Books Pvt Ltd.

ਖੁੱਲ੍ਹੀ-ਡੁੱਲ੍ਹੀ ਬਾਰ ਵਿਚ ਸੀ ਕਾਲੂ ਦਾ ਘਰ-ਬਾਰ
ਟਾਕੀਆਂ ਚਾਰ ਕੁ ਭੋਇ ਸੀ ਦਿੱਤੀਆਂ ਰਾਏ ਬੁਲਾਰ।
ਰਾਏ ਨਾਲ ਸੀ ਜੁੜ ਗਿਆ ਇੰਜ ਕਾਲੂ ਪਰਿਵਾਰ
ਅੰਗਾਂ ਸਾਕਾਂ ਵਾਂਗ ਰਲ਼ ਸੀ ਬਹਿੰਦਾ ਤਿੱਥ-ਤਿਉਹਾਰ।
ਵਿਚ ਲਾਹੌਰ ਪਿੰਡ ਚਾਹਲਾਂਵਾਲਾ ਭਾਈ ਰਾਮਾ ਪਰਿਵਾਰ
ਵਿਆਹਿਆ ਪਟਵਾਰੀ ਕਾਲੂ ਸੰਗ ਮਾਤਾ ਤ੍ਰਿਪਤਾ ਨਾਲ਼।
ਪਹਿਲ ਪਲੇਠੀ ਧੀ ਜੋ ਜਨਮੀ ਕਾਲੂ ਪਰਿਵਾਰ
'ਬੇਬੇ ਨਾਨਕੀ ਜੀ' ਅਦਬ ਸੰਗ ਜਾਣਦੈ ਇਹ ਸੰਸਾਰ।

## ਸਾਂਦਲਬਾਰ/ਤਲਵੰਡੀ

ਅਤਿ ਠੰਢੀ ਅਤਿ ਗਰਮ ਰੁੱਤ ਰਹਿੰਦੀ ਵਿਚ ਪੰਜਾਬ
ਪੱਤਝੜ ਸਾਉਣ ਬਸੰਤ ਬਹਾਰ ਪ੍ਰਕਿਰਤੀ ਸੌਗਾਤ।
ਬਾਰਾਂ ਵਿਚ ਪੰਜਾਬ ਦੀਆਂ 'ਚੋਂ ਸੋਹਣੀ ਸਾਂਦਲਬਾਰ
ਅਤਿ ਉਪਜਾਊ ਧਰਤ ਇਹ ਸਭ ਬਾਰਾਂ ਵਿਚਕਾਰ।
ਰਾਣੀ ਅਤੇ ਰਕਾਬ ਜੋ ਵਿਚਕਾਰਲੇ ਇਸ ਦੋ ਆਬ
ਇਸੇ ਦੋਆਬ 'ਚ ਹੋਈ ਸੀ ਸਿੱਖ ਧਰਮ ਸ਼ੁਰੂਆਤ।
ਤਲਵੰਡੀ ਖੂਹਾਂ ਗਿੜਦੇ ਹਰੇ ਭਰੇ ਸੀ ਖੇਤ
ਘਾਹ ਸੁੱਕ ਤੇ ਝਾੜ-ਝਬਾੜ ਕੱਕਰ ਸੋਏ ਅਚੇਤ।
ਜੰਗਲੀ ਝਾੜੀਆਂ 'ਚੋਂ ਬਸੰਤ ਦੇ ਫੁੱਟਣ ਸੂਹੇ ਫੁੱਲ
ਕਣਕ ਛੋਲਿਆਂ ਅਤੇ ਮਕੱਈ ਵਿਕੇ ਝਾੜ ਅਮੁੱਲ।
ਜੇਠ ਹਾੜ੍ਹ ਲੂਸੇ ਬਦਨ ਅੱਗ ਸੁੱਟੇ ਅਸਮਾਨ
ਬੁੱਲੇ ਕਾਲੀ ਧੂੜ ਦੇ ਚਹੁੰ-ਤਰਫ਼ੀਂ ਗਰਦ ਉਡਾਣ।
ਵਿਚ ਬਰਸਾਤੀ ਰੁੱਤ ਆ ਸ਼ਗਨ ਮਨਾਵੇ ਧਰਤ
ਹਰੇ ਵਿਛੌਣੇ ਮਖ਼ਮਲੀ ਢੱਕਣ ਪੂਰੀ ਪਰਤ।
ਰੁੱਤਾਂ ਥਿਤਾਂ ਵਾਰ ਮਾਹ, ਸਭ ਮੌਲ਼ਾ ਦੇ ਰੰਗ
ਦੇਹੀ ਚੋਲ਼ਾ ਬਦਲਦੀ ਸੁਖ-ਦੁਖ ਦੇਹੀ ਸੰਗ।
ਰਾਤ ਜਾ ਸਿਮਟੇ ਅਸਮਾਨ ਉੱਗੇ ਨਵੀਂ ਸਵੇਰ
ਮੌਲੇ ਸਿਰ ਚੁੱਕ ਬਨਸਪਤ ਫੁੱਲਾਂ ਭਰੀ ਚੰਗੇਰ।
ਝੱਲ ਸੁਨਹਿਰੀ ਓੜ ਫਲਾਹੀਆਂ ਚਮਕਣ ਸੋਨੇਹਾਰ
ਜੰਡ ਕਰੀਰਾਂ ਡੇਲੇ ਪੀਲੂ ਲੱਗਣ ਬੇਸ਼ੁਮਾਰ।
ਝਾੜਾਂ ਵਿਚੋਂ ਬੇਰ ਕੋਂਕਣੇ ਮਾਰਨ ਭਾਅ ਗੁਲਾਲ
ਪੀਲ਼ੀ ਧੁੱਪ ਛਣ-ਛਣ ਗਿਰਦੇ ਉਣਦੀ ਜਾਏ ਜਾਲ਼।



UNISTAR BOOKS PVT LTD.
Unistar Books Pvt Ltd.
Unistar Books Pvt
UNISTAR BOOKS PVT LTD.

## ਜਨਮ

ਸੂਰਜ ਮੁੱਖ ਜੋ ਮੋੜਿਆ ਲਹਿੰਦੇ ਵੱਲ ਮੁਹਾਣ
ਪੱਛੋਂ ਦੇ ਕੈਨਵਸ ਉੱਤੇ ਰੰਗ ਉੜੇ ਜਿਉਂ ਸ਼ਾਮ।
ਘੱਟ ਸੋਹਣੀ ਨਹੀਂ ਹੋਂਵਦੀ ਆਤਸ਼ੀ ਸੂਹੀ ਸ਼ਾਮ
ਪਰ ਲੋਕੀਂ ਤਾਂ ਕਰਨ ਬਸ ਚੜ੍ਹਦੇ ਨੂੰ ਸਲਾਮ।
ਰੰਗਲੀ ਆਥਣ ਦਿਹੁੰ ਜਦ ਹੋਇਆ ਅੰਦਰ ਬਾਹਰ
ਪਰਤਣ ਲੱਗੇ ਘਰਾਂ ਵੱਲ ਕਿਰਤੀ ਹੋ ਤੱਯਾਰ।
ਦਿਨ ਭਰ ਕੜੀ ਮੁਸ਼ੱਕਤ ਮਗਰੋਂ ਵਾਢੀ ਸਾਂਭ ਸੁਆਰ
ਚੁੰਮ ਕੇ ਸਭਨਾਂ ਦਾਤੀਆਂ ਲਈਆਂ ਕੱਛੇ ਮਾਰ।
ਮੱਝੀਆਂ ਦੇ ਵਗ ਮੰਝੂਆਂ ਮੂਹਰੇ ਲਏ ਲਾ
ਮੱਠੀ ਤੋਰੇ ਤੁਰਦੀਆਂ ਰੱਜਵਾਂ ਚਾਰਾ ਖਾ।
ਧਰੀਆਂ ਪਾਲ਼ੀਆਂ ਸਿਰ 'ਤੇ ਬੰਨ੍ਹ ਪੰਡਾਂ ਚਾਰੇ ਨਾਲ਼,
ਲੰਮੀਆਂ ਡੀਂਗਾਂ ਪੁੱਟਦੇ ਘਰ ਪੁੱਜਣ ਦੇ ਖ਼ਿਆਲ।
ਡਾਰਾਂ ਬੰਨ੍ਹ ਪੰਛੀ ਉੜੇ ਆਲ੍ਹਣਿਆਂ ਦੇ ਵੱਲ
ਕਈਆਂ ਨੂੰ ਘਰ ਪਰਤਦੇ ਸ਼ਾਮਾਂ ਗਈਆਂ ਢਲ਼।
ਕੰਨਾਂ 'ਤੇ ਹੱਥ ਰੱਖ ਕੇ ਮੁੱਲਾਂ ਦਿੱਤੀ ਬਾਂਗ
ਰਲ਼ ਨਮਾਜ਼ੀਆਂ ਪੜ੍ਹੀ ਤਦ ਮਗਰਿਬ ਦੀ ਨਮਾਜ਼।
ਮੰਦਰਾਂ ਵਿਚ ਪੁਜਾਰੀਆਂ ਸੰਧਿਆ ਦੀਵਾ ਬਾਲ਼
ਆਰਤੀ ਕਰ ਗੋਪਾਲ ਦੀ ਬੰਦ ਕੀਤੇ ਮੰਦਰ ਦੁਆਰ।
ਜਲਦੀ ਵਿਚ ਸੁਆਣੀਆਂ ਰੋਟੀ-ਟੁੱਕ ਬਣਾ
ਥੱਕੇ ਹੋਏ ਮਰਦਾਂ ਲਈ ਦਿੱਤੇ ਮੰਜੇ ਡਾਹ।
ਡੂੰਘੀ ਨੀਂਦੇ ਸੌਂ ਗਿਆ ਤਲਵੰਡੀ ਦਾ ਗ੍ਰਾਮ
ਚੌਹੀਂ ਤਰਫ਼ੀਂ ਚੁੱਪ-ਚਾਂ ਇਕਦਮ ਵਰਤੀ ਆਣ।
ਕਿਸੀ ਹਨ੍ਹੇਰੀ ਰਾਤ 'ਚੋਂ ਐਸੀ ਫੁੱਟਦੀ ਪੋਹ
ਪ੍ਰਗਟ ਹੁੰਦੀ ਚਾਨਣੀ ਹੁੰਦੀ ਸਰਾਂ 'ਚ ਲੋਅ।
ਤਾਰਿਆਂ ਦੇ ਸੰਗ ਬਿਖ਼ਰੀ ਨਿਰਮਲ ਰਾਤ ਵਿਸਾਖ
ਚਾਨਣ ਰਾਤਾਂ ਲਿਸ਼ਕੀਆਂ ਧਰਤੀ ਵੰਨੀਂ ਝਾਕ।
ਦਾਤੀ ਤੀਜ ਦੇ ਚੰਦ ਦੀ ਦੋ ਘੜੀਆਂ ਲਈ ਆ
ਤਲਵੰਡੀ ਨੂੰ ਝਾਤ ਮਾਰ ਅੰਬਰੀਂ ਸੁੱਤੀ ਜਾ।
ਉੱਚੀ ਮਾੜੀ ਸੇਜ 'ਤੇ ਸੁੱਤਾ ਰਾਏ ਬੁਲਾਰ
ਬੁੱਕਲ਼ ਦੇ ਵਿਚ ਸੌਂ ਰਹੀ ਸੁੱਘੜ ਸੁਨੱਖੀ ਨਾਰ।
ਸੁੱਤੇ ਪਏ ਬੁਲਾਰ ਤਦ ਕੀ ਤੱਕਿਆ ਵਿਚ ਖ਼ਾਬ
ਟੁੱਟਿਆ ਤਾਰਾ ਅੰਬਰੋਂ ਡਲ੍ਹਕ ਜਿਦ੍ਹੀ ਨਾਯਾਬ।



UNISTAR BOOKS PVT LTD.
Unistar Books Pvt Ltd.

ਤਲਵੰਡੀ 'ਤੇ ਡਿੱਗਦੇ 'ਚੋਂ ਝਰਿਆ ਨੂਰ ਅਪਾਰ
ਨੂਰੀ ਉਸ ਦਰਿਆ ਵਿਚ ਰੁੜ੍ਹਦਾ ਜਾਏ ਬੁਲਾਰ।
ਕੰਢਾ ਦਿਸ ਨਾ ਆਇਆ ਜਦ ਉਰਵਾਰ ਨਾ ਪਾਰ
ਅੱਲਾ ਅਕਬਰ ਆਖ ਕੇ ਬਰੜਾਇਆ ਤ੍ਰੈ ਵਾਰ।
ਸੁਣ ਕੇ ਬੇਗ਼ਮ ਸੁਪਨਿਉਂ ਝੂਣ ਜਗਾਇਆ ਰਾਏ
'ਕੀ ਤੱਕਿਆ ਏ ਖ਼ਾਬ ਵਿਚ ? ਐਡਾ ਜੋ ਘਬਰਾਏ ?'
ਦੱਸਿਆ ਰਾਏ ਬੁਲਾਰ ਝਟ ਜੋ ਸੀ ਤੱਕਿਆ ਖ਼ਾਬ
ਨੂਰੀ ਉਸ ਦਰਿਆ ਰੁੜ੍ਹ ਹੋਈ ਜੋ ਉਸਦੀ ਬਾਬ।
ਸੁਣ ਕੇ ਬੇਗ਼ਮ ਆਖਿਆ, 'ਇਹ ਤੇ ਚੰਗਾ ਖ਼ਾਬ'
ਵੱਲ ਆਕਾਸ਼ ਦੇ ਤੱਕਦਿਆਂ ਕੀਤਾ ਰਾਏ ਧੰਨਵਾਦ।

ਉਸੇ ਪਲ ਹੀ ਜਨਮਿਆ ਗ੍ਰਹਿ ਕਾਲੂ ਦੇ ਬਾਲ
ਕੱਚੇ ਕੋਠੇ ਵਿਚ ਪਿਆ ਜਿਉਂ ਚਾਨਣ ਉਣਿਆ ਜਾਲ਼।
ਜਨਮ ਲਿਆ ਬਾਬਾ ਨਾਨਕ ਜਿਸ ਵੇਲ਼ੇ ਮੰਝ ਬਾਰ
ਸ਼ਬਦ ਅਨਾਹਦ ਵੱਜਿਆ ਪਰਮੇਸ਼ਰ ਦੇ ਦੁਆਰ।
ਕੋਟ ਤੇਤੀਸ ਦੇਵਤੇ ਸਹਿਤ ਬਵੰਜਾ ਪੀਰ
ਆਈਆਂ ਚੌਂਸਠ ਜੋਗਣੀਆਂ ਸਿਧ ਚੁਰਾਸੀ ਪੀਰ।
ਨੌਂ ਨਾਥ ਛੇ ਜਤੀ ਮਿਲ ਕੀਤੀ ਨਮਸਕਾਰ
ਤੱਕ ਕੇ ਸਭ ਨਿਹਾਲ ਹੋਏ ਜਗਮਗ ਜੋਤ ਅਪਾਰ।
ਅੰਗੜਾਈਆਂ ਲੈ ਨੱਚ ਉੱਠੀ ਪੂਰੀ ਕਾਇਨਾਤ
ਜਗ ਉੱਠੇ ਮੰਢਬਾਰ ਦੇ ਸਦੀਉਂ ਸੁੱਤੇ ਭਾਗ।
ਧੰਨ ਉਹ ਧਰਤ ਸੁਹਾਵੜੀ ਧੰਨ ਸੁਹਾਵਾ ਦੇਸ਼
ਧੰਨ ਉਹ ਘੜੀ ਸੁਹਾਵੜੀ ਧੰਨ ਸੁਹੰਢਣਾ ਵੇਸ।
ਧੰਨ-ਧੰਨ ਮਾਤਾ ਤ੍ਰਿਪਤ ਜੀ ਕੁੱਖੋਂ ਜੰਮਿਆ ਲਾਲ
ਧੰਨ-ਧੰਨ ਦਾਈ ਦੌਲਤਾਂ ਜਿਸ ਡਿੱਠਾ ਨੂਰ ਜਮਾਲ।
ਪਹਿਰ ਕੁ ਰਾਤ ਰਹੀ ਜੋ ਤ੍ਰਿਤੀਆ ਚਾਨਣੀ ਰਾਤ
ਨਾਨਕ ਦੇ ਪ੍ਰਕਾਸ਼ ਸੰਗ ਕਿਰਨਾਂ ਪਾਈ ਝਾਤ।
ਪੰਦਰਾਂ ਸੌ ਤੇ ਛੱਬੀਆਂ ਸੰਮਤ ਬਿਕਰਮੀ ਰਾਏ
ਮਾਹ ਵੈਸਾਖ ਰੁਤ ਭਲੀ ਪ੍ਰਗਟੇ ਨਾਨਕ ਰਾਏ।
ਮਾਤਾ ਤ੍ਰਿਪਤਾ ਤਕਦਿਆਂ ਹੋਈ ਨਿਹਾਲ-ਨਿਹਾਲ
ਝੱਟ ਚੁੱਕ ਕੇ ਦੌਲਤਾਂ ਲਾਇਆ ਸੀਨੇ ਨਾਲ਼।
ਕਿੰਨਾ ਚਿਰ ਤੱਕਦੀ ਰਹੀ ਇਹ ਅਨੋਖਾ ਬਾਲ
ਪੱਟ ਦੇ ਵਿਚ ਲਪੇਟ ਫਿਰ ਦਿੱਤਾ ਸ਼ਹਿਦ ਚਟਾਲ।



UNISTAR BOOKS PVT LTD.
Unistar Books Pvt Ltd.
Unistar Books Pvt Ltd.
UNISTAR BOOKS PVT LTD.

ਅਦਬ ਨਾਲ਼ ਲਿਟਾਇਕੇ ਮਾਤਾ ਤ੍ਰਿਪਤਾ ਪਾਸ
ਧਾਈ ਬਾਹਰ ਵੱਲ ਨੂੰ ਖ਼ਬਰ ਦੇਣ ਲਈ ਖ਼ਾਸ।
ਖ਼ਬਰ ਸੁਣਾਈ ਦੌਲਤਾਂ ਜਿਉਂ ਮੂੰਹ ਵਿਚ ਮਿਸ਼ਰੀ ਘੋਲ਼
ਖ਼ੁਸ਼ੀਆਂ ਵਿਚ ਨਾ ਮਿਉਂਦਾ, ਕਾਲੂ ਪੁੱਜਾ ਤ੍ਰਿਪਤਾ ਕੋਲ਼।
ਗਦਗਦ ਹੋਇਆ ਤੱਕ ਕੇ ਮੁੱਖ ਨੂਰਾਨੀ ਲਾਲ
ਪੋਲੇ ਪੱਬੀਂ ਵਧਦਿਆਂ ਚਿਹਰਾ ਚੁੰਮਿਆ ਲਾਲ।
ਸੁਪਨ ਸੰਜੋਈ ਅੱਖੀਆਂ ਤੱਕੀ ਤ੍ਰਿਪਤਾ ਨਾਰ
ਅਜਬ ਅਲੌਕਿਕ ਵੱਖਰੀ ਚਿਹਰੇ 'ਤੇ ਚਮਕਾਰ।
ਕਿੰਨਾ ਚਿਰ ਖੜ੍ਹਾ ਰਿਹਾ ਮਾਣਦਿਆਂ ਪਲ ਸੁਖਦ
ਕੁਦਰਤ ਦਾ ਕ੍ਰਿਸ਼ਮਾ ਤੱਕੇ ਕਾਲੂ ਹੋ-ਹੋ ਮੁਗਧ।
ਸੋਨੇ ਦੀ ਇਕ ਮੋਹਰ ਉਸ ਬੱਚੇ ਉੱਤੋਂ ਵਾਰ
ਦਿੱਤੀ ਦਾਈ ਦੌਲਤਾਂ ਨੂੰ ਬੜੇ ਹੀ ਚਾਵਾਂ ਨਾਲ਼।
ਰੱਖੀ ਮੋਹਰ ਜੇਬ ਉਸ ਮੱਥੇ ਨਾਲ਼ ਛੁਹਾ
ਰੱਜੀ ਤ੍ਰਿਪਤੀ ਦੌਲਤਾਂ ਕੀਤਾ ਸ਼ੁਕਰ ਅੱਲਾਹ।
ਆਨੰਦ ਵਿਭੋਰ ਪਿਤਾ ਦੇ ਪੱਬ ਨਾ ਲੱਗਣ ਧਰਤ
ਕੁਝ ਪਲ ਪੁੱਤ ਨਿਹਾਰ ਕੇ ਬਾਹਰ ਆਇਆ ਪਰਤ।
ਸੂਰਜ ਲਾਸਾਂ ਛੱਡੀਆਂ ਕਿਰਨਾਂ ਪਾਈ ਝਾਤ
ਕਾਲੂ ਵਿਹੜੇ ਵਿਚ ਹੋਈ ਚਾਨਣ ਦੀ ਕ੍ਰਿਸ਼ਮਾਤ।
ਨਵ-ਜਨਮੇ ਇਸ ਲਾਲ ਦੀ ਖ਼ਬਰ ਜੋ ਖਿੰਡੀ ਬਾਹਰ
ਲੋਕੀਂ ਡਾਰਾਂ ਬੰਨ੍ਹ-ਬੰਨ੍ਹ ਮਿਲਣ ਤੁਰੇ ਪਰਿਵਾਰ।
ਦਰੀਆਂ ਉੱਤੇ ਵਿਛ ਗਏ ਅਤਿ ਸੁੰਦਰ ਕਾਲੀਨ
ਕਲਾ-ਵਾਨ ਹੱਥੀਂ ਬੀਨੇ ਸੋਹਣੇ ਖੇਸ ਰੰਗੀਨ।
ਕੰਧਾਂ 'ਤੇ ਫੁਲਕਾਰੀਆਂ ਰੰਗਾ-ਰੰਗ ਸੁਹਾਣ
ਆਏ-ਗਏ ਦੀਆਂ ਅੱਖੀਆਂ ਤਕ-ਤਕ ਕੇ ਚੁੰਧਿਆਣ।
ਸ਼ਿਵ ਰਾਏ ਫਰਜੰਦ ਕਾਲੂ ਬੈਠਾ ਦਰੀ 'ਤੇ ਆਣ
ਉੱਤੋਂ ਸ਼ਾਂਤ ਅਡੋਲ ਦਿਖ ਅੰਦਰ ਪੁੱਤਰ ਮਾਣ।
ਸਿਰ 'ਤੇ ਵੱਡੀ ਪੱਗੜੀ ਚਿਹਰਾ ਰੋਅਬਦਾਰ
ਤਿੱਖੇ ਨਖ਼ਸਿਖ਼ ਡੀਲ-ਡੌਲ ਪਰ੍ਹੇ ਵਿਚ ਸਤਿਕਾਰ।
ਵੰਨ-ਸੁਵੰਨੇ ਰੰਗ ਦੇ ਸੁੰਦਰ ਭੂਸ਼ਨ ਪਾਏ
ਕਾਲੂ ਵਿਹੜੇ ਲੋਕ ਸੁਣ ਦੇਣ ਵਧਾਈਆਂ ਆਏ।
ਅੱਗੇ ਹੋ ਸੁਆਣੀਆਂ ਰੁਕ ਅਰੁਕਵੀਂ ਚਾਲ
ਮਿੱਠਾ ਮੂੰਹ ਕਰਾਉਂਦੀਆਂ, ਮਿਸ਼ਰੀ ਗਰੀ ਦੇ ਨਾਲ਼।

UNISTAR BOOKS PVT LTD.
Unistar Books Pvt Ltd.
Unistar Books Pvt Ltd.
Unistar Books Pvt Ltd.
UNISTAR BOOKS PVT LTD.

ਪੰਜ ਵਰ੍ਹਿਆਂ ਦੀ ਨਾਨਕੀ ਠੁਮਕੇ ਅੰਦਰ ਬਾਹਰ
ਬਾਹਾਂ ਗਲ਼ ਵਲ਼ਾਉਂਦੀ ਪਿਤਾ ਮੋਹ ਸ਼ਰਸ਼ਾਰ।

•

ਮਸਜਿਦ ਦੇ ਮੀਨਾਰ ਤੋਂ ਸੁਣ ਅੱਲ੍ਹਾ ਦੀ ਆਵਾਜ਼
ਡਾਹ ਮੁਸੱਲਾ ਰਾਏ ਤਦ ਕੀਤੀ ਅਦਾ ਨਮਾਜ਼।
ਵਿਚ ਹਵੇਲੀ ਰਾਏ ਦੀ ਖ਼ਬਰ ਹੋਈ ਤਦ ਹੋ
ਕੰਨੀਂ ਉਹਦੇ ਵੀ ਪਈ ਖ਼ੁਸ਼ੀਆਂ ਦੀ ਕਨਸੋਅ।
ਅਜੇ ਤਾਂ ਉਹਦੇ ਮਨ 'ਚੋਂ ਵਿਸਰੀ ਨਹੀਂ ਸੀ ਯਾਦ
ਡਿੱਠਾ ਅੱਧੀ ਰਾਤ ਸੀ, ਜੋ ਨਿਰੇ ਨੂਰ ਦਾ ਖ਼ਾਬ।
ਚਾਈਂ-ਚਾਈਂ ਮਾੜੀਓਂ ਉਤਰਿਆ ਰਾਏ ਬੁਲਾਰ
ਰੇਸ਼ਮੀ ਵਿਚ ਲਿਬਾਸ ਦੇ ਤੁਰਿਆ ਬੇਗ਼ਮ ਨਾਲ਼।
ਮਿਸ਼ਰੀ ਅਤੇ ਮਖਾਣਿਆਂ ਦੇ ਹੱਥ 'ਚ ਚੁੱਕੀ ਥਾਲ਼
ਪਿੱਛੇ ਤੁਰੀਆਂ ਬਾਂਦੀਆਂ ਹੁਕਮ ਮੰਨ ਸਰਕਾਰ।
ਕਾਲੂ ਵਿਹੜੇ ਪੁੱਜ ਕੇ ਮਨ ਹੋਈ ਖ਼ੁਸ਼ੀ ਅਪਾਰ
ਦੇਇ ਮੁਬਾਰਕ ਬਹਿ ਗਿਆ ਕਾਲੂ ਪਾਸ ਬੁਲਾਰ।
ਰੇਸ਼ਮ ਵਿਚ ਲਪੇਟ ਕੇ ਅਤਿ ਅਨੂਠਾ ਬਾਲ
ਲਿਆਈ ਦਾਈ ਦੌਲਤਾਂ ਬੁੱਕਲ਼ ਵਿਚ ਸੰਭਾਲ।
ਮੁੜ ਮੁੜ ਤੱਕੇ ਦੌਲਤਾਂ ਚਿਹਰੇ ਉਤਲੀ ਛੱਬ
ਕੁਲ ਦੁਨੀਆ ਦੀ ਦੌਲਤਾਂ ਨੂੰ ਦੌਲਤ ਪਈ ਲੱਭ।
ਰੱਖ ਨਾ ਸਕੀ ਦੇਰ ਤੀਕ ਤੱਕ ਕੇ ਭੀਤਰ ਲੋਅ
ਬੋਲੀ, ਦਾਈ ਦੌਲਤਾਂ! ਰਾਏ ਮੁਖ਼ਾਤਬ ਹੋ।
'ਤ੍ਰੈ ਵੀਹਾਂ ਮੈਂ ਪਤਝੜਾਂ' ਤੱਕ ਚੁੱਕੀ ਸਰਕਾਰ
ਕਾਲ਼ਿਆਂ ਤੋਂ ਹੋਏ ਬੱਗੇ ਇਹਾ ਕਰਦੇ ਕਾਰ।
ਇਨ੍ਹਾਂ ਹੱਥਾਂ ਵਿਚ ਨੇ ਸੈਆਂ ਖਿਡਾਏ ਬਾਲ
ਸਹੁੰ ਨਬੀ ਦੀ ਤੱਕਿਆ ਨਾਹ ਪਹਿਲੋਂ ਐਸਾ ਬਾਲ।
ਮੀਂਹ ਮਿਹਰ ਦਾ ਵਰਸਿਆ ਨਿਰਮਲ ਸੀ ਆਕਾਸ਼
ਹੋਈ ਸੁਗੰਧਿਤ ਫੁੱਲਾਂ ਅਤੇ ਤਾਰਿਆਂ ਦੀ ਬਰਸਾਤ।
ਕੀ ਤੱਕਦੀ ਆਂ! ਕੱਚੇ ਕੋਠੇ ਚਾਨਣ ਦੀ ਲਿਸ਼ਕੋਰ
'ਵਾਵਾਂ ਵਿਚੋਂ ਉੱਠਿਆ ਜੈ-ਜੈਕਾਰ ਦਾ ਸ਼ੋਰ।
ਬਾਕੀ ਬਾਲਾਂ ਵਾਂਗ ਨਾ ਜ਼ਰਾ ਵੀ ਰੋਇਆ ਲਾਲ
ਹੱਸੇ ਜਿਉਂ ਵਡਪੁਰਖ ਕੋਈ ਏਦਾਂ ਹੱਸਿਆ ਬਾਲ।
ਇਰਦੇ-ਗਿਰਦੇ ਤੱਕਿਆ ਚਾਨਣ ਅਜਬ ਕਮਾਲ
'ਬਾਲਾ ਜਨਮ ਸਾਖੀ' ਅੰਦਰ ਮਿਲਦਾ ਇੰਝ ਹਵਾਲ।'



UNISTAR BOOKS PVT LTD
Unistar Books Pvt
Unistar Books Pvt Ltd.
UNISTAR BOOKS PVT LTD.

UNISTAR BOOKS PVT LTD.

ਸੁਣਦਿਆਂ ਰਾਏ ਬੁਲਾਰੇ ਦੇ ਨੈਣ ਮੁੰਦੇ ਵਿਸਮਾਦ
ਜਾਪਿਆ ਉਸ ਸਰਘੀ ਵਾਲ਼ਾ ਸੱਚ ਹੋ ਗਿਆ ਖ਼ਾਬ।
'ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ॥
'ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ॥'

## ਜਨਮ ਪੱਤਰੀ

ਕਾਲੂ ਵਿਚ ਪਰਿਵਾਰ, ਕੁਲ ਪੁਰੋਹਤ ਸੱਦਿਆ
ਪੰਡਤ ਹਰੀ ਦਿਆਲ, ਤੁਰਿਆ ਸੱਦਾ ਸੁਣ ਕੇ।
ਨਿਰਮਲ ਬੀਨੀ ਬੁਧ, ਕਰਮੀ ਧਰਮੀ ਜੀਉੜਾ
ਸਾਊਆਂ ਹਾਰੀ ਦਿੱਖ, ਮੱਥੇ ਟਿੱਕਾ ਸੰਦਲੀ।
ਪਤਲਾ ਸੁਬਕ ਸਰੀਰ, ਮੂੰਹ ਦੇ ਉੱਤੇ ਝੁਰੜੀਆਂ
ਪੋਲੇ ਪੱਬ ਜ਼ਹੀਰ, ਸਰਦਲ ਲੰਘਿਆ ਆਂਵਦਾ।
ਮੰਦ-ਮੰਦ ਮੁਸਕਾਨ, ਬੁੱਲ੍ਹੀਆਂ ਉੱਤੇ ਖੇਡਦੀ
ਬੋਲਿਆ, "ਜੈ! ਜਜ਼ਮਾਨ' ਵਿਹੜੇ ਦੇ ਵਿਚ ਪੁੱਜ ਕੇ।
ਹੱਥ ਜੋੜ ਪ੍ਰਣਾਮ, ਕੀਤਾ ਕਾਲੂ ਹੱਸਦਿਆਂ,
ਕੀਤਾ ਪਾਵਨ ਧਾਮ, ਸ਼ੁਕਰ ਸਾਈਂ ਦਾ ਆਣ ਜੋ।
ਸੁੱਖੀਂ ਲੱਧਾ ਬਾਲ, ਦਿੱਤਾ ਘਰ 'ਚ ਰੱਬ ਨੇ
ਅਣਸਧਾਰਣ ਝਾਲ, ਡਿੱਠੀ ਉਹਦੇ ਮੁੱਖ 'ਤੇ।
ਤੱਕਿਆ ਜਦ ਦਾ ਬਾਲ, ਕਈ ਖ਼ਿਆਲ ਨੇ ਉਮੜੇ,
ਗ੍ਰਹਿ-ਨਖੱਤਰ ਚਾਲ, ਦੱਸੋ ਪੱਤਰੀ ਖੋਲ੍ਹ ਕੇ।

Unistar Books Pvt Ltd.

ਪੰਡਤ ਹਰੀ ਦਿਆਲ, ਜੰਡ ਸੁਹਾਣੀ ਛਾਂ ਤੱਕ
ਬੈਠਾ ਚੌਂਕੜ ਮਾਰ, ਆਸਣ ਗੱਦੇਦਾਰ 'ਤੇ।
ਮਾਰ ਕੇ ਛੱਟੇ ਚਾਰ, ਕੇਸਰ ਮਿਲੇ ਜਲ ਸੰਗ
ਨਕਸ਼ਾ ਕੀਤਾ ਤਯਾਰ, ਕਾਗ਼ਦ ਉੱਤੇ ਗ੍ਰਹਿਆਂ ਦਾ।
ਜੰਮਣ ਸਮੇਂ 'ਚ ਬਾਲ, ਕੀ ਨਿਸ਼ਾਨੀਆਂ ਤੱਕੀਆਂ
ਆਖਿਆ ਹਰੀ ਦਿਆਲ, ਦਰਸ ਦਿਖਾਉ ਬਾਲ ਦਾ।
'ਰਾਤ ਸੀ ਉਹ ਕਮਾਲ', ਦੱਸਿਆ ਦਾਈ ਦੌਲਤਾਂ
ਇਹ ਨੂਰਾਨੀ ਬਾਲ, ਜਿਹੜੇ ਵੇਲ਼ੇ ਜਨਮਿਆ।
ਮੁੱਖ 'ਤੇ ਮੁਸਕੁਰਾਹਟ, ਸੀ ਅਨੋਖੀ ਬਾਲ ਦੇ
ਰੋਣ ਦੀ ਆਵਾਜ਼, ਕੱਢੀ ਨਾਹ ਇਸ ਮੂੰਹ ਤੋਂ।
ਆਏ ਸੈਆਂ ਬਾਲ ਹੱਥਾਂ ਦੇ ਵਿਚ ਹੁਣ ਤੀਕ
ਇਹਦੇ ਵਰਗਾ ਬਾਲ, ਐਪਰ ਕੋਈ ਨਾ ਤੱਕਿਆ।


UNISTAR BOOKS PVT LTD.

'ਪਰਖੇ ਸੋਝੀ ਤੁੱਛ, ਬੱਚੇ ਦੇ ਸੁਭਾਵ ਨੂੰ
ਕਿੱਥੇ ਐਨੀ ਬੁੱਧ, ਭੀਤਰ ਇਸ ਨਿਮਾਨੜੀ।'

•

ਜਨਮ ਸਮੇਂ ਦਾ ਹਾਲ, ਦੌਲਤਾਂ ਜਦੋਂ ਬਿਆਨਿਆ
ਆਖਿਆ ਹਰੀ ਦਿਆਲ! 'ਟੇਵਾ ਪੱਕਾ ਹੋ ਗਿਆ'।
ਤੱਕਣ ਦੇ ਲਈ ਬਾਲ, ਪੰਡਤ ਹੋਆ ਉਤਾਵਲਾ
ਦੌਲਤਾਂ ਲਿਆਈ ਬਾਲ, ਪੋਤੜੇ ਵਿਚ ਲਪੇਟ ਕੇ।
'ਠੰਢ ਲੱਗ ਜੂ ਬਾਲ', ਤ੍ਰਿਪਤਾ ਕੀਤਾ ਉਜ਼ਰ ਤਦ
ਫ਼ਜ਼ਲ ਹੋਊ ਕਰਤਾਰ, 'ਘਾਬਰੋ ਨਾ' ਪੰਡਤ ਕਿਹਾ।
ਤੱਕ ਨੂਰਾਨੀ ਝਾਲ, ਹੱਥ ਜੁੜੇ ਹਰੀ ਦਿਆਲ ਦੇ
ਡਾਢੇ ਅਦਬ ਨਾਲ, ਕੀਤੀ ਨਮਸਕਾਰ ਉਸ।
ਡੁਬਕੀ ਲਾ ਧਿਆਨ, ਵਾਚੀ ਪੋਥੀ ਮੁੜ ਤਦ
ਹੋਇਆ ਅਤਿ ਹੈਰਾਨ, ਤਾਰਿਆਂ ਦਾ ਸੰਜੋਗ ਤੱਕ।
ਏਡੀ ਜੋਤ ਮਹਾਨ, ਜਨਮੀ ਕਾਲੂ ਗ੍ਰਹਿ ਤੁਧ
ਜ਼ਿਮੀਂ ਤੇ ਅਸਮਾਨ, ਰਟਿਆ ਜਾਊ ਨਾਮ ਇਸ।
ਰਹਿਸਣ ਭਰੇ ਭੰਡਾਰ, ਰਿਧ-ਸਿਧ ਨਉ ਨਿਧ ਦੇ
ਧਰਤ ਸਮੁੰਦ ਪਹਾੜ, ਰਾਹ ਦੇਵਣਗੇ ਏਸ ਨੂੰ।
ਟੁੱਟੂਗੀ ਦੀਵਾਰ, ਜਾਤ ਜਨਮ ਤੇ ਵਰਣ ਦੀ
ਨਵਾਂ ਰੰਗ ਸੰਚਾਰ, ਹੋਊ ਮਾਨਵ ਭੀਤਰੇ।
ਜਾਂ ਹੋਊ ਅਵਤਾਰ, ਛਤ੍ਰਧਾਰੀ ਵਡ ਚਕ੍ਰਵਰਤੀ
ਡੁਬਦੇ ਬੇੜੇ ਤਾਰ, ਠੰਢ ਵਰਤਾਊ ਜੱਗ 'ਤੇ।
ਰੱਖੂ ਇਹ ਈਮਾਨ, ਬੱਸ ਇਕ ਓਂਕਾਰ ਵਿਚ
ਹਿੰਦੂ, ਮੁਸਲਮਾਨ, ਦੋਵੇਂ ਰਲ਼ ਕੇ ਪੂਜਸਣ।

ਪੱਤਰੀ ਦੇ ਇਹ ਬੋਲ, ਕਾਲੂ ਪਿਤਾ ਨੇ ਸੁਣਦਿਆਂ
ਬੋਲ ਭਵਿੱਖੀ ਤੋਲ, ਹਉਕਾ ਭਰ ਕੇ ਆਖਿਆ।
ਰਹਿਸੀ ਇਹ ਅਰਮਾਨ, ਜੀਵਾਂਗਾ ਤਦ ਤੀਕ ਮੈਂ
ਭਾਗ ਇਹਦੇ ਬਲਵਾਨ, ਤਕਸਣ ਬੁੱਢੀਆਂ ਅੱਖੀਆਂ।
ਜਦੋਂ ਤੀਕ ਇਹ ਬਾਲ ਪੁੱਜੂ ਉੱਚ ਮਰਾਤਬੇ
ਹੋਊਂ ਕਿਹੜੇ ਹਾਲ! ਕੀ ਪਤਾ ਉਸ ਵੇਲੜੇ।
ਕਾਲੂ ਭਇਆ ਨਿਹਾਲ, ਫਿਰ ਵੀ ਜਾਣ ਭਵਿੱਖ ਸਭ
ਰੱਖੀ ਗੁੜ ਦੇ ਥਾਲ਼, ਸੋਨੇ ਦੀ ਇਕ ਮੋਹਰ ਉਸ।
ਰੱਖਿਆ 'ਨਾਨਕ' ਨਾਮ ਤੇਰਾਂ ਦਿਨਾਂ 'ਤੇ ਬਾਲ ਦਾ
ਸਾਂਝਾ ਸੀ ਜੋ ਨਾਮ ਹਿੰਦੂ ਮੁਸਲਮਾਨ ਦੋਇ।

UNISTAR BOOKS PVT. LTD.
Unistar Books Pvt. Ltd.
Unistar Books Pvt. Ltd.
UNISTAR BOOKS PVT. LTD.

"ਹਰ ਦੋ ਨੂਨੇ ਨਾਮੇ ਪਾਕਿਸ਼ ਨਈ ਮੋ ਨਸੀਰ
ਅਲਫ਼ ਮਿਆਨਾ ਅਹਿਕ ਕਾਫ਼ੇ ਆਖ਼ਰੀ ਕਬੀਰ।
ਵੱਡਾ ਮਦਦਗਾਰ ਖ਼ੂਬ 'ਨਾਨਕ' ਨਾਮ ਕਮਾਲ
'ਮਨੁੱਖਤਾ ਦਾ ਉਸਰੱਈਆ' ਕਿਹਾ ਭਾਈ ਨੰਦ ਲਾਲ।'

## ਬਾਲ ਚੋਜ

ਤੱਕੋ ਨਾ ਤਲਵੰਡੀ ਦੇ ਸੀ ਕੇਹੇ ਉੱਚੇ ਭਾਗ
ਪਰਗਟ ਹੋਇਆ ਜਿਸ ਵਿਚ ਬੇਦੀ ਕੁਲ ਚਿਰਾਗ਼।
ਅਜਬ ਨੂਰਾਨੀ ਮੁੱਖੜਾ ਝਲਕ ਨੂਰਾਨੀ ਭਾਅ
ਵੱਖਰੀ ਹੀ ਨੁਹਾਰ ਇਸ ਫਿਰਦਾ ਬੇਪਰਵਾਹ।
ਠੁਮਕ-ਠੁਮਕ ਪੈਰ ਰੱਖ ਅੱਗੇ ਵਧੇ ਚਾਲ
ਪਿੱਛੋਂ ਭੱਜ ਕੇ ਨਾਨਕੀ ਕਦਮ ਮਿਲਾਵੇ ਨਾਲ਼।
ਨਾਨਕੀ ਭੈਣ ਦਾ ਪਿਆਰ ਭੀ ਵੀਰੇ ਲਈ ਅਮੁੱਲ
ਘਿਉ ਸ਼ੱਕਰ ਸਮ ਰਹਿੰਦੇ ਆਪੋ ਵਿਚ ਘੁਲ਼-ਮਿਲ਼।
ਪੰਜ ਵਰ੍ਹਿਆਂ ਦਾ ਹੋ ਗਿਆ ਨਿੱਕਾ ਨਾਨਕ ਬਾਲ
ਸੁਰਤੀ ਰੱਖੇ ਬਾਲ ਵਿਚ ਮਾਂ ਕਰਦੀ ਕਾਰ-ਵਿਹਾਰ।
ਦਰ 'ਤੇ ਆਇਆ ਮੰਗਤਾ ਜੋ ਵੀ ਮੰਗੇ ਖ਼ੈਰ
ਆਟਾ ਗੁੜ ਭਰ ਥਾਲ਼ ਵਿਚ ਦੇਇ ਨਾਨਕ ਨਿਰਵੈਰ।
ਰਲ਼-ਮਿਲ਼ ਸਾਥੀ ਬਾਲ ਜਦ ਖੇਡਾਂ ਖੇਡਣ ਵੱਖ
ਚੁੱਪ-ਚਾਪ ਨਾਨਕ ਬੈਠੇ ਹੋਣ ਆਨੰਦਿਤ ਤੱਕ।
ਕਦੀ-ਕਦਾਈਂ ਤ੍ਰਿਪਤ ਮਾਤ ਸੀ ਹਾਣੀ ਬਾਲ ਬੁਲਾ
ਭੋਜਨ ਵੰਨੋ-ਵੰਨ ਦੇਣ ਸਭਨਾਂ ਤਾਈਂ ਖਿਲਾ।
ਖੇਡ ਖਿਡੌਣੇ ਮਠਿਆਈਆਂ ਵੰਡ ਖਾਏ ਹਾਣੀਆਂ ਨਾਲ਼
ਸਭ ਨੂੰ ਮਿਲਕੇ ਖਾਂਦਿਆਂ ਤੱਕ-ਤੱਕ ਹੋਏ ਨਿਹਾਲ।
ਹਾਣੀਆਂ ਨਾਲ਼ ਤਿਆਰ ਹੋ ਜਦ ਜਾਂਦੇ ਨਾਨਕ ਬਾਹਰ
ਮਹਿਕਾਂ ਵੰਡਦੀ ਜਾਪਦੀ ਤਲਵੰਡੀ ਦੀ ਬਾਰ।
ਤਲਵੰਡੀ ਦੀਆਂ ਤ੍ਰੀਮਤਾਂ ਲਾ ਕੇ ਛਾਤੀ ਨਾਲ਼
ਅੱਖਾਂ ਚੁੰਮ ਉਮਾਹ ਵਿਚ ਕਰਦੀਆਂ ਲਾਡ-ਦੁਲਾਰ।
ਨਿੱਕਾ-ਵੱਡਾ ਹਰ ਕੋਈ ਤੱਕੇ ਨਾਨਕ ਰਾਹ
ਜਿਹੜੀ ਗਲ਼ੀਉਂ ਲੰਘਦੇ ਰੁਮਕੇ ਸੰਦਲੀ 'ਵਾ।

ਛੇਵੇਂ ਵਰ੍ਹੇ ਜੋ ਬਾਲ ਨੇ ਲਿੱਤੀ ਸੁਰਤ ਸੰਭਾਲ਼
ਮਸਤਕ ਮਣੀ ਸੁਹਾਵੰਦੀ ਚੰਦਰ ਮੁੱਖ ਦੁਆਲ਼।

UNISTAR BOOKS PVT LTD.
Unistar Books Pvt Ltd.
Unistar Books Pvt Ltd.
UNISTAR BOOKS PVT LTD.

ਖੇਡ ਵਿਚਾਲੇ ਛੱਡ ਕੇ ਹੋਵੇ ਅੰਤਰ ਧਿਆਨ
ਵਿਸਰ ਜਾਂਦੇ ਖਾਣ-ਪੀਣ ਖ਼ੁਦ 'ਚ ਹੋ ਗ਼ਲਤਾਨ।
ਸਾਧ ਤਪੱਸਵੀ ਬਾਣ ਪ੍ਰਸਥ ਦੂਰ-ਦੁਰਾਡਿਉਂ ਖ਼ਾਸ
ਤਲਵੰਡੀ ਇਰਦੇ-ਗਿਰਦੇ ਰਹਿਣ ਇਕਾਂਤ ਵਾਸ।
ਨਿੱਕਾ ਨਾਨਕ ਪਾਸ ਜਾਇਕੇ ਬੈਠੇ ਸਾਊਆਂ ਹਾਰ
ਅਗਮ ਨਿਗਮ ਦੀ ਬਾਤ ਪਾ ਕਰਦਾ ਕਦੀ ਕਮਾਲ।
ਆਟਾ, ਕੱਪੜਾ, ਚੌਲ਼, ਗੁੜ, ਘਰੋਂ ਲਿਆਵੇ ਵੱਖ
ਭੁੱਖਿਆਂ ਤਾਈਂ ਵੰਡ ਦਏ ਸਭ ਕੁਝ ਆਪਣੇ ਹੱਥ।
ਸੁਣੇ ਸਾਧੂਆਂ ਪਾਸ ਬਹਿ ਬੇਦ ਸ਼ਾਸਤਰਾਂ ਸਾਰ
ਦੂਰ-ਦੁਰਾਡੇ ਤੀਰਥਾਂ 'ਤੇ ਭ੍ਰਮਣ ਦਾ ਵਿਸਤਾਰ।
ਖ਼ੁਸ਼ਨੁਮਾ ਚਿਹਰੇ ਖੇਲ੍ਹੇ ਭਾਵ ਭਰੀ ਮੁਸਕਾਨ
ਨਿੱਕੀ ਉਮਰੇ ਸਿਆਣੀਆਂ ਸੁਣ ਗੱਲਾਂ ਹੋਣ ਹੈਰਾਨ।
ਚਮਕਾਂ ਮਾਰੇ ਦਿਵ-ਜੋਤ ਮੱਥੇ ਦੇ ਵਿਚਕਾਰ
ਕਮਲ ਨੈਣ ਮੁੱਖ ਸੋਹੰਦੇ ਲੋਕ ਹੋਣ ਬਲਿਹਾਰ।
ਹਿੰਦੂ ਤਕਦਿਆਂ ਉਸ ਨੂੰ ਕਹੈ ਸੁ 'ਧੰਨ ਗੋਬਿੰਦ'
ਕੇਹਾ ਅਚਰਜ ਬਾਲ ਇਹ ਭੇਜਿਆ ਗੁਰ ਬਖ਼ਸ਼ਿੰਦ।
ਤੁਰਕ ਜੋ ਤੱਕੇ ਉਸ ਨੂੰ ਬੋਲੇ 'ਵਾਹ ਖ਼ੁਦਾਇ'
ਭੇਜਿਆ ਖ਼ੁਦ ਖ਼ੁਦਾਏ ਨੇ ਤਲਵੰਡੀ ਭੋਂਇ ਰਾਏ।

ਬਾਲਪਣ ਦਿਆਂ ਸਾਥੀਆਂ ਸੰਗ ਖੇਡਾਂ ਖੇਡਣ ਬਾਦ
ਬੀਤਦੀਆਂ ਰਾਤਾਂ ਜਿੱਥੇ ਵਿਚ ਸਾਹਿਬ ਦੀ ਯਾਦ।
ਰਾਏ ਤਲਾਓ ਬਣਾਇਆ ਸੀ ਨਿੱਕਾ ਪਰ ਨਾਯਾਬ
ਨਾਨਕ ਬਚਪਨੇ ਦੀ ਮਿੱਠੀ ਸਾਂਭਣ ਦੇ ਲਈ ਯਾਦ।
ਜ਼ਕਰੀਆ ਖ਼ਾਨ ਦਾ ਕੌੜਾ ਮੱਲ ਨਾਮੀ ਸੀ ਦੀਵਾਨ
ਬਾਬਾ ਨਾਨਕ ਵਿਚ ਸ਼ਰਧਾ ਹੈਸੀ ਉਸ ਇਨਸਾਨ।
ਵੱਡਾ ਕਰ ਤਲਾਓ ਬਣਾਇਆ ਉਸਨੇ ਆਲੀਸ਼ਾਨ
'ਬਾਲ ਕਿਆਰਾ' ਨਾਮ ਨਾਲ਼ ਜੋ ਜਾਣਿਆ ਜਾਂਦਾ ਥਾਂਵ।

## ਅੱਖਰੀ ਗਿਆਨ

ਸੱਤ ਵਰ੍ਹਿਆਂ ਦਾ ਹੋਇਆ ਜਦ ਨੂੰ ਨਾਨਕ ਬਾਲ
ਪੜ੍ਹਨ ਲਾਣ ਦੀ ਘਰ ਵਿਚ ਕਾਲੂ ਕੀਤੀ ਵਿਚਾਰ।
ਛੋਟੀ ਉਮਰੇ ਸਿੱਖ ਕੇ ਦੁਨਿਆਵੀ ਕਾਰ-ਵਿਹਾਰ
ਸਾਂਭੂ ਵੱਡਾ ਹੋਇਕੇ ਪਿੰਡ ਦੀ ਪੁੱਤ ਪਟਵਾਰ।

UNISTAR BOOKS PVT LTD.
Unistar Books Pvt Ltd.

ਹਰਦਿਆਲ ਤੋਂ ਪੁੱਛ ਕੇ ਸ਼ੁਭ ਮਹੂਰਤ ਵਾਰ
ਪਾਂਧੇ ਕੋਲ਼ੇ ਜਾਣ ਲਈ ਮਹਿਤਾ ਹੋਇਆ ਤਿਆਰ।
ਸ਼ੱਕਰ ਚੌਲ਼ ਸੁਪਾਰੀ ਸੰਗ ਭਰਿਆ ਵੱਡਾ ਥਾਲ਼
ਉੱਤੇ ਭੇਂਟ ਰੁਪਈਆ ਰੱਖ ਉਂਗਲੀ ਲਾਈ ਬਾਲ।
ਦੂਰੋਂ ਪਾਂਧੇ ਤੱਕਿਆ ਉੱਠਿਆ ਵਿਚ ਸਤਿਕਾਰ
ਮਹਿਤਾ ਜੀ ਨੂੰ ਮਿਲਿਆ ਡਾਢੇ ਆਦਰ ਨਾਲ਼।

ਹੱਥ ਜੋੜ ਕਾਲੂ ਕਿਹਾ, 'ਪਾਂਧਾ ਜੀ! ਇਹ ਬਾਲ
ਇਹ ਹੈ ਬੜਾ ਅਮੋੜ ਈ ਰੱਖਣਾ ਇਸ ਖ਼ਿਆਲ।'
ਪਾਂਧੇ ਤੱਕਿਆ ਬਾਲ ਵੱਲ ਅੱਖਾਂ ਵਿਚ ਵਿਸਮਾਦ
ਮੁੱਖ ਭਿੰਨੀ ਮੁਸਕਾਨ ਜੋ ਦਿਲ 'ਤੇ ਛੱਡੇ ਛਾਪ।
ਬੱਚਿਆਂ ਦੀ ਕਤਾਰ ਵਿਚ ਨਾਨਕ ਨੂੰ ਬਿਠਾ,
ਪਟੀ 'ਤੇ ਮੁਹਾਰਨੀ ਪਾਂਧੇ ਦਿੱਤੀ ਪਾ।
ਪੁਰਾਤਨ ਜਨਮ ਸਾਖੀ ਵਿਚ, ਮਿਲਦਾ ਇੰਞ ਹਵਾਲ
'ਪਟੀ', 'ਆਸਾ ਰਾਗ' ਵਿਚ ਲਿਖੀ ਨਾਨਕ ਬਾਲ।

"ਸਸੈ ਸੋਇ ਸ੍ਰਿਸਟਿ ਜਿਨਿ ਸਾਜੀ
ਸਭਨਾ ਸਾਹਿਬੁ ਏਕੁ ਭਇਆ॥
ਸੇਵਤ ਰਹੇ ਚਿਤੁ ਜਿਨ੍ ਕਾ ਲਾਗਾ
ਆਇਆ ਤਿਨ੍ ਕਾ ਸਫਲੁ ਭਇਆ॥
ਮਨ ਕਾਹੇ ਭੂਲੇ ਮੂੜ ਮਨਾ॥
ਜਬ ਲੇਖਾ ਦੇਵਹਿ ਬੀਰਾ ਤਉ ਪੜਿਆ॥" (**ਗੁਰੂ ਗ੍ਰੰਥ**, ਪੰਨਾ 432)

'ਪਟੀ, ਆਸਾ ਰਾਗ' ਵਿਚ ਜੋ ਲਿਖੀ ਨਾਨਕ ਬਾਲ
ਪਾਂਧੇ ਅੱਖਰ ਇਕ ਇਕ ਪੜ੍ਹਿਆ ਗ਼ੌਰ ਦੇ ਨਾਲ਼।
ਗ੍ਰੰਥਕਾਰ ਹੈ ਲਿਖਦਾ ਜਨਮ ਸਾਖੀ ਵਿਚਕਾਰ
ਇਕ ਦਿਨ ਪੜ੍ਹ ਕੇ ਬਾਲ ਨੇ ਚੁੱਪ ਲਈ ਫਿਰ ਧਾਰ।
"ਪਾਂਧਾ ਪੁੱਛੇ ਨਾਨਕਾ! ਕਿਤ ਵਲ ਤੇਰਾ ਧਿਆਨ ?
ਪੜ੍ਹਦਾ ਕਿਉਂ ਨਹੀਂ ਬੱਚਿਆ! ਚੁੱਪ ਕਿਉਂ ਧਾਰੀ ਆਣ ?"
"ਪਾਂਧਾ! ਤੂੰ ਕਿਛ ਪੜ੍ਹਿਆ ? ਜੋ ਮੇਰੇ ਤਾਈਂ ਪੜ੍ਹਾਏ
ਜੋ ਅੱਖਰ ਮੈਂ ਜਾਣਦਾ ਓਇ ਅੱਖਰ ਇਨ ਮਹਿ ਨਾਹਿ॥"
ਅੱਗਿਉਂ ਪਾਂਧਾ ਬੋਲਦਾ, "ਮੈਂ ਪੜ੍ਹਿਆ ਸਭ ਕਿਛ
ਸ਼ਾਸਤ੍ਰ ਬੇਦ ਜਮ੍ਹਾਂ ਖਰਚ ਲੇਖਾ ਪਤਾ, ਬੁਝ।
ਲੰਡੇ, ਟਾਕਰੀ, ਨਾਗਰੀ, ਗਿਣਤੀ, ਅੰਕੜੇ ਆਦਿ
ਗੁੱਝਾ ਕਿਛ ਨ ਬਾਲ ਜੀ! ਮੈਨੂੰ ਸਭ ਕਿਛ ਯਾਦ।

UNISTAR BOOKS PVT LTD.
Unistar Books Pvt Ltd.
Pvt Ltd.
Unistar Books Pvt Ltd.
UNISTAR BOOKS PVT LTD.

"ਕੀ ਪੜ੍ਹੀਏ, ਕੀ ਲਿਖੀਏ ? ਪੁੱਛਿਆ ਪਾਂਧੇ ਫੱਟ
ਜਿਸ ਪੜ੍ਹਨੇ ਤੇ ਕਟ ਜਾਏ ਮੋਹ ਮਾਇਆ ਤਤਫਟ।"
ਪਾਂਧੇ ਦੇ ਸੁਆਲ 'ਤੇ ਕਰਦੇ ਹੋਏ ਵੀਚਾਰ
'ਸਿਰੀ ਰਾਗ' ਵਿਚ ਸਤਗੁਰੂ ਮੁੱਖੋਂ ਕਿਹਾ ਉਚਾਰ:

"ਜਾਲਿ ਮੋਹੁ ਘਸਿ ਮਸੁ ਕਰਿ ਮਤਿ ਕਾਗਦੁ ਕਰਿ ਸਾਰੁ॥
ਭਾਉ ਕਲਮ ਕਰਿ ਚਿਤੁ ਲੇਖਾਰੀ ਗੁਰ ਪੁਛਿ ਲਿਖੁ ਬੀਚਾਰੁ॥
ਲਿਖੁ ਨਾਮੁ ਸਾਲਾਹ ਲਿਖੁ ਲਿਖੁ ਅੰਤੁ ਨ ਪਾਰਾਵਾਰੁ॥੧॥
ਬਾਬਾ ਏਹੁ ਲੇਖਾ ਲਿਖਿ ਜਾਣੁ॥
ਜਿਥੈ ਲੇਖਾ ਮੰਗੀਐ ਤਿਥੈ ਹੋਇ ਸਚਾ ਨੀਸਾਣੁ॥੧॥" (**ਗਰੂ ਗ੍ਰੰਥ**, ਪੰਨਾ 16)

ਰੂ-ਬ-ਰੂ ਸਤਗੁਰ ਕਿਹਾ ਮੂਲ ਰੂਪ ਜੋ ਸਾਰ
ਮਾਇਆ ਮੋਹ ਜਲਾਇਕੇ ਕੀਚੇ ਮਸ ਤਯਾਰ।
ਭਾਉ ਪਰਮੇਸ਼ਰ ਕਲਮ ਕਰ ਚਿਤ ਨੂੰ ਲਿਖਣਹਾਰ
ਕਾਗਦ ਲੈ ਕੇ ਮਤ ਦਾ, ਗੁਰ ਪੁਛ ਲਿਖ ਵੀਚਾਰ।
ਨਾਮ ਸਲਾਹਨਾ ਲਿਖ ਜਿਸ ਅੰਤ ਨ ਪਾਰਾਵਾਰ
ਜਿਸ ਪੱਲੇ 'ਨਾਮ ਨੀਸਾਣ' ਹੈ ਛੁੱਟੇਗਾ ਜਮ ਜਾਲ।

ਲੇਖਾ ਦੇਣ ਦੀ ਜਾਂਚ ਜੋ ਬਾਲ ਸਿਖਾਈ ਆਣ
ਪਾਂਧਾ ਝੁਕ ਨਮੋ ਕੀਤੀ ਪਾ ਕੇ 'ਅੱਖਰੀ ਗਿਆਨ'।
ਉਸੇ ਪਲ ਤੋਂ ਬਾਲ ਨੇ ਛੱਡ ਦਿੱਤੀ ਚਾਟਸਾਲ,
ਮੂੰਹੋਂ ਕੁਝ ਨਾ ਬੋਲਿਆ ਚਿੱਤ ਪਰਮੇਸ਼ਰ ਨਾਲ਼।
ਨਾਨਕ ਤਾਈਂ ਪੜ੍ਹਾਵਣੇ ਜੋ ਪਾਂਧਾ ਹੋਏ ਨਾਕਾਮ
ਪਾਂਧੇ ਤੋਂ ਇਹ ਸੱਚ ਜਾਣ ਮਹਿਤਾ ਹੋਏ ਪਸ਼ੇਮਾਨ।
ਸਿੱਖ ਨਾ ਪਾਇਆ ਪੁੱਤ ਜੇ, ਦੁਨਿਆਵੀ ਸੰਸਕਾਰ
ਖ਼ੋਰੇ ਸਿੱਖੂ ਕੀ ਬੈਠ ਸਾਧਾਂ ਦੇ ਵਿਚਕਾਰ!
ਜੀਵਨ-ਸ਼ੈਲੀ ਬਾਲ ਦੀ ਤੱਕ ਕਾਲੂ ਹੋਏ ਨਿਰਾਸ਼
ਸੋਚਿਆ, ਮਿਲਾਂ ਬੁਲਾਰ ਮਤੇ ਮਨ ਬੱਝੇ ਧਰਵਾਸ।

ਪੁੱਜਿਆ ਪਾਸ ਬੁਲਾਰ ਕੋਲ਼ ਦੱਸੀ ਮਨ ਦੀ ਬਾਤ
"ਦੱਸੋ! ਉੱਚ ਵਿਦਵਾਨ ਜੋ ਦੇਵੇ ਵਿਦਿਆ ਦਾਤ।
ਦਰਅਸਲ ਛੱਡ ਚਾਟਸਾਲ ਰਹਿੰਦਾ ਬਾਲ ਉਦਾਸ
ਹਾਣੀਆਂ ਨਾਲ਼ ਨਾ ਖੇਡਦਾ ਗੱਲ ਨਾ ਕਰਦਾ ਖ਼ਾਸ।
ਪੜ੍ਹ ਕੇ ਸ਼ਾਸਤ੍ਰ ਬੇਦ ਸਾਰ ਹੋ ਜੂ ਸੋਝੀਵਾਨ
ਸਿਰ ਉੱਚਾ ਕਰਕੇ ਬਹੂ ਸੰਗਤ ਤਾਈਂ ਵਿਦਵਾਨ।"

UNISTAR BOOKS PVT LTD.
Unistar Books Pvt
Unistar Books Pvt Ltd
UNISTAR BOOKS PVT LTD.

UNISTAR BOOKS PVT LTD.

ਰਾਏ ਕਿਹਾ, "ਸ਼ਾਸਤਰਵੇਤਾ ਹੈ 'ਬ੍ਰਿਜਨਾਥ' ਸੁਜਾਨ
ਸਿਮ੍ਰਤੀਆਂ ਤੇ ਬੇਦਾਂ ਦਾ ਉਹ ਉੱਚ ਕੋਟੀ ਵਿਦਵਾਨ।
ਦਿਲ ਨਹੀਂ ਛੱਡੀਦਾ ਮਹਿਤਾ! ਅੱਲਾ ਤੇ ਰੱਖ ਡੋਰ
ਇਕ ਦਰ ਹੋਏ ਬੰਦ ਜੇ ਸੌ ਦਰ ਖੁੱਲ੍ਹਦੇ ਹੋਰ।
ਕਾਲੂ ਰਾਏ ਬੁਲਾਰ ਦੀ ਗੱਲ 'ਤੇ ਕਰਕੇ ਗ਼ੌਰ
ਘਰ ਪੰਡਤ ਬ੍ਰਿਜ ਲਾਲ ਦੇ ਬਾਲ ਨੂੰ ਆਏ ਛੋੜ।

ਥੋਖੇ ਦਿਨਾਂ 'ਚ ਬਾਲ ਨੇ ਸਿਮ੍ਰਤੀ ਸ਼ਾਸਤ੍ਰ ਬੇਦ,
ਚਕ੍ਰਿਤ ਰਹਿ ਗਿਆ ਸ਼ਾਸਤਰੀ ਤੱਕ ਕੇ ਬੁੱਧ ਵਿਵੇਕ।
ਪੰਡਤ ਸੁਣੇ ਜੋ ਬਾਲ ਤੋਂ ਉੱਚ ਰੂਹਾਨੀ ਬੋਲ,
ਜਾਪਿਆ ਜਿਉਂ ਬੈਠਾ ਹੋਏ ਮਹਾਂਨੂਰ ਦੇ ਕੋਲ਼।
"ਸੱਚ ਕਹਿੰਦਾ ਸੀ ਉਸ ਦਿਨ ਪੰਡਤ ਹਰਦਿਆਲ
ਮਹਿਤਾ ਕਾਲੂ ਪੁੱਤ ਦੀ ਅਦਭੁਤ ਛੱਬ ਨੁਹਾਰ।
ਮਸਤਕ ਮਣੀ ਨ ਛਿਪਦੀ ਪਰਮ ਜੋਤੀ ਦਸਤਾਰ
ਮਹਿਤਾ ਦੇ ਘਰ ਜਨਮਿਆ, ਪ੍ਰਤਿਭਾਸ਼ਾਲੀ ਬਾਲ।"
ਘਰੋਂ ਬੁਲਾ ਕੇ ਕਾਲੂ ਨੂੰ ਡੂੰਘੀ ਸ਼ਰਧਾ ਨਾਲ਼
ਨਾਲ਼ ਪਿਆਰ ਮਹਿਤਾ ਤਾਈਂ ਦੱਸਿਆ ਬ੍ਰਿਜ ਲਾਲ :
"ਧੁਰ ਤੋਂ ਪੜ੍ਹਿਆ ਲਿਖਿਆ ਕਾਲੂ ਤੇਰਾ ਬਾਲ
ਉੱਚ ਅਨੁਭਵੀ ਗਿਆਨ ਦੀ ਰੱਖਦਾ ਸੋਝੀ ਸਾਰ।"
ਬ੍ਰਿਜ ਲਾਲ ਦੇ ਬੋਲ ਸੁਣ ਮਹਿਤਾ ਹੋਏ ਪਸ਼ੇਮਾਨ
ਸੋਚਿਆ, 'ਕੱਲਾ ਪੁੱਤ ਹੈ ਲੈ ਦੇ ਕੇ ਜਹਾਨ
ਚਾਹਿਆ ਸੀ ਪੁੱਤ ਪੜ੍ਹ ਲਿਖ ਸਾਂਭੂ ਇਹ ਪਟਵਾਰ
ਵੱਡਾ ਹੋਊ ਰਸੂਖ਼ ਇਸ ਧਾਂਕ ਪਾਊ ਦਰਬਾਰ।

ਨੂਰੀ ਜੋਤ ਨੂੰ ਕੀ ਜਾਣੇ ਕਾਲੂ ਦੁਨੀਆਦਾਰ
ਡੁੱਬਦੇ ਕਲਜੁਗ ਬੇੜੇ ਦੀ ਸਾਂਭਣੀ ਇਸ ਪਤਵਾਰ।
ਫਾਰਸੀ ਹਾਕਮਾਂ ਵਾਂਗ ਸੀ ਜਿਉਂ ਵਿਚ ਸ਼ਾਹੀ ਦਰਬਾਰ
ਲੰਡੇ ਟਾਕਰੀ ਸੰਸਕ੍ਰਿਤੀ ਤਦ ਸੀ ਹਿੰਦੂਆਂ ਪਰਿਵਾਰ।
ਉਨ੍ਹੀਂ ਪੈਰੀਂ ਪੁੱਜਿਆ ਕਾਲੂ ਰਾਏ ਪਾਸ
ਸ਼ਾਸਤਰੀ ਦੀ ਗੱਲਬਾਤ ਹੂ-ਬ-ਹੂ ਕਹੀ ਖ਼ਾਸ।
ਰਾਏ ਬੁਲਾਰ ਨੇ ਆਖਿਆ, "ਇੰਜ ਨਾ ਹੋ ਉਦਾਸ
ਤਲਵੰਡੀ ਦਾ ਮੌਲਵੀ ਕੁਤਬੁਦੀਨ ਹੈ ਖ਼ਾਸ।
ਉਸ ਜਿਹਾ ਆਲਮ ਫ਼ਾਜ਼ਲ ਵਿਚ ਨਾ ਸਾਂਦਲਬਾਰ
ਕਾਲੂ! ਤੇਰੇ ਪੁੱਤ ਦਾ ਰੱਖੂ ਖ਼ਾਸ ਖ਼ਿਆਲ।"



UNISTAR BOOKS PVT LTD.

ਚੁੱਪ-ਚਾਪ ਮੁੱਲਾਂ ਕੋਲ਼ੇ ਨਾਨਕ ਬੈਠੇ ਆਣ
ਰਿਦੇ ਵਿਚ ਜਿਸ ਚਾਰ ਵੇਦ ਅਤੇ ਕਤੇਬ ਕੁਰਾਨ।
ਹੱਥ 'ਚ ਫੱਟੀ ਬਾਲ ਦੇ ਬੈਠਾ ਸਾਥੀਆਂ ਨਾਲ਼
ਲਿਖਿਆ ਮੌਲਵੀ ਜਿਸ 'ਤੇ 'ਅਲਫ਼ੋਂ-ਬੇ' ਦਾ ਜਾਲ।
ਮੁੱਲਾਂ ਜੋ ਵੀ ਦੱਸਦਾ ਨਾਨਕ ਕਰਦਾ ਯਾਦ
ਤੀਖਣ ਬੁੱਧੀ ਸੂਝ ਬੂਝ ਮੁੱਢੋਂ ਲਾ-ਜਵਾਬ।
ਜਮ੍ਹਾਂ, ਖਰਚ, ਹਿਸਾਬ ਸਭ ਮੁਰਸ਼ਦ ਕੋਲ਼ੋਂ ਸਿੱਖ
ਜੋ ਵੀ ਮੁੱਲਾਂ ਪ੍ਰਸ਼ਨ ਕਰੇ ਹਰਫ਼ ਦੇਵੇ ਉਹ ਲਿਖ।
ਸਿੱਖਣ ਲਈ ਜਿਸ ਇਲਮ ਨੂੰ ਵਰ੍ਹੇ ਸੀ ਲਗਦੇ ਦਸ
ਜਾਣਿਆ ਬਾਬੇ ਉਹ ਇਲਮ ਕੁਝ ਦਿਨਾਂ ਵਿਚ ਬਸ।
ਹਿੰਦਵੀ, ਅਰਬੀ, ਫ਼ਾਰਸੀ ਪੜ੍ਹ ਹਾਫ਼ਿਜ਼ ਹੋਇਆ ਬਾਲ
ਜ਼ਾਹਰੀ/ਬਾਤਨੀ ਇਲਮ ਵਿਚ ਨਾਨਕ ਬੇ-ਮਿਸਾਲ।
ਤੱਕਿਆ ਜਦੋਂ ਸ਼ਾਗਿਰਦ ਨੂੰ ਲੋੜੋਂ ਵੱਧ ਜ਼ਹੀਨ
ਮਹਿਤਾ, ਮਕਤਬ ਸੱਦਿਆ ਵੱਡੇ ਕੁਤਬੂਦੀਨ।
"ਕਾਲੂ! ਤੇਰਾ ਪੁੱਤ ਤਾਂ ਲੋੜੋਂ ਵੱਧ ਜ਼ਹੀਨ
ਪਲਾਂ ਵਿਚ ਸੁਲਝਾਉਂਦਾ ਨੁਕਤੇ ਅਤਿ ਮਹੀਨ।"
ਇਹ ਵੀ ਕੁਤਬੂ ਦੱਸਿਆ ਨਾਲ ਦ੍ਰਿੜ੍ਹ ਵਿਸ਼ਵਾਸ
ਅੱਲਾਹ ਦੇ ਇਸ ਨੂਰ 'ਤੇ ਰਹਿਮਤ ਓਸਦੀ ਖ਼ਾਸ।
ਤੀਖਣ ਬੁੱਧੀ ਬਾਲ ਦੀ ਜਾਣ ਤਿੰਨੋਂ ਉਸਤਾਦ
ਹੈਰਾਂ ਸਨ ਇਹ ਤੱਕ ਕੇ ਚਾਨਣ ਗਿਆਨ ਚਿਰਾਗ਼।
ਪਿਤਾ ਜਾਣ ਨਾ ਸਕਿਆ ਖੁਭਿਆ ਮਾਇਆ ਜਾਲ਼
ਸੋਚਿਆ ਜਦ ਵੀ ਸੋਚਿਆ, ਵਾਕੁਰ ਦੁਨੀਆਦਾਰ।
ਸਮਾਂ ਬੀਤਦੇ ਨਾਲ਼ ਮੁੜ ਨਾਨਕ ਧਾਰੀ ਚੁੱਪ
ਸੌਂਵੇਂ ਲੰਮੀ ਤਾਣ ਕੇ ਚਾਦਰ ਸੰਗ ਢੱਕ ਮੁੱਖ।
ਜਗਤ ਜਲੰਦਾ ਪੀੜ ਓਸ ਜੋ ਅੰਦਰੋਂ ਕਰੇ ਨਿਢਾਲ਼
ਦਿਸਦੀ ਪੀੜਾ ਦੀ ਤਦੋਂ ਸੋਹਣੇ ਮੁੱਖ 'ਤੇ ਝਾਲ।
ਉਜੜਿਆ ਇਕ ਥੇਹ ਸੀ ਤਲਵੰਡੀ ਤੋਂ ਬਾਹਰ
ਦਿਸਹੱਦੇ ਦੇ ਤੀਕ ਸਭ ਦਿਸਦੀ ਸੀ ਉਜਾੜ।
ਸਾਰਾ ਸਾਰਾ ਦਿਨ ਬਾਲ਼ ਬਣ ਦੇ ਵਿਚ ਵਿਹਾ
ਅੱਖਾਂ ਭਰੀਆਂ ਸੁਪਨਿਆਂ ਪਰਤੇ ਸ਼ਾਮ ਨੂੰ ਆ।
ਮੁੱਲਾਂ ਨੂੰ ਮੁੜ ਸੱਦਿਆ ਤੱਕ ਕੇ ਬਾਲ ਨਿਰਾਸ਼
ਆਖਿਆ, "ਰਾਜ਼ੀ ਕਰ ਦਿਓ ਲਾਹੋ ਦੁੱਖ ਸੰਤਾਪ।"

UNISTAR BOOKS PVT LTD.
Unistar Books Pvt Ltd.

ਝਾੜਾ ਪਾ ਕੇ ਬਹਿ ਗਏ ਮੁੱਲਾਂ ਨਾਨਕ ਕੋਲ਼
ਦੇ ਕੇ ਰੱਬ ਦਾ ਵਾਸਤਾ ਆਖਿਆ, "ਮੂੰਹੋਂ ਬੋਲ।"
ਚਾਦਰ ਵਿਚੋਂ ਲੁਕਿਆ ਮੁੱਖੜਾ ਕੱਢਿਆ ਬਾਹਰ
ਪੂਰਨਿਮਾ ਦੇ ਚੰਨ ਦਾ ਜਿਉਂ ਹੋਵੇ ਚਮਕਾਰ।
ਅੱਖਾਂ ਵਿਚੋਂ ਦਿਸਦੀ ਡੂੰਘੀ ਰਮਜ਼ ਵੈਰਾਗ
ਉਚਰਿਆ ਨਾਨਕ ਸ਼ਬਦ ਵਿਚ 'ਤਿਲੰਗ ਰਾਗ'।
'ਯਕ ਅਰਜ ਗੁਫਤਮ ਪੇਸ ਤੋ ਦਰਗੋਸ ਕੁਨ ਕਰਤਾਰ॥
ਹਕਾ ਕਬੀਰ ਕਰੀਮ ਤੂ ਬੇਐਬ ਪਰਵਦਗਾਰ॥
ਦੁਨੀਆ ਮੁਕਾਮੇ ਫਾਨੀ ਤਹਕੀਕ ਦਿਲਦਾਨੀ॥
ਮਮਸਰ ਮੂਏ ਅਜਰਾਈਲ ਗਿਰਫ਼ਤਹ ਦਿਲ ਹੇਚ ਨਾਦਾਨੀ॥
ਜਨ ਪਿਸਰ ਪਦਰਬਿਰਾਦਰਾ ਕਸ ਕੇਸ ਦਸਤੰਗੀਰ॥
ਆਖ਼ਿਰ ਬਿਅਫਤਮ ਕਸ ਨ ਦਾਰਦ ਚੂੰ ਸਵਦ ਤਕਬੀਰ॥
ਸਬ ਰੋਜ਼ ਗਸਤਮ ਦਰ ਹਵਾ ਕਰਦੇਮ ਬਦੀ ਖਿਆਲ॥
ਗਾਹੇ ਨ ਨੇਕੀ ਕਾਰ ਕਰਦਮ ਮਮੁਈ ਚਿਨੀ ਅਹਵਾਲ॥'
ਬਦਬਖ਼ਤ ਹਮਚੁਬਖੀਲ ਗਾਫਿਲ ਬੇਨਜਰ ਬੇਬਾਕ
ਨਾਨਕ ਬੁਗੋਯਦ ਜਗ ਤੁਰਾ ਤੇਰੇ ਚਾਕਰਾਂ ਪਾਖਾਕ॥
ਸਾਰ ਰੂਪ ਵਿਚ ਦੱਸਿਆ ਨਾਨਕ ਕਰ ਫੁਰਮਾਨ
ਇਕ ਦਿਨ ਹੋਊ ਫ਼ਨਾਹ ਸਭ ਦਿਸਦਾ ਕੁਲ ਜਹਾਨ। (**ਗੁਰੂ ਗ੍ਰੰਥ**, ਪੰਨਾ 721)
ਖ਼ਿਦਮਤ ਸਾਹਿਬ ਵਿਚ ਰਹੋ ਛਡਣਾ ਪਊ ਮੁਕਾਮ
ਧਨ ਦਾਰਾ ਸੁਤ ਬੰਧੁ ਮੀਤ ਕੂੜਾ ਇਨ੍ਹਾਂ ਮਾਣ।
ਗ਼ਫ਼ਲਤ ਨੀਂਦੇ ਸੌਂ ਰਹੇ ਜੋ ਸਾਹਿਬ ਤੋਂ ਬੇਬਾਕ,
ਨੇਕੀ ਰਾਹੋਂ ਭਟਕ ਕੇ ਕੂੜਾ ਕਰਨ ਆਲਾਪ।
ਵੱਡਾ ਦਇਆਵਾਨ ਉਹ ਅੱਲਾਹ ਪਾਕੰਪਾਕ
ਨਾਨਕ ਹੋਣਾ ਮੰਗਦਾ ਉਸ ਚਾਕਰਾਂ ਪਾਖ਼ਾਕ।
ਨਾਨਕ ਕਿਹਾ, "ਮੁੱਲਾ ਜੀ! ਸਾਹਿਬ ਦਾ ਕਰ ਜਾਪ
ਭਲਾ ਹੋਊ ਦਰਗਾਹ ਵਿਚ ਹੋਊ ਸਹਾਈ ਆਪ।"
ਰਾਜ਼ੀ ਕਰਨ ਜੋ ਆਇਆ ਸੀ ਮੁੱਲਾਂ ਟੂਰ ਕੇ ਆਪ
ਖ਼ੁਦ ਹੀ ਰਾਜ਼ੀ ਹੋ ਟੁਰਿਆ ਖੋਲ੍ਹ ਕੇ ਮਨ ਦੇ ਤਾਕ।

## ਜਨੇਊ ਸੰਸਕਾਰ

ਨਾਨਕ ਪੈਰ ਜੋ ਪਾਇਆ ਵਿਚ ਗਿਆਰਵੇਂ ਸਾਲ
'ਯਗੀਓਪਵੀਤ' ਰਸਮ ਦਾ ਆਇਆ ਸਭਸ ਖ਼ਿਆਲ।



UNISTAR BOOKS PVT LTD.
Unistar Books Pvt Ltd.

ਯਗੀਓਪਵੀਤ ਭਾਵ ਕਿ ਜੰਞੂ ਇਹ ਪਵਿੱਤ
ਪਾਉਣ ਨਾਲ ਜਿਸ ਗਲੇ ਵਿਚ ਪਤਿਤੋਂ ਹੋਏ ਪੁਨੀਤ।
ਪੰਡਿਤ ਦੇ ਬਿਰਾਜਣੇ ਹਿਤ ਕੀਤੀ ਥੜੀ ਤਿਆਰ
ਚਾਦਰਾਂ ਤੇ ਕਾਲੀਨ ਸੋਹਣ ਵਿਹੜੇ ਦੇ ਵਿਚਕਾਰ।
ਧਰਮ ਸ਼ਾਸਤਰਾਂ ਵਿਚ ਸਭ ਮਿਲਦਾ ਹੈ ਵਿਸਤਾਰ
ਬ੍ਰਾਹਮਣ ਖੱਤਰੀ ਵੈਸ਼ ਦੀ ਮਰਯਾਦਾ ਦਾ ਸਾਰ।

ਪਹਿਰਿਆ ਜਾਏ ਜਨੇਊ ਨਾ ਜਦ ਤੱਕ ਗਲ਼ੇ ਵਿਚ
ਸ਼ੂਦਰ ਮਿਥਿਆ ਜਾਂਵਦਾ ਬੰਦਾ ਓਦੋਂ ਤੀਕ।
ਸ਼ੂਦਰਾਂ ਨਾਲ਼ੋਂ ਵੱਖਰੀ ਦੇਣ ਲਈ ਪਹਿਚਾਣ
ਹਿੰਦੂ ਉੱਚੀ ਜਾਤ ਦੇ ਗਲ਼ ਜਨੇਊ ਪਾਣ।
ਧਰਮ ਸ਼ਾਸਤਰੀ ਮਰਯਾਦਾ ਦੇ ਲਿਖੇ ਅਨੁਸਾਰ
ਜਾਤ ਉਮਰ ਕਿਸ ਪਹਿਨਣਾ ਲਿਖਿਆ ਵਿਚ ਵਿਸਤਾਰ।
"ਬ੍ਰਾਹਮਣ ਪਹਿਨੇ ਗਰਭ ਤੋਂ ਆ ਵਿਚ ਅੱਠਵੇਂ ਸਾਲ
ਖੱਤਰੀ ਵਿਚ ਗਿਆਰਵੇਂ ਵੈਸ਼ ਬਾਰ੍ਹਵੇਂ ਸਾਲ।
ਬ੍ਰਾਹਮਣ ਲਈ ਬਸੰਤ ਰੁੱਤ ਖੱਤਰੀ ਦੇ ਲਈ ਸੀਤ
ਵੈਸ਼ ਪਹਿਨ ਕੇ ਪਤਝੜੀਂ ਕਰਦੇ ਪੂਰੀ ਰੀਤ।"
ਜੰਞੂ ਪਹਿਨਣ ਵਾਸਤੇ ਪੁੱਤਰ ਹੀ ਹੱਕਦਾਰ
ਕਾਸ਼! ਕਿ ਧੀਆਂ ਵਾਂਝੀਆਂ ਨਾ ਰੱਖਦੇ ਇਹਤੋਂ ਬਾਹਰ!
ਉਂਜ ਤੇ ਜਨਮ ਮਨੁੱਖ ਦਾ ਜੱਗ 'ਤੇ ਹੁੰਦਾ ਦੋ ਵਾਰ
ਇਕ ਆਦਮ-ਮਰਯਾਦਾ ਦੂਆ ਮਾਂ ਕੁੱਖ ਵਿਚਕਾਰ।
ਪੂ ਨਾਮ ਦੇ ਨਰਕ ਤੋਂ ਜੋ ਪੁੱਤ ਲਿਆਏ ਪਾਰ
ਜਿਸ ਕੁੱਖੋਂ ਪਰ ਜਨਮਿਆ, ਉਸਦਾ ਇੰਝ ਤ੍ਰਿਸਕਾਰ!
'ਜੰਞੂ ਧਾਰਨ ਕਰਨ ਤੋਂ ਉਮਰਾਂ ਮਰਯਾਦਾ ਨਾਲ਼
ਜਨਮ ਆਤਮਕ ਹੋਵੰਦਾ ਮੁੜ ਫਿਰ ਦੂਜੀ ਵਾਰ।

ਪੋਚਾ ਲਾ ਗੋ-ਗੋਹੇ ਦਾ ਕੀਤਾ ਘਰ ਪਵਿੱਤ
ਚਹਿਲ-ਕਦਮੀਂ ਘਰ ਮਹਿਤੇ ਸਭ ਸਨਬੰਧੀ ਮਿੱਤ।
ਵਿਹੜੇ ਦੇ ਵਿਚ ਬਹਿ ਗਿਆ ਕਾਲੂ ਦਾ ਪਰਿਵਾਰ
ਕੁੱਲ ਸ਼ਰੀਕੇ ਤੇ ਪੜੋਸੀ ਮਿੱਤਰ ਰਿਸ਼ਤੇਦਾਰ।
ਲਿਸ਼ਕਾਂ ਮਾਰੇ ਦੂਰ ਤੋਂ ਲਿੱਪਿਆ ਪੋਚਿਆ ਘਰ
ਵੰਨੋ-ਵੰਨ ਪਕਵਾਨ ਸਭ ਧਰੇ ਪਰਾਤਾਂ ਭਰ।
ਹਲਵਾ ਖੀਰ ਕਚੌਰੀਆਂ ਸੁੱਕੇ ਮੇਵੇ ਵਿਚ
ਲਪਟਾਂ ਦੇਸੀ ਘੀ ਦੀਆਂ ਦੂਰੋਂ ਪਾਵਣ ਖਿੱਚ।

UNISTAR BOOKS PVT LTD
Unistar Books Pvt
Unistar Books Pvt Ltd.
UNISTAR BOOKS PVT LTD.

ਦੇਗੇ ਵਿਚੋਂ ਉੱਠ ਰਹੀ ਮਹਿਕ ਮਸਾਲੇਦਾਰ
ਹਲਵਾਈ ਸੀ ਕੱਢ ਰਿਹਾ ਪੂਰੀਆਂ ਨਾਲ਼ੋ-ਨਾਲ਼।
ਕੁਲ ਪ੍ਰੋਹਿਤ ਚੌਂਕੀ 'ਤੇ ਬੈਠਾ ਹਰਦਿਆਲ
ਨਾਲ਼ ਪ੍ਰੋਹਿਤ ਬੈਠ ਰਹੇ ਨਾਨਕ ਚੌਕੜੀ ਮਾਰ।
ਧੂਫ਼ ਧੁਖਾ ਕੇ ਹਰਦਿਆਲ ਨਾਲ਼ ਜਗਾਈ ਜੋਤ
ਸਾਸ਼ਤਰੀ ਰੀਤਾਂ ਮੂਜਬ ਮਰਯਾਦਾ ਪੁਰਸ਼ੋਤ।
ਆਟਾ ਧੂੜ ਜ਼ਮੀਨ 'ਤੇ ਕੁਝ ਆਕ੍ਰਿਤੀ ਬਣਾ
ਸੂਤਰ ਦੇ ਮੁੱਢੇ 'ਤੇ ਵੈਦਿਕ ਮੰਤਰ ਪੜ੍ਹਨ ਲੱਗਾ।
ਪਾਉਣ ਜਨੇਊ ਵਧਿਆ ਜਿਓ ਹੀ ਨਾਨਕ ਵੱਲ
ਜਾਣਨ ਲਈ ਕੁਝ ਰੋਕ ਲਏ ਵਧੇ ਹੱਥ ਓਸ ਪਲ।
ਮਿਸ਼ਰ ਜੀ ਇਸਦੇ ਨਾ ਪਾਇਆ ਕੀ ਕੁਝ ਹੁੰਦੈ ਹਾਣ ?
ਕਿਆ ਪਦਵੀ ਇਸ ਪਹਿਰਣੇ ਦੱਸੋ ਕਰ ਵਖਿਆਨ।

ਵਿਚ ਬ੍ਰਾਹਮਣੀ ਰੀਤ ਇਹ ਬਿਨ ਚੋਕੇ ਪੀਣ ਨ ਖਾਣ,
ਸਾਸ਼ਤਰੀ ਮਰਯਾਦਾ ਮੂਜਬ ਗਲੇ ਜਨੇਊ ਪਾਣ।
ਖੱਤਰੀ ਧਰਮ 'ਚ ਸਿਖਾ ਸੂਤ ਧੋਤੀ ਸੰਧਿਆ ਤਰਪਣ
ਮਾਲਾ ਤਿਲਕ ਜਨੇਊ ਪਹਿਰਣਾ ਮੰਨੇ ਹਨ ਖਟ ਕਰਮ।
ਹਰਦਿਆਲ ਜੀ ਮੁੜ ਕਿਹਾ ਇਸਦੇ ਪਹਿਰਣ ਨਾਲ਼
ਜਨਮ ਆਤਮਿਕ ਹੋਵੰਦਾ ਮੁੜ ਕੇ ਦੂਜੀ ਵਾਰ।
ਤਗ ਪਾਉਣ ਹਿਤ ਨਾਨਕ ਨੂੰ ਵਧੇ ਜੋ ਮੁੜ ਕੇ ਹੱਥ,
ਰੋਕ ਕੇ ਨਾਲ਼ ਪਿਆਰ ਗੁਰੂ ਬੋਲੇ ਬਚਨ ਅਕੱਥ :
"ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥
ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ॥
ਨਾ ਏਹੁ ਤੁਟੈ ਨਾ ਮਲੁ ਲਗੈ ਨਾ ਏਹੁ ਜਲੈ ਨ ਜਾਇ॥
ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ॥ " (**ਗੁਰੂ ਗ੍ਰੰਥ**, ਪੰਨਾ 471)॥

ਨਸ਼ਵਰ ਤਗ ਦੀ ਦੇਣ ਲਈ ਬਾਬਾ ਨਾਨਕ ਸਾਰ
ਪੰਡਿਤ ਵੱਲ ਮੁਖ਼ਾਤਬ ਹੋ ਦੱਸਿਆ ਨਾਲ਼ ਪਿਆਰ।
ਦਇਆ ਸਬਰ ਦੇ ਸੂਤਰੀਂ ਗੰਢਾਂ ਹੋਵਣ ਜਤ
ਤਾਅ ਚਾੜ੍ਹ ਕੇ ਸਤਿ ਦਾ ਬਣਿਆ ਹੋਵੇ ਤਗ।
ਨਾ ਟੁੱਟੇ ਨਾ ਹੀ ਜਲ਼ੇ ਮਰਨ ਸਮੇਂ ਜੀਅ ਨਾਲ਼
ਜਨਮ-ਆਤਮਿਕ ਜਿਸ ਨਾਲ਼ ਹੋਵੇ ਦੂਜੀ ਵਾਰ।
ਐਸਾ ਤਗ ਜੇ ਪੰਡਿਤ ਜੀ ਹੋਵੈ ਤੇਰੇ ਪਾਸ
ਮੈਨੂੰ ਧਾਰਨ ਕਰਨ ਵਿਚ ਕੇਹੀ ਹਿਚਕਚਾਹਟ ?



UNISTAR BOOKS PVT LTD.
Unistar Books Pvt Ltd.
Pvt Ltd.
Unistar Books Pvt Ltd.
UNISTAR BOOKS PVT LTD.

ਚੋਰੀ ਠੱਗੀ ਰਾਤ ਦਿਨ ਜੀਵ ਕਰੇ ਅਣਗਿਣਤ
ਲੱਖ ਝੂਠ ਅਪਵਾਦ ਕਰੇ ਜੀਭਾ ਸੰਗ ਇਹ ਨਿੱਤ।
ਮਾਰੇ ਕੋਹ-ਕੋਹ ਬੱਕਰੇ ਰਸਮ ਨਿਭਾਉਣੇ ਹਿੱਤ
ਤਾਗੇ ਜਿਸ ਟੁੱਟ ਜਾਵਣਾ ਅੰਤ ਬਣੂ ਕਿੰਝ ਮਿੱਤ ?
ਲਿਆਇਐ, ਜੋ ਤਗ ਪਾਉਣ ਨੂੰ ਲਾ ਕੇ ਕੌਡਾਂ ਚਾਰ
ਮੱਚ ਜਾਣਾ ਇਸ ਚਿਖ਼ਾ ਵਿਚ ਅੰਤ ਸਮੇਂ ਜੀਅ ਨਾਲ਼।
ਇਹ ਵੇਤੱਗੀ ਆਤਮਾ ਜਾ ਧਰਮਰਾਜ ਦੇ ਦੁਆਰ
ਕਿੰਜ ਜਨਮੂਗੀ ਮੁੜ ਫਿਰ ਮਰ ਕੇ ਦੂਜੀ ਵਾਰ ?
ਕਰਮ ਧਰਮ ਸਭ ਇੰਦਰੀਆਂ ਨੂੰ ਸੰਜਮ ਦੀ ਏ ਲੋੜ
ਨਾਮ-ਧਰੀਕ ਸਿਆਣਿਆ! ਮਨ ਦੇ ਨੇਤਰ ਖੋਲ੍ਹ।

ਇਕ ਟਿਕ ਵੇਂਹਦੇ ਰਹ ਗਏ ਲੋਕੀਂ ਹੋ ਹੈਰਾਨ
ਰਸਮੀ ਤੱਗ ਦੇ ਸੱਚ ਦਾ ਸੁਣ ਕੇ ਸੱਚ ਵਖਾਨ।
ਕੁਝ ਨੇ ਆਖਿਆ ਬਾਲ ਇਸ ਕੀਤੀ ਹੇਠੀ ਪਰਵਾਰ
ਅਤਿ ਪੁਰਾਣੀ ਰਸਮ ਦਾ ਕੀਤਾ ਇਸ ਤ੍ਰਿਸਕਾਰ।
ਲੇਕਿਨ ਸਤਿ ਨੂੰ ਜਾਣ ਗਏ ਸੀ ਪੰਡਿਤ ਹਰਦਿਆਲ
ਦਸ ਵਰ੍ਹੇ ਦੇ ਬਾਲ ਮੂਹਰੇ ਸੁੱਟ ਦਿੱਤੇ ਹਥਿਆਰ।
ਹਰਦਿਆਲ ਨੇ ਮੁੜ ਕਿਹਾ ਬੜੇ ਸਨੇਹ ਦੇ ਨਾਲ਼
ਕੁਲ ਰੀਤੀ ਦੀ ਰਸਮ ਵਿਚ ਇਹ ਤੁਸਾਂ ਨਿਭਾਉਣੀ ਲਾਲ!
"ਪੰਡਿਤ ਜੀ ਕੀ ਹੋਊਗਾ ਪਹਿਨ ਕੇ ਨਸ਼ਵਰ ਤਗ ?
ਜੀਅ ਦੇ ਇਥੋਂ ਜਾਣ ਨਾਲ਼ ਜਲ਼ ਜਾਣਾ ਇਸ ਅੱਗ!"
ਨਾਨਕ ਸੀ ਕਦ ਧਰਮ ਦੇ ਰਸਮੀ-ਸੱਚ ਖ਼ਿਲਾਫ਼
ਸੱਚ ਤਾਂ ਇਹ ਉਹ ਧਰਮ ਦੇ ਸੀ ਰਸਮੀ ਕੱਚ ਖ਼ਿਲਾਫ਼।
ਧਾਰਨ ਕੀਤਾ ਗੁਰੋਪਦੇਸ਼ ਆਖ਼ਰ ਹਰਦਿਆਲ
ਜੰਞੂ ਜਤ ਸਤ ਧਰਮ ਦਾ ਧਾਰਨ ਕੀਤਾ ਨਾਲ਼।

## ਏਕਾਂਤਵਾਸ

ਤਗ ਦਾ ਸੱਚ ਬਿਆਨ ਕੇ ਚੁੱਪ ਲਈ ਫਿਰ ਧਾਰ
ਸੋਚੀਂ ਲੰਘੇ ਰਾਤ ਦਿਨ ਕਰੇ ਨਾ ਕੋਈ ਕਾਰ।
ਦੁਨਿਆਵੀ ਵਰਤਾਰਿਓਂ ਤੁਰਨ ਲੱਗਾ ਵਿਪਰੀਤ
ਉਗਵਣੋ ਤੇ ਆਥਵਣੋ ਨਾਮ ਖੁਮਾਰੀ ਚੀਤ।
ਰਹੇ ਇਕੱਲੇ ਰੰਗ ਵਿਚ ਵਿਆਪੇ ਤੇਹ ਨ ਭੁੱਖ
ਪ੍ਰਕਿਰਤੀ ਦੀ ਗੋਦ ਮਾਣ ਮਿਲਦਾ ਜਾਪੇ ਸੁੱਖ।

UNISTAR BOOKS PVT LTD.
Unistar Books Pvt Ltd.
Unistar Books Pvt Ltd.
UNISTAR BOOKS PVT LTD.

ਬਦਲ-ਬਦਲ ਕੇ ਆਂਵਦੇ ਰੁੱਤਾਂ ਥਿਤਾਂ ਵਾਰ
ਖ਼ੁਸ਼ਬੋਆਂ ਲੈ ਭੀਤਰੀਂ ਬਨ ਫੂਲੇ ਮੰਵਬਾਰ।
ਬਾਲਕ ਬੈਠੇ ਰਾਤ ਦਿਨ ਬਾਣ-ਪ੍ਰਸਥਾਂ ਨਾਲ਼
ਮੋਹ ਮਮਤਾ ਤੋਂ ਦੂਰ ਥੀਂ ਸਾਂਝ ਪਾਈ ਚੁੱਪ ਨਾਲ਼।
ਚੇਤ ਬਸੰਤ ਬਹਾਰ ਦੀ ਭਲੀ ਸੁਹਾਣੀ ਰੁੱਤ
ਪ੍ਰਕਿਰਤੀ ਦੀ ਗੋਦ ਬੈਠ ਫੋਲੇ ਮਨ ਦੇ ਦੁੱਖ।
ਸ਼ਾਖ਼ਾਵਾਂ ਨਵੇਂ ਸਿਰਿਓਂ ਫੁੱਟੀਆਂ ਰੁੱਤ ਵਿਸਾਖ
ਫੁੱਟੇ ਜੰਗਲੀਂ ਝਾੜੀਉਂ ਸੂਹੇ ਫੁੱਲ ਹੁਸਨਾਕ।
ਲੂੰਆਂ ਚੱਲਣ ਬਾਰ ਵਿਚ ਤਪੇ ਜੇਠ ਤੇ ਹਾੜ੍ਹ
ਬੁੱਲੇ ਕਾਲ਼ੀ ਧੂੜ ਉੱਠਣ ਜਾਪੇ ਧੁੰਦ ਗ਼ੁਬਾਰ।
ਮੋਰ ਪਪੀਹੇ ਕੂਕਦੇ ਸਰਸੀ ਮਨ ਦੀ ਬਾਰ
ਸਾਵਣ ਵੱਗੇ ਝਿਮਝਿਮਾ ਤਨ ਮਨ ਪੈਂਦੀ ਠਾਰ।
ਡੁੱਲ੍ਹ-ਡੁੱਲ੍ਹ ਪੈਵਣ ਅੱਖੀਆਂ ਮੁੰਦੀਆਂ ਵਿਚ ਬੈਰਾਗ
ਲੁੱਟੇ ਮਨ ਦਾ ਸੁੱਖ ਚੈਨ ਭਾਦੋਂ 'ਵਾ ਫ਼ਿਰਾਕ।
ਨੱਕੋ-ਨੱਕ ਪਏ ਡੁੱਲ੍ਹਦੇ ਟੋਏ ਸਰਵਰ ਖਾਲ਼
ਫਿਰਨ ਭੁਜੰਗਮ ਸਾਂਵਲੇ ਮੱਛਰ ਕਰਨ ਬੇਹਾਲ।
ਖਿੱਚੇ ਚਲੇ ਆਂਵਦੇ ਹਿਰਨ ਚੁੰਘੀਆ ਮਾਰ
ਲੰਘਣ ਕੋਲ਼ੋਂ ਮਲ੍ਹਕੜੇ ਟੁੱਟੇ ਨਾ ਲਿਵ ਤਾਰ।
ਮਲ਼ੇ ਪਿਲਛੀ ਸਰਕੜੇ ਅਸੁਨ-ਕੱਤੇ ਰਾਹ
ਦੇਖ ਦੇਖ ਪਏ ਵਿਗਸਦੇ ਨਾਨਕ ਰੰਗ ਅੱਲਾਹ।
ਪਾਲ਼ਾ ਕੱਕਰ ਵਰਸਦਾ ਪੋਹ ਮਾਘ ਦੀ ਠਾਰ
ਰੰਗ ਖ਼ੁਦਾਈ ਰੰਗਿਆ ਮਨ ਚੜ੍ਹਿਆ ਨਾਮ ਖ਼ੁਮਾਰ।
ਮੋਢਿਆਂ ਉੱਤੇ ਪੰਖਣੂ ਆ ਮਾਰ ਉਡਾਰੀ ਬਹਿਣ
ਤਲ਼ੀਆਂ ਚੱਟ ਹਰਨੌਟੜੇ ਜਾਪੇ ਕੁਝ-ਕੁਝ ਕਹਿਣ।
ਮੁੜਦੇ ਦੇਸ਼-ਦੇਸ਼ਾਂਤਰੋਂ ਰਮਦੇ ਹੋਏ ਫ਼ਕੀਰ
ਵਣ-ਵਣ ਸ਼ਾਖ਼ ਨਪੀੜ ਕੇ ਲਿਆਵਣ ਮਧੁਪ ਮਖ਼ੀਰ।
ਸਹਜ ਧਿਆਨ 'ਚ ਬੈਠ ਕੇ ਨਾਨਕ ਨਾਲ਼ ਪਿਆਰ
ਬੇਦ-ਸਾਸ਼ਤ੍ਰੀਂ ਗਿਆਨ ਸੁਣਨ ਰਮਤਿਆਂ ਤੋਂ ਵਿਸਤਾਰ।
ਪਾਉਂਦੇ ਸੁਣ ਕੇ ਜਗਤ ਗੁਰ ਜੋਗ ਜੁਗਤ ਤਨ ਭੇਦ
ਸੋਝੀ ਹੋਈ ਸੁਣਦਿਆਂ ਅਲਖ ਅਗਮ ਬ੍ਰਹਿਮੇਵ।
ਸੁਣ ਕੇ ਹੀ ਇਹ ਜਾਣਿਆ ਕੋਈ ਨਾ ਕਰਤੇ ਜੇਡ
ਖੰਡ ਬ੍ਰਹਿਮੰਡ ਪਾਤਾਲ ਦੀਪ ਸਭ ਕਾਦਰ ਦੀ ਖੇਡ।



UNISTAR BOOKS PVT LTD.
Unistar Books Pvt Ltd.

ਸੋਝੀ ਹੋਈ ਸੁਣਦਿਆਂ ਜਲ-ਥਲ ਪੁਰੀਆਂ ਸਾਰ
ਨਾਮ ਉਸੇ ਦੇ ਲਾਵਣਾ ਭਵਜਲ ਬੇੜਾ ਪਾਰ।

## ਮਹੀਆਂ ਦਾ ਚਰਵਾਲ

ਬਾਰਾਂ ਬਰਸਾਂ ਦਾ ਭਇਆ ਕਾਲੂ ਬੇਦੀ ਲਾਲ
ਗਹਿਰ ਗੰਭੀਰ ਅਗਾਹ ਮਤ ਅਚਰਜ ਰੂਪ ਕਮਾਲ।
ਖਾਣ-ਪੀਣ ਖੇਡਣ-ਮੱਲਣ ਬਾਕੀ ਸਾਥੀ ਬਾਲ
ਪਰ ਨਾਨਕ ਗੁੰਮ-ਸੁੰਮ ਰਹੇ ਖ਼ੌਰੇ ਕਿਹੜੇ ਖ਼ਿਆਲ ?
ਵਿਚ ਚਰਾਂਦਾਂ ਬਾਲ ਜਾ ਚਾਰਨ ਜਾ ਕੇ ਵੱਗ
ਜਾਪੇ ਨਾਨਕ ਬਾਲ ਨੂੰ ਬਾਲ-ਖਿਡੌਣਾ ਜੱਗ।
ਜੀਹਦੀ ਇਕੋ-ਇਕ ਹੋਏ ਘਰ ਦੇ ਵਿਚ ਔਲਾਦ
ਸਿੱਖੇ ਨਾ ਕੰਮ ਕਾਰ ਕੁਝ ਬੈਠੇ ਰਹੇ ਸੰਗ ਸਾਧ।
ਮਾਪਿਓ ਅੰਤਰ ਵੇਦਨਾ ਜਾਣ ਸਕੇ ਹੈ ਕੌਣ ?
ਕਾਲੂ ਤ੍ਰਿਪਤਾ ਸੋਚ ਵਿਚ ਰਾਤ-ਦਿਨੇ ਪਏ ਭੌਣ।
ਸਮਝਾਇਆ ਕਈ ਦਿਨਾਂ ਤੀਕ ਡੋਲੇ ਖਾਂਦਾ ਚਿੱਤ
ਬੰਦਾ ਜਾਣ ਕੀ ਸਕਦਾ ? ਪਰਮੇਸ਼ਰ ਗਤ-ਮਿਤ !
ਵਿਹਲੜ ਜਾਣ ਕੇ ਪੁੱਤ ਨੂੰ ਕਾਲੂ ਲਗਾ ਸੰਤਾਪ
ਫੋਲੀ ਵੇਦਨ ਦਿਲ ਦੀ ਬਹਿ ਕੇ ਤ੍ਰਿਪਤਾ ਪਾਸ।
"ਖੱਤਰੀ ਪੁੱਤ ਜੋ ਬਾਪ ਦਾ ਲੈਵੇ ਵਣਜ ਸੰਭਾਲ
ਹੋਰ ਨਹੀਂ ਸਾਂਝੀ-ਹੱਟੀ ਬਹੇ ਜਾ ਤਾਏ ਨਾਲ਼।
ਪਰ ਇਹ ਤਾਂ ਸਭ ਵੰਡ ਦਊ ਘਿਉ ਸ਼ੱਕਰ ਖੰਡ ਦਾਲ਼,
ਪ੍ਰੀਤੀ ਜੋ ਇਹ ਰੱਖਦਾ ਵਿਹਲੜ ਸਾਧੂਆਂ ਨਾਲ਼।

ਘਰ 'ਚ ਕਾਲੂ ਰੱਖਦਾ ਸੀ ਮੱਝੀਆਂ ਵਾਲ਼ੇ ਵੱਗ
ਸੱਜਰ-ਸੂਆਂ, ਖੁੰਢੀਆਂ, ਪੰਜ-ਕਲਿਆਣੀਆਂ ਅਲੱਗ।
ਨਦੀਆਂ ਦੁੱਧ ਵਗੇਂਦੀਆਂ ਹਾੜ੍ਹ ਸਿਆਲ਼ ਹੁਨਾਲ਼
ਕਿੱਲਿਆਂ ਉੱਤੇ ਰੰਭਦੀਆਂ ਖੁਰਲੀਆਂ ਦਾ ਸ਼ਿੰਗਾਰ
ਨਾਨਕ ਦਾ ਹਿਤ ਬਹੁਤ ਸੀ ਖ਼ਾਸ ਮੱਝੀਆਂ ਨਾਲ਼
ਕਾਲੂ ਵੀ ਸੀ ਤੱਕਿਆ ਲਾਡ ਲਡਾਉਂਦਾ ਬਾਲ।

ਸੋਚਣ ਨਾਲ਼ ਗੰਭੀਰਤਾ ਦੇ ਡਾਢੇ ਹੋ ਉਦਾਸ
ਨਾਨਕ ਦਾ ਮੋਹ ਘਰ ਵਿਚ ਕਿਵੇਂ ਜਗਾਈਏ ਖ਼ਾਸ।
ਕਿੱਤੇ ਮੰਨੇ ਜਾਣ ਜੋ ਉਪਜੀਵਕਾ ਦੇ ਚਾਰ
ਵਾਹੀ, ਹੱਟੀ, ਨੌਕਰੀ, ਚੌਥਾ ਹੈ ਵਪਾਰ।



UNISTAR BOOKS PVT LTD. Unistar Books Pvt Ltd.

ਆਖ਼ਰ ਤ੍ਰਿਪਤਾ ਮੋਹ ਵਿਚ ਆਖਿਆ, ਨਾਨਕ ਬਾਲ!
"ਖ਼ੁਸ਼ ਹੋਊ ਦਿਲ ਬੱਚਿਆ! ਬਣੇ ਮੱਝੀਆਂ ਦਾ ਚਰਵਾਲ।"
ਤਾਣ ਕੇ ਚਾਦਰ ਸੌਂ ਰਹੇ ਭੋਜਨ ਖਾਵਣ ਸਾਰ
"ਪੁੱਤਰ ਨਾਨਕ! ਉੱਠੋ!" ਕਿਹਾ ਕਾਲੂ ਤੜਕਸਾਰ।

ਹੁਕਮ ਮੰਨਦਿਆਂ ਮਾਤ-ਪਿਤਾ ਨਾਨਕ ਹੋਏ ਤਿਆਰ
ਦੁੱਧ ਚਿੱਟਾ ਗਲ਼ ਕੁੜਤਾ ਬੰਨ੍ਹ ਪਟਕਾ ਸਿਰ ਦੁਆਲ।
ਮੱਥਾ ਚੁੰਮ ਕੇ ਮਾਤ ਜੀ ਬੋਲੀ ਧੀਮੀ ਤੋਰ
"ਜਾਓ, ਚਰਾਓ ਮੱਝੀਆਂ ਰੱਖਣਾ ਪੂਰੀ ਗ਼ੌਰ।"
ਜਾਂਦੇ ਹੋਏ ਬਾਲ ਦੇ ਖੂੰਡੀ ਹੱਥ ਫੜਾ
ਨਾਲ਼ ਅਸੀਸਾਂ ਤੋਰਿਆ ਨਾਨਕ ਵੱਲ ਚਰਗਾਹ।
ਕੁਝ ਨਿੱਕੇ ਕੁਝ ਵੱਡਿਆਂ ਹਾਣੀ ਬਾਲਾਂ ਨਾਲ਼
ਵੱਗ ਚਰਾਉਂਦੇ ਸਾਂਭਦੇ ਆਪਣੀ ਵਾਰੀ ਨਾਲ਼।
ਵੱਗ ਚਰਾ ਕੇ ਮੁੜਨ ਜਦ ਬਾਲ-ਰੂਪ ਚਰਵਾਲ
ਕਾਲੂ ਮਨ ਸੰਤੋਖ ਹੋਏ ਤਕ-ਤਕ ਹੋਏ ਨਿਹਾਲ।
ਕਈ ਦਿਨਾਂ ਤੱਕ ਚਲਦੀ ਰਹੀ ਏ ਨਿੱਤ ਦੀ ਕਾਰ
ਮੋਹ ਪਿਆ ਨਾਨਕ ਤਦੋਂ ਹਾਣੀ ਮੰਝੂਆਂ ਨਾਲ਼।

ਇਕ ਵੇਰਾਂ ਵੱਗ ਚਾਰਨੇ ਪੁੱਜੇ ਨਾਨਕ ਚਰਵਾਲ
ਚਰਨ ਲਈ ਛੱਡ ਜੂਹ ਵੱਗ ਡੁੱਬੇ ਕਿਸੀ ਖ਼ਿਆਲ।
ਤਾਜ਼ਾ ਪੌਣ ਸੀ ਰੁਮਕਦੀ ਪੈਂਦੇ ਚਿੱਤ ਹਿਲੌਰ
ਚਾਰ ਰਹੇ ਸੀ ਮੱਝੀਆਂ ਕਈ ਵਡੇਰੇ ਛੋਹਰ।
ਖੁੱਲ੍ਹੀ ਜੂਹ 'ਚ ਮਸਤ ਹੋ ਮੱਝਾਂ ਰਹੀਆਂ ਚਰ
ਠੰਢੀ ਥਾਂ ਨਿਵੇਕਲੀ ਜਾ ਬੈਠ ਰਹੇ ਗੁਰੂਵਰ।
ਹਰੀ-ਭਰੀ ਸੁੰਦਰ ਪੈਲ਼ੀ ਤੱਕ ਮੱਝਾਂ ਪੁੱਜੀਆਂ ਜਾ
ਪਲਾਂ-ਖਿਣਾਂ ਵਿਚ ਚਟਮ ਕਰ ਖੇਤ ਜੋ ਗਈਆਂ ਖਾ।

ਉੱਜੜੀ ਪੈਲ਼ੀ ਤੱਕ ਕੇ ਜੱਟ ਹੋਇਆ ਹਲਕਾਨ
ਬਾਹਾਂ ਉੱਚੀਆਂ ਕਰਕੇ ਲੱਗਾ ਰੌਲ਼ਾ ਪਾਣ।
"ਕਾਲੂ ਬਾਬੇ ਮੱਝੀਆਂ ਖੇਤ ਲਿਆ ਸਭ ਖਾ
ਭੂਤਰੀਆਂ ਕਿੰਝ ਬੈਠੀਆਂ! ਪੈਲ਼ੀ ਡੇਰਾ ਲਾ।"
ਸ਼ੋਰ ਸੁਣ ਅੱਖਾਂ ਖੁੱਲ੍ਹੀਆਂ ਨਾਨਕ ਪੁੱਜੇ ਆ
ਮੱਝਾਂ ਕੱਢ ਕੇ ਖੇਤ 'ਚੋਂ ਮੁੱਖੋਂ ਬਚਨ ਕਿਹਾ।
"ਰੱਬ ਦੇ ਜੀਅ ਨੇ ਖਾ ਗਏ ਪੈਲ਼ੀ ਦੇ ਦੋ ਕੱਖ
ਬਰਕਤ ਸਾਈਂ ਪਾਊਗਾ ਸਬਰ ਤਾਂ ਥੋੜ੍ਹਾ ਰੱਖ।"

UNISTAR BOOKS PVT LTD.
Unistar Books Pvt Ltd.

ਜੱਟ ਬੋਲਿਆ, "ਕਾਹਦੇ ਲਈ ਘੋਟੀ ਜਾਵੇਂ ਗਿਆਨ
ਚੱਲ ਕੇ ਰਾਏ ਬੁਲਾਰ ਦੇ ਪੂਰਾ ਕਰ ਨੁਕਸਾਨ।"
ਇਹ ਕਹਿੰਦਿਆਂ ਜੱਟ ਨੇ ਮੱਝਾਂ ਮੂਹਰੇ ਲਾ
ਬਾਹੋਂ ਫੜ੍ਹ ਕੇ ਨਾਨਕ ਨੂੰ ਤੁਰਿਆ ਹਾਕਮ ਰਾਹ।

ਪਲੋ-ਪਲੀ ਵਿਚ ਲੱਗ ਗਈ ਦਰ ਹਾਕਮ ਦੇ ਭੀੜ
ਮਗਰੇ-ਮਗਰ ਆ ਗਏ ਲੋਕੀਂ ਘੱਤ ਵਹੀਰ।
ਉੱਚੇ ਇਕ ਪਲੰਘ 'ਤੇ ਬੈਠਾ ਰਾਏ ਬੁਲਾਰ
ਢਾਸਣਾ ਲਾਈ ਪੱਟ ਦਾ ਗੋਲ ਸਿਰਹਾਣੇ ਨਾਲ਼।
ਸਿਰ 'ਤੇ ਝੂਲੇ ਛਤਰ ਉਸ ਵਿਚ ਰਈਸੀ ਸ਼ਾਨ
ਇਰਦੇ-ਗਿਰਦੇ ਖ਼ਿਦਮਤੀ ਪੱਖੇ ਪਏ ਝੁਲਾਣ।
ਤੱਕੀ ਰਾਏ ਬੁਲਾਰ ਜੋ ਦੂਰੋਂ ਆਉਂਦੀ ਭੀੜ
ਤੁਰੇ ਆਂਵਦੇ ਨਾਲ਼ ਹੀ ਨਾਨਕ ਸ਼ਾਂਤ ਗੰਭੀਰ।
ਰਾਏ ਬੁਲਾਰ ਸਮੀਪ ਆ ਬੋਲਿਆ ਜੱਟ ਕਿਸਾਨ
ਤਪੇ ਦਿਲੋਂ ਉਹਨੇ ਦੱਸਿਆ ਹੋਇਆ ਖੇਤ ਵੀਰਾਨ।
ਭੂਸਰੀਆਂ ਮੱਝੀਆਂ ਪੈਲ਼ੀ ਪੈਰਾਂ ਹੇਠ ਲਿਤਾੜ
ਪਲੀਂ-ਖਿਨੀਂ ਚਟਮ ਕਰ ਦਿੱਤਾ ਖੇਤ ਉਜਾੜ।
ਰਾਏ ਬੁਲਾਰ ਨੇ ਤੱਕਿਆ ਨਾਨਕ ਵੱਲ ਅਣਭੋਲ਼
ਨੂਰੀ ਮੁੱਖੜਾ ਬਾਲ ਦਾ ਨਿਰਛਲ, ਸ਼ਾਂਤ, ਅਡੋਲ।
ਬੋਲੇ ਵਿਚ ਮਾਸੂਮੀਅਤ ਹੋਠਾਂ 'ਤੇ ਮੁਸਕਾਨ
"ਹਰਿਆ-ਭਰਿਆ ਖੇਤ ਹੈ ਕੁਝ ਨਾ ਹੋਇਆ ਵੀਰਾਨ।"

ਦੋ ਬੰਦੇ ਸੱਦ ਰਾਏ ਨੇ ਭੇਜੇ ਨਾਲ਼ ਕਿਸਾਨ
ਤੱਕਿਆ ਉਨ੍ਹਾਂ ਖੇਤ ਜਦ ਡਾਢੇ ਹੋਏ ਹੈਰਾਨ।
ਹਰੀਆਂ-ਭਰੀਆਂ ਲਗਰਾਂ ਝੂਮਣ ਵਿਚ ਹਵਾ
ਤੱਕਿਆ ਖੇਤ ਕਿਸਾਨ ਜਦ ਖੜ੍ਹੇ ਦਾ ਖੜ੍ਹਾ ਰਿਹਾ।
ਊਂਧੀ ਪਾਈ ਜਾ ਖੜ੍ਹਾ ਆਖ਼ਿਰ ਰਾਏ ਕੋਲ਼
"ਬਖ਼ਸ਼ੋ! ਜੋ ਇਸ ਬਾਲ ਨੂੰ ਬੋਲੇ ਉੱਚੇ ਬੋਲ।
ਤੱਕਣ ਨੂੰ ਚਰਵਾਲ ਇਹ ਅੱਲਾਹ ਦੀ ਇਸ ਰੱਖ
ਹਰਿਆ-ਭਰਿਆ ਖੇਤ ਹੈ ਘਟਿਆ ਨਾ ਇਕ ਕੱਖ।
ਮਾਲਕ ਦੇ ਇਨ ਜੀਅ ਨੂੰ ਤੱਕ ਨਾ ਸਕੀ ਅੱਖ
ਅੱਲਾਹ ਦੇ ਉਸ ਕਰਮ ਨੂੰ ਕੌਣ ਏ ਸਕਿਆ ਲਖ!"
ਅਤਿ ਸ਼ਰਧਾ ਦੇ ਨਾਲ਼ ਉਸ ਤੱਕਿਆ ਨਾਨਕ ਵੱਲ
ਗਲ ਭਰ ਆਇਆ ਓਸ ਦਾ ਕਰ ਨਾ ਸਕਿਆ ਗੱਲ।

UNISTAR BOOKS PVT LTD
Unistar Books Pvt
Unistar Books Pvt Ltd.
UNISTAR BOOKS PVT LTD

UNISTAR BOOKS PVT LTD.

ਤਿੰਨ ਵਾਰ ਸੁਬਾਹਨੱਲਾ! ਆਖਿਆ ਰਾਏ ਬੁਲਾਰ
ਸੋਚੇਂ ਮਨ 'ਚ ਅੱਲਾਹ ਦਾ ਇਹ ਕੇਹਾ ਚਮਤਕਾਰ!!
ਪੁੱਛਿਆ ਨੂਰੀ ਬਾਲ ਨੂੰ "ਇਸ ਪਿੱਛੇ ਕੀ ਭੇਤ ?
ਉੱਜੜਨ ਮਗਰੋਂ ਕਿਸ ਤਰ੍ਹਾਂ ਹਰਿਆ ਹੋਇਆ ਖੇਤ।"
"ਸਾਈਂ ਘਰ ਨਾ ਘਾਟ ਹੈ" ਗੁਰ ਕਿਹਾ ਠਰ੍ਹੰਮੇ ਨਾਲ਼
ਹਰਿਆ-ਭਰਿਆ ਖੇਤ ਹੈ ਉਸ ਦੀ ਕਿਰਪਾ ਨਾਲ਼।
ਤੇਰ-ਮੇਰ ਝਗੜਾ ਨਹੀਂ ਪਸ਼ੂਆਂ ਦੇ ਵਿਚਕਾਰ
ਪਰ ਬੰਦੇ ਦਾ ਜਾਨਵਰਾਂ ਤੋਂ ਵੱਖਰਾ ਹੀ ਵਿਵਹਾਰ।
ਮੇਰੀ ਪੈਲ਼ੀ, ਖੇਤ, ਘਰ, ਪੱਕਾ ਸਮਝ ਮੁਕਾਮ
ਮੂਰਖ ਇਹ ਨਹੀਂ ਜਾਣਦਾ ਛੱਡਣਾ ਪਊ ਜਹਾਨ!!"

Unistar Books Pvt Ltd.

ਬੀਤੇ ਸੀ ਕੁਝ ਦਿਨ ਹੀ ਕਾਲੂ ਸੱਦ ਕਿਹਾ
"ਖੇਤਾਂ ਦੇ ਵਿਚ ਜਾਇਕੇ ਫੇਰਾ ਲਾਉ ਜ਼ਰਾ।
ਹਾਲ਼ੀ-ਪਾਲ਼ੀ ਸਭ ਨੇ ਗੋਡਣ ਗਏ ਜ਼ਮੀਂ"
ਬਾਬਾ ਵੀ ਮੰਨ ਖੇਤ ਵਿਚ ਪੁੱਜਾ ਰਵਾਂ-ਰਵੀਂ।
ਖੰਭਾਣੀ ਹੱਥ ਫੜ ਕੇ ਖੇਤੀਂ ਫੇਰਾ ਦੀਨ
ਸੁਰਤੀ ਵਿਚ ਅਕਾਲ ਦੇ ਕੰਮ 'ਚ ਹੋਏ ਲੀਨ।
ਥੱਕ-ਟੁੱਟ ਕੇ ਜਾ ਪਏ ਸੰਘਣੇ ਰੁੱਖ ਦੀ ਛਾਂ
ਗੂੜ੍ਹੀ ਨੀਂਦ ਸੌਂ ਗਏ ਮਾਣਦੇ ਸੀਤ ਹਵਾ।
ਕੋਲ਼ੋਂ ਦੀ ਲੰਘ ਰਹੇ ਸੀ ਜਦ ਰਾਏ ਭੋਂਇ ਅਵਤਾਰ
"ਕੌਣ ਸੌਂ ਰਿਹਾ ਸੁਬਹ ਪਹਿਰ" ਪੁੱਛਿਆ ਰਾਏ ਬੁਲਾਰ।
ਨੌਕਰ ਝੱਟ ਹੀ ਬੋਲਿਆ, "ਸੁੱਤੈ ਬੇਦੀ ਲਾਲ"
"ਸੌਣ ਦਿਓ" ਕਹਿ ਤੁਰ ਪਏ ਰਾਏ ਆਪਣੀ ਚਾਲ।
ਸਾਰਾ ਦਿਨ ਸੁੱਤੇ ਰਹੇ ਦੀਨ ਦੁਨੀ ਦੇ ਸ਼ਾਹ
ਦੁਨਿਆਵੀ ਕੰਮ ਕਾਰ ਤੋਂ ਸੁੱਤੇ ਬੇ-ਪਰਵਾਹ।

ਫ਼ਸਲਾਂ ਪੱਕ ਸੀ ਹੋਈਆਂ ਵਾਢੀ ਲਈ ਤਿਆਰ
ਪੈਲ਼ੀਆਂ ਦੀ ਪੈਮਾਇਸ਼ ਹਿਤ ਪੁੱਜੇ ਰਾਏ ਬੁਲਾਰ।
ਖੇਤ ਸੀ ਹਾੜੇ ਜਾ ਰਹੇ ਲਾਉਣ ਲਈ ਲਗਾਨ
ਅਹਿਲਕਾਰ, ਪੈਮਾਇਸ਼ ਕਰਕੇ ਡਾਢੀ ਹੋਈ ਥਕਾਨ।
ਪਹਿਰ ਕੁ ਦਿਨ ਛਿਪਣੋਂ ਪਹਿਲਾਂ ਰਾਏ ਲੰਘੇ ਜਦ
ਓਵੇਂ ਜਿਵੇਂ ਸੀ ਸੌਂ ਰਹੇ ਨਾਨਕ ਓਦੋਂ ਤੱਕ।
ਕੀ ਤਕਦੇ ਨੇ ਹੋਰ ਬਿਰਖਾਂ ਦੀ ਢਲ਼ ਚੁੱਕੀ ਛਾਂ
ਪਰ ਜਿਥੇ ਨਾਨਕ ਸੁੱਤਾ ਧੁੱਪ ਦਾ ਸੀ ਟਿਕਾਅ।



UNISTAR BOOKS PVT LTD.

ਕਾਦਰ ਦਾ ਤੱਕ ਜਲਵਾ ਰਾਏ ਹੋਏ ਹੈਰਾਨ
'ਸੁਬਹਾਨ ਤੇਰੀ ਕੁਦਰਤ' ਆਖ ਵਾਰੇ-ਵਾਰੇ ਜਾਣ।
ਅਜ਼ਮਤ ਦੀ ਰੁਸ਼ਨਾਈ ਸਨਮੁਖ ਖੜ੍ਹੇ ਰਾਏ ਬੁਲਾਰ
'ਵਾਹ! ਵਾਹ!' ਕਹ ਨਾਨਕ ਉੱਠ ਬੋਲੇ 'ਸਤ ਕਰਤਾਰ'।
ਨਾਨਕ ਕਿਹਾ, "ਰਾਏ ਜੀ! 'ਭਲਾ ਕਰੇ ਖੁਦਾਇ'
ਰਾਗ ਗਉੜੀ ਬੈਰਾਗਣ ਵਿਚ ਦਿੱਤਾ ਸ਼ਬਦ ਅਲਾਏ।
"ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ॥
ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ॥
ਨਾਮੁ ਨ ਜਾਨਿਆ ਰਾਮ ਕਾ॥
ਮੂੜੇ ਫਿਰਿ ਪਾਛੈ ਪਛੁਤਾਹਿ ਰੇ॥੧॥ ਰਹਾਉ॥" (**ਗੁਰੂ ਗ੍ਰੰਥ**, ਪੰਨਾ 156)

ਪਰਮਾਰਥ ਇਸ ਜੀਵ ਦੀ ਸੁੱਤਿਆਂ ਬੀਤੇ ਰਾਤ
ਖਾਓ-ਪੀਓ ਵਿਚ ਬੀਤਦਾ ਹੀਰਾ ਜਨਮ ਸੌਗ਼ਾਤ।
ਮਾਇਆ ਮੋਹ ਭ੍ਰਮ ਭੁੱਲਿਆ ਫਿਰਦਾ ਵਿਚ ਅਗਿਆਨ,
ਝੂਠੀ ਮਾਇਆ ਸੰਚ ਕੇ ਕੂੜ ਕਰੇ ਅਭਿਮਾਨ। Unistar Books Pv
ਬੇਖ਼ਬਰ ਪਰ ਉਸ ਤੋਂ ਜਿਸ ਦਾ ਨਾਮ ਅਮੁਲ
ਪੂਰੀ ਕਾਇਨਾਤ 'ਚੋਂ ਕੋਇ ਨ ਉਸਦੇ ਤੁਲ।
'ਮੇਰੇ 'ਤੇ ਵੀ ਮਿਹਰ ਕਰੋ', ਬੋਲੇ ਭੋਇੰ ਰਾਏ
'ਦੀਨ ਦੁਨੀ ਵਿਚ ਪਤ ਰਖੁ' ਨਾਨਕ ਕਿਹਾ ਅਲਾਏ।
ਕਾਲੂ ਕੋਲੇ ਪੁੱਜ ਕੇ ਆਖਿਆ ਰਾਏ ਬੁਲਾਰ:
"ਮਤੁ ਏਸ ਪੁਤ੍ਰ ਨੋ ਦੇਦਾਂ ਹੋਏ ਫਿਟਕਾਰ॥
ਏਹ ਤਾਂ ਕੋਈ ਬਜ਼ੁਰਗ ਹਈ ਕੋਈ ਗਓਂਸ ਖ਼ੁਦਾਇ
ਏਸੇ ਦੇ ਸਦਕੇ ਮੇਰਾ ਸ਼ਹਿਰ ਵਸੰਦਾ ਆਹਿ॥
ਖਿਜ਼ਮਤ ਹੀ ਕਰਦਾ ਰਹੁ ਅਜ਼ਮਤ ਭਰਿਆ ਆਇ॥"
ਕਾਲੂ ਆਖਿਆ, "ਜੀ ਜਾਣੈ! ਖ਼ੁਦਾਇ ਦੀਆਂ ਖ਼ੁਦਾਇ!!"

ਫਿਰ ਇਕ ਦਿਨ ਬਾਬਾ ਨਾਨਕ ਹਾਣੀ ਮੰਝੂਆਂ ਨਾਲ਼,
ਚਾਰਨ ਹਿਤ ਵੱਗ ਛੱਡਿਆ ਥਾਂ ਘਣੀ ਹਰਿਆਲ।
ਹਾੜ੍ਹ ਮਹੀਨਾ ਤਪਦਾ ਸੀ ਕਹਿਰੀ ਜੀਕੂੰ ਭੱਠ
ਬਹਿਣ ਲਈ ਸੀ ਲੱਭਦਾ ਹਰ ਜੀਅ ਠੰਢੀ ਗੁੱਠ।
ਆਲ੍ਹਣਿਆਂ ਵਿਚ ਪੰਖਣੂ ਆਪਾ ਰਹੇ ਲੁਕੋ
ਫੁੜਕਣ ਕੁਝ ਅਕਾਸ਼ ਤੋਂ ਲੱਗਦੇ ਤੱਤੀ ਲੋਅ।
ਲਾਗੇ ਹੀ ਇਕ ਬਿਰਖ਼ ਦੀ ਡਾਢੀ ਸੰਘਣੀ ਛਾਂ
ਕਰੜੇ ਬਰੜੇ ਘਾਹ 'ਤੇ ਨਾਨਕ ਬੈਠੇ ਜਾ।

UNISTAR BOOKS PVT LTD.
Unistar Books Pvt Ltd.
UNISTAR BOOKS PVT LTD.

ਭੂਰੀਆਂ, ਕਾਲ਼ੀਆਂ, ਗੱਭਣਾਂ ਮੱਠੀ ਤੋਰ ਨਾਲ਼
ਚਰ ਰਹੀਆਂ ਸੀ ਵੇਗ ਵਿਚ ਹਿੱਲੇ ਪੂਛਲ ਤਾਲ।
ਬੂਥੀ ਮਾਰਨ ਘਾਹ ਜਣ ਟੁਣਕਣ ਗਲ਼ ਤਵੀਤ
ਚਮਕਣ ਪਿੰਡੇ ਧੁੱਪ ਵਿਚ ਪਲ਼ੀਆਂ ਨਾਲ਼ ਪਰੀਤ।
ਖੁੱਲ੍ਹਾ ਚਰਦਾ ਵੱਗ ਛੱਡ ਅੱਖਾਂ ਗਈਆਂ ਮੁੰਦ
ਬੇਪਰਵਾਹ ਦੇ ਰੰਗ ਵਿਚ ਖੋਏ ਸ਼ਾਂਤ ਸਮੁੰਦ।
ਸੂਰਜ ਪਾਸੇ ਹੋਣ 'ਤੇ ਹੋਈ ਛਾਂ ਦੋਫਾੜ
ਨੂਰੀ ਮੁੱਖੜਾ ਬਾਲ ਸੀ ਸੂਰਜ ਰਿਹਾ ਨਿਹਾਰ।
ਬਦਲਣ ਰੁੱਤਾਂ ਖਿੱਤੀਆਂ ਬਦਲੇ ਧੁੱਪ ਤੇ ਛਾਂ
ਕੁਦਰਤ ਦਾ ਇਹ ਨੇਮ ਹੈ ਥਿਰ ਨਾ ਰਹੇ ਸਮਾਂ।

ਪਰਤ ਰਹੇ ਸੀ ਲਾਗਲੇ ਪਿੰਡੋਂ ਰਾਏ ਬੁਲਾਰ
ਘੋੜਾ ਹਿਣਕਿਆ ਚਾਣਚੱਕ ਰੁਕਿਆ ਪੋਖੜ ਮਾਰ।
ਚਕ੍ਰਿਤ ਹੋਇਆ ਤੱਕ ਕੇ ਕੌਤਕ ਰਾਏ ਬੁਲਾਰ
ਰੱਬੀ ਮੌਜ 'ਚ ਸੌਂ ਰਿਹਾ ਧੁੱਪੇ ਕਾਲੂ ਬਾਲ।
ਧੁੱਪ ਤੋਂ ਮੁੱਖ ਬਚਾਉਣ ਹਿਤ ਅੰਦਰ ਰੱਖ ਠਹਿਰਾਅ
ਫਣ ਖਿਲਾਰੇ ਨਾਗ ਇਕ ਸਿਰੇ 'ਤੇ ਸੀ ਖੜ੍ਹਾ।
ਪਹਿਲੋਂ ਵੀ ਸੀ ਜਾਣਿਆ ਉਸ ਨਾਨਕ ਬਾਰੇ ਅਜਬ
ਅੱਖੀਂ ਡਿੱਠਾ ਮੁੜ ਉਸ ਰੂਪ ਇਲਾਹੀ ਗ਼ਜ਼ਬ।
ਕਹਿੰਦੇ ਨੇ ਡੰਗ ਮਾਰਨੇ ਹਿਤ ਪਹਿਲ ਨਾ ਕਰਦਾ ਨਾਗ,
ਖ਼ਤਰਾ ਭਾਂਪ ਕੇ ਡੰਗਦਾ ਖ਼ੁਦ ਬਚਾਉਣ ਨੂੰ ਆਪ।
ਰਾਏ ਅੰਦਰ ਉਪਜਿਆ ਭੈਅ ਸੁੱਤਾ ਤੱਕ ਕੇ ਬਾਲ
"ਤੱਕਾਂ! ਨੇੜੇ ਜਾਇਕੇ, ਜੋ ਕੁਝ ਹੋਸ਼ ਹਵਾਲ।"
ਨੌਕਰਾਂ ਚਾਕਰਾਂ ਨਾਲ਼ ਜਦ ਵਧਿਆ ਰਾਏ ਬੁਲਾਰ
ਸਾਹਵਿਓਂ ਆਉਂਦੀ ਭੀੜ ਤੱਕ ਨਾਗ ਹੋਇਆ ਹੁਸ਼ਿਆਰ।
ਜਦ ਤੱਕ ਰਾਏ ਬੁਲਾਰ ਜੀ ਪੁੱਜੇ ਨਾਨਕ ਕੋਲ਼
ਨਾਗ ਹੋਇਆ ਛਾਈਂ-ਮਾਈਂ ਕਿਧਰੇ ਅੱਖ ਦੇ ਫੋਰ।

ਝੱਟ ਉੱਠ ਬੈਠੇ ਬਾਲ ਗੁਰ ਚਿਹਰੇ 'ਤੇ ਮੁਸਕਾਨ
ਸਾਹਵੇਂ ਤੱਕ ਬੁਲਾਰ ਨੂੰ ਕੀਤਾ ਗੁਰ ਪਰਣਾਮ।
ਫ਼ੌਰਨ ਉੱਤਰਿਆ ਘੋੜਿਉਂ ਨੇੜੇ ਆ ਬੁਲਾਰ
ਨਾਨਕ ਨੂੰ ਗਲ਼ ਲਾਇਕੇ ਸੀਨੇ ਪਾਈ ਠਾਰ।
ਗੱਲਾਂ ਹੋਈਆਂ ਬਾਰ ਵਿਚ ਨਰ ਨਾਰੀ ਵਿਚਕਾਰ
'ਅਚਰਜ ਰੂਪ ਖ਼ੁਦਾਇ ਦਾ ਇਹ ਨੂਰੀ ਚਰਵਾਲ।'



UNISTAR BOOKS PVT LTD.
Unistar Books Pvt Ltd.

## ਬੇਬੇ ਨਾਨਕੀ

ਧੰਨ ਧੰਨ ਬੇਬੇ ਨਾਨਕੀ ਗਹਿਰ ਗੰਭੀਰ ਸੁਜਾਣ
ਪਰਮ ਪੁਰਖ ਦੀ ਭੈਣ ਦਾ ਮਿਲਿਆ ਜੀਹਨੂੰ ਮਾਣ।
ਤ੍ਰਿਪਤਾ ਮਾਂ ਦੀ ਲਾਡਲੀ ਸੁੱਘੜ ਸਿਆਣੀ ਧੀ
ਕਾਲੂ ਕੁਲ ਦੀ ਸ਼ਾਨ ਸੀ ਮੋਹ ਲੈਂਦੀ ਹਰ ਜੀਅ।
ਘਰ ਦੇ ਕੰਮਾਂ ਵਿਚ ਸੀ ਡਾਢੀ ਉਹ ਨਿਪੁੰਨ
ਦਇਆਵਾਨ, ਮਿੱਠ-ਬੋਲੜੀ ਅੰਦਰ ਨਾਮ ਦੀ ਧੁਨ।
ਨਾਨਕ ਅਤੇ ਨਾਨਕੀ ਦਾ ਸੀ ਅਤੁੱਟ ਪਿਆਰ
ਜਾਣਦੀ ਸੀ ਉਸ ਵੀਰ ਹੈ ਕਲ-ਜੁਗ ਤਾਰਨਹਾਰ।
ਨਾਨਕ ਸਿਰ 'ਤੇ ਹੱਥ ਰੱਖ ਵੱਡੀਆਂ ਭੈਣਾਂ ਹਾਰ
ਪਰਦੇ ਸੀ ਕੱਜ ਲੈਂਵਦੀ ਖੜ੍ਹ ਜਾਂਦੀ ਬਣ ਢਾਲ਼।

ਪਤਾ ਨਾ ਲਗਦਾ ਮਾਪਿਆਂ ਕਦ ਧੀਆਂ ਹੋਣ ਜਵਾਨ
ਡੋਲੀ ਪਾ ਕੇ ਤੋਰਨ ਦੀ ਚਿੰਤਾ ਘੇਰੇ ਦਿਲ ਆਣ।
ਤੀਖਣ ਬੁੱਧ ਤੇ ਛੈਲ ਛਬੀਲਾ ਨੌਜਵਾਨ ਜੈ ਰਾਮ
ਦੌਲਤ ਖ਼ਾਂ ਨਵਾਬ ਦਾ ਸੀ ਵਫ਼ਾਦਾਰ ਦੀਵਾਨ।
ਰਾਏ ਬੁਲਾਰ ਨੂੰ ਜੱਚਿਆ ਨਾਨਕੀ ਜੀ ਲਈ ਵਰ
ਝੱਟ ਜਾ ਪੁੱਜਾ ਦੱਸਣੇ ਨੂੰ ਪਟਵਾਰੀ ਦੇ ਘਰ।
ਤੱਕੋ! ਪਿੰਡ ਦੇ ਹਾਕਮ ਦਾ ਕੇਹਾ ਸੋਹਣਾ ਕਿਰਦਾਰ
ਪਿੰਡ ਦੀ ਧੀ ਲਈ ਰੱਖਦਾ, ਜੋ ਡਾਢਾ ਸਤਿਕਾਰ।
ਰਾਏ ਬੁਲਾਰ ਦੀ ਗੱਲ ਸੁਣ ਕਾਲੂ ਹੋਏ ਪ੍ਰਸੰਨ
ਯੋਗ ਵਰ ਲੱਭ ਪੈਣ 'ਤੇ ਮਾਂ ਤ੍ਰਿਪਤਾ ਹੋਈ ਧੰਨ।
ਜੰਞ ਲੈ ਕੇ ਜੈ ਰਾਮ ਜੀ ਤਲਵੰਡੀ ਪੁੱਜੇ ਆ
ਸ਼ਗਨਾਂ ਚਾਵਾਂ ਨਾਲ਼ ਹੋਇਆ ਨਾਨਕੀ ਜੀ ਦਾ ਵਿਆਹ।
ਡੋਲੀ ਗਈ ਸੁਲਤਾਨਪੁਰ ਵਾਜਿਆਂ-ਗਾਜਿਆਂ ਨਾਲ਼
ਸ਼ੁਭ ਗੁਣਾਂ ਦਾ ਦਾਜ ਘਰੋਂ ਬੇਬੇ ਲੈ ਗਈ ਨਾਲ਼।
ਵਿਆਹ ਮਗਰੋਂ ਵੀ ਨਾਨਕ ਘਰ ਪੇਕੀਂ ਗੇੜਾ ਲਾ
ਜਾਂਦੀ ਸਦਕੜੇ ਵੀਰ ਤੋਂ ਮਨ 'ਚ ਰੱਖ ਉਮਾਹ।
ਭੈਣ ਭਣੋਈਏ ਦਾ ਨਾਨਕ ਕਰਦੇ ਸੀ ਸਤਿਕਾਰ
ਜੈ ਰਾਮ ਦਾ ਹਿਤ ਵੀ ਸੀ ਡਾਢਾ ਨਾਨਕ ਨਾਲ਼।

UNISTAR BOOKS PVT LTD.
Unistar Books Pvt
Unistar Books Pvt Ltd.
UNISTAR BOOKS PVT LTD.

## ਨਾਨਕ ਦਾ ਵਿਆਹ

ਗ੍ਰਹਿਸਥੀ ਜੀਵਨ ਤੋਰਦਾ ਇਕ ਸੰਤੁਲਿਤ ਸਮਾਜ
ਡੋਰ ਮੁਹੱਬਤ ਬੱਝਦੀ ਸੁਰ ਕਰ ਜੀਵਨ ਸਾਜ਼।
ਸਕਲ ਧਰਮ 'ਚੋਂ ਮੰਨਦੇ ਗ੍ਰਹਿਸਥ ਜੀਵਨ ਪਰਧਾਨ
ਬਾਕੀ ਸਭ ਇਸ ਦਰ 'ਤੇ ਭਰਦੇ ਪੇਟ ਨੇ ਆਣ।
ਨਾਨਕ ਵੀ ਤਾਂ ਚਾਹੁੰਦੇ ਸੀ ਚੰਗੀ ਜੀਵਨ ਜੁਗਤ
ਐਸਾ ਨਹੀਂ ਉਦੇਸ਼ ਸੀ ਰਹਿਣਾ ਚਾਹਣ ਵਿਰੱਕਤ।
ਭਾਵੇਂ ਨਾਨਕ ਖ਼ੁਸ਼ ਸਨ ਸਾਥ 'ਚ ਸਾਧੂ ਸੰਗ
ਕਥ-ਕਹਾਣੀ ਅਗ਼ਮ ਦੀ ਨਿੱਤ ਨਵੇਂ ਪਰਸੰਗ।
ਪਹਿਨਣ ਖਾਣ ਦਾ ਸ਼ੌਂਕ ਨਾ ਰੱਖੇ ਪੁੱਤ ਜਵਾਨ
ਕੁਦਰਤੀ ਐ ਕਿ ਮਾਪਿਆਂ ਨੂੰ ਚਿੰਤਾ ਘੇਰੇ ਆਣ।
ਵੱਗ ਚਾਰਨੋਂ ਵੀ ਜਦੋਂ ਹੋਏ ਨਾਨਕ ਬੇਪਰਵਾਹ
ਕਾਲੂ ਡਾਢਾ ਖੱਪਿਆ ਤੱਕ ਪੁੱਤਰ ਦਾ ਰਾਹ।
ਪੁੱਤਰਾਂ ਦੀ ਹੁੰਦੀ ਸਦਾ ਮਾਪਿਆਂ ਨੂੰ ਪਰਵਾਹ
ਰਸ ਭਿੰਨਾ ਇਹ ਗੱਭਰੂ ਪੈ ਨਾ ਜਾਏ ਕੁਰਾਹ।
ਏਦਾਂ ਦੀ ਪ੍ਰਸਥਿਤੀ ਵਿਚ ਆਪਣੇ ਆਉਂਦੇ ਕੰਮ
ਥੱਕੇ-ਹਾਰੇ ਮਨ ਵਿਚ ਭਰਦੇ ਚਾ ਆ ਦਮ।
ਲਾਲੂ ਤੇ ਜੈ ਰਾਮ ਜੀ ਘਰ ਸਦਾਏ ਤਦ
ਕਾਲੂ ਦੁਖੀਏ ਮਨ ਦੀ ਦੱਸੀ ਬਿਰਥਾ ਸਭ।
ਕਾਲੂ ਤਾਈਂ ਸਾਕ ਦੀ ਜੋ ਦੱਸ ਪਾਈ ਜੈ ਰਾਮ
ਸੁਣਦੇ ਸਾਰ ਹੀ ਸਭਨਾਂ ਹੋਈ ਖ਼ੁਸ਼ੀ ਤਮਾਮ।

ਮੂਲਾ ਚੌਣਾ ਖੱਤਰੀ ਵਿਚ ਬਟਾਲੇ ਵਾਸ
ਪੱਖੋਂ ਕੇ ਰੰਧਾਵਿਆਂ ਦਾ ਸੀ ਪਟਵਾਰੀ ਖ਼ਾਸ।
ਸੋਹਣੀ ਧੀ ਸੁਲੱਖਣੀ ਸਦਗੁਣਾਂ ਦੀ ਖਾਣ
ਲਹਿਰਾਂ ਬਹਿਰਾਂ ਘਰ ਵਿਚ ਖ਼ੁਸ਼ੀਆਂ ਸੋਹਲੇ ਗਾਣ।
ਧੀ ਇਕਲੌਤੀ ਮਾਪਿਆਂ ਮਿੱਠਾ ਨਿਮਰ ਸੁਭਾਅ
ਵਰ ਮਿਲਣ 'ਤੇ ਮਾਪਿਆਂ ਨੂੰ ਹੋਈ ਖ਼ੁਸ਼ੀ ਅਥਾਹ।
ਸੋਹਣੇ ਸਾਕ ਦੀ ਗੱਲ ਸੁਣ ਜੋ ਤਿੰਨਾਂ ਕੀਤੀ ਹਾਂ
ਘਰ ਮੂਲੇ ਦਾ ਜੈ ਰਾਮ ਤਦ ਤੋਰੀ ਗੱਲ ਅਗਾਂਹ।
ਰਿਸ਼ਤੇ ਖ਼ਾਤਰ ਸੁਣਦਿਆਂ ਮੂਲੇ ਚੌਣੇ ਦੀ ਮਾਂ
ਉਮਡ ਉਮਡ ਆਇਆ ਸਭਨਾਂ ਦੇ ਮਨ ਚਾਅ।
ਨਾਨਕ ਦੇ ਮੰਗੇ ਹੋਇਆਂ ਵਰ੍ਹੇ ਗਏ ਦੋ ਬੀਤ

UNISTAR BOOKS PVT LTD.
Unistar Books Pvt Ltd.
Unistar Books Pvt Ltd.
UNISTAR BOOKS PVT LTD.

ਸਾਹਾ ਬੰਨ੍ਹ ਭੇਜੀ ਮੂਲੇ ਚਿੱਠੀ ਨਾਲ਼ ਪ੍ਰੀਤ।
ਵਿਆਹ ਸੰਬੰਧੀ ਜਨਮ ਸਾਖੀ ਵਿਚਲੇ ਜੋ ਪਰਮਾਣ
ਬਾਬੇ ਦੀ ਉਮਰਾ ਬਾਰੇ ਵੱਖੋ ਵੱਖ ਬਿਆਨ।
ਲੇਕਿਨ ਵਿਚ ਪੰਜਾਬ ਕੋਸ਼ ਦੂਜੀ ਜਿਲਦ ਅਨੁਸਾਰ
ਬਾਬਾ ਨਾਨਕ ਜੀਵਨ ਦੇ ਮੁੱਢਲੇ ਸਤਾਈ ਸਾਲ।
ਵਿਚ ਤਲਵੰਡੀ ਗੁਜ਼ਰੇ ਇਕ ਲਿਖਤ ਅਨੁਸਾਰ
ਨਾਨਕ ਦਾ ਵਿਆਹ ਵੀ ਵਿਚ ਹੋਇਆ ਸਾਂਦਲਬਾਰ।
ਵਿਚ ਤਲਵੰਡੀ ਧੁੰਮ ਪਈ ਖ਼ਬਰ ਵਿਆਹ ਦੀ ਜਾ
ਲੋਕੀਂ ਦੇਣ ਵਧਾਈਆਂ ਦੂਣ ਸਵਾਏ ਚਾਅ।
ਤਪੇ ਦੀਆਂ ਨਾਰੀਆਂ ਪੁੱਜੀਆਂ ਆ ਸਜ-ਧਜ
ਗਿੱਠ-ਗਿੱਠ ਚਿਹਰੇ ਲਾਲੀਆਂ ਅੱਖੀਆਂ ਦੇ ਲੱਜ।
ਗਲ਼ ਮਾਲਾਵਾਂ ਸੋਂਹਦੀਆਂ ਸਿਰ ਦੁਪੱਟੇ ਲਾਲ
ਨਿੰਮ੍ਹਾ-ਨਿੰਮ੍ਹਾ ਗਾਉਂਦੀਆਂ ਗੀਤ ਸ਼ਗਨ ਦੇ ਨਾਲ਼।
ਖੜ੍ਹੀ ਦਹਿਲੀਜ਼ੇ ਤ੍ਰਿਪਤ ਮਾਤ, ਨਾਨਕੀ ਚਾਵਾਂ ਨਾਲ਼,
ਜੀ ਆਇਆਂ ਕਹਿ ਲਿਆਂਵਦੀ ਅੰਦਰ ਮੱਠੀ ਚਾਲ।
ਕੁੱਲ ਬੇਦੀ ਅੰਗ ਸਾਕ ਜੋ 'ਕੱਠੇ ਹੋਏ ਆ
ਲੱਗੀਆਂ ਵਿਹੜੇ ਰੌਣਕਾਂ ਦੂਣ ਸਵਾਏ ਚਾਅ।
ਨਗਰ-ਖੇੜਾ ਵਿਆਹ ਦੀ ਰੋਟੀ ਆਇਆ ਖਾਣ
ਦਰ 'ਤੇ ਖੜ੍ਹੇ ਮੰਗਤੇ ਝੋਲ਼ੀਆਂ ਭਰ ਲਿਜਾਣ।
ਪੁੱਤ ਤੋਂ ਕਰ ਸਿਰ-ਵਾਰਨੇ ਕਾਲੂ ਲਾਗੀਆਂ ਦੀਨ
ਜੋ ਵੀ ਕੁਲ ਦੀ ਰਸਮ ਸੀ ਕਾਲੂ ਪੂਰੀ ਕੀਨ।
ਲੈ ਵਧਾਈ ਪੁੱਜਿਆ ਹਾਕਮ ਰਾਏ ਬੁਲਾਰ
ਪੁੱਤਾਂ ਵਾਂਗੂੰ ਹਿਤ ਸੀ ਰੱਖਦਾ ਨਾਨਕ ਨਾਲ਼।
ਨਾਨਕ ਮੱਥਾ ਟੇਕਿਆ ਵੱਡਿਆਂ ਪੈਰ ਛੁਹਾ
ਅੰਮੜੀ ਤੋਂ ਆਸੀਸ ਲੈ ਹੋਇਆ ਜੰਞ ਚੜ੍ਹਾਅ।
ਨਾਨਕ ਦਾਦਕ ਅੰਗ ਸਾਕ ਬੇਦੀ ਕੁਲ ਪਰਿਵਾਰ
ਗੱਡਿਆਂ ਘੋੜਿਆਂ ਰੱਥਾਂ 'ਤੇ ਤੁਰਿਆ ਹੋ ਅਸਵਾਰ।
ਜੰਞ ਬਟਾਲੇ ਜਿਸ ਥਾਂ ਹੋਇਆ ਜੰਞ ਢੁਕਾਅ
ਫ਼ਬਤ ਤੱਕਦਿਆਂ ਜੰਞ ਦੀ ਰੂਹ ਗਈ ਨਸ਼ਿਆ।
ਮਿਲਣੀ ਕਰਨੇ ਆ ਗਏ ਧੂੜ ਧੁੰਮਾਉਂਦੇ ਸਾਕ
ਧੁਰੋਂ ਮਿਲਾਏ ਮਿਲਦੇ ਇਹ ਤਾਂ ਰਿਸ਼ਤੇ ਪਾਕ।
ਚੋਆ ਚੰਦਨ, ਅਤਰ ਫੁਲੇਲ, ਕੇਸਰ ਟਿੱਕੇ ਲਾਣ
ਘਿਉ, ਸ਼ੱਕਰ, ਖੰਡ, ਮੇਵੇ ਸੁੱਧੇ ਭਾਂਤ-ਭਾਂਤ ਪਕਵਾਨ।



UNISTAR BOOKS PVT LTD. Unistar Books Pvt Ltd.

UNISTAR BOOKS PVT LTD.

ਜੰਞ ਬਟਾਲੇ ਜਿਸ ਥਾਂ ਸੀ ਢੁਕਾਈ ਆਣ
ਲਾਗੇ ਕੱਚੀ ਕੰਧ ਜਾ ਬੈਠੇ ਜਾਣੀ-ਜਾਣ।
ਮਾਨੋ! ਨੂਰੀ ਛੋਹ ਸੰਗ ਉਸ ਰਿਸ਼ਤਾ ਲਿਆ ਗੰਢ
ਅਜ਼ਲਾਂ ਤੀਕਰ ਵਿਆਹ ਦੀ ਬਣੀ ਨਿਸ਼ਾਨੀ ਕੰਧ।

ਅਗਲਾ ਦਿਨ ਜੋ ਕੁੱਕੜ ਬਾਂਗ ਚਿੜੀ ਚੂਹਕੀ ਆਣ
ਮਓਲ ਉੱਠੀ ਬਨਾਸਪਤ ਕੇਸਰ ਕਿਰਨਾਂ ਮੁਸਕਾਣ।
ਚੀਰਾ ਸੋਹੇ ਸੀਸ 'ਤੇ ਚੰਦਰਮਾ ਮੁੱਖ ਚਮਕ
ਬਾਣੀਉਂ ਝਰਦੀ ਆ ਰਹੀ ਵਾ ਸਰੌਦੀ ਰੁਮਕ।
ਵਿਚ ਹਜ਼ੂਰੀ ਮੂਲ ਮੰਤ੍ਰ ਸੁਣ ਨਾਨਕ ਹੋਆ ਵਿਆਹ
ਸੁੰਦਰ ਨੇਕ ਸੁਲੱਖਣੀ ਲੜ ਨਾਨਕ ਦਿੱਤੀ ਲਾ।
ਅੱਜ ਵੀ ਨਗਰ ਬਟਾਲੇ ਦੇ ਰਚ ਕੇ ਨਾਨਕ ਵਿਆਹ
ਰਲ਼-ਮਿਲ ਖੁਸ਼ੀ ਮਨਾਂਵਦੇ ਮਨ 'ਚ ਰੱਖ ਉਮਾਹ।
ਮੂਲੇ ਚੌਣੇ ਧੀ ਨੂੰ ਦੇ ਸਤਸੰਤੋਖ ਦਾ ਦਾਜ
ਤੋਰੀ ਡੋਲੇ ਵਿਚ ਪਾ ਪੂਰਨ ਹੋਏ ਕਾਜ।
ਡੋਲੀ ਲੈ ਕੇ ਰਾਇ ਭੋਇੰ ਪੁੱਜੀ ਆ ਬਾਰਾਤ
ਕਾਲੂ ਧਨ ਵਰਸਾਇਆ ਪੁਜਕੇ ਘਰ ਦੇ ਪਾਸ।
ਮਰਦਾਨੇ ਤੇ ਬਾਦਰੇ ਛੇੜੇ ਸੁਰ ਕਰ ਸਾਜ਼
ਕੰਨਾਂ ਵਿਚ ਰਸ ਘੋਲ਼ਦੀ ਖੰਡ ਮਿਸ਼ਰੀ ਆਵਾਜ਼।
ਰੰਗ ਮਜੀਠਾ ਜਾ ਚੜ੍ਹਿਆ ਦੋਹਾਂ 'ਤੇ ਅਕਾਲ
ਸਾਂਝ ਭਿਆਲੀ ਵਿਚ ਗਿਰੀ ਜਾਤ ਜਨਮ ਦੀਵਾਰ।
ਜਿਥੇ ਵੀ ਐ ਹੋਂਵਦੀ ਨੀਚਾਂ ਦੀ ਸੰਭਾਲ਼
ਬਖ਼ਸ਼ਿਸ਼ ਸਤਗੁਰਾਂ ਦੀ ਵੀ ਉਥੇ ਹੁੰਦੀ ਨਾਲ਼।
ਹੌਲ਼ੀ-ਹੌਲ਼ੀ ਬਦਲਿਆ ਬਾਬੇ ਦਾ ਵਿਵਹਾਰ
ਅੰਮ੍ਰਿਤ ਵੇਲ਼ਾ ਗੁਜ਼ਰਦਾ ਮਰਦਾਨੇ ਦੇ ਨਾਲ਼।
ਡਾਢੀ ਪ੍ਰੀਤੀ ਸੰਗ ਗਾਏ ਸ਼ਬਦ ਪਾਇ ਕੇ ਰਾਗ
ਜਨਮਾਂ ਦੇ ਸੁੱਤੇ ਹੋਏ ਜਾਗੇ ਦਾਨੇ ਭਾਗ।
ਮੁਰਸ਼ਦ ਬੋਲ ਪੁਗਾਣ ਹਿਤ ਦਾਨੇ ਰੱਖੇ ਕੇਸ
ਬਾਬੇ ਜੇਹਾ ਧਾਰਿਆ ਮਰਦਾਨੇ ਵੀ ਵੇਸ।
ਦਿਨੇ ਬੀੜ ਵਿਚ ਜਾਇਕੇ ਬੈਠਣ ਸਾਧਾਂ ਨਾਲ਼
ਪੋਥੀ ਗ੍ਰੰਥਾਂ ਦੀ ਹੋਇ ਵੰਨੋ-ਵੰਨ ਵੀਚਾਰ।
ਵਕਤ ਸਿਰ ਘਰ ਬੀੜ ਤੋਂ ਨਾਨਕ ਚਲੇ ਆਣ
ਸਮਾਂ ਦੇਇ ਪਰਿਵਾਰ ਨੂੰ ਲੱਗੇ ਪ੍ਰੀਤ ਨਿਭਾਣ।

Unistar Books Pvt Ltd.

ਦਿਨ-ਪ੍ਰਤੀ-ਦਿਨ ਨਾਨਕ ਦੀ ਬਦਲੀ ਵੇਖੀ ਚਾਲ
ਤ੍ਰਿਪਤਾ, ਕਾਲੂ ਖ਼ੁਸ਼ ਹੋ ਛੱਡੀ ਪਾਉਣੀ ਝਾੜ।
ਹੌਲ਼ੀ-ਹੌਲ਼ੀ ਚੜ੍ਹ ਗਿਆ ਨਾਨਕ ਗ੍ਰਹਿਸਥੀ ਰੰਗ
ਬਾਬੇ ਬਾਰੇ ਬਦਲਿਆ ਸਭ ਦਾ ਸੋਚਣ ਢੰਗ।
ਦਾਨਾ ਸਾਦਕ ਜੀਉੜਾ ਬਣ ਕੇ ਸਾਥ ਕਮਾਲ
ਆਪਣਾ ਅਹੰ ਤਿਆਗ ਕੇ ਤੁਰਨ ਲੱਗਾ ਗੁਰ ਨਾਲ਼।

## ਘਰ-ਪਰਿਵਾਰ

ਘੜੀਆਂ ਸੁੱਖਾਂ ਲੱਦੀਆਂ ਜਲਦੀ ਜਾਵਣ ਬੀਤ
ਮਾਤ ਸੁਲੱਖਣੀ ਨੇਕ ਜਨ, ਸੁੰਦਰ, ਸੁਘੜ, ਸੁਨੀਤ।
ਸੇਵਾ ਟਹਿਲ ਕਮਾਂਵਦੀ ਕੁਲ ਮਰਯਾਦਾ ਸਾਂਭ
ਸਾਂਭ ਸਿਕਰ ਘਰ ਰੱਖਦੀ ਸੁਘੜ ਨੂੰਹ-ਧੀ ਵਾਂਗ।
ਭਾਵੇਂ ਸੁਰਤੀ ਰਾਤ ਦਿਨ ਸੀ ਨਾਮ ਖ਼ੁਮਾਰੀ ਸੰਗ
ਨਾਨਕ ਜੀ ਤੇ ਗ੍ਰਹਿਸਥ ਦਾ ਚੜ੍ਹਨ ਲੱਗਾ ਕੁਝ ਰੰਗ।
ਵਕਤ ਨਾਲ਼ ਘਰ ਆਂਵਦੇ ਜਿਉਂ ਪੰਖੀ ਤਿਰਕਾਲ
ਪਹਿਲੋਂ ਵਾਂਗ ਨਾ ਪੈਂਦੀਆਂ ਝਿੜਕਾਂ ਰਤੀ ਰਵਾਲ।
ਨਿੱਤ-ਨੇਮ ਦੇ ਨਾਲ਼ ਨਾਲ਼ ਸਾਂਭਣ ਬਾਬਾ ਹੱਟ
ਨੇਕੀ ਦੀ ਕਰ ਵਣਜ ਕਰ ਲਾਹਾ ਲਿਆਵਣ ਖੱਟ।
'ਪੰਦਰਾਂ ਸੌ ਇਕਵੰਜਵਾਂ ਸੰਮਤ ਬਿਕਰਮ ਰਾਇ
ਜਨਮ ਹੋਇਆ ਸਿਰੀ ਚੰਦ ਦਾ ਵਿਚ ਭਾਦਰੋਂ ਮਾਹਿੰ।'
ਸੁੰਦਰ ਨੈਣ ਮਮੋਲੜੇ ਚੰਦਰ-ਮੁੱਖ ਸਿਰੀ ਚੰਦ
ਮਾਤ ਸੁਲੱਖਣੀ ਜਾਇਆ ਪੂਰੀ ਭਈ ਉਮੰਗ।

ਦੋ ਵਰ੍ਹਿਆਂ ਦੇ ਬਾਅਦ ਫਿਰ ਜਨਮੇ ਲਖਮੀ ਦਾਸ
ਵੇਲ ਵਧੀ ਕੁਲ ਬੇਦੀਆਂ ਤੱਕ ਦਿਲ ਹੋਏ ਸ਼ਾਦ।
ਨਿੱਕੇ-ਨਿੱਕੇ ਬਾਲ ਜੋ ਚੰਬੜਨ ਲੱਤਾਂ ਨਾਲ਼
ਦਾਦੀ ਤ੍ਰਿਪਤਾ ਅੰਦਰੋਂ ਮੋਹ ਦੇ ਪੈਣ ਉਛਾਲ਼।
ਬੇਬੇ ਨਾਨਕੀ ਕਦੀ-ਕਦਾਈਂ ਪੇਕੇ ਗੇੜਾ ਲਾ
ਤੱਕ ਫੁਲਵਾੜੀ ਬਾਬਲੇ ਸੀ ਲੈਂਦੀ ਜੀਅ ਬਹਲਾ।
ਮਨ ਹੀ ਮਨ ਖ਼ੁਸ਼ ਹੋਂਵਦੇ ਕਾਲੂ ਹੋ ਨਿਹਾਲ
'ਸ਼ੁਕਰ ਦਾਤਿਆ! ਬੰਨ੍ਹਿਆ, ਪੁੱਤਰ ਮਾਇਆ ਜਾਲ਼।
ਨੇਕ ਸੁਸ਼ੀਲ ਹੈ ਨੂੰਹ ਮੇਰੀ ਜਾਲ਼ ਗ੍ਰਹਿਸਥੀ ਫਾਹ
ਕਾਰੁਜ਼ਗਾਰ ਵਧਾਉਣ ਹਿਤ ਹੋਰ ਦਊ ਉਤਸ਼ਾਹ।'

UNISTAR BOOKS PVT LTD.
Unistar Books Pvt Ltd.
UNISTAR BOOKS PVT LTD.

ਬਾਬਾ ਪਰ ਨਿਜ-ਰਿਸ਼ਤਿਆਂ ਤੋਂ ਉੱਠ ਕੇ ਉਪਰਵਾਰ
ਸੋਚਣ ਹਰ ਹੀਲੇ ਕਿ ਜੇਕਰ ਮਿਲੀਏ 'ਜਗ ਪਰਵਾਰ'।
ਫਿਰ ਵੀ ਸਹਜ 'ਚ ਵਿਚਰਦੇ ਰੱਖ ਸਮਤੋਲ ਵਿਹਾਰ
ਉੱਠਦੇ ਮਨ ਦੇ ਵੇਗ ਨੂੰ ਠੱਲ੍ਹ ਵੀ ਪਾਵਣ ਨਾਲ਼।

ਨਿਤਨੇਮ ਦੋਵੇਂ ਸਮੇਂ ਬਹਿ ਮਰਦਾਨੇ ਸੰਗ
ਕੀਰਤਨ ਕਰਨ ਰਸੀਲੜਾ ਸੁਰ-ਤਾਲ ਵਿਚ ਬੰਨ੍ਹ।
ਵਿਚ ਵੀਰਾਨੇ ਜੀਵ-ਜੰਤ ਸੁਣ ਕੇ ਤੰਤ ਰਬਾਬ
ਮੰਤਰ ਮੁਗਧ ਹੋ ਤੱਕਦੇ ਚਿਹਰਾ ਆਫ਼ਤਾਬ।
ਬੋਲ ਬਬੀਹੇ ਗਾਂਵੰਦੇ ਗੁਰ ਬਹਿ ਕੇ ਵਿਚ ਵੈਰਾਗ
ਪ੍ਰਭਾਤੀ, ਆਸਾ, ਭੈਰਓ ਅੰਮ੍ਰਿਤ ਸਮੇਂ ਦੇ ਰਾਗ।
ਤੀਜੇ ਪਹਿਰੇ ਕੀਰਤਨ ਵਿਚ ਸੁਰਤੀ ਜੋੜ ਨਿਸੰਗ
ਗਉੜੀ, ਸਿਰੀ, ਧਨਾਸਰੀ, ਮਾਰੂ ਗਾਉਣ ਤਿਲੰਗ।
ਰਾਤ੍ਰੀ ਸੋਰਠ, ਵਡਹੰਸ, ਕਾਨੜਾ ਅਤੇ ਮਲਹਾਰ
ਰਾਗ ਬਸੰਤ ਵੀ ਛੇੜਦੇ ਚੇਤਰ ਰੁੱਤ ਬਹਾਰ।
ਮਿਕਨਾਤੀਸੀ ਖਿੱਚ ਸੀ ਵਿਚ ਸਾਹਿਬ ਆਵਾਜ਼
ਖਿੰਡਣ ਲੱਗੀ ਦੂਰ ਤਾਈਂ ਸੋਭਾ ਵਿਚ ਪਰਵਾਜ਼।
ਵਿਹਲੇ ਹੋ ਕੰਮ ਕਾਜ ਤੋਂ ਤਲਵੰਡੀ ਦੇ ਲੋਕ
ਨਿੱਤ ਕਰਨ ਸਤਸੰਗ ਆ ਸਵਰਣ ਲਈ ਪਰਲੋਕ।
ਬਿਨਾਂ ਵਿਤਕਰੇ ਬੈਠਦੇ ਲੋਕੀਂ ਜਾਤ ਸਨਾਤ
ਸਦ ਬਲਿਹਾਰੀ ਜਾਂਵਦੇ ਮਾਣ ਗੁਰੂ ਦਾ ਸਾਥ।
ਨਾਲੇ ਕੀਲ੍ਹੀ ਰੱਖਦੀ ਸੀ ਦਾਨੇ ਦੀ ਰਬਾਬ
ਸੀ ਝਰਨਾਟਾਂ ਛੇੜਦੀ ਧੁਰ ਅੰਦਰ ਗੁਰ-ਆਵਾਜ਼।

ਦੁਖੀ ਲੋਕਾਈ ਮੰਗਦੀ ਸੀ ਨਾਨਕ ਤੋਂ ਪਨਾਹ
ਗ੍ਰਿਹਸਥੀਓਂ ਮੁੱਖ ਫੇਰਨਾ ਸੀ ਕਦ ਨਾਨਕ ਚਾਹ ?
ਜਗਤ ਜਲੰਦੀ ਪੀੜ ਜਦ ਆ ਘੇਰੇ ਸਾਸ ਗਿਰਾਸ
ਰਹਿਣ ਲੱਗੇ ਨਾਨਕ ਤਦੋਂ ਮਾਇਆ ਵਿਚ ਉਦਾਸ।
ਬਾਲ ਵਰ੍ਹੇ ਦੀ ਸਾਂਝ ਸੀ ਰਮਤੇ ਸਾਧਾਂ ਨਾਲ਼
ਦੇਸ਼ ਵਿਦੇਸ਼ੀ ਖ਼ਬਰਾਂ ਆ ਦੱਸਦੇ ਹਾਲ-ਹਵਾਲ।
ਕਾਬਜ਼ ਹੋਏ ਸਰਜ਼ਮੀਂ ਵਡਨਾਮੀ ਮੁਸਲਮਾਨ
ਧਰਮੋਂ ਫਿਰੇ ਜਗੀਰ ਪਾ ਵਡ-ਹਿੰਦੂ ਖ਼ਾਨਦਾਨ।
ਦੂਰ ਕੀ ਜਾਣੈ ਸਾਹਮਣੇ ਸੀ ਰਾਇ ਭੋਇੰ ਮਿਸਾਲ
ਪਿਤਾ, ਬੁਲਾਰ ਸੀ ਬਣ ਗਿਆ ਕਿੰਜ ਭੋਇੰ ਨਈਂ ਸਰਦਾਰ!

ਸੰਗ ਜ਼ਾਬਰਾਂ ਟਾਕਰੇ ਲਈ ਘਟ ਗਿਆ ਜੋ ਜ਼ੋਰ
ਹਿੰਦੂ ਭਾਈਚਾਰਿਆਂ ਤਦ ਨਿਯਮ ਬਦਲ ਲਏ ਹੋਰ।
ਜ਼ੁਲਮੀਆਂ ਤੋਂ ਬਚਾਉਣ ਹਿਤ ਬਹੂ-ਬੇਟੀਆਂ ਲਾਜ
ਛੋਟੀ ਉਮਰੇ ਵਿਆਹੁਣ ਦਾ ਤੁਰਿਆ ਤਦੋਂ ਰਿਵਾਜ।

ਹੱਟੀ ਬੈਠੇ ਭੁੱਲ ਜਾਣ ਬਾਬਾ ਸਭੇ ਵਣਜ
ਜਾਪੇ, ਜਿਉਂ ਦੁਖਿਆਰਿਆਂ ਦਾ ਸਿਰ 'ਤੇ ਹੋਏ ਕਰਜ਼।
ਜਾਣ ਦਸ਼ਾ ਹਿੰਦ-ਵਾਸੀਆਂ ਦੀ ਘਿਨੌਣੀ ਤਸਵੀਰ
ਮਾਨਵਵਾਦੀ ਆਤਮਾ ਤੇ ਖਿੱਚੀ ਜਾਏ ਲਕੀਰ।
ਰੁੱਤਾਂ, ਖਿੱਤਾਂ ਬਦਲਣ ਲੰਮੇ ਸਮੇਂ ਦੇ ਨਾਲ਼
ਤੀਹ ਵਰ੍ਹੇ ਨੂੰ ਪੁੱਜ ਗਏ ਨਾਮ ਘਾਲਣਾ ਘਾਲ਼।
ਭੇਖੀ ਤੇ ਪਾਖੰਡੀਆਂ ਦਾ ਉੱਘੜਨ ਲੱਗਾ ਕੱਚ
ਤਪੇ ਵਾਸੀਆਂ ਤੱਕ ਵੀ ਪੁੱਜਣ ਲੱਗਾ ਸੱਚ।
ਅਸਲੀ ਸਾਧੂ ਸੰਤ ਸਭ ਬਣ ਗਏ ਹਮ-ਖ਼ਿਆਲ
ਕਰਨ ਗੋਸ਼ਟੀ ਸਤਸੰਗ ਤੱਕ ਸਮਾਂ ਵਿਕਰਾਲ।
ਦੰਭੀ, ਭੇਖੀ, ਦੋਖੀਆਂ ਦੇ ਢਿੱਡੀਂ ਪਏ ਮਰੋੜ
ਦੰਦ ਕਥਾ ਫਿਰ ਤੁਰ ਪਈ ਬੀਤੇ ਕੁਝ ਦਿਨ ਹੋਰ।
"ਜਦ ਤੋਂ ਬਣਿਐ ਰਮਤਿਆਂ ਸਾਧਾਂ ਦਾ ਹਮ-ਖ਼ਿਆਲ
ਕਾਲੂ ਪੁੱਤ ਦੋਨੋਂ ਹੱਥੀਂ ਰਿਹਾ ਘਰ ਉਜਾੜ।
ਜੇ ਨਾ ਲਿਆਂਦਾ ਹੋੜ ਪੁੱਤ ਸਾਧਾਂ ਵੱਲੋਂ ਮੋੜ
ਅੱਜ ਨਹੀਂ ਤਾਂ ਭਲਕ ਨੂੰ ਝੁੱਗਾ ਹੋ ਜੂ ਚੌੜ।"
ਬਾਬਾ ਵੀ ਤਾਂ ਪੂਰਦੇ ਸੀ ਲੋੜਵੰਦਾਂ ਦੀ ਗਰਜ਼
ਖ਼ੁਦ ਕਮਾ ਲਾਚਾਰਾਂ ਦੀ ਸੇਵਾ ਵਿਚ ਕੀ ਹਰਜ਼?
ਬਦਲਣ ਲੱਗਾ ਦਿਨੋਂ-ਦਿਨ ਨਾਨਕ ਦਾ ਵਿਵਹਾਰ
ਘੰਟਿਆਂ-ਬੱਧੀ ਲੀਨ ਰਹਿਣ ਜੁੜ ਪਰਮੇਸ਼ਰ ਨਾਲ਼।
ਡੁੱਬਣ ਲੱਗੀ ਗ੍ਰਿਹਸਥ ਦੀ ਬੇੜੀ ਵਿਚ ਮੰਝਧਾਰ
ਮੁੜ ਕੇ ਚਿੰਤਾ ਗ੍ਰਸਿਆ ਕਾਲੂ ਦਾ ਪਰਿਵਾਰ।
ਹੋ ਕੇ ਟੱਬਰਦਾਰ ਵੀ ਜੇ ਕਰੇ ਨਾ ਕੋਈ ਕਾਰ
ਆਖ਼ਰ ਕਦੋਂ ਤੀਕ ਚੁੱਪ ਕੋਈ ਰਹਿੰਦੈ ਦੁਨੀਆਦਾਰ?

## ਕਾਰ-ਵਿਹਾਰ

ਨਾਨਕ ਦੀ ਇਸ ਦਸ਼ਾ 'ਤੇ ਤ੍ਰਿਪਤਾ ਹੋਈ ਉਦਾਸ
ਦਰਦ ਉਸੇ ਨੂੰ ਹੋਂਵਦਾ ਕੁਮਲ਼ਾਏ ਜਿਸ ਸ਼ਾਖ਼!



UNISTAR BOOKS PVT LTD
Unistar Books Pvt Ltd.
Unistar Books Pvt Ltd.
UNISTAR BOOKS PVT LTD

ਕਾਲੂ ਵੀ ਕੁਝ ਘੱਟ ਨਾ ਹੋਇਆ ਪਰੇਸ਼ਾਨ
ਸੋਚੇ ਖੋਟਾ ਕੌਡੀਉਂ ਪੈਸੇ ਬਿਨ ਇਨਸਾਨ।
ਪੈਸੇ ਬਾਝੋਂ ਜੱਗ ਵਿਚ ਪੁੱਛੇ ਨਾ ਕੋਈ ਬਾਤ
ਪਰਖੀ ਜਾਏ ਇਸ ਨਾਲ਼ ਬੰਦੇ ਦੀ ਔਕਾਤ।
ਆਸ ਪੜੋਸੀ ਅੰਗ ਸਾਕ ਵੀ ਪੁੱਜੀ ਕਨਸੋ
ਪੁੱਤਰ ਕਾਲੂ ਪਟਵਾਰੀ ਦਾ ਕਮਲ਼ਾ ਗਿਆ ਹੋ।
ਰਲ਼ ਫ਼ਕੀਰਾਂ ਮਜਲਸੀਂ ਰਹਿੰਦੈ ਘਰੋਂ ਬਾਹਰ
ਜਿੰਨੇ ਮੂੰਹ ਓਨੀਆਂ ਗੱਲਾਂ ਜੱਗ ਦੋ-ਮੂੰਹੀਂ ਤਲਵਾਰ।
ਮਾਤਾ ਤ੍ਰਿਪਤਾ ਆਖਦੀ, "ਛੱਡ ਦਿਲਗੀਰੀ ਲਾਲ!
ਗੱਲਾਂ ਛੱਡ ਭਲੇਰੀਆਂ ਕੁਝ ਸਾਡਾ ਵੀ ਕਰ ਖ਼ਿਆਲ।"
ਕਾਲੂ ਕਿਹਾ, "ਪੁੱਤਰਾ! ਜੋੜ ਮੋਢਾ ਪਿਉ ਨਾਲ਼
ਸਾਊ ਪੁੱਤਾਂ ਵਾਕਰਾਂ ਕੰਮ 'ਚ ਹੋ ਭਿਆਲ।
ਦਿਨੋ-ਦਿਨ ਤਾਕਤ ਘਟੇ ਵਧਦੀ ਉਮਰਾ ਨਾਲ਼
ਸਾਂਭੀ ਜਾਏ ਨਾ ਬੱਚਿਆ! ਮੈਥੋਂ ਹੁਣ ਪਟਵਾਰ।
ਹੋਰ ਨਹੀਂ ਤਾਂ ਖੇਤ ਵਿਚ ਕਾਮੇ ਲੈ ਕੇ ਨਾਲ਼
ਸਾਂਭੋ ਆਪਣੀ ਖੇਤਰੀ ਖੜ੍ਹੀ ਫ਼ਸਲ ਤੱਯਾਰ।
ਕਹਿੰਦੇ, 'ਖੇਤੀ ਖਸਮਾਂ ਸੇਤੀ' ਐਵੇਂ ਨਹੀਂ ਉਜਾੜ
ਹੱਥੀਂ ਖੇਤੀ ਕਰਦਿਆਂ ਵਧ ਜਾਊ ਰੁਜ਼ਗਾਰ।"
ਨਾਨਕ ਆਖਿਆ, "ਪਿਤਾ ਜੀ! ਜੋ ਖੇਤੀ ਦੀ ਚਾਹ
ਖੇਤੀ ਬੀਜ ਨਿਵੇਕਲੀ ਵਿਚ ਹਲ਼ ਵੀ ਦਿੱਤੈ ਵਾਹ।
ਨਾਲ਼ ਸੁਹਾਗਾ ਫੇਰਿਆ ਕਰ ਚਹੁੰਤਰਫ਼ੀਂ ਵਾੜ
ਅੱਠੇ ਪਹਿਰ ਖਲੋ ਕੇ ਉੱਪਰ ਕੀਤੀ ਤਾੜ।
ਇੰਨਾ ਸ਼ੁਕਰ ਕਿ ਆਪਣੀ ਰੱਖੀ ਫ਼ਸਲ ਸੰਭਾਲ
ਕਿਸੀ ਪਰਾਏ ਖੇਤ ਦਾ ਰੱਖੀਏ ਕਿੰਜ ਖ਼ਿਆਲ?

'ਖੇਤ ਨਿਵੇਕਲਾ' ਗੱਲ ਸੁਣ ਕਾਲੂ ਹੋਏ ਹੈਰਾਨ
ਮਿਲਦਾ ਹੈ ਇੰਜ ਲਿਖਿਆ 'ਜਨਮ ਸਾਖੀ' ਵਿਚ ਆਣ।
"ਲੋਕੋ! ਇਹ ਕੀ ਆਖਦਾ?" ਕਾਲੂ ਖੱਪ ਕਿਹਾ
"ਆਪਣਾ ਖੇਤ ਨਿਵੇਕਲਾ ਕਦ ਇਸ ਵਾਹ ਲਿਆ?"
ਕਮਲ਼ੀਆਂ ਛੱਡ ਤੂੰ ਬੱਚਿਆ! ਜੇ ਚਾਹਿਆ ਕਰਤਾਰ
ਆਪਣਾ ਖੇਤ ਨਿਵੇਕਲਾ ਵੀ ਲੈ ਦੇਊਂ ਅਗਲੀ ਵਾਰ।
ਦੇਖਾਂਗਾ ਕਿੰਜ ਪੂਰੀਆਂ ਲੈਨਾਂ ਏਂ ਤੂੰ ਪਾ
ਟੱਬਰ ਦੇ ਕਿੱਥੋਂ ਤੀਕਰ ਕਰਨੈਂ ਪੂਰੇ ਚਾਅ!
ਅੱਗੋਂ ਨਾਨਕ ਆਖਿਆ ਨਿਮਰਤਾ ਦੇ ਨਾਲ਼

UNISTAR BOOKS PVT LTD.
Unistar Books Pvt Ltd.
Unistar Books Pvt Ltd.
Unistar Books Pvt Ltd.
UNISTAR BOOKS PVT LTD.

'ਉੱਤਮ ਖੇਤੀ' ਪਿਤਾ ਜੀ! ਹੋਈ ਆਣ ਤੱਯਾਰ।
ਦੇਹੀ-ਪੈਲ਼ੀ ਹਲ਼ ਵਾਹ ਵਿਚ ਬੀਜਿਆ ਨਾਮ
ਸਬਰ ਸੁਹਾਗਾ ਫੇਰਿਆ ਅੰਦਰ ਪੂਰੇ ਧਾਮ।
ਨਾਮ ਬੀਜ ਦੀ ਫ਼ਸਲ ਰੂਪ ਫਲ-ਫੁੱਲ ਹੋਏ ਤਿਆਰ
ਇਸ 'ਤੇ ਕੋਈ ਲਗਾਨ ਨਾ ਦੇਣਾ ਪਊ ਸਰਕਾਰ।
ਕੁਲਾਂ ਤੀਕਰ ਫ਼ਸਲ ਇਹ ਖਾਊਗਾ ਪਰਿਵਾਰ
ਰਖਵਾਲਾ, ਜੋ ਇਸ ਦਾ ਵੱਡਾ ਪਰਵਰਦਗਾਰ!!
ਵੱਡ ਕਿਰਸਾਣੀ, ਵਣਜ, ਹੱਟ ਉਸੇ ਸੁਦਾਗ਼ਰ ਹੱਥ
ਨਾਨਕ ਚਾਕਰ ਉਸ ਦਾ, ਸਾਹਿਬ! ਉਹ ਅਕੱਥ।
ਮਾਇਆ ਮੋਹਿਆ ਜਗਤ ਵਿਚ ਵਿਰਲੇ ਕਿਸੀ ਸਾਰ
ਅੱਗੋਂ ਸਾਹਿਬ ਆਖਿਆ ਡੂੰਘੀ ਸੋਚ ਵੀਚਾਰ:

"ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ॥
ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ॥
ਭਾਉ ਕਰਮ ਕਰਿ ਜੰਮਸੀ ਸੇ ਘਰ ਭਾਗਠ ਦੇਖੁ॥੧॥
ਬਾਬਾ ਮਾਇਆ ਸਾਥਿ ਨ ਹੋਇ॥
ਇਨਿ ਮਾਇਆ ਜਗੁ ਮੋਹਿਆ ਵਿਰਲਾ ਬੂਝੈ ਕੋਇ॥ਰਹਾਉ॥"

(**ਗੁਰੂ ਗ੍ਰੰਥ**, ਪੰਨਾ 596)

ਖੇਤੀ ਬਾਬਤ ਪੁੱਤ ਦੀ ਸੁਣ ਕਾਲੂ ਵੀਚਾਰ
ਆਖਿਆ, "ਆਪਣੀ ਹੱਟ ਹੈ ਸਾਂਭੋ ਬਰਖ਼ੁਰਦਾਰ!
ਰਹਿੰਦੈ ਚਿੱਤ ਜੇ ਬੱਚਿਆ! ਘਰ ਦੇ ਵਿਚ ਉਦਾਸ
ਕਰ ਲੈ ਫਿਰ ਸੌਦਾਗਰੀ ਕੰਮ ਦੀ ਬੱਝੇ ਆਸ।"
ਪਿਤਾ ਮੁੱਖੋਂ ਸੌਦਾਗਰੀ ਦੀ ਗੱਲ ਸੁਣ ਭਲੀਭਾਂਤ
ਸੌਦਾਗਰ, ਸਤਿਨਾਮ ਦੇ ਪਾਈ ਮਨ 'ਤੇ ਝਾਤ।

ਹਾਣੁ ਹਟੁ ਕਰਿ ਆਰਜਾ ਸਚੁ ਨਾਮੁ ਕਰਿ ਵਥੁ॥
ਸੁਰਤਿ ਸੋਚ ਕਰਿ ਭਾਂਡਸਾਲ ਤਿਸੁ ਵਿਚਿ ਤਿਸ ਨੋ ਰਖੁ॥
ਵਣਜਾਰਿਆ ਸਿਉ ਵਣਜੁ ਕਰਿ ਲੈ ਲਾਹਾ ਮਨ ਹਸੁ॥੨॥
ਸੁਣਿ ਸਾਸਤ ਸਉਦਾਗਰੀ ਸਤੁ ਘੋੜੇ ਲੈ ਚਲੁ॥
ਖਰਚੁ ਬੰਨੁ ਚੰਗਿਆਈਆ ਮਤੁ ਮਨ ਜਾਣਹਿ ਕਲੁ॥
ਨਿਰੰਕਾਰ ਕੈ ਦੇਸਿ ਜਾਹਿ ਤਾ ਸੁਖਿ ਲਹਹਿ ਮਹਲੁ॥੩॥
ਲਾਇ ਚਿਤੁ ਕਰਿ ਚਾਕਰੀ ਮੰਨਿ ਨਾਮੁ ਕਰਿ ਕੰਮੁ॥
ਬੰਨੁ ਬਦੀਆ ਕਰਿ ਧਾਵਣੀ ਤਾ ਕੋ ਆਖੈ ਧੰਨੁ॥
ਨਾਨਕ ਵੇਖੈ ਨਦਰਿ ਕਰਿ ਚੜੈ ਚਵਗਣ ਵੰਨੁ॥੪॥੨॥

(**ਗੁਰੂ ਗ੍ਰੰਥ**, ਪੰਨਾ 595-596)



UNISTAR BOOKS PVT LTD.
Unistar Books Pvt. Ltd.

UNISTAR BOOKS PVT LTD.
ਮਨ ਦੀ ਵਿਥਿਆ ਜਾਣ ਕੇ ਕਾਲੂ ਭਏ ਨਿਰਾਸ਼
ਸੋਚਣ! ਕਾਹਤੋਂ ਪੁੱਤ ਗਲ਼ ਸੀ ਪਾਉਣੀ ਗ੍ਰਹਿਸਥ ਫਾਸ।
ਵਿਹਲਾ ਰਿਹਾ ਜੇ ਪੁੱਤ ਇਹ ਨਾ ਕੀਤੀ ਇਸ ਕਾਰ
ਕਾਲੂ ਪੁੱਤ ਮਖੱਟੂ ਕਹਿ ਹੱਸੂਗਾ ਪਰਿਵਾਰ!
ਸਭ ਨਸੀਹਤਾਂ ਜਾਪੀਆਂ ਉਸ ਨੂੰ ਜਦ ਬੇਕਾਰ
ਦੁਖੀਆ ਹੋ ਕੇ ਘਰ ਤੋਂ ਨਿਕਲ਼ ਆਏ ਬਾਹਰ।
ਵਾਰੀ ਸਦਕੇ ਜਾਂਵਦੀ ਤ੍ਰਿਪਤਾ ਮਾਂ ਬਹਿ ਕੋਲ਼
ਗੰਠੜੀ ਮਨ ਦੀ ਫੋਲ਼ਦੀ ਬੋਲੀ ਉਹ ਦੋ ਬੋਲ:

Unistar Books Pvt Ltd.

"ਕਿੰਜ ਸਰੇਗਾ ਕਿਰਤ ਬਿਨ ਬੈਠਾ ਜੋ ਚੁੱਪ ਧਾਰ
ਜੀਊਂਦੈ ਤੇਰੀ ਆਸ 'ਤੇ ਬੱਚਿਆ! ਇਹ ਪਰਿਵਾਰ।
ਕੀ ਘਟ ਜੂ ਦੋ ਚਾਰ ਦਿਨ ਦਵੇਂ ਜੇ ਨਾਮ ਵਿਸਾਰ
ਲੀੜੇ ਪਾ ਕੇ ਸੋਹਣੇ ਗੇੜਾ ਦਵੇਂ ਜੇ ਬਾਹਰ।
ਤੇਰੇ ਉੱਤੇ ਬੱਝ ਜਾਊ ਲੋਕਾਂ ਦਾ ਵਿਸਾਹ
ਆਖਣਗੇ! ਕਾਲੂ ਪੁੱਤਰ ਤੁਰਿਆ ਭਲੀ ਰਾਹ।"
ਸੁਣ ਕੇ ਬਚਨ ਮਾਤ ਦੇ ਬਾਬੇ ਸੀਸ ਝੁਕਾ
ਮਨ ਦੀ ਡੂੰਘੀ ਤੜਪ 'ਚੋਂ ਮਾਤ ਨੂੰ ਇੰਜ ਕਿਹਾ;

Pvt Ltd.

"ਆਖਾ ਜੀਵਾ ਵਿਸਰੈ ਮਰਿ ਜਾਉ॥
ਆਖਣਿ ਅਉਖਾ ਸਾਚਾ ਨਾਉ॥
ਸਾਚੇ ਨਾਮ ਕੀ ਲਾਗੈ ਭੂਖ॥
ਉਤੁ ਭੂਖੈ ਖਾਇ ਚਲੀਅਹਿ ਦੂਖ॥੧॥
ਸੋ ਕਿਉ ਵਿਸਰੈ ਮੇਰੀ ਮਾਇ॥
ਸਾਚਾ ਸਾਹਿਬੁ ਸਾਚੈ ਨਾਇ॥੧॥ ਰਹਾਉ ॥
ਸਾਚੇ ਨਾਮ ਕੀ ਤਿਲੁ ਵਡਿਆਈ॥
ਆਖਿ ਥਕੇ ਕੀਮਤਿ ਨਹੀ ਪਾਈ॥
ਜੇ ਸਭਿ ਮਿਲਿ ਕੈ ਆਖਣ ਪਾਹਿ॥
ਵਡਾ ਨ ਹੋਵੈ ਘਾਟਿ ਨ ਜਾਇ॥੨॥
ਨਾ ਓਹੁ ਮਰੈ ਨ ਹੋਵੈ ਸੋਗੁ॥
ਦੇਦਾ ਰਹੈ ਨ ਚੂਕੈ ਭੋਗੁ॥
ਗੁਣੁ ਏਹੋ ਹੋਰੁ ਨਾਹੀ ਕੋਇ॥
ਨਾ ਕੋ ਹੋਆ ਨਾ ਕੋ ਹੋਇ॥੩॥
ਜੇਵਡੁ ਆਪਿ ਤੇਵਡ ਤੇਰੀ ਦਾਤਿ॥
ਜਿਨਿ ਦਿਨੁ ਕਰਿ ਕੈ ਕੀਤੀ ਰਾਤਿ॥

Unistar Books Pvt Ltd.


UNISTAR BOOKS PVT LTD.

ਖਸਮੁ ਵਿਸਾਰਹਿ ਤੇ ਕਮਜਾਤਿ॥
ਨਾਨਕ ਨਾਵੈ ਬਾਝੁ ਸਨਾਤਿ॥੪॥੩॥" (**ਗੁਰੂ ਗ੍ਰੰਥ**, ਪੰਨਾ 349)

ਹੋਈ ਨਿਰੁੱਤਰ ਮਾਤ ਜੀ ਸੁਣ ਨਾਨਕ ਵੀਚਾਰ
ਆਪਣਾ ਆਪ ਸਮੇਟਦੀ ਜਾ ਬੈਠੀ ਵਿਚ ਪਰਿਵਾਰ।
ਬੇਦੀ ਕੁਲ ਕੁਟੰਬ ਉੱਤੇ ਲਟਕੇ ਜੀਕਰ ਸ਼ੈਫ਼
ਨਾਨਕ ਬਉਰਾਨਾ ਭਇਆ ਸੁਣ ਹੋਇਆ ਵੱਡਾ ਹੈਫ਼!

## ਵੈਦ ਬੁਲਾਇਆ ਵੈਦਗੀ

ਖਸਮ ਵਿਸਾਰਨ ਵਾਲ਼ਿਆਂ ਨੂੰ ਆਖਦਿਆਂ ਕਮਜਾਤ
ਚੁੱਪ ਹੋ ਗਏ ਸਤਗੁਰੂ ਬੋਲੇ ਨਾ ਕੁਝ ਮਾਤ।
ਲੈ ਗਲਵੱਕੜੀ ਆਖਿਆ ਮਾਤਾ ਨਾਲ਼ ਪਿਆਰ
'ਕੁਝ ਤਾਂ ਪੁੱਤਰ ਹੋਸ਼ ਕਰ ਤੱਕੋ ਵੱਲ ਪਰਿਵਾਰ।'
ਭੋਲ਼ੀ ਮਾਤ ਨਾ ਜਾਣਦੀ ਗੁੱਝਾ ਮਾਰੂ ਰੋਗ
ਮਮਤਾ ਮਾਰੀ ਨਿਸ ਦਿਨ ਲੱਗੀ ਕਰਨ ਵਿਜੋਗ।
ਖਾਣਾ ਪੀਣਾ ਛੱਡਿਆ ਗੁਰ ਮਨ 'ਤੇ ਚੱਲੇ ਆਰ
ਨੇਤਰ ਮੁੰਦੀ ਪਏ ਰਹਿਣ ਜੋੜ ਕੇ ਸਾਹਿਬ ਤਾਰ।
ਜਿੰਨੇ ਮੂੰਹ ਓਨੀਆਂ ਗੱਲਾਂ ਵਿਚ ਤਪੇ ਦੇ ਹੋਣ
ਲੋਕੀਂ ਮੌਕਾ ਤਾੜ ਕੇ ਸੂਲਾਂ ਰਿਦੇ ਪਰੋਣ।
ਕੰਨਾਂ ਦੇ ਕੱਚੇ ਲੋਕੀਂ ਕਰ ਲੈਂਦੇ ਇਤਬਾਰ
ਪਰ ਸਿਆਣੇ ਨਾ ਕੱਢਦੇ ਭਿਣਕ ਅੰਦਰੋਂ ਬਾਹਰ।
ਆਪਣੀ ਆਪਣੀ ਮਤ ਹੈ ਲੋਕੀਂ ਦੇਣ ਸਲਾਹ
ਕਿਸੀ ਨਾ ਜਾਤਾਂ ਨੂਰ ਦੇ ਕਰਕ ਕਲ਼ੇਜੇ ਮਾਹ।
ਮਾਤਾ ਬਹੁੰ ਸਮਝਾਇਆ ਫਿਰ ਵੀ ਸਾਹਿਬ ਚੁੱਪ
ਕੁੱਲ ਲੋਕਾਈ ਦੁੱਖੜੇ ਜੋ ਰਹੇ ਸੀ ਅੰਦਰ ਧੁੱਖ।
ਕਾਲੂ ਵੀ ਸਮਝਾ ਹਟੇ ਦੇ ਸਿਆਣੀ ਮੱਤ
ਨਾ ਬੋਲੇ ਪਰ ਲਾਲ ਜੀ ਟੱਸ ਤੋਂ ਹੋਏ ਨਾ ਮੱਸ।
ਨਾਨਕ ਦਾ ਇਹ ਚਲਨ ਤੱਕ ਟੱਬਰ ਭਇਆ ਨਿਰਾਸ਼
ਕਾਲੂ ਜੀ ਨੂੰ ਆਖਿਆ ਵੈਦ ਬੁਲਾਉ ਖ਼ਾਸ।
ਸੱਦ ਲਿਆਏ ਕਾਲੂ ਜੀ ਖ਼ਾਸ ਵੈਦ ਹਰੀ ਦਾਸ
ਜਾਣਨ ਲਈ ਉਹ ਵੇਦਨਾ ਜਾ ਬੈਠਾ ਗੁਰ ਪਾਸ।
ਨਬਜ਼ ਟਟੋਲੀ ਵੈਦ ਨੇ ਮੂੰਹ ਤੋਂ ਪੱਲਾ ਲਾਹ
ਨਾਨਕ ਹੱਥੋਂ ਵੈਦ ਦੇ ਲਿਆ ਹੱਥ ਛੁਡਾ।

UNISTAR BOOKS PVT LTD.
Unistar Books Pvt Ltd.

ਬਾਬੇ ਕਿਹਾ, "ਵੈਦ ਜੀ! ਰੋਗ ਇਹ ਸਮਝੋਂ ਬਾਹਰ
ਉਹੀ ਜਾਣ ਹੈ ਸਕਦਾ ਭੀਤਰ ਦੀ ਜਿਸ ਸਾਰ।
ਮਨ ਦੇ ਅੰਦਰ ਵੇਦਨਾ ਨਬਜ਼ ਕੀ ਦੱਸੂ ਦੁੱਖ ?
ਰੋਗ ਪਛਾਣੇ ਬਿਨਾਂ ਕਿੰਜ ਤਨ ਮਨ ਹੋਊ ਸੁੱਖ।
ਲੂੰ-ਲੂੰ ਗ੍ਰਸੀ ਦੁਨੀ ਇਹ ਨੰਗ ਭੁੱਖ ਤੇ ਪੀੜ
ਤੱਕ ਕੇ ਵਲ ਸੁਜਾਣ ਵੈਦ ਆਖਿਆ ਗਹਿਰ ਗੰਭੀਰ।

"ਵੈਦੁ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਂਹ ॥
ਭੋਲਾ ਵੈਦੁ ਨ ਜਾਣਈ ਕਰਕ ਕਲੇਜੇ ਮਾਹਿ ॥
ਵੈਦਾ ਵੈਦੁ ਸੁਵੈਦੁ ਤੂ ਪਹਿਲਾਂ ਰੋਗੁ ਪਛਾਣੁ॥
ਐਸਾ ਦਾਰੂ ਲੋੜਿ ਲਹੁ ਜਿਤੁ ਵੰਞੈ ਰੋਗਾ ਘਾਣਿ॥" (**ਗੁਰੂ ਗ੍ਰੰਥ**, ਪੰਨਾ 1279)

ਵੈਦ ਸੰਜੀਦਾ ਹੋਇਆ ਤੱਕਿਆ ਨਾਨਕ ਵੱਲ
ਨਬਜ਼ ਸਰੀਰ ਅਰੋਗ ਹੈ ਫਿਰ ਇਹ ਕੇਹਾ ਸੱਲ ?
ਹਰੀਦਾਸ ਫਿਰ ਪੁੱਛਿਆ, "ਐਸਾ ਕਿਹੜਾ ਦੁੱਖ ?
ਖਾਣਾ-ਪੀਣਾ ਛੱਡਿਆ ਵਿਆਪੇ ਤਿਹੁ ਨ ਭੁੱਖ ?
ਕੇਹੀ ਗੁੱਝੀ ਪੀੜ ਜੋ ਅੰਦਰ ਰਹੀ ਖਾ
ਮਾਰ ਔਸ਼ਧੀ ਦਊਂਗਾ ਰੋਗ ਨੂੰ ਦਊ ਖਪਾ।
ਗਹਿਰ ਗੰਭੀਰ ਦਸ਼ਾ ਵਿਚ ਹੁਣ ਤਾਂ ਹੋ ਲਿਵਲੀਨ
ਸਮਾਂ ਪੈਣ ਤੇ ਰੋਗ ਤੋਂ ਮਿਲ ਜਾਊ ਤਸਕੀਨ।"
ਸਾਹਿਬ ਕੁਝ ਗੰਭੀਰ ਹੋ ਤੱਕਿਆ ਵੈਦ ਜੀ ਵੱਲ
ਜਾਪਿਆ ਜੀਕੂੰ ਦੁੱਖ ਨੇ ਅੰਦਰ ਪਾਈ ਛੱਲ।
ਸਤਿਨਾਮ ਦੇ ਰਾਹੀ ਤਦ ਉਚਰਿਆ ਸ਼ਬਦ ਮਲਾਰ
ਅੰਦਰਲੀ ਪੀੜਾ ਬਾਰੇ ਬੋਲੇ ਵਿਚ ਵਿਸਤਾਰ।

ਦੁਖੁ ਵੇਛੋੜਾ ਇਕੁ ਦੁਖੁ ਭੂਖ॥
ਇਕੁ ਦੁਖੁ ਸਕਤਵਾਰ ਜਮਦੂਤ॥
ਇਕੁ ਦੁਖੁ ਰੋਗੁ ਲਗੈ ਤਨਿ ਧਾਇ॥
ਵੈਦ ਨ ਭੋਲੇ ਦਾਰੂ ਲਾਇ॥੧॥
ਦਰਦੁ ਹੋਵੈ ਦੁਖੁ ਰਹੈ ਸਰੀਰ॥
ਐਸਾ ਦਾਰੂ ਲਗੈ ਨ ਬੀਰ॥੧॥ਰਹਾਉ॥
ਖਸਮੁ ਵਿਸਾਰਿ ਕੀਏ ਰਸ ਭੋਗ॥
ਤਾਂ ਤਨਿ ਉਠਿ ਖਲੋਏ ਰੋਗ॥
ਮਨ ਅੰਧੇ ਕਉ ਮਿਲੈ ਸਜਾਇ॥
ਵੈਦ ਨ ਭੋਲੇ ਦਾਰੂ ਲਾਇ॥੨॥



UNISTAR BOOKS PVT LTD.
Unistar Books Pvt Ltd.

ਚੰਦਨ ਕਾ ਫਲੁ ਚੰਦਨ ਵਾਸੁ ॥
ਮਾਣਸ ਕਾ ਫਲੁ ਘਟ ਮਹਿ ਸਾਸੁ ॥
ਸਾਸਿ ਗਇਐ ਕਾਇਆ ਢਲਿ ਪਾਇ ॥
ਤਾ ਕੈ ਪਾਛੈ ਕੋਇ ਨ ਖਾਇ ॥੩॥
ਕੰਚਨ ਕਾਇਆ ਨਿਰਮਲ ਹੰਸੁ ॥
ਜਿਸੁ ਮਹਿ ਨਾਮੁ ਨਿਰੰਜਨ ਅੰਸੁ ॥
ਦੂਖ ਰੋਗ ਸਭਿ ਗਇਆ ਗਵਾਇ ॥
ਨਾਨਕ ਛੂਟਸਿ ਸਾਚੈ ਨਾਇ ॥੪॥੨॥੭॥ (**ਗੁਰੂ ਗ੍ਰੰਥ**, ਪੰਨਾ 1256)

ਤਾਤਪਰਜ ਇਹ ਜੀਵ ਹੈ ਲਿਪਟਿਆ ਹਉਂ ਸੰਸਾਰ
ਕਾਮ ਕ੍ਰੋਧ ਤੇ ਲੋਭ ਮੋਹ ਨਰਕ ਘੋਰ ਗ਼ੁਬਾਰ।
ਰਸ ਕਸ ਵਿਸ਼ੇ ਵਿਕਾਰ ਭੋਗ ਦੇਹੀ ਵਿਆਪੇ ਰੋਗ
ਨਾਮ ਰੰਗ ਵਿਚ ਧੁਲਦਿਆਂ ਰੋਗੋਂ ਹੋਏ ਨਿਰੋਗ।
ਪ੍ਰਥਮੇ ਉਸ ਤੋਂ ਵਿਛੜਨਾ ਦੂਜਾ ਦੁੱਖ ਹੈ ਭੁੱਖ
ਮਲਕਲ ਮੌਤ ਦਾ ਜਬਰਨ ਨਾਲ ਲਿਜਾਣਾ ਦੁੱਖ।
ਇਹ ਵੀ ਵੱਡਾ ਦੁੱਖ ਹੈ ਦੇਹੀ ਵਿਆਪੇ ਰੋਗ
ਤਗੜਾ ਵੱਡ-ਹਕੀਮ ਵੀ ਕਰ ਨਾ ਸਕੇ ਅਰੋਗ।
ਭੁੱਖ, ਵਿਛੋੜਾ, ਰੋਗ, ਮੌਤ ਚਾਰੇ ਰੋਗ ਜੋ ਖ਼ਾਸ
ਸਤਿ ਜਾਣ ਕੇ ਦੇਹ ਦਾ ਵਿਆਕੁਲ ਹੋਏ ਹਰੀਦਾਸ।
ਦਇਆ ਦ੍ਰਿਸ਼ਟੀ ਵੈਦ 'ਤੇ ਪਈ ਜੋ ਬਾਬੇ ਆਣ
ਅਸਥਿਰ ਮਤ ਤੇ ਚੜ੍ਹ ਗਈ ਨਾਮ-ਰੰਗ ਦੀ ਪਾਣ।
ਕਾਲੂ ਵੱਲ ਨਿਗਾਹਾਂ ਕਰ ਫੇਰ ਬੋਲੇ ਹਰੀਦਾਸ
'ਪੀੜ ਹਰਨ ਲਈ ਜੱਗ ਦੀ ਪ੍ਰਗਟਿਆ ਜਗ ਇਹ ਖ਼ਾਸ।'
ਕਾਲੂ ਤੇਰੇ ਪੁੱਤ ਨੂੰ ਹੋਰ ਨ ਕਾਈ ਪੀੜ
ਖੋਟਿਉਂ ਖਰਾ ਕਰਨ ਦੀ ਨੈਣੀਂ ਇਸ ਅਕਸੀਰ।
ਬਾਬੇ ਲਈ ਸਤਿਕਾਰ ਲੈ ਪਰਤ ਗਏ ਹਰੀਦਾਸ
ਵਿਚ ਤਪੇ ਦੇ ਖਿੰਡ ਗਈ ਸਦਗੁਣਾਂ ਦੀ ਬਾਸ।

## ਖ਼ਰਾ ਸੌਦਾ

ਰਾਤ ਦਿਨੇ ਚਿੰਤਾ-ਗ੍ਰਸਤ ਜਗਤ-ਜਲੰਦੀ ਪੀੜ
ਕਰਕ ਕਾਲਜਾ ਵਿੰਨ੍ਹਦੀ ਸਾਹਿਬ ਗੁਣੀ ਗਹੀਰ।
ਲੋੜਵੰਦਾਂ ਦੀ ਕਿਉਂ ਕੋਈ ਕਰਦਾ ਨਾ ਇਮਦਾਦ
ਗਊ ਗ਼ਰੀਬ ਦੀ ਧਰਤ 'ਤੇ ਕੋਇ ਨ ਪੁੱਛੇ ਵਾਤ।

UNISTAR BOOKS PVT LTD.
Unistar Books Pvt
Unistar Books Pvt Ltd.
UNISTAR BOOKS PVT LTD.

ਮਹਿਲੀਂ ਕਿੱਦਾਂ ਪਕਦੇ ਵੰਨੋ-ਵੰਨ ਪਕਵਾਨ
ਭੁੱਖ ਨਾਲ਼ ਕਿਉਂ ਵਿਲਕਦੇ ਕਿਰਤੀ ਤੇ ਕਿਰਸਾਨ ?
ਪੰਡਤ ਕਿਉਂਕਰ ਦੀਨ ਛਡ ਗਲ਼ 'ਤੇ ਛੁਰੀ ਚਲਾਣ
ਹਾਕਮ ਹੋਏ ਰਿਸ਼ਵਤੀ ਛਡਿਆ ਦੀਨ ਈਮਾਨ।
ਅੰਨ੍ਹੀ ਪਰਜਾ ਗਿਆਨਹੀਣ ਕੌਣ ਦਿਖਾਏ ਰਾਹ
ਦੁਖੀ ਲੋਕਾਈ ਵਿਲਕਦੀ ਦੇਵੇ ਕੌਣ ਪਨਾਹ ?
ਹੌਲ਼ੀ-ਹੌਲ਼ੀ ਪਲਟਿਆ ਮਨ ਦਾ ਜਿਉਂ ਵੈਰਾਗ
ਖੋਲ੍ਹੇ ਵਰ੍ਹਿਆਂ ਬਾਅਦ ਗੁਰ ਮੁੰਦੇ ਹੋਏ ਚਿਰਾਗ਼।
ਕਰਮਾਂ ਵਾਲ਼ਾ ਆਇਆ ਸੰਮਤ ਪੰਦਰਾਂ ਸੌ ਚਾਰ
ਆਤਮ ਚੀਨ ਕੇ ਸਤਗੁਰੂ ਘਰ ਦੀ ਲਈ ਸਾਰ।
ਭਾਵੇਂ ਹੱਟੀ ਜਾ ਬਹੇ ਨਾਨਕ ਚਾਵਾਂ ਨਾਲ਼
ਨਾਮ ਖ਼ੁਦਾਈ ਰੰਗ ਪਰ ਰੱਖਿਆ ਬਰਕਰਾਰ।
ਕਦੀ ਆ ਮਾਤ ਸੁਲੱਖਣੀ, ਮਨ ਮੰਦਰ ਖੋਲ੍ਹੇ ਬਾਰ
ਮਿਲਣ ਲੱਗਾ ਸੀ ਬੱਚਿਆਂ ਨੂੰ ਭਰਵਾਂ ਪਿਤਾ ਪਿਆਰ।
ਕਾਰ-ਵਿਹਾਰ ਦੇ ਮਗਰੋਂ ਜੁੜ ਨਾਮ ਕੀਰਤੀ ਰੰਗ
ਰਾਤ੍ਰੀ ਤੇ ਅੰਮ੍ਰਿਤ ਵੇਲ਼ੇ ਕਰਨ ਲੱਗੇ ਸਤਿਸੰਗ।
ਕੀਰਤੀ ਸ਼ੋਭਾ ਬਿਖਰੀ ਬਾਰ 'ਚ ਦੂਰੋ-ਦੂਰ
ਬੰਨ੍ਹ ਕਤਾਰਾਂ ਪੁੱਜਦੇ ਸਤਸੰਗੀ ਕੋਲ਼ ਹਜ਼ੂਰ।

ਖੇਤੀ ਦਾ ਮੀਂਹ ਆਸਰੇ ਹੁੰਦਾ ਸੀ ਕੰਮ ਕਾਰ
ਬੇਜ਼ਾਰੀ ਸੀ ਵਧਦੀ ਜੋ ਔੜ ਦੀ ਪੈਂਦੀ ਮਾਰ।
ਦੁਖੀ ਲੋਕਾਈ ਤੱਕ ਕਿੰਜ ਹੋ ਸਕਦੇ ਬੇਪ੍ਰਵਾਹ
ਦੀਨ ਦੁਖੀ ਲਾਚਾਰ ਦੀ ਫੜਦੇ ਆ ਕੇ ਬਾਂਹ।
ਕਾਲੂ ਸੋਚਿਆ ਪੁੱਤ ਜੋ ਪਾਈਏ ਵਿਚ ਵਪਾਰ
ਤੋਟ ਰਹੂ ਨਾ ਅੰਨ ਦੀ ਕਰੂ ਜੋ ਨਿੱਤ ਦੀ ਕਾਰ।
'ਮਾਇਆ ਰੰਗ ਕਸੁੰਭੜਾ ਥੋੜੜਿਆ ਦਿਨ ਚਾਰ'
ਫਿਰ ਵੀ ਮਾਇਆ ਸੰਗ ਹੀ ਚਲਦਾ ਦੁਨੀ ਵਿਹਾਰ!
'ਨਾਨਕ ਹਥੀਂ ਦੇ ਕਿਸੇ ਵੀਹ ਰੁਪਈਏ ਰਾਸ
ਕੀਤੀ ਨਾਲ਼ ਤਾਕੀਦ ਪਿਤਾ ਸੌਦਾ ਕਰਨੈ ਖ਼ਾਸ।
ਸੌਦਾ ਖ਼ਰਾ ਵਿਹਾਜ ਕੇ ਮੁੜਨੈਂ ਬਰਖ਼ੁਰਦਾਰ!
ਖੱਤਰੀ ਪੁੱਤਰ ਕਰਨ ਜਿਉਂ ਲਾਹੇ ਦਾ ਵਪਾਰ।'
ਸ਼ਾਹੀ ਵਪਾਰੀ ਮੁੱਢ ਤੋਂ ਹੀ ਸੀਗਾ ਖ਼ਰਾ ਵਪਾਰ
ਦਸ ਨਹੁੰਆਂ ਦੀ ਕਿਰਤ ਤੋਂ ਸੀ ਬਾਬੇ ਕੀ ਇਨਕਾਰ ?

UNISTAR BOOKS PVT LTD.
Unistar Books Pvt Ltd.

ਭਾਵੇਂ ਸੀ ਪਰਵਾਜ਼ ਉਸ ਉੱਡਣੀ ਅਤੇ ਅਮੋੜ
ਫਿਰ ਵੀ ਕਹਿਣਾ ਪਿਤਾ ਦਾ ਸੀ ਕਿੰਜ ਸਕਦਾ ਮੋੜ।
ਪਿੱਛੇ ਇਸ ਵਪਾਰ ਦੇ ਕੁਝ ਤਾਂ ਹੋਊ ਰਾਜ਼ ?
ਕਮਰਕੱਸਾ ਤਦ ਕਰ ਲਿਆ ਜਾਣ ਲਈ ਮਹਾਰਾਜ।
ਵੱਡਾ ਨਗਰ ਚੂਹੜਕਾਣਾ ਤਲਵੰਡੀ ਨਜ਼ਦੀਕ
ਖੁੱਲ੍ਹੇ ਖਰੇ ਵਪਾਰ ਵਿਚ ਰਾਸ ਸੀ ਲਓਣੀ ਠੀਕ।
ਸੁੰਦਰ ਚਾਦਰ ਰੇਸ਼ਮੀ ਮੋਢੇ 'ਤੇ ਟਿਕਾ
ਸਿਰੀ ਚੰਦ ਲਖਮੀ ਕੰਨੀਂ ਮੋਹ ਸੰਗ ਤੱਕਿਆ!
ਧੁਰ-ਕਰਮੀਂ ਸੰਜੋਗੜਾ! ਮਰਦਾਨਾ ਸੀ ਨਾਲ਼
ਚੂਹੜਕਾਣਾ ਲਈ ਵਿਦਾ ਹੋਏ ਚੱਲ ਬਾਬਾ ਸਾਦਕ ਚਾਲ।
ਸਰਸ ਬਸੰਤੀ ਰੁੱਤ ਸੀ ਮਹਿਕਾਂ ਲੱਦੀ 'ਵਾ
ਨਾਲ਼ ਸਰੂਟਿਆਂ ਝੂੰਮਦੀ ਪੌਣ ਰਹੀ ਸੀ ਗਾ।
ਰਾਈ ਸਰਸੋਂ ਕਣਕ ਦੇ ਲਹਿਲਹਾਂਦੇ ਖੇਤ
ਪੰਛੀ ਚਹਿਚਹਾਉਂਦੇ ਫੁਦਕਣ ਉੱਤੇ ਰੇਤ।
ਭਾਲ਼ ਖ਼ਰੇ ਸੌਦੇ ਦੇ ਵਿਚ ਸਾਹਿਬ ਗੁਣੀ ਨਿਧਾਨ
ਅਕੱਥ ਕਥਾ ਅਕਾਲ ਦੀ ਰਾਹ 'ਚ ਕਹਿੰਦੇ ਜਾਣ।
ਚੂਹੜਕਾਣਿਉਂ ਉਰ੍ਹਾਂ ਹੀ ਸੁੰਦਰ ਬੀਆਬਾਨ
ਤੱਕਿਆ ਸਾਹਵੇਂ ਸਤਗੁਰੂ ਤਪ ਸਾਧਕ ਅਸਥਾਨ।
ਸਾਧਾਂ ਦੀ ਕੋਈ ਮੰਡਲੀ ਉੱਤਰੀ ਸੀ ਇਸ ਬੀੜ
ਜਟਾ ਜੂਟ ਕਈ ਘੋਨ-ਮੋਨ ਨਾਂਗੇ ਕਈ ਫ਼ਕੀਰ।
ਗਲ਼-ਗਲ਼ ਪਾਣੀ ਵਿਚ ਕੋਈ ਇਕੋ ਪੈਰ ਖੜ੍ਹਾ
ਆਸਣ ਪਦਮ ਜਮਾਇਕੇ ਬਿਰਤੀ ਰਿਹਾ ਟਿਕਾ।
ਨਿਰ-ਬਸਤਰ ਕੁਝ ਨਿਰਆਹਾਰ ਸੁਰਤ ਰਹੇ ਸੀ ਜੋੜ
ਬੋਕਿਆਂ ਵਰਗੇ ਪੇਟ ਉਨ੍ਹਾਂ ਸੁੱਕੇ ਹੋਏ ਕੰਗਰੋੜ।
ਹੁਕਮੀਂ ਰੂਹਾਂ ਅਹਿਲ ਅਡੋਲ ਤਨ ਦੇ ਭਲੇ ਫ਼ਕੀਰ
ਲੁਛ-ਲੁਛ ਕਰਦੀਆਂ ਆਂਦਰਾਂ ਫਿਰ ਵੀ ਰੱਖੀ ਧੀਰ।
ਮ੍ਰਿਗਛਾਲਾ ਬਹਿ ਤਪੀ ਇਕ ਸਾਧ ਰਿਹਾ ਸੀ ਮੰਤ੍ਰ
ਤੇੜ ਲੰਗੋਟਾ, ਮ੍ਰਿਗਛਾਲ 'ਤੇ ਬੈਠਾ ਬੜਾ ਮਹੰਤ।
ਵਾਚ ਕੇ ਆਸਣ ਵੰਨ-ਵੰਨ ਮਨ ਦੇ ਤੋਲਦੇ ਤੋਲ
ਆਖ਼ਰ ਪੁੱਜੇ ਕਿਰਪਾਲੂ ਬੜੇ ਮਹੰਤ ਦੇ ਕੋਲ਼।
ਨਾਨਕ ਕਿਹਾ, "ਮਹੰਤ ਜੀ! ਸੁੰਦਰ ਸੋਹਣੇ ਅੰਗ
ਸੁਆਹ ਰਮਾ ਕੇ ਕਿਉਂ ਕੀਤੇ ਸੋਹਣੇ ਅੰਗ ਬਦਰੰਗ ?"

UNISTAR BOOKS PVT LTD. Unistar Books Pvt Ltd.

ਮਹੰਤ ਕਿਹਾ, "ਸੁਣ ਬਾਲ ਜੀ! ਰੱਖ ਸਬੂਰੀ ਸੋਚ
ਭੇਖ ਸਾਧ ਜੋ ਧਾਰਿਆ ਲਾਜ਼ਮੀ ਐ ਸੰਕੋਚ।
ਖ਼ਰਾ ਦੁਖਾਲਾ ਲਾਵਣਾ ਤ੍ਰਿਸਨਾਵਾਂ 'ਤੇ ਬੰਨ੍ਹ
ਔਗੁਣਾਂ ਨੂੰ ਖਪਾਇਕੇ ਜਿੱਤਣਾ ਪੈਂਦੈ ਮਨ।"
ਨਾਨਕ ਕਿਹਾ, "ਮਹੰਤ ਜੀ! ਤਜਿਆ ਕਾਹਤੋਂ ਅੰਨ
ਅੰਨੇ ਬਿਨਾ ਸਕਾਲ ਨਾਹ ਰੱਬ ਨ ਹੋਏ ਪ੍ਰਸੰਨ।
ਮੰਗ ਖਾਣਾ ਕਦ ਸ਼ੋਭਦਾ ਤਜ ਕੇ ਸਭ ਘਰ-ਬਾਰ
ਸਿਰਜਣਹਾਰੇ ਭੇਜਿਆ ਆਪੇ ਲਊਗਾ ਸਾਰ।"
"ਭੁੱਖੇ ਹਾਂ ਸੱਤ ਦਿਨ ਤੋਂ" ਕਿਹਾ ਹਕੀਕਤ ਖੋਲ੍ਹ
ਆਖਿਆ ਜਦੋਂ ਮਹੰਤ ਇਹ ਥਿੜਕ ਰਹੇ ਸੀ ਬੋਲ।
ਬਾਣੀਏ ਵਾਂਗ ਸੀ ਭੇਜਿਆ ਬੇਦੀ ਕਰਨ ਵਪਾਰ
ਪਰ ਬੈਠੇ ਸੀ ਸਾਹਮਣੇ ਭੁੱਖੇ ਨਿਰ-ਆਹਾਰ।
ਭੁੱਖਿਆਂ ਤਾਈਂ ਖਿਲਾਵਣਾ ਅੰਨ-ਪਾਣੀ ਆਹਾਰ
ਸੋਚਿਆ! ਨਾਨਕ ਇਸ ਤੋਂ ਕੀ ਹੋਊ ਖ਼ਰਾ ਵਪਾਰ ?

ਵੀਹ ਰੁਪਈਏ ਸਤਗੁਰੂ ਚਰਨੀਂ ਰੱਖ ਮਹੰਤ
ਆਖਿਆ, "ਅੰਨ ਛਕਾਵਣੈ, ਪਰਮੇਸ਼ਰ ਬੇਅੰਤ।"
"ਮਾਇਆ, ਸੌਦਾ, ਵਣਜ ਆਦਿ ਸਾਡਾ ਨਾ ਵਿਹਾਰ
ਰਸਦ ਲਿਆਉ ਜਾਇਕੇ ਭੁੱਖਿਆਂ ਤਾਈਂ ਆਹਾਰ।"
ਸਤਿਬਚਨ! ਕਹਿ ਤੁਰ ਪਏ ਮਰਦਾਨੇ ਦੇ ਨਾਲ਼
ਨਕ ਨਥ ਸਭ ਖਸਮ ਹੱਥ ਉਸੇ ਦੀ ਸਿਰਕਾਰ।
ਬਾਰੰਬਾਰ ਚਿਤਾਵਨੀ ਦਿੱਤੀ ਮਰਦਾਨੇ ਖ਼ਾਸ
ਪਰ ਨਾਨਕ ਤਾਂ ਰਸਦ 'ਤੇ ਖ਼ਰਚ'ਤੀ ਸਾਰੀ ਰਾਸ।
'ਕੱਠੀ ਕਰ ਸਮੱਗਰੀ ਮਨ 'ਚ ਰੱਖ ਉਮਾਹ
ਲੰਗਰ ਸਭ ਪਕਾਇਕੇ ਦਿੱਤਾ ਸਭਸ ਖੁਆ।
ਸੌਦਾ ਖ਼ਰਾ ਵਿਹਾਜ ਕੇ ਬਣ ਕੇ ਸਭਨਾਂ ਮੀਤ
'ਭੁੱਖਿਆਂ ਤਾਈਂ ਛਕਾਣ ਦੀ' ਬਾਬੇ ਤੋਰੀ ਰੀਤ।
ਤਲਵੰਡੀ ਵੱਲ ਚੱਲ ਪਏ ਮਰਦਾਨੇ ਦੇ ਨਾਲ਼
ਪਿਤਾ ਦੇ ਰੰਜ ਹੋਣ ਦਾ ਰਾਹ 'ਚ ਆਇਆ ਖ਼ਿਆਲ।
ਮਰਦਾਨੇ ਦੇ ਰਿਦੇ ਵਿਚ ਪਹਿਲੋਂ ਹੀ ਸੀ ਤ੍ਰਾਸ
ਤਾਹੀਓਂ ਕੀਤਾ ਸੀ ਮਨ੍ਹਾ ਉਸ ਖ਼ਰਚਣੋਂ ਸਾਰੀ ਰਾਸ।
ਬਾਬੇ ਕਿਹਾ, "ਮਰਦਾਨਿਆ! ਜਾਉ ਆਪਣੇ ਧਾਮ
ਡੂੰਘੀ ਰੈਣ ਸੁਹੇਲੜੀ ਜਾ ਕੇ ਕਰੋ ਆਰਾਮ।"


UNISTAR BOOKS PVT LTD.
Unistar Books Pvt Ltd.

ਕੰਢੇ ਸੁੱਕੇ ਤਾਲ ਦੇ ਸੰਘਣੇ ਰੁੱਖੜੇ ਹੇਠ
ਨਾਮ ਆਹਾਰ ਦਾ ਭੋਗ ਲਾ ਬਾਬਾ ਗਏ ਬੈਠ।

ਤੜਕੇ ਲੱਗੀ ਲੋਅ ਜਦ ਵਿਚ ਤਲਵੰਡੀ ਗ੍ਰਾਮ
ਮਰਦਾਨਾ ਹਾਜ਼ਰ ਹੋਇਆ ਮਹਿਤਾ ਜੀ ਦੇ ਧਾਮ!
ਕਾਲੂ ਤਾਈਂ ਸੱਚ ਸਭ ਕੀਤਾ ਦਾਨੇ ਜ਼ਾਹਰ
'ਮਾਰੇ ਡਰ ਦੇ ਨਾਨਕ ਜੀ ਖੂਹ ਤੋਂ ਬੈਠੇ ਬਾਹਰ'।
ਪਰਤਿਆ ਖ਼ਾਲੀ ਹੱਥ ਪੁੱਤ ਸੁਣ ਕੇ ਹੋਏ ਨਿਰਾਸ਼
ਭੜਕੇ ਕਾਲੂ ਕ੍ਰੋਧ ਵਿਚ ਪੁੱਜੇ ਪੁੱਤਰ ਪਾਸ।
ਤੱਕਿਆ ਰੱਬੀ ਰੰਗ ਵਿਚ ਬੈਠਾ ਲਾਲ ਅਡੋਲ
ਉਹ ਤਾਂ ਖ਼ਰੇ ਵਾਪਾਰ ਦੀ ਭਰੀ ਸੀ ਬੈਠਾ ਝੋਲ।
ਲੇਕਿਨ ਕਾਲੂ ਪੁੱਤ ਨੂੰ ਕੱਢ ਕੇ ਝਿੜੀਉਂ ਬਾਹਰ
ਆਪ ਬਰਬਾਰ ਪੁੱਤ 'ਤੇ ਗ਼ੁੱਸਾ ਕੀਤਾ ਜ਼ਾਹਰ।
ਮਾਰ ਕੇ ਚੰਡਾਂ ਮੂੰਹ 'ਤੇ ਬੋਲੇ ਬੋਲ ਕੁਬੋਲ
ਦੁਨੀਆਦਾਰੀ ਬਾਪ ਸੀ, ਸੀ ਦੁਨਿਆਵੀ ਤੋਲ।
ਜਿਸ ਵੀ ਤੱਕਿਆ ਅੱਖੀਉਂ ਹੰਝ ਨਾ ਸਕਿਆ ਰੋਕ
ਰੋਈਆਂ ਪਿੰਡ ਦੀਆਂ ਗ਼ਲੀਆਂ ਮੰਨਿਆ ਸਭਨਾਂ ਸ਼ੋਕ!
ਕਾਲੂ ਵੀ ਤਾਂ ਬਾਪ ਸੀ ਆਖ਼ਰ ਦੁਨੀਆਦਾਰ
ਕਿੰਜ ਹੁੰਦਾ ਖ਼ੁਸ਼ ਤੱਕ ਪੁੱਤ ਵਿਹਲਾ, ਹੋਣਹਾਰ ?
ਵਿਆਕੁਲ ਹੋਈ ਰੋਂਵਦੀ ਤੱਕ ਕੇ ਤ੍ਰਿਪਤਾ ਮਾਤ
ਐਡੀ ਕੀ ਤਕਸੀਰ ਹੋਈ! ਮਾਰੇ ਮਨ 'ਚ ਝਾਤ।
ਹੌਲ਼ੀ-ਹੌਲ਼ੀ ਖ਼ਬਰ ਜਾ ਪੁੱਜੀ ਪਾਸ ਬੁਲਾਰ
ਦੁਖੀ ਹੋਇਆ ਸੁਣ ਕਾਲੂ ਦਾ ਸ਼ੈਤਾਨੀ ਵਿਵਹਾਰ।
ਸੱਦਿਆ ਓਸੇ ਪਲ ਉਸ ਪਟਵਾਰੀ ਨੂੰ ਕੋਲ਼
ਗ਼ੁੱਸੇ ਦੇ ਵਿਚ ਝਾੜ ਕੇ ਤਿੱਖੇ ਬੋਲੇ ਬੋਲ।

"ਮੰਦਾ ਕੀਤੋ ਪਟਵਾਰੀ! ਕਾਹਦਾ ਪੁੱਤਰ ਪਿਆਰ
ਅੱਲਾਹ ਦੇ ਇਸ ਨੂਰ ਦੇ ਮੂੰਹ 'ਤੇ ਚੰਡਾਂ ਮਾਰ।
ਮੈਥੋਂ ਲੈ ਲੈਂਦੋ ਰੁਪਈਏ ਏਡੀ ਸੀ ਜੇ ਭੁੱਖ
ਸਾਰ ਨਾ ਤੈਨੂੰ ਲਾਲ ਦੀ! ਕਾਅਦਾ ਤੂੰ ਮਨੁੱਖ ?
ਭੁੱਖਿਆਂ ਤਾਈਂ ਖੁਆਲਦਾ ਹੁੰਦਾ ਖ਼ਰਾ ਵਪਾਰ
ਕਾਸ਼! ਕਿ ਖਰੇ ਸੌਦੇ ਦੀ ਤੈਨੂੰ ਹੁੰਦੀ ਸਾਰ!
ਤੂੰ ਹਿੰਦੂ ਘਰ ਜਨਮਿਆ ਮੈਂ ਹਾਂ ਮੁਸਲਮਾਨ
ਰੀਤੀ ਏਸ ਸਮਾਜ ਦੀ ਕਰਦੀ ਨਾਹ ਪਰਵਾਨ।

UNISTAR BOOKS PVT LTD.
Unistar Books Pvt Ltd.

ਨਹੀਂ ਤਾਂ ਕਾਲੂ ਰੱਖ ਲਾਂ ਨਾਨਕ ਆਪਣੇ ਕੋਲ਼
ਰੱਖ ਅਮੋਲਕ ਰਤਨ ਇਹ ਭਰਲਾਂ ਸੱਖਣੀ ਝੋਲ਼।"

ਜਦ ਤੋਂ ਨਾਨਕ ਪਰਤਿਆ ਸੀ ਕਰਕੇ ਖ਼ਰਾ ਵਪਾਰ
ਸੋਚਾਂ ਵਿਚ ਸੀ ਡੁੱਬਿਆ ਭੋਇੰ ਨਹੀਂ ਸਰਦਾਰ।
ਪਿਤਾ ਮਨੋ ਸੀ ਉਤਰਿਆ ਨਾਨਕ ਭੈਣ ਦਾ ਵੀਰ
ਭੈਣ ਨਾਨਕੀ ਜੈ ਰਾਮ ਸੁਣ ਡਾਢੇ ਹੋਏ ਦਿਲਗੀਰ।
ਡਾਢੇ ਹੋਏ ਬੇਚੈਨ ਜਦ ਹਾਕਮ ਰਾਏ ਬੁਲਾਰ
ਸੱਦਿਆ ਆਖ਼ਿਰ ਜੈਰਾਮ ਕਰਨ ਲਈ ਬੀਚਾਰ।
ਸਾਊ, ਸ਼ਾਂਤ, ਜੈਰਾਮ ਸੀ ਤੀਖਣ ਬੁੱਧ ਵਿਵੇਕ
ਰਿਸ਼ਤਿਆਂ ਨੂੰ ਸਤਿਕਾਰ ਦੇਇ ਬਿਨਾਂ ਬਨਾਵਟ ਭੇਖ।
ਦੌਲਤਖ਼ਾਨ ਨਵਾਬ ਦਾ ਸੀ ਵਫ਼ਾਦਾਰ ਦੀਵਾਨ
ਕਰਮਾਸੰਦੀ ਨਾਨਕੀ ਦਾ ਪਤੀ ਜੋ ਸੀ ਜੈਰਾਮ।
ਜੈਰਾਮ ਘਰ ਸਹੁਰੇ ਪੁੱਜ ਪੁੱਛਿਆ ਹਾਲ-ਹਵਾਲ
ਵਿਹਲੜ ਪੁੱਤ ਬਾਰੇ ਦੱਸਦੇ ਕਾਲੂ ਹੋਏ ਬੇਹਾਲ।
ਸੁੱਖ-ਸਾਂਦ ਪੁੱਛਣ ਮਗਰੋਂ ਜਾ ਮਿਲਿਆ ਰਾਏ ਬੁਲਾਰ
ਜਾਣ ਪ੍ਰਾਹੁਣਾ ਪਿੰਡ ਦਾ ਕੀਤਾ ਬਹੁੰ ਸਤਿਕਾਰ।
ਵਿਹਲਾ ਤੱਕ ਜੈਰਾਮ ਨੂੰ ਰਾਏ ਬਿਠਾਇਆ ਕੋਲ਼
ਨਾਲ਼ ਬੜੀ ਅਪਣੱਤ ਦੇ ਸਾਂਝੇ ਕੀਤੇ ਬੋਲ।
"ਮੇਰੀ ਅਕਲੇ ਠੀਕ ਹੈ ਨਾਨਕ ਦਾ ਵਿਵਹਾਰ
ਐਪਰ ਮੂਲ ਨਾ ਜਾਣਦਾ ਕਾਲੂ ਦੁਨੀਆਦਾਰ।
ਖ਼ਬਰ ਨਾ ਕਾਈ ਉਸ ਨੂੰ ਇਸ ਗੱਲ ਦੀ ਜੈਰਾਮ
ਰਾਖ਼ 'ਚ ਛੁਪੀ ਅਗਨ ਵਤ ਨਾਨਕ ਗੁਣਾਂ ਦੀ ਖਾਣ।
ਮਿਲ ਕੇ ਦੌਲਤ ਖ਼ਾਨ ਨੂੰ ਕਹਿਓ ਨਾਲ਼ ਸਤਿਕਾਰ
ਨਾਨਕ ਜੀ ਦੇ ਕਰਨ ਲਈ ਦੇਵੋ ਕੁਝ ਰੁਜ਼ਗਾਰ।
ਰਾਏ ਬੁਲਾਰ ਦੀ ਗੱਲ ਮੰਨ ਕਰਕੇ ਦੁਆ-ਸਲਾਮ
ਸਹੁਰੇ ਘਰ ਵਿਚ ਰਾਤ ਕੱਟ ਭਲਕੇ ਮੁੜਿਆ ਜੈਰਾਮ।
ਮਿਲਿਆ ਦੌਲਤ ਖ਼ਾਨ ਨੂੰ ਕਿਹਾ ਨਾਲ਼ ਸਤਿਕਾਰ
ਨਾਨਕ ਜੀ ਦੇ ਕਰਨ ਲਈ ਮੰਗਿਆ ਉਸ ਰੁਜ਼ਗਾਰ।
"ਨਾਨਕ ਭਲਾ ਪੁਰਖ ਹੈ ਅਤਿ ਦਾ ਦਿਆਨਤਦਾਰ
ਵਡ-ਹਿਸਾਬੀ ਆਲਮ ਫ਼ਾਜ਼ਲ ਸਿਆਣਾ ਸੂਝਦਾਰ।
ਉਹਦੀ ਨਜ਼ਰ 'ਚ ਸਭ ਇਕ ਹਿੰਦੂ ਮੁਸਲਮਾਨ
ਇਕੋ ਰੱਬ 'ਤੇ ਰੱਖਦਾ ਹੈ ਵੇ ਵੱਡ ਈਮਾਨ।"

ਸੁਣਿਆ ਖ਼ਾਨ ਨਵਾਬ ਜਦ ਨਾਨਕ ਖ਼ਰਾ ਵਿਹਾਰ
ਵਫ਼ਾਦਾਰ ਦੀਵਾਨ ਨੂੰ ਬੋਲਿਆ ਨਾਲ਼ ਪਿਆਰ।
ਮੋਦੀਖ਼ਾਨੇ ਵਿਚ ਹੈ ਇਕ ਮੋਦੀ ਦੀ ਲੋੜ
ਏਨਾ ਕਹਿ ਜੈਰਾਮ ਨੂੰ ਦਿੱਤਾ ਹਾਕਮ ਤੋਰ।
ਜੈਰਾਮ ਤਲਵੰਡੀ ਵੱਲ ਪੱਤਰ ਦਿੱਤਾ ਭਿਜਵਾ
ਪੜ੍ਹ ਕੇ ਰਾਏ ਬੁਲਾਰ ਮਨ ਡਾਢਾ ਉਪਜਿਆ ਚਾਅ।
ਖ਼ੁਸ਼ ਹੋ ਕੇ ਤਦ ਰਾਏ ਨੇ ਨਾਨਕ ਲਿਆ ਸੱਦ
ਗੱਲ ਸੁਣ ਰਾਏ ਬੁਲਾਰ ਦੀ ਮਨ ਹੋਇਆ ਗ਼ਦਗ਼ਦ।

ਤੜਕੇ ਉੱਠਣ-ਸਾਰ ਮੰਨ ਕਹਿਣਾ ਜੈਰਾਮ ਦਾ
ਛੱਡ ਤਲਵੰਡੀ ਬਾਰ ਕੀਤਾ ਮੂੰਹ ਦੁਆਬ ਵੱਲ।
ਦਿੱਤਾ ਵੱਡ ਸਤਿਕਾਰ ਬਾਬੇ ਪਹਿਲਾਂ ਪਿਤਾ ਨੂੰ
ਘੁੱਟੇ ਨਾਲ਼ ਪਿਆਰ ਚਰਨ ਪਰਸ ਕੇ ਮਾਤ ਦੇ।
ਖੜ੍ਹੀ ਸੁਲੱਖਣੀ ਨਾਰ ਡੌਰ-ਭੌਰ ਹੋ ਤੱਕਦੀ
ਸਮਾਂ ਬਹੁਤ ਬਲਕਾਰ ਮਾਲਕ ਦੇ ਹੱਥ ਡੋਰੀਆਂ।
ਧੜਕਦੇ ਕਾਲ਼ਜੇ ਨਾਲ਼ ਚਰਨਾਂ ਉੱਤੇ ਜਾ ਗਿਰੀ
ਬੀਤੇ ਪਲ ਖਿਣ ਸਾਲ ਫਿਰ ਗਏ ਅੱਖਾਂ ਮੂਹਰ ਦੀ।
ਡਾਢੇ ਨਾਲ਼ ਪਿਆਰ ਤੱਕਿਆ ਵੱਲ ਸੁਲੱਖਣੀ
ਚਰਨਾਂ ਤੋਂ ਉਠਾਲ਼ ਦਿੱਤਾ ਧੀਰਜ ਉਸ ਨੂੰ।
ਦੌੜੇ ਆਏ ਬਾਲ ਸਿਰੀ ਚੰਦ ਤੇ ਲਖਮੀ
ਘੁੱਟ ਕਲ਼ੇਜੇ ਨਾਲ਼ ਬਾਬੇ ਨੇ ਲਾਏ ਤਦੇ।
ਮਹੀਂਆਂ ਦਾ ਚਰਵਾਲ ਵਿਚ ਹਵੇਲੀ ਜਾਇਕੇ
ਡਾਢੀ ਮਮਤਾ ਨਾਲ਼ ਡੰਗਰਾਂ ਨੂੰ ਪੁਚਕਾਰਿਆ।
ਬੜੀ ਮਾਸੂਮਤਾ ਨਾਲ ਤੱਕਿਆ ਬਾਬੇ ਵੱਲ ਉਨ
ਬਾਬਾ ਲਾ ਗਲ਼ ਨਾਲ਼ ਕਿੰਨਾ ਚਿਰ ਖ਼ਾਮੋਸ਼ ਰਹੇ।
ਸੰਨ ਪੰਦਰਾਂ ਸੌ ਚਾਰ ਮੱਘਰ ਮਾਹ ਸੁਹਾਵਣਾ
ਲੈ ਮਰਦਾਨਾ ਨਾਲ਼ ਤੁਰ ਪਏ ਗੁਰ ਤਲਵੰਡੀਓਂ।
ਹਾਕਮ ਰਾਏ ਬੁਲਾਰ ਤੋਰਨ ਆਏ ਖ਼ਾਸ ਕਰ
ਪੁੱਤਾਂ ਵਾਂਗ ਪਿਆਰ ਕਰਦਾ ਸੀ ਮਹਾਂ ਨੂਰ ਨੂੰ।
ਤੱਕੇ ਸੁੰਵੀ ਬਾਰ ਰੂਹੋਂ ਸੱਖਣੀ ਦੇਹ ਫੜ੍ਹ
ਬਾਬਾ ਪਰਲੇ ਪਾਰ ਗੋਇੰਦਵਾਲੋਂ ਜਾ ਲੱਗਾ।

•

UNISTAR BOOKS PVT LTD.
Unistar Books Pvt Ltd.
UNISTAR BOOKS PVT LTD.

UNISTAR BOOKS PVT LTD.
Unistar Books Pvt Ltd.

# ਤੀਜਾ ਸਰਗ
# ਸੁਲਤਾਨਪੁਰ

Unistar Books Pvt Ltd.
UNISTAR BOOKS PVT LTD.

ਬਾਬਾ ਪੈਧਾ ਸਚਿ ਖੰਡ
ਨਉਨਿਧ ਨਾਮ ਗਰੀਬੀ ਪਾਈ॥
**–ਭਾਈ ਗੁਰਦਾਸ**

UNISTAR BOOKS PVT LTD.
Unistar Books Pvt Ltd.
Unistar Books Pv
UNISTAR BOOKS PVT LTD.

UNISTAR BOOKS PVT LTD.

## ਸੁਲਤਾਨਪੁਰ

ਸਯਦਵੰਸ਼ੀ ਬਾਦਸ਼ਾਹਾਂ 'ਚੋਂ ਵੱਡਾ ਅਲਾਉਦੀਨ
ਕਰਨੀ ਰੱਬ ਦੀ ਜਿਵੇਂ ਹੀ ਹੋਇਆ ਸ਼ਕਤੀਹੀਨ।
ਸਿਪਾਹਸਲਾਰ ਬਹਿਲੋਲ ਖ਼ਾਂ ਸਾਂਭਿਆ ਦਿੱਲੀ ਰਾਜ
ਪਹਿਨਿਆ ਤੇਤੀ ਵਰ੍ਹੇ ਤੱਕ ਸਿਰ 'ਤੇ ਸ਼ਾਹੀ ਤਾਜ।
ਉਹਦਾ ਹੀ ਸਿਕਦਾਰ ਸੀ ਦੌਲਤ ਖ਼ਾਨ ਨਵਾਬ
ਪੁੱਤਰ ਸੀ ਤਾਤਾਰ ਖ਼ਾਂ ਜਿਸ ਕੀਤਾ ਥਾਂ ਆਬਾਦ।
ਦੌਲਤ ਖ਼ਾਨ ਚਚੇਚਾ ਭਾਈ ਸੀ ਸਿਕੰਦਰ ਖ਼ਾਨ
ਬਣਿਆ ਜੋ ਬਹਿਲੋਲ ਖ਼ਾਂ ਦੇ ਮਗਰੋਂ ਹੁਕਮਰਾਨ।
ਰਾਜਧਾਨੀ ਦਿੱਲੀ ਥਾਵੇਂ ਉਸ ਆਗਰਾ ਲਈ ਬਣਾ
ਲੱਗਾ ਚੱਲਣ ਬਿਹਾਰ ਤੀਕ ਜ਼ਾਲਮ ਦਾ ਸਿੱਕਾ।
ਬੰਨ੍ਹ ਕੇ ਜਿਸ ਕਬੀਰ ਭਗਤ ਲਿਆ ਦਰਬਾਰ ਬੁਲਾ
ਦੁਖੀਆਂ, ਚੁਗਲਖ਼ੋਰਾਂ ਪੱਲੇ ਨਾ ਭਾਵੇਂ ਕੁਝ ਪਿਆ।
ਸੁਲਤਾਨਪੁਰ ਲੋਧੀ ਜੋ ਅੱਜ ਜਾਣਿਆ ਜਾਂਦੈ ਨਾਂ
'ਤਾਮਸਵਣ' ਸੀ ਆਖਦੇ ਵਾਸੀ ਜੋ ਇਸ ਥਾਂ।
ਛੇਵੀਂ ਸਦੀ ਈਸਾ ਤੀਕ ਮੁੱਖ ਕੇਂਦਰ ਸੀ ਧਿਆਨ
'ਪੇਰਨਪੁਰ' ਕਹਿ ਭਿਕਸ਼ੂ ਸੱਦਣ ਪਾਕ ਧਾਮ।
ਸੋਲ਼ਾਂ ਮੀਲ ਕਪੂਰਥਲੇ ਤੋਂ ਦੱਖਣ ਪਾਸੇ ਵੱਲ
ਸੁਲਤਾਨਪੁਰ ਦੇ ਨਗਰ ਦੀ ਚਰਚਾ ਪੈਂਦੀ ਚੱਲ।
ਚੌਹੀਂ ਤਰਫ਼ ਹਵੇਲੀਆਂ ਰੌਣਕ ਚੱਤੋ ਪਹਿਰ
ਸੁੰਦਰ ਮਸਜਿਦ ਸੋਂਹਦੀ ਸੱਜੇ ਤਰਫ਼ੀਂ ਮਹਿਲ।
ਛੱਤਾਂ 'ਤੇ ਮੀਨਾਕਸ਼ੀ ਮਨ ਨੂੰ ਮੋਹੇ ਖ਼ਾਸ
ਦਰ ਦਰਵਾਜ਼ੇ ਚਿੱਤਰੇ ਚਾਤਰ ਕਿਸੀ ਨੱਕਾਸ਼।
ਬਾਹਰਵੰਨੀ ਬਾਗ਼-ਬਗ਼ੀਚੇ ਕੰਢੇ ਵੇਈਂ ਲਹਿਰ
ਕਿਲ੍ਹਾਬੰਦੀ ਚੁਫੇਰਿਉਂ ਕਰ ਕੀਤਾ ਪੱਕਾ ਸ਼ਹਿਰ।
ਦਸਤਕਾਰ ਕਾਰੀਗਰਾਂ ਦੂਰ ਦੁਰਾਡਿਉਂ ਆ
ਕਲਾਕਾਰੀ ਦੇ ਵਸਬ ਵਿਚ ਲਿਆ ਨਾਮ ਕਮਾ।
ਰੰਗ-ਬਿਰੰਗੀ ਨਗਰੀ ਦੇ ਅੱਡੋ-ਅੱਡਰੇ ਵੇਸ
ਵਸਦੇ ਸੀ ਸੁਲਤਾਨਪੁਰ ਆਲਮ, ਫਾਜ਼ਲ, ਦਰਵੇਸ਼।

Unistar Books Pvt Ltd.



UNISTAR BOOKS PVT LTD.

ਇਸਲਾਮੀ ਵਿਹਾਰਕ ਸਿੱਖਿਆ ਦੇ ਮਦਰੱਸੇ ਖੋਲ੍ਹ
ਚਾਨਣ ਦਾ ਰਾਹ ਖੋਲ੍ਹਿਆ ਸੋਚ ਕੇਹੀ ਅਣਮੋਲ।
ਪਰਮਾਰਥ ਸੋਝੀ ਲਈ ਪ੍ਰਬੁੱਧ ਲੋਕੀਂ ਆ
ਕੇਂਦਰ ਬਹਿ ਇਸਲਾਮ ਕਰਨ ਦੀਨ ਦੁਨੀ ਚਰਚਾ।
ਨਾਜ਼ਮ ਸੀ ਪੰਜਾਬ ਦਾ ਦੌਲਤ ਖ਼ਾਨ ਨਵਾਬ
ਜਿਥੇ ਭਿਸਤ ਦੁਆਬ ਦਾ ਪੁੱਜਦਾ ਸੀ ਖ਼ਰਾਜ।
ਸ਼ਹਿਰ ਸੀ ਘੁੱਗ ਵਸਦਾ ਕਿਲ੍ਹੇ ਹਵੇਲੀਆਂ ਨਾਲ਼
ਨਾਲ਼ ਲਾਹੌਰ ਸੰਬੰਧ ਸੀ ਵਿਚ ਤਜ਼ਾਰਤੀ ਮਾਲ।
ਲਹਿੰਦੇ ਵੱਲ ਸੁਲਤਾਨਪੁਰ ਖਹਿੰਦੀ ਖੇਤਾਂ ਨਾਲ਼
ਕਾਲ਼ੀ ਵੇਈਂ ਵਗਦੀ ਸੀ ਮਸਤ ਅਨੂਠੀ ਚਾਲ।
ਦਿੱਸੇ ਕਾਲ਼ੀ ਮਿੱਟੀ ’ਚੋਂ ਕਾਲ਼ਾ ਹੀ ਵਹਾਅ
‘ਤਾਮਸਵਣ’ ਤਾਹੀਉਂ ਲੋਕੀਂ ਕਹਿੰਦੇ ਸੀ ਇਸ ਥਾਂ।
ਜ਼ਿਕਰ ਆਂਵਦਾ ਏਸ ਦਾ ਵੇਦਾਂ ਦੇ ਵਿਚਕਾਰ
ਬੜੀ ਪੁਰਾਤਨ ਨਦੀ ਇਹ ਉਮਰ ਹਿਸਾਬੋਂ ਬਾਹਰ।
ਕਿਧਰੇ ਜਾਵੇ ਟੱਪਦੀ ਤਿੱਖੇ ਵਹਿਣ ਵਿਸ਼ਾਲ
ਕਿਧਰੇ ਸੁੱਤ-ਉਨੀਂਦਰੀ ਢਿੱਲੀ ਜਾਪੇ ਚਾਲ।
ਬੰਨ੍ਹਿਆਂ ਉੱਪਰ ਖੱਜੀਆਂ ਦਿਸਣ ਲੰਮੀ ਪਾਲ਼
ਪਾਣੀ ਤੇ ਪੱਤ-ਛਤਰੀਆਂ ਖੇਡਣ ਪਰਛਾਵਿਆਂ ਨਾਲ਼।
ਵਿਚ ਦਸੂਹੇ ਟੇਰਕਿਆਣੇ ਛੰਭ ’ਚੋਂ ਨਿਕਲ ਬਾਹਰ
ਕਪੂਰਥਲੇ ਇਲਾਕਿਆਂ ਨੂੰ ਪਾਉਂਦੀ ਜਾਏ ਠਾਰ।
ਹਰੀਕੇ ਪੱਤਣ ਤੋਂ ਉਰ੍ਹਾਂ ਦਸ ਕੁ ਮੀਲ ’ਤੇ ਜਾ
ਸਤਲੁਜ ਵਿਚ ਸਮੇਟਦੀ ਕਾਲ਼ੀ ਵੇਈਂ ਆਪਾ।

ਕਲ ਤਾਰਕ ਨਾਨਕ ਗੁਰੂ ਪਰਮ ਉਦੇਸ਼ ਦੀ ਭਾਲ
ਰੱਬੀ ਮੌਜ ’ਚ ਜਾ ਰਹੇ ਲੈ ਮਰਦਾਨਾ ਨਾਲ਼।
ਨੈਂ ਬੂਟੇ ਝਲ਼ ਚੀਰਦੇ ਪੱਤਣ ਲੰਘ ਬਿਆਸ
ਕੰਢਾ ਵੇਈਂ ਦਿਸਿਆ ਦੂਧੀਆ ਲੋਅ ਆਕਾਸ਼।
ਮਓਲ ਉਠੀ ਸਭ ਬਨਸਪਤ ਮਓਲ ਉੱਠੇ ਵਣ ਤ੍ਰਿਣ
ਕਿਰਨਾਂ ਉੱਤਰੀਆਂ ਅੰਬਰੋਂ ਖਜੀਆਂ ’ਚੋਂ ਛਣ-ਛਣ।
ਲਹਿਰਾਂ ਉੱਤੇ ਬਿਖ਼ਰਨ ਆਕ੍ਰਿਤੀਆਂ ਚਿੱਤ-ਚੋਰ
ਥੰਮ੍ਹਦੀ ਜਾਏ ਪੈੜਚਾਲ ਚਿੱਤ ’ਚ ਪੈਣ ਹਿਲੋਰ।
ਹੋਣ ਤਰੰਗਤ ਲਹਿਰਾਂ ਜਦ ਵਗੇ ਸੁਗੰਧ ਸਮੀਰ
ਮੰਤਰ-ਮੁਗਧ ਹੋ ਰਹੀਆਂ ਮਨ ’ਚ ਆਵੇ ਧੀਰ।


UNISTAR BOOKS PVT LTD.
Unistar Books Pvt Ltd

‘ਸਤਿ ਸੁਹਾਣ ਸਦਾ ਮਨ ਚਾਉ’ ਸੁਰਤਿਆਂ ਉਪਜੇ ਚਾਅ
ਸੁਰਤ ਪਲਟੀ ਪਾਤਸ਼ਾਹ ਨਿਜ ਦੇਸ਼ ਵਿਚ ਜਾ।
ਗੀਤ ਅਨੂਠਾ ਛੋਹਿਆ ਉੱਚੀ ਸੁਰਤ ਨਾਯਾਬ
ਮਰਦਾਨਾ ਗਿਆ ਰੰਗਿਆ ਸੁਣ ਵਿਸਮਾਦੀ ਨਾਦ।
‘ਇਹ ਬਾਣੀ ਜੋ ਜੀਓ ਜਾਣੈ ਜੁੜ ਗਏ ਸਤਿ ਸਰੂਪ
ਪਸ ਪੰਛੀ ਹੋ ਮੁਗਧ ਧੁਨ ਤੱਕਣ ਜੋਤ ਅਨੂਪ।
ਕਾਦਰ ਤੋਂ ਹੋ ਵਾਰਨੇ ਸਾਈਂ ਦੇ ਦਰਵੇਸ਼
ਪੁੱਜ ਗਏ ਸੁਲਤਾਨਪੁਰ ਪੂਰਿਆਂ ਕਰਨ ਉਦੇਸ਼।
ਘੁੰਮ-ਘੁਮਾਉਂਦੇ ਨਗਰੀ ਤਹਿ ਕਰ ਲੰਮੀ ਵਾਟ
ਪੁੱਜੇ ਘਰ ਜੈਰਾਮ ਦੇ ਵੇਲ਼ਾ ਸੀ ਪਰਭਾਤ।
ਦੌੜ ਕੇ ਆਈ ਨਾਨਕੀ ਲੱਗੀ ਧਾ ਗਲ਼ ਵੀਰ
ਪੀਰਾਨੇ ਸੀ ਪੀਰ ਜੋ ਨਾਨਕ ਸ਼ਾਹ ਫ਼ਕੀਰ।
ਪ੍ਰੇਮ ਵੈਰਾਗ ’ਚ ਉਮਡਿਆ ਭੈਣ ਨਾਨਕੀ ਦਿਲ
ਫ਼ਾਵੀ ਹੋਈ ਖ਼ੁਸ਼ੀ ਵਿਚ ਸੋਹਣੇ ਵੀਰ ਨੂੰ ਮਿਲ।
ਨੈਣ ਅੱਥਰੂ ਖ਼ੁਸ਼ੀ ਦੇ ਭਰ ਆਇਆ ਉਸ ਗੱਚ
ਸਰਘੀ ਸਮੇਂ ਦਾ ਤੱਕਿਆ ਸੁਪਨਾ ਹੋਇਆ ਸੱਚ।
ਮੂੜ੍ਹੇ ’ਤੇ ਬਿਠਾ ਲਿਆ ਵੀਰਾ ਨਾਲ਼ ਪਿਆਰ
ਥਾਲ਼ ਪਰੋਸ ਕੇ ਪੁੱਛਿਆ ਪੇਕੇ ਘਰ ਦਾ ਹਾਲ।
ਪਾਤਸ਼ਾਹੀ ਦੁਨੀਆ ’ਚੋਂ ਸੀ ਵੀਰਨ ਉਸ ਅਨਮੋਲ
ਪ੍ਰੇਮ ਅਨੂਠਾ ਦੋਹਾਂ ਦਾ ਤੁਲਿਆਂ ਜਾਏ ਨਾ ਤੋਲ।
ਬੋਲ ਅਗੰਮੀ ਸਨਮੁਖ ਤੁੱਛ ਦੁਨਿਆਵੀ ਬੋਲ
ਖ਼ੁਸ਼ੀ ਹੋਈ ਉਸ ਜਾਣ ਕੇ ਵੀਰਾ ਰਹਿਸੀ ਕੋਲ।
ਨਜ਼ਰ ਉਠਾ ਕੇ ਤੱਕਿਆ ਨਾਨਕ ਜਦ ਚੌਫ਼ੇਰ
ਝੀਤਾਂ ਵਿਚੋਂ ਚਾਨਣੀ ਸੀ ਕਿਰਨਾਂ ਰਹੀ ਬਖੇਰ।
ਫ਼ਰਸ਼ਾਂ ਉੱਤੇ ਸੋਂਹਦੇ ਮਖ਼ਮਲੀ ਕਾਲੀਨ
ਮੀਨਾਕਾਰੀ ਥੰਮ੍ਹਲਿਆਂ ’ਤੇ ਕੀਤੀ ਅਤਿ ਮਹੀਨ।
ਰੰਗਲੇ ਪਾਵਿਆਂ ਵਾਲੜੇ ਪਲੰਘ ਡੱਠੇ ਸੀ ਨਾਲ਼
ਕੱਢੀਆਂ ਚਾਦਰਾਂ ਤੇ ਤੋਤੇ ਘੁੱਗੀਆਂ ਪਾਉਣ ਧਮਾਲ।
ਸੱਜੀ ਤਰਫ਼ੇ ਬਾਗ਼ ਵੱਲ ਖੁੱਲ੍ਹਾ ਸੀ ਇਕ ਬਾਰ
ਟਹਿਕੀ ਮਹਿਕੀ ਫ਼ਿਜ਼ਾ ਵਿਚ ਪੰਛੀਆਂ ਦੀ ਚਹਿਕਾਰ।
ਪੈਂਤੀ ਵਰ੍ਹਿਆਂ ਤੋਂ ਉੱਪਰ ਨਾਨਕ ਭਰ ਜੁਆਨ
ਵਿਚ ਨਗਰੀ ਸੁਲਤਾਨਪੁਰ ਜਦੋਂ ਮਿਲੇ ਜੈਰਾਮ।

UNISTAR BOOKS PVT LTD.
Unistar Books Pvt Ltd.

ਅਤਿ ਸੰਤੋਖੀ ਸੋਹਣਾ ਨਾਨਕੀ ਦਾ ਸੀ ਵਰ
ਸੋਹਣਾ ਮੁੱਖੜਾ ਅਤਿ ਦੀ ਖ਼ੁਸ਼ੀ ਰਹੀ ਸੀ ਝਰ।
ਕੁੜਤਾ ਕਲੀਆਂਦਾਰ ਗਲ਼ ਤੇੜ ਪਾਈ ਸਲਵਾਰ
ਪੈਰ ਪਠਾਣੀ ਖੇੜੀਆਂ ਸਿਰ ਸੋਹਣੀ ਦਸਤਾਰ।
ਤੱਕ ਜੀਜਾ ਜੈਰਾਮ ਨੂੰ ਨਾਨਕ ਕੀਤਾ ਪਰਣਾਮ
ਸਾਹਿਬ ਦੀ ਨਿਰਮਾਣਤਾ ਤੱਕ ਖ਼ੁਸ਼ੀ ਹੋਈ ਜੈਰਾਮ।
ਹੋਇਆ ਮੰਤਰ ਮੁਗਧ ਉਹ ਤੱਕ ਨੂਰਾਨੀ ਝਾਲ
ਠਾਰ ਪਈ ਉਸ ਅੰਦਰੋਂ ਪੁੱਛਿਆਂ ਹਾਲ ਹਵਾਲ।
ਗੱਲਾਂ-ਗੱਲਾਂ ਵਿਚ ਤੁਰੀ ਨੌਕਰੀ ਦੀ ਫਿਰ ਬਾਤ
ਤੁਰ ਪਏ ਨਾਲ਼ ਸੌਗ਼ਾਤ ਲੈ ਖ਼ਾਤਰ ਮਿਲਣ ਨਵਾਬ।
ਪਹਿਲੀ ਨਜ਼ਰੇ ਤੱਕਦਿਆਂ ਕਿਹਾ ਹੈਰਤਮੰਦ ਨਵਾਬ
'ਅੱਲਾਹ ਤੇਰੀ ਸ਼ਾਨ' ਹੈ ਮਿਲਿਆ ਰਤਨ ਨਾਯਾਬ।
ਨਾਲ਼ ਅਦਬ ਬਹਾ ਲਿਆ ਨਾਨਕ ਨੂੰ ਉਸ ਪਾਸ
'ਮੋਦੀ' ਦਾ ਪਦ ਬਖ਼ਸ਼ਿਆ ਨਾਲ਼ ਅਲੂਫ਼ਾ ਖ਼ਾਸ।
ਭਾਰੀ ਕੰਮ ਈਮਾਨ ਬੱਧੀ ਰਸਦ ਅਤੇ ਤਨਖ਼ਾਹ
ਖ਼ੁਸ਼ੀ ਹੋਈ ਜੈਰਾਮ ਸੀ ਤੱਕ ਮਿਲਿਆ ਅਹੁਦਾ।

## ਮੋਦੀਖਾਨਾ

ਪੰਦਰਾਂ ਸੌ ਤੇ ਚਾਰ ਦਾ ਸੀ ਸਤੰਬਰ ਮਾਂਹ
ਮੋਦੀਖਾਨਾ ਸਾਂਭਿਆ ਗੁਰ ਰੱਖ ਸਾਈਂ ਡੋਰਾਂ।
ਵੱਡ ਈਮਾਨ ਦਾ ਫ਼ਰਜ਼ ਜੋ ਬਾਬੇ ਲਿਆ ਸੰਭਾਲ਼
ਭਾਰੀ ਸੀ ਜ਼ਿੰਮੇਵਾਰੀ ਅਹੁਦਾ ਮੋਦੀਕਾਰ।
ਯੁੱਗ ਸਾਮੰਤੀ ਵਿਚ ਤਦ ਮਾਮਲਾ ਅਤੇ ਮਸੂਲ
ਜਿਨਸ ਰੂਪ ਵਿਚ ਤੋਲ ਕੇ ਕਰਦੇ ਸੀ ਵਸੂਲ।
ਜ਼ਿਮੀਂਦਾਰ ਤੇ ਚੌਧਰੀਆਂ ਤੋਂ ਲੈ ਕੇ ਗੁੜ ਅਨਾਜ
ਮੋਦੀਖਾਨੇ ਵਿਚ ਆਣ 'ਕੱਠਾ ਕਰਦਾ ਰਾਜ।
ਸੈਨਿਕ, ਰੱਖਿਅਕ ਕਰਮਚਾਰੀ ਆ ਮੋਦੀ ਦੇ ਪਾਸ
ਲੈਣ ਰਸਦ ਹਰ ਰੋਜ਼ ਹੀ ਵਿਚ 'ਰੋਜ਼ੀਨਾ' ਖ਼ਾਸ।
ਵਾਧੂ ਦੀ ਸਭ ਜਿਨਸ ਨੂੰ ਵੇਚ ਵੱਟ ਵਟਾ
ਪੈਸਾ ਜਮ੍ਹਾ ਕਰਾਉਂਦੇ ਸਰਕਾਰੀ ਤੋਸ਼ੇ ਜਾ।
ਇਸੇ 'ਚੋਂ ਮੁਲਾਜ਼ਮਾਂ ਨੂੰ ਮਿਲਦੀ ਸੀ ਤਨਖ਼ਾਹ
ਮਾਲ ਮਹਿਕਮੇ ਨਿੱਤ ਦਾ ਸੀ ਪੈਂਦਾ ਬਾਬੇ ਵਾਹ।

UNISTAR BOOKS PVT LTD.
Unistar Books Pvt Ltd.

ਜੋ ਵੀ ਮਿਲਦੀ ਗੁਰਾਂ ਨੂੰ ਰਸਦ ਅਤੇ ਤਨਖ਼ਾਹ
ਦੀਨਾ ਨਾਥਾਂ ਕੰਗਲਿਆਂ 'ਤੇ ਦਿੰਦੇ ਸਭ ਲੁਟਾ।
ਨਾਨਕ ਮੋਦੀ ਲੱਗ ਕੇ ਕਰਨ ਲੱਗੇ ਸਭ ਕੰਮ
ਹੱਥ ਰੁੱਝੇ ਵਿਚ ਕਾਰ ਦੇ ਚਿੱਤ ਚਲੇ ਸਿਮਰਨ।
ਦਰਦੀ ਦੀਨਾਂ ਦੁਖੀਆਂ ਦਾ ਸਭ ਦਾ ਭਾਈਵਾਲ਼
ਝੋਲ਼ੀਆਂ ਭਰ ਲਿਜਾਂਵਦੇ ਏਸ ਘਰੋਂ ਕੰਗਾਲ।
ਅਹਿਲਕਾਰਾਂ ਦੇ ਹੱਕ ਦਾ ਰੱਖਣ ਬਾਬਾ ਖ਼ਿਆਲ
ਘਾਟਾ ਮੂਲ ਨਾ ਪੈਂਵਦਾ ਵੰਡ ਖਾਵਣ ਦੇ ਨਾਲ਼।
'ਇਹ ਤਾਂ ਕੋਈ ਭਲਾ ਹੈ' ਮਨ 'ਚ ਜਿਸ ਦਿਆ
ਕਾਰ ਸੀ ਉਹਦੀ ਸੁੱਚੜੀ ਹੱਕ ਸੱਚ ਨਿਆਂ!
ਫੈਲੀ ਬਾਬੇ ਕੀਰਤੀ ਦੂਰ ਪਾਰ ਉਰਵਾਰ
ਬਿਨਾਂ ਵਿਤਕਰੇ ਰੱਖਦੇ ਬਾਬਾ ਸੱਚ ਵਿਹਾਰ।
ਉੱਠ ਤਲਵੰਡੀਉਂ ਆ ਗਏ ਕੁਝ ਲੋੜਵੰਦ ਪਰਿਵਾਰ
ਬਾਬਾ ਜੀ ਨੇ ਲੱਭਿਆ ਸਭਨਾਂ ਲਈ ਰੁਜ਼ਗਾਰ।
ਸੱਦਿਆ ਕੁਝ ਚਿਰ ਮਗਰੋਂ ਆਪਣਾ ਵੀ ਪਰਿਵਾਰ
ਸਾਊ ਕਾਰ ਸੁਲੱਖਣੀ ਰੂਪ ਗੁਣਾਂ ਮਹਿਕਾਰ।
ਲੈਵਣ ਜੋ ਸਰਕਾਰ ਤੋਂ ਰਸਦ ਅਤੇ ਤਨਖ਼ਾਹ
ਆਪਣੇ ਜੋਗੀ ਰੱਖ ਕੇ ਬਾਕੀ ਦੇਣ ਲੁਟਾ।
ਸਾਦਾ ਕਰਨ ਆਹਾਰ ਨਿੱਤ ਸੁੱਚੀ ਜੀਵਨ-ਜਾਚ
'ਸੁਚ ਹੋਵੇ ਤਾ ਸਚੁ ਪਾਈਐ' ਸਚ ਨਾ ਲੱਗੇ ਆਂਚ।

ਪਹਿਰ ਰਾਤ ਉੱਠ ਸਤਗੁਰੂ ਪੁੱਜਣ ਵੇਈਂ ਨਦੀ
ਨਿੱਤ ਦੇ ਕਰਮ-ਆਚਾਰ ਤੋਂ ਚੁਕਣ ਨਾ ਕਦੀ।
ਸੀਤਲ ਜਲ ਇਸ਼ਨਾਨ ਕਰ ਜਾ ਇਕਾਂਤਵਾਸ
ਬੇਰੀ ਹੇਠਾਂ ਬਹਿਣ ਜਾ ਸਦ-ਗੁਣਾਂ ਦੇ ਵਾਸ।
ਜਾਣ ਸਦਾ ਬਲਿਹਾਰਨੇ ਕੁਦਰਤ ਤੋਂ ਲੱਖ ਵਾਰ
ਕੁਦਰਤ ਵਿਚ ਹੀ ਕਰਨ ਉਹ ਕਾਦਰ ਦੇ ਦੀਦਾਰ।
ਦੂਰ-ਦੂਰ ਤੋਂ ਲੋਕ ਚੱਲ ਆਵਣ ਪੈਂਡਾ ਝਾਗ
ਜਨਮ ਕਰਮ ਮਲ ਉੱਤਰੇ ਜਾਗਣ ਸੁੱਤੇ ਭਾਗ।
ਦਿਨ ਸੀ ਸਾਰਾ ਬੀਤਦਾ ਮੋਦੀਖਾਨੇ ਬਹਿ
ਤੋਲਣ ਪੂਰੇ ਤੋਲ ਉਹ ਰੱਖ ਪਰਮੇਸ਼ਰ ਭੈਅ।
ਵਿਹਲੇ ਹੋ ਕੰਮ ਕਾਰ ਤੋਂ ਚੱਖਣ ਰਸ ਅਮਿਓਂ
ਦੂਣ ਸਵਾਈ ਸ਼ੋਭ ਨਿੱਤ ਜਗ ਨਵੇਲੀ ਹੋ।

ਵਾਂਗ ਪਪੀਹੇ ਤ੍ਰਿਖਾਵੰਤ ਰੱਖਣ ਸਰਧ ਅਪਾਰ
ਦਰਸ਼ਨ ਪਰਸਣ ਲਈ ਸਿੱਖ ਨਿੱਤ ਪੁੱਜਣ ਦਰਬਾਰ।
ਆਏ ਗਏ ਲਈ ਰੱਖਦੇ ਲੰਗਰ ਨਿੱਤ ਤਿਆਰ
ਪੰਕਤ ਬੈਠਿਆਂ ਊਚ ਨੀਚ ਮਿਟ ਜਾਂਦਾ ਤ੍ਰਿਸਕਾਰ।
ਜੀਣ ਥੀਣ ਦੇ ਕਰਮ ਦੀ ਸੰਗਤ ਨੂੰ ਲਾ ਜਾਗ
ਸਤਿਨਾਮ ਦ੍ਰਿੜ੍ਹਾਉਂਦੇ ਨਾਮ ਦਾ ਬਲ਼ੇ ਚਿਰਾਗ਼।
ਰਾਤ ਗਈ ਤੱਕ ਬੈਠਦੇ ਨਾਲ਼ ਰਬਾਬੀ ਸੰਗ
ਰਾਗ ਇਲਾਹੀ ਗਾਉਂਦੇ ਨਾਮ ਦੀ ਵਹਿੰਦੀ ਗੰਗ।
ਨਾਨਕ ਜੀ ਦੀ ਸ਼ਰਨ ਆ ਜਾਗੇ ਕਈਆਂ ਭਾਗ
ਜਨਮਾਂ ਦੇ ਬੰਧਨ ਕਟੇ ਲੱਗੀ ਸੁਰਤ ਨੂੰ ਜਾਗ।
ਭਾਈ ਭਾਗੀਰਥ ਤੇ ਮਨਸੁੱਖ ਉਨ੍ਹਾਂ 'ਚੋਂ ਸੀ ਇਕ
ਰਾਹ ਅੱਡਰਾ ਤਿਆਗ ਜੋ ਬਣੇ ਗੁਰਾਂ ਦੇ ਸਿੱਖ।

ਮੈਲਸ਼ੀਹਾਂ ਇਕ ਪਿੰਡ ਸੀ ਸੁਲਤਾਨਪੁਰ ਨਜ਼ਦੀਕ
ਭਾਈ ਭਾਗੀਰਥ ਉਸ ਜਗ੍ਹਾ ਤੋਂ ਬਣਿਆ ਨਾਨਕ ਸਿੱਖ।
ਸਾਦਾ ਅਤੇ ਸੰਜਮੀ ਰਹਿਣੀ ਸੀ ਉਸ ਰਾਸ
ਕਾਲਕਾ ਮੰਦਰ ਜਾਇਕੇ ਕਰਦਾ ਸੀ ਨਿੱਤ ਜਾਪ।
ਬੀਤਿਆ ਦਿਨ ਜੋ ਧਿਆਨ ਵਿਚ ਬੀਤਣ ਲੱਗੀ ਰਾਤ
ਵਿਆਪੀ ਭੁੱਖ ਨ ਤੇਹ ਉਸ ਵਿਸਰਿਆ ਅੰਗ ਸਾਕ।
ਅੱਧੀ ਰਾਤੀਂ ਅਚਨਚੇਤ ਲੱਗ ਗਈ ਉਸ ਅੱਖ
ਚੰਡਿਕਾ ਰਾਹੀਂ ਦਿਖਾਲਿਆ ਸੁਪਨਾ ਰਿਹਾ ਸੀ ਤੱਕ।
ਕਿਹਾ ਚੰਡਿਕਾ ਜਲਦ ਹੋਊ ਪੂਰਨ ਤੇਰੀ ਆਸ
"ਨਿਜ ਸਰੂਪੀ ਗਿਆਨ ਹੋ ਮਨ 'ਚੋਂ ਮਿਟੂ ਤ੍ਰਾਸ।"
ਭਾਗੀਰਥ ਦੀ ਅੱਖ ਖੁੱਲ੍ਹੀ ਉਪਜਿਆ ਮਨ ਬੈਰਾਗ
ਪਿੰਡ ਦੀ ਚੌਧਰ ਐਸ਼-ਵਰਜ ਘਰ ਦਾ ਮੋਹ ਤਿਆਗ।
ਦਰਸ ਪਿਆਸ ਵਿਆਕੁਲਤਾ ਉੱਠੀ ਰਿਦਿਓਂ ਪੀੜ
ਜਾ ਪੁੱਜਾ ਸੁਲਤਾਨਪੁਰ ਡਾਢਾ ਹੋ ਦਿਲਗੀਰ।
ਮੋਦੀਖਾਨੇ ਪੁੱਜਿਆ ਬਣ ਚਾਤ੍ਰਿਕ ਬੂੰਦ ਪਿਆਸ
ਭੀੜ ਉਲੰਘ ਕੇ ਆ ਗਿਆ ਨਾਨਕ ਜੀ ਦੇ ਪਾਸ।
ਚਰਨੀਂ ਰੱਖਿਆ ਸੀਸ ਜੋ ਮਨ ਦੀ ਮਤ ਤਿਆਗ
ਜਨਮਾਂ ਦੀ ਸੁੱਤੀ ਹੋਈ ਸੁਰਤ ਪਈ ਤਦ ਜਾਗ।
ਮੱਥੇ 'ਤੇ ਹੱਥ ਫੇਰਿਆ ਗੁਰ ਬਾਹੋਂ ਪਕੜ ਉਠਾਲ
ਕੋਮਲ ਭਾਵੀ ਸਤਗੁਰੂ ਪੁੱਛਿਆ ਫੇਰ ਸਵਾਲ ?


UNISTAR BOOKS PVT LTD.
Unistar Books Pvt Ltd.
Unistar Books Pvt Ltd.
UNISTAR BOOKS PVT LTD.

'ਕਿੱਥੋਂ ਆਇਐਂ ? ਕੀ ਇੱਛਾ ? ਦੱਸ ਗੁਣਾਂ ਦੀ ਖਾਣ ?'
ਕਿਹਾ ਭਾਗੀਰਥ, 'ਦਾਤਿਆ! ਸਭ ਕਿਛ ਜਾਣੀ-ਜਾਣ।
ਹੋਰਤ ਪਾਸੇ ਛੱਡ ਕੇ ਆਇਆ ਤੇਰੇ ਕੋਲ਼
ਕਿਰਪਾ ਕਰਕੇ ਨਾਮ ਦੀ ਭਰੀਂ ਦਾਤਿਆ ਝੋਲ਼।'
ਇਤਨੇ ਨੂੰ ਤਲਵੰਡੀਉਂ ਮਰਦਾਨਾ ਪੁੱਜਾ ਆ
ਅਤਿ-ਸ਼ਰਧਾ ਦੇ ਨਾਲ਼ ਉਸ ਦਿੱਤਾ ਸੀਸ ਨਿਵਾ।
ਦੁੱਖ-ਸੁਖ ਫੋਲਣ ਮਗਰੋਂ ਬਾਬੇ ਪੁੱਛੀ ਆਸ
'ਬਿਨ ਤੇਰੇ ਕੂੜੀ ਆਸਾ ਝੂਠੇ ਸਭ ਧਰਵਾਸ।
ਘਰ ਵਿਚ ਤਾਂ ਸਭ ਠੀਕ ਹੈ ਚਲਦੀ ਐ ਗੁਜ਼ਰਾਨ
ਨੇੜੇ ਧੀ ਦਾ ਵਿਆਹ ਤੱਕ ਥਿੜਕਣ ਮੇਰੇ ਪ੍ਰਾਣ।'
ਸੁਣ ਮਰਦਾਨੇ ਬੇਨਤੀ ਸਤਗੁਰ ਹੋਏ ਦਇਆਲ
ਜਾਣ ਸਿਆਣਾ ਭਾਗੀਰਥ ਨੂੰ ਦੱਸਿਆ ਸਾਰਾ ਹਾਲ।
ਕਾਗ਼ਦ 'ਤੇ ਲਿਖ ਉਸਨੇ ਵਿਆਹ ਦਾ ਸਭ ਸਾਮਾਨ
ਧਨ ਲੋੜੀਂਦਾ ਰੱਖ ਲਾਹੌਰ ਨੂੰ ਕੀਤਾ ਉਸ ਪ੍ਰਸਥਾਨ।

ਸ਼ਹਿਰ ਲਾਹੌਰ ਦਾ ਵੱਡ-ਵਪਾਰੀ ਨਾਮ ਸੀ ਉਸ ਮਨਸੁੱਖ
ਹੱਥ ਫੜਾ ਕਾਗ਼ਦ ਮਾਇਆ ਫੋਲਿਆ ਬਹਿ ਦੁੱਖ-ਸੁਖ।
ਮਨਸੁੱਖ ਦੀ ਸੌਦਾਗ਼ਰੀ ਸੀ ਉੱਤਰੋਂ ਦੱਖਣ ਤੱਕ
ਦੂਰ-ਦੁਰਾਡੇ ਵਣਜ ਵਾਪਾਰ ਸੀ ਜਾਂਦਾ ਵੱਖਰ ਲੱਦ।
ਇਹ ਉਹੀ ਮਨਸੁੱਖ ਸੀ ਜਿਸ ਲੱਭਾ ਟਾਪੂ ਜਾ
ਮਨ ਸ਼ਿਵਨਾਭ ਸੀ ਪੈਦਾ ਕੀਤਾ ਨਾਨਕ ਮਿਲਣ ਦਾ ਚਾਅ।
ਪੜ੍ਹ ਮਨਸੁੱਖ ਰੁੱਕਾ ਕਿਹਾ, 'ਸਭ ਵਸਤਾਂ ਤਾਂ ਹਨ
ਸੁੰਦਰ ਚੂੜੇ ਵਾਸਤੇ ਹੋਰ ਲੱਗੂ ਇਕ ਦਿਨ'।
'ਭਲਕੇ ਤੁਰਨੈਂ ਸ਼ਾਹ ਜੀ! ਨਹੀਂ ਜੀਵਨ ਹੋਊ ਵਿਅਰਥ
ਹੁਕਮ ਅਦੂਲੀ ਕਰਨ ਵਿਚ ਜੀਵਨ ਦਾ ਕੀ ਅਰਥ ?'
'ਸੱਚੀ ਦੱਸ ਭਾਗੀਰਥਾ! ਕਿਸ ਘੱਲਿਆ ਗੁਣਵਾਨ
ਸੁਣ ਮਨਸੁੱਖ ਦੇ ਅੰਦਰੋਂ ਸ਼ੰਕਾ ਉਪਜਿਆ ਆਣ।'
'ਤੇਰੇ ਪਾਸ ਹੀ ਘੱਲਿਆ ਹੈ ਮੈਨੂੰ ਪੂਰਨ ਪੁਰਖ
ਇਕ ਰਾਤ ਬੱਸ ਕੱਟਣੀ ਦੱਸਿਆ ਇਹ ਭਾਗੀਰਥ।'
'ਕਲਯੁਗ ਦੇ ਇਸ ਦੌਰ ਵਿਚ ਦਿਲ ਨਾ ਮੰਨਦਾ ਯਾਰ
ਸ਼ਕਤੀਸ਼ਾਲੀ ਹੋਊ ਕੋਈ ਮੇਰੀ ਸੋਚ ਤੋਂ ਬਾਹਰ।'
'ਕਿਹਾ ਭਾਗੀਰਥ! 'ਕਲਤਾਰਕ ਹੈ' ਮਨ ਦੀ ਦ੍ਰਿੜ੍ਹਤਾ ਨਾਲ਼
ਨਦਰ ਕਰਮ ਉਸ ਹੁੰਦਿਆਂ ਕੱਟਣ ਦੁੱਖ ਵਿਕਰਾਲ।



UNISTAR BOOKS PVT LTD. Unistar Books Pvt Ltd.

ਮਨ ਮੰਦਰ ਨੂੰ ਚੇਤਦੇ ਪੂਰੀ ਸ਼ਰਧਾ ਨਾਲ਼
ਠੱਗ ਨਾ ਪਾਉਂਦੇ ਪੰਜ ਦੂਤ ਮੋਹ ਮਮਤਾ ਤਨ ਜਾਲ।'
ਸੋਚਿਆ ਮਨਸੁੱਖ ਨਾਮ ਲੈ ਉਸ ਸਤਗੁਰ ਜੇ ਬੁਲਾਣ
ਮਨ ਦੇ ਸ਼ੰਕੇ ਉਸ ਦੇ ਸਭ ਨਵਿਰਤ ਹੋ ਜਾਣ।
ਭੋਜਨ ਕਰ ਭਾਗੀਰਥ ਜੀ ਸੁੱਖ ਦੀ ਰੈਣ ਗੁਜ਼ਾਰ
ਸਭ ਸਾਮਾਨ ਖਰੀਦ ਕੇ ਜਾਣ ਨੂੰ ਹੋਏ ਤਿਆਰ।
ਦਰਸ ਪਿਆਸਾ ਮਨਸੁੱਖ ਹੋ ਕੇ ਸ਼ਰਧਾਵਾਨ
ਚੱਲਣ ਲਈ ਤਿਆਰ ਹੋਇਆ ਕਰਕੇ ਸਭ ਜਲ-ਪਾਨ।
ਸੁੰਦਰ ਚੂੜਾ ਪੱਟ ਲਪੇਟ ਕੇ ਮਨਸੁੱਖ ਲਿਆ ਨਾਲ
ਧੀ ਦੇ ਕਾਰਜ ਲਈ ਓਸ ਜੋ ਰੱਖਿਆ ਸੀ ਸੰਭਾਲ਼।
ਸੋਚੇ ਭੇਟਾ ਕਰੂੰਗਾ ਮੰਗਾਂਗਾ ਨਹੀਂ ਮੁੱਲ
ਸੁਣਿਐ ਦੁਨਿਆਵੀ ਭੇਟਾਂ ਕੋਈ ਨਾ ਉਹਦੇ ਤੁੱਲ!
ਭਾਗੀਰਥ ਜੋ ਲਾਈ ਸੀ ਮਨਸੁੱਖ ਤਾਈਂ ਜਾਗ
ਚੱਲ ਪਏ ਲਾਹੌਰ ਤੋਂ ਲੰਮਾ ਪੈਂਡਾ ਝਾਗ।
'ਆਉ ਭਾਗੀਰਥ ਪਰਉਪਕਾਰੀ!' ਕਹਿ ਕੇ ਨਾਲ਼ ਪ੍ਰੀਤ
ਜਾਣ ਲਈ ਬਾਬੇ ਉਹਦੀ ਮਨ ਮਲਯਾਗਰ ਰੀਤ।
'ਧਾਰਨ ਕਰਨਾ ਚਾਹੁੰਦੈ ਮਨਸੁੱਖ ਵੀ ਸੱਚ ਨਾਮ
ਚੰਗਾ ਕੀਤਾ ਨਾਲ਼ ਹੀ ਲੈ ਆਇਐ ਇਸ ਥਾਂਵ।'
ਕੀਟ ਭ੍ਰਿੰਗੀ ਵਾਂਗ ਜੋ ਚਾੜ੍ਹਿਆ ਸੀ ਮਨ ਰੰਗ
ਜਾਣ ਲਿਆ ਸਭ ਕੂੜ ਹੈ ਲਿਆਇਆ ਸੀ ਜੋ ਸੰਗ।
ਸੁਣਦਿਆਂ ਹੀ ਮਨਸੁੱਖ ਦੇ ਹੋ ਗਏ ਹੱਲ ਸਵਾਲ
ਉਹੀ ਸੀਗਾ ਸਾਹਮਣੇ ਜੀਹਦੀ ਸੀ ਉਸ ਭਾਲ਼।
ਭਾਈ ਭਾਗੀਰਥ ਵਾਂਗ ਹੀ ਬਣਿਆ ਗੁਰੂ ਦਾ ਸਿੱਖ
ਸੁੱਖ ਸਾਗਰ ਝੋਲ਼ੀ ਪਾਈ ਸਤਿਨਾਮ ਦੀ ਭਿੱਖ।
ਵਿਆਹ ਦਾ ਸਭ ਸਾਮਾਨ ਦੋਹਾਂ ਰੱਖਿਆ ਚਰਨਾਂ ਪਾਸ
ਕਿਰਪਾਲੂ ਨੇ ਮੇਟ ਤੀ ਜਨਮ-ਜਨਮ ਦੀ ਪਿਆਸ।
ਸੁੰਦਰ ਸਭ ਸਾਮਾਨ ਦੇਖ ਮਰਦਾਨਾ ਹੋਏ ਪ੍ਰਸੰਨ
ਮੁਕਤੀਦਾਤੇ ਤੋਰਦਿਆਂ ਦਿੱਤਾ ਹੋਰ ਵੀ ਧਨ।
ਤਲਵੰਡੀ ਜਾ ਪੁੱਜਿਆ ਮਰਦਾਨਾ ਲੈ ਆਸੀਸ
ਕਾਰਜ ਗੁਰੂ ਸੰਵਾਰਦਾ ਸਾਫ਼ ਜਿਨ੍ਹਾਂ ਦੀ ਨੀਤ।
ਸਮਾਂ ਬੀਤਿਆ ਜਿਵੇਂ ਕਰ ਮਨਸੁੱਖ ਸ਼ਰਧਾਵਾਨ
ਚਰਨਾ ਬੰਧਨਾਂ ਕਰ ਕਿਹਾ, 'ਸੱਚੇ ਕਿਰਪਾ ਨਿਧਾਨ।



UNISTAR BOOKS PVT LTD.
Unistar Books Pvt Ltd
UNISTAR BOOKS PVT LTD.

UNISTAR BOOKS PVT LTD.

ਚਰਨਾਧਿਕਾਰੀ ਜਾਣ ਕੇ ਦੇਵੋ ਗੁਰ ਉਪਦੇਸ਼
ਬਾਬਾ! ਲੜ ਲਾਉ ਆਪਣੇ ਮਨ ਦੇ ਹਰੋ ਕਲੇਸ਼।'
"ਪ੍ਰਭੂ ਭਾਣਾ ਮਿੱਠਾ ਮੰਨਣਾ ਸਤਿਨਾਮ ਦਾ ਜਾਪ
ਪੱਲੇ ਬੰਨ੍ਹ ਗੁਰੂ ਮਰਯਾਦਾ ਕਰਨਾ ਨਿੱਤ ਅਭਿਆਸ।"
ਸਤਿਗੁਰ ਤੋਂ ਆਸੀਸ ਲੈ ਪਤ ਸ਼ੋਭਾ ਭਲਾ ਆਚਾਰ
ਪੁੱਜ ਲਾਹੌਰ ਜਾ ਸਾਂਭਿਆ ਮਨਸੁੱਖ ਕਾਰੋਬਾਰ।

ਬਿਰਖ਼ ਸਹੇ ਜਿਉਂ ਸੀਸ 'ਤੇ ਠੰਢੀ ਤੱਤੀ 'ਵਾ
ਸਿਰ ਆਈ ਬਾਬਾ ਸਹੇ ਸਭ ਦੀ ਟਲ਼ੇ ਬਲਾ।
ਚੰਦਰਮਾ ਵਤ ਸੋਹਣੀ ਘਰ ਸੁਲੱਖਣੀ ਨਾਰ
ਭੈਣ ਸਿਆਣੀ ਨਾਨਕੀ ਬੰਨ੍ਹ ਰੱਖਿਆ ਪਰਿਵਾਰ।
ਨਾਰ ਸੁਲੱਖਣੀ ਦੀ ਕਦੀ ਜਦ ਨਾਨਕ ਲਵੇ ਨਾ ਸਾਰ
ਮਨ 'ਚ ਘੇਰਾਂ ਪੈਂਦੀਆਂ ਸ਼ੰਕੇ ਬੇਸ਼ੁਮਾਰ।
ਪਤੀ ਨਾਲ਼ ਦੋ ਬੋਲਾਂ ਦੀ ਸਾਂਝ ਤੋਂ ਹੋ ਬੇ-ਆਸ
ਨਾਨਕੀ ਭੈਣ ਦੇ ਕੋਲ਼ ਆ ਕੱਢੇ ਮਨ ਦੀ ਭੜਾਸ।
ਦਏ ਉਲਾਂਭਾ ਨਣਦ ਨੂੰ ਤਿੱਖੇ ਕਰਕੇ ਬੋਲ
'ਨਾਨਕ ਧਨ ਲੁਟਾਂਵਦਾ ਬਹਿ ਕੰਗਾਲਾਂ ਕੋਲ਼'।
ਨਾਨਕੀ ਭੈਣ ਮਿਠਾਸ ਵਿਚ ਬੋਲੇ ਨਾਲ਼ ਪਿਆਰ
ਸੁੱਖ ਮਾਣਨ ਦਾ ਭੇਦ ਹੈ 'ਪਤੀ ਦੀ ਹੋ ਅਨੁਸਾਰ'।
ਮੂਲਾ ਮਿਲਣੇ ਆਇਆ ਸਮਾਂ ਗਿਆ ਕੁਝ ਬੀਤ
ਖਿੱਚ ਪਈ ਮਨ ਬਾਬਲੇ ਬੇਟੀ ਹਿਤ ਪ੍ਰੀਤ।
ਅੱਖਾਂ ਡੁਬਡੁਬਾਂਦੀਆਂ ਲੈ ਬੈਠ ਸੁਲੱਖਣੀ ਕੋਲ਼
ਦੱਬੀ ਮਨ ਦੀ ਵਿਥਿਆ ਦਿੱਤੀ ਸਾਰੀ ਫੋਲ਼।
'ਰਾਤ ਕਟੇ ਸਤਸੰਗ ਬਹ ਦਿਨ ਬਹਿ ਮੋਦੀਕਾਰ
ਚਿੰਤਾ ਨਾ ਘਰ ਆਉਣ ਦੀ ਕੈਸਾ ਇਹ ਵਿਵਹਾਰ ?'
ਦੇਇ ਦਿਲਾਸਾ ਧੀ ਨੂੰ ਮੂਲਾ ਨਿਕਲਿਆ ਬਾਹਰ
ਗੁੱਸਾ ਅੰਦਰ ਨਪਦਿਆਂ ਕਰਦਾ ਸੋਚ ਵਿਚਾਰ।
ਬੈਠੇ ਨਾਲ਼ ਜੈਰਾਮ ਦੇ ਨਾਨਕ ਠੰਢੀ ਛਾਂ
ਦੋਹਾਂ ਦੇ ਕੇ ਅਦਬ ਓਸ ਆਸਣ ਲਿਆ ਬਿਠਾ।
ਗੁੱਸੇ ਵਿਚ ਮੂਲੇ ਚੌਣੇ ਬੋਲੇ ਫਿੱਕੇ ਵਾਕ
ਸੁਣਦਿਆਂ ਹੀ ਜੈਰਾਮ ਦਾ ਸੀਨਾ ਹੋਇਆ ਚਾਕ।
'ਜੈਰਾਮ! ਕਿਸ ਜਨਮ ਦਾ ਕੱਢਿਆ ਵੈਰ ਨਿਸੰਗ
ਧੀ ਮਿਰੀ ਸੰਗ ਮੰਗਤਿਆਂ ਦਿੱਤੀ ਏ ਤੂੰ ਮੰਗ।

Unistar Books Pvt Ltd.



UNISTAR BOOKS PVT LTD.

ਮੋਦੀ ਕਾਰ ਵਿਹਾਰ 'ਚੋਂ ਸਭ ਧਨ ਦੇਇ ਲੁਟਾ
ਧੀ ਮੇਰੀ ਦੀ ਜ਼ਰਾ ਵੀ ਏਹਨੂੰ ਨਾਂਹ ਪਰਵਾਹ!'
ਜੈਰਾਮ ਕਿਹਾ, 'ਗੁੱਸਾ ਥੁੱਕੋ! ਮਨੋਂ ਕੱਢ ਸੰਤਾਪ
ਐਵੇਂ ਤੋਹਮਤ ਲਾਉ ਨਾ ਬਿਨਾਂ ਕਿਸੀ ਅਪਰਾਧ।
ਗਹਿਣਾ-ਗੱਟਾ, ਕੱਪੜਾ, ਖਾਣ-ਪੀਣ ਤੇ ਅੰਨ
ਪੁੱਤਰੀ ਤੁਹਾਡੀ ਖ਼ਰਚਦੀ ਮਨਮਰਜ਼ੀ ਵੰਨ-ਵੰਨ।
ਹੋਰ ਵੀ ਕੋਈ ਕਸਰ ਹੈ ਅੰਨ ਪਾਨ ਧਨ ਧਾਮ
ਉਹ ਵੀ ਪੂਰੀ ਕਰਾਂਗੇ ਕਿਹਾ ਨਿਸੰਗ ਜੈਰਾਮ।
ਅਤਿ ਮਿੱਠੇ ਪ੍ਰਸ਼ੰਸਕੀ ਸੁਣ ਜੈਰਾਮ ਦੇ ਬੋਲ
ਚੁੱਪ ਰਿਹਾ ਮੂਲਾ ਤਦੋਂ ਪਿਤਾ ਸਮਾਨ ਹੀ ਤੋਲ।
ਸਮਝ ਗਿਆ ਸੀ ਪਿਤਾ ਇਹ 'ਧੀ ਘਰ ਕਾਈ ਨਾ ਥੁੜ'
ਦੇਇ ਅਸੀਸਾਂ ਧੀ ਨੂੰ ਭਲਕੇ ਨੂੰ ਗਿਆ ਮੁੜ।
ਫੋਲੀ ਵਿਥਿਆ ਘਰ ਜਾ ਚੰਦੋ ਰਾਣੀ ਪਾਸ
ਅਗਲੇ ਦਿਨ ਮਾਂ ਧੀ ਨੂੰ ਦੇਣ ਆਈ ਧਰਵਾਸ।
ਧਾਅ ਕੇ ਮਿਲੀ ਸੁਲੱਖਣੀ ਅੱਖੀਉਂ ਅੱਥਰੂ ਕੇਰ
ਸਾਂਝ ਹੁੰਦੀ ਮਾਂ ਧੀ ਦੀ ਧੁਰ ਤੋਂ ਦਿਲ ਦੇ ਨੇੜ।
ਧੀਰਜ ਰੱਖ ਸੁਲੱਖਣੀ ਜਲ-ਪਾਣੀ ਦੌਰਾਨ
ਸਾਂਝਾ ਕੀਤਾ ਮਾਂ ਸੰਗ ਡੂੰਘਾ ਦੁੱਖ ਬਿਆਨ।
'ਮਾਏ! ਮੇਰੇ ਪਤੀ ਦੀ ਜੱਗ ਤੋਂ ਉਲਟੀ ਚਾਲ
ਧਨ ਵਿਅਰਥ ਗਵਾਂਵਦਾ ਬੈਠ ਮੰਗਤਿਆਂ ਨਾਲ਼।
ਸਤਸੰਗੀਆਂ ਨਾਲ਼ ਬਹਿ ਕਰੇ ਉਹ ਮਨ ਦੀ ਬਾਤ
ਮੋਦੀਖਾਨੇ ਵਿਚ ਹੀ ਕੱਟੇ ਦਿਨ ਤੋਂ ਰਾਤ!'
ਚੰਦੋ ਰਾਣੀ ਧੀ ਦੇ ਮਨ ਦੀ ਬਿਰਥਾ ਜਾਣ
ਜਾਪਿਆ ਸੀਨੇ ਧੱਸਿਆ ਜਿਉਂ ਅਣਿਆਲਾ ਬਾਣ।
ਗ਼ੁੱਸੇ ਵਿਚ ਧਾ ਕੇ ਗਈ ਬੇਬੇ ਨਾਨਕੀ ਕੋਲ਼
ਸੁੱਖ-ਸਾਂਦ ਪੁੱਛਣ ਮਗਰੋਂ ਬੋਲੀ ਤਿੱਖੇ ਬੋਲ।
'ਨਾਨਕ ਨੂੰ ਸਮਝਾ ਕੁਝ ਘਰ ਦੀ ਲਵੇ ਸਾਰ
ਕੱਲਿਆਂ ਬਹਿ ਘਰ ਧੀ ਨੂੰ ਆਵੇਂ ਕਿਵੇਂ ਕਰਾਰ!
ਪਤੀ ਜੋ ਤੇਰਾ ਜਾਣਦਾ ਸੀ ਨਾਨਕ ਚਾਲ ਤੇ ਢਾਲ਼
ਰਿਸ਼ਤਾ ਕਿਉਂ ਕਰਵਾਇਆ ਉਸ ਮੇਰੀ ਧੀ ਦੇ ਨਾਲ਼ ?'
'ਅਤਿ ਮਿੱਠੇ ਸੁੰਦਰ ਲਹਿਜ਼ੇ ਵਿਚ ਕਿਹਾ ਨਾਨਕੀ ਬੋਲ
ਸੁੰਦਰ ਬਸਤਰ ਬਾਲ ਬੱਚੇ ਸਭ ਕੁਝ ਭਾਬੀ ਕੋਲ਼।



UNISTAR BOOKS PVT LTD
Unistar Books Pvt
Unistar Books Pvt Ltd
UNISTAR BOOKS PVT LTD.

ਕਿਸੀ ਚੀਜ਼ ਦੀ ਥੁੜ ਨਹੀਂ ਹੋਵੇਜੋ ਦਿਲਗੀਰ
ਮੋਦੀਖਾਨੇ ਲੈਣ ਦੇਣ ਕਰਦਾ ਨਾਨਕ ਵੀਰ।
ਜੋ ਵੀ ਦਰ ’ਤੇ ਆਉਂਦਾ ਕਰਦਾ ਪਰਉਪਕਾਰ
ਬਿਨਾਂ ਦੋਸ਼ ਤੋਂ ਵੀਰ ਨੂੰ ਕਰੋ ਨਾ ਇੰਝ ਖੁਆਰ।
ਭਾਬੀ ਜੋ ਵੀ ਮੰਗਦੀ ਭੇਜ ਦਿੰਦਾ ਹੈ ਵੀਰ
ਅੰਦਰ ਦਾ ਸੁਲਤਾਨ ਹੈ ਬਾਹਰੋਂ ਭਲਾ ਫ਼ਕੀਰ!’
ਚੰਦੋ ਰਾਣੀ ਸੁਣੇ ਜਦ ਨਾਨਕੀ ਦੇ ਇਹ ਬੋਲ
ਪੁੱਜੀ ਪਾਸ ਸੁਲੱਖਣੀ ਤੋਲਦੀ ਬੋਲ ਅਮੋਲ।
ਆਖਿਆ, ‘ਧੀਏ ਦੱਸ ਤੂੰ ਕੀ ਨਹੀਂ ਤੇਰੇ ਪਾਸ
’ਕੱਲਿਆਂ ਝੱਲੇ ਦਿਲ ਵਿਚ ਡਾਢਾ ਜੋ ਸੰਤਾਪ!!’
ਵਿਆਕੁਲ ਹੋਈ ਸੁਲੱਖਣੀ ਕਿਹਾ, ‘ਸਿਆਣੀ ਮਾਂ!
ਘਾਟ ਨਾ ਕਿਸੀ ਵਸਤ ਦੀ ਜੇ ਮੈਂ ਸੱਚ ਕਹਾਂ।
ਖਿੜੇ ਮੱਥੇ ਨਾ ਬੋਲਦਾ ਨਾਨਕ ਮੇਰੇ ਨਾਲ਼
ਘਰ ਨਾ ਬੈਠੇ ਪ੍ਰੇਮ ਸੰਗ ਚਿੰਤਾ ਦਾ ਮਨ ਜਾਲ਼।’
ਚੰਦੋ ਰਾਣੀ ਸੱਚ ਸੁਣ ਕਰਦਿਆਂ ਮਨ ਸਮਤੋਲ
ਗੁੱਝੀ ਪੀੜਾ ਧੀ ਦੀ ਦੱਸੀ ਨਾਨਕੀ ਕੋਲ਼।
ਬੋਲੀ ਬੇਬੇ ਨਾਨਕੀ ਸਬਰ ਨਾਲ਼ ਸਭ ਸੱਚ
ਭਾਬੀ ਜਿਸ ਦੇ ਕਾਰਨੇ ਅੰਦਰੋਂ ਰਹੀ ਸੀ ਮੱਚ।
“ਮਾਸੀ! ਤੇਰੀ ਧੀ ਦਾ ਚਿੱਤ ਹੀ ਅਤਿ ਕਠੋਰ
ਸੱਦਾਂ ਜਦ ਵੀ ਕੋਲ਼ ਮੈਂ ਆਉਂਦੀ ਨਹੀਂਉਂ ਕੋਲ਼।
ਭੁੱਲ-ਚੁੱਕ ਵੀ ਹੋ ਜਾਏ ਜੇ ਲੜਦੀ ਮੇਰੇ ਨਾਲ਼
ਮੈਂ ਤਾਂ ਚੁੱਪ ਵੱਟ ਲੈਂਵਦੀ ਦੇਖ ਸਮੇਂ ਦੀ ਚਾਲ।
ਫਿਰ ਵੀ ਅਤਿ ਸਤਿਕਾਰ ਦੇਇ ਉਸ ਬਿਠਾਵਾਂ ਕੋਲ਼
ਸ਼੍ਰੇਸਟ ਪੁੱਤਰੀ ਜਾਣ ਕੇ ਬੋਲਾਂ ਨਾ ਕੁਝ ਬੋਲ।”
‘ਪਤੀ ਜੇ ਕਰਦਾ ਬੈਠ ਕੇ ਪ੍ਰੇਮ ਸਹਿਤ ਗੱਲਬਾਤ
ਬਿਨ ਬਸਤਰ ਬਿਨ ਗਹਿਣਿਉਂ ਸੁੱਖ ਦੀ ਕੱਟੇ ਰਾਤ।’
ਮਾਸੀ! “ਸੱਚ ਜੋ ਤੂੰ ਕਿਹਾ ਬੜੇ ਪਤੇ ਦੀ ਗੱਲ
ਲੜ ਬੰਨ੍ਹ ਕੇ ਮਿੱਠਤ ਸਬਰ ਜੇ ਭਾਬੀ ਪਏ ਚੱਲ।
ਸੇਵ ਕਰੇ ਉਹ ਪਤੀ ਦੀ ਮਨ ਤੋਂ ਹੋ ਨਿਰਵਾਣ
ਸੇਵਾ ਤੋਂ ਸੇਵਾ ਮਿਲੇ ਵੱਡਿਆਂ ਦਾ ਫ਼ਰਮਾਨ।
ਹੁੰਦਾ ਸਭੋ ਘਰਾਂ ਵਿਚ ਗ਼ੁੱਸਾ ਅਤੇ ਗ਼ਿਲਾ
ਵੀਰ ਮੇਰਾ ਰੱਬ-ਰੂਪ ਹੈ ਰੱਖੂ ਪ੍ਰੇਮ ਤੇ ਭਾਅ।”



UNISTAR BOOKS PVT LTD.
Unistar Books Pvt Ltd.

ਕੋਮਲ ਮਿੱਠੇ ਬਚਨ ਸੁਣ ਚੰਦੋ ਹੋਈ ਸ਼ਾਂਤ
ਦੋਹਾਂ ਜਣੀਆਂ ਬੈਠ ਕੇ ਕੀਤੀ ਪ੍ਰੇਮ ਦੀ ਬਾਤ।
ਚੰਦੋ ਰਾਣੀ ਭਲਕ ਉੱਠ ਮਨ ਨੂੰ ਧੀਰ ਦੇ ਖ਼ਾਸ
ਸਿਆਣੀਆਂ ਮਾਵਾਂ ਵਾਕੁਰਾਂ ਜਾ ਬੈਠੀ ਧੀ ਪਾਸ।
ਆਖਿਆ, ਨਾਲ਼ ਪਿਆਰ ਦੇ ਚੁੰਮ ਕੇ ਧੀ ਦਾ ਮੁੱਖ
'ਪੁੱਤਰੀ! ਸੇਵਾ ਵਿਚ ਹੀ ਦੋਂਹ ਲੋਕਾਂ ਦਾ ਸੁੱਖ।
ਨਾਨਕ ਤਾਂ ਹੈ ਹੈ ਬੱਚੀਏ! ਧਰਮ ਕਰਮ ਪਰਪੱਕ
ਸੁੱਖ ਦੇਊ ਦੋਂਹ ਲੋਕ ਦਾ ਮਨ 'ਚ ਨਿਹਚਾ ਰੱਖ।'
ਚੰਦੋ ਰਾਣੀ ਮੁੜ ਗਈ ਫਿਰ ਬਟਾਲੇ ਸ਼ਹਿਰ
ਭੁੱਲੀ ਸਭ ਸ਼ਿਕਵੇ ਗ਼ਿਲੇ ਮਨ ਤੋਂ ਹੈ ਨਿਰਵੈਰ।
ਤੁਰ ਕੇ ਮਾਂ ਦੀ ਸਿੱਖਿਆ 'ਤੇ ਵਾਂਗ ਸਿਆਣੀ ਧੀ
ਸੇਵਾ ਮਿੱਠਤ ਨਿਮਰਤਾ ਉਸ ਪੱਲੇ ਬੰਨ੍ਹ ਲਈ।

ਆਏ-ਗਏ ਦੀ ਕਰਨ ਗੁਰ ਹਰ ਤਰ੍ਹਾਂ ਇਮਦਾਦ
ਦੁਖੀਆਂ ਦੇ ਸਾਕੇ ਹਰਨ ਮਨ 'ਚ ਆਏ ਸ਼ਾਦ।
ਵਧਦਾ ਜਾਏ ਦਿਨੋਂ-ਦਿਨ ਨਾਨਕ ਦਾ ਸਤਿਕਾਰ
ਬਾਬੇ ਦੇ ਦਿਨ ਬੀਤਦੇ ਬਣ ਕੇ ਸੇਵਾਦਾਰ।
ਹੱਥੀਂ ਲੰਗਰ ਤਿਆਰ ਕਰ ਮਾਤ ਸੁਲੱਖਣੀ ਨਿੱਤ
ਸ਼ਰਧਾ ਨਾਲ਼ ਛਕਾਵੰਦੀ ਲੋੜਵੰਦਾਂ ਇਕ ਚਿੱਤ।
ਭੈਣ ਨਾਨਕੀ ਨਾਲ਼ ਨੇਹੁੰ ਦੋਹਾਂ ਦਾ ਅਪਾਰ
ਜੈਰਾਮ ਭਣਵੱਈਏ ਦਾ ਕਰਨ ਦੋਏ ਸਤਿਕਾਰ।
ਵੱਡੇ ਹੋ ਰਹੇ ਦਿਨੋਂ-ਦਿਨ ਨਾਨਕ ਜੀ ਦੇ ਬਾਲ
ਝੱਲੀ ਜਾਏ ਝਾਲ ਨਾ ਹਰ ਕੰਮ ਵਿਚ ਕਮਾਲ।
ਜਿਉਂ-ਜਿਉਂ ਗਿਆ ਵਧਦਾ ਨਾਨਕ ਦਾ ਸਤਿਕਾਰ
ਚੁਗਲਖ਼ੋਰਾਂ ਤੇ ਦੋਖੀਆਂ ਦੇ ਸੀਨੇ ਪਈ ਸਾੜ।
ਹੋਛੀ ਮੱਤ ਮਲੀਨ ਬੁੱਧ ਖਾਣ ਵਾਲ਼ੇ ਮੁਰਦਾਰ
ਅਹਿਲਕਾਰ ਜੋ ਰਿਸ਼ਵਤੀ ਸਕਦੇ ਕਦੋਂ ਸਹਾਰ!!
ਨਿਸ ਦਿਨ ਗ਼ਲਤ ਸੁਝਾਅ ਦੇਣ ਚੁਗਲੀ ਕਰ ਨਵਾਬ
'ਭੁੱਖਿਆਂ ਅੰਨ ਸੁਟਾਂਵਦਾ ਮੰਗੇ ਕੌਣ ਜਵਾਬ ?
ਕਦੀ-ਕਦੀ ਅੰਨ ਤੋਲਦੇ ਤੇਰਾਂ ਅੰਕ 'ਤੇ ਆ
ਤੋਲੀ ਜਾਂਦੇ ਵਜਦ ਵਿਚ ਕਹਿ 'ਤੇਰਾ ਤੇਰਾ'।
ਖ਼ਾਲੀ ਕੋਈ ਜਾਏ ਨਾ ਦਰ ਉਸ ਤੋਂ ਮੁਥਾਜ
ਇਥੋਂ ਤੱਕ ਪੱਲਿਉਂ ਖ਼ਰਚ ਸਉਰੇ ਧੀ ਦਾ ਕਾਜ।

UNISTAR BOOKS PVT LTD.
Unistar Books Pvt Ltd.

ਕੂੜ ਦੇਰ ਇਸ ਸੱਚ ਤੋਂ ਰਹੇ ਜੋ ਬੇਪਰਵਾਹ
ਮੋਦੀ ਅੰਨ ਲੁਟਾ ਦਊ ਮੰਗਤਿਆਂ ਦੇ ਰਾਹ।'
ਭਾਵੇਂ ਸੀ ਨਵਾਬ ਦਾ ਬਾਬੇ 'ਤੇ ਵਿਸ਼ਵਾਸ
ਫਿਰ ਵੀ ਲੇਖੇ ਜੋਖੇ ਦਾ ਹੁਕਮ ਚਾ ਦਿੱਤਾ ਖ਼ਾਸ।
ਨਾਨਕੀ ਤੇ ਜੈਰਾਮ ਵੱਲ ਪੁੱਜੀ ਖ਼ਬਰ ਅਖ਼ੀਰ
ਕੋਲ਼ ਬੁਲਾ ਕੇ ਸਬਰ ਨਾਲ਼ ਦੱਸਿਆ ਤਾਈਂ ਵੀਰ।
ਨਾਨਕ ਕਿਹਾ ਨਵਾਬ ਨੂੰ 'ਪੂਰਾ ਹੈ ਸਭ ਮਾਲ
ਫਿਰ ਵੀ ਚਾਹੋ ਕਰ ਲਵੋ ਸਭ ਕੁਝ ਦੀ ਪੜਤਾਲ'।
ਕੰਨਾਂ ਦੇ ਕੱਚੇ ਹੁੰਦੇ ਸੁਣਿਐ ਅਹਿਲਕਾਰ
ਬਾਬਾ ਨਾਲ਼ ਨਵਾਬ ਦੇ ਪੁੱਜੇ ਅੰਨ ਭੰਡਾਰ।
ਜਾਦੂ ਰਾਏ ਖ਼ਜ਼ਾਨਚੀ ਕੀਤਾ ਜਦ ਹਿਸਾਬ
ਸਭ ਕੁਝ ਸਹੀ ਨਿਕਲ਼ਿਆ ਹੋਇਆ ਖ਼ੁਸ਼ ਨਵਾਬ।
ਬਲਕਿ ਵੱਲ ਨਵਾਬ ਦੇ ਦੇਣੀ ਨਿਕਲ਼ੀ ਰਕਮ
ਬਾਬੇ ਵੀ ਉਹ ਦਾਨ ਕਰ ਮੰਨਿਆ ਰੱਬੀ ਹੁਕਮ।
ਤੱਕਿਆ ਜਦ ਹਿਸਾਬ ਠੀਕ ਦੋਖੀ ਰਹਿ ਗਏ ਦੰਗ
ਵਾਲ਼ ਨਾ ਵਿੰਗਾ ਹੋਂਵਦਾ ਵਾਹਿਗੁਰੂ ਜਿਸ ਸੰਗ।
ਨਾਨਕ ਦੀ ਚੌਹੀਂ ਤਰਫ਼ੀਂ ਹੋਣ ਲੱਗੀ ਜੈਕਾਰ
ਖ਼ੁਸ਼ੀ ਹੋਈ ਜੈਰਾਮ ਜੀ ਲੱਥਾ ਸਿਰ ਤੋਂ ਭਾਰ।
ਫਿਰ ਵੀ ਨਾਨਕ ਮਨ ਵਿਚ ਇਸ ਘਟਨਾ ਦੇ ਨਾਲ਼
ਡੂੰਘੀ ਖਾਈ ਪੈ ਗਈ ਬੁਣਿਆ ਚਿੰਤਾ ਜਾਲ਼।
ਪਾਈ ਦੌਲਤਖ਼ਾਨ ਨੇ ਦੋਖੀਆਂ ਤਾਈਂ ਝਾੜ
ਪਹਿਲਾਂ ਤੋਂ ਵੀ ਵਧਿਆ ਨਾਨਕ ਦਾ ਸਤਿਕਾਰ।
ਫਿਰ ਵੀ ਬਾਬੇ ਛੱਡ ਕੇ ਮੋਦੀ ਦੀ ਇਹ ਕਾਰ
ਹੋਏ ਅੰਤਰ ਧਿਆਨ ਗੁਰ ਤਜਿਆ ਕਾਰ-ਵਿਹਾਰ।

ਬਾਹਰ ਵੱਲੋਂ ਕੰਨੀਆਂ ਅੰਦਰ ਵੱਲ ਸਮੇਟ
ਸੋਚੇ ਬਾਬਾ ਵੱਜਣੀ ਰੇਖ 'ਚ ਕਿੱਦਾਂ ਮੇਖ ?
ਪਾਖੰਡੀ ਅਧਰਮੀਆਂ ਜੋ ਕੂੜ ਵਿਛਾਇਆ ਜਾਲ਼
ਚੌਹੀਂ ਤਰਫ਼ੀ ਪਸਰਿਆ ਕਲਯੁਗ ਅਤਿ ਵਿਕਰਾਲ।
'ਅੰਨ੍ਹੀ ਰਯਤ ਗਿਆਨ ਵਿਹੂਣੀ' ਢੋਵੇ ਅੰਧ-ਵਿਸ਼ਵਾਸ
ਵਾਂਗ ਗ਼ੁਲਾਮਾਂ ਜੀ ਰਹੀ ਅੰਦਰ ਖ਼ੌਫ਼ ਤਰਾਸ।
ਇਕ ਤਰਫ਼ ਹੈ ਰਾਮ-ਰਾਮ ਦੂਜੀ ਤਰਫ਼ ਖ਼ੁਦਾ
ਕਾਫ਼ਰ ਅਤੇ ਮਲੇਛ ਦਾ ਝਗੜਾ ਨਿੱਤ ਨਵਾਂ!


UNISTAR BOOKS PVT LTD. Unistar Books Pvt Ltd.

ਨਿੱਤ ਨਵੀਂ ਲੁੱਟ ਚਲਦੀ ਨੁਸਖ਼ੇ ਭਾਂਤੋ-ਭਾਂਤ
ਧਰਮ ਗ੍ਰੰਥੀ ਮੋਹਰ ਲਾ ਦੇਣ ਨਵੇਂ ਦ੍ਰਿਸ਼ਟਾਂਤ।
ਫਿਰਨ ਮੁਕੱਦਮ ਭੂਤਰੇ ਰਾਜੇ ਸੀਂਹ ਹੈਵਾਨ
ਧਰਮ ਪੰਖ ਲਾ ਉੱਡ ਗਿਆ ਕੂੜ ਹੋਆ ਪ੍ਰਧਾਨ।
ਧੀ ਜਜ਼ਮਾਨ ਦੇ ਕਾਜ ਕਰ ਖਾਵਣ ਪੰਡਿਤ ਧਾਨ
ਜਨਮ ਗਵਾਵਣ ਆਪਣਾ ਤੁਰ ਕੇ ਰਾਹ ਸ਼ੈਤਾਨ।
ਬਾਬੇ ਦੀ ਇਕ ਤਰਫ਼ ਸੀ ਗ੍ਰਹਿਸਥੀ ਤੇ ਪਰਿਵਾਰ
ਦੂਈ ਤਰਫ਼ ਸੀ ਸੁਣ ਰਹੀ ਦੁਖੀਆਂ ਦੀ ਪੁਕਾਰ।
ਜਗ੍ਹਾ-ਜਗ੍ਹਾ ਸੀ ਉੱਸਰੇ ਅੱਲਾਹ, ਰਾਮ ਦੇ ਘਰ
ਫਿਰ ਵੀ ਰਿਆਇਆ ਉਸ ਦੀ ਰੁਲ਼ਦੀ ਦਰ-ਬ-ਦਰ।
ਅਜਬ ਜਿਹੀ ਕਸ਼ਮਕਸ਼ ਸੀ ਮਨ 'ਚ ਪਾਏ ਸੌੜ
ਇਕ ਨੂੰ ਦੂਆ ਲਤਾੜਦਾ ਕਿੱਦਾਂ ਦੀ ਇਹ ਦੌੜ ??
ਕਦ ਤੱਕ ਸਾਹਵੇਂ ਕੂੜ ਦੇ ਸੱਚ ਦੀ ਹੋਸੀ ਹਾਰ
ਭੁੱਖੀ ਜਨਤਾ ਕਦੋਂ ਤੀਕ ਟੁੱਕ ਲਈ ਕਰੂ ਪੁਕਾਰ ?
ਧਰਮ ਨਿਆਂ ਦੀ ਅੱਖ 'ਚੋਂ ਕਿੱਦਾਂ ਚੁਗਣੇ ਰੋੜ
ਕਿੰਜ ਹਲੇਮੀ ਰਾਜ ਹੋਊ ? ਜ਼ਾਲਮ ਦੀ ਅੱਖ ਫੋੜ!
ਭਰਮਜਾਲ਼ ਟੁੱਟੂ ਕਿਵੇਂ ਲੋਕ ਮਨਾਂ ਬਿਪਰੀਤ
ਕਿਰਤ ਕਰਨ ਵੰਡ ਖਾਣ ਦੀ ਚੱਲੂ ਕਿੱਦਾਂ ਰੀਤ ?
ਸੋਚਣ ਬਾਬਾ ਰਾਤ ਦਿਨੇ ਅਤਿ ਦੇ ਹੋ ਗੰਭੀਰ
ਅੱਖੀਆਂ ਦੇ ਵਿਚ ਛਲਕਦੀ ਡਾਢੀ ਗੁੱਝੀ ਪੀੜ।

ਐਨਾ ਨਹੀਂ ਆਸਾਨ ਸੀ ਪੂਰਿਆਂ ਕਰਨ ਉਦੇਸ਼
ਰਾਹ ਰੋਕੂ ਮੁਸੀਬਤਾਂ ਔਣੀਆਂ ਸੀ ਦਰਪੇਸ਼।
ਮਾਪੇ, ਗ੍ਰਹਿਸਥੀ, ਭਾਈ-ਬੰਧ ਔਖਾ ਛੱਡਣਾ ਜਾਲ਼
ਬਿਨਾਂ ਕਿਸੀ ਨਾਂ ਥਾਂ ਦੇ 'ਕੱਲਿਆਂ ਫਿਰਨ ਮੁਹਾਲ!
ਵਰ੍ਹਿਆਂ ਬੱਧੀ ਯਾਤਰਾ ਖੰਨਿਉਂ ਤਿੱਖੀ ਧਾਰ
ਕੌੜੇ ਰੀਠੇ ਤੇ ਖ਼ਰਬੂਜੇ ਰੇਤ, ਅੱਕ, ਆਹਾਰ
ਓਪਰੇ ਦੇਸ਼ ਓਪਰੀ ਬੋਲੀ ਮਾਣਸਖਾਣੇ ਲੋਕ
ਲਹੂ-ਪੀਣੀਆਂ ਜੋਕਾਂ ਵਾਂਗ ਪੀਵਣ ਖ਼ੂਨ ਬੇਰੋਕ।
ਕਹਿਰੀ ਲੂੰਆਂ ਵਿਚ ਦੀ ਤਪਣ ਰੇਗਿਸਤਾਨ
ਅਤਿ ਬਰਫ਼ਾਨੀ ਚੋਟੀਆਂ ਸੁੰਨ ਹੋਵੇ ਦੇਹ ਜਾਨ।
ਐਸਾ ਪੈਂਡਾ ਗਾਹੁਣਾ ਸੀ ਏਡਾ ਨਹੀਂ ਸੁਖਾਲ
ਭਰਮਾਂ ਦੇ ਗੜ੍ਹ ਤੋੜਨੇ ਸੀ ਔਖੇ ਅਤੇ ਦੁਖਾਲ।



UNISTAR BOOKS PVT LTD
Unistar Books Pvt Ltd
Unistar Books Pvt Ltd
UNISTAR BOOKS PVT LTD

ਆਖ਼ਰ ਏਸ ਦੁਚਿੱਤੀਓਂ ਖ਼ੁਦ ਨੂੰ ਕੱਢ ਕੇ ਬਾਹਰ
ਖ਼ੁਦ ਨੂੰ ਲੋਕਾਂ ਸਾਹਮਣੇ ਸੀ ਕਰਨਾ ਪੈਣਾ ਜ਼ਾਹਰ।
ਬੀਤੀ ਅੱਖਾਂ ਵਿਚ ਦੀ ਤਿੰਨ ਪਹਿਰ ਦੀ ਰਾਤ
ਵੇਈਂ ਵੱਲ ਨੂੰ ਤੁਰ ਪਏ ਜਦ ਹੋਈ ਪਰਭਾਤ।

## ਵੇਈਂ ਪਰਵੇਸ਼

ਬਰਸਾਤਾਂ ਦੀ ਹੋੜ ਸੀ ਭਾਦੋਂ ਦਾ ਸੀ ਮਾਂਹ
ਪਾਣੀ ਸੀ ਮੂੰਹ ਜ਼ੋਰ ਦਾ ਜਾਵੇ ਖ਼ੌਰੂ ਪਾ।
ਜਾ ਰਹੇ ਸੀ ਸਤਿਗੁਰੂ ਵਈਂ ਕਰਨ ਇਸ਼ਨਾਨ
ਨਾਲ਼ ਨਫ਼ਰ ਸੀ ਜਾ ਰਿਹਾ ਰੱਖ ਗੁਰੂ ਦਾ ਧਿਆਨ।
ਚਰਨਾਂ 'ਤੇ ਜਲ ਪਾਇ ਕੇ ਕੀਤਾ ਵੇਈਂ ਪਰਵੇਸ਼
ਪਰਮ ਸਤਿ ਦੀ ਮੌਜ ਵਿਚ ਜਾ ਪੁੱਜੇ ਉਸ ਦੇਸ਼।
ਵੇਈਂ ਅੰਦਰ ਵੜਦਿਆਂ ਸੀ ਤੱਕਿਆ, ਸੇਵਾਦਾਰ
ਹੈਰਤ ਹੋਈ ਉਸ ਨੂੰ ਜੋ ਗੁਰੂ ਨਾ ਆਏ ਬਾਹਰ।
'ਵਾਜ਼ਾਂ ਮਾਰੀਆਂ ਦੂਰ ਤੀਕ ਸਹਿਮ ਨਾਲ਼ ਭਰਪੂਰ
ਚਿੱਤ ਨੂੰ ਘੇਰਾਂ ਪੈਂਦੀਆਂ ਜਦ ਨਾਂਹ ਆਏ ਹਜ਼ੂਰ।
ਅਤਿ-ਬੇਚੈਨੀ ਵਿਚ ਉਹ ਪੁੱਜਾ ਲੋਧੀ ਘਰ
ਨਾਨਕ ਵੇਈਂ ਗੁੰਮਿਆ ਕੀਤਾ ਜ਼ਾਹਰ ਡਰ।
ਘੋੜੇ ਕਾਠੀ ਪਾਇਕੇ ਤੁਰਿਆ ਦੌਲਤ ਖ਼ਾਨ
ਨਾਲ ਕਈ ਤਾਰੂ ਤੁਰੇ ਜਾਨ 'ਚ ਰਲ਼ੇ ਨਾ ਜਾਨ।
ਸਾਰੀ ਵੇਈਂ ਖੋਜ ਤੀ ਪਤਾ ਨਾ ਕੋਈ ਥਾਹ
ਜੈਰਾਮ ਦਿਲ ਨੂੰ ਫੜੀ ਸੋਚੇ ਕੋਈ ਉਪਾਅ!
ਸੋਗ ਮਨਾਇਆ ਨਗਰ ਨੇ ਰੋਏ ਗਲ਼ੀਆਂ ਪੱਤ
ਉਹਦੀਆਂ ਉਹੀ ਜਾਣਦਾ ਕਰਨ ਕਾਰਨ ਸਮਰੱਥ।
ਤੜਫ਼ੀ ਮਾਤ ਸੁਲੱਖਣੀ ਪੁੱਜੀ ਜਿਉਂ ਕਨਸੋ
ਕੂੰਜ ਵਾਂਗ ਕੁਰਲਾਂਵਦੀ ਵਿਚ ਹਿਜ਼ਰ ਦੇ ਉਹ।
ਲੇਕਿਨ ਬੇਬੇ ਨਾਨਕੀ ਹੋਈ ਨਾ ਦਿਲਗੀਰ
ਕੀਕੂੰ ਡੁੱਬ ਹੈ ਸਕਦਾ ? ਤਾਰਨਹਾਰਾ ਵੀਰ!!
ਵੇਈਂ ਨਿਗਲ ਨਾ ਸਕਦੀ ਸੀ ਪੱਕਾ ਉਸ ਵਿਸ਼ਵਾਸ
ਜਾਂ ਬੰਨ੍ਹਾਈ ਧੀਰ ਉਸ ਬਹਿ ਕੇ ਭਾਬੀ ਪਾਸ।
ਮੋਦੀਖਾਨੇ ਆ ਜੁੜੇ ਮਿੱਤਰ ਬੇਸ਼ੁਮਾਰ
ਆਖਣ, ਮਾੜਾ ਹੋਇਆ ਲੋਕੀਂ ਸੁਣਦੇ ਸਾਰ।

UNISTAR BOOKS PVT LTD.
Unistar Books Pvt Ltd.

'ਨਾਨਕ ਭਲਾ ਵਜ਼ੀਰ ਥਾ' ਕਿਹਾ ਖ਼ੁਦ ਨਵਾਬ
ਜੈਰਾਮ ਤੇ ਹੋਰ ਸਿੱਖ ਰੋਵਣ ਕਰਕੇ ਯਾਦ।
ਰੱਖ ਕੇ ਭੈਅ ਨਵਾਬ ਦਾ ਤਾਰੂਆਂ ਛਾਣੇ ਘਾਟ
ਪਰ ਨਾਨਕ ਉੱਘ-ਸੁੱਘ ਨਾ ਛਾਇਆ ਮਨ ਸੰਤਾਪ।
ਹੱਥ ਜੋੜ ਦੋਏ ਨਾਨਕੀ ਕਰਦੀ ਵੀਰ ਨੂੰ ਯਾਦ
ਪਰਮੇਸ਼ਰ ਅਰਾਧਦਿਆਂ ਬੀਤੇ ਦੋ ਦਿਨ, ਰਾਤ।

## ਬਾਬਾ ਪੈਂਧਾ ਸਚਖੰਡ

ਕਥਾ ਵੇਈਂ ਪਰਵੇਸ਼ ਦੀ ਲਿਖਣ ਸਾਖੀਕਾਰ
ਬਸਤਰ ਜਦੋਂ ਉਤਾਰ ਗੁਰ ਦਿੱਤੇ ਖ਼ਿਦਮਤਗਾਰ।
ਨਾਲ਼ ਅਕਾਲ ਦੇ ਹੋਇਆਂ ਸਿੱਧਾ ਉਸ ਸੰਪਰਕ
ਨਾਨਕ ਅਤੇ ਅਕਾਲ ਵਿਚ ਕਾਈ ਰਿਹਾ ਨਾ ਫ਼ਰਕ।
ਸੋਦਰ ਵਿਚ ਜਿਸ ਦੇਸ਼ ਦੀ ਮਹਿਮਾ ਦਾ ਗੁਣਗਾਨ
ਬਾਬਾ ਨਾਨਕ ਵਈਂ 'ਚੋਂ ਕੀਤਾ ਜਾ ਪ੍ਰਸਥਾਨ।
ਬੈਠਾ ਪੂਰੀ ਸ਼ਾਨ ਵਿਚ 'ਸਿਰੁ ਸਾਹਾਂ ਪਾਤਸ਼ਾਹ'
'ਨਾਨਕ ਹਾਜ਼ਰ ਹੈ' ਇਜ ਦੱਸਿਆ ਸੇਵਕਾਂ!!
ਨਾਨਕ ਅਤਿ ਨਿਰਮਾਣ ਹੋ ਖੜ੍ਹੇ ਸੀ ਉਹਦੇ ਦਰ
ਨਾਮ ਕਟੋਰਾ ਅੰਮ੍ਰਿਤ ਤਦ ਦਿੱਤਾ ਸੇਵਕ ਭਰ।
'ਸਾਹਿਬ' ਮਿਹਰਬਾਨ ਕਿਹਾ, 'ਨਾਨਕ ਜੀਓ!
ਅੰਮ੍ਰਿਤ ਮੇਰੇ ਨਾਮ ਦਾ ਇਹ ਪਿਆਲਾ ਤੂੰ 'ਪੀਉ।'
ਪਰਮੇਸ਼ਰ ਦੀ ਆਗਿਆ ਦੀ ਕਰਕੇ ਗੁਰ ਤਸਲੀਮ
ਪੀਤਾ ਪਿਆਲਾ ਪ੍ਰੇਮ ਸਹਿਤ ਬਣ ਕੇ ਅਤਿ ਮਸਕੀਨ।
'ਨਾਲ਼ ਤੇਰੇ ਮੈਂ ਨਾਨਕਾ! ਤੇਰੇ ਤਾਈਂ ਨਿਹਾਲ
ਨਾਮ ਤੇਰਾ ਜੋ ਲਊਗਾ ਸੋ ਭੀ ਹੋਊ ਨਿਹਾਲ।
ਜਾ ਕੇ ਮੇਰਾ ਨਾਮ ਜਪ ਪਰਮੇਸ਼ਰ ਅਲਾਏ
ਸਿਫ਼ਤੀ ਮੇਰੇ ਨਾਮ ਦੀ ਹੋਰਾਂ ਤਾਈਂ ਜਪਾਏ।
ਇਹਾ ਹੀ ਤੂੰ ਕਿਰਤ ਕਰ ਨਾਮ ਦਾਨ ਇਸ਼ਨਾਨ
ਸੰਸਾਰੇ ਨਿਰਲੇਪ ਹੋਏ ਸੇਵਾ ਸਿਮਰਨ ਧਿਆਨ।'
ਦਰ ਉਹਦੇ 'ਤੇ ਝੁਕ ਕੇ ਕੀਤਾ ਗੁਰ ਪਰਣਾਮ
ਅਤਿ ਨਿਮਰਤਾ ਸਹਿਤ ਗੁਰ ਪੱਲੇ ਬੰਨ੍ਹਿਆ ਨਾਮ।
'ਕੈਸੀ ਸ਼ੋਭਾ ਨਾਮ ਦੀ' ਪਰਮੇਸ਼ਰ ਫ਼ੁਰਮਾਏ
ਸੁਣ ਅਨਹਦ ਧੁਨੀ ਉਪਜੀ ਨਾਨਕ ਦੀਆ ਅਲਾਏ।

UNISTAR BOOKS PVT LTD.
Unistar Books Pvt Ltd.

ਕੋਟਿ ਕੋਟੀ ਮੇਰੀ ਆਰਜਾ ਪਵਣੁ ਪੀਅਣੁ ਅਪਿਆਉ॥
ਚੰਦੁ ਸੂਰਜੁ ਦੁਇ ਗੁਫੈ ਨ ਦੇਖਾ ਸੁਪਨੈ ਸਉਣ ਨ ਥਾਉ॥
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ॥੧॥
ਸਾਚਾ ਨਿਰੰਕਾਰੁ ਨਿਜ ਥਾਇ॥
ਸੁਣਿ ਸੁਣਿ ਆਖਣੁ ਆਖਣਾ ਜੇ ਭਾਵੈ ਕਰੇ ਤਮਾਇ॥੧॥ਰਹਾਉ॥
ਕੁਸਾ ਕਟੀਆ ਵਾਰ ਵਾਰ ਪੀਸਣਿ ਪੀਸਾ ਪਾਇ॥
ਅਗੀ ਸੇਤੀ ਜਾਲੀਆ ਭਸਮ ਸੇਤੀ ਰਲਿ ਜਾਉ॥
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ॥੨॥
ਪੰਖੀ ਹੋਇ ਕੈ ਜੇ ਭਵਾ ਸੈ ਅਸਮਾਨੀ ਜਾਉ॥
ਨਦਰੀ ਕਿਸੈ ਨ ਆਵਊ ਨਾ ਕਿਛੁ ਪੀਆ ਨ ਖਾਉ॥
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ॥੩॥
ਨਾਨਕ ਕਾਗਦ ਲਖ ਮਣਾ ਪੜਿ ਪੜਿ ਕੀਚੈ ਭਾਉ॥
ਮਸੂ ਤੋਟਿ ਨ ਆਵਈ ਲੇਖਣਿ ਪਉਣੁ ਚਲਾਉ॥
ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ॥੪॥੨॥'

(**ਗੁਰੂ ਗ੍ਰੰਥ**, ਪੰਨਾ 13)

'ਨਾਨਕ ਮੇਰਾ ਹੁਕਮ ਜੋ ਤੇਰੀ ਨਦਰੀ ਆਏ
ਮੇਰੇ ਹੁਕਮ ਦੀ ਸਿਫ਼ਤ ਕਰ, ਪਰਮੇਸ਼ਰ ਅਲਾਏ।'
'ਸੋਦਰ ਰਾਗ ਆਸਾ' ਵਿਚ ਗੁਰ ਕਰਕੇ ਸਿਫ਼ਤ ਸਲਾਹ
ਦੱਸੇ ਖੰਡ ਬ੍ਰਹਿਮੰਡ ਦੀਪ ਗਾਉਂਦੇ ਬੇਪਰਵਾਹ!
ਬੋਲੇ ਪਰਮੇਸ਼ਰ ਤਦੋਂ ਬਾਬੇ ਸੰਗ ਕਰ ਭਾਉ
ਨਾਨਕ ਨੂੰ ਤਦ ਬਖ਼ਸ਼ਿਆ 'ਗੁਰ ਪਰਮੇਸਰ' ਨਾਉ।
ਚਰਨੀਂ ਸੀਸ ਨਿਵਾਇਆ ਨਾਨਕ ਰਖ ਮਨ ਭਾਓ
ਬਾਬੇ ਨੂੰ ਮਿਲਿਆ ਤਦੋਂ ਸਿਰੋਪਾਉ ਦਰਗਾਹੋਂ।

ਉੱਚ ਅਧਿਆਤਮ ਯਾਤਰਾ ਦਾ ਮਿਲਦਾ ਜੋ ਵਿਸਤਾਰ
ਸਾਖੀਕਾਰ ਮਹਾਂ ਰਹੱਸ ਦੱਸਦੇ ਸੂਝਨੁਸਾਰ।
'ਬਾਬਾ ਪੈਂਧਾ ਸਚਖੰਡ' ਲਿਖਿਆ ਭਾਈ ਗੁਰਦਾਸ
ਨਉਨਿਧ ਨਾਮ ਨਿਮਰਤਾ ਦੀ ਧੁਰ ਤੋਂ ਪਾਈ ਰਾਸ।
ਜਦੋਂ ਸੀ ਬਾਬਾ ਲੱਗਿਆ 'ਵੇਈਂਓਂ' ਪਰਲੇ ਪਾਰ
ਬੇਲੇ ਬਿਆਸ ਦੇ ਗਾਹੁੰਦਾ ਪੁੱਜ ਇਕੱਲ ਵਿਚਕਾਰ।
ਸੀਨੇ ਵਿਚ ਸੀ ਚੱਲ ਰਿਹਾ ਉਸ ਦੇ ਇਕੋ ਖ਼ਿਆਲ
'ਜਗਤ ਜਲੰਦਾ ਰਖ ਲਏ ਅਪਨੀ ਕਿਰਪਾ ਧਾਰ।'
ਉਥੋਂ ਹੀ ਅਕਾਲ ਸੰਗ ਸੀ ਜੁੜਿਆ ਉਸ ਸੰਪਰਕ



UNISTAR BOOKS PVT LTD. Unistar Books Pvt Ltd.

ਬਾਬੇ ਅਤੇ ਅਕਾਲ ਵਿਚ ਸੀ ਕਾਈ ਰਿਹਾ ਨਾ ਫ਼ਰਕ।
ਉਥੋਂ ਹੀ ਸੀ ਬਖ਼ਸ਼ਿਆ ਨਾਨਕ ਨੂੰ ਸਿਰੋਪਾਓ
ਦਿੱਤਾ ਸੀ ਪਰਮਾਤਮਾ 'ਗੁਰਪਰਮੇਸ਼ਰ' ਨਾਉ।
ਖੰਡੀ ਬ੍ਰਹਿਮੰਡੀ ਪਾਤਾਲੀਂ ਉਥੋਂ ਮਿਲੀ ਸੀ ਸਾਰ
ਪਉਣ ਪਾਣੀ ਬੈਸੰਤਰ ਉਸਤਤ ਕਰਦੇ ਡਿੱਠੇ ਦਵਾਰ।
ਇੰਦ੍ਰ-ਇੰਦ੍ਰਾਸਣ, ਦੇਵੀ-ਦੇਵਾ, ਮਹਾਂਬਲੀ ਬਲਕਾਰ
ਮਹਿਮਾ ਸਿਧ ਸਮਾਧੀ ਗਾਉਂਦੇ ਸੁਰਗ ਮਛ ਪਇਆਲ।
ਏਕੰਕਾਰ ਸਤਿ ਉਜਿਆਰੋ ਨਿਹਚਲ ਰੂਪ ਅਪਾਰ
'ਪਾਤਸ਼ਾਹ-ਸਾਹਾ-ਪਾਤਿਸਾਹਬ' ਸਾਹਿਬ ਨਿਰੰਕਾਰ।
ਆਸਣ ਤੋਂ ਉੱਠਿਆ ਬਾਬਾ ਵਿਚ ਪਰਮੇਸ਼ਰ ਧਿਆਨ
ਪਰਲੇ ਪਾਰ ਜਾ ਲੱਗਿਆ ਕਰ ਵੇਈਂ ਇਸ਼ਨਾਨ।

ਤੀਜੇ ਦਿਨ ਨਾਨਕ ਗੁਰੂ ਵੇਈਂਓਂ ਨਿਕਲ਼ੇ ਬਾਹਰ
'ਬਾਬੇ ਪਾਇਆ ਬਖ਼ਸ਼ ਦਰ' ਸੀ ਕੋਲ਼ੋਂ ਨਿਰੰਕਾਰ।
ਹੱਥ 'ਚ ਸਾਂਭੀ ਕਪੜੇ ਡੀਕ 'ਚ ਸੇਵਾਦਾਰ
ਤੱਕ ਖ਼ੁਸ਼ੀ ਵਿਚ ਉਛਲ਼ਿਆ ਕੌਤਕ ਸਿਰਜਣਹਾਰ।
ਦੇ ਕੇ ਬਸਤਰ ਹੱਥ ਵਿਚ ਪਰਸੇ ਨਾਨਕ ਚਰਨ
ਖੁੱਲ੍ਹੇ ਭਰਮ ਕਪਾਟ ਸਭ ਸੰਸੇ ਹੋਏ ਹਰਨ।
ਨਾਨਕ ਸੇਵਕ ਭੇਜਿਆ ਵੱਲ ਭਾਈ ਜੈਰਾਮ
ਅਤਿ ਵਿਆਕੁਲ ਯਾਦ ਵਿਚ ਬੈਠਾ ਸੀ ਵਿਚ ਧਾਮ।
ਧਿਆਨ ਮਗਨ ਸੀ ਨਾਨਕੀ ਬੈਠੀ ਚਿੱਤ ਅਡੋਲ
ਖ਼ਬਰ ਦੇਣ ਹਿਤ ਟਹਿਲੂਆ ਪੁੱਜਾ ਉਹਦੇ ਕੋਲ਼।
ਚਰਨ ਪਰਸ ਕੇ ਆਖਿਆ, 'ਹੋਵੋ ਨ ਦਿਲਗੀਰ
ਵੇਈਂ 'ਚੋਂ ਮੁੜ ਪ੍ਰਗਟਿਆ ਤੁਹਾਡਾ ਨਾਨਕ ਵੀਰ।'
ਕੰਨੋਂ-ਕੰਨੀਂ ਖ਼ਬਰ ਹੋਈ ਪੂਰੇ ਨਗਰ ਗ੍ਰਾਮ
ਵੱਡਾ ਕੌਤਕ ਵਰਤਿਆ ਆਖੇ ਕੁੱਲ ਜਹਾਨ।
ਸੂਰਜ ਉਦੈ ਹੋਣ 'ਤੇ ਛੰਡ ਜਾਏ ਜਿਉਂ ਧੁੰਦ
ਦੁੱਖ ਟੁੱਟੇ ਪਰਿਵਾਰ ਤਾਈਂ ਮਿਲੀ ਸ੍ਵਾਂਤੀ ਬੂੰਦ।
ਸੁਲਤਾਨਪੁਰੇ ਦੀਆਂ ਗਲ਼ੀਆਂ ਕੱਖਾਂ ਨੂੰ ਲੱਗੀ ਜੀਭ
'ਧੰਨ ਨਾਨਕ ਮੋਦੀ' ਕਹਿ ਕੇ ਠਾਰਨ ਹਿੱਕ ਗ਼ਰੀਬ।
ਮੁਕਤੀਦਾਤੇ ਪੁੱਜ ਗਏ ਤਦ ਮੋਦੀਖਾਨੇ ਕੋਲ਼
ਪਲਾਂ-ਛਿਣਾਂ ਵਿਚ ਮੋਦੀਖਾਨਾ ਦਿੱਤਾ ਸਾਹਿਬ ਖੋਲ੍ਹ।
ਆਲ਼ੇ-ਦੁਆਲ਼ੇ ਜੁੜ ਗਈ ਡਾਢੀ ਤਗੜੀ ਭੀੜ

UNISTAR BOOKS PVT LTD.
Unistar Books Pvt Ltd.
Unistar Books Pvt Ltd.
UNISTAR BOOKS PVT LTD.

ਹੋ ਸੰਬੋਧਨ ਸਭਸ ਨੂੰ ਆਖਿਆ ਗੁਣੀ ਗਹੀਰ।
'ਚਾਹੀਦੈ ਜੋ ਲੈ ਜਾਉ ਮਨ ਤੋਂ ਹੋ ਨਿਰਖ਼ੌਫ਼
ਅੰਨ ਭੰਡਾਰਾ ਜੋ ਪਿਆ ਬਿਨਾਂ ਤੋਲ ਜਾਂ ਜੋਖ।'
ਕੁਝ ਤਾਂ ਵਾਂਗ ਲੁਟੇਰਿਆਂ ਰਾਸ਼ਨ 'ਤੇ ਪਏ ਟੁੱਟ
ਸਾਹਿਬ ਭਰੇ ਭੰਡਾਰ ਸੀ ਜਾਂਦੇ ਕਿਵੇਂ ਨਿਖੁੱਟ!
ਦੌਲਤ ਖ਼ਾਂ ਦੇ ਕੋਲ਼ ਵੀ ਪੁੱਜਾ ਜਾ ਸੰਦੇਸ਼
ਭੇਜਿਆ ਨੌਕਰ ਉਸ ਨੇ ਕਰਕੇ ਖ਼ਾਸ ਆਦੇਸ਼।
ਵਾਧੂ ਜੋ ਵੀ ਕੁਝ ਸੀ ਦਿੱਤਾ ਸਭ ਲੁਟਾ
ਬਚਿਆ ਬਾਬੇ ਪਾਸ ਬੱਸ ਸਤਿਨਾਮ ਤੋਸ਼ਾ।
ਗਲ਼ 'ਚ ਖ਼ਫਨੀ ਪਾ ਤੁਰੇ ਬਾਬਾ ਵੱਲ ਮਸਾਣ
ਚੁਗਲੀ ਲਾਈ ਨਵਾਬ ਨੂੰ ਦੋਸ਼ੀ ਕਿਸੇ ਆਣ।
ਸਭ ਲੁਟਾ ਮੋਦੀਖਾਨਾ ਬਿਨਾਂ ਤੋਲ, ਹਿਸਾਬ
ਘਾਟੇ ਡਰੋਂ ਲੁਕਿਆ ਬਾਬਾ ਕਬਰਾਂ ਪਾਸ।
ਸੁਣਿਆ ਜਦ ਜੈਰਾਮ ਜੀ ਪੁੱਜਾ ਨਾਨਕ ਕੋਲ਼
ਜੋ ਕੁਝ ਲੋਕਾਂ ਸੀ ਕਿਹਾ ਸਭ ਕੁਝ ਦਿੱਤਾ ਬੋਲ।
ਕਬਰਾਂ ਤੋਂ ਚੱਲ ਸਤਗੁਰੂ ਨਾਲ਼ ਆਏ ਜੈਰਾਮ
ਸਾਲ ਦੇ ਮਹਾਂ ਲੇਖੇ ਲਈ ਪੁੱਜੇ ਦੌਲਤ ਧਾਮ।
ਪੂਰਾ ਹੋਇਆ ਹਿਸਾਬ ਸਭ ਵਧੇ ਤ੍ਰੈ ਸੌ ਸੱਠ
ਹੋਇਆ ਤੱਕ ਕੇ ਸ਼ਰਮਿੰਦਾ ਦੋਖੀਆਂ ਦਾ ਇਕੱਠ।
ਬਿਨਾਂ ਬਕਾਇਆ ਲਏ ਹੀ ਸਾਹਿਬ ਗਏ ਉਜਾੜ
ਪੱਲੇ ਤੋਸ਼ਾ ਨਾਮ ਸੀ ਤੁਰ ਪਏ ਪੱਲਾ ਝਾੜ।

ਭਾਦੋਂ ਸੁਦੀ ਪੰਦਰਾਂ ਸੀ ਪੁੱਜੇ ਗੁਰੂ ਉਜਾੜ
ਨਾਲ਼ ਸੀ ਬੈਠਾ ਮਰਦਾਨਾ ਵਿਚ ਰਜ਼ਾ ਕਰਤਾਰ।
ਵਾਸੀ ਕੁਝ ਸੁਲਤਾਨਪੁਰ ਹੋਰ ਵੀ ਕਈ ਫ਼ਕੀਰ
ਕਬਰਾਂ ਵੱਲ ਨੂੰ ਹੋ ਤੁਰੇ ਦੀਦ ਲਈ ਦਿਲਗੀਰ।
ਤੱਕ ਕੇ ਕਈਆਂ ਨੇ ਕਿਹਾ, 'ਅੱਲਾਹ ਤੇਰੀ ਸ਼ਾਨ।'
ਸਦਕੇ ਹੋ ਕਈਆਂ ਕਿਹਾ, 'ਦੀਦ ਵਿਟੋ ਕੁਰਬਾਨ।'
ਹੋ ਇਕੱਠੇ ਆ ਜੁੜੇ ਅਹਿਲਕਾਰ ਨਵਾਬ
ਚਰਚਾ ਕਰਕੇ ਹੇਤ ਕੁਝ ਪੁੱਜੇ ਨਾਨਕ ਪਾਸ।
ਵੇਈਂ ਵਿਚ ਸੀ ਡੁੱਬਿਆ ਕਿੱਦਾਂ ਹੋਈ ਮਿਹਰ
ਜਿੰਨੇ ਮੂੰਹ ਓਨੀਆਂ ਗੱਲਾਂ ਲੋਕੀ ਕਰਨ ਚੁਫ਼ੇਰ।
ਨਾਨਕ ਪਰ ਬੈਠੇ ਰਹੇ ਅਹਿਲ ਮਸਤ ਅਡੋਲ


UNISTAR BOOKS PVT LTD.
Unistar Books Pvt Ltd.

ਨਿੰਮ੍ਹੀ ਧੁਨ ਰਬਾਬ ਦੀ ਜਾਦੂ ਰਹੀ ਸੀ ਘੋਲ਼।
ਏਦਾਂ ਹੀ ਚੁੱਪ ਬੈਠਿਆਂ ਬੀਤ ਗਈ ਸਭ ਰਾਤ
ਅਸਮਾਨੋਂ ਤਾਰੇ ਖਿਸੇ ਹੋਈ ਜਦ ਪਰਭਾਤ।

ਨਾਨਕ ਨਾਹਰਾ ਲਾਇਆ ਪਹਿਲਾ ਵਿਚ ਜਹਾਨ
'ਨਾ ਹੀ ਕੋਈ ਹਿੰਦੂ ਹੈ ਨਾ ਕੋਈ ਮੁਸਲਮਾਨ!'
ਨਾ ਹੀ ਕੋਈ ਫ਼ਰਕ ਵਿਚ ਰੰਕ ਅਤੇ ਸੁਲਤਾਨ
ਸਾਰੀ ਉੱਮਤ ਉਸ ਦੀ ਸਗਲਾ ਉਸ ਜਹਾਨ।'
ਕੱਟੜ ਮੁੱਲਾਂ ਕਾਜ਼ੀਆਂ ਸੀਨੇ ਉੱਠਿਆ ਸੱਲ
ਵਾਂਗ ਚਿੰਗਾਰੀ ਦੂਰ ਤੱਕ ਧੁੰਮ ਗਈ ਇਹ ਗੱਲ।
ਹੁਕਮਰਾਨ ਸ਼ਰਈ ਲੋਕ ਸੁਣ ਕੇ ਹੋਏ ਨਾਰਾਜ਼
ਆਪਣੀ ਗੱਲ ਮਨਾਉਣ ਹਿਤ ਪੁੱਜੇ ਪਾਸ ਨਵਾਬ।
ਖ਼ਾਨ ਕਿਹਾ, 'ਫ਼ਕੀਰ ਹੈ, ਪਵੋ ਨਾ ਏਸ ਖ਼ਿਆਲ
ਅੱਗੋਂ ਕਾਜ਼ੀ ਬੋਲਿਆ, 'ਇਹ ਤਾਂ ਅਜਬ ਸੁਆਲ ?
ਸੋਚੇ ਕਾਜ਼ੀ ਕਿਵੇਂ ਇਕ ਹਿੰਦੂ ਤੇ ਮੁਸਲਮਾਨ
ਦੋਨੋਂ ਕਿਵੇਂ ਇਕ ਨੇ ਰੰਕ ਅਤੇ ਰਾਜਾਨ ?

ਨਾਨਕ ਤਾਈਂ ਭੇਜਿਆ ਖ਼ਾਨ ਪਿਆਦਾ ਇਕ
ਤਾਂ ਕਿ ਵਿਚ ਸ਼ਰੱਈਆਂ ਦੇ ਮਨ 'ਚ ਪਵੇ ਨਾ ਫਿੱਕ।
ਕਿਹਾ ਪਿਆਦੇ ਨਾਨਕ ਜੀ! 'ਰਿਹਾ ਖ਼ਾਨ ਬੁਲਾ'
ਬਾਬੇ ਕਿਹਾ, 'ਖ਼ਾਨ ਦੀ ਪਈ ਐ ਕੀ ਪਰਵਾਹ ?'
ਸੱਚ ਆਖਣਾ ਬਾਬੇ ਦੀ ਅਪਣੀ ਸੀ ਜ਼ਮੀਰ
ਅੱਜ ਦੇ ਜੀ-ਹਜ਼ੂਰੀਆਂ ਵਤ ਹੈਸਨ ਨਹੀਂ ਫ਼ਕੀਰ!!
ਨਾਨਕ ਕਮਲ਼ਾ ਹੋ ਗਿਆ ਕੁਝ ਰਹੇ ਸੀ ਆਖ
ਮਿੱਠੀ ਧੁਨ ਉਚਾਰਿਆ ਗੁਰ ਸ਼ਬਦ ਇਹ ਮਾਰੂ ਰਾਗ :

'ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ॥
ਕੋਈ ਆਖੈ ਆਦਮੀ ਨਾਨਕੁ ਵੇਚਾਰਾ॥੧॥
ਭਇਆ ਦਿਵਾਨਾ ਸਾਹ ਕਾ ਨਾਨਕੁ ਬਉਰਾਨਾ॥
ਹਉ ਹਰਿ ਬਿਨੁ ਅਵਰੁ ਨ ਜਾਨਾ॥੧॥ਰਹਾਉ॥
ਤਉ ਦੇਵਾਨਾ ਜਾਣੀਐ ਜਾ ਭੈ ਦੇਵਾਨਾ ਹੋਇ॥
ਏਕੀ ਸਾਹਿਬ ਬਾਹਰਾ ਦੂਜਾ ਅਵਰੁ ਨ ਜਾਣੈ ਕੋਇ॥੨॥
ਤਉ ਦੇਵਾਨਾ ਜਾਣੀਐ ਜਾ ਏਕਾ ਕਾਰ ਕਮਾਇ॥
ਹੁਕਮੁ ਪਛਾਣੈ ਖਸਮ ਕਾ ਦੂਜੀ ਅਵਰ ਸਿਆਣਪ ਕਾਇ॥੩॥
ਤਉ ਦੇਵਾਨਾ ਜਾਣੀਐ ਜਾ ਸਾਹਿਬ ਧਰੇ ਪਿਆਰੁ॥



UNISTAR BOOKS PVT LTD
Unistar Books Pvt
Unistar Books Pvt Ltd.
UNISTAR BOOKS PVT LTD

UNISTAR BOOKS PVT LTD.

ਮੰਦਾ ਜਾਣੈ ਆਪ ਕਉ ਅਵਰੁ ਭਲਾ ਸੰਸਾਰੁ ॥੪॥੭॥'

(**ਗੁਰੂ ਗ੍ਰੰਥ**, ਪੰਨਾ 991)

ਨਾ ਤਾਂ ਬਾਬਾ ਭੂਤਨਾ ਸੀ ਨਾਹੀ ਸੀ ਬੇਤਾਲ
ਲੋਕ ਮਨਾਂ 'ਚੋਂ ਕੱਟਣੇ ਸੀ ਬਾਬੇ ਭਰਮ ਜੰਜਾਲ।
ਦੂਜੀ ਵੇਰਾਂ ਫਿਰ ਪਿਆਦਾ ਆਇਆ ਬਾਬੇ ਪਾਸ
'ਰੱਬ ਵਾਸਤਾ ਦਰਸ਼ਨ ਦਿਉ' ਜਾ ਕੇ ਪਾਸ ਨਵਾਬ।
ਸਾਹਿਬ ਦਾ ਮੰਨ ਹੁਕਮ ਗੁਰ ਮੁਤਕਾ ਗਲ਼ 'ਚ ਪਾਏ
ਵਿਚ ਫ਼ਕੀਰੀ ਭੇਸ ਗੁਰ ਮਿਲਣ ਖ਼ਾਨ ਨੂੰ ਆਏ।

Unistar Books Pvt L

'ਨਾਨਕ ਭਲਾ ਫ਼ਕੀਰ ਤੂੰ' ਤੱਕ ਨਵਾਬ ਕਿਹਾ
ਬੰਨ੍ਹ ਕਮਰ ਤੂੰ ਆਪਣੀ ਗਲ਼ੋਂ ਮੁਤਕਾ ਲਾਹ।'
ਮੰਨ ਕੇ ਹੁਕਮ ਨਵਾਬ ਦਾ ਅੱਗੋਂ ਨਾਨਕ ਸ਼ਾਹ
ਬੰਨ੍ਹੀ ਕਮਰ ਗਲ਼ੋਂ ਬਾਬੇ ਮੁਤਕਾ ਦਿੱਤਾ ਲਾਹ।
ਕੋਲ਼ ਬਹਾ ਕੇ ਖ਼ਾਨ ਕਿਹਾ, "ਤੇਰੇ ਜਿਹਾ ਵਜ਼ੀਰ
ਮੇਰੇ ਮੰਦੇ ਭਾਗ ਹੀ ਜੇ ਹੋ ਜਾਏ ਫ਼ਕੀਰ!!'
ਕਾਜ਼ੀ ਵੱਲ ਨੂੰ ਮੂੰਹ ਕਰ ਬੋਲੇ ਤਦੋਂ ਖ਼ਾਨ
"ਪੁੱਛ ਲਉ ਹੈ ਫ਼ਰਕ ਕੀ ਹਿੰਦੂ ਮੁਸਲਮਾਨ ?'
ਦਾਨਸ਼ਵਰ ਹਨ ਕਰਦੇ ਬਹੁਤ ਘੱਟ ਗੁਫ਼ਤਾਰ
ਸੁਖਨ ਜੋ ਕਰਨੇ ਕਰ ਲਵੋ ਬਹਿ ਕੇ ਇਕੋ ਵਾਰ"।
ਕਾਜ਼ੀ ਤੁਣਕ ਕੇ ਬੋਲਿਆ ਵਿਚ ਸ਼ਰਈ ਸ਼ਾਨ
'ਕਿਉਂ ਨਹੀਂ ਹੈ ਹਿੰਦੂ ਕੋਈ ਨਾ ਕੋਈ ਮੁਸਲਮਾਨ ?
ਕੀ ਮੈਂ ਮੁਸਲਮਾਨ ਨਾਹ ਜਾਂ ਨਹੀਂ ਦੌਲਤਖ਼ਾਨ
ਹਿੰਦੂ ਭੁੱਲ ਚੁੱਕੇ ਹੋਸਣ ਆਪਣਾ ਧਰਮ ਈਮਾਨ'।
ਮੁਸਲਮਾਨ ਕਹਾਵਣਾ ਕੋਈ ਕੰਮ ਨਹੀਂ ਆਸਾਨ
'ਵਾਰ ਮਾਝ' ਵਿਚ ਉਚਰਿਆ ਨਾਨਕ ਸਚ ਫੁਰਮਾਨ:

Unistar Books Pvt Ltd.

ਮੁਸਲਮਾਣੁ ਕਹਾਵਣੁ ਮੁਸਕਲੁ ਜਾ ਹੋਇ ਤਾ ਮੁਸਲਮਾਣੁ ਕਹਾਵੈ ॥
ਅਵਲਿ ਅਉਲਿ ਦੀਨੁ ਕਰਿ ਮਿਠਾ ਮਸਕਲ ਮਾਨਾ ਮਾਲੁ ਮੁਸਾਵੈ ॥
ਹੋਇ ਮੁਸਲਿਮੁ ਦੀਨ ਮੁਹਾਣੈ ਮਰਣ ਜੀਵਣ ਕਾ ਭਰਮੁ ਚੁਕਾਵੈ ॥
ਰਬ ਕੀ ਰਜਾਇ ਮੰਨੇ ਸਿਰ ਉਪਰਿ ਕਰਤਾ ਮੰਨੇ ਆਪੁ ਗਵਾਵੈ ॥
ਤਉ ਨਾਨਕ ਸਰਬ ਜੀਆ ਮਿਹਰੰਮਤਿ ਹੋਇ ਤ ਮੁਸਲਮਾਣੁ ਕਹਾਵੈ ॥੧॥

(**ਗੁਰੂ ਗ੍ਰੰਥ**, ਪੰਨਾ 141)

ਇਹਨਾਂ ਤੁਕਾਂ ਵਿਚ ਗੁਰ ਦਿੱਤੀ ਐਸੀ ਸਮਝ
ਸੁੱਚੇ ਮੁਸਲਮਾਨ ਦੀ ਸਤਿਗੁਰ ਖੋਲ੍ਹੀ ਰਮਜ਼।



Pvt Ltd.
UNISTAR BOOKS PVT LTD.

ਕੰਮ ਨਹੀਂ ਆਸਾਨ
ਮੁਸਲਮਾਨ ਕਹਾਵਣਾ।
ਧਰਮ ਅਤੇ ਈਮਾਨ
ਮੰਨਣਾ ਮਿੱਠਾ ਜਾਣ ਕੇ।
ਦੌਲਤ ਅਤੇ ਗ਼ੁਮਾਨ
ਜੰਗ ਰੇਤੀ ਦੇ ਸੰਗ ਖੁਰਚ।
ਵਾਧੂ ਭੈ ਭਵਾਨ
ਸ਼ੰਕਾ ਜੀਉਣ ਮਰਨ ਦਾ।
ਨਦਰੀ ਵਿਚ ਰਹਿਮਾਨ
ਰਹਿਮ ਦਿਲ ਜੋ ਰਈਅਤ ਤੇ।
ਵਾਧੂ ਵੰਡੇ ਦਾਨ
ਹਕ ਹਲਾਲ ਦੀ ਕਿਰਤ ’ਚੋਂ।
ਦਿਲੋਂ ਕਰੇ ਪਰਵਾਨ
ਭਾਣਾ ਸੱਚੇ ਰੱਬ ਦਾ।
ਸੱਚਾ ਮੁਸਲਮਾਨ
ਰੱਬੀ ਨਿਗਾਹ ਵਿਚ ਓਹ।
ਸੁਣਿਆ ਦੌਲਤਖ਼ਾਨ
ਮਨ ’ਚ ਤੋਲੇ ਬੋਲ ਉਸ।
ਕਾਜ਼ੀ ਪਸ਼ੇਮਾਨ
ਸੂਝ ਸਮਝ ਤੱਕ ਗੁਰਾਂ ਦੀ।
ਕਾਜ਼ੀ ਹੋਈ ਹੈਰਾਨਗੀ ਸੁਣ ਨਾਨਕ ਬਚਨ ਅਮੋਲ
ਜੋ ਸੀ ਬਾਬੇ ਦੱਸਿਆ ਪੂਰਾ ਸੀ ਉਹ ਤੋਲ।
ਵਿਚ ਤੁਅੱਸਬ ਫੇਰ ਵੀ ਕਾਜ਼ੀ ਗਿਆ ਅੜ
‘ਪੇਸ਼ੀ ਦੀ ਨਮਾਜ਼’ ਬਾਬਾ! ਸਾਡੇ ਨਾਲ਼ ਤੂੰ ਪੜ੍ਹ।
ਤੇਰੇ ਲਈ ਤਾਂ ਇਕ ਹਨ ਹਿੰਦੂ ਮੁਸਲਮਾਨ
ਉਮਤ ਉਸ ਖ਼ਦਾਇ ਦੀ ਰੰਕ ਅਤੇ ਰਾਜਾਨ।
ਇਹ ਤਾਂ ਸਿੱਧਾ ਪੱਧਰਾ ਸੀ ਧਰਮ ਦੇ ਉੱਤੇ ਵਾਰ
ਕਰਨ ਨਿਤਾਰਾ ਤੁਰ ਪਏ ਬਾਬਾ ਕਾਜ਼ੀ ਨਾਲ।

ਸ਼ਾਹਾਂ ਦੇ ਸ਼ਾਹ ਜਾ ਰਹੇ ਚਿਹਰੇ ’ਤੇ ਮੁਸਕਾਨ
ਤੁਰਿਆ ਜਾਵੇ ਨਾਲ਼-ਨਾਲ਼ ਹਾਕਮ ਦੌਲਤਖ਼ਾਨ।
ਜਾ ਪੁੱਜੇ ਮਸੀਤ ਵਿਚ ਨਾਨਕ ਦਸਤਗੀਰ
ਮਸਜਿਦ ਅੱਗੇ ਲੱਗ ਗਈ ਲੋਕਾਂ ਦੀ ਅਤਿ ਭੀੜ।



UNISTAR BOOKS PVT LTD. Unistar Books Pvt Ltd. Unistar Books Pvt Ltd. UNISTAR BOOKS PVT LTD.

ਭਰਿਆ ਨਾਲ਼ ਨਮਾਜ਼ੀਆਂ ਮਸਜਿਦ ਦਾ ਦਲਾਨ
ਮਹਿਰ, ਮੁਕੱਦਮ, ਚੌਧਰੀ, ਕਾਜ਼ੀ, ਮੁਫ਼ਤੀ, ਖ਼ਾਨ।
ਸੁੰਦਰ ਕੰਧਾਂ ਚਿਤਰੀਆਂ ਰਹੀਆਂ ਲਿਸ਼ਕਾਂ ਮਾਰ
ਪੱਛੋਂ ਵੱਲ ਮੂੰਹ ਕਰਕੇ ਖੜ੍ਹੇ ਸੀ ਕਲ ਅਵਤਾਰ।
ਸਭ ਤੋਂ ਮੂਹਰੇ ਖੜ੍ਹ ਕੇ ਕਾਜ਼ੀ ਪੜ੍ਹੀ ਨਮਾਜ਼
ਨਾਨਕ ਕਿਵੇਂ ਨਾ ਕੂਏ ਕੁਝ, ਗਹਿਰਾ ਸੀ ਅਤਿ ਰਾਜ਼।
ਕਾਜ਼ੀ ਦਾ ਮਨ ਜਾਣ ਕੇ ਬਾਬਾ ਪਏ ਹੱਸ
ਹੱਸਣ ਵਾਲ਼ੀ ਗੱਲ ਪਰ ਕਾਜ਼ੀ ਦਿਲ ਗਈ ਧੱਸ।
ਜਿਉਂਕਰ ਹੀ ਹੋਈ ਖ਼ਤਮ ਪੇਸ਼ੀ ਦੀ ਨਮਾਜ਼
ਗ਼ੁੱਸੇ ਵਿਚ ਕ੍ਰੋਧਿਤ ਕਾਜ਼ੀ ਪੁੱਜਾ ਪਾਸ ਨਵਾਬ।
ਕਾਜ਼ੀ ਕਿਹਾ, "ਖ਼ਾਨ ਜੀ! ਕੇਹਾ ਇਹ ਅੰਦਾਜ਼
ਹੁੰਦਾ ਕੌਣ ਹੈ ਇਹ ਕੋਈ ਹੱਸੇ ਵਿਚ ਨਮਾਜ਼ ?
ਪੜ੍ਹੀ ਨਹੀਂ ਇਸ ਨਾਲ਼ ਖੜ੍ਹ ਪੇਸ਼ੀ ਦੀ ਨਮਾਜ਼
ਪੁੱਛਿਆ ਦੌਲਤਖ਼ਾਨ ਤਦ ਬਾਬਾ ਦੇਹੁ ਜਵਾਬ!!"
ਬਾਬੇ ਕਿਹਾ, "ਕਾਜ਼ੀ ਮਨ ਨਹੀਂ ਸੀ ਇਸ ਮਸੀਤ
ਪੜ੍ਹ ਕੱਚੀ ਨਮਾਜ਼ ਇਸ ਕੂੜ ਨਿਭਾਈ ਰੀਤ।
ਜਿਥੇ ਘੋੜੀ ਸੂਈ ਸੀ ਖੂਹੀ ਸੀ ਉਸ ਪਾਸ
ਡਿੱਗ ਨਾ ਪਵੇ ਵਛੇਰੀ ਇਹ ਕਾਜ਼ੀ ਸੀ ਮਨ ਤ੍ਰਾਸ।
ਨਿਕਲ਼ਿਆ ਮਨ ਨਮਾਜ਼ 'ਚੋਂ ਡੋਲ ਗਿਆ ਈਮਾਨ
ਪੇਸ਼ੀ ਦੀ ਨਮਾਜ਼ 'ਚੋਂ ਵਿਸਰ ਗਿਆ ਧਿਆਨ।
ਜਿਸ 'ਤੇ ਮਿਹਰ ਖ਼ੁਦਾਇ ਦੀ ਉਸਦੇ ਕੋਈ ਨਾ ਤੁੱਲ
ਸੌਖੇ ਹੁੰਦੇ ਦੂਏ ਉੱਤੇ ਬਸ ਹਿਲਾਉਣੇ ਬੁੱਲ੍ਹ।
ਤੁਸੀਂ ਵੀ ਤਾਂ ਨਵਾਬ ਜੀ! ਖੜ੍ਹ ਕੇ ਵਿਚ ਕਤਾਰ
ਘੋੜੇ ਸੀ ਖ਼ਰੀਦ ਰਹੇ ਕਾਬਲ ਦੇ ਵਿਚਕਾਰ।"
ਸੁਣਦਿਆਂ ਲੋਕੀਂ ਹੱਸ ਪਏ ਨਾਨਕ ਦਾ ਜਵਾਬ
ਸੇਵਕ ਬਣ ਚਰਨੀਂ ਡਿੱਗੇ ਕਾਜ਼ੀ ਤੇ ਨਵਾਬ।
'ਮੂੰਹ-ਜ਼ੋਰ ਅੱਥਰਾ ਘੋੜਾ ਸਾਧੇ ਕੋਈ ਅਸਵਾਰ
ਪਰ ਅਣਜਾਣ ਹੈ ਡਿੱਗਦਾ ਮੂੰਹ ਪਰਨੇ ਸਿਰ ਭਾਰ।
ਮਨ ਦੀ ਚੰਚਲ ਮੱਤ ਹੈ ਉੱਡ-ਪੁੱਡ ਜਾਏ ਮਨ
ਸਾਧ ਲਿਆ ਜਿਸ ਮਨ ਇਹ ਸੋਈ ਜੀਊੜਾ ਧੰਨ!'
ਖੋਲ੍ਹ ਕੇ ਬਾਬੇ ਕਹੇ ਤਦ ਸ਼ਰਾ ਸ਼ਰੀਅਤ ਤੱਥ
ਕਿੰਜ ਦਾ ਹੋਏ ਮੁਸਲਮਾਨ ? ਕਿੰਜ ਦਾ ਬੋਲੇ ਸੱਚ ?
'ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ॥

ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ॥
ਕਰਣੀ ਕਾਬਾ ਸਚੁ ਪੀਰੁ ਕਲਮਾ ਕਰਮ ਨਿਵਾਜ॥
ਤਸਬੀ ਸਾ ਤਿਸੁ ਭਾਵਸੀ ਨਾਨਕ ਰਖੈ ਲਾਜ॥੧॥' (**ਗੁਰੂ ਗ੍ਰੰਥ**, ਪੰਨਾ 140)
ਸਾਰ ਕੁਰਾਨ ਇਹ ਮਿਲਦਾ ਹੱਕ ਦੀ ਕਿਰਤ ਕਮਾਏ
ਮਸਜਿਦ ਹੋਵੇ ਰਹਿਮ ਦੀ ਸਿਦਕ ਮੁਸੱਲਾ ਡਾਏ।
ਭਲੇਮਾਣਸੀ ਵਰਤ-ਰੂਪ ਸੁੰਨਤ ਹਯਾ ਬਖਾਨ।
ਨੇਕ ਅਮਲ ਦਾ ਮੂਲ ਮੰਤ੍ਰ ਪੜ੍ਹੇ ਉਹ ਮੁਸਲਮਾਨ।
ਕਰਨੀ ਕਾਅਬਾ-ਰੂਪ ਹੋਏ ਮੁਰਸ਼ਦ ਸਚ ਪਛਾਣ।
ਜਪਮਾਲ ਉਹੀ ਹੈ ਜੋ ਨਜ਼ਰ ਖ਼ੁਦਾ ਪਰਵਾਣ।
ਦੱਸੀ ਬਾਬੇ ਖੋਲ੍ਹ ਫਿਰ ਕਰਨੀ ਮੁਸਲਮਾਨ
ਪੰਜ ਨਿਮਾਜ਼ਾਂ ਦੇ ਅਰਥ ਵਿਚ ਸ਼ਰਾ ਇਸਲਾਮ।

ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ॥
ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ॥
ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ॥
ਕਰਣੀ ਕਲਮਾ ਆਖਿ ਕੈ ਤਾ ਮੁਸਲਮਾਣੁ ਸਦਾਇ॥
ਨਾਨਕ ਜੇਤੇ ਕੂੜਿਆਰ ਕੂੜੈ ਕੂੜੀ ਪਾਇ॥੩॥ (**ਗੁਰੂ ਗ੍ਰੰਥ**, ਪੰਨਾ 141)

ਮੁੜ ਫਿਰ ਬਾਬੇ ਆਖਿਆ, "ਖੋਲ੍ਹੋ ਆਤਮ-ਨੈਣ
ਕੰਨੀ ਹਰਜਸੁ ਸੁਣੋ ਨਿਤ ਮੁਖੋਂ ਅੰਮ੍ਰਿਤ ਬੈਣ।
ਖ਼ੁਦ ਨੂੰ ਜਿਉਂ-ਜਿਉਂ ਜੋੜਸੋ ਗੁਰਬਾਣੀ ਗੁਰਜਾਸ
ਆਤਮ ਰਸ, ਆਤਮਖੇੜਾ ਬੁੱਧ ਹੋਊ ਪਰਗਾਸ।'
ਸਿਰਫ਼ ਇਹ ਕਾਜ਼ੀ ਵਾਸਤੇ ਨਹੀਂ ਸੀ ਗੁਰੋਪਦੇਸ਼
ਹਟਕਿਆ ਬਾਬੇ ਸਭ ਨੂੰ ਕਰਨੋਂ ਬਾਹਰੀ ਭੇਖ।
ਜਿਸ ਵੀ ਸੁਣਿਆ ਗਿਆਨ ਇਹ ਲੱਗੇ ਕਰਨ ਸਲਾਮ
ਕਾਜ਼ੀ, ਮੁਫ਼ਤੀ, ਖ਼ਾਨ, ਖਵਾਨੀਨ ਹੋਏ ਅਤਿ ਹੈਰਾਨ।
ਗੋਡਿਆਂ ਪਰਨੇ ਬੈਠ ਕੇ ਆਖਿਆ ਦੌਲਤਖ਼ਾਨ
'ਨੂਰ ਖ਼ੁਦਾਇਆ ਤੁਸੀਂ, ਮੈਂ ਹੱਥ ਬੱਧਾ ਗ਼ੁਲਾਮ।'
ਨਿਮਰ ਹੋਏ ਕਿ ਫਿਰ ਕਿਹਾ, 'ਸਾਂਭੋ ਮੋਦੀ ਕਾਰ'।
ਬਾਬੇ ਆਖਿਆ, 'ਨਾਲ਼ ਇਸ ਹੁਣ ਨਹੀਉਂ ਸਰੋਕਾਰ।'
'ਰਾਜ ਮਿਲਖ ਸਭ ਤੇਰੀਆਂ' ਮੁੜ ਕਿਹਾ ਨਵਾਬ
ਨਾਨਕ ਕਿਹਾ, "ਸੁਖੀ ਰਹੋ! ਮਾਣੋ ਰਾਜ ਤੇ ਭਾਗ।
ਹੁਕਮੀ ਬੰਦਾ ਉਸ ਦਾ ਚਾਕਰ ਉਸ ਧਿਆਏ
ਪਾਤਸ਼ਾਹੀਆਂ ਹੋਰ ਕੂੜੀਆਂ ਨਿਹਚਲ ਏਕ ਖ਼ੁਦਾਇ।



UNISTAR BOOKS PVT LTD
Unistar Books Pvt Ltd.

ਅਸਾਂ ਫ਼ਕੀਰਾਂ ਵਾਸਤੇ ਇਹ ਕੱਚ ਦਾ ਵਣਜ ਵਪਾਰ
ਦੇਣਾ ਸੱਚ ਪੈਗ਼ਾਮ ਚਾਰ ਚਕ ਨੌਂ ਖੰਡਾਂ ਵਿਚਕਾਰ।
ਜਲ-ਥਲ ਔਖੀਆਂ ਘਾਟੀਆਂ ਜੰਗਲ ਅਤੇ ਪਹਾੜ
ਗਾਹੁਣੇ ਪੈਣੇ ਤੁਰਦਿਆਂ ਲੰਮਾ ਪੈਂਡਾ ਮਾਰ।
ਥਾਂ-ਥਾਂ ਦੱਬੇ ਕੁਚਲਿਆਂ ਦੀ ਲੈਣੀ ਪੈਣੀ ਸਾਰ
ਸਤਿਨਾਮ ਦੀ ਲੋਅ ਜਾ ਵੰਡਣੀ ਵਿਚ ਸੰਸਾਰ।"
ਸਤਿ ਆਖ ਨਾਨਕ ਮੋਦੀ ਨਿਕਲ਼ ਮਸੀਤੋਂ ਬਾਹਰ
ਫ਼ੱਕਰਾਂ ਵਿਚ ਆ ਬਹਿ ਗਏ ਮੁੜ ਉਸੇ ਉਜਾੜ।
ਨਿਵ ਗਏ ਵਿਚ ਅਦਬ ਦੇ ਫ਼ੱਕਰ ਤੱਕਣ ਸਾਰ
ਉੱਚੀ ਜੱਲੀਂ ਮਾਰ ਕਈ ਝੂਮੇ ਵਿਚ ਕਰਾਰ।
ਤੱਕ ਮੱਥਾ ਤੇਜੱਸਵੀ ਝੱਲੀ ਜਾਏ ਨਾ ਝਾਲ
ਚਰਨ ਪਰਸ ਪਾਖ਼ਾਨ ਚੁੰਮ ਲਾਵਣ ਚਸ਼ਮਾ ਨਾਲ਼।
ਧੁੰਮ ਗਈ ਵਿਚ ਨਗਰੀ ਖ਼ਬਰ ਪਲ਼ਾਂ ਵਿਚ ਖ਼ਾਸ
ਜਗ ਦੀ ਪੀੜਾ ਹਰਨ ਲਈ ਨਾਨਕ ਭਇਆ ਉਦਾਸ।
ਅੱਧ-ਅਧੂਰੇ ਕੰਮ ਛੱਡ ਲੋਕੀਂ ਲੱਗੇ ਆਣ
ਕੀ ਮੁਕੱਦਮ ਚੌਧਰੀ ? ਕੀ ਸੱਯਦ ਪਠਾਣ ?
ਗਲ਼ੀਆਂ ਹੋਈਆਂ ਸੁੰਞੀਆਂ ਭਾਂ-ਭਾਂ ਕਰਨ ਬਾਜ਼ਾਰ
ਹੱਟਾਂ ਨੂੰ ਤਾਲ਼ੇ ਲੱਗੇ ਬੰਦ ਕਰ ਵਣਜ ਵਪਾਰ।
ਦਿਲ ਵਿਚ ਲੋਚਾ ਮਿਲਣ ਦੀ ਰੱਖੀ ਸ਼ਰਧ ਅਪਾਰ
ਵਾਹੋ-ਦਾਹੀ ਤੁਰ ਪਏ ਲੋਕੀਂ ਵੱਲ ਉਜਾੜ।
ਸਿਰ ਮੂੰਹ ਢੱਕ ਪਠਾਣੀਆਂ ਆ ਕੀਤੀ ਦੁਆ ਸਲਾਮ
ਸ਼ਰਧਾ ਸੰਗ ਖਤਰਾਣੀਆਂ ਚਰਨ ਧੂੜ ਮੁੱਖ ਲਾਣ।
ਆਪਣੇ ਲਈ ਤਾਂ ਜਿਉਂਦਾ ਹਰ ਕੋਈ ਵਿਚ ਸੰਸਾਰ
ਕਾਮਲ ਮੁਰਸ਼ਦ ਤਿਆਗਿਆ ਦੁਖੀਆਂ ਲਈ ਘਰ-ਬਾਰ।

## ਵਿਦਾਇਗੀ ਤੋਂ ਪਹਿਲਾਂ

ਸ਼੍ਰੇਸ਼ਟਕਰਮੀ ਜੀਉੜੇ! ਛੱਡ ਸੰਸਾਰੀ ਰੀਤ
ਮੋਦੀਕਾਰ ਤਿਆਗ ਤੀ ਦੁਖੀ ਲੋਕਾਈ ਹੇਤ।
ਸੁਲਤਾਨਪੁਰ ਦੇ ਲੋਕ ਕਹਿਣ 'ਨਾਨਕ ਜ਼ਾਹਰਾ ਪੀਰ'
ਪੱਕਾ ਸੰਗੀ ਮਰਦਾਨਾ ਰਲ਼ਿਆ ਨਾਲ਼ ਫ਼ਕੀਰ।
ਦੋ ਗ਼ਜ਼ ਸਾਫ਼ਾ ਸਿਰ ਧਰ ਗਲ਼ 'ਚ ਖਫ਼ਨੀ ਪਾ
ਉੱਪਰ ਚਾਦਰਾ ਲੈ ਮਨਹਰ ਰਮਤਾ ਭੇਸ ਬਣਾ।


UNISTAR BOOKS PVT LTD. Unistar Books Pvt Ltd.

ਕਲਜੁਗ ਰੂਪੀ ਖੇਤ ਨੂੰ ਕਰਨ ਹੈ ਚੱਲਿਆ ਵਾੜ
ਫੰਧ ਦੁਨਿਆਵੀ ਤੋੜ ਕੇ ਬੈਠਾ ਵਿਚ ਉਜਾੜ।
ਵੱਲ ਤਲਵੰਡੀ ਜੈਰਾਮ ਜੀ ਦਿੱਤਾ ਘੱਲ ਪੈਗ਼ਾਮ
ਨਾਨਕ ਹੋ ਉਦਾਸ ਸਭ ਤਜਿਆ ਨਿਜ ਧਨ ਧਾਮ!
ਸੁਣ ਮੂਲਾ ਚੰਦੋ ਰਾਣੀ ਅਚਲ ਵਟਾਲਿਉਂ ਆ
ਦੇਇ ਅਸੀਸ ਜਵਾਰਤੇ ਦੇ ਨੇੜੇ ਬੈਠੇ ਜਾ।
ਚੰਦੋ ਰਾਣੀ ਸ਼ੋਕ ਵਿਚ ਤੱਕਿਆ ਲਾਡਲੀ ਵੱਲ
ਦੋਹਤਿਆਂ ਨੂੰ ਤੱਕ ਹੋਇਆ ਮਨ 'ਚ ਡਾਢਾ ਸੱਲ।
ਨਾਨਕ ਨੂੰ ਸਮਝਾਇਆ ਸੋਚ ਧੀਆਂ ਦੇ ਦੁੱਖ
ਚੰਦੋ ਆਖਿਆ, 'ਘਰ ਰਹੋ ਬਡੋ ਗ੍ਰਿਹਸਥੀ ਸੁੱਖ'।
ਲੇਕਿਨ ਨਾਨਕ ਆਖਿਆ, 'ਹੁਕਮ ਜੋ ਸਿਰ ਕਰਤਾਰ
ਧਰਤ ਲੋਕਾਈ ਸੋਧਣੀ ਤਜ ਕੇ ਮੋਹ ਪਿਆਰ'।

ਤਲਵੰਡੀ ਵਿਚ ਖ਼ਬਰ ਹੋਈ ਨਾਨਕ ਭਇਆ ਫ਼ਕੀਰ
ਸੁਣਦਿਆਂ ਕਾਲੂ, ਤ੍ਰਿਪਤਾ ਮਾਂ ਡਾਢੇ ਹੋਏ ਦਿਲਗੀਰ।
ਰਾਤ ਲੰਘਾਈ ਮਾਤ-ਪਿਤਾ ਫ਼ਿਕਰਾਂ ਦੇ ਵਿਚਕਾਰ
ਤੁਰ ਪਏ ਵੱਲ ਸੁਲਤਾਨਪੁਰ ਤੜਕੇ ਉੱਠਣ ਸਾਰ।
ਤੱਕੇ ਆਉਂਦੇ ਮਾਤ-ਪਿਤਾ ਨਾਨਕ ਵਿਚ ਸਤਿਕਾਰ
ਨਿਵਦੇ, ਦੋਹਾਂ ਤੋਂ ਲਿਆ ਬਾਬੇ ਮੋਹ ਪਿਆਰ।
ਮਾਂ ਤ੍ਰਿਪਤਾ ਦੇ ਮਨ ਵਿਚ ਆਇਆ ਮੋਹ ਉਛਾਲ਼
ਤ੍ਰਿਪ-ਤ੍ਰਿਪ ਕਿਰਦੇ ਅੱਥਰੂ ਲਾਇਆ ਛਾਤੀ ਨਾਲ਼।
'ਜੀਵਣ ਜੋਗਿਆ ਜਾ ਰਿਹੋਂ ਕਿਸ ਅਣਿਆਲੇ ਰਾਹ
ਭੁੱਖੇ ਪਿਆਸੇ ਫ਼ੱਕਰਾਂ ਦੀ ਕੌਣ ਕਰੂ ਪਰਵਾਹ ?
ਵਿਚ ਬੁਢਾਪੇ ਬੱਚਿਆ! ਕੌਣ ਬੰਨ੍ਹਾਊ ਧੀਰ
ਕੌਣ ਡੰਗੋਰੀ ਬਣੂਗਾ ? ਕੌਣ ਵੰਡਾਊ ਪੀੜ ?'
ਕਾਲੂ ਵੀ ਸਮਝਾਇਆ ਪਿਉ ਦੇ ਦਾਈਏ ਨਾਲ਼
ਵਿਆਕੁਲਤਾ ਵਿਚ ਤੜਫ਼ਿਆ ਖ਼ੁਦ ਨੂੰ ਆਪ ਸੰਭਾਲ਼।
ਸੁੱਖਾਂ-ਲੱਧਾ ਇਕ ਪੁੱਤ ਹੋ ਜੇ ਜਿਸ ਫ਼ਕੀਰ
ਡੋਲੇ ਖਾਂਦੇ ਮਨ ਨੂੰ ਕਿੱਦਾਂ ਆਵੇ ਧੀਰ ?

ਬੇਬੇ ਧੀਰਜਮਾਨ ਸੀ ਮਨ 'ਚੋਂ ਕੱਢ ਘਬਰਾਹਟ
ਉੱਚੇ ਲਕਸ਼ ਨੂੰ ਪਾਣ ਲਈ ਤੋਰਿਆ ਲੰਮੀ ਵਾਟ।
ਵੀਰ ਕਰਨ ਸੀ ਚੱਲਿਆ ਡਾਢੀ ਸੁੱਚੀ ਕਾਰ
ਇਹੀ ਸੋਚ ਵੈਰਾਗ ਉਸ ਮਨ 'ਚੋਂ ਕੱਢਿਆ ਬਾਹਰ।

UNISTAR BOOKS PVT LTD.
Unistar Books Pvt Ltd.
Unistar Books Pvt Ltd.
UNISTAR BOOKS PVT LTD.

ਨਾਨਕ ਭੈਣ ਦਾ ਵੀਰ ਸੰਗ ਰੂਹਾਂ ਦਾ ਸੀ ਮੇਲ
ਬੇਬੇ ਵੀ ਸੀ ਜਾਣਦੀ ਇਹ ਰੂਹਾਨੀ ਖੇਲ!
'ਜੀਵੇ! ਮਾਂ ਪਿਉ ਜਾਇਆ ਤੁਧ ਉੱਤੋਂ ਕੁਰਬਾਨ'
ਦਾਈਆ ਰੱਖੀ ਵੀਰ ਤੇ ਬੋਲੀ ਭੈਣ ਦੇ ਮਾਣ।
ਸਾਊ ਸੁਲੱਖਣੀ ਨਾਰ ਨੂੰ ਇੰਜ ਨਾ ਕਰੋ ਮੁਥਾਜ
ਰੱਖਣੀ ਚਾਹੀਏ ਵੀਰਨਾ ਲੜ-ਲੱਗਿਆਂ ਦੀ ਲਾਜ।
ਬੇਬੇ ਜੀ ਦੇ ਮਨ ਵਿਚ ਜੀਕੂੰ ਪਈ ਖੋਹ
ਚੰਦ ਜੇਹੇ ਦੋ ਬਾਲ ਇਹ ਕਿੱਥੋਂ ਲੈਸਣ ਮੋਹ।
'ਸਰਬ ਮਨੁੱਖਤਾ ਭੈਣ ਜੀ ਮੇਰਾ ਹੀ ਪਰਿਵਾਰ
ਜਗਤ ਜਲੰਦਿਆਂ ਦੀ ਵੀ ਹੈ ਚੱਲ ਕੇ ਲੈਣੀ ਸਾਰ।
ਲੈਂਦਾ ਜੋ ਪਰਮਾਤਮਾ ਕੁਲ ਆਲਮ ਦੀ ਸਾਰ
ਆਪੇ ਲੈਸੀ ਪਾਲ਼ ਉਹ ਮੇਰਾ ਵੀ ਪਰਿਵਾਰ!'
'ਵੱਸੋ ਰਸੋ ਵੀਰਨਾ! ਹੁਕਮੀ ਕਾਰ ਕਮਾਉ
ਉਸ ਸਾਈਂ ਦੇ ਨਾਮ ਦੀ ਜਗਮਗ ਜੋਤ ਜਗਾਉ।'
ਨਾਨਕ ਕਿਹਾ, "ਬੇਬੇ ਜੀ! ਰੱਬੀ ਤੁਹਾਡਾ ਪਿਆਰ
ਬੇਸ਼ਕੀਮਤੀ ਬਹੁੰ ਉੱਚਾ ਅਰਜ਼ ਦੇ ਵਿਚ ਸਤਿਕਾਰ।
ਅਤਿ ਵੈਰਾਗ ਦੀ ਦਸ਼ਾ ਵਿਚ ਜਦ ਵੀ ਕਰਸੋ ਯਾਦ
ਸ਼ਾਹਨਸ਼ਾਹ ਦੇ ਸਾਹਮਣੇ ਕਰਨੀ ਤਦ ਅਰਦਾਸ।
ਆ ਜਾਵਾਂਗੇ ਤਦੇ ਹੀ ਬੇਬੇ ਤੇਰੇ ਪਾਸ"
ਬਾਬੇ ਦਾ ਸੀ ਭੈਣ ਸੰਗ ਪ੍ਰੇਮ ਈ ਐਸਾ ਖ਼ਾਸ।
ਬੇਬੇ ਨੂੰ ਘੁੱਟ ਲਾਇਆ ਸੀਨੇ ਉਸੇ ਪਲ
ਸਿੰਮਣ ਲੱਗਾ ਅੱਖੀਆਂ 'ਚੋਂ ਆਪ-ਮੁਹਾਰੇ ਜਲ।
ਲੱਤਾਂ ਨੂੰ ਆ ਚੰਬੜੇ ਭੱਜ ਕੇ ਦੋਵੇਂ ਬਾਲ
ਮੋਹ ਦੇ ਵੇਗ ਨੂੰ ਠੱਲ੍ਹ ਪਾ ਦਿੱਤਾ ਬਾਬੇ ਪਿਆਰ।
ਬਾਬੇ ਦੇ ਕੁਝ ਪਲ ਲਈ ਕਦਮ ਗਏ ਦੋਇ ਰੁਕ
ਜਿਉਂਕਰ ਵੱਲ ਸੁਲੱਖਣੀ ਗੁਰਾਂ ਭੰਵਾਇਆ ਮੁੱਖ।
ਗ਼ਮਜ਼ਦਾ ਸੁਲੱਖਣੀ ਤੇ 'ਨੇਰੀ ਗਈ ਝੁੱਲ
ਸੀਨਾ ਹੋਇਆ ਛਲਣੀ ਫ਼ਰਕਣ ਲੱਗੇ ਬੁੱਲ੍ਹ।
ਆਲ੍ਹਣਾ ਜੀਕੂੰ ਗ੍ਰਹਿਸਥ ਦਾ ਖਿੰਡਿਆ ਪੱਤੇ ਤਾਸ਼
ਮੋੜ ਮੁਹਾਰਾਂ ਕਦੋਂ ਫਿਰ ਮਿਲੇਗਾ ਸਿਰ ਦਾ ਭਾਗ।
ਨਿੱਕੇ-ਨਿੱਕੇ ਬਾਲ ਛੱਡ ਜਿਸ ਹੋਇਆ ਕੰਤ ਉਦਾਸ
ਸੋਚੋ! ਕੇਹੀ ਦਸ਼ਾ ਵਿਚ ਹੋਊ ਸੁਲੱਖਣੀ ਮਾਤ।


UNISTAR BOOKS PVT LTD. Unistar Books Pvt Ltd.

ਰੁੰਨੀਆਂ ਅੱਖਾਂ ਝਪਕਦੀ ਤੱਕੇ ਧਰਤੀ ਵੱਲ
ਸਿਖ਼ਰ ਦੁਪਹਿਰਾਂ ਵਿਚ ਜਿਉਂ ਸ਼ਾਮਾਂ ਪੈਵਣ ਢਲ਼।
ਅੰਦਰੀਂ ਛੱਲਾਂ ਉਠਦੀਆਂ ਬਾਹਰੋਂ ਸ਼ਾਂਤ ਗੰਭੀਰ
ਇਕਲਾਪੇ ਦੇ ਪਲਾਂ ਵਿਚ ਕੌਣ ਵੰਡਾਊ ਧੀਰ ?
ਸਿਰ 'ਤੇ ਹੱਥ ਰੱਖ ਪਾਤਸ਼ਾਹ ਦਿੱਤਾ ਉਸ ਧਰਵਾਸ
ਤਿਣਕਾ ਜਿਵੇਂ ਵਧਾਂਵਦਾ ਡੁੱਬਦੀ ਬੇੜੀ ਆਸ।
ਨਾਨਕ ਦੇ ਉਪਦੇਸ਼ ਦਾ ਵੱਜਿਆ ਮਨ ਝਲਕਾਰ
ਸੀਸ ਨਿਵਾ ਸੁਲੱਖਣੀ ਹੋਈ ਸ਼ੁਕਰਗੁਜ਼ਾਰ।
ਮੂਲ ਚੰਦ ਤਾਈਂ ਦਿੱਤੀ ਸਾਂਭ ਡੋਰ ਪਰਵਾਰ
ਰਿਸ਼ਤੇ ਨਾਤੇ ਸਭਸ ਕਰ ਪਰਮੇਸ਼ਰ ਹਵਾਲ।
ਹੁਕਮੀ ਬੰਦਾ ਉਸਦਾ ਚਾਕਰ ਉਸ ਖ਼ੁਦਾਇ
ਪਰਮੇਸ਼ਰ ਦੇ ਹੁਕਮ ਨੂੰ ਨਾਨਕ ਰਿਹਾ ਬਜਾਏ।
ਜਾ ਰਹੇ ਸੀ ਬਾਬਾ ਜਦ ਪੁੱਛਿਆ ਤਦੋਂ ਨਵਾਬ
ਕਦਮ ਚੁੰਮ ਕੇ ਬੋਲਿਆ, "ਮੈਨੂੰ ਦੇਹੁ ਨਿਵਾਜ।
ਕਿੱਦਾਂ ਕਰੀਦੀ ਬੰਦਗੀ ਖ਼ੁਦਾਵੰਦ ਕਿਰਪਾਲ ?"
ਸਤਿਨਾਮ ਉਪਦੇਸ਼ ਦੇਇ ਕੀਤਾ ਗੁਰਾਂ ਨਿਹਾਲ।
ਦਸਤਪੰਜਾ ਲੈ ਪੈਰ ਚੁੰਮ ਖ਼ੁਸ਼ ਹੋਏ ਫ਼ਕੀਰ
ਕਾਜ਼ੀ ਮੁਫ਼ਤੀ ਸਾਕ ਸੰਬੰਧੀ ਤੱਕ ਹੋਏ ਦਿਲਗੀਰ।
ਪਰਮੇਸ਼ਰ ਦੀ ਆਗਿਆ ਕਹਿ ਕੇ 'ਸਤਿ ਕਰਤਾਰ'
'ਚੜ੍ਹਿਆ ਸੋਧਣ ਧਰਤ ਲੋਕਾਈ' ਲੈ ਮਰਦਾਨਾ ਨਾਲ਼।
•

UNISTAR BOOKS PVT LTD.
Unistar Books Pvt
Unistar Books Pvt Ltd.
UNISTAR BOOKS PVT LTD.

UNISTAR BOOKS PVT LTD.
Unistar Books Pvt I
Pvt Ltd.

# ਚੌਥਾ ਸਰਗ
# ਪਹਿਲੀ ਉਦਾਸੀ
## (ਭਾਗ ਪਹਿਲਾ)

Unistar Books Pvt Ltd.
NISTAR BOOKS PVT LTD.

ਬਾਬੇ ਭੇਖ ਬਣਾਇਆ
ਉਦਾਸੀ ਕੀ ਰੀਤ ਚਲਾਈ॥
ਚੜ੍ਹਿਆ ਸੋਧਣ ਧਰਤਿ ਲੋਕਾਈ॥
(**ਭਾਈ ਗੁਰਦਾਸ**)

UNISTAR BOOKS PVT LTD.
Unistar Books Pvt Ltd.
Unistar Books Pvt Ltd.
UNISTAR BOOKS PVT LTD.

UNISTAR BOOKS PVT LTD.

## ਪਹਿਲੀ ਉਦਾਸੀ

ਅਸੁਨ ਮਾਂਹ ਮੁਮਾਰਖੀ ਸੰਮਤ ਪੰਦਰਾਂ ਸੌ ਚੌਂਹਠ
ਕਰਨ ਉਦਾਸੀ ਤੁਰ ਪਏ ਵਿਚ ਸਾਹਿਬ ਦੀ ਓਟ।
ਇਕ ਬਾਬਾ ਅਕਾਲ ਰੂਪ ਲੈ ਮਰਦਾਨਾ ਸੰਗ
ਵਸਦਾ-ਰਸਦਾ ਬਾਗ਼ ਛੱਡ ਵਿਚ ਪਰਮੇਸ਼ਰ ਰੰਗ।
ਵਾਂਗ ਉਦਾਸੀਆਂ ਧਾਰਿਆ ਗੇਰੂਏ ਰੰਗਾ ਭੇਖ
ਬਦਲਣ ਚੱਲਿਆ ਦੇਸ਼ ਦੇ ਚਿਰ ਤੋਂ ਸੁੱਤੇ ਲੇਖ।
ਲੰਮਾ ਚੋਗਾ ਪੱਗ ਸਿਰ ਮੋਢਿਓਂ ਚਾਦਰ ਵਲ਼
ਧਰਤ ਲੁਕਾਈ ਸੋਧਣੀ ਨਾਮ ਖ਼ੁਦਾਈ ਬਲ।
ਮਰਦਾਨੇ ਵੀ ਧਾਰਿਆ ਬਾਬੇ ਜਿਹਾ ਭੇਸ
'ਪੱਲੇ ਰਿਜ਼ਕ ਨ ਬੰਨ੍ਹਦੇ ਪੰਛੀ ਤੇ ਦਰਵੇਸ਼'।
ਸੂਰਜ ਲਾਸਾਂ ਛੱਡੀਆਂ ਧਰਤ ਪਿਆ ਪਰਕਾਸ਼
ਗਿੱਲੇ ਘਾਹ 'ਚ ਮਹਿਕਦੀ ਮਿੱਟੀ ਦੀ ਸੁਬਾਸ।
ਕੇਸਰ ਤੁਰੀਆਂ ਤਰਦੀਆਂ ਚੁੰਮਣ ਮੁੱਖ ਤ੍ਰੇਲ
ਫ਼ਲਕ ਲੋਅ ਦਾ ਧਰਤ ਸੰਗ ਕੇਹਾ ਅਜਬ ਸੁਮੇਲ!
ਝੋਨਾ ਮੱਕੀ ਬਾਜਰਾ ਖੇਤੀਂ ਲਹਿਲਹਾਣ
ਰੱਤੇ ਬੰਬਲ ਚਰ੍ਹੀਆਂ 'ਤੇ ਮੰਦ ਮੰਦ ਮੁਸਕਾਣ।
ਪਰਮ ਸਤਿ ਸੰਦੇਸ਼ ਲਈ ਮਸਤੀ ਵਿਚ ਮਖ਼ਮੂਰ
ਹੋਕਾ ਸਤਿ ਦਾ ਦੇਣ ਲਈ ਤੁਰਦੇ ਜਾਂਦੇ ਨੂਰ।

ਰੋਕ ਲਈ ਤਦ ਚਾਣਚੱਕ ਬਾਬੇ ਤਿੱਖੀ ਚਾਲ।
ਤੱਕਿਆ ਸਾਹਵੇਂ ਸਤਗੁਰੂ ਵੇਈਂ-ਵਹਿਣ ਵਿਸ਼ਾਲ।
ਵੇਈਂ ਕਿਨਾਰੇ ਖਜੀਆਂ ਦੀ ਲੰਮੀ ਲੰਮੀ ਪਾਲ਼
ਪੱਤ ਛਤਰੀਆਂ 'ਚੋਂ ਛਣੇ ਸੂਰਜੀ ਕਿਰਨਾਂ ਝਾਲ਼।
ਕਿਤੇ ਕਟੀਲੀਆਂ ਝਾੜੀਆਂ ਉੱਗੀਆਂ ਬੰਨੇ ਰੁੱਖ
ਢਲਵਾਨੀਂ ਚਰ ਮਾਲ-ਚੌਣਾ ਪੂਰੇ ਪੇਟ ਦੀ ਭੁੱਖ।
ਵਾਹੁ! ਸਮਾਂ ਸੁਵੰਨੜਾ ਸੁੰਦਰ ਸਤਿ ਸੁਹਾਣ
ਕਾਦਰ ਦੇ ਰੰਗ ਮਾਣਦੇ ਗੁਰ ਵਾਰੇ ਵਾਰੇ ਜਾਣ।
ਲੰਘੇ ਵੇਈਂ ਵਿਚ ਦੀ ਹੋ ਗਏ ਪਰਲੇ ਪਾਰ
ਵਧੇ ਵੱਲ ਬਿਆਸ ਦੇ ਮਲ਼ਿਆਂ ਤਾਈਂ ਲਿਤਾੜ।

Unistar Books Pvt Ltd.
Pvt Ltd.
Unistar Books Pvt Ltd.
UNISTAR BOOKS PVT LTD.

ਝੂਮਣ ਬਿਰਖ ਸੁਹਾਵੜੇ ਤੱਕੇ ਜਾਣੀ-ਜਾਣ
ਅਦਭੁਤ ਅਸਥਾਨ ਤੱਕ ਰੁਕੇ ਜਾਣੀ ਜਾਣ।
ਅਦਬ ਵਿਚ ਤਦ ਸਤਗੁਰਾਂ ਝੁਕ ਕੇ ਪਾਈ ਝਾਤ
ਜਿਸ ਦਰ ਸੀ ਹਾਸਿਲ ਹੋਈ ਨਾਮ ਗ਼ਰੀਬੀ ਦਾਤ।
ਰੱਬੀ ਮੌਜ 'ਚ ਵਧਦੇ ਰੇਤੜ ਝੱਲਾਂ ਚੀਰ
ਬਿਆਸਾ ਪੱਤਣ ਜਾ ਪੁੱਜੇ ਆਖ਼ਰ ਸ਼ਾਹ ਫ਼ਕੀਰ।
ਪਾਣੀ ਸ਼ੂਕੇ ਵੇਗ ਵਿਚ ਉੱਚੀਆਂ ਛਾਲ਼ਾਂ ਮਾਰ
ਕੰਨਾਂ ਵਿਚ ਟਕਰਾਂਵਦੀ ਪੱਥਰਾਂ ਦੀ ਟੁਣਕਾਰ।
ਬੇੜੀ ਵਿਚ ਮੁਸਾਫ਼ਰਾਂ ਮੱਲ ਲਈ ਜੋ ਥਾਂ
ਸੰਗਲ਼ ਖੋਲ੍ਹ ਮਲਾਹਾਂ ਤਦ ਲਿਆ ਖਿਜ਼ਰ ਧਿਆ।
ਡਲ੍ਹਕਾਂ ਮਾਰੇ ਬਿਆਸ ਜਲ ਚਾਂਦੀ ਵੰਨੀਂ ਧਾਰ
ਜੁੜ ਗਏ ਰੰਗ ਵਿਸਮਾਦ ਵਿਚ ਕਲ ਦੇ ਤਾਰਨਹਾਰ।
ਬੇੜੀ ਵਿਚੋਂ ਉੱਤਰ ਕੇ ਇਕ ਝਿੜੀ ਵਿਚਕਾਰ
ਜਾ ਬਹੇ ਸੰਗ ਮਰਦਾਨੇ ਹੁਕਮ ਮੰਨ ਕਰਤਾਰ।
ਇਹ ਉਹੀ ਅਸਥਾਨ ਸੀ ਵਸਿਆ ਨਾਲ਼ ਬਿਆਸ
'ਗੋਇੰਦਵਾਲ' ਵਸਾਇਆ ਤੀਜੇ ਗੁਰੂ ਜੋ ਖ਼ਾਸ।
ਥਾਂ-ਥਾਂ ਉੱਗੀਆਂ ਝਾੜੀਆਂ ਸਿਰ ਕਟੀਲੇ ਕੇਸ
ਫ਼ਸਲਾਂ ਸੀ ਮੀਂਹ ਆਸਰੇ ਤਦ ਇਸ ਮਾਝੇ ਦੇਸ।
ਰੋੜੂ ਅਤੇ ਕਰੀਰਾਂ ਦੇ ਦਿਸਣ ਸੰਘਣੇ ਝਾੜ
ਕਿੱਕਰਾਂ ਅਤੇ ਫਲਾਹੀਆਂ ਬੂਟੇ ਬੇ-ਸ਼ੁਮਾਰ।
ਕਲ਼-ਕਲ਼ ਨਾਲ਼ੇ ਵਗਦੇ ਕਿਧਰੇ ਵਗਦੇ ਛੰਭ
ਦਲਦਲ ਦੇ ਵਿਚ ਤੁਰਦਿਆਂ ਰਾਹੀ ਜਾਂਦੇ ਹੰਭ।
ਪਗਡੰਡੀ ਘੱਟ ਦਿਸਦੀ ਝੱਲ ਰੇਤੜ ਵਿਚਕਾਰ
ਸਤਿਨਾਮ ਧੁਨ ਚਲਦੀ ਭੀਤਰ ਮਨ ਦੇ ਪਾਰ।
ਔਝੜ ਰਾਹਾਂ ਝਾਗਣਾ ਡਾਢੀ ਸੀ ਆਫ਼ਾਤ
ਜਿਥੇ ਵਸੋਂ ਦੇਖਦੇ ਗੁਰ ਟਿਕ ਜਾਂਦੇ ਸੀ ਰਾਤ।
ਜੀਵ ਜੰਗਲੀ ਡਰਨ ਘੱਟ ਭੇਖ ਉਦਾਸੀ ਤੱਕ
ਗੱਲ ਸੁਭੌਕੀ, ਦਇਆਵਾਨ ਤੱਕ ਫਿਰਦੇ ਜੀਵ ਨਿਝੱਕ।
ਲਿਖਦੇ ਹਨ ਸਤਿਬੀਰ ਸਿੰਘ ਪੁਸਤਕ 'ਬਲਿਓ ਚਿਰਾਗ਼'
ਪਿੰਡ ਪੱਤਣੋਂ ਸੰਗਤੀ-ਰੂਪ ਸ਼ਰਧਾਵਾਨ ਆ ਖ਼ਾਸ।
ਸੁਣਦੇ ਗੁਰ ਉਪਦੇਸ਼ ਨੂੰ ਬਹਿ ਕੇ ਬਾਬੇ ਕੋਲ਼
ਰਤਨ ਜਵਾਹਰ ਨਾਮ ਰੂਪ ਭਰ ਲਿਜਾਂਦੇ ਝੋਲ਼।
ਭੁੱਖ ਜੋ ਆਣ ਸਤਾਂਵਦੀ ਮਰਦਾਨੇ ਕਈ ਵਾਰ

UNISTAR BOOKS PVT LTD
Unistar Books Pvt Ltd.

ਲਾਗਲੀ ਬਸਤੀ ਭੇਜਦੇ ਕਰਨ ਲਈ ਆਹਾਰ।
ਕਹਿੰਦੇ! ਇਕ ਦਿਨ ਪੱਤਣੋਂ ਸੰਗਤ ਸ਼ਰਧਾਵਾਨ
ਧਨ, ਪਦਾਰਥ, ਬਸਤਰ, ਕੁਝ ਭੇਟਾ ਕੀਤੇ ਦਾਨ।
ਬੁਗਚਾ, ਮਾਇਆ ਕੱਪੜਿਆਂ ਦਾ ਹੱਥ ਮਰਦਾਨੇ ਤੱਕ
ਬਾਬੇ ਕਿਹਾ, 'ਮਰਦਾਨਿਆ! ਇਥੇ ਹੀ ਸੱਟ ਘੱਤ।
ਪਰਮੇਸ਼ਰ ਨੂੰ ਭਾਲਣੇ ਦਾ ਰਾਹ ਨਹੀਂ ਇਹ ਠੀਕ
ਹੌਲ਼ਾ-ਫੁੱਲ ਵਿਚਰਨ ਚਾਹੀਏ ਪੁੱਜੇ ਜਿਥੋਂ ਤੀਕ।'
ਹੁਕਮ ਮੰਨ ਸੁੱਟ ਘੱਤਿਆ ਮਰਦਾਨੇ ਪੂਜਾ ਧਾਨ
ਮਿੱਠਾ ਕਰਕੇ ਮੰਨਿਆ ਬਚਨ ਗੁਰੂ ਦਾ ਆਣ।
ਫਤਿਹਾਬਾਦ ਰਾਤ ਟਿਕਾਣਾ ਕਰ ਬਾਣੀ ਪ੍ਰਚਾਰ
ਪਿੰਡ ਸੁਲਤਾਨਵਿੰਡ ਦੀ ਜੂਹ ਪੁੱਜੇ ਆ ਦਾਤਾਰ।
ਤਦ ਤੱਕ ਨਹੀਂ ਮੌਜੂਦ ਸੀ ਹਰਿਮੰਦਰ ਅਸਥਾਨ
ਨਾ ਹੀ ਕੋਈ ਸਰੋਵਰ ਸੀ ਅੰਮ੍ਰਿਤ ਦਾ ਇਸ ਥਾਂਵ।
ਇਸ ਛੋਟੀ ਜਿਹੀ ਛੱਪੜੀ ਕੰਢੇ ਬੇਰੀ ਰੁੱਖ
ਬੈਠ ਗਏ ਦਾਤਾਰ ਆ ਨਾਮ ਦੀ ਜਾਗੀ ਭੁੱਖ।

ਰੁਮਕੀ ਫ਼ਿਜ਼ਾ ਵਿਚ ਜਾ ਮਿੱਠੀ ਧੁਨ ਰਬਾਬ
ਗਾਵਿਆ ਬਾਬੇ ਸ਼ਬਦ ਇਹ ਵਿਚ ਪ੍ਰਭਾਤੀ ਰਾਗ :

'ਅੰਮ੍ਰਿਤੁ ਨੀਰੁ ਗਿਆਨਿ ਮਨ ਮਜਨੁ
ਅਠਸਠਿ ਤੀਰਥ ਸੰਗਿ ਗਹੇ॥
ਗੁਰ ਉਪਦੇਸਿ ਜਵਾਹਰ ਮਾਣਕ
ਸੇਵੇ ਸਿਖੁ ਸੁੋ ਖੋਜਿ ਲਹੈ॥੧॥
ਗੁਰ ਸਮਾਨਿ ਤੀਰਥੁ ਨਹੀ ਕੋਇ॥
ਸਰੁ ਸੰਤੋਖੁ ਤਾਸੁ ਗੁਰੁ ਹੋਇ॥੧॥ ਰਹਾਉ॥
ਗੁਰੁ ਦਰੀਆਉ ਸਦਾ ਜਲੁ ਨਿਰਮਲੁ
ਮਿਲਿਆ ਦੁਰਮਤਿ ਮੈਲੁ ਹਰੈ॥
ਸਤਿਗੁਰਿ ਪਾਇਐ ਪੂਰਾ ਨਾਵਣੁ
ਪਸੂ ਪਰੇਤਹੁ ਦੇਵ ਕਰੈ॥੨॥
ਰਤਾ ਸਚਿ ਨਾਮਿ ਤਲ ਹੀਅਲੁ
ਸੋ ਗੁਰੁ ਪਰਮਲੁ ਕਹੀਐ॥
ਜਾ ਕੀ ਵਾਸੁ ਬਨਾਸਪਤਿ ਸਉਰੈ
ਤਾਸੁ ਚਰਣ ਲਿਵ ਰਹੀਐ॥੩॥
ਗੁਰਮੁਖਿ ਜੀਅ ਪ੍ਰਾਨ ਉਪਜਹਿ


UNISTAR BOOKS PVT LTD. Unistar Books Pvt Ltd.

ਗੁਰਮੁਖਿ ਸਿਵ ਘਰਿ ਜਾਈਐ॥
ਗੁਰਮੁਖਿ ਨਾਨਕ ਸਚਿ ਸਮਾਈਐ
ਗੁਰਮੁਖਿ ਨਿਜ ਪਦੁ ਪਾਈਐ॥੪॥੬॥' (**ਗੁਰੂ ਗ੍ਰੰਥ**, ਪੰਨਾ 1328)

ਸੰਗਤ ਸੁਣ ਸੁਲਤਾਨਵਿੰਡ ਦੀ ਚਰਨੀਂ ਪੁੱਜੀ ਆਣ
ਸਹਿਜੇ ਹੀ ਕੀਤੇ ਬਚਨ ਨਾਨਕ ਕਰ ਫ਼ਰਮਾਨ।
'ਇਥੇ ਭੋਗ ਮੋਖ ਦਾ ਚਲੇਗਾ ਪ੍ਰਵਾਹ'
ਉਸੇ ਦੀ ਹੀ ਜੂਹ ਅੱਜ ਅੰਮ੍ਰਿਤਸਰ ਵਸਿਆ।
ਇਥੋਂ ਚੱਲ ਕੇ ਸਤਗੁਰੂ ਰਾਮ ਤੀਰਥ ਰਾਏ ਆ
ਰਾਮ ਚਰਨ ਵੈਰਾਗੀ ਤਾਈਂ ਧਰਮ ਤਤ ਸਮਝਾ।
ਤੋੜਨ ਹਿਤ ਵੈਰਾਗੀ ਦੇ ਭੀਤਰ ਦਾ ਅਭਿਮਾਨ
ਦੇਇ ਦਲੀਲਾਂ ਸਤਗੁਰੂ ਸਮਝਾਇਆ ਦੇ ਗਿਆਨ।
'ਚੰਗਾ ਨਹੀਂ ਧਨ 'ਕੱਠਾ ਕਰਨਾ ਲੋਕਾਂ ਨੂੰ ਡਰਾ
ਵਰ ਦੇ ਕੇ ਭੇਟਾ ਲੈਣੀ, ਨਹੀਂ ਧਰਮ ਦਾ ਰਾਹ।'
ਏਦਾਂ ਹੀ ਕੁਝ ਸਮਾਂ ਗੁਰ ਮਾਝੇ ਦੇ ਵਿਚ ਵਿਚਰ
ਪੁੱਜੇ ਜਾ ਦੀਪਾਲਪੁਰ ਇਕ ਕੋਹੜੀ ਦੇ ਘਰ।
ਕੱਢਿਆ ਸੀ ਪਿੰਡ ਵਾਸੀਆਂ ਉਸ ਪੱਕਾ ਰੋਗੀ ਜਾਣ
ਪੁੱਜੇ ਉਸ ਟਿਕਾਣੇ ਪਿੰਡੋਂ ਬਾਹਰ ਜਾਣੀ-ਜਾਣ।
'ਵੈਦ ਰੋਗੀਆਂ ਦਾ' ਬਾਬਾ ਜਾ ਖੜਕਾਇਆ ਬਾਰ
ਪੱਕਾ ਕੋਹੜੀ ਜਾਣ ਪਰ ਨਿਕਲਿਆ ਨਾ ਉਹ ਬਾਹਰ।
ਅੰਤਰ ਦਸ਼ਾ ਜਾਣਦਿਆਂ ਰੋਗੀ ਦੀ ਨਾਹ ਠੀਕ
ਰਾਗ ਧਨਾਸਰੀ ਵਿਚ ਗੁਰ ਗਾਇਆ ਰੱਬੀ ਗੀਤ:

ਜੀਉ ਤਪਤੁ ਹੈ ਬਾਰੋ ਬਾਰ॥
ਤਪਿ ਤਪਿ ਖਪੈ ਬਹੁਤੁ ਬੇਕਾਰ॥
ਜੈ ਤਨਿ ਬਾਣੀ ਵਿਸਰਿ ਜਾਇ॥
ਜਿਉ ਪਕਾ ਰੋਗੀ ਵਿਲਲਾਇ॥੧॥
ਬਹੁਤਾ ਬੋਲਣੁ ਝਖਣੁ ਹੋਇ॥
ਵਿਣੁ ਬੋਲੇ ਜਾਣੈ ਸਭੁ ਸੋਇ॥੧॥ ਰਹਾਉ॥ (**ਗੁਰੂ ਗ੍ਰੰਥ**, ਪੰਨਾ 661)

ਸ਼ਬਦ ਸੁਣਦਿਆਂ ਸਾਰ ਉਸ ਬੂਹਾ ਦਿੱਤਾ ਖੋਲ੍ਹ
ਤੰਦਰੁਸਤੀ ਦੀ ਦਾਤ ਗੁਰ ਪਾਈ ਉਹਦੀ ਝੋਲ਼।
ਮਾਝੇ ਦੇ ਪਿੰਡਾਂ ਤਾਈਂ ਤਾਰਦਿਆਂ ਸਿਰ ਮੌਰ
ਦੀਪਾਲਪੁਰੋਂ ਫਿਰ ਸਤਗੁਰ ਪੁੱਜੇ ਜਾ ਲਾਹੌਰ।

UNISTAR BOOKS PVT LTD.
Unistar Books Pvt Ltd.

UNISTAR BOOKS PVT LTD.

## ਲਾਹੌਰ

ਜਵਾਹਰ ਮੱਲ ਦੇ ਚੌਹੱਟੇ ਕੀਤਾ ਆਸਣ ਜਾ
ਗੁਜ਼ਰੀ ਰਾਤ ਮੁਸਾਫ਼ਰਾਂ ਜਪਦਿਆਂ ਬੇਪਰਵਾਹ।
ਨਿੱਤ ਵਾਂਗ ਸੁਬਾਹ ਉੱਠੇ ਸਿਮਰਨ ਦੇ ਵਿਚ ਚਿੱਤ
ਹੰਸਾ ਵਤ ਮੋਤੀ ਚੁਗਣ ਨਾਮ ਸਰੋਵਰ ਵਿਚ।
ਮਰਦਾਨੇ ਨੂੰ ਆਖਿਆ ਛੇੜੋ ਭਾਈ! ਰਬਾਬ
ਕਣ-ਕਣ ਅੰਦਰੋਂ ਰਸ ਉੱਠੀ ਬਾਣੀ ਦੀ ਝਰਨਾਹਟ।
ਅਚਨਚੇਤ ਕੰਨੀਂ ਪਈ ਅਤਿ ਦੁਖਦਾਈ ਆਹਟ
ਗਊ ਬਧ ਸੀ ਹੋ ਰਹੀ ਮੱਚੀ ਸੀ ਕੁਰਲਾਹਟ।
ਬਣ ਕਸਾਈ ਮੌਲਵੀ ਗਊ ਬੱਕਰੇ ਕਰਨ ਜਿਬਾਹ
'ਫ਼ਜ਼ਰ' ਨਮਾਜ਼ ਪੜ੍ਹਨ ਥਾਵੇਂ ਰਹੇ ਸੀ ਪਾਪ ਕਮਾ।
ਗਰਦਨ-ਰੱਖਿਅਕ ਛੁਰੀ ਧਾਰ ਮੁੱਖੋਂ ਬਿਸਮਿਲ ਆਖ
ਕੋਹਣ ਬੇਜ਼ੁਬਾਨ ਜੀਵ ਭੁੱਲੇ ਸਭ ਅਖ਼ਲਾਕ।
ਕਾਜ਼ੀ ਮੌਲਵੀ ਦੀਨਦਾਰ ਧਰਮ ਵੱਲੋਂ ਕਰ ਕੰਡ
ਸਵਾਰਥ ਨੂੰ ਦੱਸ ਕੇ ਸਵਾਬ ਰਚਿਆ ਨਵਾਂ ਪਾਖੰਡ।
ਸ਼ੋਰ-ਸ਼ਰਾਬਾ, ਲਹੂ ਜ਼ਾਰ ਡੁਲ੍ਹਦਾ ਉੱਥੇ ਤੱਕ
ਸਕਤੇ ਵਿਚ ਆ ਸਤਗੁਰੂ ਬੋਲੇ ਮੁੱਖੋਂ ਸੱਚ।
'ਲਾਹੌਰ ਸ਼ਹਰੁ ਜਹਰੁ ਕਹਰੁ ਸਵਾ ਪਹਰੁ'
'ਅੰਮ੍ਰਿਤ ਵੇਲਾ ਸਚ ਨਾਮ' ਥਾਂ ਘੁਲ਼ੇ ਇਥੇ ਜ਼ਹਿਰ।
ਬਾਬੇ 'ਕੱਠੇ ਕਰ ਲਏ ਕਾਜ਼ੀ ਤੇ ਮੁੱਲਾਂ
ਨਾਮ ਖ਼ੁਦਾਇ ਜੀਅ ਹੱਤਿਆ ਦੱਸਿਆ ਵਡ-ਗੁਨਾਹ।
'ਨਾਮ ਖ਼ੁਦਾ ਤੇ ਹਿੰਸਾ ਦਾ ਕਰਦੇ ਜੋ ਰੁਜ਼ਗਾਰ
ਸਵਾਬ ਦੀ ਥਾਂ 'ਤੇ ਮਿਲੂ ਉਨ ਅੱਲਾਹ ਤੋਂ ਤ੍ਰਿਸਕਾਰ'।
ਬਾਬੇ ਮੁੱਖੋਂ ਸੁਣਦਿਆਂ ਅੱਲਾਹ ਦਾ ਇਨਸਾਫ਼
ਤੋਬਾ ਕੀਤੀ ਕਾਜ਼ੀਆਂ ਪੈ ਗਏ ਰਾਹੇ ਪਾਕ।
ਸੰਗ ਮਰਦਾਨੇ ਜਿਸ ਥਾਂ ਕੀਤਾ ਸੀ ਬਿਸਰਾਮ
'ਜਵਾਹਰ ਮੱਲ ਦਾ ਚੌਹੱਟਾ' ਬਣਿਆ ਪੂਜਾ ਧਾਮ।

ਦੁਨੀ ਚੰਦ ਕਰੋੜੀ ਸੀ ਇਕ ਮਾਲੀ ਅਫ਼ਸਰ ਵਾਂਗ
ਸਰਕਾਰੀ ਤੋਸ਼ਾ ਜੋੜਿਆ ਉਸ ਸੱਤ ਕਰੋੜ ਦਾਮ।
ਇਸਦੇ ਹੀ ਬਜ਼ੁਰਗਾਂ ਵਿਚੋਂ ਸੀ ਜਵਾਹਰ ਮੱਲ
ਚੌਹੱਟਾ ਬਾਜ਼ਾਰ ਉਹਦੇ ਨਾਮ ਰਿਹਾ ਸੀ ਚੱਲ।
ਲਿਖਿਆ ਸਾਹਿਬ ਸਿੰਘ ਜੋ 'ਨਾਨਕ' 'ਜੀਵਨ ਬਿਰਤਾਂਤ'

Unistar Books Pvt Ltd.

ਦੁਨੀ ਚੰਦ ਦਾ ਜ਼ਿਕਰ ਵੀ ਇਕ ਥਾਂ ਆਉਂਦਾ ਖ਼ਾਸ।
ਸਿਰੀਆਂ ਵਾਲ਼ੀ ਗਲ਼ੀ ਵਿਚ ਇਸ ਚੌਹੱਟੇ ਪਾਸ
ਦੁਨੀ ਚੰਦ ਨਾਮੀ ਖੱਤਰੀ ਦਾ ਆਲੀਸ਼ਾਨ ਨਿਵਾਸ।
ਬਾਬਾ ਵੀ ਅੰਮ੍ਰਿਤ ਵੇਲ਼ੇ ਕਰਕੇ ਜਲ ਇਸ਼ਨਾਨ
ਬੈਠੇ ਆਸਣ ਲਾਇਕੇ ਪਿੱਪਲ ਹੇਠ ਨਿਧਾਨ।
ਕੁੜਤਾ ਗੇਰੂਏ ਰੰਗ ਦਾ ਪਹਿਨਿਆ ਸਾਧਾਂਹਾਰ
ਦੁਨੀ ਚੰਦ ਘਰ ਲੈ ਗਿਆ ਡਾਢੀ ਸ਼ਰਧਾ ਨਾਲ।
ਆਸਣ 'ਤੇ ਬਿਠਾ ਲਿਆ ਬਾਬਾ ਬਹੁੰ ਸਤਿਕਾਰ
ਸੌ ਬ੍ਰਾਹਮਣ ਫਿਰ ਸੇਵਿਆ ਪੰਕਤ ਵਿਚ ਬਿਠਾਲ।
ਹੱਥ ਧੋਇਕੇ ਪਾਂਡਿਆਂ ਕੀਤਾ ਅੰਨ-ਜਲ ਪਾਨ
ਦੁਨੀ ਚੰਦ ਧਨ ਤੇ ਬਸਤਰ ਦਿੱਤੇ ਪਾਂਡਿਆਂ ਦਾਨ।
ਤੱਕ ਰਹੇ ਸੀ ਸਤਗੁਰੂ ਪਿਤਰੀ-ਮੋਹ ਭ੍ਰਮ ਜਾਲ਼
ਢੋਲ ਹਉਮੈ ਦਾ ਵੱਜਦਾ ਉੱਚਾ ਸੁਣਿਆ ਨਾਲ਼।
ਭੋਜਨ ਗੁਰਾਂ ਛਕਾਉਣ ਹਿਤ ਦੁਨੀ ਚੰਦ ਗਿਆ ਬੈਠ
ਪਿਆਰ ਨਾਲ਼ ਗੁਰ ਪੁੱਛਿਆ ਅਤਿ ਨਿਮਰਤਾ ਸਹਿਤ।
'ਕਿਸ ਖ਼ਾਤਰ ਤੂੰ ਦੁਨੀ ਚੰਦ ਭੋਜਨ ਕੀਤਾ ਤਿਆਰ ?'
ਅੱਗੋ ਦੱਸਿਆ ਦੁਨੀ ਚੰਦ ਵਿਚ ਡਾਢੇ ਸਤਿਕਾਰ।
'ਹਰ ਸਾਲ ਲੰਗਰ ਲਾਉਨਾ ਪਿਤਾ ਦਾ ਕਰ ਸਰਾਧ
ਪ੍ਰਭ ਕਿਰਪਾ ਸੰਗ ਜੇਵਿਆ ਸੌ ਪੰਡਤਾਂ ਪ੍ਰਸ਼ਾਦ।'
ਬਾਬੇ ਕਿਹਾ, "ਦੁਨੀ ਚੰਦ! ਤੂੰ ਵੀ ਕਰਨੈ ਠੀਕ
ਮਰਨੋਂ ਬਾਦ ਨਾ ਅੱਪੜੇ ਭੋਜਨ ਪਿਤਰਾਂ ਤੀਕ।
ਪਿਤਰ ਜਦ ਤੁਰ ਜਾਂਵਦੇ ਭੌਤਿਕ ਜਾਮਾ ਛੋੜ
ਪੰਜ-ਭੌਤਿਕੀ ਤੱਤਾਂ ਦਾ ਹੁੰਦਾ ਜੋੜ-ਸੁਜੋੜ।
ਪੰਜ-ਭੌਤਿਕ ਕਲਬੂਤ ਤਾਂ ਸਭੇ ਆਵਣ ਜਾਣ
ਕਰਮਗਤੀ ਅਨੁਸਾਰ ਹੀ ਵੱਖਰੀ ਬਣੇ ਪਛਾਣ।
ਕੁਝ ਮੀਲਾਂ ਦੀ ਵਿੱਥ 'ਤੇ ਵਿਚ ਜੂਨੀ ਬਘਿਆੜ
ਭੁੱਖਾ ਬੈਠਾ ਪਿਉ ਤੇਰਾ 'ਕੱਲਾ ਵਿਚ ਉਜਾੜ।"
ਅੰਨ ਪ੍ਰਸ਼ਾਦ ਲੈ ਦੁਨੀ ਚੰਦ ਪੁੱਜਾ ਵਿਚ ਉਜਾੜ
ਸੱਚਮੁੱਚ ਸਾਹਵੇਂ ਤੱਕਿਆ ਬੈਠਾ ਭੁੱਖਾ ਬਘਿਆੜ ?
ਰੱਖਿਆ ਭੋਜਨ ਸਾਹਮਣੇ ਬਾਬੇ ਦਾ ਧਰ ਧਿਆਨ
ਮੁਕਤ ਹੋਇਆ ਭੋਜਨ ਖਾ ਕੇ ਛੁੱਟਿਆ ਜੂਨੀਉਂ ਆਣ।

ਸੱਚ ਜਾਣ ਕੇ ਪਿਤਾ ਦਾ ਦੁਨੀ ਚੰਦ ਘਰ ਆ

UNISTAR BOOKS PVT LTD.
Unistar Books Pvt
Unistar Books Pvt Ltd.
UNISTAR BOOKS PVT LTD.

ਚਰਨੀਂ ਢਹਿ ਕੇ ਬੋਲਿਆ, 'ਬਖ਼ਸ਼ੋ ਨੂਰ ਖ਼ੁਦਾ।'
ਕਰੋੜੀਏ ਦੀ ਹਵੇਲੀ 'ਤੇ ਕੁਝ ਝੰਡੇ ਝੂਲਦੇ ਤੱਕ
ਬਾਬੇ ਪੁੱਛਿਆ, ''ਦੁਨੀ ਚੰਦ! ਕੀ ਇਨ੍ਹਾਂ ਦਾ ਸੱਚ ?'
'ਜਿਤਨੇ ਝੰਡੇ ਝੂਲਦੇ ਸਾਹਿਬ! ਮੇਰੇ ਦੁਆਰ
ਉਤਨੇ ਹੀ ਲੱਖ ਦਮੜੇ ਜੋੜੇ ਮੈਂ ਦਾਤਾਰ।'
ਸਤਗੁਰ ਦੁਨੀ ਚੰਦ ਹੱਥ ਸੂਈ ਇਕ ਫੜ੍ਹਾ
'ਰੱਖ ਲੈ, ਸਮਝ ਅਮਾਨ ਇਹ' ਗੁਰਾਂ ਕਿਹਾ ਮੁਸਕਾ।
'ਮੰਗ ਲਵਾਂਗੇ ਤੁਧ ਥੀਂ ਅਗਲੇ ਉਸ ਜਹਾਨ
ਤਦੋਂ ਤੀਕ ਤੂੰ ਸਾਂਭ ਰੱਖ ਸਾਡੀ ਇਹ ਅਮਾਨ।'
'ਸੂਈ ਕਿੰਜ ਲਿਜਾਊਂਗਾ ਛੁੱਟਣਗੇ ਜਦ ਪ੍ਰਾਣ
ਨਾਲ਼ ਤਾਂ ਕੁਝ ਜਾਣਾ ਨਹੀਂ ਬਾਬਾ! ਉਸ ਜਹਾਨ।'
'ਸੂਈ ਖੜ੍ਹਨੀ ਕਠਿਨ ਜੇ' ਬਾਬਾ ਕਿਹਾ ਮੋੜ
'ਕਿੱਦਾਂ ਨਾਲ਼ ਲਿਜਾਏਂਗਾ ਜੋੜੇ ਸੱਤ ਕਰੋੜ ?'
ਚਰਨੀਂ ਢੱਠਾ ਦੁਨੀ ਚੰਦ ਸੁਣ ਸਤਗੁਰ ਦੇ ਬੋਲ
ਖੋਲ੍ਹੇ ਮੁੱਖ ਖ਼ਜ਼ਾਨਿਆਂ ਲੜ ਬੰਨ੍ਹ ਬਚਨ ਅਮੋਲ।
ਕੂੜ ਪਦਾਰਥ ਸਾਂਭਣੇ ਲਈ 'ਕੱਠੇ ਹੋਏ ਲੋਕ
ਆਸਾ ਰਾਗ 'ਚ ਉਚਰਿਆ ਸਤਗੁਰ ਇਹ ਸਲੋਕ:

'ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ॥
ਕੂੜੁ ਮੰਡਪ ਕੂੜੁ ਮਾੜੀ ਕੂੜੁ ਬੈਸਣਹਾਰੁ॥
ਕੂੜੁ ਸੁਇਨਾ ਕੂੜੁ ਰੁਪਾ ਕੂੜੁ ਪੈਨ੍ਹਣਹਾਰੁ॥
ਕੂੜੁ ਕਾਇਆ ਕੂੜੁ ਕਪੜੁ ਕੂੜੁ ਰੂਪੁ ਅਪਾਰੁ॥
ਕੂੜੁ ਮੀਆ ਕੂੜੁ ਬੀਬੀ ਖਪਿ ਹੋਏ ਖਾਰੁ॥
ਕੂੜਿ ਕੂੜੈ ਨੇਹੁ ਲਗਾ ਵਿਸਰਿਆ ਕਰਤਾਰੁ॥
ਕਿਸੁ ਨਾਲਿ ਕੀਚੈ ਦੋਸਤੀ ਸਭੁ ਜਗੁ ਚਲਣਹਾਰੁ॥
ਕੂੜੁ ਮਿਠਾ ਕੂੜੁ ਮਾਖਿਉ ਕੂੜੁ ਡੋਬੇ ਪੂਰੁ॥
ਨਾਨਕੁ ਵਖਾਣੈ ਬੇਨਤੀ ਤੁਧੁ ਬਾਝੁ ਕੂੜੋ ਕੂੜੁ॥੧॥' (**ਗੁਰੂ ਗ੍ਰੰਥ**, ਪੰਨਾ 468)

ਮੋਇਆਂ ਨਾਲ਼ ਨਾ ਜਾਂਵਦਾ ਇਥੋਂ ਕੁਝ ਵੀ ਨਾਲ਼
ਤਿਆਗੇ ਫਿਰ ਵੀ ਮੂੜ੍ਹ ਨਾਹ ਬਿਖਿਆਵੀ ਜੰਜਾਲ਼।
ਜਿਉਂਦਿਆਂ ਸੇਵ ਕਮਾਵਣੀ ਏਸੇ ਵਿਚ ਕਲਿਆਣ
'ਕਾਵਾਂ ਕੁੱਤੇ' ਹੋਵੰਦੇ ਮੋਇਆਂ ਮਗਰੋਂ ਪਕਵਾਨ।
ਜੀਵਨ ਦਾ ਸੱਚ ਸੁਣਦਿਆਂ ਚਰਨ ਨਿਵਾਇਆ ਸੀਸ
ਦੁਨੀ ਚੰਦ ਪਰਿਵਾਰ ਨੇ ਪਾਈ ਧੁਰ ਬਖਸ਼ੀਸ਼।

UNISTAR BOOKS PVT LTD.
Unistar Books Pvt Ltd.

ਪਾਖੰਡਾਂ ਤੋਂ ਵਰਜ ਗੁਰ ਬਖ਼ਸ਼ੀ ਸਿੱਖੀ ਨਾਲ਼
ਬਣਿਆ ਘਰ ਲਾਹੌਰ ਦੀ ਪਹਿਲੀ ਧਰਮਸ਼ਾਲ।

ਮਿਲਿਆ ਸੱਯਦ ਤੱਕੀ ਪੀਰ ਨਾਨਕ ਵਿਚ ਲਾਹੌਰ
ਸਿਕੰਦਰ ਲੋਧੀ ਤੇ ਸੁਣਦੇ ਜਿਸਦਾ ਸੀ ਵਡ ਜ਼ੋਰ।
ਜ਼ਿੱਦੀ, ਕੱਟੜ ਖ਼ਿਆਲੀਆ ਸੁਣਿਆ ਜਾਂਦਾ ਪੀਰ
ਬੰਨ੍ਹ ਜ਼ੰਜੀਰ ਸੁਟਵਾਇਆ ਸੀ ਗੰਗਾ ਜਿਸ ਕਬੀਰ।
ਫਸਿਆ ਸੀ ਜੋ ਖ਼ੁਦ ਹੀ ਵਿਚ ਸ਼ਰ੍ਹਾ ਦੇ ਜਾਲ਼
ਚਰਚਾ ਕਰਨ ਨੂੰ ਆਇਆ ਲੈ ਮੁਲਾਣਿਆਂ ਨਾਲ਼।
'ਇਕ ਅੱਲਾਹ ਉਸ ਦੀ ਖ਼ਲਕ' ਸੁਣੀ ਜੋ ਬਾਬੇ ਮੁੱਖ
ਅੰਦਰ ਦਾ ਗੜ ਟੁੱਟਿਆ ਬਾਬੇ ਅੱਗੇ ਝੁਕ।
ਸ਼ਰਹ ਜਾਲ਼ 'ਚੋਂ ਕੱਢਣਾ ਹੀ ਸੀ ਨਾਨਕ ਉਦੇਸ਼
ਹਰ ਪ੍ਰਾਣੀ ਨੂੰ ਪਿਆਰ ਦਾ ਦਿੱਤਾ ਗੁਰ ਸੰਦੇਸ਼।

### ਸੈਦਪੁਰ

ਤਾਰੇ ਹੋਏ ਅਲੋਪ ਜਦ ਥਾਲ਼ ਰੂਪ ਅਸਮਾਨ
ਪੌਣ ਝੁਲੀ ਮਲਿਆਗਿਰੀ ਚਿੜੀਆਂ ਚੂਕੀਆਂ ਆਣ।
ਪੱਤਿਆਂ ਵਿਚ ਸਰਗੋਸ਼ੀਆਂ ਜਾਗੀ ਕਾਇਨਾਤ
ਮਸਜਿਦਾਂ ਤੇ ਮੰਦਰਾਂ 'ਚੋਂ ਤੁਰੀ ਇਲਾਹੀ ਬਾਤ।
ਖਿੜਕੀ ਖੁੱਲ੍ਹੀ ਨੂਰ ਦੀ ਕਿਰਨਾਂ ਛਣ-ਛਣ ਆਣ
ਮਹਿਕ ਉੱਠੀਆਂ ਕਲੀਆਂ ਫੁੱਲ ਪਏ ਮੁਸਕਾਣ।
ਹਾਲ਼ੀ ਹਲ਼ ਪੰਜਾਲ਼ੀਆਂ ਬਲ਼ਦਾਂ ਤਾਈਂ ਜੋਣ
ਚੱਕੀ ਪੀਹਣ ਸੁਆਣੀਆਂ ਪਸ਼ੂ ਲਵੇਰੇ ਚੋਣ।
ਐਸੀ ਹੀ ਇਕ ਸੁਬਾਹ ਨੂੰ ਕਲ ਦੇ ਤਾਰਨਹਾਰ
ਤੁਰ ਪਏ ਗੁਰ ਲਾਹੌਰ ਤੋਂ ਬੇੜੇ ਲਾਉਂਦੇ ਪਾਰ।
ਚੁੱਕਿਆ ਭਾਰ ਜੋ ਕੰਧਿਆਂ ਕੌਣ ਲਾਏ ਅਨੁਮਾਨ
ਪੁੱਜਣ ਲਈ ਸੱਚ ਦੇ ਮਿਸ਼ਨ ਕੀਤਾ ਸੀ ਪ੍ਰਸਥਾਨ।
ਨਾਲ਼ ਲਿਜਾ ਸੀ ਸਕਦੇ ਬਾਬਾ ਸਭ ਸੁੱਖ ਸਾਮਾਨ
ਸਾਧਨ, ਅਸਵਾਰੀ, ਸੇਵਕ, ਤੋਸ਼ਾ ਤੇ ਅੰਨ-ਪਾਨ।
ਲੇਕਿਨ ਤੁਰੇ ਸੀ ਲੈਣ ਉਹ ਲੋਕ ਮਾਨਸ ਦੀ ਸਾਰ
ਤ੍ਰਿਸਕਾਰੇ, ਪੈਰੀਂ ਦਰੜੇ, ਨੀਚ, ਦੁਖੀ, ਲਾਚਾਰ।
ਜਗਿਆਸੂ ਮਹਿਸੂਸ ਕਰ ਕੰਵਲ ਖਿੜਨ ਦੀ ਬਾਸ
ਵਾਂਗ ਭੰਵਰਿਆਂ ਮੰਡਰਾਉਂਦੇ ਨਾਨਕ ਗਿਰਦੇ ਖ਼ਾਸ।

UNISTAR BOOKS PVT LTD.
Unistar Books Pvt Ltd.

ਨਾਨਕ ਤੋਂ ਵਧੀਕ ਕੌਣ ਦਰਦ-ਦੁਨੀ ਲਊ ਝੱਲ
ਵਾਟਾਂ ਲੰਮੀਆਂ ਗਾਹੁੰਦੇ ਗੁਰ ਗਏ ਸੈਦਪੁਰ ਵੱਲ।
ਮਿਹਰ ਨਿਗਾਹਾਂ ਪਾਉਂਦੇ ਰਾਹ ਵਿਚਲੇ ਅਸਥਾਨ
ਸੰਗ ਰਬਾਬੀ ਸੈਦਪੁਰ ਬਾਬਾ ਪੁੱਜੇ ਆਣ।

ਜਗਮਗ ਜੋਤ ਨਿਰੰਜਨੀ ਮੋਤੀ ਜਿਉਂ ਨਾਯਾਬ
ਰਾਤ ਅਮਾਵਸ ਆਸਮਾਂ ਦੇ ਵਿਚ ਚੜ੍ਹਿਆ ਮਾਹਤਾਬ!
ਸੈਦਪੁਰ ਜੋ ਅੱਜ ਦਾ ਸ਼ਹਿਰ ਐਮਨਾਬਾਦ
ਸੈਦਪੁਰ ਸੰਡਿਆਲੀ ਰਿਸ਼ੀ ਸਾਂਡਲਿਯ ਦੀ ਯਾਦ।
ਰੋੜਾਂ ਵਾਲ਼ੀ ਜ਼ਿਮੀਂ 'ਤੇ ਬਾਬਾ ਬੈਠੇ ਆਣ
ਰਮਤੇ ਸਾਧ ਸੀ ਟਿਕਦੇ ਅਕਸਰ ਏਸੇ ਥਾਂਵ।
ਸੈਦਪੁਰੋਂ ਤਲਵੰਡੀ ਰਾਹ ਥੋੜ੍ਹਾ ਹੀ ਸੀ ਦੂਰ
ਫਿਰਦੇ ਰਮਤੇ ਗਾਹ-ਬਗਾਹ ਮਿਲਦੇ ਸੀ ਹਜ਼ੂਰ।
ਜਾਣ ਸਮੇਂ ਸਤਗੁਰੂ ਤੋਂ ਲੈ ਕੇ ਸੱਚ ਉਪਦੇਸ਼
ਲੋਕਾਂ ਤਾਈਂ ਵਰਜਦੇ ਸੀ ਪਾਖੰਡ-ਬਾਣੇ, ਭੇਖ।
ਬਾਬੇ ਲਈ ਤਾਂ ਰੱਜ ਸੀ ਭੋਜਨ ਨਾਮ ਅਧਾਰ
ਮਰਦਾਨੇ ਲਈ ਲਾਜ਼ਮੀ ਸੀ ਦੁਨਿਆਵੀ ਆਹਾਰ।
ਮਰਦਾਨੇ ਦੇ ਭੀਤਰੀਂ ਜਦ ਭੁੱਖ ਪਾਏ ਕੜਵੱਲ
ਅੰਤਰਯਾਮੀ ਤੁਰ ਪਏ ਭਾਈ ਲਾਲੋ ਜੀ ਵੱਲ।

ਗੋਤ ਘਟਾਉੜਾ ਭਾਈ ਲਾਲੋ ਸੀ ਕਿਰਤੀ ਕਿਰਸਾਣ
ਕਿੱਲੇ ਸੀ ਉਹ ਘੜ ਰਿਹਾ ਬੈਠਾ ਇਕ ਦਲਾਨ।
ਸਖ਼ਤ ਮੁਸ਼ੱਕਤ ਵਾਲੜੀ ਲਾਲੋ ਦੀ ਸੀ ਕਾਰ
ਮਲਕ ਨਵਾਬ ਕੀ ਜਾਣਦੇ ? ਇਸ ਕਿੱਤੇ ਦੀ ਸਾਰ।
ਰਾਤ ਦਿਨੇ ਬੱਸ ਕਰੇ ਉਹ ਦਸ ਨਹੁੰਆਂ ਦੀ ਕਾਰ
ਸਭਨਾਂ ਤਾਈਂ ਉਸਦਾ ਸੀ ਦੁੱਧ-ਧੋਤਾ ਵਿਵਹਾਰ।
ਮਹਾਂਪੁਰਖਾਂ ਦੇ ਸੰਗ ਦਾ ਦਿਲ 'ਚ ਰੱਖੇ ਸ਼ੌਕ
ਪੁੱਜੇ ਬਾਬਾ ਤਾਰਨੇ ਹਿਤ ਲੋਕ ਅਤੇ ਪਰਲੋਕ।
ਆਖਿਆ ਗੁਰ ਅਪਣੱਤ ਸੰਗ ਪੁੱਜਦੇ ਘਰ ਲਾਲੋ
'ਸਾਰੀ ਉਮਰਾ ਕਿੱਲੇ ਈ ਘੜਦਾ ਰਹੇਂਗਾ ਭਾਈ ਲਾਲੋ!'
ਲਾਲੋ ਤ੍ਰਭਕ ਕੇ ਉੱਠਿਆ ਸੁਣ ਰਸਭਿੰਨੇ ਬੋਲ
ਤੱਕਿਆ ਸਾਹਵੇਂ ਆਫ਼ਤਾਬੀ ਨੂਰ ਖੜ੍ਹੇ ਅਡੋਲ।
ਇਕ ਸਿਰਜਕ ਦੂਆ ਵਾਦਕ ਦੇਖੇ ਰੂਪ ਜੋ ਦੋ
ਪਾਰਸ ਪਰਸ ਰਬਾਬੀ ਬਣਿਆ ਪੱਕਾ ਸਾਧਕ ਜੋ।



UNISTAR BOOKS PVT LTD.
Unistar Books Pvt Ltd.
Pvt Ltd.
Unistar Books Pvt Ltd.
UNISTAR BOOKS PVT LTD.

ਹਿਰਦੇ ਦੀ ਗਹਿਰਾਈ ’ਚੋਂ ਜਿਉਂ ਦਿੱਤਾ ਹੋਏ ਨਿਚੋੜ
ਬਿਨ ਬੋਲੇ ਲਾਲੋ ਖੜ੍ਹਾ ਸੀ ਹੱਥ ਖੁਰਦਰੇ ਜੋੜ।
ਸ਼ਰਧਾ ਸੰਗ ਦੋਹਾਂ ਲਈ ਉਸ ਦਿੱਤਾ ਮੰਜਾ ਡਾਹ
ਘਰ ਆਏ ਤੱਕ ਸੰਤ-ਜਨ ਡਾਢਾ ਚੜ੍ਹਿਆ ਚਾਅ।
ਸਾਗ ਸਰ੍ਹੋਂ ਸੰਗ ਕੋਧਰੇ ਦੀ ਰੋਟੀ ਕਰ ਤੱਯਾਰ
ਚੌਂਕੇ ਵਿਚ ਬਿਠਾਲ਼ ਦੋਹਾਂ ਆਖਿਆ, ‘ਕਰੋ ਆਹਾਰ।’

‘ਸਾਰੀ ਦੁਨੀਆ ਚੌਂਕਾ ਹੈ’ ਬਾਬਾ ਕਿਹਾ ਮੋੜ
ਇਥੇ ਹੀ ਬਹਿ ਛਕਾਂਗੇ ਚੌਂਕੇ ਦੀ ਕੀ ਲੋੜ ?
ਖੜ੍ਹਾ ਰਬਾਬੀ ਸੋਚਦਾ ਮਨ ਹੀ ਮਨ ਹੈਰਾਨ
ਧਨੀ ਸ਼ਹਿਰ ਦੇ ਛੱਡ ਗੁਰੂ ਕਿਉਂ ਬੈਠੇ ਇਸ ਥਾਂਵ ?
ਲੇਕਿਨ ਕਿਰਤੀ ਹੱਕ ਦਾ ਛਕਿਆ ਜਦ ਆਹਾਰ
ਮਰਦਾਨਾ ਤ੍ਰਿਪਤਾਸਿਆ ਹੋਈ ਖ਼ੁਸ਼ੀ ਅਪਾਰ।
ਲਾਲੋ ਸਿਦਕ ਸਬੂਰੀ ਤੋਸ਼ਾ ਸ਼ਰਧਾ ਤੇ ਵਿਸ਼ਵਾਸ
ਠਹਿਰ ਗਏ ਕੁਝ ਸਮੇਂ ਤੀਕ ਬਾਬਾ ਉਸਦੇ ਪਾਸ।
ਸੰਗਤੀ ਰੂਪ ’ਚ ਲੋਕ ਜੁੜ ਨਿੱਤ ਬਾਬੇ ਦੇ ਕੋਲ਼
ਤੋਸ਼ਾ ਸੱਚੇ ਨਾਮ ਦਾ ਭਰ ਲਿਜਾਵਣ ਝੋਲ਼।
ਲਾਲੋ ਦੇ ਘਰ ਤੱਕ ਕੇ ਬਾਬੇ ਦਾ ਕਿਆਮ
ਸੁਣ ਕੇ ਹਿੰਦੂ ਪਤਵੰਤੇ ਡਾਢੇ ਹੋਏ ਹੈਰਾਨ।
ਉੱਚੀ ਜਾਤ ਦੇ ਖੱਤਰੀ ਦਾ ਲਾਲੋ ਘਰ ਨਿਵਾਸ
ਉੱਤੋਂ ਦੀ ਮਿਰਾਸੀ ਮੁਸਲਿਮ ਰਹਿੰਦਾ ਉਹਦੇ ਪਾਸ।
ਸੁਣ ਕੇ ਬ੍ਰਾਹਮਣ ਪੰਡਤਾਂ ਹੋਇਆ ਮਨ ਮਲਾਲ
ਬਾਬੇ ਦੀ ਨਿੱਤ ਸੋਭ ਸੁਣ ਉੱਠਣ ਮਨੋਂ ਉਬਾਲ਼।
ਆਖੇ ਕੋਈ ਕੁਰਾਹੀਆ ਕੋਈ ਕਹੇ ਬੇਤਾਲ
ਮਹਾਂਨੂਰ ਨਿਰਭੈ ਅੱਗੇ ਪੁੱਛੇ ਕੌਣ ਸਵਾਲ ?
ਨਾਨਕ ਸੀ ਕਦ ਮੰਨਦੇ ਜਾਤਾਂ ਗੋਤਾਂ ਵਰਨ
ਪ੍ਰੇਮ ਸਹਿਤ ਗਲ਼ ਲਾਵੰਦੇ ਜੋ ਸੀ ਆਉਂਦਾ ਸ਼ਰਨ।
‘ਅਗੇ ਜਾਤ ਨ ਜੋਰ ਹੈ ਅਗੈ ਜੀਅ ਨਵੇ
ਜਿਨਕੀ ਲੇਖੇ ਪਤ ਪਵੇ ਚੰਗੇ ਸੇਈ ਕੇਇ॥’
ਰੋੜੀ ਵਾਲ਼ੇ ਥਾਂ ਗੁਰ ਜਾ ਕੇ ਆਸਣ ਲਾ
ਸਾਧ ਸੰਗਤ ਵਿਚ ਬੈਠ ਕੇ ਕਰਨ ਨਾਮ ਚਰਚਾ।
‘ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ॥
ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ॥



UNISTAR BOOKS PVT LTD.
Unistar Books Pvt Ltd.
UNISTAR BOOKS PVT LTD.

ਨਾਨਕ ਏਵੈ ਜਾਣੀਐ ਸਭੁ ਆਪੇ ਸਚਿਆਰੁ॥੪॥'
ਸੁਣ ਅਗੰਮੀ ਬੋਲ ਵੱਜੀ ਮਨ ਵੀਣਾ ਝਨਕਾਰ।
ਸੁਣਦੇ ਕੋਈ ਤਪਾ ਕਹੇ ਨਾਨਕ ਸ਼ਾਹ ਫ਼ਕੀਰ
ਦੁੱਖੜੇ ਸਭ ਦੇ ਹਰਨ ਬਹਿ ਦੇਵੇ ਦੁਖੀਆਂ ਧੀਰ।
ਰਾਤ ਪਈ ਤੇ ਜਾ ਕਰਨ ਲਾਲੋ ਘਰ ਬਿਸਰਾਮ
ਧਰਮਸ਼ਾਲ ਹੀ ਬਣ ਗਈ ਲਾਲੋ ਕੁਟੀਆ ਆਮ।
ਦੂਣ ਸਵਾਈ ਸ਼ੋਭ ਤੱਕ ਦੋਖੀਆਂ ਪੈਵਣ ਹੌਲ
ਸੜ-ਸੜ ਕੋਇਲੇ ਹੋਵੰਦੇ ਈਰਖ਼ਾ ਵਿਚ ਅਣਭੋਲ।
ਆਖ਼ਿਰ ਭਾਗੋ ਮਲਿਕ ਦੇ ਮਨ ਭੀਤਰ ਵਿਸ਼ ਘੋਲ
ਸਭਨਾਂ ਕੱਢੀ ਭੜਾਸ ਮਨ ਬੋਲ ਖੁੰਦਕੀ ਬੋਲ।

ਖੱਤਰੀ ਹੇਰੜ ਜਾਤ ਮਲਿਕ ਭਾਗੋ ਅਹਿਲਕਾਰ
ਹਾਕਮ ਜ਼ਾਲਮ ਖ਼ਾਨ ਦਾ ਹਿੰਦੂ ਕਾਰਮੁਖਤਾਰ।
ਅਤਿ ਹੰਕਾਰੀ ਸੁਣੀਂਦਾ ਵੱਡਾ ਰਿਸ਼ਵਤਖੋਰ
ਜ਼ੁਲਮ ਗ਼ਰੀਬਾਂ 'ਤੇ ਕਰੇ ਆੜ 'ਚ ਸ਼ਾਹੀ ਜ਼ੋਰ।
ਪਿਤਰੀ ਪੂਜਾ ਨਾਮ 'ਤੇ ਰੱਖਿਆ ਉਸ ਬ੍ਰਹਮ-ਭੋਜ
ਪੰਡਤ ਸਾਧੂ ਜਨਾਂ ਦੀ ਘਰ 'ਚ ਢੁੱਕੀ ਫ਼ੌਜ।
ਨਾਨਕ ਨੂੰ ਵੀ ਮਲਿਕ ਨੇ ਸੱਦਾ ਭੇਜਿਆ ਖ਼ਾਸ
ਬਾਬੇ ਮੁੱਖੋਂ ਨਾਹ ਸੁਣ ਹੋਇਆ ਅਤਿ ਨਿਰਾਸ਼।
ਸਮਝੀ ਸਖ਼ਤ ਨਿਰਾਦਰੀ ਨਾਲ਼ ਹਕੂਮਤ ਜ਼ੋਰ
ਹਾਜ਼ਰ ਕੀਤਾ ਆਣ ਦੋਹਾਂ ਮਲਿਕ ਅੱਖ ਦੇ ਫ਼ੋਰ।
'ਏਹਾ ਕੀ ਲਾਲੋ ਘਰੇ ਠੁਕਰਾਇਆ ਸੱਦਾ ਖ਼ਾਸ
ਜਾਤ ਮਿਰਾਸੀ ਮਰਦਾਨਾ ਰੱਖੇ ਹਰਦਮ ਪਾਸ'।
'ਕਦ ਹੁੰਦੀ ਦਰਵੇਸ਼ ਦੀ ਵਰਨ ਜਾਂ ਕੋਈ ਜਾਤ
ਜਿਹੜਾ ਖ਼ਸਮ ਵਿਸਾਰਦਾ ਉਹੀ ਹੈ ਕਮਜ਼ਾਤ'।
ਭਾਈ ਬੰਧੂ ਨਾਤੇ ਸਭ ਹੈਨ ਨਿਵੇਕਲ਼ੀ ਥਾਂ
ਜਾਤ ਧਰਮ ਤੇ ਦੇਸ਼ ਕੌਮ ਰੂਪ ਰੰਗ ਤੋਂ 'ਤਾਂਹ।

'ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥'
'ਜਾਤੀ ਪਾਤੀ ਵਿਤਕਰੇ ਤੇ ਜੇਕਰ ਨਹੀਂ ਵਿਚਾਰ
ਤਾਂ ਮੇਰੇ ਇਸ ਭੋਜ ਤੋਂ ਕੀਤਾ ਕਿਉਂ ਇਨਕਾਰ ?'
'ਦਸ ਨਹੁੰਆਂ ਦੀ ਕਿਰਤ ਹੀ ਅਸਲ ਵਿਚ ਬ੍ਰਹਮ-ਭੋਜ
ਨਾ-ਹੱਕਾ ਭੋਜਨ ਨਹੀਂ ਦਰਵੇਸ਼ਾਂ ਖਾਵਣ ਜੋਗ।


UNISTAR BOOKS PVT LTD.
Unistar Books Pvt Ltd.

ਨਾਨਕ ਨੇ ਫੁਰਮਾਇਆ, 'ਹੋਰੁ ਖਾਣਾ ਖੁਸੀ ਖੁਆਰੁ॥
ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥'
ਸੱਚ ਨਿਬੇੜਾ ਕਰਨ ਹਿਤ ਸਨਮੁਖ ਲੋਕ ਹਜ਼ਾਰ
ਸਤਗੁਰ ਨੇ ਮੰਗਵਾਇਆ ਦੋਹਾਂ ਤੋਂ ਆਹਾਰ।
ਦੋਹਾਂ ਹੱਥਾਂ ਵਿਚ ਫੜ ਰੋਟੀ ਜ਼ਾਹਰਾ ਪੀਰ
ਜ਼ੋਰ ਨਾਲ਼ ਦੋਏ ਮੁੱਠੀਆਂ ਦਿੱਤੀਆਂ ਤਦੋਂ ਨਪੀੜ।
ਪੂੜੇ 'ਚੋਂ ਲਹੂ ਸਿੰਮਿਆ ਕੋਧਰੇ ਵਿਚੋਂ ਦੁੱਧ
ਤੱਕਣ ਵਾਲ਼ੀ ਭੀੜ ਸਭ ਸੁਧੋਂ ਹੋਈ ਬੇਸੁੱਧ।
ਬਾਬੇ ਨੂੰ ਨਿਵਾਉਣ ਹਿਤ ਰਚਿਆ ਸੀ ਜੋ ਖੇਲ੍ਹ
ਸ਼ਰਮਿੰਦਾ ਭਾਗੋ ਹੋਇਆ ਜ਼ਿਮੀਂ ਨਾ ਦੇਵੇ ਵਿਹਲ!
ਰੱਤ ਪੀਣੇ ਲੋਕਾਂ ਘਰੀਂ ਦਾਨ ਵੀ ਹੈ ਬੇਕਾਰ
ਰੁੱਖੀ ਰੋਟੀ ਹੱਕ ਦੀ ਬ੍ਰਹਮ-ਭੋਜ ਆਹਾਰ।
'ਸੂਲ਼ਾਂ ਨਹੀਂਉਂ ਹੁੰਦੀਆਂ ਕਿੱਕਰਾਂ ਦੇ ਬੀ ਨਾਲ਼
ਪਰ ਜਦੋਂ ਬੀ ਉੱਗਦੈ ਧਾਰੇ ਰੁੱਖ ਵਿਕਰਾਲ।'
ਭਾਗੋ ਅਹੰ ਟੁੱਟਿਆ ਲੱਗੀ ਨਾਮ ਦੀ ਜਾਗ
ਆਤਮ ਤੱਤ ਪਛਾਣਿਆ, ਜਾਗੇ ਸੁੱਤੇ ਭਾਗ।
ਦੂਰ-ਦੁਰਾਡੇ ਫੈਲਿਆ ਬਾਬੇ ਦਾ ਸਤਿਕਾਰ
ਘੱਤ ਵਹੀਰਾਂ ਆਂਵਦੀ ਸੰਗਤ ਕਰਨ ਦੀਦਾਰ।
ਸੁਰਲ ਨਹੀਂ ਸੀ ਇਤਨਾ ਇਹ ਕੰਡਿਆਲਾ ਰਾਹ
ਫੜਨ ਲਈ ਸੀ ਦੁਖੀਆਂ ਸਾਦਕ ਖ਼ਲਕਤ ਬਾਂਹ।
ਤੱਕਿਆ ਜਦੋਂ ਪਾਂਡਿਆਂ ਸ਼ਾਖ਼ ਨੂੰ ਲੱਗਦੀ ਢਾਹ
ਰਲਮਿਲ ਪੰਡਿਆਂ-ਕਾਜ਼ੀਆਂ ਨਵਾਂ ਖੇਡਿਆ ਦਾਅ।
ਅਜੇ ਵੀ ਹੈਸਨ ਸੈਦਪੁਰ ਕਲ ਦੇ ਤਾਰਨਹਾਰ
ਹਾਕਮ ਜ਼ਾਲਮਖ਼ਾਨ ਦਾ ਹੋਇਆ ਪੁੱਤ ਬਿਮਾਰ।
ਦਵਾ ਹਿਤ ਅਜ਼ਮਾਇ ਸਭ ਹਿਕਮਤੀ ਅਤੇ ਹਕੀਮ
ਰੋਗ ਨ ਐਪਰ ਘਟਿਆ ਜਾਣੇ ਉਹੀ ਰਹੀਮ।
ਦੱਸਿਆ ਜਾ ਮਲਿਕ ਭਾਗੋ ਹਾਕਮ ਨੂੰ ਤਦ ਜਾਏ
ਕਾਮਲ ਸੰਤ ਫ਼ਕੀਰ ਕੋਈ ਬਖ਼ਸ਼ਿਸ਼ ਲਈ ਸਦਾਏ।
ਲਿਆਏ ਬੰਨ੍ਹ ਕੇ ਫ਼ੱਕਰਾਂ ਨੂੰ ਹਾਕਮ ਤਾਈਂ ਸੁਣਾਏ
ਨਾਲ਼ ਹੀ ਬਾਬਾ ਨਾਨਕ ਵੀ ਮਹਿਲੀਂ ਲਿਆ ਬੁਲਾਏ।
ਹਾਕਮ ਤਾਈਂ ਆਖਿਆ ਤਦੋਂ ਨਾਨਕ ਖ਼ਾਸ
'ਫ਼ੱਕਰਾਂ ਤਾਈਂ ਬੰਨ੍ਹ ਕੇ ਕਿਸ ਬਖ਼ਸ਼ਿਸ਼ ਦੀ ਆਸ ?'

UNISTAR BOOKS PVT LTD. Unistar Books Pvt Ltd. UNISTAR BOOKS PVT LTD.

ਕਿੱਕਰਾਂ ਨੂੰ ਵੀ ਤੱਕਿਐ ਲੱਗੇ ਕਦੀ ਅੰਗੂਰ
ਅੱਕੀਂ ਸ਼ਹਿਦ ਨਿਕਲ਼ਦਾ ਤੱਕਿਐ ਕੀ ਮਗ਼ਰੂਰ ?
ਬਾਬੇ ਦੀ ਮੰਨ ਸਿੱਖਿਆ ਸਤਗੁਰ ਕਹਿਣੇ ਲੱਗ
ਕੀਤੇ ਮੰਜ਼ਿਲ ਵੱਲ ਰਵਾਂ ਸਭ ਫ਼ਕੀਰ ਛੱਡ।
ਬੋਲਿਆ, 'ਪਤਾ ਨਾ ਮੁਝ ਥੀਂ ਹੋਈ ਕੌਣ ਖ਼ਤਾ
ਬਖ਼ਸ਼ੋ! ਮੇਰੇ ਪੁੱਤ ਨੂੰ ਰੋਗੋਂ ਹੋਏ ਸਫ਼ਾ।'
ਕਿਰਤੀ ਲਾਲੋ ਘਰੋਂ ਤਦ ਅੰਨ ਦਾ ਟੁੱਕ ਮੰਗਵਾ
ਸੁੱਚਾ ਅੰਨ ਗ਼ਰੀਬ ਦਾ ਰੋਗੀ ਤਾਈਂ ਖੁਆ।
ਹੋਇਆ ਪੁੱਤ ਨਿਰੋਗ ਤਦ ਲੋਕ ਹੋਏ ਬਲਿਹਾਰ
ਬਾਬੇ ਵੱਲ ਫ਼ਰਜ਼ੰਦ ਤਦ ਤੱਕਿਆ ਨਾਲ਼ ਪਿਆਰ।
ਨਗਰੋਂ ਬਾਹਰ ਜਿਸ ਥਾਂ ਬਾਬਾ ਟਿਕੇ ਸੀ ਆਣ
'ਰੋੜੀ ਸਾਹਿਬ ਗੁਰਦੁਆਰਾ' ਬਣਿਆ ਆਲੀਸ਼ਾਨ।
'ਜਿਥੇ ਬੈਸਣ ਸਾਧ ਜਨ' ਲੱਗਣ ਉਥੇ ਭਾਗ
ਜੀਵਨ ਸਫ਼ਲ ਬਣਾਉਂਦੇ ਸੱਚ ਨਾਮ ਲਾ ਜਾਗ।
ਬਾਬੇ ਦਿੱਤਾ ਨਾਮ ਦਾ ਐਸਾ ਦੀਵਾ ਬਾਲ਼
ਗ਼ਰੀਬ ਨਿਮਾਣੀ ਕੁਟੀਆ ਬਣ ਗਈ ਧਰਮਸ਼ਾਲ।
ਸਿਦਕ ਸਬੂਰੀ ਸਤਿ-ਧਰਮ ਦਾ ਹੋਣ ਲੱਗਾ ਪ੍ਰਚਾਰ
ਜਾਣੇ ਸਮੇਂ ਗੁਰੂ ਥਾਪਿਆ ਭਾਈ ਲਾਲੋ ਮੰਜੀਦਾਰ।
ਪੈਂਡਾ ਢਾਈ ਮੀਲ ਦਾ ਰੋਜ਼ ਔਸਤਨ ਗਾਹ
ਪੈ ਗਏ ਬਾਬਾ ਤੇ ਰਬਾਬੀ ਹਰਿਦੁਆਰ ਦੇ ਰਾਹ।
ਪੈਂਡਾ ਕਰ ਰੁਕਦੇ ਉੱਥੇ ਜਿਥੇ ਪੈਂਦੀ ਰਾਤ
ਨਾਮ ਸ਼ਬਦ ਕੀਰਤਨ ਗਾ ਕੇ ਬੁੱਧ ਕਰਨ ਪਰਗਾਸ।
ਸਾਈਂ ਕਾਰ ਕਮਾਂਵਦੇ ਜੋ ਭਾਵੇ ਕਰਤਾਰ
ਲੰਮਾ ਪੈਂਡਾ ਤਹ ਕਰ ਗੁਰ ਪੁੱਜੇ ਹਰਿਦੁਆਰ।

## ਹਰਿਦੁਆਰ

ਲਿਖਿਆ ਆਇਨ-ਏ-ਅਕਬਰੀ ਮਾਇਆਪੁਰ ਇਸ ਨਾਮ
ਹਿਊਨਸਾਂਗ ਸਮੇਂ ਸੀ ਕਹਿੰਦੇ 'ਮਊਲੋ' ਇਸ ਅਸਥਾਨ।
ਰਿਸ਼ੀ ਰੈਮਿਕਾ ਤਪ ਰਾਹੀਂ ਮੋਹੇ ਵਿਸ਼ਨੂੰ ਭਗਵਾਨ
ਰਿਸ਼ੀਕੇਸ਼ ਹੋਵਣ ਦਾ ਮਿਲਿਆ ਏਸ ਜਗ੍ਹਾ ਵਰਦਾਨ।
ਸੀਤਲ, ਸ਼ਾਂਤ, ਇਕਾਂਤ ਤਪੋ ਧਰਤ ਦਿਉਤਿਆਂ ਮਾਣ
ਭੂਮੀ ਮੋਕਸ਼ ਦੁਆਰ ਕਹ ਮੰਨਣ ਵਿਚ ਜਹਾਨ।



UNISTAR BOOKS PVT LTD. Unistar Books Pvt Ltd. Unistar Books Pvt Ltd. Unistar Books Pvt Ltd. UNISTAR BOOKS PVT LTD.

ਚੋਟੀਆਂ ਉੱਤੇ ਪੈ ਰਹੀ ਚਾਂਦੀ ਰੰਗੀ ਧੁੱਪ
ਅੱਖਾਂ ਤੱਕ ਚੁੰਧਿਆਉਂਦੀਆਂ ਮਾਣ ਅਗੰਮੀ ਸੁੱਖ।
ਕੈਲ ਚੀਲ੍ਹ ਦੇ ਸਘਨ ਵਣਾਂ ਧੁੰਦਲਾਇਆ ਪਰਕਾਸ਼
ਅਦਭੁਤ ਦ੍ਰਿਸ਼ ਪਹਾੜੀਆਂ ਛੋਹਣਾ ਚਾਹੁਣ ਆਕਾਸ਼।
ਗੰਗ ਕਿਨਾਰੇ ਸੋਹੰਦਾ ਤੀਰਥ ਹਰਿਦੁਆਰ
ਇਕ ਤਰਫ਼ੀਂ ਨੇ ਉਸਰੇ ਮੰਦਰ ਬਹੁ ਪ੍ਰਕਾਰ।
ਥਾਂ-ਥਾਂ ਲੱਥੀਆਂ ਪਉੜੀਆਂ ਗੰਗਧਾਰ ਵਿਚਕਾਰ
ਬਾਰ-ਬਾਰ ਧੋਏ ਇਨ੍ਹਾਂ ਸ਼ੀਤਲ ਜਲ ਦੀ ਧਾਰ।
ਪਾਪ ਧੋਣ ਲਈ ਪੁੱਜਦੇ ਚਹੁ ਕੂੰਟਾਂ ਤੋਂ ਲੋਕ
ਨਾਮ ਪਿਤਰਾਂ ਦਾਨ ਕਰਨ ਬੈਠੇ ਜੋ ਪਰਲੋਕ।
ਪੂਜਣ ਪ੍ਰਤਿਮਾ ਰਿਸ਼ੀ ਗਨੇਸ਼ ਕਿਧਰੇ ਗੋਪੀ ਕਾਨ੍ਹ
ਸ਼ਿਵਪੂਜਨ ਹੋਵੇ ਕਿਤੇ ਕਿਧਰੇ ਜੈ ਸੀਆ ਰਾਮ।
ਕਿਧਰੇ ਸਾਧੂ ਮੰਡਲੀਆਂ ਬੈਠ ਕਰਨ ਵਖਿਆਨ
ਜਟਾਂ-ਜੂਟ ਮੋਨੀ ਕਿਤੇ ਬੈਠੇ ਲਾਈ ਧਿਆਨ।
ਰਾਹੂ/ਕੇਤੂ ਭਰਮ ਜੋਤਸ਼ੀ ਦੱਸਣ ਪੱਤਰੀ ਫੋਲ
ਦੱਸ ਰਹੇ ਬੰਸਾਵਲੀ ਪਾਂਡੇ ਵਹੀਆਂ ਖੋਲ੍ਹ।
ਨਿਆਰੇ-ਨਿਆਰੇ ਭੇਖ ਮਤ ਨਿਆਰੇ ਚਿੰਨ੍ਹ ਨਿਸ਼ਾਨ
ਪਾ ਕੇ ਸ਼ੰਕੇ ਭਰਮ ਲੋਕਾਈ ਜੋਗੀ ਮੰਗਣ ਦਾਨ।
ਕਿਧਰੇ ਵੈਸ਼ਨੂੰ ਸੁੱਚ ਭਿੱਟ ਮੰਨ ਚੌਂਕਾ ਪੋਚ-ਸੰਵਾਰ
ਖਾਣ ਲਈ ਸੀ ਕਰ ਰਹੇ ਸੁੱਚਾ ਭੋਜਨ ਤਿਆਰ।
ਸੰਧਿਆ ਆਰਤੀ ਥਾਲ਼ ਵਿਚ ਦੀਵੇ ਟਿਮਟਿਮਾਣ
ਤਾਰੇ ਉੱਤਰ ਆਕਾਸ਼ ਜਿਉਂ ਗੰਗ ਕਰਨ ਇਸ਼ਨਾਨ।
ਦੂਰ-ਦੁਰਾਡਿਉਂ ਜੁੜ ਕੇ ਲੋਕਾਂ ਦਾ ਪਰਵਾਹ
ਗੰਗ-ਤੱਟ ਇਧਰ-ਉੱਧਰ ਫਿਰਦਾ ਬੇਪਰਵਾਹ।

ਵੈਸਾਖੀ ਦਾ ਦਿਨ ਸੀ ਪਾਵਨ ਇਹ ਤਿਉਹਾਰ
ਲੋਕੀਂ ਜਾਵਣ ਟੁੱਭੀਆਂ ਸ਼ਰਧਾ ਰੱਖ ਅਪਾਰ।
ਧਰਤ ਲੋਕਾਈ ਸੋਧਦੇ ਤੁਰ ਕੇ ਲੰਮੀ ਵਾਟ
ਸੈਦਪੁਰ ਤੋਂ ਚੱਲ ਗੁਰ ਪੁੱਜੇ ਗੰਗਾ ਘਾਟ।
ਕੁਝ ਦੂਰੀ ਦੀ ਵਿੱਥ 'ਤੇ ਬੈਠੇ ਬਾਬਾ ਜਾ
ਪਾਕ ਜਗ੍ਹਾ ਜਿਸ ਆਖਦੇ ਲੋਕ 'ਨਾਨਕਵਾੜਾ'।
ਸੈਆਂ ਲੋਕੀਂ ਨਹਾ ਰਹੇ ਸੀ ਜਲ ਦੇ ਸੂਰਜ ਵੱਲ
ਮਗਰੋਂ ਛੱਟੇ ਮਾਰ ਭੇਜਦੇ ਪਿਤਰਾਂ ਤਾਈਂ ਜਲ।



UNISTAR BOOKS PVT LTD
Unistar Books Pvt Ltd
Unistar Books Pvt Ltd
UNISTAR BOOKS PVT LTD.

'ਹਰ ਹਰ ਗੰਗੇ', 'ਸ਼ਿਵਪੁੱਤਰੀ' ਮੁੱਖੋਂ ਕਰਨ ਉਚਾਰ
ਪਿਤਰ-ਲੋਕ ਜਲ ਭੇਜ ਕੇ ਸੋਚਣ ਹੋਇਆ ਉਧਾਰ।
ਥਾਉਂ-ਥਾਈਂ ਪੰਡੇ ਸਾਧੂ ਬੈਠੇ ਟੋਲੀਆਂ ਬੰਨ੍ਹ
ਦੀਵੇ ਬਾਲ਼ ਕੇ ਆਰਤੀ ਕਰਦੇ ਹੋ ਪ੍ਰਸੰਨ।
ਨਾਵ੍ਹਣ ਬਾਦੋਂ ਕਈ ਲੋਕ ਪੰਡਿਆਂ ਕੋਲ਼ੇ ਜਾ
ਕਰਮਕਾਂਡ ਦਾ ਕਰ ਰਹੇ ਸੀ ਵਿਧੀਵਤ ਨਿਭਾਅ।
ਇਕ ਤਰਫ਼ੇ ਸੀ ਦਿਬ-ਦ੍ਰਿਸ਼ਟ ਦੂਏ ਸੀ ਦੇਹ ਚਰਮ
ਚੰਮ ਦਾ ਇਹ ਇਸ਼ਨਾਨ ਸੀ ਬਸ ਲੋਕਾਈ ਧਰਮ!
ਨਾਨਕ ਜੀ ਵੀ ਆ ਖੜ੍ਹੇ ਸਹਜ ਭਾ ਉਸ ਪਲ
ਪੂਰਬ ਵੰਨੀਂ ਦੇ ਰਹੇ ਸੀ ਜਿਥੇ ਲੋਕੀਂ ਜਲ।
ਪੱਛਮ ਵੰਨੀਂ ਮੂੰਹ ਕਰ ਜਦ ਗੁਰਾਂ ਉਛਾਲ਼ਿਆ ਜਲ
ਲੋਕ-ਮਨਾਂ ਇਹ ਤੱਕ ਕੇ ਡਾਢੀ ਹੋਈ ਹਲਚਲ।
ਇਕ-ਦੂਏ ਨੂੰ ਪੁੱਛਦੇ ਤਰ੍ਹਾਂ-ਤਰ੍ਹਾਂ ਦੇ ਸਵਾਲ
'ਉਲਟ ਦਿਸ਼ਾ ਜਲ ਦੇਵਣਾ ਕੇਹੀ ਪੁੱਠੀ ਚਾਲ ?
ਬੰਦਾ ਜੋ ਪਹੁੰਚਾ ਰਿਹੈ ਉਲਟੇ ਪਾਸੇ ਜਲ
ਹਿੰਦੂ ਤਾਂ ਨਹੀਂ ਜਾਪਦਾ ਕਿੱਥੋਂ ਆਇਆ ਚੱਲ ?'
ਨਾਨਕ ਕਿਹਾ, 'ਪਾਂਡਿਓ! ਦੱਸੋ ਮੈਨੂੰ ਖੋਲ੍ਹ
ਸੂਰਜ ਕੰਨੀਂ ਭੇਜਦੇ ਕਿਉਂ ਪਾਣੀ ਪਿੱਤਰਾਂ ਕੋਲ ?'
ਪਾਂਡੇ ਆਖਿਆ, ਖ਼ੁਸ਼ੀ ਥੀਣ ਪੀ ਕੇ ਪਿੱਤਰ ਜਲ
ਇਸੇ ਲਈ ਹਾਂ ਭੇਜਦੇ ਪਿੱਤਰਾਂ ਤਾਈਂ ਜਲ।'
ਬਾਬੇ ਪੁੱਛਿਆ, 'ਪਿੱਤਰ ਲੋਕ ਇਥੋਂ ਕਿੰਨੀ ਦੂਰ ?'
ਇਕ ਕਿਹਾ, 'ਜੀ ਕੋਹ ਕਰੋੜੀਂ ਇਥੋਂ ਹੋਊ ਹਜ਼ੂਰ।'
ਸੁਣਦਿਆਂ ਬਾਬੇ ਆ ਗਈ ਹੋਠਾਂ 'ਤੇ ਮੁਸਕਾਨ
ਫਿਰ ਵੀ ਨਿਸ਼ਾ ਕਰਾਉਣ ਹਿਤ ਬੋਲੇ ਸ਼ਾਹ ਸੁਜਾਨ।
'ਆਉਣ ਸਮੇਂ ਤਲਵੰਡੀਉਂ ਬੀਜ ਫ਼ਸਲ ਇਕ ਥਾਂ
ਰਾਖੀ ਲਈ ਨਾ ਛੱਡ ਸਕੇ ਪਿੱਛੇ ਕੋਈ ਗਿਰਾਂ।
ਟਿੱਬੇ ਬੋਈ ਫ਼ਸਲ 'ਤੇ ਨਾ ਪਾਣੀ ਟਿਕੇ ਖੇਤ
ਸੁੱਕ ਨਾ ਜਾਏ ਉਹ ਕਿਤੇ ਪਾਣੀ ਦਿੱਤੈ ਭੇਜ।
ਪਾਣੀ ਪਿੱਤਰਾਂ ਪੁੱਜਦਾ ਜੇ ਕੋਹ-ਕਰੋੜੀਂ ਦੂਰ
ਤਲਵੰਡੀ ਦੇ ਖੇਤ ਮਸੀਂ ਸੌ ਕੋਹ! ਬੋਲੇ ਨੂਰ!
ਬਾਬੇ ਆਖਿਆ, 'ਕੱਢ ਦਿਓ ਮਨੋਂ ਸ਼ੱਕ ਅੰਦੇਸ਼
ਕਿਸੀ ਤਰ੍ਹਾਂ ਨਹੀਂ ਪੁੱਜਦਾ ਪਾਣੀ ਪਿਤਰਾਂ ਹੇਤ!'

UNISTAR BOOKS PVT LTD.
Unistar Books Pvt Ltd.
Pvt Ltd.
Unistar Books Pvt Ltd.
UNISTAR BOOKS PVT LTD.

ਕੋਈ ਕਹੇ ਮਹਾਂਪੁਰਖ ਹੈ ਪਾਰ ਦ੍ਰਿਸ਼ਟੀ ਦ੍ਰਿਸ਼ਟ
ਪਰਮੇਸ਼ਰ ਨੇ ਘੱਲਿਆ ਤਾਰਨ ਲਈ ਸ੍ਰਿਸ਼ਟ।
ਪ੍ਰੇਰਿਤ ਹੋ ਕੇ ਗੁਰਾਂ ਤੋਂ ਸਭਨਾਂ ਕਿਹਾ ਰਲ਼
ਭੋਜਨ ਪਾਉ ਗੁਰੂ ਜੀ ਨਾਲ਼ ਅਸਾਡੇ ਚੱਲ।
ਬਾਬੇ ਤੱਕਿਆ ਵੈਸ਼ਨਵ ਇਕ ਲੀਕਾਂ ਰਿਹਾ ਸੀ ਖਿੱਚ
ਨੀਚ ਜਾਤ ਦੀ ਪਰਛਾਈਂ ਚੌਂਕਾ ਦੇਇ ਨ ਭਿੱਟ ?
ਸਤਗੁਰ ਤਦੋਂ ਨਿਤਾਰ ਕੇ ਸੁੱਚ-ਭਿੱਟ ਦੇ ਅਰਥ
'ਸਿਰੀ ਰਾਗ' ਵਿਚ ਉਚਰਿਆ ਰਮਜ਼ ਭਰਿਆ ਸ਼ਬਦ।

ਕੁਬੁਧਿ ਡੂਮਣੀ ਕੁਦਇਆ ਕਸਾਇਣਿ
ਪਰ ਨਿੰਦਾ ਘਟ ਚੂਹੜੀ ਮੁਠੀ ਕ੍ਰੋਧਿ ਚੰਡਾਲਿ ॥
ਕਾਰੀ ਕਢੀ ਕਿਆ ਥੀਐ ਜਾਂ ਚਾਰੇ ਬੈਠੀਆ ਨਾਲਿ ॥
ਸਚੁ ਸੰਜਮੁ ਕਰਣੀ ਕਾਰਾਂ ਨਾਵਣੁ ਨਾਉ ਜਪੇਹੀ ॥
ਨਾਨਕ ਅਗੈ ਊਤਮ ਸੇਈ ਜਿ ਪਾਪਾਂ ਪੰਦਿ ਨ ਦੇਹੀ ॥1॥

(**ਗੁਰੂ ਗ੍ਰੰਥ**, ਪੰਨਾ 91)

'ਲੀਕਾਂ ਕੱਢੀਆਂ ਕਿਸ ਅਰਥ ਤਨ ਸੁੱਚੇ ਦਾ ਕੀ ?
ਭਿੱਟ ਵਸਤ ਸਤਗੁਰੂ ਹੈ ਵੈਸ਼ਨਵ ਬੁੱਧੀ।
ਦੁਸ਼ਬਿਰਤੀ ਚਾਹੀਏ ਰੱਖਣੀ ਵਿਚ ਸੰਜਮ
ਹੋਮ ਜਗ ਹੈ ਦੇਵਣਾ ਭੁੱਖਿਆਂ ਤਾਈਂ ਅੰਨ।
ਰੱਬੀ ਪ੍ਰੀਤ ਦੇ ਸਾਹਮਣੇ ਕਰਮਕਾਂਡ ਸਭ ਰੱਦ
ਧਾਰਮਿਕਤਾ ਕਿਸ ਅਰਥ ? ਜੋ ਫੋਕੀ ਰੀਤੀ-ਬੱਧ।
ਧਰਮ-ਪਾਂਧੀਆਂ ਧਰਮ ਹੈ ਵਿਚਰਣ ਹੌਲ਼ੇ-ਫੁੱਲ
ਮਾਇਆ ਦਾ ਨਹੀਂ ਪੈਵਣਾ ਦਰ ਪਰਮੇਸ਼ਰ ਮੁੱਲ।'
ਪਰਤੀ ਸੁਰਤ ਖੜੋਤਿਆਂ ਲੋਕਾਂ ਦੀ ਸੁਣ ਉਪਦੇਸ਼
ਆਖਣ, 'ਗੁਰ ਕਲਿਆਣ ਕਰੋ ਬਖਸ਼ੋ ਬੁਧਿ ਵਿਵੇਕ।'
ਪਰਮੇਸ਼ਰ-ਰੰਗ ਰੰਗ ਗੁਰ ਕੀਤੀ ਮਿਹਰ ਅਪਾਰ
ਕੀਤੇ ਸਿੱਖ ਆਸੀਸ ਦੇਇ ਆਪਣੀ ਕਿਰਪਾ ਧਾਰ।
ਨਾਨਕ ਦੀ ਵਡ-ਮੂਰਤੀ ਰੱਖ ਕੇ ਏਸ ਜਗ੍ਹਾ
ਸੰਪ੍ਰਦਾਈ ਉਦਾਸੀ ਸਾਧੂ ਕਰਦੇ ਰੱਖ-ਰਖਾ।
ਸੱਤਵੇਂ ਗੁਰੂ ਦੇ ਸਿੱਖ ਸਨ ਬਾਬਾ ਭਗਤ ਭਗਵਾਨ
ਨਾਨਕ ਦੀ ਸਿੱਖੀ ਫੈਲਾਈ ਦੂਰ-ਦੁਰਾਡੇ ਥਾਂਵ।

UNISTAR BOOKS PVT LTD.
Unistar Books Pvt Ltd.
Unistar Books Pvt Ltd.
UNISTAR BOOKS PVT LTD.

## ਕੋਟ ਦੁਆਰਾ

ਹਰਿਦੁਆਰ ਤੋਂ ਚੱਲ ਕੇ ਲੰਮੀ ਦ੍ਰਿਸ਼ਟ ਨਿਹਾਰ
ਕਨਖਲ ਪੁੱਜੇ ਸਤਗੁਰੂ ਤਪਦੇ ਹਿਰਦੇ ਠਾਰ।
ਕੋਟ ਦੁਆਰੇ ਜਾ ਪੁੱਜੇ ਵਿਚ ਟੀਹੜੀ ਗੜਵਾਲ
ਵਹਿਮਾਂ-ਭਰਮਾਂ ਵਿਚ ਗ੍ਰਸੇ ਲੋਕ ਸ਼ੰਕਿਆਂ ਨਾਲ਼।
ਦੇਵੀ ਪੂਜਨ ਨਾਲ਼ ਨਾਲ਼ ਮੰਨਣ ਵਰਾਹ ਅਵਤਾਰ
ਪੱਥਰ ਗਲ਼ ਲਟਕਾਂਵਦੇ ਸ਼ਰਧਾ ਰੱਖ ਅਪਾਰ।
ਲੋਕਾਂ ਨੂੰ ਸਮਝਾਇਆ ਸਤਗੁਰ ਪੁੱਜ ਕੇ ਖ਼ਾਸ
ਸਭੋ ਜੀਵਾਂ ਵਿਚ ਹੈ ਇਕ ਪ੍ਰਭ ਦਾ ਵਾਸ।
ਵਰਜਿਆ ਪੱਥਰ ਪੂਜਣੋਂ ਲਾ ਕੇ ਇਕ ਦੇ ਲੜ
ਲਾਹ ਸੁੱਟੇ ਪਾਹਣ ਗਲ਼ੋਂ ਲੜ ਗੁਰਾਂ ਦਾ ਫੜ।
ਜਿਹੜੀ ਥਾਵੇਂ ਬੈਠ ਗੁਰ ਕੀਤਾ ਸੀ ਵਖਿਆਨ
'ਚਰਨ ਪਾਦੁਕਾ' ਆਖਦੇ ਲੋਕੀਂ ਉਸ ਸਥਾਨ।

## ਅਲਮੋੜਾ

ਕਮਾਊ ਦੀਆਂ ਪਹਾੜੀਆਂ ਪਰਬਤ ਰੋਹੀ ਅਸਥਾਨ
ਕੋਟ ਦੁਆਰਾ ਤਾਰ ਗੁਰ ਅਲਮੋੜਾ ਪੁੱਜੇ ਆਣ।
ਸੰਘਣੇ ਰੁੱਖ ਹਰਿਆਵਲੇ ਚਹੁੰ-ਤਰਫ਼ੀਂ ਉਜਾੜ
ਸੰਘਣੇ ਝਾੜਾਂ ਵਿਚ ਛੁਪੇ ਸ਼ੇਰ, ਚੀਤੇ, ਬਘਿਆੜ।
ਚੰਦ ਸ਼ਾਸਕਾਂ ਦੇ ਸਮੇਂ ਕਿਲ੍ਹੇ ਬਣੇ ਸੀ ਢੇਰ
ਕਲਾ ਸੰਸਕ੍ਰਿਤੀ ਸਿੱਖਿਆ ਬਦਲ ਸਮੇਂ ਦੇ ਫੇਰ।
ਚਿਤਈ ਗੋਲੂ, ਕਸਰ ਦੇਵੀ, ਨੰਦਾ ਮੰਦਰ ਧਾਮ
ਕਿਦਾਰ ਨਾਥ ਸ਼ੈਲੀ ਦ੍ਰਿੜ੍ਹਾਉਂਦਾ ਜਾਗੇਸ਼੍ਵਰ ਅਸਥਾਨ।
ਚੰਦ ਜਾਤ ਦੇ ਰਾਜਿਆਂ ਸੀ ਵਿਚ ਅਲਮੋੜਾ ਰਾਜ
ਸ਼ਰਧਾ ਨਾਲ਼ ਸੀ ਪੂਜਦੇ ਨੰਦਾ ਪ੍ਰਤਿਮਾ ਖ਼ਾਸ।
ਨੌਂ ਦੁਰਗਾਵਾਂ 'ਚੋਂ ਮੰਨਣ ਨੰਦਾ ਦੇਵੀ ਇਕ
ਸ਼ਿਵਮੰਦਰ ਡਿਊੜੀ ਵਿਚ ਦੇਵੀ ਪ੍ਰਤਿਮਾ ਸਥਿਤ।
ਭਾਦੋਂ ਮਾਂਹ 'ਚ ਆਂਵਦਾ ਸੀ ਵੱਡਾ ਤਿਉਹਾਰ
ਰੰਗਲੇ ਗਹਿਣੇ ਕੱਪੜੇ ਪਾ ਆਉਂਦੇ ਸੀ ਨਰ ਨਾਰ।
ਝੋੜਾਂ, ਛੋਲੀਆਂ ਅਤੇ ਛਪੇਲੀ ਵੰਨੋ-ਵੰਨ ਦੇ ਨਾਚ
ਮਰਦ ਤ੍ਰੀਮਤਾਂ ਨੱਚਦੇ ਰਲ਼ ਕੇ ਢੋਲ ਦੀ ਥਾਪ।
ਰਲ਼-ਮਿਲ਼ ਸਾਰੇ ਪੂਜਦੇ ਨੰਦਾ ਪ੍ਰਤਿਮਾ ਮਾਂ
ਪੂਜ ਪਿੱਛੋਂ ਫਿਰ ਦੇਵੰਦੇ ਭੈਸਾ ਬਲੀ ਚੜ੍ਹਾ।



UNISTAR BOOKS PVT LTD.
Unistar Books Pvt Ltd.

ਪੁੱਜੇ ਨਾਨਕ ਜਿਸ ਸਮੇਂ ਅਲਮੋੜਾ ਵਿਚ ਖ਼ਾਸ
ਚੰਦ ਵੰਸ਼ ਦੇ ਰਾਜਿਆਂ ਦਾ ਹੈਸੀ ਉਥੇ ਰਾਜ।
ਰਾਹਗੀਰ ਰਾਹੋਂ ਭਟਕੇ ਰਾਹਾਂ ਵਿਚੋਂ ਚੁੱਕ
ਦੇਵੀ ਨੂੰ ਖ਼ੁਸ਼ ਕਰਨ ਲਈ ਦੇਵਣ ਬਲੀ ਮਨੁੱਖ।
ਲਾਡ ਲਡਾਉਂਦੀ ਬੱਚਿਆਂ ਨੂੰ ਜੋ ਮਾਂ ਲਾਵੇ ਹਿੱਕ
ਖ਼ੁਦ ਕਿੱਦਾਂ ਫਿਰ ਜੀਂਵਦੀ ? ਪੁੱਤਰਾਂ ਦੇ ਸਿਰ ਭੱਖ ?
ਨਸ਼ੇ ਅਹੰ ਵਿਚ ਰਹਿਵੰਦੇ ਸੀ ਸਦਾ ਉਹ ਮਸਤ
ਸਾਹਵੇਂ ਹੁੰਦੇ ਪਾਪ ਤੱਕ ਖੌਲਦੀ ਨਹੀਂ ਸੀ ਰੱਤ।
ਤੰਤ੍ਰ-ਮੰਤ੍ਰ ਕਰ ਸਿੱਧੀਆਂ ਲੋਕ ਦਿਖਾਵਣ ਸ਼ਕਤਿ
ਵਜਰਾਇਣ ਬੁੱਧ ਧਰਮ 'ਚੋਂ ਕਈ ਤਿਆਗੀ ਭਗਤ।
ਰਾਹੀ ਭੋਲ਼ੇ ਭਾਲ਼ਿਆਂ ਨੂੰ ਰਾਹੋਂ ਕਰ ਗੁੰਮਰਾਹ
ਸਿਰ ਕਲਮ ਕਰ ਚਾੜ੍ਹਦੇ ਦੇਵੀ ਦੀ ਭੇਟਾ।
ਚੰਦ ਰਾਜੇ ਦੇ ਪਾਸ ਬੈਠ ਬਾਬੇ ਕਰੀ ਵੀਚਾਰ
ਭਟਕੇ ਰਾਹੀਆਂ ਦੀ ਬਲੀ ਡਾਢਾ ਅੱਤਿਆਚਾਰ ?
ਸਾਰੀ ਖ਼ਲਕਤ ਵਿਚ ਹੈ ਇਕ ਸਾਈਂ ਦਾ ਨੂਰ
ਪੱਥਰਾਂ 'ਤੇ ਰੱਤ ਡੋਲ੍ਹ ਕਿੰਜ ਮਨਸਾ ਹੋਊ ਪੂਰ ?
ਦੇਵੀ ਕਦ ਖ਼ੁਸ਼ ਹੋਵੰਦੀ ਸਿਰ ਪੁੱਤਾਂ ਦੇ ਭੱਖ
ਲੋਕਾਂ ਤਾਈਂ ਜਗਾਇਆ-ਬਚਨ ਅਮੋਲਕ ਕੱਥ।
ਇਕ ਅਕਾਲ ਜੋਤ ਦਾ ਨਾਨਕ ਕਰ ਪਰਚਾਰ
ਤੰਤ੍ਰ ਮੰਤ੍ਰ ਪਾਖੰਡ ਤੋਂ ਵਰਜਿਆ ਤਾਰਨਹਾਰ।
'ਬਾਬੇ ਤਾਰੇ ਚਾਰ ਚਕਿ' ਵਿਚ ਲਿਖਿਆ ਲੇਖਣਹਾਰ
ਅਲਮੋੜਾ ਜਿਸ ਥਾਂਵ ਸੀ ਬੈਠੇ ਤਾਰਨਹਾਰ।
ਮੰਜੀ ਸਾਹਿਬ ਗੁਰਦੁਆਰਾ ਬਣਿਆ ਸੀ ਅਸਥਾਨ
ਲਾਲਚ-ਵੱਸ ਉਦਾਸੀ ਸਾਧਾਂ ਵੇਚਿਆ ਇਹ ਗੁਰਧਾਮ।
ਏਥੇ ਦਾ ਰਾਜਾ ਕਤਯੂਰ ਸੀ ਡਾਢਾ ਸ਼ਰਧਾਵਾਨ
ਦੋ ਸੌ ਏਕੜ ਜ਼ਿਮੀਂ ਲੁਆਈ ਸੀ ਉਸ ਪਾਕ ਸਥਾਨ।
ਅਲਮੋੜੇ ਦਾ ਦੇਖੀਏ ਪੁਰਾਤਨ ਖੋਲ੍ਹ ਰਿਕਾਰਡ
'ਨਾਨਕ ਦੇਵਤੇ' ਨਾਮ ਲਿਖੀ ਜ਼ਿਮੀਂ ਦੁਆਏ ਯਾਦ।
ਅਲਮੋੜੇ ਰਾਜੇ ਤਾਈਂ ਸੱਚ ਦਾ ਮਗ ਵਿਖਾ
ਗੋਰਖਮਤੇ ਵੱਲ ਨੂੰ ਫੜਿਆ ਜੰਗਲੀ ਰਾਹ।

UNISTAR BOOKS PVT LTD.
Unistar Books Pvt Ltd.

## ਗੋਰਖਮਤਾ

ਨਾਲ਼ ਜੋਗੀਆਂ ਧੁਰੋਂ ਸੀ ਬਾਬੇ ਦੀ ਪਹਿਚਾਣ
ਸਾਂਦਲਬਾਰ 'ਚ ਖੁੱਲ੍ਹਮ-ਖੁੱਲ੍ਹਾ ਹੈਸੀ ਆਵਣ-ਜਾਣ।
ਅਕਸਰ ਵਿਚ ਇਕਾਂਤ ਬੈਠ ਜੋਗੀ ਹਾੜ੍ਹ ਸਿਆਲ਼
ਜੋਗ ਜੁਗਤ ਤਨ ਭੇਦ ਦੀ ਚਰਚਾ ਕਰਨ ਵਿਸ਼ਾਲ।
ਕਈ ਚਿਰਾਂ ਦੇ ਸੁੱਕੇ ਹੋਏ ਪਿੱਪਲ ਹੇਠਾਂ ਆਣ
ਦੇਇ ਆਵਾਜ਼ਾ 'ਸਤਿਨਾਮ' ਬੈਠੇ ਜਾਣੀ ਜਾਣ।
ਹਰਿਆ ਹੋਇਆ ਚਰਨ ਛੋਹ ਪਾ ਸੁੱਕਾ ਪਿੱਪਲ਼ ਰੁੱਖ
ਥਾਨ ਸੁਹਾਵਾ ਹੋ ਗਿਆ ਜਾ ਬੈਠਾ ਪਰਮ ਮਨੁੱਖ।
ਬਾਬੇ ਡਿੱਠਾ ਦੂਰ ਤੋਂ ਸਿਧ ਬੈਠੇ ਧੂਣੀ ਲਾ
ਮਰਦਾਨੇ ਨੂੰ ਆਖਿਓਨ, 'ਜਾ ਕੇ ਅੱਗ ਲਿਆ।'
ਗ਼ੁੱਸੇ ਵਿਚ ਸਿਧਾਂ ਝਿੜਕ ਵਾਪਸ ਦਿੱਤਾ ਭੇਜ
ਠੰਢੀ ਯਖ਼ ਸਿਆਲ ਰੁੱਤ ਮਨ ਦਵੈਤ ਭੇਦ!!
ਢਾਰਸ ਦਿੱਤੀ ਮਰਦਾਨੇ ਨੂੰ ਗੁਰਾਂ ਬਿਠਾਇਆ ਕੋਲ਼
ਛਹਿਬਰ ਲੱਗੀ ਨਾਮ ਦੀ ਰੁਮਕੇ ਮਿੱਠੇ ਬੋਲ।
'ਸਿੱਖ ਤਵਾਰੀਖ਼' 'ਚ ਆਉਂਦਾ ਧੂਣੇ ਦਾ ਇਹ ਸੱਚ
ਬਾਬੇ ਬਾਲ਼ੀ ਪੱਥਰਾਂ ਸੰਗ ਧੂਣੇ ਦੀ ਫਿਰ ਅੱਗ।
ਰੁਮਕੀ ਤੰਤ ਰਬਾਬ ਦੀ ਬਾਜੇ ਅਨਹਦ ਬੈਨ
ਰੱਬੀ ਯਾਦ 'ਚ ਜੁੜ ਗਏ ਮੁੜ ਤੋਂ ਕੰਵਲ ਨੈਨ।

ਸਿੱਧਾਂ ਕੌਤਕ ਤੱਕਿਆ ਡਾਢੇ ਹੋਏ ਹੈਰਾਨ
ਬਿਨਾਂ ਅੱਗ ਕਿੰਜ ਸਾਹਮਣੇ ਧੂਣੀ ਲੱਗੀ ਆਣ।
ਨਵ-ਫੁੱਟੀ ਪਤਰਾਲ ਦੇਖ ਕਿਆਸ ਅਰਾਈਆਂ ਲਾਣ
ਮਾਤ ਲੋਕ 'ਚੋਂ ਚੱਲ ਕੋਈ ਪੁੱਜਾ ਕੀਕੁਰ ਆਣ ?
ਸੁੱਕੇ ਪਿੱਪਲ ਵਿਚ ਕਿਵੇਂ ਆਏ ਨਵੇਂ ਪੱਤ
ਕਿੱਦਾਂ ਲੂੰ-ਲੂੰ ਮੌਲਿਆ ਚੜ੍ਹਿਆ ਜੋਬਨ ਵੱਤ ?
'ਖਾਧੀ ਖੁਣਸ ਜੋਗੀਸਰਾਂ' ਦੇਣੀ ਕਲਾ ਵਿਖਾ
ਦੇਣਾ ਅੱਖ ਦੇ ਫੋਰ ਦੋਹਾਂ ਧੂਣੇ ਸਣੇ ਉੜਾ।
ਉੱਖੜਿਆ ਜੜ੍ਹੋਂ ਤੂਫ਼ਾਨ ਨਾਲ਼ ਪਿੱਪਲ਼ 'ਵਾ ਵਿਚਕਾਰ
ਬਾਬੇ ਪਿੱਪਲ਼ ਰੋਕਿਆ 'ਵਾ ਵਿਚ ਪੰਜੇ ਭਾਰ।
ਵੱਸ ਨਾ ਚਲਦਾ ਵੇਖ ਕੇ ਆਏ ਗੁਰ ਦੇ ਪਾਸ
ਤੱਕਦਿਆਂ ਹੀ ਪਹਿਚਾਣਿਆ ਜੋਗੀ ਭੰਗਰਨਾਥ।
ਪਹਿਲੋਂ ਵੀ ਤਲਵੰਡੀ ਜੂਹ 'ਚ ਨਾਥ ਜੋਗੀਆਂ ਨਾਲ਼



UNISTAR BOOKS PVT LTD.
Unistar Books Pvt Ltd.

ਕੀਤੇ ਸੀ ਹੱਲ ਗੁਰਾਂ ਨੇ ਟੇਢੇ ਕਈ ਸਵਾਲ।
ਝੰਗਰਨਾਥ ਤੇ ਭੰਗਰਨਾਥ ਬਹਿ ਗਏ ਬਾਬੇ ਪਾਸ
ਦੋਹਾਂ ਬਾਬੇ ਪਾਸ ਬਹਿ ਬੋਲ ਵਟਾਏ ਖ਼ਾਸ।
ਸਿੱਧਾ ਪੁੱਛਿਆ, 'ਬਾਲਕੇ! ਕਿਸਦਾ ਹੈ ਤੂੰ ਸਿੱਖ
ਨਾਮ ਬਤਾਏ ਆਪਣਾ ਦੀਖਿਆ ਲਈ ਤੈਂ ਕਿਸ ?'
ਮਨ ਦੇ ਸ਼ੰਕੇ ਹਰਨ ਲਈ ਰੁਮਕੀ ਤੰਤੀ ਤਾਰ
ਸੂਹੀ ਰਾਗ 'ਚ ਸ਼ਬਦ ਕਹਿ ਦਿੱਤੀ ਸਤਿ ਵੀਚਾਰ:

ਕਉਣ ਤਰਾਜੀ ਕਵਣੁ ਤੁਲਾ ਤੇਰਾ ਕਵਣੁ ਸਰਾਫੁ ਬੁਲਾਵਾ॥
ਕਉਣੁ ਗੁਰੂ ਕੈ ਪਹਿ ਦੀਖਿਆ ਲੇਵਾ ਕੈ ਪਹਿ ਮੁਲੁ ਕਰਾਵਾ॥੧॥
ਮੇਰੇ ਲਾਲ ਜੀਉ ਤੇਰਾ ਅੰਤੁ ਨ ਜਾਣਾ॥
ਤੂੰ ਜਲਿ ਥਲਿ ਮਹੀਅਲਿ ਭਰਿਪੁਰਿ ਲੀਣਾ
ਤੂੰ ਆਪੇ ਸਰਬ ਸਮਾਣਾ॥੧॥ ਰਹਾਉ॥
ਮਨੁ ਤਾਰਾਜੀ ਚਿਤੁ ਤੁਲਾ ਤੇਰੀ ਸੇਵ ਸਰਾਫੁ ਕਮਾਵਾ॥
ਘਟ ਹੀ ਭੀਤਰਿ ਸੋ ਸਹੁ ਤੋਲੀ ਇਨ ਬਿਧਿ ਚਿਤੁ ਰਹਾਵਾ॥੨॥
ਆਪੇ ਕੰਡਾ ਤੋਲੁ ਤਰਾਜੀ ਆਪੇ ਤੋਲਣਹਾਰਾ॥
ਆਪੇ ਦੇਖੈ ਆਪੇ ਬੂਝੈ ਆਪੇ ਹੈ ਵਣਜਾਰਾ॥੩॥
ਅੰਧੁਲਾ ਨੀਚ ਜਾਤਿ ਪਰਦੇਸੀ ਖਿਨੁ ਆਵੈ ਤਿਲੁ ਜਾਵੈ॥
ਤਾ ਕੀ ਸੰਗਤਿ ਨਾਨਕੁ ਰਹਦਾ ਕਿਉ ਕਰਿ ਮੂੜਾ ਪਾਵੈ॥੪॥੨॥੯॥

(**ਗੁਰੂ ਗ੍ਰੰਥ**, ਪੰਨਾ 730-31)

'ਕੇਹੀ ਤੱਕੜੀ ? ਕੇਹੇ ਵੱਟੇ ? ਕੌਣ ਪਾਰਖ ਸਦ ਕੋਲ
ਪਰੀਪੂਰ ਦੀ ਕੀਮਤ ਪਾਵੇ ਦੱਸੇ ਉਹਦਾ ਮੋਲ।
ਅੰਨ੍ਹੀ ਨੀਚ ਬਦੇਸਣ ਜਿੰਦੂ ਘੜੀ ਮੁਹਤ ਮਹਿਮਾਨ
ਹਾੜਿਆ-ਹਿਰਦੇ ਕੰਤ ਨੂੰ ਸੁਹਬਤ ਵਿਚ ਸੁਜਾਨ।'
ਸਿੱਧਾ ਕਿਹਾ, 'ਬਾਲਕੇ! ਭੇਖ ਜੋਗ ਲਉ ਧਾਰ
ਸੋਟਾ, ਖ਼ਫਨੀ, ਕੰਨੀਂ ਮੁੰਦਰਾ ਭਰਮੋ ਵਿਚ ਸੰਸਾਰ।'
ਕਰ ਰੂਹਾਨੀ ਨੁਕਤਿਆਂ ਤੇ ਨਾਨਕ ਵਡ ਵੀਚਾਰ
'ਅੰਜਨ ਮਾਹਿ ਨਿਰੰਜਨ' ਬਾਰੇ ਦਿੱਤੀ ਸੋਝੀ ਸਾਰ।

ਜੋਗੁ ਨ ਖਿੰਥਾ ਜੋਗੁ ਨ ਡੰਡੈ ਜੋਗੁ ਨ ਭਸਮ ਚੜਾਈਐ॥
ਜੋਗੁ ਨ ਮੁੰਦੀ ਮੂੰਡਿ ਮੁਡਾਇਐ ਜੋਗੁ ਨ ਸਿੰਙੀ ਵਾਈਐ॥
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ॥੧॥
ਗਲੀ ਜੋਗੁ ਨ ਹੋਈ॥
ਏਕ ਦ੍ਰਿਸਟਿ ਕਰਿ ਸਮਸਰਿ ਜਾਣੈ ਜੋਗੀ ਕਹੀਐ ਸੋਈ॥੧॥ ਰਹਾਉ॥

UNISTAR BOOKS PVT LTD.
Unistar Books Pvt
Unistar Books Pvt Ltd.
UNISTAR BOOKS PVT LTD.

ਜੋਗੁ ਨ ਬਾਹਰਿ ਮੜੀ ਮਸਾਣੀ ਜੋਗੁ ਨ ਤਾੜੀ ਲਾਈਐ॥
ਜੋਗੁ ਨ ਦੇਸਿ ਦਿਸੰਤਰਿ ਭਵਿਐ ਜੋਗੁ ਨ ਤੀਰਥਿ ਨਾਈਐ॥
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ॥੨॥
ਸਤਿਗੁਰੁ ਭੇਟੈ ਤਾ ਸਹਸਾ ਤੂਟੈ ਧਾਵਤੁ ਵਰਜਿ ਰਹਾਈਐ॥
ਨਿਝਰੁ ਝਰੈ ਸਹਜ ਧੁਨਿ ਲਾਗੈ ਘਰ ਹੀ ਪਰਚਾ ਪਾਈਐ॥
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ॥੩॥
ਨਾਨਕ ਜੀਵਤਿਆ ਮਰਿ ਰਹੀਐ ਐਸਾ ਜੋਗੁ ਕਮਾਈਐ॥
ਵਾਜੇ ਬਾਝਹੁ ਸਿੰਙੀ ਵਾਜੈ ਤਉ ਨਿਰਭਉ ਪਦੁ ਪਾਈਐ॥
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਤਉ ਪਾਈਐ॥੪॥੧॥੮॥

(**ਗੁਰੂ ਗ੍ਰੰਥ**, ਪੰਨਾ 730)

ਬਾਬੇ ਮੁੱਖੋਂ ਸੁਣਦਿਆਂ ਸਿੱਧਾਂ ਸੱਚ ਦਾ ਭੇਖ
ਸਮਝ ਕੇ ਵੱਡਾ ਮਹਾਪੁਰਖ ਕਿਹਾ, 'ਆਦੇਸ਼! ਆਦੇਸ਼।'
ਫਿਰ ਵੀ ਬਾਬਾ ਸੱਦ ਘੱਲਿਆ ਰਾਤ ਨੂੰ ਭੰਗਰਨਾਥ
ਕੀਤਾ ਪਿਆਲਾ ਪੇਸ਼ ਸੁਰਾ ਪੁਜਣੇ ਹਿਤ ਵਿਸਮਾਦ।
ਬਾਬੇ ਨੂੰ ਉਸ ਨੇ ਕਿਹਾ, 'ਪੀ ਕੇ ਸੁਰਾ ਅਮੋਲ
ਰੰਗ ਵਿਸਮਾਦ ਰੰਗੀਜ਼ ਜੂ ਇਹ ਸੁਰਤੀ ਅਣਭੋਲ।
ਚੋਊ ਅੰਮ੍ਰਿਤ ਝਿਮ-ਝਿਮਾ ਵੱਜੂ ਅਨਹਦ ਨਾਦ
ਮਸਤੀ ਵਿਚ ਦੀਦਾਰ ਹੋਊ ਅਗਮ ਰੂਪ ਵਿਸਮਾਦ।'
'ਸੁਰਾ ਬਣਾਈ ਅਸਾਂ ਜੋ ਸੁਣ ਭੰਗਰ ਜੋਗ ਧਿਆਨ
ਸੁਰਤਿ ਵਿਚ ਰਹ ਹੋਵੰਦਾ ਆਤਮ ਦਰਸ ਬਿਆਨ।
ਕਰਣੀ ਕਸ, ਪ੍ਰੇਮ ਦਾ ਪੋਚਾ ਬਾਲ਼ੀ ਗਿਆਨ ਦੀ ਅੱਗ
ਨਾਲ਼ ਚੁਆਈ ਸੁਰਤ ਸੰਗ ਭਾਓ-ਭਾਂਡੇ ਵਿਚ ਰੱਖ।
ਸਹਜ ਪਿਆਲੇ ਪਾ ਚੱਖੀ ਚੜ੍ਹਿਆ ਰੰਗ ਖ਼ੁਮਾਰ
ਚਤੋ ਪਹਿਰ ਰੰਗੀਜ਼ ਜਿੰਦ ਮਾਣੇ ਰਸ ਅਪਾਰ।
'ਡਿੱਗੀਆਂ ਸੁਰਤਾਂ ਕਿਵੇਂ ਭਲਾ ਮਾਣਨ ਰੰਗ ਵਿਸਮਾਦ
ਨਾਸ਼ ਹੋਏ ਮਾਨੁੱਖ ਦੇਹ ਪੀ ਸੁਲਫ਼ਾ, ਭੰਗ, ਸ਼ਰਾਬ।
ਰਿਧੀ ਸਿਧੀ ਕਰਾਮਾਤ ਦੁਖਦਾਈ ਮੁਕਤੀ ਰਾਹ
ਸਹਜ ਸਮਾਧੀਂ 'ਸਤਿਨਾਮ' ਦੇਵੇ ਸਿਖ਼ਰ ਪੁਚਾ'।
ਉਸਲਵੱਟੇ ਲੈਣ ਲੱਗੇ ਅੰਤਰ ਅਹੰ ਵਡ ਜ਼ੋਰ
ਧੂਣਾ ਪਲਟਣੇ ਹਿਤ ਉਨ੍ਹਾਂ ਚਾਲ ਚੱਲੀ ਇਕ ਹੋਰ।
ਗੋਦੜੀਆਂ, ਮ੍ਰਿਗਛਲਾਵਾਂ ਹਵਾ ਦੇ ਵਿਚ ਉਛਾਲ਼
ਮਨੋ-ਸ਼ਕਤ ਦੇ ਜ਼ੋਰ ਉੜਾਈਆਂ ਸਿੱਧਾਂ ਖੁੰਦਕ ਨਾਲ਼।

ਮਰਦਾਨੇ ਤੋਂ ਖੋਹ ਲਿਆ ਧੂਣੇ ਦਾ ਸਾਮਾਨ
ਕਰਾਮਾਤ ਕਿੰਜ ਰੋਕਦੀ ? ਬਾਬੇ ਦਾ ਰਾਹ ਆਣ।
ਬਾਬੇ ਵੀ ਮਨ ਧਾਰਨਾ ਇਹੋ ਲਈ ਸੀ ਧਾਰ
ਜੋਗ ਮਤ ਦੇ ਕੂੜ ਦੇ ਦੇਣੇ ਤੱਤ ਨਿਖ਼ਾਰ।
ਸਿਧ ਧੂਣੀਆਂ ਉੱਡੀਆਂ ਹਵਾ 'ਚ ਹੋਈਆਂ ਗੁੱਲ
ਫਿਰ ਵੀ ਆਕੜੇ ਰਹੇ ਸਿੱਧ ਨਾਹ ਬਖ਼ਸ਼ਾਈ ਭੁੱਲ।
ਸਿੱਧਾਂ ਆਖ਼ਰ ਥੱਕ ਹਾਰ ਟੋਆ ਪੁੱਟਿਆ ਧਰਤ
ਵਿਚ ਬਿਠਾ ਸਿਧ-ਬਾਲਕਾ ਢਕਿਆ ਘਾਹ ਤ੍ਰਿਣ ਪਰਤ।
ਚਾਲ ਚਲੀ ਸਿਧ ਜੋਗੀਆਂ ਰੱਖ ਧਰਤੀਉਂ ਸੁਣਨ ਦੀ ਸ਼ਰਤ
ਧਰਤੀਉਂ ਸੁਣ ਸਿਧ-ਮਾਲਕੀ ਮੁੜ ਜਾਊ ਬਾਬਾ ਪਰਤ।
ਸਿਧ ਬੋਲੇ, "ਲਉ ਫ਼ੈਸਲਾ ਧਰਤੀ ਕੋਲ਼ੋਂ ਪੁੱਛ
ਸਿੱਧਾਂ ਦੀ ਜਾਂ ਨਾਨਕ ਦੀ ਐ ? ਤੱਥ ਨਿਖਾਰ ਇਹ ਵਿਧ।'
ਕਪਟੀ ਸਾਧਾਂ ਦੋ ਵੇਰਾਂ ਪੁੱਛਿਆ ਕੋਲ਼ੋਂ ਧਰਤ
'ਸਾਡੀ ਹੈ ਜਾਂ ਨਾਨਕ ਦੀ' ਕਰੋ ਨਿਤਾਰਾ ਸ਼ਰਤ।
ਸੱਚ ਨਿਤਾਰਾ ਹੋਵਣਾ ਸੀ ਜਦ ਨੂੰ ਤੀਜੀ ਵਾਰ
ਚਹੁੰ-ਤਰਫ਼ੀਂ ਸੁੰਨ ਪਸਰੀ 'ਵਾਜ ਨਾ ਆਈ ਬਾਹਰ।
ਜਲਦ ਨਾਲ਼ ਬਾਬਾ ਉੱਠ ਕੇ ਖੜ੍ਹੇ ਜਾ ਉਸ ਜਗ੍ਹਾ
ਜਿਥੋਂ 'ਵਾਜ਼ ਸੀ ਆਂਵਦੀ ਜਲਦ ਪੁਟਾਈ ਥਾਂ।
ਬੇਸੁਧ ਬਾਲਕ ਨਿਕਲ਼ਿਆ ਪੁੱਠੀ ਪੈ ਗਈ ਬਾਤ
ਨਾਨਕ ਸਾਹਵੇਂ ਨਾ ਚੱਲੀ ਇਕ ਵੀ ਕਰਾਮਾਤ।
ਮਾਰੇ ਸ਼ਰਮ ਦੇ ਜੋਗੀਆਂ ਧਰਤ ਨ ਦੇਇ ਜਗ੍ਹਾ
ਸਾਬਤ ਕਰਮੀ ਭਰਥਰੀ ਜੇਹੇ ਖੜ੍ਹੇ ਰਹੇ ਚੁੱਪ ਚਾਂ।
ਸੱਚ ਨਿਤਾਰਾ ਹੋਇਆ ਟੁੱਟਿਆ ਭਰਮੀ ਜਾਲ਼
ਉਲਟੇ ਮੂੰਹ ਜੋਗੀ ਮੁੜੇ ਕੂੜ ਅਡੰਬਰ ਨਾਲ਼।
ਜੋਗੀਆਂ ਦਾ ਭੈ-ਭੂਤ ਕੱਢ ਕੀਤਾ ਸਭ 'ਤੇ ਰਹਿਮ
ਆਮ ਲੁਕਾਈ ਦੇ ਦਿਲੋਂ ਕੱਢਿਆ ਬਾਬੇ ਸਹਿਮ।
ਘਟ-ਘਟ ਰਮਿਆ ਜਾਣਿਆ ਜਦੋਂ ਲੁਕਾਈ ਸੱਚ
ਲੋਕ ਮਨਾਂ 'ਚੋਂ ਜੋਗੀਆਂ ਦੀ ਮਹਿਮਾ ਗਈ ਘਟ।
ਸਫ਼ਾਂ ਵਲੇਟੀ ਜੋਗੀਆਂ ਪੈ ਗਏ ਆਪਣੀ ਰਾਹ
ਪੁੰਨ-ਸ਼ਰਾਪ ਦੇ ਅਰਥ ਵੀ ਲੋਕਾਂ ਸਮਝ ਗਏ ਆ।
ਸਮਾਂ ਪਾ ਬਣਿਆ ਕੇਂਦਰ ਸਿੱਖ ਧਰਮ ਪ੍ਰਚਾਰ
ਸੇਵਾ ਸਿਮਰਨ ਵਿਚ ਲੋਕਾਂ ਜੀਵਨ ਲਿਆ ਸੰਵਾਰ।

UNISTAR BOOKS PVT LTD.
Unistar Books Pvt Ltd
Unistar Books Pvt Ltd
UNISTAR BOOKS PVT LTD.

ਰਿੱਧੀਆਂ ਸਿੱਧੀਆਂ ਕਰਾਮਾਤਾਂ ਦਾ ਗੜ੍ਹ 'ਗੋਰਖਮੱਤਾ'
ਨਾਨਕ ਪੰਥੀਆਂ ਪ੍ਰਸਿੱਧ ਕੀਤਾ ਨਾਮ 'ਨਾਨਕ ਮੱਤਾ'।
ਸਮੇਂ ਦੀਆਂ ਜਦ ਆਂਧੀਆਂ ਵਿਚ ਧੁੰਦਲ਼ੇ ਪੈਣੇ ਮੱਤ
ਨਾਨਕ ਦੇ ਸਿਧਾਂਤ ਸਦਾ ਰਹਿਣੇ ਨੇ ਪਰਪੱਕ।

## ਰੀਠਿਆਂ ਦਾ ਜੰਗਲ

ਗਹਿਰ ਗੰਭੀਰ ਤੇ ਅਨੁਭਵੀ ਗੁਰ ਬੰਧਨ ਕੱਟਣਹਾਰ
ਨਿਰਜਿੰਦ ਰੀਤਾਂ-ਰਸਮਾਂ ਕਰ ਪਾਲਣ ਤੋਂ ਇਨਕਾਰ।
ਸਿੱਧਾ ਸੰਗ ਨਾਨਕ ਮੱਤਿਉਂ ਕਰਕੇ ਵਾਦ-ਵਿਵਾਦ
ਤੁਰ ਪਏ ਅਗਲੇ ਪੰਧ 'ਤੇ ਅਚਰਜ ਰੰਗ ਵਿਸਮਾਦ।
ਦੋਹੀਂ ਤਰਫ਼ੀਂ ਰੀਠਿਆਂ ਸੰਗ ਲੱਦੇ ਰੁੱਖ ਸੁਹਾਣ
ਜੰਗਲ ਅਤਿ ਡਰਾਉਣੇ ਮਨ ਵਿਚ ਤ੍ਰਾਸ ਵਧਾਣ।
ਮੀਲਾਂ ਦੀ ਤਹਿ ਵਾਟ ਕਰ ਕੀਤਾ ਗੁਰਾਂ ਪੜਾਅ
ਸਿੱਧ ਮੰਡਲੀਆਂ ਰਹਿੰਦੀਆਂ ਸੀ ਇਥੇ ਮੱਠ ਬਣਾ।
ਮਰਦਾਨੇ ਨੂੰ ਸਫ਼ਰ ਵਿਚ ਆਣ ਸਤਾਇਆ ਭੁੱਖ
ਦੋਹੀਂ ਤਰਫ਼ੀਂ ਖਾਣ ਲਈ ਨਜ਼ਰ ਨਾ ਆਇਆ ਕੁਝ।
ਜੋਗ ਮੰਡਲੀ ਦਿਸ ਆਈ ਉਸ ਦੂਰੀ ਕੁਝ ਵਿਥਾਂ
ਆਗਿਆ ਲੈ ਕੇ ਗੁਰਾਂ ਤੋਂ ਜਾ ਪੁੱਜਾ ਉਸ ਥਾਂ।
ਤਾਅਨੇ ਦੇ ਕੇ ਜੋਗੀਆਂ ਵਾਪਸ ਦਿੱਤਾ ਮੋੜ
'ਮੰਗਦਾ ਕਿਉਂ ਨਹੀਂ ਗੁਰਾਂ ਤੋਂ ਜੋ ਹੈ ਜੇ ਉਸ ਕੋਲ਼'।
ਜਾਣੀ-ਜਾਣ ਬਾਬਾ ਬੋਲੇ ਬੁੱਝ ਕੇ ਉਸ ਦੀ ਬਾਤ
'ਉੱਪਰ ਤੱਕ ਮਰਦਾਨਿਆ! ਰੀਠਿਆਂ 'ਤੇ ਪਾ ਝਾਤ।'
ਖਾਧੇ ਰੀਠੇ ਸ਼ਬਦ ਨਾਲ਼ ਹੁਕਮ ਗੁਰੂ ਦਾ ਮੰਨ
ਰੀਠਿਆਂ ਵਿਚ ਮਿਠਾਸ ਪਾ ਆਖੇ, 'ਬਾਬਾ ਧੰਨ'।
ਗੋਰਖਨਾਥੀ ਸ਼ਰਧਾਵਾਨ ਸਿੱਧਾਂ ਵਿਚੋਂ ਕੁਝ
ਔਣਾ ਸੁਣ ਕੇ ਗੁਰੂ ਦਾ ਝਟਪਟ ਗਏ ਪੁੱਜ।
ਜੋਗਾਸਣ ਦੇਹ-ਭੀਤਰੀ ਗੁੱਝੇ ਨਾੜੀ ਭੇਦ
ਕੀ ਜਾਣੇ ਇਹ ਬਾਲਕਾ ? ਪਰਖੀਏ ਬੁੱਧ ਵਿਵੇਕ।
ਖੁੰਦਕ ਵਿਚ ਕੀਤੀ ਚਰਚਾ ਰਚ ਕੇ ਮਹਿਜ਼ ਵਿਵਾਦ
ਖੁੰਢੇ ਹੋਏ ਹਥਿਆਰ ਜਦ ਮੋੜੇ ਸਤਗੁਰ ਜੁਆਬ।
ਵਰਤਣ ਤੇ ਸਿੱਧ ਉੱਤਰੇ ਰਿਧ-ਸਿਧੀ ਹਥਿਆਰ
ਆਖਿਆ, 'ਕੰਦ ਮੂਲ ਅਣਹੋਂਦ 'ਚ ਪੈਂਦੀ ਭੁੱਖ ਦੀ ਮਾਰ।'



UNISTAR BOOKS PVT LTD.
Unistar Books Pvt Ltd.

ਸੋਚਦੇ ਸੀ ਬਾਬੇ ਮੂਹਰੇ ਬਾਤ ਭੁੱਖ ਦੀ ਪਾ
ਲੋਕਾਂ ਦੀਆਂ ਨਿਗਾਹਾਂ ਵਿਚ ਲੈਣਗੇ ਉਸ ਨਿਵਾ।
ਬਾਬਾ ਜੀ ਬੈਠੇ ਜਿਥੇ ਹੇਠ ਰੀਠਿਆਂ ਦਰੱਖ਼ਤ
ਆਖਿਆ, 'ਜੋਗੀਓ! ਫ਼ਲ ਖਾਉ ਹੋ ਜਾਉਗੇ ਤ੍ਰਿਪਤ।'
ਖਾਧੇ ਰੀਠੇ ਜੋਗੀਆਂ ਹੁਕਮ ਗੁਰਾਂ ਦਾ ਮੰਨ
ਮਿੱਠੇ ਵਾਂਗ ਛੁਹਾਰਿਆਂ ਖਾ ਡਾਢੇ ਹੋਏ ਪ੍ਰਸੰਨ।
ਮਿੱਟੀ ਦੇ ਹਨ ਅਲੱਗ ਹੀ ਅਚਰਜ ਰੰਗ ਸੁਆਦ
ਸਤਿਰੂਪ ਨਦਰੀ ਆਇਆ ਭੁੱਲੇ ਵਾਦ-ਵਿਵਾਦ।
ਰੋਹੀ ਪਰਬਤ ਗਾਹੁਣ ਪਿੱਛੇ ਨਾਨਕ ਸੀ ਉਦੇਸ਼
ਮਾਨਵਵਾਦੀ ਸੇਵ ਵਿਚ ਕਰਨ ਜੋਗੀ ਪਰਵੇਸ਼।
ਗੁਰਾਂ ਪੁਜ ਕੇ ਲਾਈ ਸੀ ਜੋ ਸਿੱਧਾਂ ਅੰਦਰ ਜਾਗ
ਲਿਖਦੇ ਹਨ ਸਤਬੀਰ ਸਿੰਘ ਪੁਸਤਕ **ਬਲਿਓ ਚਿਰਾਗ਼**।
ਯਾਦਗਾਰੀ ਪਿੱਪਲ ਖੜ੍ਹਾ ਜੋ ਵਿਚ ਨਾਨਕ ਮੱਤਾ
ਦੋਖੀਆਂ ਕਈ ਉਖਾੜਨ, ਸਾੜਨ ਦਾ ਯਤਨ ਕੀਤਾ।
ਬਾਬਾ ਅਲਮਸਤ ਦੀ ਸੁਣ ਹਰਗੋਬਿੰਦ ਪੁਕਾਰ
ਦੋਖੀਆਂ ਨੂੰ ਸਜ਼ਾਵਾਂ ਦਿੱਤੀਆਂ ਕਰਕੇ ਮਿਹਰ ਅਪਾਰ।
ਭਿਖੋਂ ਦਾ ਨਵਾਬ ਸੀ ਜੋ ਮਹਿੰਦੀ ਅਲੀ ਖਾਨ
ਜ਼ਿਮੀਂ ਪੰਤਾਲ਼ੀ ਸੌ ਏਕੜ ਲਾਈ ਏਸ ਸਥਾਨ।
'ਲੋਦੀਆਂ, ਰੱਤੀਆਂ' ਨਦੀਆਂ ਦੇ ਸੰਗਮ 'ਤੇ ਸਥਿਤ
ਕਾਮਲ ਮੁਰਸ਼ਦ ਯਾਦ ਦੁਆਵੇ 'ਮਿੱਠਾ ਰੀਠਾ' ਦਰੱਖ਼ਤ।
ਆਤਮ ਤ੍ਰਿਪਤੀ ਕਾਰਨੇ ਲੋਕ ਜਗ੍ਹਾ ਇਸ ਆਣ
'ਗੁਰਦੁਆਰਾ ਰੀਠਾ ਸਾਹਿਬ' ਆ ਕੇ ਸੀਸ ਝੁਕਾਣ।

## ਅਯੁੱਧਿਆ

ਗੋਰਖਮਤਿਉਂ ਤੁਰਦਿਆਂ ਦੱਖਣ ਪੂਰਬ ਵੱਲ
ਸਰਸੂ ਨਦੀ ਕਿਨਾਰੇ 'ਤੇ ਅਯੁੱਧਿਆ ਆਏ ਚੱਲ।
ਵਸ਼ਿਸ਼ਟ ਮੁਨੀ ਦੇ ਆਸ਼ਰਮ ਦੇ ਜਾ ਕੇ ਬਾਬਾ ਪਾਸ
ਸੰਗ ਮਰਦਾਨੇ ਇਕ ਥਾਂ ਡੇਰਾ ਕੀਤਾ ਖ਼ਾਸ।
ਸੂਰਜਵੰਸ਼ੀ ਰਾਜ ਪੁਰੋਹਤ ਹੈਸਨ ਗੁਰੂ ਵਸ਼ਿਸ਼ਟ
ਚਾਰੋਂ ਭਾਈਆਂ ਲਈ ਸੀ ਉਸ ਤੋਂ ਵੈਦਿਕ ਸ਼ਿਕਸ਼।
ਸੂਰਜਵੰਸ਼ੀ ਰਾਜਿਆਂ 'ਚੋਂ ਰਾਜਾ ਇਕ ਸ਼ਵਾਂਕ
ਇਹ ਅਯੁੱਧਿਆ ਨਗਰੀ ਇਸ ਵਸਾਈ ਖ਼ਾਸ।



UNISTAR BOOKS PVT LTD
Unistar Books Pvt
Unistar Books Pvt Ltd
UNISTAR BOOKS PVT LTD.

ਬਾਗ਼ ਬਗ਼ੀਚੇ ਸੋਹੰਦੇ ਭਰੇ ਸਰੋਵਰ ਨੀਰ
ਸੂਰਜ ਲਹਿਰਾਂ ਛੱਡਦੀਆਂ ਸੀਤ ਸੁਗੰਧ ਸਮੀਰ।
ਚੇਲੇ ਰਾਮਾਨੰਦ ਕੁਝ ਵੈਰਾਗੀ ਵੈਸ਼ਨਵ ਸਾਧ
ਭ੍ਰਮਣ ਕਰਦਿਆਂ ਰੁਕਦੇ ਸਰਜੂ ਨਦੀ ਆ ਖ਼ਾਸ।
ਗੋਪੀ ਚੰਦਨ ਤਿਲਕ ਲਾ ਗਲ਼ ਪਾ ਤੁਲਸੀ ਮਾਲ
ਛਾਪੇ ਵਿਸ਼ਨੂੰ ਚਿੰਨ੍ਹ ਉਹ ਦੇਹ ਤੇ ਲੈਂਦੇ ਧਾਰ।
ਕਈਆਂ ਦੇ ਗਲ਼ ਤੱਕਿਆ ਨਾਨਕ ਸਾਲਗ੍ਰਾਮ
ਵਿਸ਼ਨੂੰ-ਚੱਕਰ ਦਾ ਜੀਹਤੇ ਦੈਵੀ ਸੀ ਨਿਸ਼ਾਨ।
ਬੈਠ ਗਏ ਬਾਬਾ ਨਾਨਕ ਇਕ ਬੈਰਾਗੀ ਪਾਸ
ਪੁੱਛਿਆ, 'ਚਿੱਕੜ ਲਾਇਆ ਮੱਥੇ 'ਤੇ ਕਿਉਂ ਖ਼ਾਸ ?'
ਉਸ ਕਿਹਾ, 'ਸ੍ਰੀ ਕ੍ਰਿਸ਼ਨ ਨੇ ਜਦੋਂ ਤਿਆਗੇ ਪ੍ਰਾਣ
ਨਾਲ਼ ਹੀ ਮੋਈਆਂ ਗੋਪੀਆਂ ਬਿਰਹੁੰ ਦੇ ਖਾ ਬਾਣ।
ਗੋਪੀ ਚੰਦਨ ਜਾਣ ਕੇ ਮਿੱਟੀ ਉਸ ਸਥਾਨ
ਬੈਰਾਗੀ ਸਭੇ ਉਹਨੂੰ ਮੱਥੇ ਉੱਤੇ ਲਾਣ।'
ਤੱਕਿਆ ਬਾਬੇ ਵੱਲ ਕੁਝ ਸਾਧਾਂ ਹੈਰਤ ਨਾਲ਼
ਨਾਨਕ ਨੂਰੀ ਮੁੱਖ ਦੀ ਝੱਲੀ ਜਾਏ ਨਾ ਝਾਲ।
ਬਾਬੇ ਨਾਨਕ ਪੁੱਛਿਆ, 'ਇਕ ਤੋਂ ਆਦਰ ਭਾਅ
ਨਿਰਜਿੰਦ ਪਾਹੁਣ ਗਲ਼ ਵਿਚ ਕਿਉਂ ਰੱਖਿਆ ਲਟਕਾ ?'
ਸੁਣ ਕੇ ਸਾਧੂ ਬੋਲਿਆ, 'ਬਾਬੇ ਵੱਲ ਕਰ ਧਿਆਨ
ਕਥਾ ਆਉਂਦੀ ਇਸ ਤਰ੍ਹਾਂ ਵਿਚ 'ਵੈਵਰਤ ਪੁਰਾਨ'।
'ਰਾਧਾ ਦੀ ਇਕ ਸਖੀ ਜੋ ਰਹਿੰਦੀ ਗੋਕਲ ਧਾਮ
ਅਤਿ ਸੁਨੱਖੀ ਸੁੰਦਰੀ ਤੁਲਸੀ ਸੀ ਜਿਸ ਨਾਮ।
ਰੁੱਝੀ ਤੱਕੀ ਸ਼ਾਮ ਸੰਗ ਕ੍ਰੀੜਾ ਪ੍ਰੇਮ ਕਲੋਲ
ਅਤਿ ਦੁਖਿਤ ਹੋ ਜਾ ਪੁੱਜੀ ਰਾਧਾ ਉਸ ਦੇ ਕੋਲ਼।'
'ਮੁੜ ਜਨਮ ਧਾਰੇਂਗੀ ਤੁਲਸਾਂ! ਮੇਰਾ ਇਹੀ ਸਰਾਪ
ਧੁਲ ਸਕੇ ਨਾ ਇਸ ਜਨਮ ਸਖੀਏ ਤੇਰਾ ਪਾਪ!'
ਰਾਜਾ ਧਰਮ ਧ੍ਵਜ ਦੇ ਜੰਮੀ ਤੁਲਸੀ ਆਖ਼ਰਕਾਰ
ਨਾਲ਼ ਵਿਆਹੀ ਸੰਖਚੂੜ ਹੋਈ ਜਦ ਮੁਟਿਆਰ।
ਕਹਿੰਦੇ ਰਾਕਸ਼ ਸੰਖਚੂੜ ਵੱਡਾ ਸ਼ਕਤੀਮਾਨ
ਮਿਲਿਆ ਸੀ ਜਿਸ ਨੂੰ ਸਦਾ ਜਿੱਤਣ ਦਾ ਵਰਦਾਨ।
'ਜਦ ਤੱਕ ਉਹਦੀ ਨਾਰ ਦਾ ਭੰਗ ਨਾ ਹੋਵੇ ਸਤਿ
ਤਦ ਤੱਕ ਉਹਨੂੰ ਜੰਗ 'ਚੋਂ ਕੋਈ ਸਕੇ ਨਾ ਜਿੱਤ'।



UNISTAR BOOKS PVT LTD. Unistar Books Pvt Ltd.

ਇਕ-ਇਕ ਕਰਕੇ ਦੇਵ ਸਭ ਅੰਤ 'ਤੇ ਗਏ ਹਾਰ
ਪੁੱਜੇ ਵਿਸ਼ਨੂੰ ਪਾਸ ਜਾ ਕੀਤੀ ਉਨ੍ਹਾਂ ਪੁਕਾਰ।
ਸੰਖਚੂੜ ਦਾ ਭੇਸ ਧਾਰ ਆਇਆ ਵਿਸ਼ਨੂੰ ਲੰਘ
ਛਲੀਏ ਕੀਤਾ ਪਲਾਂ ਵਿਚ ਤੁਲਸੀ ਦਾ ਸਤ ਭੰਗ।
ਸੱਚ ਜਾਣ ਸਤਿ-ਭੰਗ ਦਾ ਮਨ 'ਚ ਰੱਖ ਸੰਤਾਪ
'ਪੱਥਰ ਹੋ ਜਾ' ਵਿਸ਼ਨੂੰ! ਦਿੱਤਾ ਤੁਲਸੀ ਸਰਾਪ।
ਅੱਗਿਉਂ ਵਿਸ਼ਨੂੰ ਆਖਿਆ, ਅਤਿ ਦੁਖੀਆ ਬੇਹਾਲ:
'ਤੂੰ ਵੀ ਦੇਹ ਤਿਆਗ ਕੇ ਰਹਿਸੇਂ ਮੇਰੇ ਨਾਲ਼'।
ਦੇਹੀ ਤੋਂ ਗੰਡਕ ਨਦੀ ਬਣ ਵਹੀ ਵਿਚ ਅਸਗਾਹ
ਕੇਸਾਂ ਤੋਂ ਤੁਲਸੀ ਬਣੀ ਵੱਖਰਾ ਰੂਪ ਵਟਾ।
ਨਿੱਕੇ-ਨਿੱਕੇ ਪੱਥਰਾਂ ਦੀ ਸੁੰਦਰ ਘਾੜਤ ਗੋਲ਼
ਲੱਭਣ ਕੰਢੇ ਗੰਡਕਾ ਸਾਲਗ੍ਰਾਮ ਦੇ ਕੋਲ਼।
ਜਿਨ੍ਹਾਂ ਉੱਤੇ ਚੱਕ੍ਰ ਦਾ ਹੁੰਦੇ ਦੈਵੀ ਚਿੰਨ੍ਹ
ਹਿੰਦੂ ਲੋਕੀਂ ਪੂਜਦੇ ਵਿਸ਼ਨੂੰ ਚੱਕਰ ਮੰਨ।
ਨਦੀ ਕਿਨਾਰੇ ਗੰਡਕਾ ਪਿੰਡ ਇਹ ਸਾਲਗ੍ਰਾਮ
ਸਾਲਵਣਾ ਕਾਰਨ ਮਿਲਿਆ ਇਸ ਇਹ ਸੁੰਦਰ ਨਾਮ।
ਮਿਲਦੇ ਜੈ ਦੈਵੀ ਪੱਥਰ ਸਾਲਗ੍ਰਾਮ ਦੇ ਧਾਮ
ਸਭ ਬੈਰਾਗੀ ਪੂਜਦੇ ਕਹਿ ਕੇ ਸਾਲਗ੍ਰਾਮ।
ਤੁਲਸੀ ਪੂਜਾ ਹੋਵੰਦੀ ਕੱਤਕ ਮਾਂਹ 'ਚ ਖ਼ਾਸ
ਪੁੱਜੇ ਸਿਰੀ ਰਾਮ ਚੰਦ ਇਸ ਦਿਨ ਕੱਟ ਬਨਵਾਸ।
ਖ਼ੁਸ਼ੀ ਮਨਾਉਂਦੇ ਲੋਕ ਰਲ਼ ਡਾਢੀ ਸ਼ਰਧਾ ਨਾਲ਼
ਸਰਜੂ ਨਦੀ ਤੇ ਰਾਤ ਭਰ ਲੱਖਾਂ ਦੀਵੇ ਬਾਲ਼।
ਬਾਬੇ ਨੇ ਸਮਝਾਇਆ ਇਥੇ ਕਰ ਉਪਦੇਸ਼
'ਪਾਹਨ ਕੱਟ ਨਾ ਸਕਦੇ ਜਗ ਦੇ ਕਦੀ ਕਲੇਸ਼'।
ਸਾਲਗ੍ਰਾਮ ਤੇ ਜਗਨ ਹੋਮ ਧਾਰਨ ਤੁਲਸੀ ਮਾਲ
ਵਰਜਿਆ ਨਾਨਕ ਇਨ੍ਹਾਂ ਤੋਂ ਕਹਿ ਚਿੰਤਾ ਭ੍ਰਮ ਜਾਲ਼।
ਨਗਰਵਾਸੀਆਂ ਪੁੱਛਿਆ, 'ਬਾਬਾ ਕਿਸ ਪ੍ਰਕਾਰ
ਸੁਰਤੀ ਕਿਸ ਦੀ ਜਾ ਹੋਏ ? ਭਵਸਾਗਰ ਇਹ ਪਾਰ ?'
ਬਾਬੇ ਕਿਹਾ, ਜੱਗ 'ਤੇ ਤਿੰਨ ਤਰ੍ਹਾਂ ਦੇ ਪੁਰਖ
ਗਿਆਨੀ ਇਕ, ਅਵਧੂਤ ਦੂਆ, ਤੀਜਾ ਮਹਾਂਪੁਰਖ।
ਗਿਆਨੀ ਤੇ ਅਵਧੂਤ ਤੋਂ ਉੱਤਮ ਮਹਾਂਪੁਰਖ
ਭਵਸਾਗਰ ਤਰ ਜਾਣ ਦੀ ਦੱਸਣ ਜੀਵਨ ਜੁਗਤ।
ਭਉਜਲ ਉਹ ਤਰ ਜਾਂਵਦੇ ਜਪਦੇ ਜੋ ਸਤਿਨਾਮ



UNISTAR BOOKS PVT LTD
Unistar Books Pvt
Unistar Books Pvt Ltd.
UNISTAR BOOKS PVT LTD

ਜਲ-ਥਲ ਮਹੀਅਲ ਪੂਰਿਆ ਵਣ ਤ੍ਰਿਣ ਰਮਿਆ ਰਾਮ।
ਹੱਥ ਜੋੜ ਬਿਨਤੀ ਕਰੀ, 'ਅਸਾਂ ਬਣਾਉ ਸਿੱਖ
ਲੜ ਲਾਉ ਗੁਰ ਆਪਣੇ ਨਾਮ ਦੀ ਦਿਉ ਭਿੱਖ।'
ਬਾਬਾ ਨਾਨਕ ਇਸ ਜਗ੍ਹਾ ਰੁਕੇ ਕੁਝ ਦਿਨ ਹੋਰ
ਪਾਂਧੇ ਵੈਸ਼ਨਵਾਂ ਸਾਧਾਂ ਦੇ ਕੱਟੇ ਮਨ ਦੇ ਛੋਰ।
ਦੁੱਖ ਭੰਜਨੀ ਕੂੰਆਂ ਜਿਥੇ ਸੀ ਕੀਤਾ ਗੁਰ ਇਸ਼ਨਾਨ
'ਗੁਰਦੁਆਰਾ ਬ੍ਰਹਾਕੁੰਡ' ਯਾਦਗਾਰੀ ਅਸਥਾਨ।

UNISTAR BOOKS PVT LTD.
Unistar Books Pvt Ltd.
Pvt Ltd.

## ਵਣਜਾਰਿਆਂ ਦੇ ਟਾਂਡੇ

ਤਟ ਤੀਰਥ ਅਸਥਾਨ ਤੇ ਕਰਦੇ ਹੋਏ ਭ੍ਰਮਣ
ਪੁੱਜੇ ਫ਼ੈਜ਼ਾਬਾਦ ਜ਼ਿਲ੍ਹਾ ਨਾਮੀ ਟਾਂਡਾ ਪੱਤਣ।
ਸੀ ਵਣਜਾਰਾ ਜਾਤ ਦੇ ਲੋਕ ਇਥੇ ਆਬਾਦ
ਖੱਚਰ ਘੋੜੇ ਰੱਖਦੇ ਸੀ ਲੱਦਣ ਲਈ ਅਨਾਜ।
ਤੁਰਾਈ ਦੇ ਇਲਾਕਿਉਂ ਕਰ 'ਕੱਠੀ ਉਪਜ ਧਾਨ
ਉਠੀਂ ਖੱਚਰੀ ਲੱਦ ਕੇ ਵੇਚਣ ਆ ਮੈਦਾਨ।
ਜਿਥੇ ਰੁਕ ਵਾਪਾਰੀ ਨਿੱਕ-ਸੁੱਕ ਕਾਫ਼ਲੇ ਲੈਂਦੇ ਰੋਕ
ਸਮਾਂ ਪਏ 'ਤੇ ਆਖਦੇ ਟਾਂਡਾ ਉਸ ਨੂੰ ਲੋਕ।
ਸੰਗ ਰਬਾਬੀ ਮਰਦਾਨਾ ਵਣਜਾਰਿਆਂ ਬਸਤੀ ਜਾ
ਨਾਇਕ ਵਣਜਾਰੇ ਦਰ ਮੂਹਰੇ ਆਸਣ ਲਿਆ ਲਾ।
ਵੱਡੇ ਉਸ ਵਣਜਾਰੇ ਘਰ ਜਸ਼ਨ ਰਿਹਾ ਸੀ ਹੋ
ਮੁੰਡਾ ਜੰਮਿਆ ਦੇਣ ਵਧਾਈ ਪੁੱਜੇ ਲੋਕੀਂ ਜੋ।

Unistar Books Pvt Ltd.

ਖ਼ੁਸ਼ੀਆਂ ਖੀਵੇ ਮਲ਼ਦੇ ਅਲਤਾ ਅਤੇ ਗੁਲਾਲ
ਵਿਚ ਪੁਰਾਤਨ ਜਨਮ ਸਾਖੀ ਮਿਲਦਾ ਇਹ ਹਵਾਲ।
ਘਰ ਵਿਚ ਤਾਂ ਪ੍ਰਾਹੁਣਿਆਂ ਸੀ ਆਉ-ਭਗਤ ਬਹੁਤਾਤ
ਬਾਹਰ ਆ ਪਰਦੇਸੀਆਂ ਦੀ ਕਿਸੇ ਨ ਪੁੱਛੀ ਬਾਤ ?
ਦਾਨੇ ਦੇ ਵੀ ਮਨ ਵੇਖ ਉੱਠੀ ਅੰਦਰ ਤਾਂਘ
ਝੋਲ਼ ਵਧਾਈ ਪਾਉਣ ਦੀ ਰੀਝ ਪਈ ਮੁੜ ਜਾਗ।
'ਜੀਵੈ ਪਾਤਸ਼ਾਹ! ਇਸ ਖ਼ਬਰ ਲਈ ਨਾ ਸਾਰ
ਪੁੱਤਰ ਦੀ ਖ਼ੁਸ਼ੀ ਵਿਚ ਕਰਦੈ ਗੱਲਾਂ ਹਵਾ ਦੇ ਨਾਲ਼।
ਹੁਕਮ ਹੋਏ ਤਾਂ ਪਾਤਸ਼ਾਹ! ਘਰ ਦੇ ਅੰਦਰ ਜਾ
ਖੜ੍ਹ ਕੇ ਮੰਗਤਿਆਂ ਵਿਚ ਝੋਲ਼ ਵਧਾਈ ਲਵਾਂ ਪਾ।'
'ਰਹੁ ਚੁਪੀਤਾ! ਇਹ ਜੋ ਖ਼ੁਸ਼ੀ ਮਨਾਵਣ ਬਾਲ


UNISTAR BOOKS PVT LTD.

ਪੁੱਤਰ ਨਹੀਂ ਇਸ ਘਰ ਤਾਂ ਕਰਜ਼ਾਈ ਆਇਐ ਲਾਲ।'
ਫਿਰ ਵੀ ਆਗਿਆ ਲੈ ਗੁਰਾਂ ਤੋਂ ਦਾਨਾ ਗਿਆ ਤੁਰ
ਵਿਚ ਉਦਾਸੀ ਪਰਤਿਆ ਝਬ ਉਨ੍ਹੀਂ ਪੈਰੀਂ ਮੁੜ।
ਕਿਸੀ ਨਾ ਸੀ ਉਸ ਤੱਕਿਆ ਭੀੜ-ਭੜੱਕੇ ਵਿਚ
ਵਾਤ ਨਾ ਪੁੱਛੀ ਕਿਸੇ ਵੀ ਦੁਖੀ ਹੋਇਆ ਬਹੁੰ ਚਿੱਤ।
ਮਰਦਾਨੇ ਦੇ ਮੁੱਖ 'ਤੇ ਤੱਕ ਚਿੰਤਾ ਦੀ ਰੇਖ
ਸਬਰ ਅਤੇ ਸੰਤੋਖ ਦਾ ਦਿੱਤਾ ਗੁਰ ਉਪਦੇਸ਼।
ਬਾਬੇ ਕਿਹਾ, 'ਘਰੀਂ ਵਣਜਾਰੇ ਜੰਮਿਆ ਲਹਿਣੇਦਾਰ
ਲੇਖਾ ਰਾਤ ਨਬੇੜ ਇਸ ਤੁਰ ਜਾਣੈ ਤੜਕੇਸਾਰ।
ਜੀਵਨ ਦੇ ਚੌਹਾਂ ਪਹਿਰਾਂ ਦਾ ਗੁਰ ਦੇ ਮਰਦਾਨੇ ਸਾਰ
ਸਿਰੀ ਰਾਗ ਵਿਚ 'ਪਹਰੇ' ਬਾਣੀ ਦਿੱਤੀ ਤਦੋਂ ਉਚਾਰ।

ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਹੁਕਮਿ ਪਇਆ ਗਰਭਾਸਿ॥
ਉਰਧ ਤਪੁ ਅੰਤਰਿ ਕਰੇ ਵਣਜਾਰਿਆ ਮਿਤ੍ਰਾ ਖਸਮ ਸੇਤੀ ਅਰਦਾਸਿ॥
ਖਸਮ ਸੇਤੀ ਅਰਦਾਸਿ ਵਖਾਣੈ ਉਰਧ ਧਿਆਨਿ ਲਿਵ ਲਾਗਾ॥
ਨਾ ਮਰਜਾਦੁ ਆਇਆ ਕਲਿ ਭੀਤਰਿ ਬਾਹੁੜਿ ਜਾਸੀ ਨਾਗਾ॥
ਜੈਸੀ ਕਲਮ ਵੁੜੀ ਹੈ ਮਸਤਕਿ ਤੈਸੀ ਜੀਅੜੇ ਪਾਸਿ॥
ਕਹੁ ਨਾਨਕ ਪ੍ਰਾਣੀ ਪਹਿਲੈ ਪਹਰੈ ਹੁਕਮਿ ਪਇਆ ਗਰਭਾਸਿ॥੧॥

(**ਗੁਰੂ ਗ੍ਰੰਥ**, ਅੰਗ 75-76)

ਭਲਕੇ ਉੱਠ ਸਿਧਾਰਿਆ ਵਣਜਾਰਾ ਪੁੱਤ ਪਰਲੋਕ
ਛਾਇਆ ਮਾਤਮ ਖ਼ੁਸ਼ੀ ਘਰ ਰੋਵਣ ਪਿੱਟਣ ਲੋਕ।
ਵੈਣ ਸੁਣੇ ਦਾਨੇ ਕਿਹਾ, 'ਗੁਰ ਕੇਹੀ ਵਰਤੀ ਬਾਬ
ਕੱਲ ਸੀ ਇਥੇ ਉੱਡ ਰਹੀ ਗੂੜ੍ਹੀ ਭਾਹ ਗ਼ੁਲਾਬ।
ਸਦ ਖ਼ੁਸ਼ੀਆਂ ਸਦ ਚਾਅ ਸੰਗ ਸ਼ਗਨ ਮਨਾਉਂਦੇ ਲੋਕ
ਇਕਦਮ ਕਿੱਦਾਂ ਆ ਗਈ ਕਰਮਾਂ ਦੇ ਵਿਚ ਖੋਟ ?
ਬਾਬੇ ਆਖਿਆ, 'ਜੀਵਨ/ਮੌਤ ਸਭ ਕਰਤੇ ਦੇ ਹੱਥ
ਸਾਹਾਂ ਦਾ ਲੇਖਾ ਦੇਣਾ ਕੁਝ ਨਾ ਜੀਵ ਦੇ ਵੱਸ।
'ਜੈਸੀ ਕਲਮ ਵੁੜੀ ਹੈ ਮਸਤਕਿ ਤੈਸੀ ਜੀਅੜੇ ਪਾਸਿ॥'
ਕੁਝ ਦਿਨ ਰਹਿ ਇਥੇ ਬਾਬਾ ਤੁਰ ਪਏ ਵੱਲ ਪਰਯਾਗ।

## ਪਰਯਾਗ

ਟਾਂਡਿਉਂ ਚੱਲ ਮਿਝਹੋਲੀ ਤਪਾ, ਪੁੱਜੇ ਹਦੀਆਬਾਦ
ਲੋਕੀਂ ਜਿਸ ਨੂੰ ਆਖਦੇ ਸ਼ਹਿਰ ਨਿਜ਼ਾਮਾਬਾਦ।

UNISTAR BOOKS PVT LTD.
Unistar Books Pvt Ltd.

ਕੰਢੇ ਟਾਨਸ ਨਦੀ ਤੇ ਵਿਚ ਨਾਨਕ ਦੀ ਯਾਦ
'ਗੁਰਦੁਆਰਾ ਛੋਟੀ ਸੰਗਤ' ਚਿਰ ਤੋਂ ਹੈ ਆਬਾਦ।
ਪੰਡਤ ਤਾਰਾ ਸਿੰਘ ਨਰੋਤਮ ਵਿਚ **ਗੁਰ ਤੀਰਥ** ਸੰਗ੍ਰਹਿ
ਨਾਨਕ ਦੇ ਇਥੇ ਆਉਣੇ ਦਾ ਵੀ ਜ਼ਿਕਰ ਕੀਤੈ।
ਇਥੋਂ ਦੇ ਲੋਕਾਂ ਤਾਈਂ ਦੇ ਰੂਹਾਨੀਅਤ ਪਾਠ
ਝੂਸੀ ਵਿਚ ਪੜਾਅ ਕਰ ਗੁਰ ਪੁੱਜੇ ਜਾ ਪਰਯਾਗ।

ਗੰਗ ਵਹਾਓ ਇਕ ਤਰਫ਼ ਦੂਜੀ ਤਰਫ਼ ਯਮੁਨ
ਦੋਹਾਂ ਦਾ ਪਰਯਾਗ ਵਿਚ ਹੋ ਜਾਂਦਾ ਹੈ ਮਿਲਨ।
ਗੰਗ, ਯਮਨ ਤੇ ਸੁਰਸਤੀ ਜਿਥੇ ਮਿਲਦੇ ਵਹਿਣ
ਤਿੰਨਾਂ ਦੇ ਇਸ ਸੰਗਮ ਨੂੰ ਲੋਕ 'ਤ੍ਰਿਵੈਣੀ' ਕਹਿਣ।
ਨੇੜੇ ਹੀ ਸੀ ਆ ਰਿਹਾ ਮਾਘੀ ਦਾ ਤਿਉਹਾਰ
ਮਾਘ ਮਜਨ ਪਾਵਨ ਮੰਨਦੇ ਹਿੰਦੂ ਮਤਾਨੁਸਾਰ।
ਵੱਡ ਤੀਰਥ ਪਰਯਾਗ ਜੋ ਪਾਵਨ ਅਤੇ ਮਹਾਨ
ਕਾਵਿ ਚੁਰਾਸੀ ਕੱਟਦੀ ਇਥੇ ਕਰ ਇਸ਼ਨਾਨ।
ਕਾਂਸੀ ਦੇ 'ਕਰਵੱਤ' ਵਾਂਗ ਹੀ ਸੀ ਇਥੇ ਇਕ ਬੋਹੜ
'ਅਖੈਵੱਟ' ਸੀ ਰੱਖਿਆ ਨਾਮ ਪਾਂਡਿਆਂ ਜੋੜ।
ਡਿੱਗ ਮਰੇ ਜੋ ਏਸ ਤੋਂ ਹੋਏ ਚੁਰਾਸੀ ਪਾਰ
'ਨਾਸ਼ ਰਹਿਤ ਹੈ ਅਖੈਵੱਟ' ਪਾਂਡਿਆਂ ਸੀ ਪਰਚਾਰ।
ਘਰ-ਘਾਟ ਦੇ ਦਾਨ ਵਿਚ ਕੁਝ ਮੂਰਖ ਸ਼ਰਧਾਵਾਨ
ਅਖੈਵੱਟ ਤੋਂ ਡਿੱਗ ਮਰਨ ਵਿਚ ਮੰਨਦੇ ਸੀ ਕਲਿਆਣ।
ਹੁਕਮ ਦੇਇ ਕਟਵਾਇਆ ਇਸ ਜਹਾਂਗੀਰ ਸੁਲਤਾਨ
ਬੰਦ ਕੀਤੀ ਉਸ ਪਾਂਡਿਆਂ ਦੀ ਨਿਰਦਈ ਇਹ ਦੁਕਾਨ।

ਕਥਾ ਇਕ ਪਰਯਾਗ ਸੰਬੰਧੀ ਆਉਂਦੀ ਵਿਚ ਪੁਰਾਣ
ਦੇਣ ਹਵਾਲਾ ਭਾਈ ਕਾਨ੍ਹ ਸਿੰਘ **ਮਹਾਨ ਕੋਸ਼** ਵਿਚ ਆਣ।
ਸੰਖੋਂ ਜੰਮਿਆ ਦੈਂਤ ਇਕ ਸੰਖਾਸੁਰ ਵਿਕਰਾਲ
ਵਿਚ ਸਾਗਰ ਜਾ ਲੁਕਿਆ ਚਾਰੇ ਬੇਦ ਸੰਭਾਲ਼।
ਕ੍ਰੋਧਿਤ ਹੋਏ ਵਿਸ਼ਨੂੰ ਸੁਣ ਬ੍ਰਾਹਮਣਾਂ ਦੀ ਪੁਕਾਰ
ਸੰਖਾਸੁਰ ਨੂੰ ਮਾਰਿਆ ਧਾਰਕੇ ਮੱਛ ਅਵਤਾਰ।
ਬ੍ਰਹਮਾ ਨੂੰ ਦਿੱਤੇ ਵਿਸ਼ਨੂੰ ਚਾਰੋਂ ਵੇਦ ਸੰਭਾਲ਼
ਵੇਦ ਪਾਇ ਬ੍ਰਹਮਾ ਤਾਈਂ ਹੋਈ ਖ਼ੁਸ਼ੀ ਅਪਾਰ।
ਯੱਗ ਕੀਤੇ ਜੋ ਅਸ਼ਵਮੇਧ ਬ੍ਰਹਮਾ ਚੰਗੇ ਭਾਗ
ਤਾਹੀਉਂ ਤਾਂ ਪ੍ਰਸਿੱਧ ਹੋਇਆ ਜਗ੍ਹਾ ਨਾਮ ਪਰਯਾਗ।



UNISTAR BOOKS PVT LTD.
Unistar Books Pvt Ltd.

ਪੋਹ ਦੀ ਪੁੰਨਿਆ ਹੋ ਇਕੱਠੇ ਇਥੇ ਪੁਰਬ ਮਨਾਣ
ਹਿੰਦੂਆਂ ਲਈ ਮਹਾਤਮ ਇਥੇ ਤ੍ਰਿਵੈਣੀ ਇਸ਼ਨਾਨ।
ਦੂਰੋਂ ਆ ਸ਼ਰਧਾਲੂਆਂ ਦੀ 'ਕੱਠੀ ਹੁੰਦੀ ਭੀੜ
ਮਰਦਾਨੇ ਨੂੰ ਨਾਲ਼ ਲਈ ਪੁੱਜੇ ਗੁਣੀ ਗਹੀਰ।
ਬੱਝੇ ਨਾਲ਼ ਪਰੰਪਰਾ ਅਗਿਆਨੀ ਅਣਜਾਣ
ਪਿੰਡੇ ਪਾਣੀ ਪਾਣ ਨੂੰ ਹੀ ਮੰਨਦੇ ਸੀ ਇਸ਼ਨਾਨ।
ਨੇੜੇ ਹੀ ਇਕ ਪਾਂਡਾ ਉੱਚੀ ਸੁਰ 'ਚ ਰਿਹਾ ਅਲਾਪ
ਧੁਲ ਜਾਂਦੇ ਇਸ਼ਨਾਨ ਨਾਲ਼ ਜਨਮ ਕਰਮ ਦੇ ਪਾਪ।
ਵਧੀਆ ਸਮਾਂ ਬੱਝਿਆ ਤੱਕ ਭੀੜ 'ਕੱਠ ਵਿਚਕਾਰ
ਬੈਠੇ ਗੁਰ ਸੰਗਮ ਕੰਢੇ ਸੰਗ ਰਬਾਬੀ ਯਾਰ।
ਥਿਰਕੀ ਸੁਰ ਰਬਾਬ 'ਚੋਂ ਰੁਮਕੀ ਮਿੱਠੀ ਤਾਨ।
ਬਾਣੀ ਸੁਣ ਮੰਤਰ ਮੁਗਧ ਹੋ ਬੈਠੇ ਕਈ ਆਣ।
ਇਕ ਪੁਜਾਰੀ ਦੂਰ ਤੋਂ ਸੀ ਸਭ ਕੁਝ ਰਿਹਾ ਨਿਹਾਰ
ਬਾਬੇ ਵੱਲ ਤੱਕ ਬੋਲਿਆ ਤਿੱਖੀ ਜੀਭ ਕਟਾਰ।
'ਤੈਨੂੰ ਤਾਂ ਨਹੀਂ ਤੱਕਿਆ ਕਰਦੇ ਨੂੰ ਇਸ਼ਨਾਨ
ਦੇਖੀਂ ਕਿਤੇ ਨਾ ਲੰਘ ਜੇ ਸ਼ੁਭ ਮਹੂਰਤ ਆਣ।'
'ਤਨ ਦੀ ਮੈਲ਼ ਤਾਂ ਧੁਲ ਜੂ ਪਾਂਡੇ! ਕਰ ਇਸ਼ਨਾਨ
ਪਾਪ ਕਿਵੇਂ ਧੁਲ ਸਕਦੈ ?' ਬੋਲੇ ਬਾਬਾ ਆਣ।
ਨਾਮ ਸੰਗ ਨੇ ਧੁਲਦੇ ਮਨ ਦੇ ਵਿਸ਼ੇ ਵਿਕਾਰ'
ਦਿੱਤਾ ਰਾਗ ਵਡਹੰਸ ਵਿਚ ਪਉੜੀ ਤਥ ਵੀਚਾਰ :

ਕਾਇਆ ਕੂੜਿ ਵਿਗਾੜਿ ਕਾਹੇ ਨਾਈਐ॥
ਨਾਤਾ ਸੋ ਪਰਵਾਣੁ ਸਚੁ ਕਮਾਈਐ॥
ਜਬ ਸਾਚ ਅੰਦਰਿ ਹੋਇ ਸਾਚਾ ਤਾਮਿ ਸਾਚਾ ਪਾਈਐ॥
ਲਿਖੇ ਬਾਝਹੁ ਸੁਰਤਿ ਨਾਹੀ ਬੋਲਿ ਬੋਲਿ ਗਵਾਈਐ॥
ਜਿਥੈ ਜਾਇ ਬਹੀਐ ਭਲਾ ਕਹੀਐ ਸੁਰਤਿ ਸਬਦੁ ਲਿਖਾਈਐ॥
ਕਾਇਆ ਕੂੜਿ ਵਿਗਾੜਿ ਕਾਹੇ ਨਾਈਐ॥੧॥ (**ਗੁਰੂ ਗ੍ਰੰਥ**, ਪੰਨਾ 565)

'ਦੇਹੀ ਧੋਇਆ ਕੀ ਲਾਭ ਹੋਇ ਕੂੜ ਸੰਗ ਪਲੀਤ
ਨਾਤਾ ਸੋ ਪਰਵਾਣ ਜਨ ਜਿਸ ਹਿਰਦੇ ਸਚ ਪ੍ਰੀਤ'।
ਸੂਰਤ ਮਤ ਤਦ ਪਾਈਐ ਹੋਏ ਮਸਤਕ ਲਿਖਤਕਾਰ
ਬਕੜਵਾਦ ਵਿਵਾਦ ਵਿਚ ਜੀਵਨ ਹੋਏ ਖੁਆਰ।
ਤ੍ਰਿਵੈਣੀ ਇਸ਼ਨਾਨ ਦਾ ਪੰਡਿਤਾਂ ਨੂੰ ਵੱਲ ਸਿਖਾ
ਵੱਲ ਬਨਾਰਸ ਤੁਰ ਪਏ ਰਹਿਬਰ ਮਾਨਵਤਾ।

UNISTAR BOOKS PVT LTD
Unistar Books Pvt Ltd.

## ਬਨਾਰਸ

ਵਰਣਾ, ਅਸੀ ਵਿਚ ਹੋ ਦੋ ਨਦੀਆਂ ਦੇ ਵਿਚਕਾਰ
ਸ਼ਹਿਰ ਬਨਾਰਸੀ ਵਾਰਾਣਸੀ ਘਾਟ ਨੇ ਬੇਸ਼ੁਮਾਰ।
ਰਾਮਾਇਣ, ਮਹਾਂਭਾਰਤ ਵਿਚ ਆਉਂਦਾ ਇਸ ਉਲੇਖ
ਅਤਿ ਪ੍ਰਾਚੀਨ ਸ਼ਿਵਾਨਗਰੀ ਇਸ ਨੂੰ ਕਹਿਣ ਵਿਸੇਖ।
ਸੱਤ ਪਵਿੱਤਰ ਪੁਰੀਆ ਮੰਨੇ ਹਿੰਦੂ ਸੰਸਾਰ
ਕਾਂਸ਼ੀਪੁਰੀ ਪਵਿੱਤਰ ਸੁਣਦੇ ਇਕ ਉਨ੍ਹਾਂ ਵਿਚਕਾਰ।
ਸੰਸਕ੍ਰਿਤ ਵਿਦਿਆ ਕੇਂਦਰ ਵਿਦਵਾਨਾਂ ਦਾ ਗੜ੍ਹ
ਪੰਡਤਾਈ ਸਿਰ ਬੋਲਦੀ ਬੇਦ ਕਿਤਾਬਾਂ ਪੜ੍ਹ।
ਲੇਕਿਨ ਔਰੰਗਜ਼ੇਬ ਨੇ ਕਰਕੇ ਇਸ ਬਰਬਾਦ
ਨਵੇਂ ਸਿਰੇ ਤੋਂ ਰੱਖਿਆ ਨਾਮ ਮੁਹੰਮਦਾਬਾਦ।
ਇਥੋਂ ਤੀਕ ਕਿ ਉੱਘਾ ਮੰਦਰ ਨਾਮ 'ਵਿਸੇਸ਼੍ਵਰਨਾਥ'
ਢਾਹ-ਢੇਰੀ ਕਰ ਉਸ 'ਤੇ ਕੀਤੀ ਮਸੀਤ ਆਬਾਦ।
ਜਿਥੇ ਸੀ ਆਰਾ ਕਲਵੱਤਰ ਇਹੋ ਸੀ ਅਸਥਾਨ
ਮੁਕਤੀ ਦੇ ਲਾਲਚ ਹੇਠਾਂ ਲੋਕੀਂ ਸਿਰ ਕਟਾਣ।
ਲੋਕਾਂ ਦੀ ਮੰਦਬੁੱਧ ਕਰ ਪਾਂਡਿਆਂ ਪਾਇਆ ਜਾਲ਼
ਸਭ ਕੁਝ ਦਾਨ ਕਰਾਉਣ ਦੀ ਸੀ ਕੇਹੀ ਕੋਝੀ ਚਾਲ ?
ਠੱਗੀ ਅਤੇ ਠਗਓਰੀ ਸੀ ਨਾਮ ਧਰਮ ਦੇ ਹੇਠ
'ਬਨਾਰਸ ਦੇ ਠੱਗ' ਤਾਹੀਓਂ ਕਿਹਾ ਕਬੀਰ ਵਿਸੇਖ।
ਬਾਬੇ ਨਾਨਕ ਓਡ ਕੇ ਉਹੀ ਭਗਵਾਂ ਭੇਖ
ਲਕਸ਼ਾ ਮਹਿਲ ਦੇ ਵਿਚ ਜਾ ਕੀਤਾ ਗੁਰ ਪਰਵੇਸ਼।
ਪੰਡਿਤ ਨਾਮ ਗੋਪਾਲ ਦਾ ਹੈ ਸੀ ਜਿੱਥੇ ਬਾਗ਼
ਬਾਬੇ ਬਹਿ ਕੇ ਛੋਹਿਆ ਸ਼ਬਦ ਅਨਾਹਦ ਰਾਗ।
ਵਿੰਨ੍ਹਿਆ ਗਿਆ ਕਾਲ਼ਜਾ ਉਸ ਸੁਣ ਇਲਾਹੀ ਨਾਦ
ਕਸਤੂਰੀ ਦੀ ਭਾਲ਼ ਵਿਚ ਖਿੱਚਿਆ ਪੁੱਜਾ ਪਾਸ।
ਗੁਰਦੁਆਰਾ ਗੁਰੂ ਬਾਗ਼ ਜੋ ਗੰਗਾ ਤੱਟ ਦੇ ਲਾਗ
ਲੋਕ ਮਨਾਂ ਵਿਚ ਬਾਲ਼ਿਆ ਸੀ ਬਾਬੇ ਗਿਆਨ ਚਿਰਾਗ਼।
ਮੇਲਾ ਸੀ ਸ਼ਿਵਰਾਤਰੀ ਮਹਿਮਾ ਸ਼ਿਵ ਆਪਾਰ
ਗੰਗ ਕਿਨਾਰੇ ਭੀੜ ਜੋ ਗਿਣਤੀਓਂ ਬੇਸ਼ੁਮਾਰ।
ਸ਼ਿਵਭਗਤ ਬੰਨ੍ਹ ਟੋਲੀਆਂ ਆ ਰੌਣਕ ਲਾਈ ਘਾਟ
ਆਦਿ ਨਾਥ ਦੇ ਚੇਲੜੇ ਟੁਰ ਆਏ ਲੰਮੀ ਵਾਟ।

ਹੱਥਾਂ ਵਿਚ ਤ੍ਰਿਸ਼ੂਲ ਫੜੇ ਗਲ਼ ਮਾਲ਼ਾ ਰੁਦਰਾਖ਼
ਜਟਾ ਜੂਟ ਅਵਧੂਤ ਕਈ ਪਿੰਡੇ ਮਲ਼ੀ ਖ਼ਾਕ।
ਫੱਗਣ ਦੀ ਚੌਦਾਂ ਵਦੀ ਦੁਰਗਾ/ਸ਼ਿਵਾਂ ਦੀ ਰਾਤ
ਸ਼ੈਵ ਮਤ ਕੁਝ ਹੋਰ ਵਰਨ ਪੁੱਜੇ ਦੁਰਗਾਘਾਟ।
ਗਿਆਨ ਵਿਹੂਣੇ ਭਟਕਿਆਂ ਦੇ ਕੱਟਣ ਲਈ ਭ੍ਰਮ ਫਾਸ
ਸੰਗ ਮਰਦਾਨੇ ਆਪੁ ਸੀ ਬਾਬਾ ਨਾਨਕ ਖ਼ਾਸ।
ਮੁਕਤੀ ਹੈ ਕਦ ਮਿਲਦੀ ਕਲਵੱਤਰ ਆਰੇ ਹੇਠ
ਗਾਡੀ ਰਾਹ ਚੱਲ ਗੁਰੂ ਦੇ ਮਿਲਦੇ ਜੀਵਨ ਭੇਤ।
ਸੁਣਿਆ ਪਾਂਡੇ ਤੜਪ ਗਏ ਸ਼ਾਖ਼ 'ਤੇ ਪੈਂਦੀ ਸੱਟ
ਆਖ਼ਰ! ਕਿੰਨੇ ਦਿਨ ਚੱਲੂ ਇਹ ਮਾਇਆਵੀ ਹੱਟ ?
ਰੌਲ਼ਾ ਪਾਇਆ ਸਭਨਾਂ ਜਾ ਚਤੁਰ ਦਾਸ ਦੇ ਪਾਸ
ਪਾ ਕੇ ਭਗਵੇਂ ਕੱਪੜੇ ਕੋਈ ਕਰਦਾ ਫਿਰੇ ਵਿਵਾਦ!
ਮੱਥੇ ਕੋਈ ਤਿਲਕ ਨਾ ਨਾਹ ਗਲ਼ ਤੁਲਸੀ ਮਾਲ
ਪੂਜਾ ਸਾਲਗ੍ਰਾਮ ਨਾਹ ਵੱਖਰੀ ਹੀ ਉਸ ਚਾਲ।
ਪੰਡਤਾਈ ਵਿਚ ਚਤੁਰ ਦਾਸ ਸੀ ਡਾਢਾ ਪ੍ਰਬੀਨ
ਪੂੱਜਾ ਚਰਚਾ ਕਾਰਨੇ ਸੂਝ ਸੀ ਜਿਸ ਮਹੀਨ।
'ਕੈਸੇ ਹੋ ਸਾਧੂ ਤੁਸੀਂ ? ਧਰਮ ਦੀ ਨਾਹ ਪਹਿਚਾਣ
ਤੁਲਸੀ ਮਾਲ਼ਾ ਤਿਲਕ ਨਾਹ ਗਲ਼ ਪੂਜਾ ਸਾਲਗ੍ਰਾਮ ?'
ਬਾਬਾ ਜੀ ਤੋੜਨ ਆਏ ਸੀ ਅੰਹਗੜ੍ਹ ਵਿਸੇਖ
ਕੱਲਰ ਸਿੰਜਣ ਵਾਂਗ ਸੀ ਤੋੜਨੇ ਬਾਹਰੀ ਭੇਖ।
ਸ਼ਾਸਤਰ ਵਿੱਦਿਆ ਵਿਚ ਸੀ ਚਤੁਰ ਦਾਸ ਅਕੱਥ
ਫਿਰ ਵੀ ਨਹੀਂ ਸੀ ਜਾਣਦਾ ਬਾਹਰੀ ਚਿੰਨ੍ਹਾਂ ਦੇ ਤੱਥ।
ਰਾਗ ਬਸੰਤ ਹਿੰਡੋਲ ਵਿਚ ਮਰਦਾਨੇ ਛੇੜੀ ਤਾਨ
ਦਿੱਤਾ ਬਾਹਰੀ ਚਿੰਨ੍ਹਾਂ ਦਾ ਬਾਣੀ ਵਿਚ ਗਿਆਨ :

ਸਾਲ ਗ੍ਰਾਮ ਬਿਪ ਪੂਜਿ ਮਨਾਵਹੁ ਸੁਕ੍ਰਿਤੁ ਤੁਲਸੀ ਮਾਲਾ॥
ਰਾਮ ਨਾਮੁ ਜਪਿ ਬੇੜਾ ਬਾਂਧਹੁ ਦਇਆ ਕਰਹੁ ਦਇਆਲਾ॥੧॥
ਕਾਹੇ ਕਲਰਾ ਸਿੰਚਹੁ ਜਨਮੁ ਗਵਾਵਹੁ॥
ਕਾਚੀ ਢਹਗਿ ਦਿਵਾਲ ਕਾਹੇ ਗਚੁ ਲਾਵਹੁ॥੧॥ ਰਹਾਉ॥
ਕਰ ਹਰਿਹਟ ਮਾਲ ਟਿੰਡ ਪਰੋਵਹੁ ਤਿਸੁ ਭੀਤਰਿ ਮਨੁ ਜੋਵਹੁ॥
ਅੰਮ੍ਰਿਤੁ ਸਿੰਚਹੁ ਭਰਹੁ ਕਿਆਰੇ ਤਉ ਮਾਲੀ ਕੇ ਹੋਵਹੁ॥੨॥
ਕਾਮੁ ਕ੍ਰੋਧੁ ਦੁਇ ਕਰਹੁ ਬਸੋਲੇ ਗੋਡਹੁ ਧਰਤੀ ਭਾਈ॥
ਜਿਉ ਗੋਡਹੁ ਤਿਉ ਤੁਮ੍ ਸੁਖ ਪਾਵਹੁ ਕਿਰਤੁ ਨ ਮੇਟਿਆ ਜਾਈ॥੩॥

ਬਗੁਲੇ ਤੇ ਫੁਨਿ ਹੰਸੁਲਾ ਹੋਵੈ ਜੇ ਤੂ ਕਰਹਿ ਦਇਆਲਾ॥
ਪ੍ਰਣਵਤਿ ਨਾਨਕੁ ਦਾਸਨਿ ਦਾਸਾ ਦਇਆ ਕਰਹੁ ਦਇਆਲਾ॥੪॥੧॥੯॥

(**ਗੁਰੂ ਗ੍ਰੰਥ**, ਪੰਨਾ 1171)

ਗੁਰਾਂ ਕਿਹਾ, 'ਮੱਥੇ ਚੰਦਨ ਗਲ਼ ਵਿਚ ਤੁਲਸੀ ਮਾਲ
ਸਾਲਗ੍ਰਾਮ ਹੈਂ ਪੂਜਦਾ ਭੇਖ ਅਡੰਬਰ ਨਾਲ਼।
ਬੇੜਾ ਬੰਨ੍ਹ ਲੈ ਨਾਮ ਦਾ ਛੱਡ ਕੇ ਗਹਲੇ ਭੇਖ
ਕੀ ਮਿਲੂ ਦੱਸ ਸਿੰਞ ਕੇ ਸ਼ੋਰੇ ਵਾਲ਼ਾ ਖੇਤ ?
ਪਰਮੇਸ਼ਰ ਨੂੰ ਖੂਹ ਕਰ ਟਿੰਡਾਂ ਕਰਕੇ ਨਾਮ
ਬਲ਼ਦ ਰੂਪ ਮਨੂਆ ਕਰਕੇ ਸਿੰਞ ਖੱਤੇ ਰਸ ਰਾਮ।
ਖੁਰਪੇ ਸੰਦੀ ਕਾਮ ਕ੍ਰੋਧ ਖ਼ੁਦ ਦੀ ਗੋਡੀ ਕਰ
ਕਾਗਹੁੰ ਹੋਵੀ ਹੰਸੁਲਾ ਜਨਮ ਕਰਮ ਮਲ ਹਰ।'
ਤੁਲਸੀ ਅਤੇ ਸਾਲਗ੍ਰਾਮ ਦੇ ਸੁਣ ਕੇ ਅਰਥ ਮਹੀਨ
ਫਿਰ ਵੀ ਰੋਕ ਨਾ ਸਕਿਆ ਅਹੰ-ਰੋਗ-ਜ਼ਹੀਨ।
ਬਹੁੰ ਵਿਦਿਆਵਾਂ ਪੜ੍ਹੀਆਂ ਸੀ ਚਤੁਰ ਦਾਸ ਵਿਦਵਾਨ
ਖਗੋਲ, ਰਸਾਇਣ, ਰਾਗ, ਚਕਿਤਸਾ, ਪੁਰਾਤਤਵ ਵਿਗਿਆਨ।
ਪੀਠਾ ਬਹੁਤ ਮਹੀਨ ਸੀ ਕਰਕੇ ਕੱਪੜ-ਛਾਣ
ਵੇਦ ਪੁਰਾਨਾਂ 'ਚੋਂ ਕਈ ਦੇ ਦੇ ਕੇ ਪਰਮਾਣ।
ਬਾਬੇ ਨੂੰ ਕਿਹਾ, ਸਿੱਖ ਲਓ! ਬਣ ਜਾਉਗੇ ਮਹੰਤ
ਸੋਭਾ ਹੋਊ ਜੱਗ ਵਿਚ ਰਿਧ-ਸਿਧ ਪਾ ਬੇਅੰਤ।'
ਉੱਠੀ ਧੁਨ ਰਬਾਬ 'ਚੋਂ ਕੰਬੇ ਮੁੜ ਸੁਰ ਤਾਰ
ਰਾਗ ਬਸੰਤ ਹਿੰਡੋਲ ਵਿਚ ਗੁਰ ਦਿੱਤਾ ਸ਼ਬਦ ਉਚਾਰ:

ਰਾਜਾ ਬਾਲਕੁ ਨਗਰੀ ਕਾਚੀ ਦੁਸਟਾ ਨਾਲਿ ਪਿਆਰੋ॥
ਦੁਇ ਮਾਈ ਦੁਇ ਬਾਪਾ ਪੜੀਅਹਿ ਪੰਡਿਤ ਕਰਹੁ ਬੀਚਾਰੋ॥੧॥
ਸੁਆਮੀ ਪੰਡਿਤਾ ਤੁਮ੍ ਦੇਹੁ ਮਤੀ॥
ਕਿਨ ਬਿਧਿ ਪਾਵਉ ਪ੍ਰਾਨਪਤੀ॥੧॥ ਰਹਾਉ॥
ਭੀਤਰਿ ਅਗਨਿ ਬਨਾਸਪਤਿ ਮਉਲੀ ਸਾਗਰੁ ਪੰਡੈ ਪਾਇਆ॥
ਚੰਦੁ ਸੂਰਜੁ ਦੁਇ ਘਰ ਹੀ ਭੀਤਰਿ ਐਸਾ ਗਿਆਨੁ ਨ ਪਾਇਆ॥੨॥

(**ਗੁਰੂ ਗ੍ਰੰਥ**, ਪੰਨਾ 1171)

ਸੁਣ ਕੇ ਬਾਣੀ ਤੱਤ ਸਾਰ ਪੰਡਤ ਬੱਝੀ ਨਿਸ਼ਠ
ਆਖਿਆ, 'ਸਾਧੂ ਉੱਚ ਹੋ ਰੱਖਦੇ ਉੱਚ ਦ੍ਰਿਸ਼ਟ।'
ਭਿੱਜ ਕੇ ਵਿਚ ਬੈਰਾਗ ਦੇ ਪੁੱਛਿਆ ਚਤੁਰ ਦਾਸ!
'ਚੇਲਿਆਂ ਤਾਈਂ ਪੜ੍ਹਾਵਣੇ ਦੀ ਦੱਸੋ ਵਿਦਿਆ ਖ਼ਾਸ ?



UNISTAR BOOKS PVT LTD.

ਅਸੀਂ ਤਾਂ ਬਾਵਨ ਅੱਖਰੀ ਚੇਲਿਆਂ ਤਾਈਂ ਸਿਖਾ
ਦਿੰਦੇ ਹਾਂ ਸੰਸਾਰ ਵਿਚ ਵਿਚਰਣਯੋਗ ਬਣਾ।'
ਦੋਹਾਂ ਦੇ ਵਿਚਕਾਰ ਵਿਚ ਚੱਲੀ ਗੋਸ਼ਟ ਅਪਾਰ
ਬਾਣੀ ਉਚਰੀ ਸਤਗੁਰੂ ਦੱਖਣੀ ਓਅੰਕਾਰਿ।

ਓਅੰਕਾਰਿ ਬ੍ਰਹਮਾ ਉਤਪਤਿ॥
ਓਅੰਕਾਰੁ ਕੀਆ ਜਿਨਿ ਚਿਤਿ॥
ਓਅੰਕਾਰਿ ਸੈਲ ਜੁਗ ਭਏ॥
ਓਅੰਕਾਰਿ ਬੇਦ ਨਿਰਮਏ॥
ਓਅੰਕਾਰਿ ਸਬਦਿ ਉਧਰੇ॥
ਓਅੰਕਾਰਿ ਗੁਰਮੁਖਿ ਤਰੇ॥
ਓਨਮ ਅਖਰ ਸੁਣਹੁ ਬੀਚਾਰੁ॥
ਓਨਮ ਅਖਰੁ ਤ੍ਰਿਭਵਣ ਸਾਰੁ॥੧॥
ਸੁਣਿ ਪਾਡੇ ਕਿਆ ਲਿਖਹੁ ਜੰਜਾਲਾ॥
ਲਿਖੁ ਰਾਮ ਨਾਮ ਗੁਰਮੁਖਿ ਗੋਪਾਲਾ॥੧॥ ਰਹਾਉ॥ (**ਗੁਰੂ ਗੰਥ**, ਪੰਨਾ 908)

ਬਾਬੇ ਕਿਹਾ, 'ਬੇਦ ਨਿਰਮਾਤਾ ਉਹੀ ਸਿਰਜਨਹਾਰ
ਮੁਕਤੀਦਾਤਾ ਹੈ ਉਹੀ ਸਦ ਨਮਹੋ ਨਮਸਕਾਰ॥'
ਛਡ ਪੁਆੜੇ ਦੁਨੀ ਦੇ ਵਾਧੂ ਆਲ ਜੰਜ਼ਾਲ
ਰੱਬੀ ਮਿਹਰ ਦੇ ਪਾਤਰ ਬਣ ਲਿਖ ਲੇਹੁ ਨਾਮ ਗੋਪਾਲ।
'ਸਚੀ ਪਟੀ ਸਚੁ ਮਨਿ ਪੜੀਐ ਸਬਦੁ ਸੁ ਸਾਰੁ॥'
ਪੜ੍ਹਿਆ ਪੰਡਿਤੁ ਬੀਨਾ ਸੋਈ ਰਾਮ ਨਾਮੁ ਗਲਿ ਹਾਰੁ॥'
ਗੂੜ੍ਹ ਵੀਚਾਰਾਂ ਦਿੱਤੀਆਂ ਗੁਰ ਚਤੁਰ ਦਾਸ ਸਨਮੁਖ
ਨਿਵਰੇ ਸ਼ੰਕੇ ਚਤੁਰ ਦਾਸ ਕੱਟਿਆ ਅਹੰ ਦੁੱਖ।
ਮੁੱਕੀ ਜਦ ਸ਼ਿਵਰਾਤਰੀ ਖਿੰਡ ਗਈ ਸਭ ਭੀੜ
ਬਾਬਾ ਪੁੱਜ ਪੰਚਾਂਗਘਾਟ ਬੈਠਾ ਰੱਖ ਕੇ ਧੀਰ।
ਜਿਥੇ ਰਾਮਾਨੰਦ ਜੀ ਸੀ ਕੱਟੇ ਕਈ ਸਾਲ
ਗੜ੍ਹ ਭੰਨੇ ਹਨ੍ਹੇਰ ਦੇ ਗੁਰਜ ਗਿਆਨ ਦਾ ਮਾਰ।
ਇਥੋਂ ਹੀ ਰਵੀਦਾਸ ਜਾ ਦੀਖਿਆ ਲਈ ਉਸ ਪਾਸ
ਗੰਗ ਰੂਪ ਹੋ ਨਿਬੜਿਆ ਸੀ ਰਵੀਦਾਸ ਉਦਾਸ।
ਮੋਹ ਤਾਰਾਂ ਸੰਗ ਕਦੀ ਨਾਹ ਤੋਪੇ ਭਰੇ ਸਰੀਰ
ਭੰਨੇ ਪਾਖੰਡ ਠੀਕਰੇ ਬਣ ਕੇ ਗੁਣੀ ਗਹੀਰ।
ਜਾਤੀ ਦੇ ਅਭਿਮਾਨੀਆਂ ਸੰਗ ਟਕਰਾਇਆ ਸੈ ਵਾਰ
ਉੱਘਾ ਨਾਮੀ ਭਗਤ ਸੀ ਰਵੀਦਾਸ ਚਮਿਆਰ।



UNISTAR BOOKS PVT LTD
Unistar Books Pvt Ltd.
UNISTAR BOOKS PVT LTD

ਸੂਰਿਆਂ ਵਾਂਗ ਚੁਣੌਤੀਆਂ ਨੂੰ ਕਰ ਕਬੀਰ ਸਵੀਕਾਰ
ਅਹੰਕਾਰੀ ਪਾਂਡਿਆਂ ਤਨ ਮਨ ਕੀਤਾ ਪ੍ਰਹਾਰ।
ਧਰਮ ਕਰਮ ਦੇ ਨਾਮ 'ਤੇ ਪਾਪ ਤੇ ਠੱਗੀ ਤੱਕ
ਬੇਝਿਜਕ ਹੋ ਕੇ ਕਿਹਾ, 'ਬਨਾਰਸ ਕੇ ਠੱਗ'।
ਰਾਮਾਨੰਦ ਪ੍ਰਸਿੱਧ ਹੋਇਆ ਭਗਤ ਕਮਾਈ ਘਾਲ਼
ਪੀਪਾ ਸੈਣ ਜੀ ਵੀ ਕੀਤਾ ਨਾਮ ਵਣਜ ਵਪਾਰ।
ਨਾਨਕ ਬਾਣੀ ਵਾਚ ਕੇ ਗੁਰਮਤਿ ਦੇ ਅਨੁਸਾਰ
ਭਗਤਾਂ ਦਾ ਇਕ ਇਕ ਸ਼ਬਦ ਪੋਥੀ ਵਿਚ ਉਤਾਰ।
ਕਰਮ/ਧਰਮ ਤੇ ਪਾਪ/ਪੁੰਨ ਥੀਂ ਕਰਕੇ ਜੀਵਾਂ ਮੁਕਤ
ਸਤਿ ਸੰਤੋਖ ਈਮਾਨ ਦੀ ਦਿੱਤੀ ਜੀਵਨ-ਜੁਗਤ।
ਭਗਤਾਂ ਦੀ ਬਾਣੀ ਸਤਗੁਰ ਸਾਂਭ ਕੇ ਅਦਬ ਨਾਲ਼
ਅਗਲੇ ਪੰਧ ਨੂੰ ਜਾਣ ਲਈ ਤਿੱਖੀ ਕੀਤੀ ਚਾਲ।

## ਚੰਦਰੌਲੀ

ਚੰਦਰੌਲੀ ਕਸਬੇ ਕੀਤਾ ਜਾ ਕੇ ਗੁਰਾਂ ਪੜਾਅ
ਕਿਸੀ ਜ਼ਮਾਨੇ ਵਿਚ ਸੀ ਆਲੀਸ਼ਾਨ ਇਹ ਥਾਂ।
ਵਿਚ ਹਜ਼ੂਰੀ ਪੁੱਛਿਆ ਰਾਜਾ ਹਰੀ ਨਾਥ
ਲੋਕ ਸੈਂਕੜੇ ਦੀਦ ਲਈ ਪੁੱਜੇ ਬਾਬੇ ਪਾਸ।
ਰਾਜ-ਪਾਟ ਸੀ ਤਿਆਗਣਾ ਚਾਹੁੰਦਾ ਹਰੀ ਨਾਥ
ਰਾਜ ਵਿਚ ਹੀ ਜੋਗ ਦੀ ਗੁਰਾਂ ਬੰਧਾਈ ਆਸ।
ਰਾਜਾ ਵੀ ਕਰ ਸਕਦਾ ਹੈ ਰਾਜ ਕਰਦਿਆਂ ਜੋਗ
ਪਰਜਾ ਤਾਈਂ ਬਣਾ ਸਕਦੈ ਹੋਰ ਵੀ ਜੀਵਨ ਜੋਗ।
ਸ਼ਰਧਾ ਨਾਲ਼ ਝੁਕਾਣ ਲੋਕ ਸੀਸ ਸੈਂਕੜੇ ਵਾਰ
ਐਸੇ ਰਾਜੇ ਨੂੰ ਮਿਲੇ ਸਦ ਲੋਕਾਂ ਕੋਲ਼ੋਂ ਪਿਆਰ।
ਕਾਹਦਾ ਉਹ ਸੁਲਤਾਨ ਜਿਸ ਲੋਕ ਨਾ ਕਰਨ ਸਲਾਮ
ਆਸਾ ਰਾਗ 'ਚ ਸਤਗੁਰੂ ਕੀਤਾ ਤਦ ਫੁਰਮਾਨ :

ਦੁਧ ਬਿਨੁ ਧੇਨੁ ਪੰਖ ਬਿਨੁ ਪੰਖੀ
ਜਲ ਬਿਨੁ ਉਤਭੁਜ ਕਾਮਿ ਨਾਹੀ॥
ਕਿਆ ਸੁਲਤਾਨੁ ਸਲਾਮ ਵਿਹੂਣਾ
ਅੰਧੀ ਕੋਠੀ ਤੇਰਾ ਨਾਮੁ ਨਾਹੀ॥੧॥
ਕੀ ਵਿਸਰਹਿ ਦੁਖੁ ਬਹੁਤਾ ਲਾਗੈ॥
ਦੁਖੁ ਲਾਗੈ ਤੂੰ ਵਿਸਰੁ ਨਾਹੀ॥੧॥ ਰਹਾਉ॥ (**ਗੁਰੂ ਗ੍ਰੰਥ**, ਪੰਨਾ 354)

UNISTAR BOOKS PVT LTD.
Unistar Books Pvt Ltd.
Unistar Books Pvt Ltd.
UNISTAR BOOKS PVT LTD.

ਗੁਰੂ ਸਾਹਿਬ ਤੋਂ ਮੰਗਿਆ ਤਦ ਰਾਜੇ ਸਿੱਖੀ ਦਾਨ
ਸਤਿ ਧਰਮ ਦੀ ਸਿੱਖਿਆ ਕੀਤੀ ਗੁਰ ਪਰਦਾਨ।
ਰਾਜ ਜੋਗ ਦਾ ਫ਼ਲਸਫ਼ਾ ਦੇ ਪੁੱਜੇ ਗੁਰ 'ਸਸਰਾਮ'
ਕੁਝ ਚਿਰ ਰੁਕ ਕੇ 'ਗਯਾ' ਵੱਲ ਕੀਤਾ ਗੁਰ ਪ੍ਰਸਥਾਨ।

## ਗਯਾ

ਰਾਹ ਰਸਤੇ ਵਿਚ ਮਿਲਦਿਆਂ ਨੂੰ ਦਿੰਦੇ ਸਤੋਪਦੇਸ਼
ਜਾ ਰਹੇ ਸੰਗ ਮਰਦਾਨੇ ਪੂਰਤੀ ਹਿਤ ਉਦੇਸ਼।
ਬੁੱਧ ਧਰਮ ਦਾ ਪ੍ਰਥਮ ਸ੍ਰੇਸ਼ਟ ਹੈ ਗਯਾ ਅਸਥਾਨ
ਜਿਥੇ ਬੁੱਧ ਸੀ ਪਾਇਆ ਚਾਨਣ ਰੂਪ ਗਿਆਨ।
ਕੰਚਨ ਹੋਈ ਕੱਚ ਤੋਂ ਗੌਤਮ ਨਿਰਮਲ ਬੁੱਧ
ਪੈ ਕੁਠਾਲੀ ਵਿਚ ਜਿਉਂ ਸੋਨਾ ਹੋਵੇ ਸ਼ੁੱਧ।
ਹਿੰਦੂਆਂ ਦੀਆਂ ਸਤ ਪਵਿੱਤਰ ਪੁਰੀਆਂ ਵਿਚੋਂ ਇਕ
ਫਲਗੂ ਨਦੀ ਕਿਨਾਰੇ ਗਯਾ ਨਗਰੀ ਹੈ ਇਸਥਿਤ।
ਸਮਾਂ ਪੈਣ ਤੇ ਬੋਧ ਭਿਕਸ਼ੂਆਂ ਜਿਵੇਂ ਤਿਆਗਿਆ ਸਤਿ
ਪਾਂਡਿਆਂ ਕਬਜ਼ੇ ਆ ਗਿਆ ਛੇਤੀ ਗਯਾ ਮੱਠ।
ਹਿੰਦੂ ਭਾਰਤ ਵਰਸ਼ ਦੇ ਦੂਰ ਦੁਰਾਡਿਉਂ ਆ
ਪਿੰਡ ਦਾਨ ਕਰ ਪਿਤਰਾਂ ਲਈ ਦੀਵੇ ਦੇਣ ਜਗਾ।
ਗਯਾਸੁਰ ਬਾਰੇ ਲਿਖਿਆ ਜੋ ਮਿਲਦਾ ਵਾਯੂ ਪੁਰਾਨ
ਕਥਾ ਕਹਣ ਜਜ਼ਮਾਨਾਂ ਤਾਈਂ ਪਾਂਡੇ ਦੇ ਪਰਮਾਣ।

ਗਆਸੁਰ 'ਕੇਰਾਂ ਭਾਰੀ ਕਰੀ ਤਪੱਸਿਆ ਆਣ
ਬ੍ਰਹਮਾ ਵਿਸ਼ਨੂੰ ਤਿਆਰ ਹੋਏ ਦੇਣ ਲਈ ਵਰਦਾਨ।
ਗਆਸੁਰ ਕਿਹਾ, 'ਸੁਰਦੇਵ! ਵਰ ਦੇਵੋ ਇਹ ਖ਼ਾਸ
ਜੋ ਮੇਰਾ ਦਰਸ਼ਨ ਕਰੇ ਉਹ ਕਰੇ ਬੈਕੁੰਠੇ ਵਾਸ।'
ਗਆਸੁਰ ਦੀ ਬੇਨਤੀ ਵਿਸ਼ਨੂੰ ਗਏ ਮੰਨ
'ਤਥਾ ਅਸਤੂ' ਆਖ ਕੇ ਵਰ ਦਿੱਤਾ ਹੋ ਪ੍ਰਸੰਨ।
ਇਕ ਸੌ ਚੌਵੀ ਲੰਮਾ ਅਤੇ ਚੌੜਾ ਜੋਜਨ ਸੱਠ
ਰਾਖ਼ਸ਼ ਦਿਸੇ ਦੂਰ ਤੋਂ ਨਜ਼ਰੀਂ ਲੋਕਾਂ ਤੱਕ।
ਸਗਲ ਲੋਕਾਈ ਤਾਰਨੇ ਹਿਤ ਧਰਤੀ ਲੱਗਾ ਭਉਣ
ਪਿਆ ਸੰਨਾਟਾ ਨਰਕ ਦੁਆਰ ਦੇਵ ਲੱਗੇ ਘਬਰਾਉਣ।
ਦੇਵਤਿਆਂ ਨੇ ਮੰਗਿਆ ਜਦ ਗਯਾ ਤੋਂ ਦਾਨ
ਗਯਾ ਕਿਹਾ, 'ਜੋ ਵੀ ਕਹੋ ਮੈਨੂੰ ਹੈ ਪਰਵਾਨ'।



UNISTAR BOOKS PVT LTD.
Unistar Books Pvt Ltd

ਸੁਣਦੇ ਸਾਰ ਹੀ ਦੇਵਤਿਆਂ ਛੱਡ ਕਮਾਨੋਂ ਤੀਰ।
ਆਖਿਆ, 'ਚਾਹੀਏ ਗਆਸੁਰ! ਸਾਨੂੰ ਤੇਰਾ ਸਰੀਰ'।
ਸੁਣ ਕੇ ਹੱਸਿਆ! ਗਆਸੁਰ ਕੀਤੀ ਮੰਗ ਪਰਵਾਨ
ਪਿਆਰੀ ਕੀਤੀ ਦੇਹ ਨਾਹ ਦੇ ਦਿੱਤਾ ਪਿੰਡ ਦਾਨ।
ਜਿਉਂਕਰ ਗਆਸੁਰ ਵੱਲੋਂ ਪੂਰੀ ਹੋਈ ਜ਼ੁਬਾਨ
ਦੇਵਾਂ ਝੱਟ ਦੇਹ ਉਸ ਦੀ ਦੱਬੀ ਹੇਠ ਚੱਟਾਨ।
ਦੱਬਿਆ ਸੀ ਜਿਸ ਜਗ੍ਹਾ 'ਤੇ ਦਆਸੁਰ ਮਹਾਨ
ਧਰਮ ਦੇ ਨਾਂ ਪਾਖੰਡੀਆਂ ਕੀਤਾ ਪ੍ਰਸਿੱਧ ਥਾਂਵ।
ਆਖਿਆ, 'ਪਿੰਡ ਭਰਾਊ ਜੋ ਕਿਰਪਾ ਹੋਊ ਅਪਾਰ
ਪੁੱਜੇਗਾ ਉਹ ਸਵਰਗ ਲੋਕ ਆਪਣੇ ਪਿਤਰਾਂ ਨਾਲ਼।
ਨੌਂ ਪਿੰਨੇ ਜੌਂ, ਤਿਲ, ਚੌਲ ਵੱਟ ਪਾਂਡਿਆਂ ਦਿੰਦੇ ਦਾਨ
ਵੈਸਾਖੀ ਦੇ ਦਿਨ ਲੋਕ ਪਿਤਰਾਂ ਲਈ ਪਿੰਡ ਭਰਾਣ।
ਲੰਮੀਆਂ ਵਾਟਾਂ ਤਹਿ ਕਰ ਗੁਰ ਪੁੱਜੇ ਗਯਾ ਸਥਾਨ
ਬੈਠੇ ਆਸਣ ਲਾਇਕੇ ਗੁਰ ਫ਼ਲਗੂ ਕੰਢੇ ਆਣ।
ਪਾਂਡੇ ਗਯਾ ਮੱਠ ਦੀ ਕਰ ਰਹੇ ਸੀ ਸੰਭਾਲ਼
ਰੀਤਾਂ ਨਾਲ਼ ਸਨਾਤਨੀ ਕਰਮ ਕਾਂਡ ਦਾ ਜਾਲ਼।
ਦੇ ਰਹੇ ਸੀ ਦੱਛਣਾ ਪਿਤਰਾਂ ਤਾਈਂ ਲੋਕ
ਰੂਹਾਂ ਹੋਣ ਅਨੰਦਿਤ ਜੋ ਬੈਠੀਆਂ ਸੀ ਪਰਲੋਕ।
ਰੂਹਾਂ ਦੇ ਹੀ ਨਾਮ ਤੇ ਸੀ ਦੀਵੇ ਰਹੇ ਜਗਾ
ਸੋਚਣ ਵਿਚ ਪਰਲੋਕ ਉਨ੍ਹਾਂ ਰੌਸ਼ਨ ਹੋਊ ਰਾਹ।
ਗੁਰਾਂ ਦੇ ਇਥੇ ਆਣ ਦੀ ਖ਼ਾਸ ਸੀ ਇਹ ਵਜ੍ਹਾ
ਲੋਕਾਂ ਤਾਈਂ ਦੱਸਣਾ ਸੀ ਪਿਤਰ-ਮੁਕਤੀ ਰਾਹ।
ਰੁਮਕੀ ਧੁਨ ਰਬਾਬ 'ਤੇ ਸੀਨਾ ਗਈ ਚੀਰ
ਗਿਰਦੇ 'ਕੱਠੀ ਹੋ ਗਈ ਪਲ 'ਚ ਤਕੜੀ ਭੀੜ।
ਬਾਬੇ ਗਿਰਦੇ ਭੀੜ ਸੁਣ ਪਾਂਡੇ ਹੋਏ ਸੁੰਨ
ਭੱਜੇ ਆਏ ਗੁਰਾਂ ਕੋਲ ਬੱਝੇ ਪਾਪ ਤੇ ਪੁੰਨ।
ਤੇਜ ਜਬ੍ਹੇ ਵਾਲ਼ਾ ਡਿੱਠਾ ਸਾਹਵੇਂ ਨੂਰੀ ਮੁੱਖ
'ਪਿੰਡ ਭਰਾਓ ਪਿਤਰਾਂ' ਕਿਹਾ, ਗੁਰੂ ਵੱਲ ਕਰ ਰੁਖ਼।
'ਅਸੀਂ ਤਾਂ ਸਭ ਕਰਾ ਛੱਡਿਐ ਪਿਤਰੀ ਕਿਰਿਆ ਕਰਮ
ਨਾਮ ਦਾ ਦੀਵਾ ਬਾਲ਼ਿਆ ਮੁੱਕੇ ਸ਼ੰਕੇ ਭਰਮ'।
ਲੋਕਾਂ ਦੇ ਇਸ 'ਕੱਠ ਵਿਚ ਛਿੜਿਆ ਖ਼ੂਬ ਵਿਵਾਦ
'ਆਸਾ ਰਾਗ' 'ਚ ਗਾਵਿਆ ਸ਼ਬਦ ਰੰਗ ਵਿਸਮਾਦ।

UNISTAR BOOKS PVT LTD.
Unistar Books Pvt Ltd.
Unistar Books Pvt Ltd.
UNISTAR BOOKS PVT LTD.

ਦੀਵਾ ਮੇਰਾ ਏਕੁ ਨਾਮੁ ਦੁਖੁ ਵਿਚਿ ਪਾਇਆ ਤੇਲੁ॥
ਉਨਿ ਚਾਨਣਿ ਓਹੁ ਸੋਖਿਆ ਚੂਕਾ ਜਮ ਸਿਉ ਮੇਲੁ॥੧॥
ਲੋਕਾ ਮਤ ਕੋ ਫਕੜਿ ਪਾਇ॥
ਲਖ ਮੜਿਆ ਕਰਿ ਏਕਠੇ ਏਕ ਰਤੀ ਲੇ ਭਾਹਿ॥੧॥ ਰਹਾਉ॥
ਪਿੰਡੁ ਪਤਲਿ ਮੇਰੀ ਕੇਸਉ ਕਿਰਿਆ ਸਚੁ ਨਾਮੁ ਕਰਤਾਰੁ॥
ਐਥੈ ਓਥੈ ਆਗੈ ਪਾਛੈ ਏਹੁ ਮੇਰਾ ਆਧਾਰੁ॥੨॥
ਗੰਗ ਬਨਾਰਸਿ ਸਿਫਤਿ ਤੁਮਾਰੀ ਨਾਵੈ ਆਤਮ ਰਾਉ॥
ਸਚਾ ਨਾਵਣੁ ਤਾਂ ਥੀਐ ਜਾਂ ਅਹਿਨਿਸਿ ਲਾਗੈ ਭਾਉ॥੩॥
ਇਕ ਲੋਕੀ ਹੋਰੁ ਛਮਿਛਰੀ ਬ੍ਰਾਹਮਣੁ ਵਟਿ ਪਿੰਡੁ ਖਾਇ॥
ਨਾਨਕ ਪਿੰਡੁ ਬਖਸੀਸ ਕਾ ਕਬਹੂੰ ਨਿਖੂਟਸਿ ਨਾਹਿ॥੪॥੨॥੩੨॥

(**ਗੁਰੂ ਗ੍ਰੰਥ**, ਪੰਨਾ 358)

ਬਾਬੇ ਕਿਹਾ, "ਦੁੱਖ ਰੂਪ ਤੇਲ ਪਾ ਕੇ ਵਿਚ ਚਿਰਾਗ਼
ਸਭ ਤਕਲੀਫ਼ਾਂ ਜਾਲ਼ੀਆਂ ਜਾਲ਼ੇ ਸਭ ਅਨੁਰਾਗ।
ਅਗਨ ਚਿੰਗਾਰੀ ਲਖ ਮਣਾਂ ਲੱਕੜ ਕਰੇ ਸੁਆਹ
ਨਾਮ ਚਿੰਗਾਰੀ ਦਗਧ ਕਰੇ ਮਾੜੇ ਅਮਲਾਂ ਰਾਹ।
ਗੰਗ ਬਨਾਰਸ ਸਿਫ਼ਤ ਨਾਮ ਨਾਮ ਪਵਿੱਤਰ ਧਾਮ
ਰੂਹ ਕਰੇ ਵਿਚ ਨਾਮ ਦੇ ਨਿੱਤ ਦਿਨੇ ਇਸ਼ਨਾਨ।
ਦੀਵੇ ਬਾਲਣਾ ਪਿੰਡ ਭਰਾਣੇ ਬੇਮਾਅਨੀ ਰਸਮਾਂ
ਸੱਚ ਨਾਮ ਬਖ਼ਸ਼ੀਸ਼ ਦਾ ਪਿੰਡ ਨਿਖੁੱਟੇ ਨਾਹ।
ਮਰਨੋਂ ਬਾਝ ਨਾ ਪੁੱਜਦਾ ਦਾਨ ਪਿਤਰਾਂ ਤੀਕ
ਜੀਉਂਦੇ ਜੀਅ ਸੇਵਾ ਕਰੋ ਮਾਰ ਕੇ ਭਰਮਾਂ ਲੀਕ।"
ਸੁਣੇ ਅਗੰਮੀ ਬੋਲ ਗੁਰ ਪਾਂਡਿਆਂ ਹੋਇਆ ਬੋਧ
ਨਾਨਕ ਚਰਨੀਂ ਢਹਿ ਪਏ ਮਨਭੀਤਰ ਕਰ ਸ਼ੋਧ।
ਗੁਰਦੁਆਰਾ ਗਯਾ ਵਿਚ ਜੋ ਨਾਮ ਹੈ 'ਦੇਉਘਾਟ'
ਅੱਜ ਵੀ ਪਿਆ ਦਿਵਾਉਂਦਾ ਗੁਰ ਨਾਨਕ ਦੀ ਯਾਦ।
ਮੁਰਦਾ ਰੂਹਾਂ ਵਿਚ ਪਾ ਸਦ-ਜੀਵਨ ਨਵ-ਪ੍ਰਾਣ
ਪੰਜ ਛੀ ਕੋਹ 'ਤੇ ਪੁੱਜ ਗਏ ਬੋਧ ਗਯਾ ਅਸਥਾਨ।

## ਬੋਧ ਗਯਾ

ਸੰਗ ਮਰਦਾਨੇ ਸਤਗੁਰੂ ਡੇਰਾ ਕੀਤਾ ਬਾਹਰ
ਗੁਰਕੀਰਤ ਵਿਚ ਮਗਨ ਹੋ ਬਰਸੀ ਨਾਮ ਫ਼ੁਹਾਰ।
ਬੋਧ ਗਯਾ ਮਹੰਤ ਸੀ ਖੋਜੀ ਤੇ ਵਿਦਵਾਨ

UNISTAR BOOKS PVT LTD.
Unistar Books Pvt Ltd.

ਖਿੱਚਿਆ ਚਲਿਆ ਆਇਆ ਦੇਵਗਿਰੀ ਉਸ ਨਾਮ।
ਰਾਗ/ਵੈਰਾਗ 'ਚ ਉਲਝਿਆ ਅੰਦਰੋਂ ਸੀ ਅਸ਼ਾਂਤ
ਆ ਬੈਠਾ ਚਰਨੀਂ ਗੁਰੂ ਦੂਰ ਕਰਨ ਲਈ ਭ੍ਰਾਂਤ।
ਸੋਚਦਾ ਸੀ ਸੰਨਿਆਸ ਜੋ ਮਨ ਇੰਦ੍ਰਿਆਵੀ ਦਮਨ
ਇਸੇ ਵਿਵਾਦ 'ਚ ਗ੍ਰਸਿਆ ਅਹੰ ਹਠੀਲਾ ਮਨ।
ਗੁਰਾਂ ਕਿਹਾ, 'ਮਨ ਵਿਕਾਰੀ ਇੰਦਰੀਆਂ ਨੂੰ ਹੋੜ
ਦੀਵਾ ਬਾਲ਼ ਵਿਵੇਕ ਦਾ ਮਨ ਕੁੰਡੇ ਰਖ ਤੋਰ।
ਮਨ ਇਕਾਗਰ ਸਹਜ ਹੋਊ ਮੁੱਕੇ ਚਿੰਤਾ ਦੁੱਖ
ਸ਼ਬਦ ਕਮਾਈ 'ਚੋਂ ਮਿਲੇ ਜੀਵਨ ਮੁਕਤੀ ਸੁੱਖ'।
ਆਖਿਦਿਆਂ ਇਹ ਗੁਰਾਂ ਦੇ ਕੰਵਲ ਨੈਨ ਗਏ ਜੁੜ
ਰਾਗ ਗਉੜੀ ਬੈਰਾਗਣ ਵਿਚ ਗਾਵਿਆ ਮਿੱਠੀ ਸੁਰ:

ਹਰਣੀ ਹੋਵਾ ਬਨਿ ਬਸਾ ਕੰਦ ਮੂਲ ਚੁਣਿ ਖਾਉ॥
ਗੁਰ ਪਰਸਾਦੀ ਮੇਰਾ ਸਹੁ ਮਿਲੈ
ਵਾਰਿ ਵਾਰਿ ਹਉ ਜਾਉ ਜੀਉ॥੧॥
ਮੈ ਬਨਜਾਰਨਿ ਰਾਮ ਕੀ॥
ਤੇਰਾ ਨਾਮੁ ਵਖਰੁ ਵਾਪਾਰੁ ਜੀ॥੧॥ਰਹਾਉ॥
ਕੋਕਿਲ ਹੋਵਾ ਅੰਬਿ ਬਸਾ ਸਹਜਿ ਸਬਦ ਬੀਚਾਰੁ॥
ਸਹਜਿ ਸੁਭਾਇ ਮੇਰਾ ਸਹੁ ਮਿਲੈ
ਦਰਸਨਿ ਰੂਪਿ ਅਪਾਰੁ॥੨॥
ਮਛੁਲੀ ਹੋਵਾ ਜਲਿ ਬਸਾ ਜੀਅ ਜੰਤ ਸਭਿ ਸਾਰਿ॥
ਉਰਵਾਰਿ ਪਾਰਿ ਮੇਰਾ ਸਹੁ ਵਸੈ
ਹਉ ਮਿਲਉਗੀ ਬਾਹ ਪਸਾਰਿ॥੩॥
ਨਾਗਨਿ ਹੋਵਾ ਧਰ ਵਸਾ ਸਬਦੁ ਵਸੈ ਭਉ ਜਾਇ॥
ਨਾਨਕ ਸਦਾ ਸੋਹਾਗਣੀ ਜਿਨ ਜੋਤੀ ਜੋਤਿ ਸਮਾਇ॥੪॥੨॥੧੯॥

(**ਗੁਰੂ ਗ੍ਰੰਥ**, ਪੰਨਾ 157)

ਸੋਝੀ ਆਈ ਦੇਵਗਿਰੀ ਮਨ 'ਚ ਵਰਤੀ ਠੰਢ
ਨਾਮ ਵਿਚ ਬਿਰਤੀ ਟਿਕੀ ਘੁੰਮਦੀ ਸੀ ਬ੍ਰਹਿਮੰਡ।
ਬਾਬੇ ਨੂੰ ਉਸ ਰੱਖਿਆ ਕੁਝ ਦਿਨ ਆਪਣੇ ਪਾਸ
ਮਾਣਿਆ ਰਸ ਰੰਗ ਪ੍ਰੇਮ ਦਾ ਗੁਰਮਤਿ ਰਿਦ ਪਰਗਾਸ।
ਸਤਿਨਾਮ ਦਾ ਜਾਪ ਦੇਹ ਨਾਮ ਦੇ ਛੱਟੇ ਮਾਰ।
ਦੇਵ ਗਿਰੀ ਤੇ ਮਿਹਰ ਕਰ ਤੁਰ ਪਏ ਤਾਰਨਹਾਰ।

UNISTAR BOOKS PVT LTD.
Unistar Books Pvt Ltd.

## ਰਾਜੌਲੀ

ਭੁੱਲਿਆਂ ਨੂੰ ਸਮਝਾਂਵਦੇ ਦੇਹ ਸਤਿਨਾਮ ਦਾ ਜਾਪ
ਪੁੱਜੇ ਕਸਬਾ ਰਾਜੌਲੀ ਗੁਰ ਜ਼ਿਲ੍ਹਾ ਗਯਾ ਜੀ ਪਾਸ।
ਅਜ਼ਬ ਨਜ਼ਾਰੇ ਕੁਦਰਤੀ ਕੱਚਾ ਪਰਬਤੀ ਰਾਹ
ਨੇੜੇ ਤਪੋਸਥਾਨ ਦੇਖ ਕੀਤਾ ਗੁਰੂ ਪੜਾਅ!
ਮੁਸਲਮਾਨ ਫ਼ਕੀਰ ਇਕ ਤਪ ਕਰੇ ਉਸ ਥਾਂ
ਧੂਣੀ ਧੁਖੇ ਅੱਠ ਪਹਿਰ 'ਬਾਬਾ ਕੱਲਣਸ਼ਾਹ'।
ਕੀਰਤਨ ਸੁਣ ਬਿਰਤੀ ਟਿਕੀ ਕੱਲਣਸ਼ਾਹ ਦੀ ਖ਼ਾਸ
ਆਇਆ ਸ਼ਰਣੀ ਦੀਦ ਲਈ ਮਨ ਮਿਲਿਆ ਧਰਵਾਸ।
ਦਿਲ ਦੀਆਂ ਰਮਜ਼ਾਂ ਕੀਤੀਆਂ ਸਾਂਝੀਆਂ ਨਾਨਕ ਕੋਲ਼
ਕੀਤੀ ਨਦਰ ਫ਼ਕੀਰ 'ਤੇ ਗੁਰ ਬੋਲ ਅਗੰਮੀ ਬੋਲ।
ਨਾਮ ਮਹਾਂ-ਰਸ ਦਾਤ ਦੇਇ ਕੀਤਾ ਗੁਰਾਂ ਨਿਹਾਲ
ਚਲਦੀਆਂ ਹਨ ਦੋ ਗੱਦੀਆਂ ਤਦ ਤੋਂ ਬਾ-ਕਮਾਲ।
ਨਾਨਕ ਬੈਠੇ ਜਿਸ ਥਾਂ 'ਵੱਡੀ ਸੰਗਤ' ਅਸਥਾਨ
ਕੱਲਣ ਥਾਂ ਪ੍ਰਸਿੱਧ ਹੋਈ 'ਛੋਟੀ ਸੰਗਤ' ਦੇ ਨਾਮ।

## ਪਾਟਲੀਪੁੱਤਰ

ਕਰਕੇ ਕੂਚ ਰਜੌਲੀਉਂ ਉੱਤਰ ਪੂਰਬ ਵੱਲ
ਨਾਲ਼ ਰਬਾਬੀ ਮਰਦਾਨਾ ਗੁਰ ਪਟਨਾ ਆਏ ਚੱਲ।
ਰਾਜਾ ਅਜਾਤਸ਼ਤਰੂ ਕਰ ਕੇ ਸੀ ਆਬਾਦ ਜਗ੍ਹਾ
ਰੱਖਿਆ ਪਾਟਲੀਗ੍ਰਾਮ ਜਗ੍ਹਾ, ਪਾਟਲੀਪੁੱਤਰ ਨਾਂ।
ਉਸ ਸਮੇਂ ਦੇ ਰਾਜਭਵਨੀ ਖੰਡਰਾਂ ਦੇ ਨੀਸ਼ਾਨ
ਪਟਨਾ ਦੇ ਇਰਦੇ-ਗਿਰਦੇ ਅੱਜ ਵੀ ਦੇਖੇ ਜਾਣ।
ਪਟਨਾ ਸੀ ਕਹਿਲਾਉਂਦਾ ਉਸ ਵੇਲ਼ੇ ਹਾਜ਼ੀਪੁਰ
ਗੰਗਾ ਦੇ ਉੱਤਰੀ ਕੰਢੇ ਹੈ ਸੀ ਇਹ ਸਥਿਰ।
ਬਾਬਾ ਰੁਕੇ ਜਿਸ ਥਾਂ ਕਹਿਲਾਉਂਦਾ ਗਾਏ ਘਾਟ
ਹੁਣ ਆਖਣ ਇਸ ਥਾਂ ਨੂੰ ਲੋਕੀਂ ਗੁਲਜ਼ਾਰ ਬਾਗ਼।
ਗੁਰ ਨਾਨਕ ਉਦਾਸੀ ਦਰਪਣ ਮਿਲਦਾ ਇਹ ਹਵਾਲ
ਜੈਤਾ ਜੇਠਾ ਸੇਠ ਹਲਵਾਈ ਨਿਤਨੇਮ ਅਨੁਸਾਰ।
ਉੱਠ ਪ੍ਰਭਾਤੇ ਹਰ ਰੋਜ਼ ਗੰਗਾ ਕਰੇ ਇਸ਼ਨਾਨ
ਇਕ ਦਿਨ ਐਸਾ ਆਇਆ ਹੋਇਆ ਗੁਰਾਂ ਮਿਲਾਨ।
ਜੈਤੇ ਨੂੰ ਸਮਝਾਉਂਦਿਆਂ ਨਾਨਕ ਕਿਹਾ ਅਲਾਇ

UNISTAR BOOKS PVT LTD.
Unistar Books Pvt
Unistar Books Pvt Ltd.
UNISTAR BOOKS PVT LTD.

'ਪਾਣੀ ਚਿਤੁ ਨ ਧੋਪਈ ਮੁਖਿ ਪੀਤੈ ਤਿਖਜਾਇ॥'
ਪਾਣੀ ਪਾਇਆ ਤਨ ਇਹ ਬਾਹਰੋਂ ਹੁੰਦੈ ਸਾਫ਼
ਸੁਰਤੀ ਨਿਰਮਲ ਹੋਵੰਦੀ ਵਿਚ ਪ੍ਰਭੂ ਦੀ ਯਾਦ।
ਕੁਝ ਦਿਨ ਰਹੇ ਸਤਗੁਰੂ ਜੈਤਾ ਜੀ ਦੇ ਪਾਸ
ਚੱਲਣ ਵੇਲੇ ਗੁਰਾਂ ਨੂੰ ਜੈਤੇ ਪੁੱਛਿਆ ਖ਼ਾਸ।
'ਹੁਣ ਕਦ ਦਰਸ਼ਨ ਹੋਣਗੇ ਗੁਰ ਗਰੀਬ ਨਿਵਾਜ਼!'
'ਨੌਵੇਂ ਜਾਮੇ ਵਿਚ ਅਸੀਂ ਪੁੱਜਾਂਗੇ ਤੁਧ ਪਾਸ।'
'ਹੁਣੇ ਬਿਰਧ ਹੋ ਰਿਹਾ ਮੇਰਾ ਇਹ ਸਰੀਰ
ਲੰਮੀ ਇਸ ਉਡੀਕ ਵਿਚ ਕਿੱਦਾਂ ਰੱਖੂੰ ਧੀਰ ?'
'ਪ੍ਰਭੂ ਸਿਮਰਨ ਦੀ ਗੰਗਾ ਦਾ ਚੱਲ ਪੈਂਦੇ ਪਰਵਾਹ
ਜਲ ਦੀ ਗੰਗਾ ਤੀਕ ਉਨ੍ਹਾਂ ਆਪੇ ਜਾਂਦੀ ਆ'।
ਸਮਾਂ ਪੈਣ 'ਤੇ ਨੌਵੇਂ ਗੁਰੂ ਵਾਪਸੀ ਏਸ ਸਥੱਲ
ਗਯਾ ਤੋਂ ਹੁੰਦੇ ਹੋਏ ਸੀ ਪਟਨਾ ਆਏ ਚੱਲ।
ਸੰਗਤ ਵੱਲੋਂ ਤਿਆਰ ਹੋਈ ਰਿਹਾਇਸ਼ ਗੁਰ ਪਰਿਵਾਰ
ਜੈਤਾ ਸੇਠ ਨੂੰ ਦਰਸ ਦੇਹ ਕੀਤਾ ਗੁਰਾਂ ਨਿਹਾਲ।
ਗੁਰੂ ਹਾਜ਼ਰੀ ਵਿਚ ਗਿਆ ਜੈਤਾ ਪਰਲੋਕ ਸਿਧਾਰ
ਉੱਜਲ ਮੁੱਖ ਹੋਏ ਤਿਨਾਂ ਗੁਰੂ ਜਿਨ੍ਹਾਂ ਦੇ ਨਾਲ।

ਰਤਨ ਅਮੋਲਕ ਜਨਮ ਦੀ ਦੱਸਣ ਲਈ ਪਛਾਣ
ਗੰਗ ਕਿਨਾਰੇ ਆ ਬਹੇ ਗੁਰ ਮਰਦਾਨੇ ਸੰਗ ਆਣ।
ਮਓਲ ਉਠੀ ਸਭ ਬਨਸਪਤ ਉੱਠੀ ਧੁਨ ਰਬਾਬ
ਮਿੱਠੀ ਸੁਰ ਵਿਚ ਗਾਇਆ ਗਉੜੀ ਬੈਰਾਗਣ ਰਾਗ।

ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ॥
ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ॥੧॥
ਨਾਮੁ ਨ ਜਾਨਿਆ ਰਾਮ ਕਾ॥
ਮੂੜੇ ਫਿਰਿ ਪਾਛੈ ਪਛੁਤਾਹਿ ਰੇ॥੧॥ਰਹਾਉ॥
ਅਨਤਾ ਧਨੁ ਧਰਣੀ ਧਰੇ ਅਨਤ ਨ ਚਾਹਿਆ ਜਾਇ॥
ਅਨਤ ਕਉ ਚਾਹਨ ਜੋ ਗਏ ਸੇ ਆਏ ਅਨਤ ਗਵਾਇ॥੨॥
ਆਪਣ ਲੀਆ ਜੇ ਮਿਲੈ ਤਾ ਸਭੁ ਕੋ ਭਾਗਠੁ ਹੋਇ॥
ਕਰਮਾ ਉਪਰਿ ਨਿਬੜੈ ਜੇ ਲੋਚੈ ਸਭੁ ਕੋਇ॥੩॥
ਨਾਨਕ ਕਰਣਾ ਜਿਨਿ ਕੀਆ ਸੋਈ ਸਾਰ ਕਰੇਇ॥
ਹੁਕਮੁ ਨ ਜਾਪੀ ਖਸਮ ਕਾ ਕਿਸੈ ਵਡਾਈ ਦੇਇ॥੪॥੧॥੧੮॥

(**ਗੁਰੂ ਗ੍ਰੰਥ**, ਪੰਨਾ 156)



UNISTAR BOOKS PVT LTD.
Unistar Books Pvt Ltd.
Unistar Books Pvt Ltd.
UNISTAR BOOKS PVT LTD.

ਦੂਰੋਂ ਦੂਰੋਂ ਲੋਕ ਸੁਣ 'ਕੱਠੇ ਹੋਏ ਆਣ
ਸੁਣਿਆ ਸੰਗਤ ਰੂਪ ਬਹਿ ਗੁਰਬਾਣੀ ਵਖਿਆਨ।
ਜੀਵਨ ਰਤਨ ਅਮੋਲ ਜੋ ਤੁਲੇ ਕੌਡਾਂ ਤੁਲ
ਖਾ ਪੀ ਕੇ ਬਸ ਸੌਂ ਰਹਿਣਾ ਕੀ ਇਹ ਜੀਵਨ ਮੁੱਲ ?
ਮਾਇਆ ਲਾਲਚ ਅਟਿਆ ਕਰੇ ਨਾ ਸੁਰਤ ਸੰਭਾਲ਼
ਕੱਚਾ ਵਣਜ ਵਣਜਦੇ ਜਾਣਾ ਨਹੀਂ ਜਿਸ ਨਾਲ਼।
ਗੰਗ ਕਿਨਾਰੇ ਗੁਰਾਂ ਨੂੰ ਲੱਭਾ ਸੀ ਜੋ ਰਤਨ
ਹੱਥ ਫੜਾ ਮਰਦਾਨੇ ਦੇ ਗੁਰ ਮੁੱਖੋਂ ਬੋਲੇ ਬਚਨ :
'ਮਰਦਾਨਾ ਜੀ ਜਾਇਕੇ ਕਰਕੇ ਰਤਨ ਦਾ ਮੋਲ
ਮੁੱਲ ਮਿਲੂ ਜੋ ਏਸ ਦਾ ਰਸਦ ਲਿਆਣਾ ਝੋਲ'।
ਮਰਦਾਨੇ ਨੇ ਸਾਂਭਿਆ ਖੀਸੇ ਰਤਨ ਅਮੋਲ
ਚੱਲ ਪਿਆ ਧੁਨ ਆਪਣੀ ਤੋਲਦਾ ਮਨ ਦੇ ਤੋਲ।
ਸਬਜ਼ੀ ਵੇਚਣ ਵਾਲੜੇ ਹੱਥ ਰੱਖ ਕੇ ਰਤਨ ਅਮੋਲ
ਆਖਿਆ, 'ਵਸਤੂ ਦੇ ਦਿਉ ਮੋਲ 'ਚ ਇਸ ਦੇ ਤੋਲ'।
ਇਕ ਮੂਲੀ ਤੱਕ ਹੱਥ ਉਸ ਦਾਨਾ ਹੋਇਆ ਨਿਰਾਸ਼
ਮਨ ਮਰਦਾਨੇ ਉੱਕਾ ਵੀ ਬੱਝਾ ਨਾਹ ਧਰਵਾਸ।
ਪੁੱਜਾ ਲੈ ਕੇ ਰਤਨ ਉਹ ਫਿਰ ਹਲਵਾਈ ਕੋਲ਼
ਅੱਧ ਸੇਰ ਮਠਿਆਈ ਤੁਲੀ ਬਦਲੇ ਰਤਨ ਅਮੋਲ!
ਤੱਕ ਮਰਦਾਨਾ ਤੋਲ ਇਹ ਡਾਢਾ ਹੋਇਆ ਹੱਤਾਸ਼
ਚਾਰ ਲੱਕੜਾਂ ਲੱਕੜਹਾਰੇ, ਦੋ ਗਜ਼ ਮੁੱਲ ਬਜਾਜ਼।
ਡਿੱਕੋ-ਡੋਲੇ ਖਾਂਵਦਾ ਰੱਖ ਖੀਸੇ ਰਤਨ ਅਮੋਲ
ਜਿਵੇਂ ਕਿਵੇਂ ਪੁੱਜਿਆ ਦਾਨਾ ਆਖ਼ਰ ਜੌਹਰੀ ਕੋਲ਼।
ਗੱਦੀ ਬੈਠਾ ਜੌਹਰੀ ਰਿਹਾ ਸੁੰਦਰ ਬਸਤਰ ਫ਼ਬ
ਸੁੱਚਾ ਵਰਤ-ਵਿਹਾਰ ਉਸ ਮੂੰਹ 'ਤੇ ਭਲੀ ਤੱਕ।
ਕੰਨੀਂ ਸੋਹਣ ਵਾਲ਼ੀਆਂ ਗਲ਼ 'ਚ ਸੋਹੇ ਹਾਰ
ਨਗ ਜੜਾਊ ਮੁੰਦਰਾਂ ਉਂਗਲ਼ਾਂ ਦੇ ਵਿਚਕਾਰ।
ਹੋਣਹਾਰ ਮੁਨੀਮ ਉਸ ਸੀ ਅਧੱਰਕਾ ਨਾਮ
'ਜੀ ਆਇਆਂ!' ਉਸ ਆਖਕੇ ਪੁੱਛਿਆ ਹਾਲ ਤਮਾਮ।
ਜੌਹਰੀ ਸਾਲਸ ਰਾਏ ਹੱਥ ਰੱਖ ਮਰਦਾਨੇ ਰਤਨ
'ਮੁੱਲ ਪਾਉ ਜੀ ਪਰਖ ਕੇ' ਬੋਲਿਆ ਕਰਕੇ ਯਤਨ।
ਸਾਲਸ ਰਾਏ ਜੌਹਰੀ ਤੱਕਿਆ ਜਦ ਗਹੁ ਨਾਲ਼
ਹੋਇਆ ਮੰਤਰ ਮੁਗਧ ਉਹ ਤੱਕਦਿਆਂ ਰਤਨ ਕਮਾਲ!

'ਕੈਸਾ ਬੇਪਰਵਾਹ ਹੋਊ ? ਮਾਲਕ ਜੋ ਇਸ ਲਾਲ
ਐਸੇ ਦੁਰਲਭ ਰਤਨ ਦੇ ਤਾਂ ਦਰਸ਼ਨ ਹੋਣ ਮੁਹਾਲ।
ਬਿਨਾਂ ਲੋਭ ਦੇ ਰਤਨ ਉਸ ਮਰਦਾਨੇ ਹੱਥ ਫੜਾ
ਮੂੰਹ ਦਿਖਾਈ ਸੌ ਦਮੜੇ ਨਾਲ਼ ਦਿੱਤੀ ਭੇਟਾ।
ਮਰਦਾਨਾ ਸਭ ਭੇਂਟ ਲੈ ਪੁੱਜਾ ਨਾਨਕ ਕੋਲ਼
ਰਤਨ ਮੋਲ ਦੀ ਵਿਥਿਆ ਸਾਰੀ ਦੱਸੀ ਖੋਲ੍ਹ।
ਬਾਬੇ ਕਿਹਾ, 'ਇਹ ਸਭ ਦ੍ਰਿਸ਼ਟੀ ਦੀ ਪਛਾਣ
ਮੂਰਖ ਲਈ ਤਾਂ ਹੀਰਾ ਵੀ ਹੁੰਦਾ ਕੱਚ ਸਮਾਨ।
ਸੋਨਾ ਸ਼ੁੱਧ ਹੈ ਜਾਂਵਦਾ ਪੈ ਕੁਠਾਲੀ ਸੱਚ
ਨਜ਼ਰ ਪਾਰਖੂ ਪਰਖਦੀ ਪੱਥਰ ਵਿਚਲਾ ਕੱਚ।
ਢੰਗ ਜੋ ਪਰਖਣ ਵਾਸਤੇ ਨੇ ਵਿਦਿਆ, ਮਾਪ ਤੇ ਤੋਲ
'ਉੱਤਮ ਦ੍ਰਿਸ਼ਟੀ' ਦੀ ਪਰਖ ਸਭ ਤੋਂ ਹੈ ਅਨਮੋਲ।
ਵਸਤੂ ਵੇਚੇ ਬਿਨਾਂ ਨਾਹ ਵਸਤ ਲੈਣੀ ਦਰਕਾਰ
ਸੌ ਰੁਪਈਏ ਮੋੜ ਆ ਵਾਪਸ ਸਾਲਸ ਦੁਆਰ।
ਵਾਪਸ ਜੋ ਭੇਟਾ ਕੀਤੀ ਜੋ ਮਰਦਾਨੇ ਨੇ ਆਣ
ਜਾਣ ਗਿਆ ਸੀ ਅਨੁਭਵੀ ਗੁਰੂ ਕਿੱਡਾ ਹੋਊ ਮਹਾਨ!
ਨੌਕਰ ਨੂੰ ਬੁਲਾਇਕੇ ਕਰ ਲੰਗਰ ਵਸਤ ਤਿਆਰ
ਰੱਖੀ ਭੇਟਾ ਨਾਲ਼ ਫਿਰ ਸਾਲਸ ਨਾਲ਼ ਪਿਆਰ।
ਨੌਕਰ ਲੰਗਰ ਵਸਤ ਲੈ ਪੁੱਜਾ ਨਾਨਕ ਦੁਆਰ
ਟੇਕਿਆ ਮੱਥਾ ਅਧੱਰਕੇ ਵਿਚ ਡਾਢੇ ਸਤਿਕਾਰ।
ਇਧਰੋਂ ਸਾਲਸ ਰਾਏ ਵੀ ਮਨ 'ਚ ਨਿਹਚਾ ਧਾਰ
ਸੰਗ ਮਰਦਾਨੇ ਪੁੱਜਿਆ ਕਰਨ ਲਈ ਦੀਦਾਰ।
ਨਾਨਕ ਸਾਲਸ ਰਾਇ ਵੱਲ ਕਰਕੇ ਮਿਹਰ ਨਿਗ੍ਹਾ
ਜਨਮਾਂ ਦੇ ਬੰਧਨ ਕਟੇ ਹੋਈ ਗੁਰ ਕਿਰਪਾ।
ਬਾਬੇ ਕਿਹਾ, 'ਸਾਲਸ ਰਾਏ! 'ਲਾਲ' ਨਾਮ ਕਰਤਾਰ
ਨਾਮ ਸੰਗ ਜੋ ਚਿੱਤ ਜੁੜੇ ਹੋਏ ਪਰਲੋਕ ਉਧਾਰ!
ਨਾਮ ਰੂਪ ਉਸ ਲਾਲ ਦੇਇ ਤੋਰਿਆ ਜੀਵ ਜਹਾਨ
ਵਡਭਾਗੇ ਸੋਝੀ ਪਈ ਵਸਤ ਅਮੋਲ ਪਛਾਣ।'
ਵਿਰਲੇ ਸੋਝੀ ਹੋਂਵਦੀ ਵਾਕਰ ਸਾਲਸ ਰਾਏ
ਭੇਖੀ ਦੰਭੀ ਗਿਆਨਹੀਣ ਜੀਵਨ ਲੈਣ ਗਵਾਏ।
ਸੇਵਾ ਕਰ ਉਮਾਹ ਸੰਗ ਸਾਲਸ ਗਿਆ ਤਰ
ਅਧੱਰਕਾ ਵੀ ਉਧਰਿਆ ਪੂਰੇ ਗੁਰ ਲੜ ਫੜ੍ਹ।


UNISTAR BOOKS PVT LTD. Unistar Books Pvt Ltd.

ਫ਼ਤਹਿ ਚੰਦ ਮੈਨੀ ਖੱਤਰੀ, ਗੁਲਾਬ ਰਾਏ ਘਨਸ਼ਾਮ
ਸਾਲਸ ਰਾਏ ਤੇ ਅਧੱਰਕਾ ਵਿਚੋਂ ਸੀ ਸੰਤਾਨ।
ਕੁਝ ਦਿਨਾਂ ਤੱਕ ਸਤਗੁਰੂ ਰਹੇ ਅਧੱਰਕਾ ਪਾਸ
ਸਿੱਖੀ ਦੇ ਪ੍ਰਚਾਰ ਲਈ ਮੰਜੀ ਬਖ਼ਸ਼ੀ ਖ਼ਾਸ।

## ਹਾਜ਼ੀਪੁਰ

ਗੰਗਾ ਨਦੀ ਵਿਸ਼ਾਲ ਘਾਟ ਕੀਤਾ ਬਾਬੇ ਪਾਰ
ਹਾਜ਼ੀਪੁਰ, ਰਾਮਚੌਰਾ, ਮੁਹੱਲਾ ਆ ਪੁੱਜੇ ਦਾਤਾਰ।
ਨੇੜੇ ਇਸ ਸਥਾਨ ਤੋਂ ਹੈ ਮੰਦਰ ਹਰਿਹਰ ਨਾਥ
ਮੁਖੀ ਵੈਸ਼ਨਵਾਂ ਨਾਲ ਗੁਰ ਚਰਚਾ ਕੀਤੀ ਆਦਿ।
ਗਜਗ੍ਰਹ ਦਾ ਮੰਨਦੇ ਇਸ ਨੂੰ ਮੁਕਤੀ ਅਸਥਾਨ
ਤੰਦੂਏ ਤੋਂ ਛੁਡਾਇਆ ਇਸ ਥਾਵੇਂ ਪ੍ਰਭੂ ਨੇ ਆਣ।
ਡੂੰਘੇ ਪਾਣੀ ਖਿੱਚ ਤੰਦੂਏ ਪੈਰ ਵਧੇ ਸੀ ਆਣ
ਨੌਵੇਂ ਸਤਗੁਰ ਵੀ ਨੇ ਦਿੰਦੇ ਇਕ ਜਗ੍ਹਾ ਪ੍ਰਮਾਣ।

ਜਬ ਹੀ ਸਰਨਿ ਗਹੀ ਕਿਰਪਾ ਨਿਧਿ
ਗਜ ਗਰਾਹ ਤੇ ਛੂਟਾ॥
ਮਹਮਾ ਨਾਮ ਕਹਾ ਲਉ ਬਰਨਉ
ਰਾਮ ਕਹਤ ਬੰਧਨ ਤਿਹ ਤੂਟਾ॥੨॥

(**ਗੁਰੂ ਗ੍ਰੰਥ**, ਪੰਨਾ 632)

ਹਾਜ਼ੀਪੁਰ ਰੱਖੀ ਬਾਬੇ ਸੰਗਤ ਦੀ ਬੁਨਿਆਦ
ਪੰਗਤ ਬਹ ਰਲ਼ ਛਕਦੀ ਸੰਗਤ ਅੰਮ੍ਰਿਤ ਪਰਸਾਦ।
ਕਬਜ਼ੇ ਹੇਠ ਉਦਾਸੀਆਂ ਦੇ ਅੱਜ ਕੱਲ੍ਹ ਇਹ ਸਥਾਨ
ਨਾਨਕਸ਼ਾਹੀ ਗੁਰਦੁਆਰਾ ਬਣ ਬੀਤੇ ਦਾ ਨਿਸ਼ਾਨ।

## ਮਾਲਦਾ ਨਗਰ

ਗੰਗਾ ਦਰਿਆ ਨਾਲ਼ ਨਾਲ਼ ਹਾਜ਼ੀਪੁਰ ਤੋਂ ਚੱਲ
ਮੁੰਘੇਰ, ਭਾਗਲਪੁਰ ਲੰਘਦੇ ਪੁੱਜੇ ਕੰਤ ਨਗਰ।
ਇਥੋਂ ਪੂਰਬ ਵੱਲ ਗੁਰ ਪੁੱਜੇ ਉਸ ਸਥਾਨ
ਮਹਾਨੰਦਾ ਦਰਿਆ ਜਿਥੇ ਗੰਗਾ ਮਿਲਦੀ ਆਣ।
ਦੋ ਨੈਆਂ ਦੇ ਸੰਗਮ 'ਤੇ ਵਸਿਆ ਨਗਰ ਜੋ ਖ਼ਾਸ
ਮਾਲਦਾ ਨਗਰ ਨੇ ਆਖਦੇ ਇਸ ਨੂੰ ਵਿਚ ਇਤਿਹਾਸ।
ਅੰਬਾਂ ਦੇ ਇਕ ਬਾਗ਼ ਵਿਚ ਸਾਹਿਬ ਗਏ ਬਿਰਾਜ

UNISTAR BOOKS PVT LTD
Unistar Books Pvt
Unistar Books Pvt Ltd.
UNISTAR BOOKS PVT LTD

ਮਰਦਾਨੇ ਨੂੰ ਆਖਿਆ ਛੇੜਨ ਲਈ ਰਬਾਬ।
ਪੁੱਜਾ ਬਾਬੂ ਰਾਮ ਸੁਣ ਕਾਇਲ ਹੋ ਆਵਾਜ਼
ਚਰਨੀਂ ਸੀਸ ਨਿਵਾ ਪਾਈ ਬਚਨਾਂ ਦੀ ਫਿਰ ਸਾਂਝ।
ਚਾਅ ਨਾਲ਼ ਲੈ ਆਇਆ ਅੰਬਾਂ ਦਾ ਪ੍ਰਸ਼ਾਦ
ਸੇਵਾ ਵਿਚ ਲੁਆਇਆ ਨਾਮ ਗੁਰਾਂ ਦੇ ਬਾਗ਼।
'ਧਰਮਸ਼ਾਲ ਗੁਰੂ ਕਾ ਬਾਗ਼' ਬਣਿਆ ਸਤਸੰਗ ਧਾਮ
ਰਾਤ ਦਿਨ ਬਹ ਕਰਨ ਮਿਲ ਸੇਵਾ ਸਿਮਰਨ ਨਾਮ।

ਮਾਲਦਾ ਤੋਂ ਦੱਖਣ ਵੰਨੀਂ ਪੁੱਜੇ ਮੁਰਸ਼ਦਾਬਾਦ
ਵਸੋਂ ਨਜ਼ਰ ਨਾ ਆਂਵਦੀ ਦੂਰ ਤੀਕ ਉਜਾੜ।
ਦਾਨੇ ਭੀਤਰ ਚਲਦੀ ਭਾਂਪ ਕੇ ਸਭ ਹਲਚਲ
ਮੁਸਕਰਾ ਕੇ ਸਤਗੁਰੂ ਤੱਕਿਆ ਮਰਦਾਨੇ ਵੱਲ।
'ਉਥੇ ਹੋਏ ਉਜਾੜ ਨਾਹ ਜਿਥੇ ਸਿਮਰਨ ਨਾਮ
ਨਾਮ ਬਿਨਾਂ ਮਰਦਾਨਿਆ! ਬਸਤੀ ਵੀ ਉਦਿਆਨ'।
ਚੱਲ ਕੇ ਮੁਰਸ਼ਦਾਬਾਦ ਗੁਰ ਸੂਜ਼ੇ ਦਿੱਤੀ ਸੂਝ
ਕੱਚਾ ਰੰਗ ਉਤਾਰ ਉਸ ਦਿੱਤੀ ਨਾਮ ਦੀ ਬੂਝ।
ਭਾਗ ਜਦੋਂ ਨੇ ਖੁੱਲ੍ਹਦੇ ਆਪੂੰ ਬਣਦੀ ਬਿਧ
'ਸੰਗਤ ਸੂਜ਼ੇ ਭਗਤ ਦੀ' ਅੱਜ ਵੀ ਹੈ ਪ੍ਰਸਿੱਧ।
ਮੁਰਸ਼ਦਾਬਾਦੋਂ ਦੱਖਣ ਵੰਨੀਂ ਢਾਕੇ ਗਏ ਪੁੱਜ
ਜਿਥੇ ਦੇਵੀ ਢਕੇਸ੍ਵਰੀ ਦਾ ਮੰਦਰ ਹੈ ਪ੍ਰਸਿੱਧ।
ਠਹਿਰੇ ਜਾ ਉਸ ਜਗ੍ਹਾ ਪੁਰ ਜਿਥੇ ਹੇਅਰ ਬਾਜ਼ਾਰ
ਬਹੁ-ਗਿਣਤੀ ਵਿਚ ਵਸਦੇ ਜਿਥੇ ਨੇ ਘੁਮਿਆਰ।
ਬਾਬੇ ਬਹ ਬੰਗਾਲੀਆਂ ਵਿਚ ਦਿੱਤਾ ਸਿੱਖੀ ਗਿਆਨ
ਨਾਨਕ ਸਮੇਂ ਦਾ ਖੂਹ ਇਕ ਮਿਲਦਾ ਏਸ ਸਥਾਨ।
ਸਾਧੂ ਸੰਤਾਂ ਤੋਂ ਸੁਣੇ ਗੁਰ ਅਚਰਜ ਹੀ ਵਿਸਤਾਰ
ਕਾਮਰੂਪ ਵੱਲ ਜਾਣ ਦਾ ਕੀਤਾ ਗੁਰਾਂ ਵੀਚਾਰ।

## ਕਾਮਰੂਪ

ਅਜੇ ਵੀ ਕਿੰਨੇ ਨਾਂਵ ਥਾਂਵ ਮੇਰੀ ਸੋਝੀਓਂ ਬਾਹਰ
ਜਿਥੇ ਜੀਵਾਂ ਦੀ ਲਈ ਚੱਲ ਕੇ ਬਾਬੇ ਸਾਰ।
ਬੇੜੀ ਰਾਹੀਂ ਕਰਦਿਆਂ ਬ੍ਰਹਮਪੁੱਤਰ ਨੂੰ ਪਾਰ
ਸੁੰਦਰ ਨਗਰ ਧੁਬਰੀ ਕੀਤਾ ਆਣ ਉਤਾਰ।
ਸੱਜੇ ਕੰਢੇ ਬ੍ਰਹਮਪੁੱਤਰ ਅਤਿ ਰਮਣੀਕ ਸਥਾਨ



UNISTAR BOOKS PVT LTD.
Unistar Books Pvt Ltd.

ਮਿੱਠੀ ਬਾਣੀ ਸ਼ਬਦ ਸੁਣ ਸੰਗਤ ਪੁੱਜੀ ਆਣ।
ਮਗਰੋਂ ਨੌਵੇਂ ਗੁਰੂ ਵੀ ਪੁੱਜ ਕੇ ਏਸ ਸਥਾਨ
ਯਾਦਗਾਰੀ ਟਿੱਲਾ ਬਣਵਾਇਆ ਨਾਨਕ ਜੀ ਦੇ ਨਾਮ।
ਗੋਹਾਟੀ ਦਾ ਨਗਰ ਸੀ ਹਾਲਾਂ ਇਥੋਂ ਦੂਰ
'ਯੋਨਿਪੀਠ' ਸੀ ਜਿਸ ਨਾਂ ਦੂਰ-ਦੂਰ ਮਸ਼ਹੂਰ।
ਆਉਂਦੀ ਇਕ ਦੈਵੀ ਕਥਾ ਵਿਚ ਕਾਲਕਾ ਪੁਰਾਣ
ਸੱਦਿਆ ਨਾਹ ਘਰ ਸ਼ਿਵ ਨੂੰ ਕਰਕੇ ਉਸ ਅਪਮਾਨ।
ਦਖ਼ਸ਼ ਪੁੱਤਰੀ ਸਤੀ ਤਿਆਗੇ ਹਵਨ ਕੁੰਡ ਵਿਚ ਪ੍ਰਾਣ
ਸੁਣ ਕੇ ਇਹ ਅਨਰਥ ਸ਼ਿਵ ਕ੍ਰੋਧਿਤ ਹੋਏ ਆਣ।
ਸ਼ਿਵਾਂ, ਸਤੀਂ ਮੋਹ ਵੱਸ ਕੱਢ ਹਵਨ ਕੁੰਡ 'ਚੋਂ ਬਾਹਰ
ਕੀਤਾ ਨਸ਼ਟ ਦਖ਼ਸ਼ ਤਾਈਂ ਇਕੋ ਕਰਕੇ ਵਾਰ।
ਮੋਢੇ ਚੁੱਕੀ ਲਾਸ਼ ਸਤੀ ਦੀ ਭੌਣ ਲੱਗਾ ਦਿਨ ਰਾਤ
ਤੱਕਿਆ ਵਿਸ਼ਨੂੰ ਦ੍ਰਿਸ਼ ਇਹ ਡਾਢੇ ਹੋਏ ਉਦਾਸ।
ਨਾਲ਼ ਸੁਦਰਸ਼ਨ ਚੱਕ੍ਰ ਦੇ ਟੋਟੇ ਕੀਤੇ ਅੰਗ
ਬਣ ਗਏ ਦੈਵੀ ਪੀਠ ਸਭ ਡਿੱਗੇ ਜੋ ਖੰਡ ਖੰਡ।
ਡਿੱਗਿਆ ਯੋਨੀ ਅੰਗ ਸਤੀ ਗੋਹਾਟੀ ਅਸਥਾਨ
'ਯੋਨੀਪੀਠ' ਕਹਾਇਆ ਬਣਿਆ ਪੂਜਾ ਧਾਮ।
ਵਾਮ ਮਾਰਗੀ ਚਲਦੇ ਤੰਤ੍ਰ ਸ਼ਾਸਤਰੀ ਰੀਤ
ਯੋਨੀਪੀਠ ਨੇ ਪੂਜਦੇ ਵੇਦ ਧਰਮ ਵਿਪਰੀਤ।
ਗਿਰੀ ਮਨੁੱਖਤਾ ਪਾਤਾਲੀ ਲੈ ਧਰਮ ਦੀ ਓਟ
ਬਾਣਾ ਪਾਇਆ ਯੋਗ ਦਾ ਅੰਦਰ ਨਿਰੀ ਖੋਟ।
ਮੱਛੀ, ਮੈਥੁਨ, ਮਦਿਰਾ, ਮੁਦ੍ਰਾ, ਮਾਸ ਧਰਮ ਦੇ ਅੰਗ
ਨਾਰੀ ਕੁਆਰੀ ਪੂਜਦੇ ਇਹ ਮੱਕਾਰੀ ਬਦਰੰਗ।

ਵਾਮਮਾਰਗੀਆਂ 'ਚੋਂ ਹੋਇਆ ਹੈ ਇਕ ਕੀਨਾ ਰਾਮ
ਨਵਾਂ ਚਲਾਇਆ ਪੰਥ ਉਸ ਰੱਖ 'ਅਘੋਰੀ' ਨਾਮ।
ਮਲਮੂਤਰ ਦਾ ਖਾਣ-ਪੀਣ ਨਾਲ਼ੇ ਮਦਿਰਾ ਮਾਸ
ਖੁੱਲ੍ਹਮ-ਖੁੱਲ੍ਹੀ ਯੋਨਿ-ਪੂਜ ਕਰਨ ਅਘੋਰੀ ਖ਼ਾਸ।
ਰਾਹ-ਭਟਕੇ ਰਾਹਗੀਰਾਂ ਬਲੀ ਦੇਣ ਲਈ ਬਘਿਆੜ
ਮਨੁੱਖੀ ਤਹਿਜ਼ੀਬ ਗਿਰੀ ਵਿਚ ਧਰਮ ਦੀ ਆੜ।
ਭਾਵੇਂ ਯੋਨਿਪੀਠ ਸੀ ਨਗਰ ਗੋਹਾਟੀ ਪਾਸ
ਪਰ ਬੰਗਾਲ, ਬਿਹਾਰ, ਉੜੀਸਾ ਅਸਰ ਹੋਇਆ ਖ਼ਾਸ।
ਇਨ੍ਹਾਂ ਪ੍ਰਾਂਤਾਂ ਵਿਚ ਜੋ ਮੰਦਰ ਬਣੇ ਅਨੇਕ
ਖੁੱਲ੍ਹਮ-ਖੁੱਲ੍ਹੀ ਯੋਨਿ-ਪੂਜ ਇਥੇ ਹੋਏ ਵਿਸੇਖ।



UNISTAR BOOKS PVT LTD
Unistar Books Pvt Ltd.
UNISTAR BOOKS PVT LTD

ਮੁੱਕੀ ਕੀਮਤ ਕਦਰ ਜਿੰਦ ਮੁੱਕਿਆ ਸਿਸ਼ਟਾਚਾਰ
ਦੁਰਾਚਾਰੀਆਂ ਸਿੱਟਿਆ ਬੰਦਾ ਗੋਡਿਆਂ ਭਾਰ।
ਭਾਂਤੋ-ਭਾਂਤੀ ਤ੍ਰਾਂਤਿਕ ਗੁੱਝੀਆਂ ਚੱਲਣ ਚਾਲ
ਭੋਲ਼ੀ-ਭਾਲ਼ੀ ਮਨੁੱਖਤਾ ਨੂੰ ਘੱਤਣ ਐਸੇ ਜਾਲ਼।
ਧਰਮ-ਕਰਮ ਦੇ ਨਾਂ ਹੇਠ ਤੱਕ ਕੇ ਭਰਮਜਾਲ਼
ਗਿਆਨ ਵਿਹੂਣੇ ਲੋਕ ਆ ਫਸਣ ਕੋਝੀ ਚਾਲ।
ਰੱਖ ਮੁਰਦੇ ਦੀ ਖੋਪੜੀ ਵਿਚ ਮਦਿਰਾ ਪਾਣੀ ਅੰਨ
ਖਾਣ ਪਵਿੱਤਰ ਖ਼ਿਆਲ ਕਰ ਅਘੋਰੀ ਹੋ ਪ੍ਰਸੰਨ।
'ਸਬਰੋਸਤਵ' ਆਂਵਦਾ ਜਦ ਵੱਡਾ ਤਿਉਹਾਰ
ਪੀ ਮਦਿਰਾ ਨੰਗੇ ਨੱਚਣ ਨਰ-ਨਾਰੀ ਮਿਲ ਨਾਲ਼।
ਬੁੱਢ-ਪੁਰਾਣੇ ਮਤ ਇਹ ਪੂਜਾ ਤੇ ਵਿਸ਼ਵਾਸ
ਸਦੀਉਂ ਸਦੀ ਚਲਦੇ ਅਸਥਿਰ ਮਨੋ-ਪਿਆਸ।
ਅਤਿ ਨੀਵੇਂ ਦਰਜੇ ਦਾ ਸੁਣ ਕੇ ਮਨੁੱਖਤਾ ਦਾ ਹਾਲ
ਵੱਲ ਗੋਹਾਟੀ ਸਤਗੁਰੂ ਤਿੱਖੀ ਕੀਤੀ ਚਾਲ।

ਮਾਨੁੱਖ ਦੇਹੀ ਦੀ ਲੋਕਾਂ ਨੂੰ ਕੀਮਤ ਕਦਰ ਸਿਖਾਣ
ਸੰਗ ਮਰਦਾਨੇ ਜਾ ਰਹੇ ਕਿਰਪਾਨਿਧ ਨਿਧਾਨ।
ਦੁਰਗਮ ਰਾਹ ਲਿਤਾੜਦੇ ਲੰਘਦੇ ਨੇ, ਪਹਾੜ
ਬਣ ਭੀਹਾਵਲ ਲੰਘਦੇ ਮੰਨ ਕੇ ਗੁਰ ਸਿਰ ਕਾਰ।
ਬਾਂਸਾਂ ਦੇ ਇਕ ਝੁੰਡ ਵਿਚ ਕੀਤਾ ਗੁਰਾਂ ਉਤਾਰ
ਮਿੱਸਾ ਚਾਨਣ ਛਣ ਰਿਹਾ ਅਦਭੁਤ ਤੇ ਕਮਾਲ।
ਨਾਦ ਭੀਹਾਵਲ ਗੂੰਜਿਆ ਬਾਂਸਾਂ ਦੀ ਖਹਿ ਨਾਲ਼
ਲਿਵ ਜੁੜੀ ਅਗਾਧ ਬੋਧ ਨੂਰੀ ਮੁੱਖ ਜਮਾਲ।
'ਵਣਪੁੱਤਰਾਂ ਦੇ ਸੰਗ ਕੱਟ ਨਿਰਜਨ ਗੁਫ਼ਾ 'ਚ ਰਾਤ
ਤੁਰ ਪਏ ਅਗਲੇ ਪੰਧ ਵੱਲ ਜਦ ਹੋਈ ਪਰਭਾਤ।
ਕੋਹਾਂ ਪੈਂਡਾ ਤੁਰਦਿਆਂ ਜਿੱਥੇ ਆਉਂਦਾ ਗ੍ਰਾਮ
ਡੇਰਾ ਨਗਰੋਂ ਬਾਹਰ ਕਰਨ, ਕਰਨ ਲਈ ਬਿਸਰਾਮ।
ਧੁਰ ਕੀ ਬਾਣੀ ਉਚਰਦੇ ਰੰਗ ਰੱਤੇ ਬਿਸਮਾਦ
ਰਾਗ ਇਲਾਹੀ ਗੂੰਜਦਾ ਵਜਦੀ ਧੁਨ ਰਬਾਬ।
ਸਤਿਨਾਮ ਜਪਾਉਂਦੇ ਅਤਿ ਮਿੱਠਤ ਦੇ ਨਾਲ਼
ਜਨਮ ਕਰਮ ਮਲ ਕੱਟਦੀ ਕੱਟਦੇ ਭ੍ਰਮ ਭਓ ਜਾਲ।
ਰਾਹਗੀਰ ਜੁੜ ਬਹਿਣ ਆ ਸੁਣ ਕੇ ਮਿੱਠੇ ਬੋਲ
ਰੱਬੀ ਰਹਿਮਤਾਂ ਵੰਡਦੇ ਭਰਦੇ ਸਭ ਦੀ ਝੋਲ।



UNISTAR BOOKS PVT LTD.
Unistar Books Pvt Ltd.
Unistar Books Pvt Ltd.
UNISTAR BOOKS PVT LTD.

ਜਿਉਂ-ਜਿਉਂ ਨੇੜੇ ਆ ਰਿਹਾ ਸੀ ਗੋਹਾਟੀ ਨਗਰ
ਤਿਉਂ-ਤਿਉਂ ਭੀੜ ਯਾਤਰੀਆਂ ਵਧਦੀ ਗਈ ਮਗਰ।
ਕੰਨ ਪਾਟੇ ਬੋਧੀ ਤਿੱਬਤੀ ਆਪਣੀ ਆਪਣੀ ਬਾਣ
ਤੱਕ ਗੁਰਾਂ ਦਾ ਤੇਜ ਤਪ ਮਗਰੇ ਤੁਰਦੇ ਆਣ।
ਨੇੜੇ ਹੀ ਸੀ ਆ ਰਿਹਾ ਮੱਸਿਆ ਦਾ ਤਿਉਹਾਰ
ਦੂਰ ਨੇੜਲੇ ਯਾਤਰੂ ਆਏ ਲੰਮੇ ਪੈਂਡੇ ਮਾਰ।
ਖੱਬੇ ਕੰਢੇ ਪੁੱਜ ਕੇ ਗੁਰ ਬ੍ਰਹਮਪੁੱਤਰ ਦਰਿਆ
ਵਿਚ ਗੋਹਾਟੀ ਸਤਗੁਰੂ ਡੇਰਾ ਕੀਤਾ ਜਾ।

## ਗੋਹਾਟੀ

ਚੌਹੀਂ ਤਰਫ਼ ਪਹਾੜੀਆਂ ਸੁੰਦਰ ਤੇ ਰਮਣੀਕ
ਜਲ-ਧਾਰਾਵਾਂ ਡਿੱਗਦੀਆਂ ਚਮਕਣ ਚਾਂਦੀ ਲੀਕ।
ਬਾਂਸ ਜੰਗਲਾਂ ਵਿਚ ਦੀ ਉੱਠੇ ਮਾਰੂ ਨਾਦ
ਵਿਚ ਛੱਲਾਂ ਦੇ ਸ਼ੋਰ ਵਿਚ ਖੋਵੇ ਆਪਣਾ ਆਪ।
ਜਾਰੀ ਰੱਖਿਆ ਸਤਗੁਰੂ ਕੀਰਤਨ ਦਾ ਆਹਾਰ
ਸੰਗਤ ਢੁੱਕੀ ਅਸਾਮ ਦੀ ਜੁੜੀ ਵਾਂਗ ਪਰਿਵਾਰ।
ਤੱਕਿਆ ਭ੍ਰਮਣ ਕਰਦਿਆਂ ਗੁਰ ਮਾਰੀ ਨਜ਼ਰ ਚੁਫ਼ੇਰ
ਮੰਦਰਾਂ ਦੀਆਂ ਕਲਸੀਆਂ ਚਮਕਣ ਸੋਨ ਸਵੇਰ।
ਨੀਲਾਂਚਲ ਦੇ ਇਰਦ-ਗਿਰਦ ਮੰਦਰ ਕਈ ਰਮਣੀਕ
ਨਤਮਸਤਕ ਨੇ ਹੋਵੰਦੇ ਦੂਰੋਂ ਆ ਭਜਨੀਕ।
ਮੰਦਰ ਉਮਾਨੰਦ ਜੋ ਬ੍ਰਹਮਪੁੱਤਰ ਵਿਚਕਾਰ
'ਭਗਵਤੀ ਕਾਮਾਖਿਆ' ਦਾ ਕਹਿੰਦੇ ਪ੍ਰਥਮ ਦੁਆਰ।
ਭਸਮਾਂਚਲ ਕਹਾਵੰਦਾ ਇਹ ਅਸਥਾਨ ਅਭੋਲ
ਕੀਤਾ ਕਾਮ ਨੂੰ ਭਸਮ ਸ਼ਿਵ ਤੀਜਾ ਨੇਤਰ ਖੋਲ੍ਹ।
ਕੁਝ ਦਿਨ ਮਗਰੋਂ ਸਤਗੁਰੂ ਉੱਠ ਕੇ ਪ੍ਰਾਤਾਕਾਲ
ਕਾਮਾਖਿਆ ਪੀਠ ਵੱਲ ਜਾਣ ਦਾ ਕੀਤਾ ਖ਼ਿਆਲ।

ਨੀਲਾਂਚਲਪੁਰ ਬ੍ਰਹਮਪੁੱਤਰ ਦੇ ਕੰਢੇ ਹੈ ਇਸਥਿਤ
ਦੇਵੀ ਮੰਦਰ ਕਾਮਾਖਿਆ ਲੋਕਾਂ ਵਿਚ ਪ੍ਰਸਿੱਧ।
ਜਦ ਵੀ ਨੇੜੇ ਆਂਵਦਾ ਕਾਮਾਖਿਆ ਤਿਉਹਾਰ
ਯਾਤਰੂ ਯੋਨਿਪੀਠ ਵੱਲ ਆਵਣ ਹੋ ਤੱਯਾਰ।
ਸੰਢੇ ਬੱਕਰੇ ਦੀ ਬਲੀ ਇਥੇ ਦੇਵਣ ਆਮ
ਜਦ ਵੀ ਹੁੰਦਾ ਇਸ ਥਾਂ ਉਤਸਵ ਕੋਈ ਮਹਾਨ।



UNISTAR BOOKS PVT LTD. Unistar Books Pvt Ltd.

ਕੋਚੀ ਨਾਮ ਕਬੀਲੇ ਦੇ ਲੋਕੀਂ ਰਹਿਣ ਵਿਸੇਖ
ਇਥੇ ਤੀਕ ਮਨੁੱਖਾ ਬਲੀ ਦੇਵਣ ਦੇਵੀ ਭੇਟ।
ਯੋਨਿਮੁਦਰਾ ਪੀਠ ਸੀ ਗਰਭ-ਗ੍ਰਿਹ ਵਿਚਕਾਰ
ਉੱਤਰ ਪੌੜੀਆਂ ਲੋਕਾਈ ਪੁੱਜੇ ਏਸ ਦੁਆਰ।
ਨਿੰਮ੍ਹਾ ਦੀਵਾ ਜਗਦਾ ਸੀ ਉਸ ਦੇ ਅੰਦਰ ਵਾਰ
ਚੌਹੀਂ ਤਰਫ਼ੀਂ ਪਸਰਿਆ ਸੀ ਰਹਿੰਦਾ ਅੰਧਕਾਰ।
ਕਾਮਾਖਿਆ ਦੇਵੀ-ਪੂਜਕ ਮਦਿਰਾ ਮੁਦ੍ਰਾ ਨਾਲ਼
ਕਰਦੇ ਪੂਜਾ ਯੋਨਿਪੀਠ ਬਹੁਭਾਂਤੀ ਵਿਧੀ ਨਾਲ਼।
ਯੋਨਿ-ਪੀਠ ਜੋ ਆਂਵਦੇ ਦਰਸ਼ਨ ਕਰਨ ਅਨਿਨ
ਚੁੱਕ ਜਾਂਦਾ ਪਿਤ੍ਰ-ਰਿਣ, ਦੇਵ-ਰਿਣ, ਰਿਸ਼ੀ-ਰਿਣ।
ਰੀਤ ਕੁਰੀਤਾਂ ਦਾ ਸਾਹਵੇਂ ਤੱਕਿਆ ਬਾਬੇ ਜਾਲ਼
ਆੜ ਧਰਮ ਦੀ ਤਾਂਤ੍ਰਿਕਾਂ ਦਾ ਤੱਕਿਆ ਰੁਖ਼ ਵਿਕਰਾਲ।
ਤੱਕ ਡੁੱਲ੍ਹੀ ਰੱਤ ਸੱਜਰੀ ਨਾਨਕ ਹੋਏ ਉਦਾਸ
ਅਜੇ ਤੀਕ ਅਗਿਆਨਤਾ ਦਾ ਹੈਸੀ ਇਥੇ ਰਾਜ।
ਅਤਿ ਗਿਲਾਨੀ ਰੁਚੀਆਂ ਦਾ ਕਰਕੇ ਗੁਰੂ ਨਿਖੇਧ
ਨੈਤਿਕ ਜੀਵਨ ਜੀਣ ਦਾ ਦਿੱਤਾ ਗੁਰ ਸੰਦੇਸ਼।
ਗੁਰਜ ਗਿਆਨ ਦਾ ਮਾਰ ਕੇ ਕੀਤਾ ਤਿਮਰ ਵਿਨਾਸ਼
ਸਿੱਧੇ ਰਾਹੇ ਪਾਇਆ ਨਾਮ ਧਨ ਦੇਇ ਰਾਸ।

## ਸ਼ੰਕਰ ਦੇਵ

ਵਿਚ ਅਸਾਮ ਦੇ ਜਿਸ ਸਮੇਂ ਠਹਿਰੇ ਤਾਰਨਹਾਰ
ਸ਼ੰਕਰ ਦੇਵ ਨੂੰ ਮਿਲ ਕੇ ਹੋਈ ਖ਼ੁਸ਼ੀ ਅਪਾਰ।
'ਇਕਸਰਣ' ਦਾ ਤੱਤ ਕਰ ਗੀਤਾ 'ਚੋਂ ਪਰਵਾਣ
ਖੰਡਨ ਕਰ ਬਹੁਦੇਵਵਾਦ ਇਕ ਜਪਾਇਆ ਨਾਮ।
ਚੇਲੇ ਸ਼ੰਕਰ ਦੇਵ ਨੇ ਖੋਲ੍ਹ ਭਾਗਵਤ ਪੁਰਾਣ
ਵਾਕ ਸੀ ਲੈਂਦੇ ਉਸ 'ਚੋਂ ਦ੍ਰਿੜ੍ਹ ਨਿਹਚਾ ਰੱਖ ਨਾਮ।
ਤੱਕੀ ਸਭ ਵਿਚ ਜੋਤ ਇਕ ਵਿਸਰ ਪਰਾਈ ਤਾਤ
ਬ੍ਰਾਹਮਣ ਤੇ ਚੰਡਾਲ ਦੀ ਕਦੀ ਨਾ ਪੁੱਛੀ ਜਾਤ।
ਤਾਂਤ੍ਰਿਕ ਯੋਗ ਪੂਜਾ ਦੀ ਹੈਸੀ ਉੱਥੇ ਭਰਮਾਰ
ਵੈਸ਼ਨਵ ਭਗਤੀ ਰਾਹ ਪਾ ਕੀਤਾ ਪਰਉਪਕਾਰ।
ਵਿਚ ਅਸਾਮ ਜੋ ਦਿਸਦਾ ਨਾਮ ਘਰਾਂ ਦਾ ਜਾਲ਼
ਸੁਰਤ-ਸ਼ਬਦ ਲੋਕਾਂ ਜੁੜੀ ਸਦਕੇ ਉਸ ਪ੍ਰਚਾਰ।

UNISTAR BOOKS PVT LTD.
Unistar Books Pvt Ltd.

ਜਿਥੇ ਨਿਹਚਾ ਰੱਖਦੇ ਲੋਕ ਭਾਗਵਤ ਪੁਰਾਣ
ਆਰਤੀ ਕੀਰਤੀ ਸ਼ਬਦਾਂ ਵਿਚ ਲੈਂਦੇ ਨਾਨਕ ਨਾਮ।

## ਕਉਰੂ ਦੇਸ਼

ਗੜ੍ਹ ਤਲਿੱਸਮੀ ਤੋੜਨੇ ਦਾ ਮਨ 'ਚ ਨਿਹਚਾ ਧਾਰ
ਸੰਗ ਰਬਾਬੀ ਮਰਦਾਨਾ ਤੁਰ ਪਏ ਤਾਰਨਹਾਰ।
ਬਾਂਸਵਣਾਂ ਨੂੰ ਟੱਪਦੇ ਹੋਏ ਨੂਰੀ ਮੁੱਖ ਲਿਲਾਟ
ਵਿਰਲਾਂ ਥਾਣੀਂ ਦਰੱਖ਼ਤਾਂ ਧੁੱਪ ਦੇ ਪੈਣ ਚਟਾਕ।
ਵੱਲ ਸਿਲਾਂਗ ਨੂੰ ਵਧਦੇ ਆਇਆ ਕਉਰੂ ਦੇਸ਼
ਜਾਦੂਗਰ ਤ੍ਰੀਮਤਾਂ ਕਰਦੀਆਂ ਭ੍ਰਮਣ ਵਿਸੇਖ।
'ਸਤੀ ਦੇਸ਼' ਇਸ ਆਖਦੇ ਸਾਖੀਆਂ ਦੇ ਵਿਚਕਾਰ
ਵਸ਼ੀਕਰਨ ਕਰ ਲੈਂਦੀਆਂ ਤਾਂਤ੍ਰਿਕ ਵਿਦਿਆ ਨਾਲ਼।
ਸੰਗ ਮਰਦਾਨੇ ਜਾ ਰਹੇ ਬਾਬਾ ਨਗਰੋਂ ਬਾਹਰ
ਦੂਰ ਤੀਕਰਾਂ ਆਸ-ਪਾਸ ਦਿਸਦੀ ਸੀ ਉਜਾੜ।
ਬਾਬਾ ਤਾਂ ਸਮਰੱਥ ਸੀ ਵੱਸ 'ਚ ਭੁੱਖ ਪਿਆਸ
ਪਰ ਮਰਦਾਨਾ ਭੁੱਖ ਹੱਥੋਂ ਡਾਢਾ ਹੋਇਆ ਹੱਤਾਸ਼।
ਗੁਰਾਂ ਕਿਹਾ, 'ਮਰਦਾਨਿਆ! ਕੁਝ ਵਕਤ ਤਾਂ ਠਹਿਰ
ਜਾਦੂਗਰ ਤ੍ਰੀਮਤਾਂ ਰਾਜ ਕਰਨ ਇਸ ਸ਼ਹਿਰ।'
ਦਾਨਾ ਰੱਖ ਨਾ ਸਕਿਆ ਖ਼ੁਦ 'ਤੇ ਕਾਬੂ ਆਪ
ਬਸਤੀ ਵੱਲ ਨੂੰ ਤੁਰ ਪਿਆ ਹੱਥ 'ਚ ਪਕੜ ਰਬਾਬ।
'ਜਲਾਲ 'ਚ ਰਹੀਂ ਮਰਦਾਨਿਆ! ਰੱਖਣਾ ਕਾਬੂ ਆਪ'
ਇੰਨਾ ਆਖ ਕੇ ਜੁੜ ਗਏ ਵਿਚ ਸਾਹਿਬ ਦੀ ਯਾਦ।
ਕੀ ਖੇਤ ਕੀ ਹੱਟੀਆਂ ਤ੍ਰੀਮਤਾਂ ਘੂਰਨ ਗ਼ੈਰ
ਗਿਆ ਕਾਲ਼ਜਾ ਥੰਮ੍ਹਿਆ ਤੱਕ ਅਜਬ ਇਹ ਸ਼ਹਿਰ।
ਚਾਰੋਂ ਤਰਫ਼ੀਂ ਤੱਕਿਆ ਉਸ ਚੁੱਪ-ਚਾਂ ਦਾ ਰਾਜ਼
ਇਕ ਬੂਹੇ 'ਚ ਖੜ੍ਹ ਕੇ ਮਰਦਾਨੇ ਦਿੱਤੀ 'ਵਾਜ਼।
ਇਕ ਤ੍ਰੀਮਤ ਸਦ ਉਸ ਪੁੱਛਿਆ ਹਾਲ ਹਵਾਲ
ਮਰਦਾਨੇ ਨੇ ਆਖਿਆ, 'ਕੀਤਾ ਭੁੱਖ ਨਿਢਾਲ਼।'
ਬੰਨ੍ਹ ਕੇ ਧਾਗਾ ਉਸ ਨੇ ਤਾਂਤ੍ਰਿਕ ਵਿਦਿਆ ਨਾਲ਼
ਸੋਚਣ ਬੋਲਣ ਦੀ ਸ਼ਕਤ ਖੋਹੀ ਉਸ ਛੰਨਾਰ।
ਰੱਖ ਕੇ ਘੜਾ ਸਿਰ ਉੱਤੇ ਤ੍ਰੀਮਤ ਨਿਕਲੀ ਬਾਹਰ
ਮੈਂਡਾ ਬਣਿਆ ਮਰਦਾਨਾ ਤੁਰ ਗਿਆ ਪਿੱਛੇ ਨਾਲ਼।

UNISTAR BOOKS PVT LTD.
Unistar Books Pvt Ltd.
Unistar Books Pvt Ltd.
UNISTAR BOOKS PVT LTD.

ਦੋ ਪੁਸ਼ਤਾਂ ਤੋਂ ਚਲਦੀ ਸੀ ਗੱਦੀ ਨੂਰਸ਼ਾਹ
ਸੰਮੋਹਿਤ ਕਰ ਵਸ਼ੀਕਰਨ ਵਿਚ ਮਾਹਿਰ ਸੀ ਬਲਾ!!
ਘਰ ਜੋ ਸੀ ਉਸ ਪਿੰਡ ਵਿਚ ਪੂਰਾ ਜਾਦੂ-ਘਰ
ਪੁੱਛਾਂ ਸੁੱਖਣਾ ਦੇਣ ਲਈ ਲੋਕ ਆਣ ਉਸ ਦਰ।
ਸਾਂਵਲ ਰੰਗ ਸਲੋਨੜੀ ਚੰਚਲ ਨੈਣ ਕਟਾਰ
ਭਰਵਾਂ ਜੁੱਸਾ ਨਾਜ਼ਨੀਨ ਲੰਮ-ਸਲੰਮੀ ਨਾਰ।
ਮਰਦਾਂ ਵਾਕਰ ਚਿਹਰੇ 'ਤੇ ਰੱਖੇ ਰੋਅਬ-ਦਾਬ
ਖ਼ੌਰੇ ਸੂਰਤ ਘੜੀ ਰੱਬ ਕਿਹੜੇ ਮਿੱਟੀ ਆਬ?
ਪਰੀਆਂ ਜੇਹੀ ਹੁਸਨ 'ਤੇ ਪਰੀਆਂ ਵੱਤ ਲਿਬਾਸ
ਇਸ ਤਲਿੱਸਮੀ ਧਾਮ ਦੀ ਸੀ ਉਹ ਮੁਖੀਆ ਖ਼ਾਸ।
ਖਲੇ-ਖਲੋਤੇ ਮਰਦਾਨੇ ਦੇ ਥਿੜਕਣ ਲੱਗੇ ਪ੍ਰਾਣ
ਬੂਹੇ ਆਪੂੰ ਬੰਦ ਹੋਣ ਆਪੂੰ ਖੁੱਲ੍ਹਦੇ ਜਾਣ।
ਬਾਗ਼ ਬਹਿਸ਼ਤੀ ਪਰੀਆਂ ਮਨ ਅੰਦਰ ਧੂਹ ਪਾਣ
'ਜਲਾਲ 'ਚ ਰਹੀ ਮਰਦਾਨਿਆਂ!' ਬਚਨ ਕੰਨੀਂ ਟਕਰਾਣ।
ਕੱਚੀ ਕੰਧ ਤਲਿੱਸਮੀ ਵਿਚ ਤਲਿੱਸਮੀ ਵਾਸ
ਮਰਦਾਨਾ ਬੇਵੱਸ ਖੜ੍ਹਾ ਨੂਰਸ਼ਾਹ ਦੇ ਪਾਸ।
ਸੋਹਣੀ ਸੂਰਤ ਰੱਬ ਦੀ ਚੰਚਲ ਟੂਣੇਹਾਰ
ਨਾਚ ਨਚਾਵੇ ਉਸ ਨੂੰ ਕਰ ਸੰਮੋਹਿਤ ਨਾਰ।
ਸੰਮੋਹਿਤ ਹੋਏ ਦਾਨੇ ਨੂੰ ਰਤਾ ਨਹੀਂ ਖ਼ਬਰ
ਨਿੰਦ੍ਰਾ ਅਰਧ-ਖੁਮਾਰੀ ਵਿਚ ਮਮਿਆਵੇ ਉਸ ਮਗਰ!!

ਅਗਮ ਨਿਗਮ ਜਾਣੀ ਗੁਰੂ ਪੁੱਜੇ ਉਸ ਜਗ੍ਹਾ
ਮਰਦਾਨਾ ਸੀ ਬੰਨ੍ਹਿਆ ਤ੍ਰੀਮਤ ਜਿਹੜੀ ਥਾਂ।
ਬਾਬੇ ਨੂੰ ਜੋ ਤੱਕਿਆ ਲੱਗਾ ਉਸ ਮਮਿਆਣ
ਜਿਸ ਤ੍ਰੀਮਤ ਸੀ ਬੰਨ੍ਹਿਆ ਸਾਹਵੇਂ ਖੜ੍ਹੀ ਆਣ।
ਪੁੱਛਿਆ, ਮਿੱਠਤ ਨਾਲ਼ ਗੁਰੁ 'ਸਾਡਾ ਸੇਵਕ ਖ਼ਾਸ
ਕੀ ਉਹ ਬੰਦਾ ਅਸਾਂ ਦਾ ਆਇਐ ਤੇਰੇ ਪਾਸ?'
'ਇਥੇ ਕੋਈ ਨਾਹ ਆਇਆ' ਬੋਲਦਿਆਂ ਹੀ ਕੂੜ
ਕੂੜ ਉਹਦੇ ਨੇ ਉਸ ਸਿਰ ਦਿੱਤਾ ਘੜਾ ਚੰਬੋੜ।
ਸਿਰ ਤੋਂ ਘੜਾ ਨਾ ਉੱਤਰਿਆ ਤ੍ਰੀਮਤ ਲਾਈ ਵਾਹ
ਵਿਚ ਗ਼ਰੂਰ ਦੇ ਨੂਰ ਸ਼ਾਹ ਦਿੱਤਾ ਹੁਕਮ ਚੜ੍ਹਾ।'
ਜਿਥੇ ਕਿਤੇ ਸ਼ਹਿਰ ਵਿਚ ਕੋਈ ਮੰਤਰਵਾਨ
ਵਿਦਿਆ ਆਪੋ-ਆਪਣੀ ਲੈ ਕੇ ਆਏ ਮੈਦਾਨ।

ਬਿਰਖੇ ਚੋਟੀ ਚੜ੍ਹ ਕੋਈ, ਕੋਈ ਬਹਿ ਮ੍ਰਿਗਛਾਲ
ਢੋਲ ਪਿੱਟਦੀ ਆਈ ਕੋਈ ਭਰਮੀ ਜਾਦੂ ਜਾਲ਼।
ਸਿਰ ਤੋਂ ਘੜਾ ਨਾ ਉੱਤਰਿਆ ਕੋਸ਼ਿਸ਼ ਗਈ ਬੇਕਾਰ
ਤੀਆਂ-ਤ੍ਰਾਟਕ ਸਿਧ ਨਾਹ ਚਲਿਆ ਜੁਗਤੀ ਨਾਲ਼।
ਮਿੱਠੀ ਐਪਰ ਗਰਜਵੀਂ 'ਸਤਿ ਕਰਤਾਰ' ਦੀ ਸੱਦ
ਸੁਣਦਿਆਂ ਧੜਕਿਆ ਕਾਲ਼ਜਾ ਤ੍ਰੀਆ-ਤ੍ਰਾਟਕ ਸਿੱਧ।
ਵਿਹੜੇ ਵਿਚ ਉਸ ਤੱਕਿਆ ਤੇਜੱਸਵੀ ਪ੍ਰਕਾਸ਼
ਖੜ੍ਹੀ-ਖੜੋਤੀ ਰਹਿ ਗਈ ਪੈਰ ਨਾ ਦੇਵਣ ਸਾਥ।
ਸਾਹਵੇਂ ਗਹਿਰ, ਗੰਭੀਰ, ਅਡੋਲ ਤਾਰਕ ਖੜ੍ਹੇ ਸਮੁੰਦ
ਤੱਕਦਿਆਂ ਹੀ ਨੂਰਸ਼ਾਹ ਦੀਆਂ ਅੱਖਾਂ ਗਈਆਂ ਮੁੰਦ।
ਇਤਨੇ ਨੂੰ ਇਕ ਬਾਲੜੀ ਆਈ ਸੈਨਤ ਨਾਲ਼
ਰੱਖ ਕੇ ਭੋਜਨ ਵੰਨ-ਵੰਨ ਵਿਚ ਚਾਂਦੀ ਦੇ ਥਾਲ਼।
'ਆਇਆ ਨਹੀਂ ਅਜੇ ਸਮਾਂ' ਮੋੜਿਆ ਬਾਬੇ ਥਾਲ਼
ਸ਼ਾਇਦ ਨਾਨਕ ਤੋੜਨਾ ਸੀ ਚਾਹੁੰਦੇ ਅਹੰ ਜਾਲ਼।
ਅਗਲੇ ਪਲ ਗਹਿਣੇ ਹੀਰੇ ਬਸਤਰ ਕੀਮ ਖ਼ਾਬ
ਢੇਰੀ ਕੀਤੇ ਸਾਹਮਣੇ ਵਸ਼ੀਕਰਨ ਦੀ ਝਾਕ।
ਸਾਹਵੇਂ ਗੁਰੂ ਜਲੌ ਦੇ ਫਿੱਕੀ ਪੈ ਗਈ ਆਬ
ਸਤਗੁਰੂ ਸ਼ਬਦ ਉਚਾਰਿਆ ਵਿਚ ਵਡਹੰਸ ਰਾਗ।

ਗੁਣਵੰਤੀ ਸਹੁ ਰਾਵਿਆ ਨਿਰਗੁਣਿ ਕੂਕੇ ਕਾਇ॥
ਜੇ ਗੁਣਵੰਤੀ ਥੀ ਰਹੈ ਤਾ ਭੀ ਸਹੁ ਰਾਵਣ ਜਾਇ॥੧॥
ਮੇਰਾ ਕੰਤੁ ਰੀਸਾਲੂ ਕੀ ਧਨ ਅਵਰਾ ਰਾਵੇ ਜੀ॥੧॥ ਰਹਾਉ॥
ਕਰਣੀ ਕਾਮਣ ਜੇ ਥੀਐ ਜੇ ਮਨੁ ਧਾਗਾ ਹੋਇ॥
ਮਾਣਕੁ ਮੁਲਿ ਨ ਪਾਈਐ ਲੀਜੈ ਚਿਤਿ ਪਰੋਇ॥੨॥
ਰਾਹੁ ਦਸਾਈ ਨ ਜੁਲਾਂ ਆਖਾਂ ਅੰਮੜੀਆਸੁ॥
ਤੈ ਸਹ ਨਾਲਿ ਅਕੂਅਣਾ ਕਿਉ ਥੀਵੈ ਘਰ ਵਾਸੁ॥੩॥
ਨਾਨਕ ਏਕੀ ਬਾਹਰਾ ਦੂਜਾ ਨਾਹੀ ਕੋਇ॥
ਤੈ ਸਹ ਲਗੀ ਜੇ ਰਹੈ ਭੀ ਸਹੁ ਰਾਵੈ ਸੋਇ॥੪॥੨॥

(**ਗੁਰੂ ਗ੍ਰੰਥ**, ਪੰਨਾ 557)

ਮਰਦਾਨੇ ਵੱਲ ਨੈਣ ਬੰਨ੍ਹ ਘੂਰੀ ਨੂਰਸ਼ਾਹ
'ਸਾਡਾ ਬੰਦਾ ਮੋੜ ਦੇਹ' ਆਖਿਆ ਸ਼ਹਿਨਸ਼ਾਹ।
ਕਿਹਾ ਨੂਰਸ਼ਾਹ, 'ਜਾਹ ਬਈ! ਤੇਰਾ ਮੋਕ਼ਲਾ ਪੰਧ'
ਲੰਮੀ ਨੀਂਦੋਂ ਜਾਗਿਆ ਟੁੱਟੇ ਮਰਦਾਨੇ ਫੰਧ।



UNISTAR BOOKS PVT LTD
Unistar Books Pvt
Unistar Books Pvt Ltd.
UNISTAR BOOKS PVT LTD

ਝੂਰ ਪਏ ਜਾਣੀ-ਜਾਣ ਲੈ ਧੁਰ ਦਾ ਸਾਥੀ ਨਾਲ
ਲੁਛ ਰਹੀ ਸੀ ਨੂਰਸ਼ਾਹ ਧਰਤੀ 'ਤੇ ਚੌਫਾਲ।
ਜਿੰਨੇ ਗ੍ਰਿਫ਼ਤ ਤਲਿੱਸਮੀ ਨੂਰਸ਼ਾਹ ਦੀ ਜਕੜ
ਸਭੋ ਹੀ ਆਜ਼ਾਦ ਹੋਏ ਢਿੱਲੀ ਪਈ ਪਕੜ।
ਅਕਾਲ ਰੂਪ ਬਾਬਾ, ਦਾਨਾ ਜਾ ਪੁੱਜਾ ਉਦਿਆਨ
ਗੁਰਾਂ ਕਿਹਾ, 'ਦੇਹ ਮਿੱਟੀ ਵਿਚ ਪਸ਼ੂ-ਬਿਰਤੀ ਪ੍ਰਧਾਨ।
ਇਹ ਸਰੀਰ ਹੀ ਮਾਇਆ ਤੇ ਇਹ ਸਰੀਰ ਹੀ ਪਿੜ
ਛਿੰਜ ਪੈ ਰਹੀ ਇਸੇ ਵਿਚ ਫਿਰ ਜੇਤੂ ਕਿਹੜੀ ਧਿਰ?
ਇਹ ਮਾਇਆਵੀ ਸ਼ਕਤੀਆਂ ਕਾਬੂ ਦੇ ਵਿਚ ਰੱਖ
ਆਤਮ ਰੰਗ ਚੜ੍ਹ ਜਾਂਵਦਾ ਨਾਮ ਸਾਈਂ ਦਾ ਜਪ।
ਮੋਹ ਦੀ ਬਿਰਤੀ ਕੈਦ ਹੈ ਪ੍ਰੇਮ ਹੈ ਨਿੱਜ ਸਰੂਪ
ਪ੍ਰਭੂ-ਪ੍ਰੇਮ ਵਿਚ ਰੰਗ ਕੇ ਹਾਰੇ ਛਲ-ਮੋਹ ਰੂਪ।'

ਜਾਗ ਆਈ ਜਦ ਨੂਰਸ਼ਾਹ ਤੱਕਿਆ ਅੰਦਰ ਵੱਲ
ਭੂੰਡਾਂ ਖੱਖਰ ਡੇਹਮੂਆਂ ਦਾ ਬਣਿਆ ਸੀ ਸਥੱਲ।
ਜਾਦੂਗਰੀ ਤਲਿੱਸਮੀ ਦਾ ਲੁੱਟ ਲੁਟਾ ਸਾਮਾਨ
ਤੁਰਦੀ ਆਵੇ ਨੂਰਸ਼ਾਹ ਖਿੱਚੀ ਵੱਲ ਉਦਿਆਨ।
ਰੱਤੇ ਰੰਗ ਪਰਮੇਸ਼ਰੈ ਬੈਠੇ ਕਿਰਪਾ ਨਿਧਾਨ
ਵੱਜੀ ਧੁਨ ਰਬਾਬ 'ਤੇ ਸ਼ਬਦ ਕਿਹਾ ਗੁਣ ਆਣ:

ਸੁਣਿ ਮੁੰਧੇ ਹਰਣਾਖੀਏ ਗੂੜਾ ਵੈਣੁ ਅਪਾਰੁ॥
ਪਹਿਲਾ ਵਸਤੁ ਸਿਞਾਣਿ ਕੈ ਤਾਂ ਕੀਚੈ ਵਾਪਾਰੁ॥
ਦੋਹੀ ਦਿਚੈ ਦੁਰਜਨਾ ਮਿਤ੍ਰਾਂ ਕੂੰ ਜੈਕਾਰੁ॥
ਜਿਤੁ ਦੋਹੀ ਸਜਣ ਮਿਲਨਿ ਲਹੁ ਮੁੰਧੇ ਵੀਚਾਰੁ॥
ਤਨੁ ਮਨੁ ਦੀਜੈ ਸਜਣਾ ਐਸਾ ਹਸਣੁ ਸਾਰੁ॥
ਤਿਸ ਸਉ ਨੇਹੁ ਨ ਕੀਚਈ ਜਿ ਦਿਸੈ ਚਲਣਹਾਰੁ॥
ਨਾਨਕ ਜਿਨ੍ਹੀ ਇਵ ਕਰਿ ਬੁਝਿਆ ਤਿਨ੍ਹਾ ਵਿਟਹੁ ਕੁਰਬਾਣੁ॥

(**ਗੁਰੂ ਗ੍ਰੰਥ**, ਪੰਨਾ 1410)

ਬਾਣੀ ਸੁਣਦਿਆਂ ਛਿੜੀ ਲੂੰ-ਲੂੰ ਵਿਚ ਝਰਨਾਹਟ
ਸਤਗੁਰ ਚਰਨੀ ਢਹਿ ਪਈ ਭੁੱਲ ਕੇ ਪਿਛਲਵਾਟ।
ਘਰ ਜਾਦੂ ਦਾ ਢਾਹ ਉਸ ਕੀਤਾ ਰੜਾ ਮੈਦਾਨ
ਪਾਪ ਕਮਾਈ ਤਜ ਤੀ ਤਜਿਆ ਕੂੜਾ ਮਾਣ।
ਪੱਲੂ ਫੇਰੇ ਸਤਿਨਾਮ ਰੰਗ ਮਜੀਠਾ ਲਾਲ
ਜਪ ਰਹੀ ਜਿਸ ਥਾਂ ਬਹਿ ਬਣ ਗਈ ਧਰਮਸ਼ਾਲ।



UNISTAR BOOKS PVT LTD.
Unistar Books Pvt Ltd.

ਰੰਗ ਕੁਸੰਭਾ ਤਿਆਗਿਆ ਰੱਤੀ ਰੰਗੀ ਖ਼ੁਦਾ
ਧਰਮ ਕਿਰਤ 'ਚੋਂ ਨੂਰਸ਼ਾਹ ਲੰਗਰ ਦੇਇ ਵਰਤਾ।
ਯਾਦਗਾਰੀ ਨਿਸ਼ਾਨੀ ਮੰਗੀ ਗੁਰਾਂ ਤੋਂ ਨੂਰਸ਼ਾਹ
ਹੱਥਲਾ ਬਰਛਾ ਦਿੱਤਾ ਗੁਰ ਨਦਰ ਮਿਹਰ ਦੀ ਪਾ।
'ਧਰਮਸ਼ਾਲਾ ਬਰਛਾ ਸਾਹਿਬ' ਗਈ ਹਵੇਲੀ ਬਣ
ਚੱਲਣ ਲੱਗੀ ਉਸ ਥਾਂ ਨਾਮ ਬਾਣੀ ਦੀ ਧੁਨ।
ਕੱਢ ਬੁਰਿਆਈਆਂ ਸਤਗੁਰੂ ਅੰਦਰੋਂ ਨੂਰਸ਼ਾਹ
ਗੁਰਮਤਿ ਦ੍ਰਿੜ੍ਹ ਕਰਵਾਇਕੇ ਤੁਰ ਪਏ ਪਾਤਸ਼ਾਹ।

## ਭਾਈ ਭੂਮੀਆ

ਢਾਕੇ ਦੀ ਬਸਤੀ ਲਵੇ ਇਕ ਰਹਿੰਦਾ ਜ਼ਿਮੀਂਦਾਰ
ਨਾਮ ਸੀ ਭਾਈ ਭੂਮੀਆ ਚੋਰਾਂ ਦਾ ਸਰਦਾਰ।
ਵੱਡੀ ਪਹੁੰਚ ਸੀ ਉਸ ਦੀ ਦਰਬਾਰੇ ਸਰਕਾਰ
ਮੰਦੇ ਭਾਗੀਂ ਪਿਆ ਧਿਰ ਲੁੱਟ ਦੇ ਕਾਰੋਬਾਰ।
ਰਾਤ ਕਰਾਵੇ ਚੋਰੀਆਂ ਦਿਨ ਸਮੇਂ ਲੁੱਟਮਾਰ
ਨੌਕਰ ਚਾਕਰ ਘੋੜੀਆਂ ਹੈਸਨ ਬੇਸ਼ੁਮਾਰ।
ਹਿੱਸਾ-ਪੱਤੀ ਲੈਵੰਦੇ ਰਲ਼ ਲੁੱਟ 'ਚੋਂ ਅਹਿਲਕਾਰ
ਸਦਾ ਬਰਤ ਲੰਗਰ ਬਚਦੇ 'ਚੋਂ ਲਾਵੇ ਉਹ ਸਰਦਾਰ।
ਪਾਪ ਢੱਕਣ ਲਈ ਭੂਮੀਆ ਨਿੱਤ ਕਰੇ ਪੁੰਨ-ਦਾਨ
ਪੁੰਨੀਂ ਪਰ ਸੁਆਰਥੀ ਹੋਣ ਦਾ ਸੀ ਅਭਿਮਾਨ।
ਕਲਤਾਰਕ ਨਾਨਕ ਗੁਰੂ ਪੁੱਜੇ ਏਸ ਗਿਰਾਂ
ਭਲਾ ਪੁਰਖ ਤੱਕ ਇਕ ਘਰ ਡੇਰਾ ਕੀਤਾ ਜਾ।
ਲੇਕਿਨ ਹੁਕਮ ਸੀ ਭੂਮੀਆ ਜੋ ਕੋਈ ਆਏ ਦੁਆਰ
ਘਰ ਉਸੇ ਦੇ ਭੇਜਣਾ ਨਹੀਂ ਖ਼ੈਰ ਨਾ ਉਸ ਪਰਿਵਾਰ।
ਭਲੇ ਪੁਰਖ ਸੰਗ ਸਤਗੁਰ ਤੁਰ ਪਏ ਭੂਮੀਏ ਵੱਲ
ਡਰਦਾ ਨਾਹ ਬੋਲੇ ਮੁੱਖੋਂ ਪਰ ਦਿਲ ਵਿਚ ਹਲਚਲ।
ਧਨ ਖੋਹ ਲਵੇ ਭੂਮੀਆ ਇਹ ਸੱਚ ਲਿਆ ਮੰਨ
ਪੁੰਨ ਕਰਮ ਵੀ ਖੋਹ ਲਵੇ ਇਹ ਗੱਲ ਤਾਂ ਅਣਮੰਨ।
ਪੁੱਜੇ ਭੂਮੀਏ ਦੁਆਰ 'ਤੇ ਭਲੇਪੁਰਖ ਉਸ ਨਾਲ਼
ਪਿਛਾਂਹ ਮੁੜ ਨਾ ਤੱਕਿਆ ਤੁਰ ਪਿਆ ਛੱਡਣ-ਸਾਰ।
ਨੂਰੀ ਮੁੱਖ ਦਾ ਭੂਮੀਏ ਕੀਤਾ ਜਦੋਂ ਦੀਦਾਰ
ਖਿੱਚ ਲਈ ਮਨ ਉਸ ਦੇ ਰੂਹ ਹੋਈ ਸ਼ਰਸਾਰ।

UNISTAR BOOKS PVT LTD.
Unistar Books Pvt Ltd.
UNISTAR BOOKS PVT LTD.

UNISTAR BOOKS PVT LTD.

ਚਰਨ ਧੋਇ ਉਸ ਪੁੱਛਿਆ, 'ਅੰਨ ਭੋਜਨ ਹੈ ਤਿਆਰ'
ਪਰ ਨਾਨਕ ਜੀ ਖਾਣ ਤੋਂ ਸਾਫ਼ ਕੀਤਾ ਇਨਕਾਰ।
'ਭਲਾ ਹੋਵੀ ਜੇ ਦਸ ਦਵੇਂ ਕਿਹੜੀ ਕਰਦੈਂ ਕਾਰ ?'
ਡੂੰਘੇ ਟੋਏ ਧੱਸਿਆ ਭੂਮੀਆ ਸੁਣਦੇ ਸਾਰ।
ਹਿੰਮਤ ਕਰਕੇ ਬੋਲਿਆ, 'ਚੰਗੀ ਨਾਹ ਉਸ ਕਾਰ
ਰਾਤ ਕਰਾਵੇ ਚੋਰੀਆਂ ਦਿਨੇ ਕਰੇ ਲੁੱਟਮਾਰ।
ਉਸੇ ਧਨ ਦੇ ਨਾਲ਼ ਉਹ ਘਰ ਵਿਚ ਲੰਗਰ ਲਾ
ਆਏ-ਗਏ ਦੀ ਸੇਵ ਵਿਚ ਦਿੰਦਾ ਅੰਨ ਛਕਾ।
ਬਾਬਾ! ਕਿਸੀ ਨਾ ਪੁੱਛਿਆ ਮੈਥੋਂ ਬਾਬਤ ਅੰਨ
ਤੇਰੇ ਸਾਹਵੇਂ ਹੋ ਗਿਆ ਸਭ ਕਿੱਦਾਂ ਦਾਤਾ ਮੰਨ ?'
ਗੁਰਾਂ ਕਿਹਾ, 'ਇਸ ਅੰਨ ਵਿਚ ਹੌਕਿਆਂ ਦੀ ਭਰਮਾਰ
ਬਦਅਸੀਸਾਂ ਵਿਲਕਣੀਆਂ! ਇਸ 'ਚੋਂ ਸੁਣਨ ਹਜ਼ਾਰ।
ਜ਼ੋਰ-ਜ਼ਬਰ ਲੁੱਟ-ਮਾਰ ਦਾ ਰੱਤੂ-ਲਿਬੜਿਆ ਧਨ
ਭਲਾ ਫ਼ਕੀਰਾਂ ਖਾਣ ਦੇ ਯੋਗ ਕਿਵੇਂ ਇਹ ਅੰਨ ?
'ਕਰੇ ਕੋਈ ਭਰੇ ਕੋਈ' ਇਸੇ ਗੱਲ ਦਾ ਰੋਣ
ਢਹੇ ਜੋ ਚੜ੍ਹਿਆ ਬਾਦਸ਼ਾਹ ਸੂਲ਼ੀ ਚੜੂਗਾ ਕੌਣ ?
ਆਇਆ ਗਿਆ ਪੇਟ ਭਰ ਨਪੂ ਆਪਣਾ ਰਾਹ
ਗਲ਼ ਤਾਂ ਤੇਰੇ ਪੈਵਣਾ ਫਾਂਸੀ ਦਾ ਫੰਦਾ!
'ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ॥
ਨਾਨਕ ਗਲੀ ਕੂੜੀਈ ਕੂੜੋ ਪਲੈ ਪਾਇ॥'
ਕੰਬ ਗਿਆ ਸੁਣ ਭੂਮੀਆ ਸਾਹਵੇਂ ਆਏ ਪਾਪ
ਦਿਆ ਧਰਮ ਤੇ ਸੱਚ ਬਿਨ ਕੌਣ ਕਟੇ ਸੰਤਾਪ ?
'ਮਾਫ਼ੀ ਕਰੀਂ ਓ ਦਾਤਿਆ! ਮੈਂ ਗ਼ਰੀਬ ਕਰ ਮਿਹਰ
ਕਰਨੀ ਬਾਪ ਦਾਦਿਆਂ ਕਰ ਢੋਇਆ ਬਹੁਤ ਹਨ੍ਹੇਰ।'
ਬਾਬੇ ਕਿਹਾ, 'ਬਸ਼ਰਤੇ! ਕਰਾਂਗੇ ਤੈਨੂੰ ਸਿੱਖ
ਜੀਵਨ ਵਿਚ ਤਿੰਨ ਵਸਤੂਆਂ ਦ੍ਰਿੜ੍ਹ ਕਰਨਗੀਆਂ ਨਿੱਤ।
ਪਹਿਲੀ—ਅਮਲ ਜੋ ਵੀ ਕਰੇਂ ਪ੍ਰਥਮ ਬੋਲਣਾ ਸੱਚ
ਦੂਜੀ—ਜਿਸ ਦਾ ਲੂਣ ਖਾਏਂ ਬੁਰਾ ਨਾ ਚਿਤਵੀਂ ਉਸ।
ਤੀਜੀ—ਦੀਨ ਗ਼ਰੀਬ ਨੂੰ ਦੇਣਾ ਨਹੀਂ ਦੁੱਖ
ਗੁਰੂ ਕਰੇਗਾ ਖਸਮਾਨਾ ਵਿਆਪੂ ਨਹੀਉਂ ਭੁੱਖ।'
ਭਾਈ ਭੂਮੀਏ ਗੁਰਾਂ ਦੀ ਰਹਿਮਤ ਵਰਤੀ ਆਣ
ਸੱਚੇ ਰਾਹ 'ਤੇ ਚਲਦਿਆਂ ਪਾਇਆ ਉੱਚ ਮੁਕਾਮ।

Unistar Books Pvt Ltd.
Unistar Books Pvt Ltd.
Unistar Books Pvt Ltd.
UNISTAR BOOKS PVT LTD.

ਕੁਝ ਦਿਨ ਰਹਿ ਕੇ ਸਤਗੁਰ ਤੁਰ ਪਏ ਅਗਲੇ ਪੰਧ
ਸਤਿਨਾਮ ਦੀ ਲੋਅ ਵਿਚ ਕੱਟ ਭੂਮੀਏ ਫੰਧ।

UNISTAR BOOKS PVT LTD.

## ਨਾਗਾ ਦੇਸ਼

ਰਾਹ ਰਮਦੇ ਠੱਗਾਂ ਚੋਰਾਂ ਗੁਰ ਕਰਦੇ ਹੋਏ ਕਲਿਆਣ
ਬਾਬੇ ਉਥੋਂ ਮੋੜਿਆ ਪੂਰਬ ਵੱਲ ਮੁਹਾਣ।
ਬ੍ਰਹਮਪੁੱਤਰ ਦਰਿਆ ਨਾਲ਼ ਤਹਿ ਕਰ ਲੰਮੀ ਵਾਟ
ਰਮਤੇ ਰਮਤੇ ਜਾ ਪੁੱਜੇ ਬਾਬਾ ਗੋਲਾਘਾਟ।
ਉੱਤਰ ਵੱਲ ਧਨਾਸਰੀ ਵਾਦੀ ਚੌੜੇ ਮੈਦਾਨ
ਨਾਗਾ ਅਤੇ ਮੁਨੀਰ ਪਹਾੜਾਂ ਨਾਲ਼ ਘਿਰੇ ਜੋ ਆਣ।
ਜ਼ਿਲ੍ਹਾ ਸ਼ਿਬਸਾਗਰ ਦਾ ਇਹ ਸ਼ਹਿਰ ਸੀ ਗੋਲਾਘਾਟ
ਲੋਕ ਕਬਾਇਲੀ ਵਸਦੇ ਏਸ ਜਗ੍ਹਾ 'ਤੇ ਖ਼ਾਸ।
ਦੇਣ ਮਨੁੱਖੀ ਬਲੀ ਉਹ ਖਾਣ ਮਨੁੱਖੀ ਮਾਸ
ਤਾਂਬੇ ਰੰਗੀ ਚਮੜੀ ਤੇ ਨੈਣ ਬਦਾਮੀ ਖ਼ਾਸ।
ਕਲਤਾਰਕ ਬਾਬਾ ਨਾਨਕ ਜਪਦਿਆਂ ਸਤਿਨਾਮ
ਵਾਦੀ ਵਿਚ ਧਨਾਸਰੀ ਡੇਰਾ ਕੀਤਾ ਆਣ
ਮਿੱਠੀ ਧੁਨ ਰਬਾਬ ਜੋ ਗੂੰਜੀ ਫ਼ਿਜ਼ਾ 'ਚ ਆਣ
ਦੁਨੀਆ ਤੋਂ ਨਿਰਲੇਪ ਹੋ ਸੁਰਤ ਜੁੜੀ ਵਿਚ ਨਾਮ।
ਜਾਣ ਅਜਨਬੀ ਗੁਰਾਂ 'ਤੇ ਕਰਨਾ ਚਾਹਿਆ ਪਰਹਾਰ
ਮੋਮ ਹੋਏ ਹਿਰਦੇ ਤਦੇ ਕਰ ਸਤਗੁਰ ਦੀਦਾਰ।
ਨਾਮ ਜਪਣ ਦੀ ਦਾਤ ਦੇਇ ਕਲ ਦੇ ਤਾਰਣਹਾਰ
ਸੰਗ ਮਰਦਾਨੇ ਤੁਰੇ ਪਏ ਬਾਬਾ ਵੱਲ ਇੰਫਾਲ।

Unistar Books Pvt Ltd.

## ਇੰਫਾਲ (ਮਨੀਪੁਰ)

ਭੂਮੀ ਇਹ ਆਭੂਖਣਾਂ ਦੀ, ਝੀਲਾਂ ਮਣੀਆਂਹਾਰ
ਚੌਹੀਂ ਤਰਫ਼ੀਂ ਚੋਟੀਆਂ ਵਿਚ ਵਾਦੀ ਸ਼ਾਨਦਾਰ।
ਰਾਜਧਾਨੀ ਇੰਫਾਲ ਦਾ ਸ਼ਾਨਦਾਰ ਇਤਿਹਾਸ
ਕਲਾ ਅਤੇ ਸੰਗੀਤ ਵਿਚ ਸਿਰਜਣਸ਼ੀਲ ਇਹ ਖ਼ਾਸ।
ਦੇਣ ਲਈ ਸਤਸੰਗੀਆਂ ਪਰਮਸਤ ਪੈਗ਼ਾਮ
ਪੁੱਜੇ ਵਿਚ ਇੰਫਾਲ ਗੁਰੂ ਸੰਗ ਮਰਦਾਨੇ ਆਣ।
ਥੱਕੇ ਹੋਏ ਮਰਦਾਨੇ ਤਾਈਂ ਭੁੱਖ ਸਤਾਇਆ ਆਣ
ਭਾਈ ਝੰਡੇ ਘਰ ਭੇਜਿਆ ਕਰਨ ਲਈ ਜਲ-ਪਾਨ।

UNISTAR BOOKS PVT LTD.

ਭਾਈ ਝੰਡੇ ਬਿਠਾਲਿਆ ਮਰਦਾਨਾ ਨਾਲ਼ ਪਿਆਰ
ਭੋਜਨ ਉਸ ਛਕਾਇਆ ਵਿਚ ਡਾਢੇ ਸਤਿਕਾਰ।
ਸਤਗੁਰਾਂ ਲਈ ਭਾਈ ਝੰਡਾ ਭੋਜਨ ਲੈ ਕੇ ਨਾਲ਼
ਡੇਰੇ ਦੇ ਵਿਚ ਆ ਗਿਆ ਕਰਨ ਲਈ ਦੀਦਾਰ।
ਪੁੱਤਰ ਸੁਧਰ ਸੈਨ ਵੀ ਆਇਆ ਝੰਡੇ ਨਾਲ਼
ਚਰਨ ਪਰਸ ਕੇ ਦੋਹਾਂ ਨੇ ਸੀਨੇ ਪਾਈ ਠਾਰ।
ਪੁੱਤਰ ਤੋਂ ਸੁਣ ਰਾਜਾ ਵੀ ਲੈ ਸੁਗ਼ਾਤਾਂ ਭੇਟ
ਬਾਬੇ ਚਰਨੀਂ ਆ ਪੁੱਜਾ ਗੋਸ਼ਟ ਕਰਨੇ ਹੇਤ।
ਭਾਈ ਝੰਡੇ ਦੀ ਸੇਵ ਤੋਂ ਸਤਗੁਰ ਹੈ ਨਿਹਾਲ
ਮੰਜੀ ਇਕ ਸਥਾਪਿਤ ਕੀਤੀ ਬਾਬੇ ਵਿਚ ਇੰਫਾਲ।
ਝੰਡਾ ਬਾਢੀ ਥਾਪਿਆ ਕਰਨ ਲਈ ਪ੍ਰਚਾਰ
ਰਾਜਾ ਸੁਧਰ ਸੈਨ 'ਤੇ ਕਿਰਪਾ ਭਈ ਅਪਾਰ।
ਨਿਮਰਤਾ ਦੀ ਮੂਰਤੀ ਭਾਈ ਝੰਡਾ ਸੇਵਾਦਾਰ
ਇੰਦਰ ਸੈਨ ਦੇ ਨਾਲ਼ ਮਿਲ ਕੀਤਾ ਉਸ ਪ੍ਰਚਾਰ।
ਲਿਖਦੇ ਹਨ ਸਤਿਬੀਰ ਸਿੰਘ ਵਿਚ ਜੀਵਨੀ ਨਾਨਕ ਦੇਵ
ਸੰਗਤ ਰੂਪ 'ਚ ਲਿਆਉਂਦੇ ਲੋਕ ਸ਼ਰਨ ਗੁਰਦੇਵ।
'ਪੰਜ ਸੌ ਮਨ ਚੂਣ ਆਟਾ ਤਿਸ ਲੰਗਰ ਲੋਕ ਪਕਾਣ
ਚੌਦਾਂ ਸੌ ਸ਼ਹਿਰ ਝੰਡੇ ਦੀ ਪੈਰੀਂ ਪੜਦਾ ਆਣ।
ਮੁਹੰਮਦ ਕਾਜ਼ਿਮ ਲਿਖਿਆ 'ਏ ਡਿਸਕ੍ਰਿਪਸ਼ਨ ਆਫ਼ ਅਸਾਮ'
ਵਿਚ ਪਹਾੜਾਂ ਲੜੀ ਲੋਕ 'ਨਾਨਕ ਕਬੀਲਾ ਕਹਾਣ।
ਪੱਥਰ ਪਾਣੀ ਦੀ ਪੂਜ ਛੱਡਣ ਦਾ ਦੇਇ ਉਪਦੇਸ਼
ਸਿਲਚਰ ਵੰਨੀਂ ਤੁਰ ਪਏ ਪੂਰਤੀ ਹਿਤ ਸੰਦੇਸ਼।

## ਸਿਲਚਰ

ਟਾਪੂ ਸ਼ਾਂਤੀ ਦਾ ਇਕ ਸੁਰਮਾ ਨਦੀ ਸਥਿਤ
ਪ੍ਰਕਿਰਤੀ ਬਖੇਰਦੀ ਸੁਹਜ ਸੁਆਦ ਅਮਿਤ।
ਸਿਲਚਰ ਸ਼ਹਿਰੋਂ ਵੀਹ ਮੀਲ ਭਵਨ ਪਹਾੜੀ ਥਾਂ
ਬੋਧੀ ਲੋਕਾਂ ਦੇ ਲਈ ਬਣਿਆ ਇਕ ਪੜਾਅ।
ਵੱਡੇ ਇਕ ਪਹਾੜ ਨੂੰ ਅੰਦਰੋ-ਅੰਦਰੀ ਕੱਟ
ਗੁਫ਼ਾ-ਨੁਮਾ ਇਕ ਰੂਪ ਵਿਚ ਬਣਿਆ ਬੋਧੀ ਮੱਠ।
ਮੂਰਤੀ ਵੱਡੀ ਬੁੱਧ ਦੀ ਵਿਚ ਸਥਾਪਿਤ ਇਸ
ਸੈਂਕੜੇ ਬੋਧੀ ਕਰਨ ਆ ਪੂਜਾ ਅਰਚਨਾ ਨਿੱਤ।



UNISTAR BOOKS PVT LTD.
Unistar Books Pvt Ltd.

ਸੰਗ ਰਬਾਬੀ ਬਹਿ ਗਏ ਬਾਬਾ ਇਸੇ ਥਾਂਵ
ਰੁੱਖਾਂ ਦੀ ਇਕ ਝੰਗੀ ਵਿਚ ਡੇਰਾ ਕੀਤਾ ਆਣ।
ਵਿਚ ਹਵਾ ਦੇ ਗੂੰਜੀਆਂ ਤਰਬਾਂ ਟੂਣੇਹਾਰ
ਸੁਰਤ ਜੁੜੀ ਜੁ ਇਕਸੇ ਨਾਨਕ ਨਿਰੰਕਾਰ।
ਮਗਨ ਜੋ ਪੂਜਾ ਅਰਚਨਾ ਸਨ ਬੋਧ ਮੱਠ ਵਿਚਕਾਰ
ਰਸ-ਭਿੰਨਾ ਸੁਣ ਕੀਰਤਨ ਅੰਦਰੋਂ ਆਏ ਬਾਹਰ।
ਬੈਠ ਗਏ ਇਕ-ਇਕ ਕਰ ਬਾਬੇ ਲਾਗੇ ਆਣ
ਧੰਨ-ਧੰਨ ਸਭਨਾਂ ਕਿਹਾ ਸੁਣ ਬਾਣੀ ਗੁਣਗਾਨ।
ਝੱਲ ਨਾ ਸਕਿਆ ਦੇਵਲੂਤ ਰਾਜਾ ਨਾਨਕ ਪਰਚਾਰ
ਖ਼ਤਮ ਕਰਨ ਹਿਤ ਪੁੱਜਿਆ ਹੱਥ ਲੈ ਨੰਗੀ ਤਲਵਾਰ।
ਬਾਬੇ ਉਚਰੇ ਬੋਲ ਤਦ ਵਿਚ ਸਿਫ਼ਤ 'ਚ ਨਿਰੰਕਾਰ
'ਜਿਸ 'ਤੇ ਸਾਹਿਬ ਹੱਥ ਹੈ ਕੌਣ ਸਕੇ ਉਸ ਮਾਰ।
ਵੈਰ ਕਰੇ ਨਿਰਵੈਰ ਜੋ ਭੋਗੇ ਕਸ਼ਟ ਹਜ਼ਾਰ'
ਪਰਮ ਸਤਿ ਪੈਗ਼ਾਮ ਸੁਣ ਉਸ ਹਿਰਦੇ ਪਈ ਠਾਰ।
ਗੁੱਸਾ ਠੰਢਾ ਹੋ ਗਿਆ ਲੱਗੀ ਹਿਰਦੇ ਬਾਣ
ਭੁੱਲ ਬਖ਼ਸ਼ਾਈ ਦੇਵਲੂਤ ਨਾਨਕ ਚਰਨੀਂ ਆਣ।
ਹੋਇਆ ਸ਼ਰਧਾਵਾਨ ਉਹ ਗੁਰ ਨਾਨਕ 'ਉੱਚਾ ਦਰ'
ਰੁੱਖਾਂ ਦੀ ਝੰਗੀ ਨੂੰ ਲੋਕ ਆਖਣ 'ਨਾਨਕ ਘਰ'।
ਕੁਝ ਦਿਨ ਵਿਚ ਸਤਰੰਗੀਆਂ ਦੇ ਬਾਣੀ ਕਰ ਵਖਿਆਨ
ਸਿਲਹਟ ਵੱਲ ਨੂੰ ਵੱਲ ਪਏ ਤਾਰਨੇ ਹਿਤ ਨਿਧਾਨ।

## ਸਿਲਹਟ

ਜੋਵਾਈ ਤੋਂ ਜੈਨਤੀਪੁਰ ਗਾਹ ਪਰਬਤ ਵੀਰਾਨ
ਸੰਗ ਰਬਾਬੀ ਸਤਗੁਰੂ ਸਿਲਹਟ ਪੁੱਜੇ ਆਣ।
ਸੁਰਮਾ ਨਦੀ ਕਿਨਾਰੇ ਵਸਿਆ ਨਗਰ ਜੋ ਸੰਖਘਾਟ
ਸਮਾਂ ਪੈਣ 'ਤੇ ਕਹਿਣ ਲੱਗੇ ਲੋਕ ਸਿਲਹਟ ਖ਼ਾਸ।
ਕਰਨੀ ਵਾਲ਼ਾ ਪੀਰ ਇਕ ਸ਼ਾਹ ਜਲਾਲ ਸੀ ਨਾਮ
ਮਹਿਮਾ ਸੁਣ ਗੁਰ ਨਾਨਕ ਦੀ ਆ ਪੁੱਜਾ ਇਸ ਥਾਂਵ।
ਬਾਬੇ ਸੰਗ ਕਰ ਗੋਸ਼ਟੀ ਰੂਹ ਹੋਈ ਸ਼ਰਸਾਰ
ਧੰਨ-ਧੰਨ ਕਹਿ ਸਤਿਗੁਰੂ ਪੁੱਜਾ ਆਪਣੇ ਦੁਆਰ।
ਦੇਵੀ ਦਾਸ ਬੋਸ ਨਾਮ ਦਾ ਵਾਗਮਾਰਗੀ ਇਕ
ਸੰਗਤ ਸਿੱਖਿਆ ਕਰਨ ਕਰ ਬਣਿਆ ਨਾਨਕ ਸਿੱਖ।

UNISTAR BOOKS PVT LTD. Unistar Books Pvt Ltd

ਸੰਗਤ ਦੀ ਸਥਾਪਤੀ ਵਿਚ ਸਿਲਹਟ ਕੀਤੀ ਆਪ
ਦੇਵੀ ਦਾਸ ਬੋਸ ਨੂੰ ਗੁਰ ਮੁਖੀਆ ਦਿੱਤਾ ਥਾਪ।
ਨਾਮ ਬਾਣੀ ਪਰਚਾਰਦੇ ਹੋਏ ਜਪਦਿਆਂ ਸਤਿਨਾਮ
ਅਗਰਤਲਾ ਵਿਚ ਪੁੱਜ ਕੇ ਕੀਤਾ ਗੁਰ ਵਿਸ਼ਰਾਮ।
ਸੁਣ ਕੇ ਰਾਣੀ ਗੌਰਜਾਂ ਆਈ ਕਰਨ ਦੀਦਾਰ
ਸਿੱਖ ਬਣੀ ਪ੍ਰਭਾਵਿਤ ਹੋ ਦਰਸ਼ਨ ਕਰਦੇ ਸਾਰ।
ਭੇਟਾਂ ਵਿਚ ਜੋ ਕੀਮਤੀ ਸੀ ਲਿਆਈ ਵਸਤਾਂ ਨਾਲ਼
ਸੰਗਤ ਵਿਚ ਸਭ ਵੰਡੀਆਂ ਸ਼ਰਧਾ ਸੰਗ ਦਾਤਾਰ।
ਰਾਮਦੇਵ ਤੇ ਰਤਨਦੇਵ ਅਨਿਨ ਸਿੱਖਾਂ 'ਚੋਂ ਇਕ
ਗੌਰਜਾਂ ਰਾਣੀ ਦੇ ਪੋਤੇ ਪੜਪੋਤੇ ਸਨ ਵਸ਼ਿਸ਼ਟ।
ਪ੍ਰਸਾਦੀ ਹਾਥੀ ਜੇਹੀਆਂ ਅਮੁੱਲ ਭੇਟਾਵਾਂ ਨਾਲ਼
ਨੌਵੇਂ/ਦਸਵੇਂ ਗੁਰੂ ਦਰਸ ਲਈ ਪੁੱਜੇ ਚੱਲ ਦੁਆਰ।
ਅਗਰਤਲਾ ਤੋਂ ਜਾਂਦਿਆਂ ਸੀਤਾਕੁੰਡ ਵੱਲ ਜਾ
ਹੇਠ ਪਹਾੜੀ ਸਤਗੁਰੂ ਡੇਰਾ ਲਿਆ ਲਾ।
ਗਰਮ ਚਸ਼ਮਿਉਂ ਜਲ ਜਿਸ ਕੁੰਡ 'ਚ ਪੈਂਦਾ ਆ
ਲੋਕੀਂ ਮੰਨਦੇ ਸੀ ਇਹਨੂੰ ਸੀਤਾ ਦੇਵੀ ਕ੍ਰਿਸ਼ਨਾ।
ਦੱਸਿਆ ਸਾਧੂ-ਜਨਾਂ ਨੂੰ ਨਾਨਕ ਕਰ ਵੀਚਾਰ
ਗਰਮ ਪਾਣੀ ਦੇ ਚਸ਼ਮੇ ਧਰਤੀਉਂ ਫੁੱਟਣ ਬਾਹਰ।
ਕੁਦਰਤ ਦੇ ਨੇ ਕ੍ਰਿਸ਼ਮੇ ਕੁਦਰਤ ਭੇਦ ਅਪਾਰ
ਨਾਂ ਦੇ ਦੇਵੀ ਦੇਵ ਹਨ ਇਸ ਦੇ ਕਾਰਨਹਾਰ।
ਪਿਆਸ ਲੱਗਣ ਤੇ ਦਾਨੇ ਦੀ ਬਿਨਤੀ ਕਰ ਪਰਵਾਨ
ਸੀਤਲ ਜਲ ਦਾ ਚਸ਼ਮਾ ਪਰਗਟ ਕੀਤਾ ਆਣ।
ਇਥੋਂ ਦੱਖਣ ਵੱਲ ਨੂੰ ਗਏ ਬਲਵਾ ਕੁੰਡ ਪਧਾਰ
ਗਰਮ ਜਲ ਦੇ ਚਸ਼ਮੇ ਜਿਥੇ ਫੁੱਟਣ ਅਪਾਰ।
ਪੱਥਰਾਂ ਵਿਚੋਂ ਨਿਕਲਦੀ ਗਰਮ ਅੱਗ ਦੀ ਲਾਟ
ਮੰਨਣ ਸੰਨਿਆਸੀ ਜੋਗੀ ਦੇਵੀ/ਦੇਵਾਂ ਕ੍ਰਿਸ਼ਮਾਤ।
ਅਹੰ ਮਤੇ ਜੋਗੀਆਂ ਦੇ ਮਨ ਭੀਤਰ ਦੀ ਭ੍ਰਾਂਤ
ਨਾਨਕ ਤਥ ਸਮਝਾ ਕੇ ਕੀਤੀ ਆਤਮਸਾਤ।
ਘੋਰ ਤਪੱਸਵੀ ਹੋਣ ਦਾ ਕੱਟਿਆ ਅਹੰਕਾਰ
ਗਉੜੀ ਰਾਗ 'ਚ ਸਤਗੁਰਾਂ ਦਿੱਤਾ ਸ਼ਬਦ ਉਚਾਰ।

ਮੁੰਦ੍ਰਾ ਤੇ ਘਟ ਭੀਤਰਿ ਮੁੰਦ੍ਰਾ ਕਾਂਇਆ ਕੀਜੈ ਖਿੰਥਾਤਾ॥
ਪੰਚ ਚੇਲੇ ਵਸਿ ਕੀਜਹਿ ਰਾਵਲ ਇਹੁ ਮਨੁ ਕੀਜੈ ਡੰਡਾਤਾ॥੧॥

UNISTAR BOOKS PVT LTD.
Unistar Books Pvt Ltd.

ਜੋਗ ਜੁਗਤਿ ਇਵ ਪਾਵਸਿਤਾ॥
ਏਕੁ ਸਬਦੁ ਦੂਜਾ ਹੋਰੁ ਨਾਸਤਿ ਕੰਦ ਮੂਲਿ ਮਨੁ ਲਾਵਸਿਤਾ॥੧॥ ਰਹਾਉ॥
ਮੂੰਡਿ ਮੁੰਡਾਇਐ ਜੇ ਗੁਰੁ ਪਾਈਐ ਹਮ ਗੁਰੁ ਕੀਨੀ ਗੰਗਾਤਾ॥
ਤ੍ਰਿਭਵਣ ਤਾਰਣਹਾਰੁ ਸੁਆਮੀ ਏਕੁ ਨ ਚੇਤਸਿ ਅੰਧਾਤਾ॥੨॥
ਕਰਿ ਪਟੰਬੁ ਗਲੀ ਮਨੁ ਲਾਵਸਿ ਸੰਸਾ ਮੂਲਿ ਨ ਜਾਵਸਿਤਾ॥
ਏਕਸੁ ਚਰਣੀ ਜੇ ਚਿਤੁ ਲਾਵਹਿ ਲਬਿ ਲੋਭਿ ਕੀ ਧਾਵਸਿਤਾ॥੩॥

(**ਗੁਰੂ ਗ੍ਰੰਥ**, ਪੰਨਾ 155-156)

ਖੁੱਲ੍ਹੇ ਭਰਮ ਕਪਾਟ ਉਨ ਸੁਣ ਨਾਨਕ ਵੀਚਾਰ
ਬਾਬੇ ਦੇ ਚਰਨੀਂ ਪਏ ਤਜ ਝੂਠਾ ਅਹੰਕਾਰ।
ਕਠਿਨ ਪਰਬਤੀ ਰਾਹ ਜੋ ਘਿਰਿਆ ਜੰਗਲ ਆਣ
'ਚਰਨ ਪਾਦੁਕਾ' ਸਾਹਿਬ ਬਣਿਆ ਬਾਬੇ ਦਾ ਅਸਥਾਨ।
ਬਲਾਵਾ ਕੁੰਡ ਤੋਂ ਪੱਛਮ ਵੱਲ ਤੁਰ ਪਏ ਤਾਰਨਹਾਰ
ਚਿਟਾਗਾਗ ਦੀ ਬੰਦਰਗਾਹ ਸਤਿਗੁਰ ਗਏ ਪਧਾਰ।
ਰਾਜਾ ਅਟਕਾ ਘਟਕਾ ਵੀ ਬਾਬੇ ਸ਼ਰਨੀ ਆ
ਚਰਨ ਕਮਲ ਮਨ ਭੇਂਟ ਰੱਖ ਕੀਤੀ ਗੁਰ ਸੇਵਾ।
ਮਿੱਠੇ ਜਲ ਦੇ ਬਾਝ ਲੋਕ ਹੈਸਨ ਪਸ਼ੇਮਾਨ
ਦੱਸੀ ਆਣ ਸਮੱਸਿਆ ਸਤਗੁਰ ਕੋਲ਼ ਆਣ।
ਮਿੱਠਾ ਖੂਹ ਲਵਾਇਆ ਗੁਰ ਦੇ ਅਣਮੁੱਲੀ ਦਾਤ
ਖਾਰੇ ਪਾਣੀ ਤੋਂ ਦਿਵਾਈ ਲੋਕਾਂ ਨੂੰ ਨਜ਼ਾਤ।
ਸੀਤਲ ਨਿਰਮਲ ਜਲ ਛਕ ਲੋਕੀਂ ਭਏ ਨਿਹਾਲ
ਰਾਜਾ ਅਟਕਾ ਘਟਕਾ ਦੀ ਪੂਰਨ ਹੋਈ ਘਾਲ।
ਬਣਿਆ ਗੁਰੂ ਘਰ ਇਥੇ 'ਸਿੱਖ ਟੈਂਪਲ ਇਸਟੇਟ'
ਮੈਨੇਜਮੈਂਟ ਜੋ ਬੰਗਲਾ ਕਰਦੀ ਦੇਖ-ਰੇਖ।
ਭਾਈ ਮੋਹਨ ਸਿੰਘ ਜੀ ਜੋ ਚਿਟਾਗਾਂਗ ਦੀਵਾਨ
ਖੋਜ ਕਰਾ ਕੇ ਉਸ ਨੇ ਬਾਬੇ ਦਾ ਅਸਥਾਨ।
ਲਾਈ ਉਸ ਜਗੀਰ ਬਹੁਤ ਗੁਰੂ ਘਰ ਦੇ ਨਾਮ
ਸੁੰਦਰ ਗੁਰਦੁਆਰੇ ਦਾ ਕਰਵਾਇਆ ਨਿਰਮਾਣ।

## ਕੋਲਕਾਤਾ (ਬੰਗਾਲ)

ਦੀਨਾਂ ਤੇ ਦੁਖਿਆਰਿਆਂ ਕਰ ਰਾਹ ਰਸਤੇ ਸੰਭਾਲ਼
ਹੁਗਲੀ ਨਦੀ ਕਿਨਾਰੇ 'ਤੇ ਕੋਲਕਾਤਾ ਗਏ ਪਧਾਰ।
ਮੰਦਰ ਕਾਲ਼ੀ ਦੇਵੀ ਵਿਚ ਸੀ ਯਾਤਰੂਆਂ ਭਰਮਾਰ

UNISTAR BOOKS PVT LTD.
Unistar Books Pvt
Unistar Books Pvt Ltd.
UNISTAR BOOKS PVT LTD.

ਮਾਨਤਾ ਹੈ ਸੀ ਜਿਸ ਦੀ ਵਿਚ ਪੂਰੇ ਬੰਗਾਲ।
ਪਰਮ ਸਤਿ ਉਦੇਸ਼ ਲੈ ਜਪਦਿਆਂ ਸਤਿਨਾਮ
ਕਾਲ਼ੀ ਕਾਤਾ ਬਸਤੀ ਵਿਚ ਨਾਨਕ ਪੁੱਜੇ ਆਣ।
ਰਾਜਾ ਭੱਦਰਸੈਨ ਸੀ ਉਸ ਵੇਲ਼ੇ ਜੋ ਬਿਮਾਰ
ਆਉਣਾ ਸੁਣ ਗੁਰ ਨਾਨਕ ਦਾ ਹੋਈ ਖ਼ੁਸ਼ੀ ਅਪਾਰ।
ਮੇਲ ਲਈ ਕਰ ਬੇਨਤੀ ਰਾਜਾ ਭੱਦਰਸੈਨ
ਭੇਜਿਆ ਖ਼ਾਸ ਦੀਵਾਨ ਉਸੇ ਸਤਿਗੁਰ ਜੀ ਨੂੰ ਲੈਣ।
ਪੈਦਲ ਬਾਬਾ ਚੱਲ ਪਏ ਪੁੱਜੇ ਰਾਜ ਦੁਆਰ
ਦੇਹ ਅਰੋਗਤਾ ਬਖ਼ਸ਼ ਕੇ ਪਾਈ ਸੀਨੇ ਠਾਰ।
ਭੇਂਟ ਕੀਤੀਆਂ ਗੁਰਾਂ ਨੂੰ ਰਾਜੇ ਵਸਤਾਂ ਢੇਰ
ਲੋੜਵੰਦਾਂ ਨੂੰ ਦੇਣ ਵਿਚ ਬਾਬੇ ਲਾਈ ਨਾ ਦੇਰ।
ਜਿਥੇ ਬਹਿ ਕੇ ਸੇਵਿਆ ਸੀ ਭੱਦਰਸੈਨ, ਨਿਧਾਨ
'ਬੜਾ ਸਿੱਖ ਸੰਗਤ ਗੁਰਦੁਆਰਾ' ਹੈ ਸੁਭਾਇਮਾਨ।
ਬੇੜੀ ਰਾਹੀਂ ਕਰਦਿਆਂ ਹੁਗਲੀ ਨਦੀ ਪਾਰ
ਬਾਬਾ ਨਾਨਕ ਜਾ ਪੁੱਜਾ ਭੱਦਰ ਕਾਲ਼ੀ ਦੁਆਰ।
ਨੇੜੇ ਹੀ ਸੀ ਆ ਰਿਹਾ ਦੁਰਗਾ ਪੂਜ ਤਿਉਹਾਰ
ਲੋਕ ਬੰਗਾਲੀ ਦੂਰ ਤੋਂ ਪੁੱਜਣ ਬੇਸ਼ੁਮਾਰ।
ਸ਼ਰਧਾ ਸੰਗ ਸੰਢੇ ਬੱਕਰੇ ਮਹਿੰਦੀ ਨਾਲ ਸ਼ਿੰਗਾਰ
ਬਲੀ ਦੇਣ ਹਿਤ ਪੁੱਜਦੇ ਭੱਦਰ ਕਾਲ਼ੀ ਦੁਆਰ।
ਕਰਦੇ ਤੱਕਿਆ ਪਾਂਡਿਆਂ ਨੂੰ ਦੇਵੀ ਦਾ ਪ੍ਰਚਾਰ
ਦੁਰਗਾ ਕਿਵੇਂ ਦਿਵਾਉਂਦੀ ਦੁੱਖਾਂ ਤੋਂ ਛੁਟਕਾਰ।
ਲੋਕਾਂ ਤਾਈਂ ਲੁੱਟਦੇ ਸੀ ਪਾਂਡੇ ਦੇਵੀ ਪੱਜ
ਮਾਇਆ ਕਿੱਦਾਂ ਸਕਦੀ ਐ ਮਨ ਤ੍ਰਿਸ਼ਨਾਲੂ ਕੱਜ ?
ਵਿਚਰਦੇ ਹੋਏ ਸਤਗੁਰਾਂ ਨੇ ਦਿੱਤੀ ਲੋਕਾਂ ਮੱਤ
ਦੇਵੀ ਕਦ ਖ਼ੁਸ਼ ਹੋਵੰਦੀ ਪੀ ਇਨਸਾਨੀ ਰਤ ?
ਪਸ਼ੂ-ਬਲੀ, ਨਰ-ਬਲੀ ਨੂੰ ਭੰਡਿਆ ਕਰ ਪ੍ਰਚਾਰ
ਦੇਵੀ ਪੂਜਨ ਲਈ ਜੋ ਹੁੰਦਾ ਸੀ ਸੰਘਾਰ।
ਰਾਹੋਂ ਭਟਕੇ ਭੁੱਲੜਾਂ ਦਾ ਬੇੜਾ ਲਾਉਂਦੇ ਪਾਰ
ਵੱਲ ਉੜੀਸਾ ਜਾ ਪੁੱਜੇ ਕੱਲ੍ਹ ਦੇ ਤਾਰਨਹਾਰ।

## ਉੜੀਸਾ

ਗੰਗਵੰਸ਼ੀ/ਸੂਰਜਵੰਸ਼ੀ ਸ਼ਾਸਕਾਂ ਸੀ ਸਾਮਰਾਜ
ਉਸਰੇ ਮੰਦਰ ਕਈ ਹਜ਼ਾਰਾਂ ਵਿਚ ਉਨ੍ਹਾਂ ਦੇ ਰਾਜ।



UNISTAR BOOKS PVT LTD. Unistar Books Pvt Ltd.

ਅਤਿ ਪੁਰਾਤਨ ਮੰਦਰਾਂ ਦਾ ਸੋਹਣਾ ਪਾਵਨ ਦੇਸ਼
ਵਿਚ ਉੜੀਸਾ ਦਾਨੇ ਸੰਗ ਕੀਤਾ ਗੁਰ ਪਰਵੇਸ਼।
ਮੰਦਰ ਸਬਜ਼ ਵਾਦੀਆਂ ਗਗਨੀ ਰੂਪ ਪਹਾੜ
ਸਿੰਜਣ ਨਦੀਆਂ ਪੰਜ ਆਬ ਧਰਤੀ ਪਾਵਨ ਠਾਰ।
ਮਹਾਨ ਅਸ਼ੋਕ ਜਿਸ ਥਾਂ ਸੁੱਟ ਜੰਗੀ ਹਥਿਆਰ
ਕੀਤਾ ਸ਼ਾਂਤੀ ਪਥ ਤੁਰ ਬੋਧ ਧਰਮ ਪ੍ਰਚਾਰ।
ਗੰਗ ਕੇਸਰੀ ਰਾਜਿਆਂ ਵੱਖਰੇ ਰੰਗ ਕਰਤਾਰ
ਸੈਆਂ ਮੰਦਰ ਉਸਰੇ ਹਿੰਦੂ ਮਤਾਨੁਸਾਰ।
ਜਗ੍ਹਾ-ਜਗ੍ਹਾ ਬੰਗਾਲ ਵਿਚ ਕਰ ਬਾਣੀ ਵਖਿਆਨ
ਸੰਗਤ ਪਿੰਡ ਭਦਰਕ ਲਾਗੇ ਪੁੱਜੇ ਜਾਣੀ-ਜਾਣ।
ਨਿੰਮ ਦੇ ਰੁੱਖ ਹੇਠ ਜਾ ਗੁਰੂ ਡੇਰਾ ਕੀਤਾ ਜਾਏ
ਰੱਬੀ ਮੌਜ 'ਚ ਮਰਦਾਨੇ ਦਿੱਤੀ ਰਬਾਬ ਵਜਾਏ।
ਝੁੱਗੀਆਂ ਵਿਚੋਂ ਨਿਕਲ਼ ਲੋਕ ਪੁੱਜੇ ਏਸ ਸਥਾਨ
ਕਰ ਰਹੇ ਸੀ ਸਤਿਗੁਰੂ ਕੀਰਤਨ ਬਾਣੀ ਵਖਿਆਨ।
ਸੰਗਤ ਰੂਪ 'ਚ ਲੋਕ ਬਹਿ ਸੁਣਦੇ ਬਾਣੀ ਆਣ
ਸਿਮਰਨ ਸੇਵਾ ਨਾਮ ਵਿਚ ਜੀਵਨ ਦਾ ਕਲਿਆਣ।
'ਬੰਸੀ ਬਲਭ ਗੋਸਵਾਮੀ' ਉੜੀਆ ਕਵੀ ਬਖਾਨ
ਦੇਣ ਹਵਾਲਾ ਕਾਵਿ ਵਿਚ ਨਾਨਕ ਦਾ ਪਿੰਡ ਆਣ।
ਮਾਲ ਵਿਭਾਗ ਰਿਕਾਰਡ ਵੱਜੇ ਉੜੀਆ ਸਰਕਾਰ ਸਥਾਨ
'ਨਾਨਕ ਡਿਹ' ਕਰ ਮਿਲਦਾ ਏਸ ਜਗ੍ਹਾ ਦਾ ਨਾਮ।
ਭਦਰਕ ਅਤੇ ਜਾਜਪੁਰ ਥੋੜ੍ਹਾ ਸਮਾਂ ਵਿਰਾਜ
ਦੱਖਣ ਪੱਛਮ ਵੱਲ ਜਾ ਕਟਕ ਪੁੱਜੇ ਮਹਾਰਾਜ।

## ਕਟਕ

ਸ਼ਾਸਕ ਕਟਕ ਦਾ ਰਾਜਾ ਸੀ ਪ੍ਰਤਾਪ ਰੁਦਰ ਦੇਵ
ਸੁਣ ਕੇ ਆਉਣਾ ਗੁਰੂ ਦਾ ਆ ਪੁੱਜਾ ਵਿਚ ਸੇਵ।
ਦਰਸ਼ਨ ਕੀਤੇ ਗੁਰਾਂ ਦੇ ਗੂੜ੍ਹੀ ਕਰ ਵੀਚਾਰ
ਬਣਿਆ ਸਿੱਖ ਗੁਰੂ ਨਾਨਕ ਸ਼ਰਧਾ ਰੱਖ ਅਪਾਰ।
ਚੈਤੰਨਯ ਨੂੰ ਜਾਣ ਕੇ ਲੱਗਾ ਡਾਢਾ ਦੁੱਖ
ਚੂੰਕਿ ਪਹਿਲੋਂ ਸੀ ਰਾਜਾ ਚੈਤੰਨਯ ਦਾ ਸ਼ਿਸ਼।
ਨਾਨਕ ਨੂੰ ਭਜਾਣ ਹਿਤ ਲਾਈ ਪੂਰੀ ਵਾਹ
ਫੇਲ੍ਹ ਹੋਈ ਤ੍ਰਾਟਕ ਵਿਦਿਆ ਚਰਨੀਂ ਲੱਗਾ ਆ।

UNISTAR BOOKS PVT LTD.
Unistar Books Pvt Ltd.
UNISTAR BOOKS PVT LTD.

UNISTAR BOOKS PVT LTD.

ਮਾਖਿਓਂ ਮਿੱਠੇ ਬੋਲ ਸੁਣ ਮਨ ਦਾ ਖਿੜਿਆ ਬਾਗ਼
ਜੰਤਰ ਮੰਤਰ ਤੰਤਰ ਦਾ ਕੀਤਾ ਉਸ ਤਿਆਗ।
ਇਕ ਸਵੇਰ ਨੂੰ ਉੱਠਣ 'ਤੇ ਚੈਤੰਨਯ ਦਰਵੇਸ਼
ਟਾਹਣੀ ਇਕ 'ਸਹਾਰਾ ਰੁੱਖ' ਕੀਤੀ ਗੁਰਾਂ ਨੂੰ ਪੇਸ਼।
ਦਾਤਣ ਕਰਕੇ ਗੁਰਾਂ ਨੇ ਦਿੱਤੀ ਉੱਥੇ ਸੁੱਟ
ਸਮਾਂ ਪੈਣ 'ਤੇ ਬ੍ਰਿਛ ਰੂਪ ਧਾਰਿਆ ਉਸਨੇ ਫੁੱਟ।
ਅੱਜ ਵੀ ਕਟਕ ਵਿਚ ਹੈ ਬਿਰਖ ਇਹ ਆਬਾਦ
'ਗੁਰਦੁਆਰਾ ਦਾਤਣ ਸਾਹਿਬ' ਵਿਚ ਨਾਨਕ ਦੀ ਯਾਦ।
ਮਹਾਂਨਦੀ ਦਰਿਆ ਕੰਢੇ ਥਾਂ ਜੋ ਕਿਸ਼ਤੀ ਘਾਟ
ਪਾਵਨ ਥਾਂ 'ਕਾਲੀ ਬੋਦਾ' ਕਹਿ ਲੋਕੀਂ ਕਰਦੇ ਯਾਦ।

Unistar Books Pvt Ltd.

**ਭੁਵਨੇਸ਼ਵਰ**

ਕਟਕ ਤੋਂ ਚੱਲ ਭੁਵਨੇਸ਼ਵਰ ਪੁੱਜੇ ਗੁਣੀਂ ਨਿਧਾਨ
ਪੂਰਵ ਦਾ ਕਾਂਸ਼ੀ ਮੰਨਦੇ ਲੋਕੀਂ ਇਸ ਸਥਾਨ।
ਇਸੇ ਥਾਂ ਕਾਲਿੰਗ ਯੁੱਧ ਹੋਇਆ ਸੀ ਘਮਸਾਨ
ਬੋਧ-ਅਨੁਯਾਈ ਬਣਿਆ ਸੀ ਤਦ ਅਸ਼ੋਕ ਮਹਾਨ।
ਬਿੰਦੂ ਸਾਗਰ ਝੀਲ ਜੋ ਬਣੀ ਨਗੀਨੇਹਾਰ
ਗਿਰਦੇ ਪਾਵਨ ਮੰਦਰਾਂ ਦੀ ਸੁੰਦਰ ਛਬ ਅਪਾਰ।
ਮਨਮੋਹਕ ਗੁਫ਼ਾਵਾਂ ਹਨ ਸਕੰਧਗਿਰੀ ਵਿਚ ਜੋ
ਚਿਤ੍ਰਕਲਾ ਤੇ ਨੱਕਾਸ਼ੀ ਲੈਂਦੀ ਦਰਸ਼ਕਾਂ ਮੋਹ।
ਮੰਦਰਾਂ 'ਚੋਂ ਕੋਣਾਰਕ ਹੈ ਸੂਰਜ ਮੰਦਰ ਇਕ
ਚੰਦ੍ਰਭਾਗਾ ਨਦੀ ਦੇ ਕੰਢੇ 'ਤੇ ਇਸਥਿਤ।
ਨੀਚਿਓਂ ਉੱਪਰ ਰਚਨਾ ਅਦਭੁਤ ਤੇ ਮਨਮੋਹਕ
ਸ਼ਿਲਪ ਕ੍ਰਿਤੀਆਂ ਦੇਵ, ਗੰਧਰਬ, ਪਸ਼ੂ ਅਪਸਰਾ ਲੋਕ।
ਚੌਵੀ ਪਹੀਆਂ ਨਾਲ਼ ਜੋ ਸੱਤ ਘੋੜੇ ਬੇਮਿਸਾਲ
ਪ੍ਰਤਿਮਾ ਸੂਰਜ ਦੇਵ ਦੀ ਸੋਹੇ ਬਾ-ਕਮਾਲ।
ਜਾਪੇ ਜੀਕੂੰ ਹੁਣੇ ਹੀ ਸੂਰਜ ਦਾ ਰਥਵਾਨ
ਸਾਗਰ ਹੀ ਟੱਪ ਜਾਏਗਾ ਲਾ ਕੇ ਇਕ ਉਡਾਨ।
ਚਾਤਰ ਸ਼ਿਲਪਕਾਰੀਆਂ ਲਾ ਕੇ ਪੂਰੀ ਵਾਹ
ਦਿੱਤੇ ਕਲਾਕ੍ਰਿਤੀਆਂ ਵਿਚ ਗੁੱਝੇ ਅਰਥ ਛੁਪਾ।
ਸੱਤ ਘੋੜੇ ਜੋ ਰਥ ਦੇ ਹਫ਼ਤੇ ਦੇ ਸੱਤ ਵਾਰ
ਚੌਵੀ ਚੱਕੇ, ਅੱਠ ਘਰਾਂ ਵਿਚ ਡੂੰਘੀ ਵੀਚਾਰ।


UNISTAR BOOKS PVT LTD.

ਉੱਚ ਤ੍ਰੇਹਰੀ ਛੱਤਰੀ ਚੜ੍ਹਦੀ ਵੱਲ ਆਕਾਸ਼
ਉੱਚ-ਆਤਮਕ ਯਾਤਰਾ ਦਾ ਕਰਾਉਂਦੀ ਪਾਸ਼।
ਬ੍ਰਹਿਮੰਡੀ ਪ੍ਰਕ੍ਰਿਤੀ ਦਾ ਸੁਹਜ ਕਰਨ ਉਜਿਆਰ
ਪੁਰੀ ਵੱਲ ਨੂੰ ਰੁਖ ਕਰ ਤੁਰ ਪਏ ਕਰਨੀਹਾਰ।

## ਪੁਰੀ

ਮੰਦਰ ਜਗਨ ਨਾਥ ਪੁਰੀ ਸਾਗਰ ਕੰਢੇ ਇਸਥਿਤ
ਸ਼ੰਕਰਾਚਾਰਿਆ ਵੱਲੋਂ ਉਸਰੇ ਚਹੁੰ ਮੱਠਾਂ 'ਚੋਂ ਇਕ।
ਵਿਸ਼ਵਕਰਮਾ ਤੋਂ ਘੜਵਾ ਮੂਰਤੀ ਜਗਨ ਨਾਥ
ਬ੍ਰਹਮੇ ਇਕ ਮਨੌਤਨਸਾਰ ਹੱਥੀਂ ਥਾਪਿਆ ਆਪ।
ਜਗਨ ਨਾਥ ਦੀ ਮੂਰਤੀ ਜੋ ਮੰਦਰ ਵਿਚ ਇਸਥਿਤ
ਸ੍ਰੀ ਕ੍ਰਿਸ਼ਨ ਦੀਆਂ ਅਸਥੀਆਂ ਵਿਚ ਅਸਥਾਪਨ ਇਸ।
ਮੰਦਰ ਸ੍ਰੀ ਕ੍ਰਿਸ਼ਨ ਦਾ ਅਦਭੁਤ ਬੇਮਿਸਾਲ
ਲੋਕੀਂ ਦੂਰ-ਦੁਰਾਡਿਉਂ ਆਵਣ ਸ਼ਰਧਾ ਨਾਲ਼। Unistar Books Pvt
ਹਾੜ੍ਹ ਮਹੀਨੇ ਰੱਥ ਯਾਤਰਾ ਕੱਢਦੇ ਨੇ ਹਰ ਸਾਲ
ਹੀਰੇ ਪੰਨੇ ਰਤਨ ਜੜਾਊ ਕਰਦੇ ਰੱਥ ਤੱਯਾਰ।
ਮੂਰਤ ਜਗਨ ਨਾਥ ਦੀ ਰੱਥ ਦੇ ਵਿਚ ਬਿਠਾਲ
ਖਿੱਚਣ ਲੱਖਾਂ ਯਾਤਰੂ ਡਾਢੀ ਸ਼ਰਧਾ ਨਾਲ਼।
ਕਦੀ-ਕਦੀ ਤਾਂ ਕਾਨ੍ਹ ਦੇ ਡਾਢੇ ਸ਼ਰਧਾਵਾਨ
ਪਹੀਆਂ ਹੇਠਾਂ ਲੇਟ ਕੇ ਤਿਆਗ ਦਿੰਦੇ ਨੇ ਪ੍ਰਾਣ।
ਜਗਨ ਨਾਥ ਦੀ ਪੁਰੀ ਵਿਚ ਕਰਨ ਲਈ ਉਜਿਆਰ
ਪੁੱਜੇ ਦਾਨੇ ਨਾਲ਼ ਗੁਰ ਵੇਲ਼ਾ ਸੀ ਤਿਉਹਾਰ।
ਮੂਰਤੀ-ਪੂਜਕ ਪਾਂਡਿਆਂ ਨੂੰ ਆਰਤੀ ਵੱਲ ਸਿਖਾਣ
ਮੀਲਾਂ ਪੈਂਡਾ ਤਹਿ ਕਰ ਇਸ ਤੀਰਥ ਪੁੱਜੇ ਆਣ।
ਸਜਿਆ ਮੰਦਰ ਸਾਹਮਣੇ ਡਿੱਠਾ ਤਾਰਨਹਾਰ
ਮੰਦਰ ਦੇ ਅਹਾਤਿਉਂ ਡੇਰਾ ਕੀਤਾ ਬਾਹਰ।
ਸਾਹਵੇਂ ਨੀਲ ਸਮੁੰਦ ਤੇ ਉੱਪਰ ਨੀਲਾ ਅਸਮਾਨ
ਸੁਹਜਮਈ ਪਰਮਾਤਮਾ ਵਿਚ ਸੁਰਤੀ ਜੁੜੀ ਆਣ।
ਪੌਣਾਂ ਦੇ ਸੰਗ ਰੁਮਕਦੀ ਮਿੱਠੀ ਬਾਣੀ ਛੋਅ
ਭਗਤਾਂ ਦੇ ਦਿਲ ਛੂਹ ਗਈ ਅੰਦਰੋਂ ਪਈ ਖੋਹ।
ਪੈਦਾ ਹੋਇਆ ਮਨ ਵਿਚ ਗੁਰੂ ਮਿਲਣ ਦਾ ਚਾਅ
ਲੋਕੀਂ ਸੰਗਤ ਰੂਪ ਵਿਚ ਚਰਨੀਂ ਬੈਠੇ ਆ।

ਚੈਤੰਨਯ ਮਹਾਂਪ੍ਰਭੂ ਵੀ ਵਿਚ ਸੰਗਤ ਦੇ ਆਣ
ਜੁੜੇ ਇਲਾਹੀ ਕੀਰਤਨ ਵਿਚ ਖਾ ਕਲ਼ੇਜੇ ਬਾਣ।
ਸਥਾਨਕ ਰਾਜਾ ਦੇ ਸੱਦੇ 'ਤੇ ਸਤਗੁਰ ਹੋਏ ਤਿਆਰ
ਮੰਦਰ ਜਗਨ ਨਾਥ ਜਾ ਪੁੱਜੇ ਬਾਬਾ ਸੰਗਤ ਨਾਲ਼।
ਤਾਹੀਓਂ ਮੰਦਰ ਵਿਚ ਗੁਰਾਂ ਕੀਤਾ ਸੀ ਪਰਵੇਸ਼
ਆਰਤੀ ਵੱਲ ਸਿਖਾਣ ਦਾ ਸੀ ਬਾਬੇ ਉਦੇਸ਼।
ਪਾਂਡਿਆਂ ਹੱਥ ਸੀ ਹੀਰੇ ਪੰਨੇ ਨਗ ਜੜਾਊ ਥਾਲ
ਕੰਧਾਂ ਤੋਂ ਫਾਨੂਸਾਂ ਦਾ ਡਗਮਗ ਡੌਲੇ ਚਮਕਾਰ।
ਧੂਪ ਸੁਗੰਧਿਤ ਬੱਤੀਆਂ ਜਗਣ ਦੀਵੇ ਵਿਚ ਥਾਲ਼
ਆਰਤੀ ਸੀ ਸ੍ਰੀ ਕ੍ਰਿਸ਼ਨ ਦੀ ਪਾਂਡੇ ਰਹੇ ਉਤਾਰ।
ਸਾਹਵੇਂ ਮੂਰਤੀ ਜਗਨ ਨਾਥ ਘੁੰਮਣ ਦੀਵੇ ਸਤਿਕਾਰ
ਦੇਵ ਲੋਕ ਦੀ ਮਾਤ-ਲੋਕ ਵਿਚ ਜਾਪੇ ਜਿਉਂ ਝਲਕਾਰ।
ਖੜਕ ਰਹੀਆਂ ਸੀ ਟੱਲੀਆਂ ਘੁੰਮ ਰਹੇ ਸੀ ਥਾਲ਼
ਸੰਖਾਂ ਦੀ ਇਸ ਗੂੰਜ ਵਿਚ ਸੀ ਝੂਮ ਰਿਹਾ ਪੰਡਾਲ।
ਤੱਕਿਆ ਪੱਥਰ ਪੂਜਕਾਂ ਦਾ ਮੂਰਤੀ ਵਿਚ ਵਿਸ਼ਵਾਸ
'ਹੱਥ ਘੜੀ ਮੂਰਤ ਕਿੱਦਾਂ ਹੋ ਸਕਦੀ ਜਗਨ ਨਾਥ ?'
ਬਾਬਾ ਨਾਨਕ ਸੀ ਖੜ੍ਹੇ ਪੰਡਿਆਂ ਦੇ ਵਿਚਕਾਰ
ਪਿਛਾਂਹ ਹਟਦੇ ਮਲਕੜੇ ਜਾ ਪੁੱਜੇ ਬਾਹਰਵਾਰ।
ਬੈਠ ਗਏ ਜਾ ਉਸ ਥਾਂ ਜਿਥੇ ਖੁੱਲ੍ਹਾ ਅਸਮਾਨ
ਨੂਰੀ ਮੁੱਖ 'ਤੇ ਵਿਸਮਾਦੀ ਨੈਣ ਗਏ ਮੁੰਦ ਆਣ।
ਆਰਤੀ ਮੁੱਕਣ 'ਤੇ ਨਾਨਕ ਦਿੱਸੇ ਨਾ ਜਦ ਖ਼ਾਸ
ਰਾਜਾ ਕ੍ਰਿਸ਼ਨ ਲਾਲ ਤੇ ਪੰਡੇ ਆਏ ਚੱਲ ਗੁਰ ਪਾਸ।
ਬਾਹਰ ਸੀ ਬੈਠੇ ਗੁਰੂ ਇਕ ਮਨ ਹੋ ਇਕ ਚਿੱਤ
ਜੱਗ ਨੂੰ ਦੱਸਣਾ ਚਾਹੁੰਦੇ ਸੀ ਜਗਨ ਨਾਥ ਹੈ ਇਕ।
ਇਸੇ ਲਈ ਤਾਂ ਆਏ ਸੀ ਆਰਤੀ ਵਿਚੋਂ ਬਾਹਰ
ਰਾਜੇ ਅਤੇ ਪਾਂਡਿਆਂ ਵਿਚ ਕਰਕੇ ਸੱਚ ਨਿਤਾਰ।
'ਅੱਗੇ ਹੋ ਕੇ ਜਗਨ ਨਾਥ ਆਰਤੀ ਕਰਨਾ ਆਰਤ
ਪਰ ਖ਼ੁਦ ਦੇ ਸਿਰਜੇ ਅੱਗੇ ਸਭ ਆਰਤੀ ਹੈ ਅਕਾਰਤ।'
ਸਿਰਜਨਹਾਰ ਦੀ ਆਰਤੀ ਕੁਲ ਕੁਦਰਤ ਰਹੀ ਉਤਾਰ
ਚੰਨ ਤਾਰੇ ਸੂਰਜ ਅਰਪਿਤ ਵਿਚ ਉਸਦੇ ਦਰਬਾਰ।
ਸੋਚ ਬ੍ਰਹਿਮੰਡੀ ਸੋਹਣੀ ਲੋਕ ਮਨਾਂ ਵਿਚ ਥਾਪ
ਬਾਬੇ ਰਾਗ ਧਨਾਸਰੀ ਵਿਚ ਦਿੱਤਾ ਸ਼ਬਦ ਅਲਾਪ:



UNISTAR BOOKS PVT LTD.
Unistar Books Pvt Ltd.

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ
ਤਾਰਿਕਾ ਮੰਡਲ ਜਨਕ ਮੋਤੀ॥
ਧੂਪੁ ਮਲਆਨਲੋ ਪਵਣੁ ਚਵਰੋ ਕਰੇ
ਸਗਲ ਬਨਰਾਇ ਫੂਲੰਤ ਜੋਤੀ॥੧॥
ਕੈਸੀ ਆਰਤੀ ਹੋਇ॥ ਭਵ ਖੰਡਨਾ ਤੇਰੀ ਆਰਤੀ॥
ਅਨਹਤਾ ਸਬਦ ਵਾਜੰਤ ਭੇਰੀ॥੧॥ਰਹਾਉ॥
ਸਹਸ ਤਵ ਨੈਨ ਨਨ ਨੈਨ ਹਹਿ ਤੋਹਿ
ਕਉ ਸਹਸ ਮੂਰਤਿ ਨਨਾ ਏਕ ਤੁੋਹੀ॥
ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ
ਸਹਸ ਤਵ ਗੰਧ ਇਵ ਚਲਤ ਮੋਹੀ॥੨॥
ਸਭ ਮਹਿ ਜੋਤਿ ਜੋਤਿ ਹੈ ਸੋਇ॥
ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥
ਗੁਰ ਸਾਖੀ ਜੋਤਿ ਪਰਗਟੁ ਹੋਇ॥
ਜੋ ਤਿਸੁ ਭਾਵੈ ਸੁ ਆਰਤੀ ਹੋਇ॥੩॥
ਹਰਿ ਚਰਣ ਕਵਲ ਮਕਰੰਦ ਲੋਭਿਤ ਮਨੋ
ਅਨਦਿਨੋ ਮੋਹਿ ਆਹੀ ਪਿਆਸਾ॥
ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ
ਹੋਇ ਜਾ ਤੇ ਤੇਰੈ ਨਾਇ ਵਾਸਾ॥੪॥੩॥ (**ਗੁਰੂ ਗ੍ਰੰਥ**, ਪੰਨਾ 663)

ਗਗਨ ਮੰਡਲ ਹੈ ਉਸ ਦਾ ਆਰਤ ਰੂਪੀ ਥਾਲ਼
ਜਗਣ ਦੀਵੇ ਚੰਦ, ਸੂਰ ਤਾਰੇ ਟਿਮਕਣ ਨਾਲ਼।
ਪੌਣ ਹਿਮਾਲਿਓਂ ਸੰਦਲੀ ਚਉਰ ਕਰੇ ਆ ਨਿਤ
ਸਗਲ ਬਨਸਪਤ ਮੌਲਦੀ ਉਸਦੇ ਚਰਨਾਂ ਵਿਚ।
ਨਿਰਗੁਣ ਸਰਗੁਣ ਰਮਿਆ ਸਰਬਸ ਸਰਬਾਧੀਸ਼
ਪੰਜ ਭੂਤਕ ਪੈਰਾਂ ਨਾਲ਼ੋਂ ਵੇਗਵਾਨ ਵਧੀਕ।
ਸਰਬਜੋਤ ਹੈ ਪਸਰ ਰਹੀ ਵਿਚ ਉਸੇ ਦੀ ਜੋਤ
ਚਾਨਣ ਸਭ ਦੇ ਮਨਾਂ ਦਾ ਓਹੀ ਓਤ-ਪੋਤ।
ਭਵਖੰਡਨ ਦੀ ਆਰਤੀ ਦਾ ਗਾ ਬ੍ਰਹਿਮੰਡੀ ਗੀਤ
ਦੱਸੀ ਬਾਬੇ ਸਭਸ ਨੂੰ ਕਾਦਰ/ਕੁਦਰਤ ਪ੍ਰੀਤ।
ਪਾਖੰਡ ਅਰਚਨਾ ਪੂਜਾ ਤੋਂ ਗੱਲ ਹੈ ਜੋ ਮਹਾਨ
ਲੜ ਲੱਗ ਸਿਰਜਨਹਾਰ ਦੇ ਕਰਨਾ ਉਸ ਧਿਆਨ।
ਆਰਤੀ ਬਾਰੇ ਇਕ ਜਗ੍ਹਾ ਕਿਹਾ 'ਟੈਗੋਰ' ਸੀ ਆਣ
'ਇਸ ਤੋਂ ਸੁੰਦਰ ਹੋਰ ਨਾਹ ਕੋਈ ਬ੍ਰਹਿਮੰਡੀ ਗਾਣ'।

UNISTAR BOOKS PVT LTD.
Unistar Books Pvt Ltd.

ਚੜ੍ਹਿਆ ਸੂਰਜ ਸਤਸੰਗ ਪੁਰੀ ਬਣੀ ਪਾਠਸ਼ਾਲ
ਜੀਵਨ ਰੌਂ ਧੜਕਣ ਲੱਗੀ ਹਿਰਦੇ ਨਾਮ ਸੰਭਾਲ਼।
ਜਿਥੇ ਸਾਹਿਬ ਦੇ ਰਹੇ ਸੀ ਲੋਕਾਂ ਨੂੰ ਸੱਚ-ਸਾਰ
ਇਕ ਪਾਖੰਡੀ ਤੱਕਿਆ ਨਿੱਤ ਬਹ ਲੋਕਾਂ ਵਿਚਕਾਰ।
ਤ੍ਰੈਕਾਲ ਦਰਸ਼ੀ ਦਸਦਾ ਖ਼ੁਦ ਨੂੰ ਜੋ ਨਾਦਾਨ
ਸਿੱਖ ਤਵਾਰੀਖ 'ਚ ਆਂਵਦਾ ਪੰਡਾ ਇਸਦਾ ਨਾਮ।

UNISTAR BOOKS PVT LTD.
Unistar Books Pvt Ltd.

## ਕਲਯੁਗ ਪਾਂਡਾ

ਅਕਸਰ ਨੇੜੇ ਧਰਮ ਸਥਾਨ
ਮਾਇਆਧਾਰੀ ਬਹਿੰਦੇ ਆਣ
ਲੋਕਾਂ ਤਾਈਂ ਕਰ ਗੁੰਮਰਾਹ
ਠੂਠੇ ਭਰਦੇ ਲਾ ਕੇ ਦਾਅ।

ਬਾਬੇ ਨਜ਼ਰ ਦੁੜਾਈ ਦੂਰ
ਤੱਕਦੇ ਕੀ ਨੇ ਤਦੋਂ ਹਜ਼ੂਰ
ਪੰਡਾ ਇਕ ਸਮਾਧੀ ਲਾ
ਲੋਕਾਂ ਤਾਈਂ ਕਰੇ ਗੁੰਮਰਾਹ।

ਯਾਤਰੂ ਥੋੜ੍ਹੇ ਸ਼ਰਧਾਵਾਨ
ਕਰਵੇ ਦੇ ਵਿਚ ਭੇਟਾ ਪਾਣ
ਪੰਡੇ ਕਦ ਸੀ ਭਗਤੀ ਸਾਧੀ
ਪੈਸੇ ਖ਼ਾਤਰ ਲਾਈ ਸਮਾਧੀ।

ਭੰਬਲ਼ਭੂਸੇ ਪਾ ਸ਼ੈਤਾਨ
ਕਦੀ ਧੌਣ ਵੱਲ ਕਰ ਅਸਮਾਨ
ਕਲਯੁਗੀ ਲੋਕਾਂ ਨੂੰ ਭਰਮਾਵੇ
ਕਹੇ ਬੈਕੁੰਠ ਵਿਸ਼ਨ ਦਿਸ ਆਵੇ।

ਨਾਲ਼ ਕਹੇ ਦਿਸੇ ਪਰਲੋਕ
ਝੂੰਮਣ ਸੁਣਦਿਆਂ ਭੋਲ਼ੇ ਲੋਕ
ਭੁੱਲੇ-ਭਟਕੇ ਸਭ ਨਾਦਾਨ
ਕਰਵੇ ਕੌਡੀਆਂ ਸਿੱਕੇ ਪਾਣ।

ਪਾਂਡੇ ਤਾਈਂ ਸਬਕ ਸਿਖਾਣ
ਬਾਬਾ ਨਾਨਕ ਪੁੱਜੇ ਆਣ
ਪੋਲ਼ੇ ਪੈਰੀਂ ਕਰਵਾ ਚੁੱਕ

UNISTAR BOOKS PVT LTD.

ਪਾਂਡੇ ਪਿੱਛੇ ਦਿੱਤਾ ਰੱਖ।

ਟੇਢੀ ਅੱਖੀਂ ਉਸ ਤਕਾਇਆ
ਲੋਟਾ ਸਾਹਵੇਂ ਨਦਰ ਨਾ ਆਇਆ
ਘਾਬਰੇ ਨੇ ਇਤਉਤ ਵੱਲ ਤੱਕਿਆ
ਲੋਕਾਂ ਦੇ ਵਿਚ ਹਾਸਾ ਮੱਚਿਆ।

ਸੱਚ ਨਾਮ ਜੇ ਹੁੰਦਾ ਐਬ
ਦਿਸਦਾ ਲੋਟਾ ਹੁੰਦਾ ਗ਼ੈਬ
ਜਿਸ ਨੂੰ ਲੋਟੇ ਦੀ ਨੀ ਸਾਰ
ਦਰਸ ਦਿਖਾਊ ਕੀ ਤ੍ਰੈਕਾਲ ?

ਸਮਝ ਕੇ ਸਭ ਤ੍ਰੈਲੋਕੀ ਛਲ
ਜਾ ਬੈਠੇ ਸਭ ਬਾਬੇ ਵੱਲ
ਲੋਕ ਕਰਨ ਜੋ ਝੂਠੀ ਪ੍ਰੀਤ
ਧਰਮ ਸਥਾਨ ਨੇ ਹੋਣ ਪਲੀਤ।

ਮਿੱਠਤ ਨਾਲ਼ ਗੁਰਾਂ ਸਮਝਾਇਆ
ਪਾਂਡੇ ਕਲਯੁਗ ਸੀਸ ਨਿਵਾਇਆ
ਵਾਰਸ ਉਹਦੇ ਘਰਾਂ ਦੇ ਵਿਚ
ਆਰਤੀ ਪੜ੍ਹਨ ਗੁਰਾਂ ਦੀ ਨਿੱਤ।

ਆਰਤੀ ਕੀਤੀ ਸੀ ਗੁਰਾਂ ਜਗਨ ਨਾਥ ਜਿਸ ਥਾਂ
ਗੁਰਦੁਆਰਾ ਮੰਗੂ ਮੱਠ ਬਣਿਆ ਉਸ ਜਗ੍ਹਾ।
ਸਾਗਰ ਤੱਟ ’ਤੇ ਦਾਨੇ ਦੀ ਪਿਆਸ ਬੁਝਾਵਣ ਹਿੱਤ
ਖੋਦੀ, ਖੂੰਡੀ ਨਾਲ਼ ਗੁਰ ਧਰਤੀ ਮਾਂ ਦੀ ਹਿੱਕ।
ਤਦੇ ਮਿੱਠੇ ਜਲ ਦਾ ਚਸ਼ਮਾ ਫੁੱਟਿਆ ਇਕ
ਜਲ ਮਿੱਠਾ ਸੀ ਸੁਆਦਲਾ ਦਾਨੇ ਠਾਰੀ ਹਿੱਕ।
‘ਬਾਬੇ ਤਾਰੇ ਚਾਰ ਚਕਿ’ ਮਿਲਦਾ ਹੈ ਪਰਮਾਣ
ਨਾਨਕ ਸਿੱਖ ਕਲਯੁਗ ਬਣਵਾਈ ਬਾਉਲੀ ਇਥੇ ਆਣ।
ਭਵਖੰਡਨ ਦੀ ਆਰਤੀ ਕਰ, ਗਾ ਬ੍ਰਹਿਮੰਡੀ ਗੀਤ
ਕਾਦਰ ਦੇ ਸੰਗ ਕੁਦਰਤ ਦੀ ਦੱਸੀ ਅਚਰਜ ਪ੍ਰੀਤ।

•

UNISTAR BOOKS PVT LTD.
Unistar Books Pvt
Unistar Books Pvt Ltd.
UNISTAR BOOKS PVT LTD.

UNISTAR BOOKS PVT LTD.
Unistar Books Pvt I
Pvt Ltd.

# ਪੰਜਵਾਂ ਸਰਗ
# ਪਹਿਲੀ ਉਦਾਸੀ
## (ਭਾਗ ਦੂਜਾ)

Unistar Books Pvt Ltd.
UNISTAR BOOKS PVT LTD.

"ਕਾਦੀ ਕੂੜੁ ਬੋਲਿ ਮਲੁ ਖਾਇ॥
ਬ੍ਰਾਹਮਣੁ ਨਾਵੈ ਜੀਆ ਘਾਇ॥
ਜੋਗੀ ਜੁਗਤਿ ਨ ਜਾਣੈ ਅੰਧੁ॥
ਤੀਨੇ ਓਜਾੜੇ ਕਾ ਬੰਧੁ॥"

**–ਗੁਰੂ ਨਾਨਕ**

UNISTAR BOOKS PVT LTD.
Unistar Books Pvt Ltd.
Unistar Books Pvt Ltd.
UNISTAR BOOKS PVT LTD.

UNISTAR BOOKS PVT LTD.

## ਦ੍ਰਾਵਿੜ ਫੇਰੀ

ਨਾਲ਼ੋ-ਨਾਲ਼ ਸਮੁੰਦ ਤੱਟ ਤੁਰ ਪੈਦਲ ਮੀਲੋ-ਮੀਲ
ਕੀਤਾ ਜਾ ਉਤਾਰ ਗੁਰ ਕੰਢੇ ਚਿਲਕਾ ਝੀਲ।
ਪੈਂਤੀ ਮੀਲਾਂ ਤੀਕ ਦਾ ਆਉਂਦਾ ਇਸ ਵਿਸਤਾਰ
ਜੰਗਲ ਛੋਟੇ ਨਾਗਪੁਰ ਦਿਸਣ ਇਸਦੇ ਨਾਲ਼।
ਵੱਖੋ-ਵੱਖ ਪ੍ਰਜਾਤੀਆਂ ਦੇ ਸੈਆਂ ਪੰਛੀ ਆਣ
ਸੋਹਣੀ ਚਿਲਕਾ ਝੀਲ ਦੇ ਉੱਪਰ ਭਰਨ ਉਡਾਣ।
ਵਰਖਾ ਰੁੱਤ ਸੁਹਾਵਣੀ ਵਿਚ ਮਿੱਠਾ ਪਾਣੀ ਰਲ਼
ਬਦਲ ਦਏ ਤਾਸੀਰ ਤਦ ਖ਼ਾਰੇ ਪਾਣੀ ਜਲ।
ਬਗਲੇ ਅਤੇ ਇਰਾਵਤੀ ਡਾਲਫਿਨਾਂ ਦਾ ਘਰ
ਦਿਸਣ ਦ੍ਰਿਸ਼ ਲੁਭਾਵਣੇ ਡੀਕਾਂ ਲਾਏ ਨਜ਼ਰ।
ਵਾਹਿਗੁਰੂ ਦੀ ਮੌਜ ਵਿਚ ਬਾਬਾ ਤੁਰਦੇ ਜਾਣ
ਵਿਚ ਦ੍ਰਾਵਿੜ ਦੇਸ਼ ਤਕ ਨਾਨਕ ਪੁੱਜੇ ਆਣ।

ਚਿਲਕਾ ਤੋਂ ਰਾਮੇਸ਼ਵਰ ਸਾਗਰ ਕੰਢੇ ਨਾਲ਼
ਦੇਸ਼ ਦ੍ਰਾਵਿੜ ਫੈਲਿਆ ਵੱਡਾ ਅਤੇ ਵਿਸ਼ਾਲ।
ਬੀਰ ਬਹਾਦਰ ਲੋਕ ਜੋ ਧਨੀ ਨੇ ਤੀਰ ਕਮਾਨ
ਆਖਣ 'ਭੀਲ' ਕਮਾਨ ਨੂੰ ਆਪਣੀ ਵਿਚ ਜ਼ੁਬਾਨ।
ਸਦੀਉਂ ਪਹਿਲਾਂ ਆਰੀਅਨ ਲੋਕਾਂ ਚੱਲ ਕੋਝੀ ਚਾਲ
ਨਵ-ਜੀਵਨ ਦੇ ਰਾਹ ਪਾ ਬਸਤੀਉਂ ਕੱਢਿਆ ਬਾਹਰ।
ਸੰਘਣੇ ਵਣਾਂ ਦੀ ਓਟ ਵਿਚ ਏਹਨਾਂ ਕੀਤਾ ਵਾਸ
ਬਣੇ ਨਾ ਲੇਕਿਨ ਆਰੀਅਨ ਲੋਕਾਂ ਦੇ ਇਹ ਦਾਸ।
ਭੀਲ, ਕਿਰਾਤ, ਦ੍ਰਾਵਿੜੀਆਂ ਟਾਕਰਾ ਕੀਤਾ ਭੁੱਖ
ਅੰਨ ਉਪਜਾਊ ਧਰਤੀਉਂ ਕੱਢੇ ਗਏ ਮਨੁੱਖ!
ਖ਼ਾਤਰ ਅਣਖ ਦੇ ਹੋ ਗਏ ਵਤਨੋਂ ਇਹ ਬੇਦਖ਼ਲ
ਦੇਵਾਂ ਨੂੰ ਖ਼ੁਸ਼ ਰੱਖਣੇ ਹਿੱਤ ਲੱਗੇ ਕਰਨ ਕਤਲ।
ਭੁੱਲੇ-ਭਟਕੇ ਰਾਹੀਆਂ ਨੂੰ ਰਾਹ ਰਸਤੇ ਤੇ ਤਾੜ
ਪਾਪਾਂ ਤੋਂ ਮੁਕਤੀ ਲਈ ਦਿੰਦੇ ਬਲੀ ਸੀ ਚਾੜ੍ਹ।
ਸੀਨੇ ਰੱਖਣ ਆਰੀਅਨਾਂ ਲਈ ਬਦਲਾਖ਼ੋਰੀ ਅੱਗ
ਧੱਕਿਆ ਵੱਲ ਉਜਾੜ ਜਿਨ੍ਹਾਂ ਸੀ ਹੱਕ ਮਾਨਵੀ ਠੱਗ।

Unistar Books Pvt Ltd.

ਕਾਰਤਿਕੇਯ, ਛਨਿਛਰ, ਨਰ ਸਿੰਘ, ਸ਼੍ਰੀਗਣੇਸ਼, ਮਹਾਂਦੇਵ
ਦੇਵਤੇ ਮੰਨਕੇ ਇਨ੍ਹਾਂ ਦੀ ਭੀਲ ਸੀ ਕਰਦੇ ਸੇਵ।
ਮਾਣਸ-ਖਾਣੇ ਬੰਦਿਆਂ ਦਾ ਕਰਨੇ ਹਿਤ ਉਧਾਰ
ਜ਼ੋਖ਼ਮ ਭਰਿਆ ਪੰਧ ਗੁਰ ਪੈਦਲ ਕੀਤਾ ਪਾਰ।
ਧੰਨ ਸੀ ਜਿਗਰਾ ਦਾਨੇ ਆਪਣਾ ਛੱਡ ਖ਼ਿਆਲ
ਜ਼ੋਖ਼ਮ ਭਰੇ ਪੰਧ ਵਿਚ ਤੁਰਿਆ ਨਾਨਕ ਨਾਲ਼।
ਬਸਤੀ-ਬਸਤੀ ਅਟਕਦੇ ਸਾਂਝ ਨਿਮਾਣੀ ਪਾਣ
ਜੀਵਨ-ਜਾਚੋਂ ਸੱਖਣਿਆ ਹਿੱਤ ਜੀਵਨ ਪੰਧ ਸੁਝਾਣ।
ਲੋਕ-ਮਨਾਂ 'ਤੇ ਛੱਡ ਕੇ ਮਿੱਠੀ ਬਾਣੀ ਛਾਪ
ਲੰਘ ਦ੍ਰਾਵਿੜ ਦੇਸ਼ ਆਏ 'ਰਾਜਾ ਮੁੰਦਰੀ' ਆਪ।

ਰਾਜਾ ਮੁੰਦਰੀ ਹੁੰਦਿਆਂ ਕਰ ਗੋਦਾਵਰੀ ਪਾਰ
ਵਿਜੈਵਾੜਾ ਵਿਚ ਅੱਪੜੇ ਗੁਰ ਲੰਮਾ ਪੈਂਡਾ ਮਾਰ।
ਜਾ ਪੁੱਜੇ ਸਲੂਰ ਵਿਚ ਵਲਭਚਾਰੀਆ ਪਾਸ
ਜੀ ਆਇਆਂ ਉਸ ਆਖ ਕੇ ਗੋਸ਼ਟ ਕੀਤੀ ਖ਼ਾਸ।
ਤੋਰਨ ਲੱਗਿਆਂ ਗੁਰਾਂ ਨੂੰ ਕਰ ਬਹੁੰ ਮਾਣ-ਤਾਣ
ਭੇਟਾ ਰੂਪ 'ਚ ਰੱਖੀਆਂ ਕਈ ਸੁਗ਼ਾਤਾਂ ਆਣ।
ਪੂਜਾ ਆਸਣ ਥਾਪ ਕੇ ਇਹ ਸੁਹਾਵਾ ਥਾਂਵ
ਵਾਪਸ ਵੱਲ ਵਿਜੈਵਾੜਾ ਕੀਤਾ ਗੁਰ ਪ੍ਰਸਥਾਨ।
ਦੱਖਣ ਵੱਲ ਨੂੰ ਜਾਇਕੇ ਕਰ ਗੋਦਾਵਰੀ ਪਾਰ
ਉੱਚੀ ਇਕ ਪਹਾੜੀ ਗਏ 'ਮੰਗਲਗਿਰੀ' ਪਧਾਰ।

## ਪੰਨਾ ਨਰਸਿੰਘ

ਜਾਣੀ-ਜਾਣ ਸਤਿਗੁਰੂ ਸੱਚ ਦਾ ਪੰਧ ਸੁਝਾਣ
'ਪੰਨਾ ਨਰਸਿੰਘ ਮੰਦਰ' ਦੇ ਲਾਗੇ ਬੈਠੇ ਆਣ।
ਜਿਥੇ ਵਿਸ਼ਨੂੰ ਦੇਵਤਾ ਸੀ ਨਰਸਿੰਘ ਰੂਪ ਧਾਰ
ਰੱਖਿਆ ਕਰ ਪ੍ਰਹਿਲਾਦ ਦੀ ਹਰਨਾਖ਼ਸ਼ ਦਿੱਤਾ ਮਾਰ।
ਆਦਮ ਕੱਦ ਉਹ ਮੂਰਤੀ ਹੈ ਇਸ ਥਾਵੇਂ ਇਸਥਿਤ
ਅੱਧਾ ਧੜ ਹੈ ਸ਼ੇਰ ਦਾ ਸੂਰਤ ਆਦਮ ਜਿਸ!

ਦੱਸਦੇ ਹਨ ਇਸ ਮੂਰਤੀ ਦੀ ਸਾਖੀ ਭਰਦੇ ਲੋਕ
ਸੇਵਕ ਪੰਨੇ ਪੂਜਿਆ ਇਸ ਤਾਰਨ ਹਿਤ ਪਰਲੋਕ।
ਜਾਨੋਂ ਮਾਰਨ ਲਈ ਜਦ ਭੀਲਾਂ ਲਿਆ ਫੜ
ਨਰਸਿੰਘ ਆਣ ਬਚਾਇਆ ਭੀਲਾਂ ਦਾ ਬੱਧ ਕਰ।

UNISTAR BOOKS PVT LTD
Unistar Books Pvt Ltd.

ਪੰਨੇ ਤੋਂ ਪਾਣੀ ਮੰਗਿਆ ਨਰਸਿੰਘ ਕਰ ਫੁਰਮਾਨ
ਪਾਣੀ ਥਾਂ ਮਾਤਾ ਪੰਨੇ ਦੀ ਸ਼ਰਬਤ ਰੱਖਿਆ ਆਣ।
ਨਰਸਿੰਘ ਕੁਝ ਸ਼ਰਬਤ ਪੀ ਕੇ ਬਾਕੀ ਦਿੱਤਾ ਛੋੜ
ਅੰਮ੍ਰਿਤ ਜਾਣ ਕੇ ਪੀ ਗਿਆ ਟੱਬਰ ਅੱਖ ਦੇ ਫੋਰ।
ਦਿਬ ਦ੍ਰਿਸ਼ਟ ਹੋਈ ਸਭਨਾਂ ਬਣ ਗਏ ਪੱਥਰ ਬੁੱਤ
ਅੱਜ ਵੀ ਲੋਕ ਚੜ੍ਹਾਉਂਦੇ ਸ਼ਰਬਤ ਸੁਖਨਾ ਸੁੱਖ।
ਭੀੜ ਪੈਣ 'ਤੇ ਪੰਨੇ ਦੀ ਰੱਖਿਆ ਕੀਤੀ ਜਿਸ
'ਪੰਨਾ ਨਰਸਿੰਘ ਦੀ ਧਰਤੀ' ਲੋਕੀਂ ਆਖਣ ਇਸ।
ਸਤਿ ਦਾ ਨਾਮ ਜਪਾਉਂਦੇ ਖ਼ਲਕਤ ਕਰਦੇ ਸੇਵ
ਸੰਗ ਦਾਨੇ ਦੇ ਵਿਚ ਕੁੜਾਪੇ ਆ ਪੁੱਜੇ ਗੁਰਦੇਵ।

## ਕੁੜਾਪਾ

ਬਾਬੇ ਤੱਕੇ ਲੋਕ ਅਜਬ ਉਨ੍ਹਾਂ ਦੇ ਵਿਚਕਾਰ
ਪੱਥਰ ਦੀਆਂ ਜੁੱਤੀਆਂ ਲਟਕਣ ਗਲ਼, ਬਣ ਹਾਰ।
ਏਸ ਧਾਰਨਾ ਮਗਰ ਸੀ ਲੋਕਾਂ ਦਾ ਵਿਸ਼ਵਾਸ
ਮੰਨਣ ਜੁੱਤੀ ਰਾਮਚੰਦਰ ਦੀ ਲੋਕੀਂ ਇਥੇ ਖ਼ਾਸ।
ਮੱਥੇ, ਬਾਜੂ, ਛਾਤੀ 'ਤੇ ਅਗਿਆਨੀ ਅਣਜਾਣ
ਚੰਦਨ ਨਾਲ਼ ਬਣਾਉਂਦੇ ਸੀ ਜੁੱਤੀ ਦੇ ਨੀਸ਼ਾਨ।
ਸੋਚਣ ਜੀਹਦੇ ਪਾਸ ਹੋਊ ਜੁੱਤੀ ਦਾ ਨੀਸ਼ਾਨ
ਜਮ ਵੀ ਨੇੜ ਨ ਆਣ ਦੀ ਜ਼ੁਰਅਤ ਕਰੂਗਾ ਆਣ।
ਕਈ ਛਾਤੀਆਂ 'ਤੇ ਲਟਕੇ ਬੁੱਤ ਗਣੇਸ਼ ਦੇਵ
ਧਨ ਪੁੱਤਰ ਦੀ ਲਾਲਸਾ ਵਿਚ ਲੋਕੀਂ ਕਰਦੇ ਸੇਵ।
ਸਭਿਤਾਹੀਣ ਦਾਸਾਂ ਤਾਈਂ ਦੇ ਕੇ ਜੀਵਨ ਜੁਗਤ
ਵਹਿਮੀਂ-ਭਰਮੀਂ ਸੋਚ ਤੋਂ ਕੀਤੇ ਦਾਤੇ ਮੁਕਤ।
ਬੈਠ ਕੁੜਾਪੇ ਜਿਸ ਜਗ੍ਹਾ ਲਾਈ ਗੁਰਾਂ ਸੀ ਜਾਗ
ਧਰਮਸ਼ਾਲ ਮੌਜੂਦ ਹੈ ਵਿਚ ਨਾਨਕ ਦੀ ਯਾਦ।

## ਜੱਬਲਪੁਰ

ਵਿਚ ਕੁੜਾਪੇ ਜੀਵਾਂ ਦਾ ਕਰਦੇ ਹੋਏ ਉਧਾਰ
'ਪਰਉਪਕਾਰੀ ਸਤਗੁਰੂ' ਪੁੱਜੇ ਵਿਚ ਉਜਾੜ।
ਜਾ ਰਹੇ ਵਿਸਮਾਦ ਰੰਗ ਉਘੜ-ਦੁਗੜ ਰਾਹ
ਪਿੱਛੋਂ ਮੱਠੀ ਚਾਲ ਚੱਲ ਮਰਦਾਨਾ ਰਿਹਾ ਆ।

UNISTAR BOOKS PVT LTD.
Unistar Books Pvt Ltd.

ਜੰਗਲ ਵਿਚ ਸੀ ਪਸਰੀ ਅਤਿ-ਭੈਦਾਇਕ ਚੁੱਪ
ਕਿਹੜੇ ਰਾਹੇ ਜਾ ਰਹੇ ਰਾਹੀ ਉੱਘ ਨਾ ਸੁੱਘ।
'ਗੁਰ ਨਾਨਕ ਉਦਾਸੀ ਦਰਪਣ' ਇਕ ਲਿਖਤ ਅਨੁਸਾਰ
'ਜੱਬਲਪੁਰ ਇਲਾਕੇ ਦੇ ਵਿਚ ਜਾ ਪੁੱਜੇ ਦਾਤਾਰ।
ਰਾਜ ਸੀ ਕਰਦਾ ਗੋਂਡ ਖ਼ਾਨਦਾਨ ਰਾਜਾ ਸੰਗਰਾਮ
ਲੁਕਣਗਾਹਾਂ ਸੀ ਗੁਫ਼ਾਵਾਂ ਲੋਕਾਂ ਦਾ ਮੁਕਾਮ'।
ਵੇਲਾਂ-ਬੂਟੇ ਸਘਨ ਘਨ ਵਲ਼-ਵਲ਼ੇਵੇਂਦਾਰ
ਦਿਸ ਆਵੇ ਵਿਚ ਕੰਦਰਾਂ ਦਿਨ ਦੀਵੀਂ ਅੰਧਿਆਰ।
ਚੋਰ-ਉਚੱਕੇ ਜੰਗਲੀ ਨੰਗ-ਧੜੰਗੇ ਭੀਲ
ਹੱਕ ਖੁਹਾ ਕੇ ਚਿਰਾਂ ਤੋਂ ਹੋ ਰਹੇ ਸੀ ਜ਼ਲੀਲ।
ਭੀਲ, ਕਿਰਾਤ, ਦ੍ਰਾਵੜੀ ਸਨ ਸਾਡੇ ਜਿਹੇ ਮਨੁੱਖ
ਬਣ ਗਏ ਆਦਮਖੋਰ ਸੀ ਮਾਰੇ ਪੇਟ ਦੀ ਭੁੱਖ।
ਭਾਲੇ ਤੀਰ ਕਮਾਨ ਹੱਥ ਬੰਨ੍ਹ ਕੇ ਸ਼ਿਸ਼ਤ ਜਨੌਰ
ਜੀਵਾਂ ਨੂੰ ਚਿੱਤ ਕਰਨ ਉਹ ਮਾਰ ਨਿਸ਼ਾਨੇ ਫੌਰ।
ਹੱਥੀਂ ਭੁੰਨਣ ਅੱਗ ਵਿਚ ਫੁੰਡਿਆ ਜੋ ਸ਼ਿਕਾਰ
ਸਭਿਅਤਾ ਤੋਂ ਕੋਰਿਆਂ ਲਈ ਕੀ ਪੁੰਨ ਪਾਪ ਵਿਚਾਰ ?
ਮਾਣਸ-ਖਾਣੇ ਜੀਵਾਂ ਦਾ ਕਰਨ ਲਈ ਉਧਾਰ
ਪਰਉਪਕਾਰੀ ਸਤਗੁਰੂ ਪੁੱਜੇ ਵਿਚ ਉਜਾੜ।

**ਕੌਡਾ ਭੀਲ**

ਦਿਸਿਆ ਨਾਹ ਜਦ ਦੂਰ ਤੱਕ ਖਾਣ-ਪੀਣ ਆਹਾਰ
ਮਰਦਾਨਾ ਡਾਢਾ ਹੋਇਆ ਭੁੱਖ ਹੱਥੋਂ ਲਾਚਾਰ।
ਲਾਂਭੇ ਹੋਇਆ ਨਜ਼ਰ ਤੋਂ ਕਿਸੇ ਕਾਰਨੇ ਵੱਸ
ਨਾਨਕ ਹੱਥੋਂ ਵਿੱਛੜ ਕੇ ਜਾ ਲੱਗਾ ਕੌਡੇ ਹੱਥ।
ਸੂਰਤ ਤੱਕ ਡਰਾਵਣੀ ਉੱਡੇ ਹੋਸ਼-ਹਵਾਸ
ਹੱਡੀਆਂ ਪਿੰਜਰ ਵਿਚ ਦੀ ਉੱਡੇ ਗੰਦੀ ਵਾਸ।
ਹਬਸ਼ੀਆਂ ਜੇਹੀ ਤੱਕਣੀ ਰਾਖ਼ਸ਼ ਜੇਹੀ ਦਿੱਖ
ਝੂਠੇ ਪੈ ਗਏ ਹੱਥ-ਪੈਰ ਤਨ 'ਚ ਰਿਹਾ ਨਾ ਸਤ।
ਕਰੜੇ ਹੱਥੀਂ ਨੂੜਿਆ ਮਰਦਾਨਾ ਸੰਗ ਬਿਰਖ਼
ਤਕੜਾ ਜੁੱਸਾ ਮਰਦਾਨਾ ਕਰ ਨਾ ਸਕਿਆ ਕੁਝ।
ਕੌਡੇ ਆਦਮ-ਕੱਦ ਕੜਾਹਾ ਭੱਠੀ ਲਿਆ ਚੜ੍ਹਾ
'ਕੱਠੀਆਂ ਕਰਕੇ ਲੱਕੜਾਂ ਹੇਠਾਂ ਦਿੱਤੀਆਂ ਲਾ।



UNISTAR BOOKS PVT LTD.
Unistar Books Pvt Ltd.

UNISTAR BOOKS PVT LTD.

ਸਾਹ ਸੂਤਿਆ ਮਰਦਾਨੇ ਤੱਕ ਕੇ ਨਵੀਂ ਆਫ਼ਾਤ
ਅਤਿ ਵਿਆਕੁਲ ਹੋਇਆ ਆਈ ਨਾਨਕ ਯਾਦ।
ਸੇਵਕ ਦੀ ਅਰਦਾਸ ਸੁਣ ਬਾਬਾ ਪੁੱਜੇ ਆਣ
ਕੌਡੇ ਭੀਲ ਸੀ ਬੰਨ੍ਹਿਆ ਮਰਦਾਨਾ ਜਿਸ ਥਾਂਵ।
ਮੌਤ ਪੰਜਿਓਂ ਸੇਵਕ ਤਾਈਂ ਆਏ ਸੀ ਛੁਡਾਣ
ਤੱਕਿਆ ਬਾਬਾ! ਦਾਨੇ ਦੀ ਜਾਨ ’ਚ ਆਈ ਜਾਨ।
ਬਿਨ ਸੋਚੇ ਜੋ ਖਾਂਵਦਾ ਸੀ ਖਾਣੇ ਭੱਖ-ਅਭੱਖ
ਖੜ੍ਹਾ-ਖੜੋਤਾ ਰਹਿ ਗਿਆ ਨੂਰ ਇਲਾਹੀ ਤੱਕ।
ਆਦਮ-ਖੋਰੀ ਸੋਚ ਵਿਚ ਆਇਆ ਝੱਟ ਬਦਲਾਅ
ਭੱਠੀ ਹੇਠੋਂ ਲੱਕੜਾਂ ਨੂੰ ਦੇਣਾ ਭੁੱਲਿਆ ਤਾਅ!
ਪ੍ਰੇਮ-ਕਟੋਰੇ ਨੈਣ ਤੱਕ ਹਿਰਦਾ ਗਿਆ ਪਸੀਜ
ਸੋਝੀ ਹੋਈ ਸਵੈ ਦੀ ਨਾਨਕ ਦਾ ਪਾ ਦੀਦ।
ਮਰਦਾਨਾ ਕੀ ਖੋਲ੍ਹਿਆ ਖੁੱਲ੍ਹੇ ਭੀਤਰ ਦੁਆਰ
ਲਿਆਇਆ ਦਾਨੇ ਵਾਸਤੇ ਕੰਦ ਮੂਲ ਆਹਾਰ।
ਕੁਝ ਮੀਲਾਂ ਤੱਕ ਤੁਰ ਪਿਆ ਸੱਚ ਦੇ ਪਾਂਧੀਆਂ ਨਾਲ਼
ਵਿਛੜਨ ਤੋਂ ਪਹਿਲਾਂ ਦਿੱਤੀ ਹੱਡੀਆਂ ਦੀ ਇਕ ਮਾਲ।
‘ਰਾਹ ਰੋਕੇ ਜੋ ਤੁਸਾਂ ਦਾ ਦੇਣਾ ਉਸ ਦਿਖਾਲ’।
ਏਨਾ ਕਹਿ ਕੇ ਮੁੜ ਗਿਆ ਬਦਲੀ ਜੀਵਨ ਚਾਲ।
ਅਮਨ ਲਈ ਹੈ ਜੂਝਦੀ ਸਰਕਾਰ ਸਮੇਂ ਦੀ ਰੋਜ਼
ਨਿਰਦਈ ਡਾਕੂ ਫੜਨ ਹਿਤ ਭੇਜੇ ਪੁਲਿਸ ਤੇ ਫ਼ੌਜ।
ਬਿਨ ਬਾਰੂਦ ਸੀ ਫੜੀ ਹੱਥ ਬਾਬੇ ਪ੍ਰੇਮ ਦੀ ਢਾਲ਼
ਅੱਲੇ ਭਰੇ ਨਾਸੂਰਾਂ ’ਤੇ ਲਾ ਮੱਲ੍ਹਮ ਹਿਤ ਦੇ ਨਾਲ।
ਖ਼ਤਰਨਾਕ ਗੜ੍ਹ ਜਿੱਤਿਆ ਸੀ ਬਾਬੇ ਬੇ-ਹਥਿਆਰ
ਨਿਰਭੈਤਾ ਤੇ ਸੂਰਮਤਾ ਦੀ ਕਾਇਮ ਕਰੀ ਮਿਸਾਲ।

Unistar Books Pvt Ltd.

## ਤਿਰੁਪਤੀ

ਭੀਲਾਂ ਦੀ ਇਹ ਧਰਤ ਨੂੰ ਤਾਰ ਕੇ ਗੁਣੀ ਨਿਧਾਨ
ਦੱਖਣ/ਪੂਰਬ ਵੱਲ ਨੂੰ ਤੁਰ ਪਏ ਜਾਣੀ-ਜਾਣ।
ਸਿਖ਼ਰ ਪਹਾੜੀ ਤਿਰੁਮਲਾਈ ਨਾਨਕ ਪੁੱਜੇ ਆ
‘ਬਾਲਾ ਜੀ ਮੰਦਰ’ ਨੇੜੇ ਆਸਣ ਲਿਆ ਜਮਾ।
ਹਿੰਦੂ ਲੋਕ ਸੀ ਸ਼ਰਧਾਲੂ ਵੈਂਕਟੇਸ਼ਵਰ ਭਗਵਾਨ
ਬਾਬੇ ਨੇ ਪੁਜਾਰੀਆਂ ਸੰਗ ਕੀਤੀ ਚਰਚਾ ਆਣ।

UNISTAR BOOKS PVT LTD.

ਇਥੋਂ ਦੱਖਣ ਵੱਲ ਸੀ 'ਤਿਰੁਪਤੀ' ਅਸਥਾਨ
'ਸੱਤ ਪਹਾੜੀਆਂ ਦੇ ਦੇਵ ਘਰ' ਲੋਕ ਦੇਣ ਸਨਮਾਨ।
'ਭਗਵਾਨ ਵੈਂਕਟੇਸ਼ਵਰ ਮੰਦਰ' ਜੋ ਤਿਰੁਪਤੀ ਦੇ ਵਿਚ
ਦੱਖਣੀ ਭਾਰਤ ਦਾ ਕਹਿੰਦੇ ਸ੍ਰੇਸ਼ਟ ਮੰਦਰ ਇਕ।
ਭਾਰਤ ਦੇ ਹਰ ਕੋਨਿਉਂ 'ਕੱਠੇ ਹੋ ਕੇ ਲੋਕ
ਸੋਨਾ ਮਾਇਆ ਭੇਂਟ ਕਰਨ ਤਾਰਨ ਹਿਤ ਪਰਲੋਕ।
ਮੰਦਰ ਦੇ ਪੁਜਾਰੀਆਂ ਸੰਗ ਕਰਕੇ ਗੋਸ਼ਟ ਵੀਚਾਰ
ਦੱਸਿਆ ਬਾਬੇ ਇਕ ਪ੍ਰਭੂ ਜੱਗ ਦਾ ਤਾਰਨਹਾਰ।
'ਗੁਰਦੁਆਰਾ ਗੁਰੂ ਨਾਨਕ ਮੱਠ' ਦਾ ਪਾਵਨ ਅਸਥਾਨ
ਇਕ ਗ੍ਰਹਿਸਥੀ ਪਰਿਵਾਰ ਕਮਾਵੇ ਸੇਵਾ ਏਸ ਸਥਾਨ।

## ਕਾਂਚੀਪੁਰਮ

ਕੰਢੇ ਨਦੀ ਪਨਾਰ ਦੇ ਕਾਂਚੀਪੁਰਮ ਇਸਥਿਤ
ਹਿੰਦੂਆਂ ਦੀਆਂ ਸੱਤ ਪਵਿੱਤਰ ਪੁਰੀਆਂ ਵਿਚੋਂ ਇਕ।
ਵਿਸ਼ਨੂੰ ਕਾਂਚੀ, ਸ਼ਿਵ ਕਾਂਚੀ ਇਕ ਦੂਜੇ ਦੇ ਪਾਸ
ਕਾਂਚੀਪੁਰਮ ਦ੍ਰਿੜ੍ਹਾਉਂਦਾ ਬ੍ਰਹਮ ਪੂਜਾ ਦਾ ਭਾਵ।
ਦੇਵ ਪੀਠ ਨੇ ਮੰਨਦੇ ਸ਼ਿਵ ਕਾਂਚੀ ਅਸਥਾਨ
ਹੱਡੀਆਂ ਸਤੀ ਪਿੰਜਰ ਦੀਆਂ ਡਿੱਗੀਆਂ ਇਥੇ ਆਣ।
ਸੱਤ ਵੈਸ਼ਨਵਾਂ ਨਾਲ਼ ਬੋਧੀ ਜੈਨੀ ਵੀ ਭਰਪੂਰ
ਤ੍ਰਿਪਾਰੁਤੀ ਕੁਮਰਮ ਨਾਮੀ ਜੈਨ ਮੰਦਰ ਮਸ਼ਹੂਰ।
ਨਾਨਕ ਸੀ ਪੜ੍ਹਾਇਆ ਆ ਰੂਹਾਨੀ ਪਾਠ
'ਗੁਰੂ ਨਾਨਕ ਉਦਾਸੀ ਮੱਠ' ਬਣੀ ਗੁਰੂ ਦੀ ਯਾਦ।
ਲੱਗੀ ਇਸ ਦੇ ਵਿਹੜੇ ਵੱਡੀ ਸਿੱਲ੍ਹ ਇਕ ਖ਼ਾਸ
ਜਿਸ ਉੱਤੇ ਲਿਖਿਆ ਹੋਇਆ ਇਸ ਮੱਠ ਦਾ ਇਤਿਹਾਸ।
ਜਿਥੇ ਬਹ ਦ੍ਰਿੜ੍ਹਾਇਆ ਗੁਰ ਸਤੋਪਦੇਸ਼ ਆਦਿ
'ਗੁਰਦੁਆਰਾ ਪਹਿਲੀ ਪਾਤਸ਼ਾਹੀ' ਕਾਂਚੀਪੁਰਮ ਆਬਾਦ।

## ਗੰਟੂਰ

'ਗੰਗਨਾਮ ਕਸ਼ੇਤ੍ਰਮ' ਤਾਲਾਬ ਕੰਢੇ ਹਜ਼ੂਰ
ਆਂਧਰਾ ਦੇ ਪ੍ਰਸਿੱਧ ਨਗਰ ਪੁੱਜੇ ਵਿਚ ਗੰਟੂਰ।
ਤੇਲਗੂ ਸ਼ਬਦ ਗੁੰਟਾ ਦਾ ਮਤਲਬ ਹੈ ਤਾਲਾਬ
ਹਰੀ ਭਰੀ ਰਮਣੀਕ ਥਾਂ ਨਿਰਮਲ ਮਿੱਠਾ ਆਬ।

UNISTAR BOOKS PVT LTD.
Unistar Books Pvt Ltd.

ਰਸਨਾ ਉੱਤੇ ਸਤਿਨਾਮ ਮਹਿਰਮ ਰੱਬੀ ਭੇਤ
ਖਿੜੇ ਕੰਵਲ ਵਿਚ ਤਾਲ ਦੇ ਭੰਵਰ ਤੱਕੇ ਭਰਮੇਤ।
ਦਿਸੇ ਡੱਡੂ ਬੇਖ਼ਬਰ ਨਿਰਮਲ ਜਲ ਵਿਚਕਾਰ
ਕੰਵਲ-ਫੁੱਲ ਲੱਦੇ ਚਿੱਕੜ ਵਿਚ ਮੂੰਹ ਰਹੇ ਸੀ ਮਾਰ।
ਰਾਖੇ ਸੀ ਜੋ ਮੰਦਰੀਂ ਅਹੰਕਾਰ ਵਿਚ ਚੂਰ
ਕੋਰੇ ਬ੍ਰਹਮ ਗਿਆਨ ਤੋਂ ਧਰਮੋਂ ਕੋਹਾਂ ਦੂਰ।
ਵਾਂਗ ਡੱਡੂਆਂ ਭਰ ਗਏ ਖੇੜੇ ਤੋਂ ਅਣਭਿੱਜ
ਜਾਲ਼ਾ ਤੇ ਗੰਦ ਖਾਵੰਦੇ ਕੰਵਲ ਸਰੋਵਰ ਵਿਚ।
ਨਿਰਾ ਮੰਦਰ ਵਸਣ ਤੇ ਮਿਲਦਾ ਨਹੀਂ ਗਿਆਨ
ਅਸਲ ਵਸਤ ਦੱਸੀ ਨਾਨਕ ਹੈ ਜੋ ਰੱਬੀ ਧਿਆਨ।
ਡੱਡੂ ਕਿੰਜ ਲਾ ਸਕਦਾ ਖੇੜੇ ਦਾ ਅਨੁਮਾਨ
ਮਾਰੂ ਰਾਗ 'ਚ ਸਤਗੁਰ ਕੀਤਾ ਇੰਜ ਫੁਰਮਾਨ।

ਬਿਮਲ ਮਝਾਰਿ ਬਸਸਿ ਨਿਰਮਲ ਜਲ ਪਦਮਨਿ ਜਾਵਲ ਰੇ॥
ਪਦਮਨਿ ਜਾਵਲ ਜਲ ਰਸ ਸੰਗਤਿ ਸੰਗਿ ਦੋਖ ਨਹੀ ਰੇ॥੧॥
ਦਾਦਰ ਤੂ ਕਬਹਿ ਨ ਜਾਨਸਿ ਰੇ॥
ਭਖਸਿ ਸਿਬਾਲੁ ਬਸਸਿ ਨਿਰਮਲ ਜਲ ਅੰਮ੍ਰਿਤੁ ਨ ਲਖਸਿ ਰੇ॥੧॥ ਰਹਾਉ॥
ਬਸੁ ਜਲ ਨਿਤ ਨ ਵਸਤ ਅਲੀਅਲ ਮੇਰ ਚਚਾ ਗੁਨ ਰੇ॥
ਚੰਦ ਕੁਮੁਦਨੀ ਦੂਰਹੁ ਨਿਵਸਸਿ ਅਨਭਉ ਕਾਰਨਿ ਰੇ॥੨॥
ਅੰਮ੍ਰਿਤ ਖੰਡੁ ਦੂਧਿ ਮਧੁ ਸੰਚਸਿ ਤੂ ਬਨ ਚਾਤੁਰ ਰੇ॥
ਅਪਨਾ ਆਪੁ ਤੂ ਕਬਹੁ ਨ ਛੋਡਸਿ ਪਿਸਨ ਪ੍ਰੀਤਿ ਜਿਉ ਰੇ॥੩॥
ਪੰਡਿਤ ਸੰਗਿ ਵਸਹਿ ਜਨ ਮੂਰਖ ਆਗਮ ਸਾਸ ਸੁਨੇ॥
ਅਪਨਾ ਆਪੁ ਤੂ ਕਬਹੁ ਨ ਛੋਡਸਿ ਸੁਆਨ ਪੂਛਿ ਜਿਉ ਰੇ॥੪॥
ਇਕਿ ਪਾਖੰਡੀ ਨਾਮਿ ਨ ਰਾਚਹਿ ਇਕ ਹਰਿ ਹਰਿ ਚਰਣੀ ਰੇ॥
ਪੂਰਬਿ ਲਿਖਿਆ ਪਾਵਸਿ ਨਾਨਕ ਰਸਨਾ ਨਾਮੁ ਜਪਿ ਰੇ॥੫॥੪॥

(**ਗੁਰੂ ਗ੍ਰੰਥ**, ਪੰਨਾ 990)

ਲੋਕਾਂ ਵਿਚ ਬਹ ਸਤਗੁਰੂ ਚਰਚਾ ਕਰ ਹਰਿ ਨਾਮ
ਪਾਖੰਡ ਕਰਨ ਤੋਂ ਵਰਜਿਆ ਤਰਕ ਸਹਿਤ ਦੇ ਗਿਆਨ।
ਹੈਦਰਾਬਾਦ ਰਿਆਸਤ ਬੇਦੀ ਚੰਦੂ ਲਾਲ ਦੀਵਾਨ
ਯਾਦ ਗੁਰਾਂ ਦੀ ਬਣਵਾਈ ਉਸ ਨੇ ਆਲੀਸ਼ਾਨ।

UNISTAR BOOKS PVT LTD.
Unistar Books Pvt Ltd.

## ਤ੍ਰਿਵਣਮਲਾਏ

UNISTAR BOOKS PVT LTD.

ਸੱਚੀ ਸੁੱਚੀ ਜ਼ਿੰਦਗੀ ਦੀ ਜਾਂਚ ਦਾ ਲੈ ਉਦੇਸ਼
ਤ੍ਰਿਵਣਮਲਾਏ ਵਿਚ ਜਾ ਕੀਤਾ ਗੁਰ ਪ੍ਰਵੇਸ਼।
ਮੰਦਰ ਅਤਿ ਪ੍ਰਾਚੀਨ ਹੈ ਮਹਾਂਦੇਵ ਇਸ ਥਾਂ
ਕੀਤੀ ਅਗਨੀ ਪ੍ਰਚਲਿਤ ਦੇਵਾਂ ਦੀ ਇਸ ਥਾਂ।
ਮਤਲਬ ਏਸ ਪਹਾੜੀ ਉੱਤੇ ਪਾਕ ਅਗਨ ਪ੍ਰਚਲਨ
ਤ੍ਰਿਵਣ ਮਲਾਏ ਵਸਦਾ ਏ ਵਿਚ ਪਹਾੜੀ ਚਰਨ।
ਸੇਵਾ ਭਗਤੀ ਨਾਮ ਦੀ ਕਰਨ ਲਈ ਵਖਯਾਨ
ਜਗਤ ਜਲੰਦਾ ਤਾਰਨੇ ਹਿਤ ਪੁੱਜੇ ਇਸ ਸਥਾਨ।
ਉਹੀ ਹੋਵੇ ਪੂਜਨੀਕ ਜਾਂ ਜਾਣੂ ਬ੍ਰਹਮ ਗਿਆਨ
ਖਿੜੇ ਮੱਥੇ ਰੱਬੀ ਰਜ਼ਾ ਕਰਦਾ ਜੋ ਪਰਵਾਨ।
ਰੱਬੀ ਰਜ਼ਾ ਉਲੰਘਦਾ ਜੋ ਆ ਕੇ ਵਿਚ ਅਭਿਮਾਨ
ਦੁਖੀਆ ਹੋ ਸੱਦ ਰੋਂਵਦਾ ਨਾਨਕ ਕਿਹਾ ਬਖਾਨ:

Unistar Books Pvt

ਸਹੰਸਰ ਦਾਨ ਦੇ ਇੰਦ੍ਰੁ ਰੋਆਇਆ॥
ਪਰਸ ਰਾਮੁ ਰੋਵੈ ਘਰਿ ਆਇਆ॥
ਅਜੈ ਸੁ ਰੋਵੈ ਭੀਖਿਆ ਖਾਇ॥
ਐਸੀ ਦਰਗਹ ਮਿਲੈ ਸਜਾਇ॥
ਰੋਵੈ ਰਾਮੁ ਨਿਕਾਲਾ ਭਇਆ॥
ਸੀਤਾ ਲਖਮਣੁ ਵਿਛੁੜਿ ਗਇਆ॥
ਰੋਵੈ ਦਹਸਿਰੁ ਲੰਕ ਗਵਾਇ॥
ਜਿਨਿ ਸੀਤਾ ਆਦੀ ਡਉਰੂ ਵਾਇ॥
ਰੋਵਹਿ ਪਾਂਡਵ ਭਏ ਮਜੂਰ॥
ਜਿਨ ਕੈ ਸੁਆਮੀ ਰਹਤ ਹਦੂਰਿ॥
ਰੋਵੈ ਜਨਮੇਜਾ ਖੁਇ ਗਇਆ॥
ਏਕੀ ਕਾਰਣਿ ਪਾਪੀ ਭਇਆ॥ (**ਗੁਰੂ ਗ੍ਰੰਥ**, ਪੰਨਾ 933)

Unistar Books Pvt Ltd.

ਹੈਦਰਾਬਾਦ ਰਿਆਸਤ ਬੇਦੀ ਚੰਦੂ ਲਾਲ ਦੀਵਾਨ
ਕਾਫ਼ੀ ਜਗ੍ਹਾ ਜਗੀਰ ਵਜੋਂ ਲਾਈ ਏਸ ਸਥਾਨ।
ਰੱਬੀ ਰਜ਼ਾ 'ਚ ਰਹਿਣ ਦਾ ਸਤਗੁਰ ਪਾਠ ਪੜ੍ਹਾ
ਸ੍ਰੀਰੰਗਮ ਵੱਲ ਜਾਣ ਦਾ ਬਾਬੇ ਰੁਖ਼ ਕੀਤਾ।

UNISTAR BOOKS PVT LTD.

## ਸ੍ਰੀਰੰਗਮ

ਨਦੀ ਕਾਵੇਰੀ ਦੋ ਸ਼ਾਖ਼ਾਵਾਂ ਦੇ ਵਿਚਕਾਰਲਾ ਥਾਂਵ
ਟਾਪੂ-ਨੁਮਾ ਧਰਤ ਵਸੇ 'ਸ੍ਰੀ ਰੰਗਮ' ਅਸਥਾਨ।
ਵਿਸ਼ਨ ਲਕਸ਼ਮੀ ਵਡ-ਆਕਾਰ ਮੂਰਤੀ ਸੋਹੇਆਣ
ਸ਼ਰਧਾ ਸੰਗ ਬਣਵਾਇਆ ਇਸ ਨੂੰ ਟੀਪੂ ਸੁਲਤਾਨ।
ਰਾਮਾਨੁਜ ਆਚਾਰੀਆ ਜੀਵਨ ਦੇ ਅੰਤਿਮ ਸਾਲ
ਇਥੇ ਰਹਿ ਕੀਤਾ ਸੀ ਉਸ ਵੈਸ਼ਨਵ ਮੱਤ ਪਰਚਾਰ।
ਸੰਤ ਕਬੀਰ ਨੇ ਕੀਤਾ ਹੈ ਬਾਣੀ ਵਿਚ ਵਖਿਆਨ
'ਦੱਖਣ ਦੇਸ਼ ਹਰੀ ਕਾ ਬਾਸਾ ਪੱਛਮ ਅਲਹ ਮੁਕਾਮ।'
ਤੱਕਿਆ ਮੰਦਰ ਵਿਚ ਗੁਰੂ ਪ੍ਰਤਿਮਾਵਾਂ ਵਿਸਤਾਰ
ਭਗਤੀ ਵੱਲ ਪ੍ਰੇਰਿਆ ਕਰ ਗੋਸ਼ਟਿ ਵੀਚਾਰ।
ਸਚਿਦਾਨੰਦ ਵਿਚ ਜੁੜਨ ਦਾ ਦੇ ਕੇ ਗੁਰ ਸੰਦੇਸ਼
ਬੇੜੀ ਰਾਹੀਂ ਤ੍ਰਿਚਨਾਪੱਲੀ ਜਾ ਕੀਤਾ ਪ੍ਰਵੇਸ਼।

## ਤ੍ਰਿਚਨਾਪੱਲੀ

ਡੇਰੇ ਵਿਚ ਉਜੈਨ ਦੇ ਜੋਗੀ ਭਰਥਰੀ ਨਾਥ
ਰਹਿੰਦੇ ਚੇਲੇ ਚਾਟੜੇ ਨਿਸ ਦਿਨ ਉਸਦੇ ਸਾਥ।
ਭਰਥਰੀ ਜੋਗੀ ਨੂੰ ਮਿਲੇ ਨਾਨਕ ਇਥੇ ਆਣ
ਕਈ ਸ਼ਰਧਾਲੂ ਬਣ ਗਏ ਸੁਣ ਨਾਨਕ ਵਖਿਆਨ।
ਤੋਰਨ ਵੇਲ਼ੇ ਭਰਥਰੀ ਸ਼ਰਧਾ ਭਗਤੀ ਵੱਸ
ਰੱਖਣ ਲਈ ਖੜਾਵਾਂ ਮੰਗੀਆਂ ਗੁਰੂ ਨੀਸ਼ਾਨੀ ਉਸ।
ਸਮੇਂ-ਸਮੇਂ ਦੀ ਖੇਡ ਹੈ ਸਮਾਂ ਬਹੁਤ ਬਲਕਾਰ
ਡੇਰਾ ਲਾ ਉਦਾਸੀਆਂ ਕੀਤਾ ਇਥੇ ਪ੍ਰਚਾਰ।
'ਗੁਰੂ ਬਾਬੇ ਦਾ ਡੇਰਾ' ਤੋਂ ਉਦਾਸੀਆਂ ਬਦਲ ਕੇ ਨਾਮ
'ਗੁਰੂ ਨਾਨਕ ਉਦਾਸ' ਫਿਰ 'ਬੈਰਾਗ ਮੱਠ' ਇਹ ਥਾਂਵ।
ਆਪਣਾ ਨਾਮ ਕਰਾਣ ਦੀ ਬੰਦੇ ਵਿਚ ਕਿੰਨੀ ਹੋੜ
ਬੈਰਾਗੀ ਹੋ ਕੇ ਤੱਕੋ ਹਉਮੈ ਸਕੇ ਨਾ ਛੋੜ !!
ਰਿਸ਼ੀਕੇਸ਼ ਦੇ ਲੇਖਕ ਇਕ ਸੰਤ ਸੀ ਮੰਗਲਦਾਸ
ਪੁਸਤਕ ਲਿਖੀ ਉਨ੍ਹਾਂ **'ਮੰਗਲਾਦੀਪ ਕਿ ਰਹੁਤਾਸ'**।
ਸਿੱਲ੍ਹ ਉੱਤੇ ਸੀ ਉੱਕਰੀ ਨਾਨਕ ਬਾਣੀ ਸਰਵੁੱਚ
ਲਿਖੀ ਸੀ ਜੋ ਤਾਮਿਲ ਅਤੇ ਸਿਲੋਨੀ ਭਾਸ਼ਾ ਵਿਚ।
ਉਦਾਸੀਨ ਮਹੰਤਾਂ ਨੇ ਦਿੱਤੀ ਸਭ ਮਿਟਾ
'ਮਨ ਖੁਟਹਰ! ਮਹਾਉਦਮਾਦ' ਇਸਦਾ ਕੀ ਵਿਸਾਹ ?



UNISTAR BOOKS PVT LTD.
Unistar Books Pvt Ltd.

## ਤੰਜੋਰ

ਤ੍ਰਿਚਨਾਪਲੀ ਤੋਂ ਪੂਰਬ ਵੰਨੀਂ ਪੁੱਜੇ ਗੁਰੂ ਤੰਜੋਰ
ਬ੍ਰਿਹਿਦੀਸ਼ਵਰ ਮੰਦਰ ਜਿਥੇ ਮੰਦਰਾਂ 'ਚੋਂ ਸਿਰਮੌਰ।
ਪੂਰੇ ਅੱਸੀ ਟਨ ਹੈ ਉਸ ਸ਼ਿਲਾ ਦਾ ਭਾਰ
ਜਿਸ ਦੇ ਉੱਪਰ ਹੈ ਖੜਾ ਗੁੰਬਦ ਪਾਏਦਾਰ।
ਪ੍ਰਥਮ ਰਾਮਰਾਜ ਚੋਲ ਸੀ ਕਰਵਾਇਆ ਨਿਰਮਾਣ
ਲੋਕਾਂ ਦਿੱਤਾ ਥਾਂਵ ਇਸ ਰਾਜ ਰਾਜੇਸ਼੍ਵਰ ਨਾਮ।
ਮੰਦਰ ਦੇ ਨਿਰਮਾਣ ਕਲਾ ਦੀ ਇਹ ਵੀ ਗੁੱਝੀ ਪਰਤ
ਇਸ ਗੁੰਬਦ ਦੀ ਪਰਛਾਈਂ ਤਨਿਕ ਪਵੇ ਨ ਧਰਤ।
ਅੱਗੇ ਤੱਕਿਆ ਨਾਨਕ ਜੀ ਮੰਦਰ ਮੂਹਰੇ ਦਵਾਰ
ਇਕੋ ਹੀ ਪੱਥਰ 'ਚੋਂ ਸਿਰਜੀ ਪ੍ਰਤਿਮਾ ਵਡ-ਆਕਾਰ।
ਨੰਦੀ ਬਲ਼ਦ ਦੀ ਪ੍ਰਤਿਮਾ ਵੱਡੀ ਤੇ ਬਲਕਾਰ
ਜਿਸ ਉੱਪਰ ਸੀ ਹੋਵੰਦੇ ਸ਼ਿਵ ਰਾਜਾ ਅਸਵਾਰ।
'ਚੋਲਾਂ ਦਾ ਕਟੋਰਾ' ਆਖਣ ਲੋਕੀਂ ਤੰਜਾਵੁਰ
ਕਿਉਂਕਿ ਚੌਲਾਂ ਦੀ ਫ਼ਸਲ ਹੋਵੇ ਸਦ ਭਰਪੂਰ।
ਜਿਸ ਜਗ੍ਹਾ 'ਤੇ ਸਤਗੁਰੂ ਕੀਤਾ ਸੀਗ ਮੁਕਾਮ
'ਗੁਰਦੁਆਰਾ ਸਾਹਿਬ ਤੰਜੋਰ' ਬਣਿਆ ਪਾਕ ਸਥਾਨ।
ਜਾਣੂੰ ਇਕ ਪੁਰਾਣ ਇਥੇ ਮਾਣਕ ਨਾਮੀ ਸਾਧ
ਤ੍ਰਿਚਨਾਪਲੀ ਤੋਂ ਚੱਲਿਆ ਵਿਚ ਬਾਬੇ ਦੇ ਸਾਥ।
ਪਾਪਾਨਾਸਮ ਬੀਚ ਤੱਕ ਆਇਆ ਸਤਗੁਰ ਨਾਲ਼
ਕੁਝ ਦਿਨ ਰਹਿ ਕੇ ਮੁੜ ਗਿਆ ਮਾਣਕ ਸਾਥ ਕਮਾਲ।
ਪਾਪਾਨਾਸਮ ਬੀਚ ਸੰਬੰਧੀ ਭਗਤ ਜਨਾਂ ਵਿਸ਼ਵਾਸ
ਪਾਕ ਜਲ ਇਸ ਬੀਚ ਦਾ ਧੋ ਦਿੰਦਾ ਮਲ਼ ਪਾਪ।

ਕੁੰਭਾ ਕੋਲਮ ਤੋਂ ਦੱਖਣ ਨੂੰ ਹੁੰਦੇ ਹੋਏ ਪਸਰੂਰ
ਪੁੱਜੇ ਨਾਗਾਪਟਨਮ ਸਾਹਿਬ ਸ੍ਰੀ ਹਜ਼ੂਰ।
ਵੱਡੀ ਬੰਦਰਗਾਹ ਇਹ ਖਾੜੀ ਕੰਢੇ ਬੰਗਾਲ
ਸਦੀਆਂ ਤੋਂ ਆ ਜਾ ਰਹੇ ਰਾਹੀਆਂ ਦੀ ਭਰਮਾਰ।

## ਤ੍ਰਿਨਕੋਮਲੀ

ਲੰਕਾ ਦੇ ਪੂਰਬ ਕੰਢੇ ਤ੍ਰਿਨਕੋਮਲੀ ਵਿਚ
ਬਹੁਤ ਪੁਰਾਣੇ ਸਮੇਂ ਦਾ ਹਿੰਦੂ ਮੰਦਰ ਇਸਥਿਤ।
ਸ਼ਿਵ ਮੂਰਤੀ ਮੰਦਰ ਪਾਸ ਰੁਕ ਗਏ ਜਾਣੀ ਜਾਣ

UNISTAR BOOKS PVT LTD.
Unistar Books Pvt Ltd.

ਗੁਰੂ ਸ਼ਬਦ ਜਪਾਇਆ ਤਾਈਂ ਸ਼ਰਧਾਵਾਨ।
ਸ਼ਰਧਾਵਾਨਾਂ ਜੋੜਿਆ, ਸੰਗ ਮੰਦਰ ਸ਼ਬਦ ਇਹ ਆਣ
'ਸ਼ਿਵ ਗੁਰੂ ਮੂਰਤੀ ਮੰਦਰ' ਹੋਇਆ ਤਦ ਤੋਂ ਨਾਮ।
ਪੁਰਤਗੇਜ ਡੱਚਾਂ ਵੱਲੋਂ ਜੋ ਹੋਇਆ ਨਗਰ ਤਬਾਹ
ਸ਼ਿਵ ਮੂਰਤੀ ਮੰਦਰ ਸੰਗ 'ਗੁਰੂ' ਸ਼ਬਦ ਬਚਿਆ।
ਤ੍ਰਿਨਕੋਮਲੀ ਦੱਖਣ ਵਿਚ ਇਕ ਹੋਰ ਹੈ ਬੰਦਰਗਾਹ
ਮਟੀਆ ਕੁਲਮ ਜਾਂ ਮਡਾਕੁਲਾਪਾ ਹੈ ਵੇ ਇਸ ਦਾ ਨਾਂ।
ਬੈਟੀਕੁਲਾ ਹੈ ਲੋਕਾਂ ਵੱਲੋਂ ਨਵਾਂ ਨਾਂ ਪ੍ਰਚਲਿਤ
ਬਸਤੀ ਤਾਮਿਲ ਲੋਕਾਂ ਦੀ ਪੁਰਾਤਨ ਸੀ ਇਸਥਿਤ।
ਜ਼ਿਕਰ ਇਸ ਦਾ ਆਂਵਦਾ ਵਿਚ ਸਕੰਦ ਪੁਰਾਣ
ਲੰਕਾ ਜਾਲਣ ਦੀ ਘਟਨਾ ਸੀ ਇਥੇ ਹੋਈ ਆਣ।
ਤ੍ਰਿਨਕੋਮਲੀ ਤੋਂ ਨਾਨਕ ਜੀ ਗਏ ਬੈਟੀਕੁਲਾ ਆ
'ਗੁਰੂ ਨਾਨਕ ਦੇਵ ਜੀ ਦੇ ਸਫ਼ਰ' ਵਿਚ ਹੈ ਜ਼ਿਕਰ ਮਿਲਦਾ।

## ਸਿੰਗਲਾਦੀਪ

ਕਿੰਨੇ ਹੀ ਰਜਵਾੜਿਆਂ ਵਿਚ ਵੰਡਿਆ ਸਿੰਗਲਾਦੀਪ
ਇਕ ਦੂਏ ਦੀ ਖਿੱਚ ਧੂਹ ਪਰਜਾ ਹਿਤ ਤਕਲੀਫ਼।
ਅਰਬ ਆਦਿ ਦੇਸ਼ਾਂ ਦਾ ਬ੍ਰਹਮਾ, ਚੀਨ ਦੇ ਨਾਲ਼
ਰਾਹ ਟਾਪੂਆਂ ਚਲਦਾ ਸੀ ਆਪੋ ਵਿਚ ਵਪਾਰ।
ਕੇਂਦਰ ਵੱਡ-ਵਾਪਾਰ ਦਾ ਹੈਸੀ ਸਿੰਗਲਾਦੀਪ
ਭਰ ਕੇ ਵੱਖਰ ਭੇਜਦਾ ਸੀ ਦੂਰ ਅਤੇ ਨਜ਼ਦੀਕ।
ਸੁੰਦਰ ਛਬਿ ਲੰਕਾ ਟਾਪੂ ਅਤਿ ਵਚਿੱਤਰ ਦੀਪ
ਉੱਚੇ ਅਤੇ ਵਿਸ਼ਾਲ ਤਾੜ ਕੰਢਿਆਂ ਦੇ ਸਮੀਪ
ਪਾਲ਼ਾਂ ਬੰਨ੍ਹੀਂ ਖੜ੍ਹੇ ਨੇ ਸੰਘਣੇ ਰੁੱਖ ਨਰੇਲ
ਪਾਣੀਆਂ ਤੋਂ ਛਣ ਪਰਛਾਈਂ ਅਜ਼ਬ ਖੇਲ੍ਹਦੀ ਖੇਲ੍ਹ।
ਪੁਰਾਤਨ ਹੱਥ ਲਿਖਤ ਬੀੜਾਂ ਦੇ ਆਖ਼ਰੀ ਪੰਨੇ ਆਣ
ਮਿਲਦੇ 'ਰਾਜੇ ਸ਼ਿਵਨਾਭ ਕੀ ਹਕੀਕਤ ਰਾਹ ਮੁਕਾਮ'।
'ਵਲਾਇਤ ਵਾਲੀ' 'ਬਾਲੇ ਵਾਲੀ ਜਨਮ ਸਾਖੀ' ਵਿਚ ਆਣ
ਲੰਕਾ ਵੱਲ ਨੂੰ ਜਾਣ ਦਾ ਮਿਲਦਾ ਹੈ ਪ੍ਰਮਾਣ।
ਸਿੰਗਲਾਦੀਪ ਸੰਬੰਧ ਵਿਚ ਦੱਸਣੋਂ ਪਹਿਲਾਂ ਵਿਸਤਾਰ
ਜ਼ਿਕਰ ਹੈ ਕਰਨਾ ਬਣਦਾ ਮਨਸੁੱਖ ਵਣਜ ਵਪਾਰ।
ਕਿੱਦਾਂ ਸਿੰਗਲਾਦੀਪ ਪੁੱਜ ਉਸ ਜਾਗ ਲਾਈ ਸ਼ਿਵਨਾਭ
ਬਾਬਾ ਨਾਨਕ ਦਰਸ ਲਈ ਜਾਗੀ ਉਸ ਮਨ ਤਾਂਘ!!



UNISTAR BOOKS PVT LTD.
Unistar Books Pvt Ltd.

ਮਨਸੁੱਖ ਸੀ ਲਾਹੌਰ ਤੋਂ ਕਿੱਤਾ ਜਿਸ ਵਪਾਰ
ਸੁੱਚੀ ਕਿਰਤ ਹੀ ਉਸ ਦਾ ਸੁੱਚਾ ਵਣਜ ਵਿਹਾਰ।
ਲਾਈ ਜੋ ਭਾਗੀਰਥ ਸੀ ਨਾਨਕ ਨਾਮ ਪਿਆਸ
ਮਹਾਂਮਾਨਵ ਬਾਬਾ ਨਾਨਕ ਮਿਲ ਮੁੱਕੀ ਮਨੋ-ਪਿਆਸ।
ਵੇਚ ਵਟਾ ਕੇ ਵਥ ਉਹ ਨਵੇਂ ਵਣਜ ਦੀ ਨੀਤ
ਵੱਖਰ ਲੱਦ ਜਹਾਜ਼ 'ਤੇ ਤੁਰਿਆ ਲੰਕਾ ਦੀਪ।
ਮਨਮੁੱਖ ਪਹਿਲਾ ਸਿੱਖ ਸੀ ਲੰਕਦੀਪ ਵਿਚਕਾਰ
ਨਾਨਕ ਮੱਤ ਦਾ ਜਿਸ ਨੇ ਕੀਤਾ ਸੀ ਪਰਚਾਰ।
ਬੁੱਤ-ਪੂਜਾ ਸਭ ਤਿਆਗ ਜਿਸ ਤਿਲਕ ਜਨੇਊ ਲਾਹ
ਨਾਮ ਜਪੰਦੜਾ ਤੁਰ ਪਿਆ ਸੁੱਚੀ ਕਿਰਤ ਦੇ ਰਾਹ।
ਜੋ ਵੀ ਉਸ ਨੂੰ ਮਿਲਦਾ ਬਦਲ ਜਾਣ ਦੀ ਸੁਰਤ
ਭਰਮ ਹੋਇਆ ਮਨਮੱਤੀਆਂ ਆਪੋ ਆਪਣੀ ਬੁੱਧ।
ਚਰਚਾ ਹੋਈ ਆਮ-ਖ਼ਾਸ ਗੱਲ ਪੁੱਜੀ ਸ਼ਿਵਨਾਭ
ਪੇਸ਼ ਹੋਣ ਲਈ ਸੱਦਿਆ ਮਨਸੁੱਖ ਰਾਜੇ ਖ਼ਾਸ।
'ਹਿੰਦੂ ਜਨਮਜਾਤ ਪਰ ਨਾ ਸੰਜਮ ਨਾ ਸੋਚ
ਕਉਣ ਵਸਤ ਹਾਸਿਲ ਹੋਈ ਮਨ ਹੋਆ ਸੰਤੋਖ ?'
ਮਹਿਮਾ ਸੁਣ ਮਨਸੁੱਖ ਤੋਂ ਚੁੱਭੀ ਸੀਨੇ ਸਾਂਗ
ਹਿਰਦੇ ਨਾਨਕ ਵਸਿਆ ਭੜਕੀ ਮੇਲ ਦੀ ਤਾਂਘ।
ਕਿੱਦਾਂ ਹੋਊ ਮੇਲ ਉਸ ਪੁੱਛਿਆ ਫਿਰ ਸ਼ਿਵਨਾਭ
ਆਖਿਆ, 'ਮਨ 'ਚ ਧਿਆਇਆ ਗੁਰ ਦਰਸ ਦੇਣਗੇ ਆਪ।'

## ਬਾਟਿਕਲੋਆ

'ਬਾਬੇ ਤਾਰੇ ਚਾਰਿ ਚਕਿ' ਦੇ ਲੇਖਕ ਇਉਂ ਲਿਖਿਆ
ਸੰਗ ਰਬਾਬੀ ਸਤਗੁਰ ਗਏ ਬਾਟਿਕਲੋਆ ਆ।
ਲਾਗੇ ਸ਼ਾਹੀ ਮਹਿਲ ਤੱਕ ਇਕ ਵੀਰਾਨੀ ਥਾਂ
ਸ਼ਿਵਨਾਭ ਦੇ ਬਾਗ਼ ਵਿਚ ਗੁਰੂ ਡੇਰਾ ਕੀਤਾ ਜਾ।
ਮੌਲ ਉੱਠੀ ਬਨਾਸਪਤ ਨਾਨਕ ਰੱਖਿਆ ਪੈਰ
ਨੂਰੀ ਮੁੱਖ ਜੋ ਤੱਕਦਾ ਜਾਂਦੀ ਨਿਗ੍ਹਾ ਠਹਿਰ।
ਥਿਰਕੀ ਤਾਰ ਰਬਾਬ 'ਚੋਂ ਉੱਠੀ ਸ਼ਬਦੀ ਧੁਨ
ਸੁਰਤੀ ਸਾਹਿਬ ਵਿਚ ਜੁੜੀ ਲਹਿਰਾਂ ਗਈਆਂ ਥੰਮ੍ਹ।
ਪਲੋ-ਪਲੀ ਵਿਚ ਪੁੱਜ ਗਈ ਮਹਿਲਾਂ ਵਿਚ ਕਨਸੋ
ਉੱਜੜੇ ਬਾਗ਼ ਬਿਰਾਜ ਰਹੀ ਇਕ ਨੂਰਾਨੀ ਲੋਅ।

UNISTAR BOOKS PVT LTD.
Unistar Books Pvt Ltd.
UNISTAR BOOKS PVT LTD.

ਬੈਠਦਿਆਂ ਦਰਵੇਸ਼ ਉਸ ਹਰਿਆ ਹੋਆ ਬਾਗ਼
ਸੁਣਦਿਆਂ ਸ਼ਿਵਨਾਭ ਦੀ ਸੁਰਤੀ ਪਈ ਜਾਗ।
ਫਿਰ ਵੀ ਰਾਜੇ ਸੋਚਿਆ ਪਰਖੀਏ ਪੂਰਨ ਪੁਰਖ
ਖੋਟੇ ਅਤੇ ਖਰੇ ਦੀ ਬਸ ਆਪੂੰ ਹੋ ਜੂ ਨਿਰਖ।

ਰਾਜੇ ਦੀਆਂ ਕੰਚਨੀਆਂ ਪਰੀਆਂ ਜਿਉਂ ਕੋਹਕਾਫ਼
ਸਜ-ਸੰਵਰ ਕੇ ਪੁੱਜੀਆਂ ਜੌਹਰ ਦਿਖਾਣ ਨੂੰ ਆਪ।
ਸ਼ੋਖ਼ ਨਿਗਾਹਾਂ ਕਾਲ਼ੀਆਂ ਭਵਾਂ ਵਾਂਗ ਕਮਾਨ
ਹੂਰਾਂ ਜਿਉਂ ਬਹਿਸ਼ਤ 'ਚੋਂ ਜ਼ਿਮੀਂ ਉੱਤਰੀਆਂ ਆਣ।
ਗੋਲ਼ ਸੁਰਾਹੀ ਗਰਦਨਾਂ ਗੱਲ੍ਹਾਂ ਗਲਗਲ ਨਾਰ
ਰਤਨ ਜੜਾਊ ਚੋਲ਼ੀਆਂ ਗਲ਼ ਬੇਸ਼ਕੀਮਤੀ ਹਾਰ।
ਪਦਮਨੀਆਂ, ਹਿਰਣਾਖੀਆਂ ਨੈਣੀਂ ਬਾਤਾਂ ਪਾਣ
ਭਵਾਂ ਚਾੜ੍ਹ ਕੇ ਵਿੰਗੀਆਂ ਬਾਬੇ ਮੂਹਰੇ ਆਣ।
ਹੱਥੀਂ ਮਹਿੰਦੀ ਰਾਂਗਲੀ ਤੇ ਮੱਥੇ ਵਾਂਗ ਮਸ਼ਾਲ
ਲੱਗਣ ਪੈਰ ਨਾ ਧਰਤ 'ਤੇ ਥਿਰਕ ਰਹੇ ਵਿਚ ਤਾਲ।
ਹਰ ਇਕ ਇਕੋ ਮਨਸਾ ਜੌਹਰ ਕਲਾ ਵਿਖਾ
ਪਰਦੇਸੀ ਕਿਵੇਂ ਲਈਏ ਤ੍ਰਿਆ-ਜਾਲ਼ ਫਸਾ ?
ਵਿਸ਼ਵਾਮਿੱਤਰ ਹੋ ਗਿਆ ਸੀ ਪਰੀ ਮੇਨਕਾ ਵੱਸ
ਪਰ ਕਾਮਲ ਮੁਰਸ਼ਦ ਗੁਰੂ ਟੱਸ ਤੋਂ ਹੋਏ ਨਾ ਮੱਸ।
ਬਹਿ ਗਈਆਂ ਥੱਕ-ਹਾਰ ਟੁੱਟ ਜਦੋਂ ਨਾ ਚੱਲਿਆ ਜ਼ੋਰ
ਹੌਲ਼ੀ-ਹੌਲ਼ੀ ਥੰਮ੍ਹ ਗਿਆ ਭੀਤਰ ਪੈਂਦਾ ਸ਼ੋਰ।
ਉੱਪਰੋਂ ਕਲਾਵੰਤੀਆਂ ਅੰਦਰੋਂ ਨ੍ਹੇਰ ਗ਼ੁਬਾਰ
ਤੱਕੀਆਂ ਬਾਬੇ ਸਾਹਮਣੇ ਨੂੰ ਜਦੋਂ ਅੱਖ ਉਘਾੜ।
ਸਿਰ ਨਿਹੂੜਾਈ ਕਾਮਣੀਆਂ ਬੈਠੀਆਂ ਸੀ ਥੱਕ-ਹਾਰ
ਬਾਬੇ ਨਾਨਕ ਆਖਿਆ, 'ਗਾਛੋ ਪੁਤਰੀ ਰਾਜ ਕੁਆਰ'।
ਸਭਨਾਂ ਤਾਈਂ ਰੰਗਿਆ ਸਤਗੁਰ ਨਾਮ ਦੇ ਰੰਗ
ਸਦ ਮਾਰਗ 'ਤੇ ਤੋਰਿਆ ਛਲ-ਕਪਟ ਕਰ ਭੰਗ।
ਦੱਸਿਆ ਜਾ ਕੇ ਬਾਂਦੀਆਂ ਰਾਜੇ ਤਾਈਂ ਜਾ
ਨੰਗੇ ਪੈਰੀਂ ਤੁਰ ਪਿਆ ਉਹ ਰਮਜ਼ ਗੁਰਾਂ ਦੀ ਪਾ।
ਉੱਠੀ ਰਾਣੀ ਚੰਦਰ ਕਲਾ ਤੁਰ ਪਈ ਰਾਜੇ ਨਾਲ਼
ਹੱਥਾਂ ਵਿਚ ਫੜ ਭੇਟ ਉਹ ਮੋਤੀਆਂ ਭਰਿਆ ਥਾਲ।

ਮਹਾਂਪੁਰਖਾਂ ਨੂੰ ਪਰਖ ਕੇ ਸੀ ਰਾਜਾ ਸ਼ਰਮਸਾਰ
ਦੋਹਾਂ ਚਰਨੀਂ ਸਿਰ ਰੱਖ ਕੇ ਕੀਤੀ ਨਮਸਕਾਰ।



UNISTAR BOOKS PVT LTD.
Unistar Books Pvt Ltd.
Unistar Books Pvt Ltd.
Unistar Books Pvt Ltd.
UNISTAR BOOKS PVT LTD.

ਰਾਜੇ ਕਿਹਾ, 'ਮਹਾਂਪੁਰਖ! ਮਹਿਲਾਂ ਦੇ ਵਿਚ ਚੱਲ
'ਸਭਨਾਂ ਤਾਈਂ ਆਸੀਸ ਦੇਹੁ ਗ੍ਰਹਿਣ ਕਰੋ ਅੰਨ ਜਲ।'
'ਦੇਵੇਂਗਾ ਕੀ ਦੱਖਣਾ ?' ਬਾਬੇ ਕਿਹਾ ਮੋੜ
'ਮੇਰਾ ਰਾਜ ਹਾਜ਼ਰ ਹੈ' ਆਖਿਆ ਉਸ ਹੱਥ ਜੋੜ।
'ਪਿਉ ਦਾਦੇ ਪੜਦਾਦੇ ਤੁਧ ਇਸੇ ਤਖ਼ਤ ਬਿਰਾਜ
ਇਹੀ ਕਹਿੰਦੇ ਮਰ ਗਏ 'ਮੇਰਾ ਹੈ ਇਹ ਰਾਜ'।
'ਹਾਜ਼ਰ ਮੇਰਾ ਤਨ ਹੈ' ਆਖਿਆ ਜਦ ਸ਼ਿਵਨਾਭ
'ਇਹ ਭੀ ਤੇਰਾ ਨਹੀਂ ਹੈ' ਅੱਗਿਉਂ ਬੋਲੇ ਮਹਾਰਾਜ।
ਵਿਸ਼ਟਾ, ਅਸਤ, ਰਕਤ, ਹੱਡ ਚਮ ਲਪੇਟਿਆ ਮਾਸ
'ਹੱਡ ਮਾਸ ਦੇ ਪਿੰਜਰੀਂ ਪੰਖੀ ਕਰੇ ਨਿਵਾਸ।'
ਮਨ ਦੀ ਵੀ ਜਦ ਭੇਂਟ ਨਾ ਕੀਤੀ ਗੁਰ ਸਵੀਕਾਰ
'ਭੇਂਟ ਕਰਾਂ ਕੀ ਸਤਗੁਰੂ ਕਰੋ ਜੋ ਅੰਗੀਕਾਰ'।
ਗੁਰੂ ਕਿਹਾ, 'ਸ਼ਿਵਨਾਭ ਜੀ!' ਅੱਗੋਂ ਨਾਲ਼ ਸਨੇਹ
'ਮੈਂ ਮੈਂ ਜੋ ਤੂੰ ਲਾਈ ਹੈ ਈਹੋ ਹੀ ਚਾ ਦੇਹ।'
ਤੋੜਿਆ ਅਹੰ ਗੁਰਾਂ ਨੇ ਸ਼ਕਤੀ ਦੇ ਸ਼ਿਵਨਾਭ
ਹੱਥ ਫੇਰਿਆ ਕੰਡ 'ਤੇ ਨਾਮ ਦੀ ਬਖ਼ਸ਼ੀ ਦਾਤ।
ਕੀਤੀ ਯਾਚਨਾ ਸ਼ਿਵਨਾਭ ਮਨ 'ਚ ਧਾਰੀ ਆਸ
'ਦਰਸ਼ਨ ਹੋਵਣ ਤੁਧ ਸਦਾ ਮਨ ਹੋਏ ਤ੍ਰਿਪਤਾਸ'।
ਬਾਬੇ ਕਿਹਾ, 'ਸਤਸੰਗ ਕਰ, ਮਨ ਕਰੋ ਨਿਰਵਾਣ
ਅੰਤਰ-ਅਹੰ ਤਿਆਗ ਕੇ ਸ਼ਬਦ ਗੁਰੂ ਰੱਖ ਧਿਆਨ।
ਰੱਬ-ਰੂਪ ਮੰਨ ਸਾਧ ਸੰਗਤ ਸੇਵਾ ਕੀਚੇ ਆਪ
ਪੂਰਨ ਹੋਊ ਟਿਕਾਅ-ਮਨ ਵਾਰ-ਵਾਰ ਗੁਰ ਜਾਪ'।
ਦੋਹਾਂ ਮੱਥਾ ਟੇਕਿਆ ਗੁਰ ਸ਼ਰਧਾ ਸੰਗ ਅਪਾਰ
ਆਗਿਆ ਵਿਚ ਸਤਗੁਰਾਂ ਦੀ ਬਣਵਾਈ ਧਰਮਸ਼ਾਲ।
ਪੰਗਤ ਬਹਿ ਲੰਗਰ ਛਕਣ ਸਾਧ-ਸੰਗਤ ਦੇ ਨਾਲ਼
ਤੱਕਦਿਆਂ ਸ਼ਿਵਨਾਭ ਮਨ ਡਾਢਾ ਹੋਏ ਨਿਹਾਲ
ਬੈਟੀਕੁਲਾ ਤਾਰਦੇ ਹੋਏ ਦੱਖਣ ਵੱਲ ਨੂੰ ਜਾ
ਕੁਰੂਕੁਲ ਮੰਡਪ ਜਗ੍ਹਾ ਗੁਰੂ ਨਾਨਕ ਪੁੱਜੇ ਆ।

## ਕੁਰੂਕੁਲ ਮੰਡਪ

ਨਾਲ਼ ਰਬਾਬੀ ਸਤਗੁਰ ਵਿਚ ਉਜਾੜ ਦੇ ਪੁੱਜ
ਬਹਿ ਗਏ ਕੰਢੇ ਤਾਲ ਦੇ ਹੇਠਾਂ ਰੀਠੇ ਰੁੱਖ।

UNISTAR BOOKS PVT LTD.
Unistar Books Pvt
Unistar Books Pvt Ltd.
UNISTAR BOOKS PVT LTD.

ਪਰਮੇਸ਼ਰ ਦੀ ਯਾਦ ਵਿਚ ਜੁੜ ਗਏ ਜਾਣੀ-ਜਾਣ
ਮਰਦਾਨੇ ਨੂੰ ਜ਼ੋਰ ਦੀ ਭੁੱਖ ਸਤਾਇਆ ਆਣ।
ਮਰਦਾਨਾ ਲੈ ਆਗਿਆ ਚੜ੍ਹਿਆ ਰੀਠੇ ਰੁੱਖ
ਮਿੱਠੇ ਰੀਠੇ ਖਾਇ ਕੇ ਤ੍ਰਿਪਤ ਕੀਤੀ ਭੁੱਖ।
ਕਹਿੰਦੇ ਨੇ ਹਨੂੰਮਾਨ ਜਦ ਵਿਚ ਸੰਜੀਵਨੀ ਭਾਲ਼
ਦ੍ਰੋਣ ਪਰਬਤੋਂ ਲਿਆਂਦੀਆਂ ਜੋ ਜੜ੍ਹੀ ਬੂਟੀਆਂ ਨਾਲ਼।
ਰਾਹ ਰਸਤਿਆਂ ਡਿੱਗੀਆਂ ਹੱਥਾਂ 'ਚੋਂ ਭੁੱਲ-ਚੁੱਕ
ਉਨ੍ਹਾਂ 'ਚੋਂ ਹੀ ਇਕ ਸੀ ਰੀਠੇ ਦਾ ਇਹ ਰੁੱਖ।
ਲੋਕੀਂ ਲੰਕਾ ਦੀਪ ਦੇ ਸ਼ਰਧਾਲੂ ਇਸ ਥਾਂਵ
ਨੰਗੇ ਪੈਰੀਂ ਚੱਲ ਕੇ ਇਸ ਦੇ ਹੇਠਾਂ ਆਣ।
ਕੁਰੂਕੁਲ ਮੰਡਪ ਰੱਖਿਆ ਲੋਕਾਂ ਇਹਦਾ ਨਾਮ
'ਗੁਰੂ ਕਾ ਪਿੰਡ' ਆਖਦੇ ਲੋਕੀਂ ਏਸ ਗ੍ਰਾਮ।
ਰੀਠੇ ਰੁੱਖ ਦੇ ਲਾਗ ਹੀ ਬਾਬੇ ਦਾ ਅਸਥਾਨ
'ਗੁਰਦੁਆਰਾ ਪਹਿਲੀ ਪਾਤਸ਼ਾਹੀ' ਸੋਹੇ ਪਾਕ ਸਥਾਨ।

ਇਥੋਂ ਚੱਲ ਗੁਰੂ ਤੱਟ ਦੇ ਦੱਖਣ ਵੰਨੀਂ ਜਾ
ਤਾਰਨ ਹਿਤ ਕਲਤਾਰਕ ਪੁੱਜੇ ਕਲਮੁਨਾਏ ਆ।
ਟਿਊਕੋਇਲ, ਪਾਤੂਵਿਲ ਪੁੱਜ ਪਾਨਮ ਅਸਥਾਨ
ਸਤ-ਸੰਦੇਸ਼ ਪੁਚਾਇਆ ਲੋਕਾਂ ਤਾਈਂ ਆਣ।
**ਹਿੰਦੂਇਜ਼ਮ ਇਨ ਸੀਲੋਨ** ਲੇਖਕ ਕਾਰਟਮੈਨ
ਕਲਮੁਨਾਏ ਆਉਣ ਦਾ ਖ਼ੁਦ ਹਵਾਲਾ ਦੇਣ।

ਸਮਾਂ ਸਮੇਟਦਾ ਯਾਦਗਾਰਾਂ ਸਮਾਂ ਬਹੁਤ ਬਲਵਾਨ
ਅਲੋਪ ਹੋ ਗਏ ਇਸ ਦੀ ਬੁੱਕਲ਼ ਕਈ ਨੀਸ਼ਾਨ।
ਖਾ ਥਪੇੜੇ ਵਕਤ ਦੇ ਵਿਚ ਮਾਰੂ ਤੂਫ਼ਾਨ
ਵੱਡੇ ਮਹਿਲ-ਮੁਨਾਰਿਆਂ ਦੇ ਮਿਟ ਜਾਂਦੇ ਨਿਸ਼ਾਨ।
ਹਿੰਦੂ ਲੋਕੀਂ ਸੇਤੂ ਬੰਧ ਆ ਕਰਦੇ ਨੇ ਇਸ਼ਨਾਨ
ਸੇਤੁ ਬੰਧ ਤੋਂ ਚੱਲ ਕੇ ਗੁਰ ਆਏ ਰਾਮੇਸ਼ਵਰ ਧਾਮ।

## ਰਾਮੇਸ਼ਵਰਮ

ਪੁੱਜਦੇ ਹੀ ਰਾਮੇਸ਼ਵਰਮ ਕਿਹਾ ਨਾਨਕ ਦਰਵੇਸ਼
'ਕਿੱਥੇ ਗਏ ਰਾਮ ਤੇ ਕਿੱਥੇ ਗਏ ਲੰਕੇਸ਼ ?'
ਰਹਿਣਾ ਨਹੀਂ ਸਥਿਰ ਇਹ ਦੁਨੀਆ ਦਾ ਮੁਕਾਮ
ਰਹਿਣਾ ਹੈ ਤਾਂ ਬੱਸ ਇਕ ਕੇਵਲ ਰਾਮ ਨਾਮ।



UNISTAR BOOKS PVT LTD. Unistar Books Pvt Ltd.

ਨਾਲ਼ ਰਬਾਬੀ ਸਤਗੁਰ ਕੰਢੇ ਪਾਸ ਸਮੁੰਦ
ਇਕ ਸਿਲਾ 'ਤੇ ਬਹਿ ਗਏ ਦੋਵੇਂ ਨੇਤਰ ਮੁੰਦ।

ਲਿਖਿਆ ਮਿਲਦੈ ਰਾਮ ਭਗਤ ਨਾਮ ਜੁ ਹਰੀਦਾਸ
ਰਾਮਚੰਦਰ ਦੇ ਦਰਸ਼ਨਾਂ ਦੀ ਰੱਖਦਾ ਸੀ ਮਨ ਆਸ।
ਨਾਨਕ ਵਿਚੋਂ ਤੱਕ ਕੇ ਰਾਮਚੰਦਰ ਦਾ ਰੂਪ
ਠੰਢ ਪਈ ਉਸ ਕਾਲ਼ਜੇ ਤੱਕਦਿਆਂ ਦਰਸ ਅਨੂਪ।
ਧੰਨ! ਧੰਨ! ਕਰ ਉੱਠਿਆ ਭਗਤ ਜੋ ਹਰੀਦਾਸ
ਜਨਮਾਂ-ਜਨਮਾਂ ਦੀ ਮਿਟੀ ਪਿਰ ਦੇਖਣ ਦੀ ਆਸ।
ਹਰੀਦਾਸ ਦੀ ਬੇਨਤੀ ਕਰਕੇ ਬਾਬਾ ਪਰਵਾਨ
ਠੰਢੇ ਮਿੱਠੇ ਜਲ ਦੀ ਖੂਹੀ ਪੁਟਾਈ ਆਣ।
ਸੇਤੁਪਤੀ ਵੀ ਆਇਆ ਕਰਨ ਲਈ ਦੀਦਾਰ
ਦਰਸ਼ਨ ਪਾ ਕੇ ਸਤਗੁਰੂ ਕੀਤੀ ਗੋਸ਼ਟ ਵੀਚਾਰ।
ਇਕ ਏਕੜ ਦੀ ਸੰਪਤੀ ਲਾਈ ਗੁਰੂ ਧਾਮ ਦੇ ਨਾਮ
ਜਿਥੇ ਬਣਿਆ ਅੱਜ ਕੱਲ੍ਹ 'ਗੁਰਦੁਆਰਾ ਨਾਨਕ ਧਾਮ'।
ਪਾਹਨ-ਪੂਜਕਾਂ ਨੂੰ ਨਾਨਕ ਸਤਿ ਦਾ ਮਗ ਦਿਖਾ
ਦਰਭਸੇਨ ਤੋਂ ਪੱਛਮ ਵੱਲ ਰਾਮਨਾਦਪੁਰਮ ਗਏ ਆ।
ਇਥੋਂ ਦੇ ਪੁਜਾਰੀਆਂ ਸੰਗ ਕੀਤੀ ਬ੍ਰਹਮ ਵਿਚਾਰ
ਗੁਰ ਨਾਨਕ ਉਦਾਸੀਨ ਮੱਠ ਬਰਸੇ ਨਾਮ ਫ਼ੁਹਾਰ।

## ਪਾਲਮ ਕੋਟਾਇਮ

ਪਾਲਮ ਅਤੇ ਕੋਟਾਇਮ ਦੋ ਨਗਰਾਂ ਵਿਚਕਾਰ
ਜੋਗੀਆਂ ਦੇ ਡੇਰੇ ਲਾਗੇ ਜਾ ਪੁੱਜੇ ਦਾਤਾਰ।
ਪਾਲਮ ਤੋਂ ਪੱਛਮ ਵੰਨੀਂ ਵਣਜਾਰੇ ਹਰ ਨਾਮ
ਮਾਣਕਗੰਗਾ ਗਏ ਗੁਰ ਕਤਰਗਾਮਾ ਅਸਥਾਨ।
'ਕਾਰਤਿਕੇਯ ਸਵਾਮੀ' ਦਾ ਮੇਲਾ ਭਰਦਾ ਖ਼ਾਸ
ਬੁੱਤ ਪੂਜਕ ਕਰਨ ਪੂਜਾ ਮਨ ਰੱਖ ਭੈਅ ਤ੍ਰਾਸ।
ਅਤਿ ਪ੍ਰਾਚੀਨ ਰਵਾਇਤ ਮੁਜਬ ਰਸਮਾਂ ਲੋਕ ਨਿਭਾਣ
ਸਿੰਘਾਲੀ ਮਨ ਰੱਖ ਕੇ ਸ਼ਰਧਾ ਤੇ ਸਨਮਾਨ।
ਸਿਕੰਦ ਸੁਬਰਾਮੀਆ ਸ਼ਿਵ ਪੁੱਤਰ ਨਾਲ਼ ਏਹਨਾਂ ਸੰਬੰਧ
ਪੂਰਦੇ ਰਸਮਾਂ ਸਿੰਘਾਲੀ ਨਾਲ਼ ਰਵਾਇਤੀ ਢੰਗ।
ਸੰਗ ਪੁਜਾਰੀਆਂ ਗੋਸ਼ਟੀ ਕਰ ਕੁਝ ਚਿਰ ਰਹੇ ਵਿਰਾਜ
ਬੁੱਤ ਪੂਜਣੋਂ ਹਟਕਿਆਂ ਦੇ ਸਤਿਨਾਮ ਦਾ ਜਾਪ।

UNISTAR BOOKS PVT LTD.
Unistar Books Pvt Ltd.

ਕਤਰਗਾਮਿਉਂ ਉੱਤਰ ਵੱਨੀਂ ਤੁਰ ਪਏ ਸ਼ਾਹਸਵਾਰ
ਊਵਾ ਰਾਜ ਦੀ ਰਾਜਧਾਨੀ 'ਬਾਡੁੱਲਾ' ਦਾਤਾਰ।

## ਬਾਡੁੱਲਾ

ਡਿੱਠੀ ਦੋ ਮੱਠਾਂ ਵਿਚ ਬੋਧੀ ਭਿਕਸ਼ੂਆਂ ਦੀ ਭਰਮਾਰ
ਨਾਨਕ ਉਨ ਸੰਗ ਬੈਠ ਕੇ ਕੀਤੀ ਗੋਸ਼ਟ ਵੀਚਾਰ।
ਬਾਡੁੱਲੇ ਦਾ ਰਾਜਾ ਵੀ ਮਿਲਿਆ ਆਣ ਦਾਤਾਰ
ਮਨ ਦੇ ਸ਼ੰਕੇ ਹਰ ਗਏ ਸੀਨੇ ਪਈ ਠਾਰ।
ਬਾਡੁੱਲਾ ਜਦ ਹੋਇਆ ਪੁਰਤਗੇਜ਼ਾਂ ਹੱਥ ਤਬਾਹ
ਦੋ ਮੱਠਾਂ ਸੰਗ ਗੁਰਾਂ ਦੇ ਅਸਥਾਨ ਭੀ ਲੱਗੀ ਢਾਹ।
ਚੱਲ ਨਵਾਗ ਏਲੀਆ ਅਤਿ ਰਮਣੀਕ ਸਥਾਨ
ਕੰਢੇ ਚੰਪੀ ਨਦੀ ਗੁਰ ਡੇਰਾ ਕੀਤਾ ਆਣ।
ਸੀਤਾ ਅਹੱਲਿਆ ਲਾਗ ਹੀ ਦੱਸਦੇ ਇਹ ਸਥਾਨ
ਦਹਿਸਿਰ ਰੱਖੀ ਜਿਸ ਥਾਂ ਸੀਤਾ ਕੈਦ 'ਚ ਆਣ।
ਉੱਚੇ ਪਰਬਤ ਸੋਹੰਦਾ ਇਹ ਸੁੰਦਰ ਅਸਥਾਨ
ਮਨਮੋਹਕ ਸੁਆਸਥਵਰਧਕ ਸ਼ਾਂਤ ਅਡੋਲ ਜਹਾਨ।
ਬਾਬਾ ਜੀ ਜਿਥੇ ਬੈਠੇ ਸਨ ਚੰਪੀ ਨਦੀ ਸਥਾਨ
'ਨਾਨੂ ਓਯਾ' ਪੈ ਗਿਆ ਏਸ ਜਗ੍ਹਾ ਦਾ ਨਾਮ।
ਦੁਰਗਮ ਰਾਹਾਂ ਚੀਰਦੇ ਸਦਗੁਣਾਂ ਦੀ ਖਾਣ
ਰਤਨਾਪੁਰ ਹੁੰਦੇ ਹੋਏ ਗੁਰ ਮਾਹੋ ਪੁੱਜੇ ਆਣ।

## ਕੋਟੀ

ਮਾਹੋ ਵਿਚ ਤੱਕ ਗੁਰਾਂ ਨੂੰ ਖ਼ੁਸ਼ ਹੋਇਆ ਸ਼ਿਵਨਾਭ
ਰਾਜਧਾਨੀ ਵੱਲ ਜਾਣ ਦੀ ਬਿਨਤੀ ਕੀਤੀ ਖ਼ਾਸ।
ਸੰਗ ਸ਼ਿਵਨਾਭ ਦੇ ਸਤਗੁਰੂ ਕੋਟੀ ਗਏ ਪਧਾਰ
ਕੋਟੀ ਵਿਚ ਸ਼ਿਵਨਾਭ ਨੇ ਦਿੱਤਾ ਡਾਢਾ ਸਤਿਕਾਰ।
ਲੰਮਾ ਸਮਾਂ ਠਹਿਰ ਵਿਚ ਜੋ ਦਿੱਤੀ ਸਦ ਵੀਚਾਰ
'ਪ੍ਰਾਣ ਸੰਗਲੀ' ਗ੍ਰੰਥ ਵਿਚ ਮਿਲਦਾ ਇਹਦਾ ਸਾਰ।
ਧਾਰਨ ਕੀਤਾ ਸ਼ਿਵਨਾਭ ਬਾਬੇ ਨਾਨਕ ਦਾ ਮੱਤ
ਮੂਰਤੀ ਪੂਜਾ ਤਿਆਗ ਕੇ ਭਗਤੀ ਲਾਇਆ ਚਿਤ।
ਚੱਲਣ ਲੱਗੇ ਦਿੱਤੀਆਂ ਭੇਟਾਵਾਂ ਕੀਮਤੀ ਆਦਿ
ਗੁਰ ਸੌਗ਼ਾਤਾਂ ਵੰਡੀਆਂ ਵਜੋਂ ਸੰਗਤ ਪ੍ਰਸ਼ਾਦਿ।



UNISTAR BOOKS PVT LTD.
Unistar Books Pvt Ltd.
Unistar Books Pvt Ltd.
Unistar Books Pvt Ltd.
UNISTAR BOOKS PVT LTD.

ਨਾਨਕ ਦੇ ਅਸਥਾਨ ਉਸ ਬਣਵਾਈ ਧਰਮਸ਼ਾਲ
ਲੰਗਰ ਲੋਹਾਂ ਤਪਦੀਆਂ ਗੁਰ ਕੀਰਤਨ ਹੋਵੇ ਨਾਲ਼।
ਮੌਜੂਦਾ ਇਸ ਥਾਂ 'ਤੇ ਬਣੀ ਜੋ ਯਾਦਗਾਰ
'ਗੁਰਦੁਆਰਾ ਪਹਿਲੀ ਪਾਤਸ਼ਾਹੀ' ਛਬਿ ਅਨੂਪ ਅਪਾਰ।
ਵਿਚ ਕੋਟੀ ਦੇ ਕਰਦਿਆਂ ਦੀਨਾਂ ਦੁਖੀਆਂ ਉਧਾਰ
ਲੰਘ ਕੇ ਸੀਤਾ ਵਾਕ ਗਏ ਜੈਵਰਧਨਾਪੁਰ ਪਧਾਰ।

## ਜੈਵਰਧਨਾਪੁਰ

ਧਰਮਾ ਪ੍ਰਕਰਮਾ ਬਾਹੂ ਨੌਵੇਂ ਦਾ ਸੀ ਰਾਜ
ਛੋਟਾ ਭਾਈ ਸੀ ਉਸਦਾ ਕੋਟੀ ਰਾਜਾ ਸ਼ਿਵਨਾਭ।
ਨਾਨਕ ਮੱਤ ਧਾਰਨ ਲਈ ਦੱਸਿਆ ਜਦ ਸ਼ਿਵਨਾਭ
ਸੁਣ ਧਰਮਾ ਪ੍ਰਕਰਮਾ ਦੇ ਮਨ 'ਚ ਉੱਠੀ ਪਿਆਸ।
ਬਾਬਾ ਨਾਨਕ ਸ਼ਰਨ ਵਿਚ ਆ ਛੋਹੇ ਨਾਨਕ ਪਾਵ
ਬੁੱਤ-ਪ੍ਰਸਤੀ ਛੱਡਣ ਲਈ ਰੱਖਿਆ ਗੁਰ ਪ੍ਰਸਤਾਵ।
ਲੇਕਿਨ ਬਾਹੂ ਨੌਵੇਂ ਨੇ ਸ਼ਰਤ ਰੱਖੀ ਗੁਰ ਪਾਸ
ਵੀਚਾਰ ਗੋਸ਼ਟੀ ਵਿਚ ਨਾਨਕ ਮਾਤ ਦਵੇ ਸੰਘ ਰਾਜ।
'ਧਰਮ ਕੀਰਤੀ ਸਤਿਵੀਰ' ਜਾਏ ਜੇ ਗੋਸ਼ਟ ਹਾਰ
ਉਹ ਵੀ ਬਾਬਾ ਨਾਨਕ ਦਾ ਮੱਤ ਲਏਗਾ ਧਾਰ।
ਰੱਖਣ ਲਈ ਬਾਬਾ ਨਾਨਕ ਤੇ ਸੰਘ ਵਿਚਕਾਰ ਵੀਚਾਰ
ਸਾਹਵੇਂ ਮਹਿਲ ਸਜਾਇਆ ਪੰਡਾਲ ਜੋ ਸ਼ਾਨਦਾਰ।
ਆਤਮ ਪਰਮਾਤਮ ਬਾਰੇ ਦਲੀਲਾਂ ਦੇਇ ਮਹਾਰਾਜ
ਗੋਸ਼ਟ ਵਿਚ ਹਰਾਇਆ ਬਾਬੇ ਬੋਧੀ ਰਾਜ।
ਰਾਜੇ ਨੂੰ ਸਤਗੁਰ ਕਿਹਾ, 'ਕਰੋ ਜੋ ਪੂਰੇ ਬੋਲ'।
ਬਚਨ ਪੂਰਤੀ ਥਾਂ ਰਾਜੇ ਕੀਤੀ ਟਾਲ਼-ਮਟੋਲ਼।
ਸ਼ਕਤੀਸ਼ਾਲੀ ਬ੍ਰਾਹਮਣਾਂ ਜੋ ਦੋਖੀ ਸੀ ਸੰਘ ਰਾਜ
ਅੰਦਰੀਂ ਹੋਏ ਖ਼ੁਸ਼ ਉਹ ਤੱਕ ਹਾਰਿਆ ਬੋਧੀ ਰਾਜ।
ਪਾਂਡੇ ਨਹੀਂ ਸੀ ਜਾਣਦੇ ਬਾਬੇ ਏਕਸ ਅਨਾਦਿ
ਜਾਤ-ਪਾਤ, ਪੱਥਰ-ਪੂਜਾ ਦੇ ਨਾਨਕ ਸੀ ਖ਼ਿਲਾਫ਼।
ਨਾਨਕ ਦੇ ਜੇ ਮਤ ਨੂੰ ਉਹ ਸਭ ਲੈਂਦੇ ਧਾਰ
ਬ੍ਰਾਹਮਣੀ ਮਾਣ ਮਰਤਬਾ ਮਿਲ ਜਾਂਦਾ ਵਿਚ ਛਾਰ।
ਬੋਧੀ ਭਿਕਸ਼ੂਆਂ ਧਰਮ ਧਵਜ ਕੋਲੋਂ ਲੈ ਕੇ ਇਮਦਾਦ
ਮੂਰਤੀ ਪੂਜਾ 'ਤੇ ਕਰਵਾਇਆ ਮੁੜ ਤੋਂ ਵਾਦ-ਵਿਵਾਦ।

UNISTAR BOOKS PVT LTD.
Unistar Books Pvt Ltd.

ਇਸ ਵਿਵਾਦ 'ਚ ਵੀ ਹੋਈ ਧਰਮ ਧਵਜ ਦੀ ਹਾਰ
ਲੇਕਿਨ ਸ਼ਾਤਰ ਪੰਡਤਾਂ ਚੱਲੀ ਜੁ ਕੋਝੀ ਚਾਲ।
ਪੰਡਤਾਊ ਸਾਜ਼ਿਸ਼ ਅਧੀਨ ਕਰ ਗੁਪਤ ਰੂਪ ਮਤਦਾਨ
ਕੀਤਾ ਧਰਮਧਵਜ ਨੂੰ ਬੋਧੀ ਸੰਘ ਰਾਜ ਐਲਾਨ।
ਬਾਬਾ ਮੁਸਕਰਾ ਪਏ 'ਕਲ ਲੱਖਣ' ਵੀਚਾਰ
ਇਥੋਂ ਚੱਲ ਅਨੁਰਾਧਪੁਰ ਪੁੱਜੇ ਤਾਰਨਹਾਰ।

## ਅਨੁਰਾਧਪੁਰ

ਮੇਨਰ ਤੋਂ ਅਨੁਰਾਧਪੁਰ ਖ਼ੁਸ਼ਕੀ ਭਰਿਆ ਰਾਹ
ਲੋਕੀਂ ਤਾਲ ਸਰੋਵਰਾਂ ਕੰਢੇ ਕਰਦੇ ਨਿਰਬਾਹ।
ਬਾਰਿਸ਼ ਪੈਣ 'ਤੇ ਭਰ ਕੇ ਸਭ ਸਰੋਵਰ ਤਾਲ
ਉਹੀ ਪਾਣੀ ਵਰਤਦੇ ਲੋਕੀਂ ਸਾਰਾ ਸਾਲ।
ਬੋਧਗਯਾ ਤੋਂ ਭਿਕਸ਼ੂਆਂ ਪੌਦਾ ਇਕ ਲਿਆ
ਧਰਤੀ ਵਿਚ ਅਨੁਰਾਧਪੁਰ ਦਿੱਤਾ ਉਹਨੂੰ ਲਾ।
ਸਮਾਂ ਪਏ 'ਤੇ ਬਣ ਗਿਆ ਵੱਡਾ ਬੋਹੜ ਰੁੱਖ
ਬਣ ਗਿਆ ਅਨੁਰਾਧਪੁਰ ਵਿਚ ਬੋਧੀ ਕੇਂਦਰ ਮੱਠ।
ਬੋਧੀ ਮੱਠ ਦੇ ਭਿਕਸ਼ੂਆਂ ਆ ਬਾਬਾ ਨਾਨਕ ਨਾਲ਼
ਚਰਚਾ ਕੀਤੀ ਗੁਰੂ ਸੰਗ ਰੱਖ ਗੋਸ਼ਟ ਵੀਚਾਰ।
ਇਕੋ ਰੱਬ ਦੀ ਬੰਦਗੀ ਦੀ ਦਿੱਤੀ ਬਾਬੇ ਦਾਤ
ਨਾਨਕ ਨੂੰ 'ਨਾਨਾ ਬੁਧਾ' ਕਹਿ ਲੋਕੀਂ ਕਰਦੇ ਯਾਦ।
ਪੁਰਤਗੇਜ ਫ਼ੌਜਾਂ ਵੱਲੋਂ ਜੋ ਹੋਇਆ ਸ਼ਹਿਰ ਤਬਾਹ
'ਦੱਬਿਆ ਸ਼ਹਿਰ' ਕਿਹਾ ਲੋਕਾਂ ਮਨ 'ਚੋਂ ਉੱਠੀ ਆਹ।
ਅਨੁਰਾਧਪੁਰ ਖ਼ੁਦਾਈ 'ਚੋਂ ਜੋ ਮਿਲਿਆ ਸ਼ਿਲਾਲੇਖ
'ਨਾਨਕ ਅਚਾਰੀਆ' ਆਉਣ ਦਾ ਉਸ 'ਚ ਹੈ ਉਲੇਖ।
ਲੰਕਾ ਵਿਚ ਅਨੁਰਾਧਪੁਰ ਪ੍ਰਸਿੱਧ ਅਜਾਇਬਘਰ
ਸੰਸਕ੍ਰਿਤ ਵਿਚ ਸ਼ਿਲਾਲੇਖ ਲੱਗਾ ਇਸ ਦੇ ਦਰ।
ਨਾਲ਼ ਹੁਕਮ ਲਿਖਵਾਇਆ ਕੋਟੀ ਰਾਜਾ ਸ਼ਿਵਨਾਭ
ਸੰਸਕ੍ਰਿਤ ਭਾਸ਼ਾ ਉੱਕਰੀ ਮਿਲੀ ਇਬਾਰਤ ਆਦਿ।
ਇਕ ਵਰ੍ਹੇ ਤੱਕ ਸਤਗੁਰੂ ਰਹੇ ਜੋ ਲੰਕਾ ਦੀਪ
ਬੋਧੀ, ਬ੍ਰਾਹਮਣ, ਸ਼ਾਸਤਰੀਆਂ ਦੱਸੀ ਜੀਵਨ ਰੀਤ।
ਕਲਤਾਰਕ ਨਾਨਕ ਜੀ ਤੋਂ ਲੈ ਕੇ ਸਤਿ ਉਪਦੇਸ਼
ਇਥੋਂ ਦੇ ਰਜਵਾੜਿਆਂ ਤਜਿਆ ਕਲ-ਕਲੇਸ਼।



UNISTAR BOOKS PVT LTD.
Unistar Books Pvt Ltd.

ਮੂਰਤੀ ਪੂਜਾ ਕਰਮਕਾਂਡ ਦੇ ਸਾਰੇ ਤੱਤ ਨਿਖਾਰ
ਪੁੱਜੇ ਮੇਨਰ ਬੰਦਰਗਾਹ ਨੇੜੇ ਤਾਲੀ ਮੀਨਾਰ।
ਅਗਲੇ ਲਕਸ਼ ਦੀ ਪੂਰਤੀ ਲਈ ਬਹਿ ਕੇ ਵਿਚ ਜਹਾਜ਼
ਬੰਦਰਗਾਹ ਸੇਤੁ ਬੰਧ ਤੇ ਆ ਪੁੱਜੇ ਮਹਾਰਾਜ।

**ਧਨੁਸ਼ਕੋਡੀ**

ਸੀਤਾ ਨੂੰ ਛੁਡਾਉਣ ਹਿਤ ਜੋ ਭਾਰਤ ਲੰਕ ਵਿਸ਼ਾਲ
ਸੇਤੁਬੰਧ ਪੁਲ਼ ਬੰਨ੍ਹਿਆ ਸੀ ਬਾਨਰ ਸ਼ਕਤੀ ਨਾਲ਼।
ਨਿਹਚਾ ਹਿੰਦੂਆਂ ਵਿਚ ਇਹ ਪੁਲ਼ ਬੰਨ੍ਹਣ ਵਕਤ ਰਾਮ
ਸ਼ਿਵਲਿੰਗ ਦੀ ਸਥਾਪਤੀ ਸੀ ਕੀਤੀ ਏਸੇ ਥਾਂਵ।
ਦੱਸਿਆ ਜਾਂਦੈ ਰਾਮ ਚੰਦਰ ਲੰਕਾ ਜਿੱਤਣੋਂ ਬਾਅਦ
ਧਨੁਖ ਨਾਲ਼ ਸੀ ਤੋੜਿਆ ਸੇਤੁਬੰਧ ਨੂੰ ਆਪ।
ਸੇਤੁਬੰਧ ਤੋਂ ਪੈ ਗਿਆ ਧਨੁਸ਼ਕੋਡੀ ਇਸ ਨਾਮ
ਇਸ ਜਗ੍ਹਾ ਸੀ ਬਣਿਆ ਗੁਰ ਯਾਦਗਾਰੀ ਅਸਥਾਨ।
ਜੰਗਲ ਘਣਾ ਸੁਹਾਵਣਾ ਕੁਦਰਤ ਰੰਗ ਅਪਾਰ
ਇਸ ਉਜਾੜ 'ਚ ਕੰਨ ਪਾਟੇ ਜੋਗੀਆਂ ਸੀ ਭਰਮਾਰ।
ਉਨ੍ਹਾਂ ਵਿਚੋਂ ਕੁਝ ਤਾਂ ਤਲਵੰਡੀ ਆਏ ਸੀ ਹੋ
ਨਾਲ਼ ਲਿਆਏ ਸੀ ਬਾਬੇ ਦੀ ਸਦਗੁਣੀ ਖ਼ੁਸ਼ਬੋ।
ਨਾਨਕ ਦਾ ਆਉਣਾ ਸੁਣ ਕੇ ਜੋਗੀ ਪਾਰ ਉਰਾਰ
ਹਉਮੈ ਵੱਸ 'ਕੱਠੇ ਹੋਏ ਸਾਂਝੇ ਕਰਨ ਵੀਚਾਰ।
ਸਿੱਧ ਜੋਗੀ ਚਰਨੀਂ ਬੈਠੇ ਦਰਸ਼ਨ ਪਰਸ ਅਪਾਰ
ਆਖਿਆ, 'ਨਾਨਕ ਤੁਸੀਂ ਹੋ ਪੁਰਖ ਵੱਡੇ ਸਚਿਆਰ'।
ਵੰਡ ਛਕਣਾ ਸਭ ਨਾਲ਼ ਤੁਹਾਡੇ ਬਚਨ ਅਮੋਲ
ਦਾਣਾ ਤਿਲ਼ਾਂ ਦਾ ਇਕ ਹੈ ਬਾਲੇ! ਸਾਡੇ ਕੋਲ।
ਇਹ ਕਹਿੰਦੇ ਇਕ ਤਿਲ਼ ਉਨ੍ਹਾਂ ਬਾਬੇ ਝੋਲ਼ੀ ਪਾ
ਆਖਿਆ, 'ਦਿਓ ਪ੍ਰਸ਼ਾਦਿ ਇਹ ਸਭਨਾਂ ਤਾਈਂ ਛਕਾ'।
ਕੁੰਡੇ ਵਿਚ ਤਿਲ਼ ਪਾਇ ਗੁਰ ਘੋਟਿਆ ਨਾਲ਼ ਕਤਾਲ
ਜਲ ਮਿਲਾ ਛਕਾਇਆ ਸਭਨਾਂ ਤਾਈਂ ਦਿਆਲ।
ਇਕ ਤਿਲ਼ ਵੰਡ ਛਕਾਇਆ ਸੀ ਬਾਬੇ ਜਿਸ ਸਥਾਨ
ਯਾਦ ਦਿਲਾਉਂਦਾ ਅੱਜ ਵੀ 'ਤਿਲਗੰਜੀ ਗੁਰਧਾਮ'।
ਨਾਨਕ ਸੱਚੇ ਜੋਗ ਦੇ ਚਾਰ ਦ੍ਰਿੜ੍ਹਾਏ ਅੰਗ
ਸਮਦਮ, ਸਤਿ ਤੇ ਸੰਤੋਖ ਤੇ ਕਰਨਾ ਸਤ ਸੰਗ।

UNISTAR BOOKS PVT LTD.
Unistar Books Pvt
Unistar Books Pvt Ltd.
UNISTAR BOOKS PVT LTD.

ਅੱਜ ਵੀ ਰੱਖੇ ਸਾਂਭ ਇਸ ਥਾਂ ਕੁੰਡੀ ਅਤੇ ਕਤਾਲ
ਤਿਲ਼ ਕੁੱਟ ਬਾਬੇ ਕੱਟਿਆ ਸੀ ਜੋਗੀਆਂ-ਅਹੰ-ਜਾਲ਼।

ਕੋਟਾਇਮ ਤੋਂ ਚਲਦਿਆਂ ਤੱਟ ਸਮੁੰਦਰ ਨਾਲ਼
ਇਰਨਾਕੁਲਮ ਹੁੰਦੇ ਹੋਏ ਗਏ ਕੋਚੀਨ ਪਧਾਰ।
ਵਹਿਮੀ-ਭਰਮੀਂ ਜਾਲ਼ ਵਿਚ ਫਸੇ ਲੋਕੀਂ ਆਮ
ਗਲ਼ਾਂ ਵਿਚ ਲਟਕਾਈਆਂ ਸੀ ਮੂਰਤਾਂ ਸਾਲਗ੍ਰਾਮ।
ਕੁਦਰਤ ਦੇ ਵਰਤਾਰਿਆਂ ਤੋਂ ਅਣਜਾਣੇ ਡਰਪੋਕ
ਅਸਮਾਨੀ ਬਿਜਲੀ ਡਰੋਂ ਪੂਜਣ ਬਿਜਲੀ ਲੋਕ।
ਭਰਮਾਂ ਰਸਮਾਂ ਕਰਮਾਂ ਦੇ ਬਾਬਾ ਬੰਧਨ ਕੱਟ
ਨੀਲਗਿਰੀ ਪਰਬਤ ਗਾਹੁੰਦੇ ਕੋਇੰਬਟੂਰ ਗਏ ਪੁੱਜ।
ਕੋਇੰਬਟੂਰ 'ਚ ਪੁੱਜ ਕੇ ਲਾਗੇ ਮੰਦਰ ਪੇਰੂਰ
ਮੰਦਰ ਦੇ ਪੁਜਾਰੀਆਂ ਸੰਗ ਕੀਤੀ ਗੋਸ਼ਟ ਹਜ਼ੂਰ।
**ਗੁਰੂ ਨਾਨਕ ਦੇਵ ਜੀ ਦੇ ਸਫ਼ਰ** ਪੁਸਤਕ ਵਿਚ ਜ਼ਿਕਰ
ਇਥੋਂ ਚੱਲ ਕੇ ਸਤਗੁਰੂ ਪੁੱਜੇ ਜਾ ਵਿਚ ਬਿਦਰ।

## ਬਿਦਰ

ਨੀਲਗਰੀ ਪਹਾੜਾਂ ਵਿਚੋਂ ਲੰਘਦਿਆਂ ਦਾਤਾਰ
ਉੱਤਰ ਵੰਨੀਂ ਬਿਦਰ ਦੇ ਉਜਾੜ 'ਚ ਗਏ ਪਧਾਰ।
ਡੇਰਾ ਕੀਤਾ ਸਤਗੁਰੂ ਜਾ ਕਿਲ੍ਹਿਓਂ ਬਾਹਰਵਾਰ
ਖ਼ਲਕਤ ਹੋਈ ਖ਼ਬਰ ਜਦ ਆ ਪੁੱਜੀ ਗੁਰ-ਦੁਆਰ।
ਇਰਦੇ-ਗਿਰਦੇ ਝੁੱਗੀਆਂ ਵਿਚ ਵਸਦੇ ਸੰਤ ਫ਼ਕੀਰ
ਆਉਣਾ ਸੁਣਿਆ ਨਗਰ ਵਿਚ ਨਾਨਕ ਗੁਣੀ ਗਹੀਰ।
ਜਲਾਲੁਦੀਨ ਸੱਯਦ ਯਾਕੂਬ ਸਿੱਕਾ ਚਲਦਾ ਪੀਰ
ਕਿਲ੍ਹਾ ਉਸਾਰ ਸੀ ਰੱਖਿਆ ਗਿਰਦੇ ਚਸ਼ਮੇ ਨੀਰ।
ਲੋਕੀਂ ਪਿਆਸ ਬੁਝਾਵਣ ਹਿਤ ਪੀਰਾਂ ਸ਼ਰਨੀਂ ਜਾ
ਸੀਨਾ ਠਾਰਨ ਹਿਤ ਕਰਨ ਈਨ ਦੀਨ ਸੌਦਾ।
ਵੱਜੀ ਧੁਨ ਰਬਾਬ 'ਚੋਂ ਉਪਜੇ ਅਨਿਕ ਤਰੰਗ
ਬਾਬਾ ਨਾਨਕ ਵਜਦ ਵਿਚ ਭਿੱਜੇ ਬਾਣੀ ਰੰਗ।

ਪੀਰ ਦੌੜਦੇ ਆ ਗਏ ਚਰਚਾ ਛੇੜਨ ਹਿਤ
ਤੱਕਿਆ, ਨਾਨਕ ਮਗ਼ਨ ਸਨ ਪ੍ਰਭੂ ਕੀਰਤੀ ਵਿਚ।
ਬੈਠ ਚਰਨੀਂ ਵਿਚ ਆ ਕਰਕੇ ਦੁਆ ਸਲਾਮ
ਕੰਨੀਂ ਸੁਣਿਆ ਗੁਰਾਂ ਤੋਂ ਇਕ ਰੱਬ ਦਾ ਪੈਗ਼ਾਮ।



UNISTAR BOOKS PVT LTD.
Unistar Books Pvt Ltd.
Unistar Books Pvt Ltd.
UNISTAR BOOKS PVT LTD.

'ਬਾਬੇ ਕਿਹਾ ਅਗਮ ਰੂਪ ਸੋਹਣਾ ਸਤਿ ਸਰੂਪ
ਕੁਲ ਬ੍ਰਹਿਮੰਡ 'ਚ ਰਮ ਰਿਹਾ ਉਸੇ ਦਾ ਹੀ ਰੂਪ।
ਨਾਮ ਜਪਦਿਆਂ ਕਟਦੇ ਜਨਮਾਂ ਦੇ ਜੰਜਾਲ਼
ਇਥੇ ਉੱਥੇ ਸੁੱਖ ਘਣੇ ਨਾਮ ਦੀ ਕਰੋ ਸੰਭਾਲ਼।
ਕਲਮਾ ਬਖਸ਼ਿਸ਼ ਦਾ ਹੋਏ ਨਿਆਂ ਦੀ ਹੋਏ ਨਮਾਜ਼
ਰੋਜ਼ਾ ਹੋਏ ਰਹਿਮ ਦਾ ਹੱਜ ਹਜ਼ੂਰੀ ਪਾਕ।
ਹੱਥੀਂ ਕਿਰਤ ਜੋ ਵੰਡ ਛਕਣ ਹੀ ਕਹਿੰਦੇ ਨੇ ਜਕਾਤ
ਇਕ ਅਲਾਹ ਦਾ ਆਸਰਾ ਬਾਕੀ ਕੂੜੀ ਝਾਕ'।
ਗੋਸ਼ਟ ਕਰਕੇ ਗੁਰਾਂ ਸੰਗ ਹੋਏ ਫ਼ਕੀਰ ਪ੍ਰਸੰਨ
ਕੜ ਟੁੱਟੇ ਭ੍ਰਮ ਜਾਲ਼ ਦੇ ਆਖਣ ਬਾਬਾ ਧੰਨ।
ਨਾਨਕ ਦੀ ਚੌਹੀਂ ਤਰਫ਼ੀਂ ਹੋਈ ਜੈ-ਜੈਕਾਰ
ਸੁੱਚੀ ਕਿਰਤ ਦਾ ਜਾਪ ਤਦ ਦਿੱਤਾ ਸਭਸ ਦਾਤਾਰ।
ਆਜਿਜ਼ ਹੋ ਕੇ ਆਖਿਆ ਜਲਾਲੁਦੀਨ ਫ਼ਕੀਰ
'ਦੱਸ ਪਾਓ ਉਸ ਜਗ੍ਹਾ ਦੀ ਜਿਥੋਂ ਨਿਕਲ਼ੇ ਨੀਰ।
ਕਿੱਲਤ ਕਰਕੇ ਜਲ਼ ਦੀ ਹਾਲੋਂ ਲੋਕ ਬੇਹਾਲ'
ਬਾਬੇ ਦਰਦ ਵੰਡਾਇਆ ਸੁਣ ਦੁਖਿਆਰਿਆਂ ਹਾਲ।
ਤਦੋਂ ਪਹਾੜੀ ਢਾਲ਼ ਗੁਰ ਭਾਖੀ ਨਾਲ਼ ਖੜਾਂਵ
ਹੇਠੋਂ ਚਸ਼ਮਾ ਫੁੱਟਿਆ ਨਿਰਮਲ ਜਲ ਦਾ ਆਣ।
ਭਰ-ਭਰ ਬੁੱਕਾਂ ਪੀਤੀਆਂ ਠੰਢਾਂ ਸੀਤ ਸਮੀਰ
ਠੰਢ ਪਈ ਵਿਚ ਕਾਲ਼ਜੇ ਮਨ 'ਚ ਆਈ ਧੀਰ।
'ਨਾਨਕ ਝੀਰਾ' ਨਾਮ ਇਸ ਹੈ ਪਵਿੱਤ ਅਸਥਾਨ
ਦੂਰ-ਦੁਰਾਡਿਓਂ ਸੰਗਤਾਂ ਆ ਕੇ ਸੀਸ ਝੁਕਾਣ।
ਜਿਥੇ ਧਰਿਆ ਪੈਰ ਗੁਰ ਬਣਿਆ ਪਾਕ ਸਥੱਲ
ਅੱਜ ਵੀ ਸੀਨਾ ਠਾਰਦਾ ਨਿਰਮਲ ਸ਼ੀਤਲ ਜਲ।
ਦੁਖੀਆਂ ਦਰਦ ਨਿਵਾਰਦੇ ਲੋਕਾਂ ਵਿਚ ਕਰ ਰਟਨ
ਤੀਰ ਕਾਵੇਰੀ ਨਦੀ ਦੇ ਪੁੱਜੇ ਰੰਗਾਪਟਨ।
ਤ੍ਰਿਚਨਾਪਲ ਦੇ ਵਾਂਗ ਸੀ ਸ੍ਰੀ ਰੰਗਮ ਅਸਥਾਨ
ਬੇਸ਼ਕੀਮਤੀ ਮੂਰਤੀ ਵਿਸ਼ਨੂੰ ਸ੍ਰੀ ਰੰਗ ਨਾਮ।
ਪੱਥਰ ਪੂਜਕਾਂ ਨਾਲ਼ ਕਰ ਚਰਚਾ ਇਕ ਹਰਿਨਾਮ
ਸਤਿਨਾਮ ਦਾ ਜਾਪ ਦੇਇ ਕੀਤਾ ਗੁਰ ਕਲਿਆਣ।
ਇਥੋਂ ਚੱਲ ਮਲਿਕਾਰਜੁਨ ਮੰਦਰ ਵੱਲ ਕਰ ਰੁਖ਼
ਤੁੰਗਭਦ੍ਰਾਂ ਨਦੀ ਦੇ ਹੈ ਕੰਢੇ ਜੋ ਇਸਥਿਤ।

UNISTAR BOOKS PVT LTD.
Unistar Books Pvt Ltd.

ਬਾਰ੍ਹਾਂ ਸ਼ਿਵਲਿੰਗ ਮੰਦਰਾਂ 'ਚੋਂ ਇਹਦਾ ਵੱਡ ਸਥਾਨ
ਲਿੰਗ ਪੂਜਾ ਤੋਂ ਵਰਜਿਆ ਖ਼ਾਤਰ ਜਨ ਕਲਿਆਣ।
ਵਰਜਦਿਆਂ ਫੋਕਟ ਕਰਮੀ ਤੁਰਦੇ ਗਏ ਸਤਗੁਰ
ਅਗਲੇ ਲਕਸ਼ ਦੀ ਪੂਰਤੀ ਹਿਤ ਪੁੱਜੇ ਪਾਂਧਰਪੁਰ।

## ਪਾਂਧਰਪੁਰ

ਬਹੁਤ ਪੁਰਾਣਾ ਨਗਰ ਇਹ ਸ਼ੋਲਾਪੁਰ ਦੇ ਲਾਗ
ਨਾਮਦੇਵ ਕੱਟਿਆ ਜਿਥੇ ਉਮਰ ਦਾ ਅੰਤਿਮ ਭਾਗ।
ਵਿਠੁਲ ਸੰਪ੍ਰਦਾਇ ਦਾ ਕੇਂਦਰ ਇਹ ਮਹਾਨ
ਵਿਠੁਲ ਜਪ ਕੇ ਨਾਮਦੇਵ ਕਰਦੇ ਸੀ ਗੁਣਗਾਨ।
ਨੱਚ ਗਾ ਖੀਵਾ ਹੋਂਵਦਾ ਵਿਚ ਰੱਬੀ ਉਸਤਤ ਗਾਨ
ਊਚ ਤੇ ਊਚ ਨਾਮਦੇਵ ਦੀ ਸੀ ਸਮਦ੍ਰਿਸ਼ਟ ਪਛਾਣ।
ਪੂਜਾ ਸ੍ਰੀਰੰਗ, ਸ਼ਿਵ, ਦੁਰਗਾ ਤਜ ਕੇ ਭਰਮਾ-ਜਾਲ਼
ਮੱਥਾ ਡਾਹਿਆ ਨਾਮਦੇਵ ਰਸਮੀ ਪਾਂਡਿਆਂ ਨਾਲ਼।
ਇਕ ਵਾਰੀ ਤਾਂ ਨਾਮਦੇਵ ਪਰਖਿਆ ਸਮੇਂ ਦੇ ਸ਼ਾਹ
ਦੁਨਿਆਵੀ ਸ਼ਾਹਾਂ ਦੀ ਕਦੋਂ ਭਗਤ ਕਰਨ ਪਰਵਾਹ।

ਨਾਮਦੇਵ ਦੀ ਬਾਣੀ ਬਾਬੇ ਨਾਨਕ ਲਈ ਸੰਭਾਲ
ਬਾਰਸੀ ਵੰਨੀਂ ਤੁਰ ਪਏ ਤਦ ਗੁਰੂ ਰਬਾਬੀ ਨਾਲ਼।
ਭਗਤ ਤ੍ਰਿਲੋਚਨ ਜੰਮਿਆ ਸੀ ਇਸੇ ਅਸਥਾਨ
ਨਾਮਦੇਵ ਦੇ ਸਮੇਂ ਦਾ ਸੀ ਦੂਜਾ ਸੰਤ ਮਹਾਨ।
ਪੋਥੀ ਵਿਚ ਸਤਗੁਰਾਂ ਨੇ ਬਾਣੀ ਲਈ ਉਤਾਰ
ਤੁਰ ਪਏ ਫਿਰ ਬਾਰਸੀ ਤੋਂ ਮਰਦਾਨੇ ਦੇ ਨਾਲ਼।

ਰਾਮਚੰਦ੍ਰ ਤੋਂ ਰਮੇ ਰਾਮ ਦਾ ਭੀਤਰੀ ਅਰਥ ਸੁਝਾਣ
ਬਾਰਸੀ ਤੋਂ ਲੰਘ ਮਾਲਟੇਕਰੀ ਪੁੱਜੇ ਬਾਬਾ ਆਣ।
ਨਾਸਕ ਜ਼ਿਲ੍ਹੇ ਦੇ ਵਿਚ ਹੀ ਪਾਵਨ ਜਗ੍ਹਾ ਹੈ ਖ਼ਾਸ
ਪੰਚਵਟੀ ਨੇ ਆਖਦੇ ਜਿਸ ਨੂੰ ਵਿਚ ਇਤਿਹਾਸ।
ਮਰਯਾਦਾ ਪੁਰਸ਼ੋਤਮ ਰਾਮ ਸੀਤਾ ਲਛਮਣ ਨਾਲ਼
ਕੱਟੇ ਸਨ ਬਨਵਾਸ ਦੇ ਇਥੇ ਬਾਰਾਂ ਸਾਲ।
ਇਕੋ ਥਾਵੇਂ ਪੰਜ ਕਿਸਮ ਦੇ ਹੁੰਦੇ ਬਿਰਖ ਵਿਸ਼ੇਸ਼
ਬਿਲ, ਬੋਹੜ ਤੇ ਆਂਵਲਾ ਪਿੱਪਲ ਅਤੇ ਅਸ਼ੋਕ।
ਕਈ ਸ਼ਿਵਾਲੇ ਇਸ ਥਾਂ ਸੀ ਸ਼ਿਵਪੂਜਾ ਦਾ ਜ਼ੋਰ
ਆਪੋ-ਆਪਣੀ ਆਸਥਾ ਭੀਤਰ ਮਨ ਦਾ ਸ਼ੋਰ।



UNISTAR BOOKS PVT LTD.
Unistar Books Pvt Ltd.

ਤੱਕੇ ਬਾਬੇ ਘੁੰਮਦਿਆਂ ਇਥੇ ਕਈ ਸ਼ਿਵਾਲ
ਮੇਲਾ ਕੁੰਭ ਦਾ ਭਰਦਾ ਮਗਰੋਂ ਬਾਰਾਂ ਸਾਲ।
ਇਕੋ ਸਿਰਜਣਹਾਰ ਦਾ ਘਟ-ਘਟ ਦੱਸਣ ਲਈ ਵਾਸ
ਨਾਨਕ ਨਰਬਦਾ ਨਦੀ ਦੇ ਜਾ ਕੰਢੇ ਪੁੱਜੇ ਖ਼ਾਸ।
ਮਾਂਧਾਤਾ ਟਾਪੂ ਇਸਥਿਤ ਮੰਦਰ ਓਅੰਕਾਰ
ਗੁਫ਼ਾਨੁਮਾ ਮੰਦਰ ਬਣਿਆ ਸ਼ਕਲੋਂ ਓਮ ਅਕਾਰ।
ਸ਼ਿਵ ਦੇ ਲਿੰਗ ਨੂੰ ਮਿਥ ਕੇ ਲੋਕੀਂ ਓਅੰਕਾਰ
ਅਤਿ ਪੁਰਾਤਨ ਪੂਜ-ਸਥਲ ਪੂਜਣ ਸ਼ਰਧਾ ਨਾਲ਼।
ਸ਼ੰਕਰਾਚਾਰੀਆ ਦੇ ਗੁਰੂ ਪ੍ਰਭੂ ਪਾਦਯਚਾਰੀਆ ਨਾਮ
ਸ਼ਿਕੱਸ਼ਤ ਦੇਣ ਲਈ ਸ਼ਿਸ਼ ਨੂੰ ਰੁਕੇ ਸੀ ਇਸੇ ਥਾਂਵ।
ਦੁਖੀਆਂ ਤਾਈਂ ਤਾਰਦੇ ਸਾਹਿਬ ਕਰੁਣਾ ਨਿਧਾਨ
ਮੰਦਰ ਦੀ ਦੂਜੀ ਤਰਫ਼ ਬੈਠੇ ਇਸ ਥਾਂ ਆਣ।
ਅਹੰ ਗ੍ਰਸੇ ਪਾਂਡਿਆਂ ਨੂੰ ਸਾਹਿਬ ਕਰ ਉਪਦੇਸ਼
ਦੱਸਿਆ ਓਅੰਕਾਰ ਦਾ ਬਾਬੇ ਅਰਥ ਵਿਸ਼ੇਸ਼।
ਉਚਰਿਆ ਗੁਰ ਰਾਮਕਲੀ ਵਿਚ 'ਦੱਖਣੀ ਓਅੰਕਾਰ'
ਏਕੰਕਾਰ ਬ੍ਰਹਮ ਦੀ ਫਿਰ ਦਿੱਤੀ ਲੋਕਾਂ ਸਾਰ:

ਓਅੰਕਾਰਿ ਬ੍ਰਹਮਾ ਉਤਪਤਿ॥
ਓਅੰਕਾਰੁ ਕੀਆ ਜਿਨਿ ਚਿਤਿ॥
ਓਅੰਕਾਰਿ ਸੈਲ ਜੁਗ ਭਏ॥
ਓਅੰਕਾਰਿ ਬੇਦ ਨਿਰਮਏ॥
ਓਅੰਕਾਰਿ ਸਬਦਿ ਉਧਰੇ॥
ਓਅੰਕਾਰਿ ਗੁਰਮੁਖਿ ਤਰੇ॥
ਓਨਮ ਅਖਰ ਸੁਣਹੁ ਬੀਚਾਰੁ॥
ਓਨਮ ਅਖਰੁ ਤ੍ਰਿਭਵਣ ਸਾਰੁ॥੧॥
ਸੁਣਿ ਪਾਡੇ ਕਿਆ ਲਿਖਹੁ ਜੰਜਾਲਾ॥
ਲਿਖੁ ਰਾਮ ਨਾਮ ਗੁਰਮੁਖਿ ਗੋਪਾਲਾ॥੧॥ ਰਹਾਉ॥
ਸਸੈ ਸਭੁ ਜਗੁ ਸਹਜਿ ਉਪਾਇਆ
ਤੀਨਿ ਭਵਨ ਇਕ ਜੋਤੀ॥
ਗੁਰਮੁਖਿ ਵਸਤੁ ਪਰਾਪਤਿ ਹੋਵੈ
ਚੁਣਿ ਲੈ ਮਾਣਕ ਮੋਤੀ॥
ਸਮਝੈ ਸੂਝੈ ਪੜਿ ਪੜਿ ਬੂਝੈ
ਅੰਤਿ ਨਿਰੰਤਰਿ ਸਾਚਾ॥

UNISTAR BOOKS PVT LTD.
Unistar Books Pvt
Unistar Books Pvt Ltd.
UNISTAR BOOKS PVT LTD.

ਗੁਰਮੁਖਿ ਦੇਖੈ ਸਾਚੁ ਸਮਾਲੇ
ਬਿਨੁ ਸਾਚੇ ਜਗੁ ਕਾਚਾ॥੨॥
ਧਧੈ ਧਰਮੁ ਧਰੇ ਧਰਮਾ ਪੁਰਿ
ਗੁਣਕਾਰੀ ਮਨੁ ਧੀਰਾ॥
ਧਧੈ ਧੂਲਿ ਪੜੈ ਮੁਖਿ ਮਸਤਕਿ
ਕੰਚਨ ਭਏ ਮਨੂਰਾ॥
ਧਨੁ ਧਰਣੀਧਰੁ ਆਪਿ ਅਜੋਨੀ
ਤੋਲਿ ਬੋਲਿ ਸਚੁ ਪੂਰਾ॥
ਕਰਤੇ ਕੀ ਮਿਤਿ ਕਰਤਾ ਜਾਣੈ
ਕੈ ਜਾਣੈ ਗੁਰੁ ਸੂਰਾ॥੩॥
ਙਿਆਨੁ ਗਵਾਇਆ ਦੂਜਾ ਭਾਇਆ
ਗਰਬਿ ਗਲੇ ਬਿਖੁ ਖਾਇਆ॥
ਗੁਰ ਰਸੁ ਗੀਤ ਬਾਦ ਨਹੀ ਭਾਵੈ
ਸੁਣੀਐ ਗਹਿਰ ਗੰਭੀਰੁ ਗਵਾਇਆ॥
ਗੁਰਿ ਸਚੁ ਕਹਿਆ ਅੰਮ੍ਰਿਤੁ ਲਹਿਆ
ਮਨਿ ਤਨਿ ਸਾਚੁ ਸੁਖਾਇਆ॥
ਆਪੇ ਗੁਰਮੁਖਿ ਆਪੇ ਦੇਵੈ
ਆਪੇ ਅੰਮ੍ਰਿਤੁ ਪੀਆਇਆ॥੪॥
ਏਕੋ ਏਕੁ ਕਹੈ ਸਭੁ ਕੋਈ
ਹਉਮੈ ਗਰਬੁ ਵਿਆਪੈ॥
ਅੰਤਰਿ ਬਾਹਰਿ ਏਕੁ ਪਛਾਣੈ
ਇਉ ਘਰੁ ਮਹਲੁ ਸਿਞਾਪੈ॥
ਪ੍ਰਭੁ ਨੇੜੈ ਹਰਿ ਦੂਰਿ ਨ ਜਾਣਹੁ
ਏਕੋ ਸ੍ਰਿਸਟਿ ਸਬਾਈ॥
ਏਕੰਕਾਰੁ ਅਵਰੁ ਨਹੀ ਦੂਜਾ
ਨਾਨਕ ਏਕੁ ਸਮਾਈ॥੫॥
ਇਸੁ ਕਰਤੇ ਕਉ ਕਿਉ ਗਹਿ ਰਾਖਉ
ਅਫਰਿਓ ਤੁਲਿਓ ਨ ਜਾਈ॥
ਮਾਇਆ ਕੇ ਦੇਵਾਨੇ ਪ੍ਰਾਣੀ
ਝੂਠਿ ਠਗਉਰੀ ਪਾਈ॥
ਲਬਿ ਲੋਭਿ ਮੁਹਤਾਜਿ ਵਿਗੂਤੇ
ਇਬ ਤਬ ਫਿਰਿ ਪਛੁਤਾਈ॥



UNISTAR BOOKS PVT LTD.
Unistar Books Pvt Ltd.

ਏਕੁ ਸਰੇਵੈ ਤਾ ਗਤਿ ਮਿਤਿ ਪਾਵੈ
ਆਵਣੁ ਜਾਣੁ ਰਹਾਈ॥੬॥
ਏਕੁ ਅਚਾਰੁ ਰੰਗੁ ਇਕੁ ਰੂਪੁ॥
ਪਉਣ ਪਾਣੀ ਅਗਨੀ ਅਸਰੂਪੁ॥
ਏਕੋ ਭਵਰੁ ਭਵੈ ਤਿਹੁ ਲੋਇ॥
ਏਕੋ ਬੂਝੈ ਸੂਝੈ ਪਤਿ ਹੋਇ॥
ਗਿਆਨੁ ਧਿਆਨੁ ਲੇ ਸਮਸਰਿ ਰਹੈ॥
ਗੁਰਮੁਖਿ ਏਕੁ ਵਿਰਲਾ ਕੋ ਲਹੈ॥
ਜਿਸ ਨੋ ਦੇਇ ਕਿਰਪਾ ਤੇ ਸੁਖੁ ਪਾਏ॥
ਗੁਰੂ ਦੁਆਰੈ ਆਖਿ ਸੁਣਾਏ॥੭॥
ਊਰਮ ਧੂਰਮ ਜੋਤਿ ਉਜਾਲਾ॥
ਤੀਨਿ ਭਵਣ ਮਹਿ ਗੁਰ ਗੋਪਾਲਾ॥
ਊਗਵਿਆ ਅਸਰੂਪੁ ਦਿਖਾਵੈ॥
ਕਰਿ ਕਿਰਪਾ ਅਪੁਨੈ ਘਰਿ ਆਵੈ॥
ਊਨਵਿ ਬਰਸੈ ਨੀਝਰ ਧਾਰਾ॥
ਊਤਮ ਸਬਦਿ ਸਵਾਰਣਹਾਰਾ॥
ਇਸੁ ਏਕੇ ਕਾ ਜਾਣੈ ਭੇਉ॥
ਆਪੇ ਕਰਤਾ ਆਪੇ ਦੇਉ॥੮॥
ਉਗਵੈ ਸੂਰੁ ਅਸੁਰ ਸੰਘਾਰੈ॥
ਊਚਉ ਦੇਖਿ ਸਬਦਿ ਬੀਚਾਰੈ॥
ਊਪਰਿ ਆਦਿ ਅੰਤਿ ਤਿਹੁ ਲੋਇ॥
ਆਪੇ ਕਰੈ ਕਥੈ ਸੁਣੈ ਸੋਇ ॥ (**ਗੁਰੂ ਗ੍ਰੰਥ**, ਪੰਨਾ 930)

ਨਾਨਕ ਕਿਹਾ, 'ਹੇ ਪਾਂਡੇ! ਜਗ ਇਕੋ ਸਿਰਜਣਹਾਰ
ਤਿੰਨ ਜਹਾਨਾਂ ਵਿਚ ਹੈ ਉਸੇ ਦਾ ਪਾਸਾਰ।
ਨਮਨਯੋਗ ਅਬਿਨਾਸ਼ੀ ਐ ਸੁਣਹੋ ਕਥਾ ਵੀਚਾਰ
ਰਾਮ ਨਾਮ ਲਿਖੋ, ਤਿਆਗੋ ਆਲ ਜਾਲ਼ ਜੰਜਾਲ਼।
ਪੰਡਿਤ ਗੋਈ ਵਿਦਿਆ ਵਿਚ ਵਿਚਰੇ ਸਹਜ ਸੁਭਾ
ਬ੍ਰਹਮ ਗਿਆਨ ਵੀਚਾਰ ਦਾ ਖੱਟੇ ਜੱਗ 'ਚ ਲਾਹ।
ਮਨਮੁਖ ਵਿਦਿਆ ਵੇਚਦਾ ਖੋਜੇ ਨਾਹੀ ਗਿਆਨ
ਬਿਖ ਖਟੇ ਬਿਖ ਸੰਚਦਾ ਮੂਰਖ ਵਿਚ ਅਗਿਆਨ।
ਮਨ ਦੀ ਪਟੀ ਵਾਚਣੀ ਬ੍ਰਹਮ ਗਿਆਨ ਵੀਚਾਰ
ਸੱਚਾ ਇਲਮਕਾਰ 'ਜਿਸ ਰਾਮ ਨਾਮ ਗਲ ਹਾਰ'।



UNISTAR BOOKS PVT LTD.
Unistar Books Pvt
Unistar Books Pvt Ltd.
UNISTAR BOOKS PVT LTD.

UNISTAR BOOKS PVT LTD.

'ਦੱਖਣੀ ਓਅੰਕਾਰ' ਦੀ ਗੁਰ ਬਾਣੀ ਲਿਖ ਵਿਸ਼ੇਸ਼
ਸ਼ਿਵ ਤੇ ਓਅੰਕਾਰ ਵਿਚ ਦੱਸਿਆ ਬਾਬੇ ਭੇਤ।
ਬਾਣੀ ਓਅੰਕਾਰ ਬੈਠ ਸੀ ਉਚਰੀ ਜਿਹੜੀ ਥਾਂਵ
ਨਾਲ਼ ਗੁਫ਼ਾ ਦੇ ਗੁਰਦੁਆਰਾ ਹੈ ਸੁਭਾਇਮਾਨ।

## ਇੰਦੌਰ

ਪਾਂਧਰਪੁਰ ਤੋਂ ਚੱਲ ਕੇ ਗੁਰ ਵਿਚ ਇੰਦੌਰ ਦੇ ਆਣ
ਨਗਰੋਂ ਬਾਹਰ ਟਿੱਲੇ 'ਤੇ ਬਹਿ ਕੀਤਾ ਗੁਰ ਵਿਸਰਾਮ।
ਆਸਣ ਲਾਇਆ ਜਿਸ ਥਾਂ ਇਮਲੀ ਦਾ ਸੀ ਪੇੜ
ਜੁੜੇ ਇਲਾਹੀ ਰੰਗ ਗੁਰ ਲੱਗੀ ਰਤੀ ਨਾ ਦੇਰ।
ਰੰਗ ਇਲਾਹੀ ਜੁੜੇ ਤੱਕ ਲੋਕਾਂ ਹੋਈ ਹੈਰ
ਛੋਹੇ ਉਨ੍ਹਾਂ ਅਦਬ ਸੰਗ ਨਾਨਕ ਜੀ ਦੇ ਪੈਰ।
ਬੁੱਤ ਪੂਜਾ ਤੋਂ ਵਰਜਿਆ ਇਕ ਦੀ ਕਰ ਵੀਚਾਰ
ਸ਼ਬਦ ਗੁਰੂ ਲੜ ਲਾਇਆ ਸਤਿਨਾਮ ਦੇ ਸਾਰ।
'ਗੁਰਦੁਆਰਾ ਇਮਲੀ ਸਾਹਿਬ' ਵਿਚ ਗੁਰਾਂ ਦੀ ਯਾਦ
ਦਰਸ਼ਨ ਪਰਸ ਕਰਨ ਲੋਕੀਂ ਤਪਦੇ ਦਿਲ ਨੂੰ ਸ਼ਾਦ।
ਇਮਲੀ ਪੇੜ ਦੇ ਹੋਣ ਦਾ ਜਿਥੇ ਸੀ ਨਿਸ਼ਾਨ
ਗੁਰੂ ਗ੍ਰੰਥ ਪ੍ਰਕਾਸ਼ ਹਨ ਜਗਦੀ ਜੋਤ ਮਹਾਨ।
ਬੁੱਤਪ੍ਰਸਤੀਓਂ ਵਰਜ ਕੇ ਸ਼ਬਦ-ਗੁਰ ਪਾ ਖ਼ੈਰ
ਪਿੰਡ ਬੇਟਗਾ ਜਾ ਪੁੱਜੇ ਸਤਪੁਰਖ ਨਿਰਵੈਰ।

## ਬੇਟਗਾ

ਤਨ ਤੇ ਭੇਖ ਫ਼ਕੀਰ ਦਾ ਮੱਥੇ ਡਲ੍ਹਕੇ ਨੂਰ
ਮਰਦਾਨੇ ਸੰਗ ਜਾ ਜੁੜੇ ਕੀਰਤਨ ਵਿਚ ਹਜ਼ੂਰ।
ਲੋਕ ਇਕੱਤਰ ਹੋ ਗਏ ਦੇ ਕੇ ਗੁਰਾਂ ਨੂੰ ਮਾਣ
ਆਖਿਆ, 'ਓਨ ਬਚਾ ਲਵੋ ਭੀਲਾਂ ਤੋਂ ਸੁਜਾਣ।
ਭੀਲ ਲੋਕ ਪਿੰਡ ਵਿਚ ਆ ਸਤਗੁਰ ਜਾਣੀ-ਜਾਣ
ਮਾਰਕੁੱਟ ਕਰ ਅਸਾਂ ਦਾ ਸਭ ਕੁਝ ਲੁੱਟ ਲਿਜਾਣ'।
ਤਰਕਾਲੀ ਸਤਸੰਗ ਵਿਚ ਠੱਗ ਵੀ ਪੁੱਜੇ ਆ
ਜਾਣੀ-ਜਾਣ ਸਤਗੁਰੂ ਵਿਚ ਉਪਦੇਸ਼ ਕਿਹਾ।

ਏਕ ਨਗਰੀ ਪੰਚ ਚੋਰ ਬਸੀਅਲੇ
ਬਰਜਤ ਚੋਰੀ ਧਾਵੈ॥


UNISTAR BOOKS PVT LTD.

ਤ੍ਰਿਹਦਸ ਮ੍ਹਾਲ ਰਖੈ ਜੋ ਨਾਨਕ
ਮੋਖ ਮੁਕਤਿ ਸੋ ਪਾਵੈ ॥੧॥
ਚੇਤਹੁ ਬਾਸੁਦੇਉ ਬਨਵਾਲੀ ॥
ਰਾਮੁ ਰਿਦੈ ਜਪਮਾਲੀ ॥੧॥ ਰਹਾਉ ॥
ਉਰਧ ਮੂਲ ਜਿਸੁ ਸਾਖ ਤਲਾਹਾ
ਚਾਰਿ ਬੇਦ ਜਿਤੁ ਲਾਗੇ ॥
ਸਹਜ ਭਾਇ ਜਾਇ ਤੇ ਨਾਨਕ
ਪਾਰਬ੍ਰਹਮ ਲਿਵ ਜਾਗੇ ॥੨॥
ਪਾਰਜਾਤੁ ਘਰਿ ਆਗਨਿ ਮੇਰੈ
ਪੁਹਪ ਪਤ੍ਰ ਤਤੁ ਡਾਲਾ ॥
ਸਰਬ ਜੋਤਿ ਨਿਰੰਜਨ ਸੰਭੂ
ਛੋਡਹੁ ਬਹੁਤੁ ਜੰਜਾਲਾ ॥੩॥
ਸੁਣਿ ਸਿਖਵੰਤੇ ਨਾਨਕੁ ਬਿਨਵੈ
ਛੋਡਹੁ ਮਾਇਆ ਜਾਲਾ ॥
ਮਨਿ ਬੀਚਾਰਿ ਏਕ ਲਿਵ ਲਾਗੀ
ਪੁਨਰਪਿ ਜਨਮੁ ਨ ਕਾਲਾ ॥੪॥
ਸੋ ਗੁਰੂ ਸੋ ਸਿਖੁ ਕਥੀਅਲੇ
ਸੋ ਵੈਦੁ ਜਿ ਜਾਣੈ ਰੋਗੀ ॥
ਤਿਸੁ ਕਾਰਣਿ ਕੰਮੁ ਨ ਧੰਧਾ ਨਾਹੀ
ਧੰਧੈ ਗਿਰਹੀ ਜੋਗੀ ॥੫॥
ਕਾਮੁ ਕ੍ਰੋਧੁ ਅਹੰਕਾਰੁ ਤਜੀਅਲੇ
ਲੋਭੁ ਮੋਹੁ ਤਿਸ ਮਾਇਆ ॥
ਮਨਿ ਤਤੁ ਅਵਿਗਤੁ ਧਿਆਇਆ
ਗੁਰ ਪਰਸਾਦੀ ਪਾਇਆ ॥੬॥
ਗਿਆਨੁ ਧਿਆਨੁ ਸਭ ਦਾਤਿ ਕਥੀਅਲੇ
ਸੇਤ ਬਰਨ ਸਭਿ ਦੂਤਾ ॥
ਬ੍ਰਹਮ ਕਮਲ ਮਧੁ ਤਾਸੁ ਰਸਾਦੰ
ਜਾਗਤ ਨਾਹੀ ਸੂਤਾ ॥੭॥
ਮਹਾ ਗੰਭੀਰ ਪਤ੍ਰ ਪਾਤਾਲਾ
ਨਾਨਕ ਸਰਬ ਜੁਆਇਆ ॥
ਉਪਦੇਸ ਗੁਰੂ ਮਮ ਪੁਨਹਿ ਨ ਗਰਭੰ
ਗਰਭੰ ਬਿਖੁ ਤਜਿ ਅੰਮ੍ਰਿਤੁ ਪੀਆਇਆ ॥੮॥੧॥ (**ਗੁਰੂ ਗ੍ਰੰਥ**, ਪੰਨਾ 699)

UNISTAR BOOKS PVT LTD.
Unistar Books Pvt Ltd.

ਠੱਗਾਂ ਨੂੰ ਸਮਝਾਇਆ ਗੁਰ ਕਰਕੇ ਬਚਨ ਰੀਸਾਲ
'ਤੁਸੀਂ ਵੀ ਤਾਂ ਹੋ ਲੁੱਟ ਵਿਚ ਹੋ ਹੋਰ ਹੋ ਕੰਗਾਲ।
ਸਦਗੁਣ ਚੋਰੀ ਹੋ ਰਹੇ ਪੰਜ-ਵਿਕਾਰੀਂ ਲੁੱਟ
ਕਤਲ ਲੋਭ ਤੇ ਬੇ-ਈਮਾਨੀ ਜੜ੍ਹਾਂ ਰਹੀ ਏ ਪੁੱਟ।
ਛੱਡੋ ਮਾਰਗ ਪਾਪ ਦਾ ਕਰੋ ਕਿਰਤ ਦੀ ਕਾਰ
ਘਾਲ਼ ਕਮਾਈ 'ਚੋਂ ਕਰੋ ਸੇਵਾ ਮਦਦਗਾਰ'।
ਠੱਗ ਮਨਾਂ 'ਤੇ ਚੜ੍ਹ ਗਿਆ ਸਤਿਨਾਮ ਦਾ ਰੰਗ
ਦਿਲ ਨੂੰ ਕਾਰ ਵਿਹਾਰ ਕਰਨ ਰਾਤ ਕਰਨ ਸਤਸੰਗ।
ਜਿਥੇ ਠੱਗਾਂ ਕਾਰ ਕਰ ਖੇਤੀ ਕੀਤੀ ਧਾਨ
ਅੱਜ ਵੀ ਉਹ ਜ਼ਮੀਨ ਸਭ ਚੜ੍ਹੀ ਐ 'ਨਾਨਕ ਨਾਮ'।
ਮੁਸ਼ਕਿਲ ਖਾਰੇ ਜਲ ਦੀ ਇਥੇ ਦੀ ਵਿਦਮਾਨ
ਲੋਕੀਂ ਸੀ ਇਲਾਕੇ ਦੇ ਇਸ ਤੋਂ ਪਰੇਸ਼ਾਨ।
ਨਾਨਕ ਜੀ ਖ਼ੁਦਵਾਇਆ ਕੁਝ ਦੂਰੀ 'ਤੇ ਖੂਹ
ਤੀਹ ਫੁੱਟ ਦੀ ਦੂਰੀਓਂ ਨੀਰ ਲਿਆਂਦਾ ਧੂਹ।
ਇਰਦੇ-ਗਿਰਦੇ ਜਲ ਵਿਚ ਜਦੋਂ ਸੀ ਕਿ ਖਾਰ
ਲੇਕਿਨ ਸੀਤਲ ਜਲ ਹੈ ਇਸ ਖੂਹੀ ਵਿਚਕਾਰ।

ਜਿਥੇ ਠੰਢਕ ਨਾਮ ਦੇਇ ਗੁਰ ਸੀਤਲ ਕੀਤਾ ਮਨ
ਬਾਉਲ਼ੀ ਗੁਰ ਖ਼ੁਦਵਾਇਕੇ ਠਾਰ ਪਾਈ ਵਿਚ ਤਨ।
ਕਿਰਤ ਵਿਰਤ ਕਰ ਧਰਮ ਦੀ ਦੇ ਠੱਗਾਂ ਨੂੰ ਉਪਦੇਸ਼
ਸਹੀ ਅਰਥ ਵਿਚ ਦੱਸਿਆ ਜੀਵਨ ਦਾ ਉਦੇਸ਼।
ਚੱਲ ਕੇ ਇਥੋਂ ਸਤਗੁਰੂ ਪੁੱਜੇ ਜਾ ਉਜੈਨ
ਸ਼ਹਿਰ ਬਿਕਰਮਾਜੀਤ ਦਾ ਲੋਕੀਂ ਇਹਨੂੰ ਕਹਿਣ।

## ਉਜੈਨ

ਉੱਤਰੀ ਹਿੰਦ ਪ੍ਰਚਲਿਤ ਜੋ ਸੰਮਤ ਬਿਕਰਮੀ ਸਾਲ
ਚੱਲਿਆ ਆਉਂਦਾ ਨਾਮ ਏਹ ਚਿਰ ਤੋਂ ਬਾ-ਕਮਾਲ।
ਦੱਖਣੀ ਕੰਢੇ ਸਿਪ੍ਰਾ ਨੈਂ ਇਸਥਿਤ ਹੈ ਉਜੈਨ
ਚਾਰ ਮੇਲਿਆਂ ਕੁੰਭ ਦਿਆਂ 'ਚੋਂ ਮੇਲਾ ਭਰੇ ਉਜੈਨ।
ਮੰਨਣ ਲੋਕੀਂ ਇਸ ਥਾਂ ਬ੍ਰਹਮ ਕਿੱਲੀ ਇਸਥਿਤ
ਇਰਦੇ-ਗਿਰਦੇ ਜਿਸ ਦੇ ਘੁੰਮੇ ਸਾਰਾ ਜੱਗ।
ਗਿਰਦੇ ਸ਼ਹਿਰ ਫ਼ਸੀਲ ਸੀ ਵਿਚ ਨਾਨਕ ਦੇ ਕਾਲ
ਅੰਦਰ ਏਸ ਫ਼ਸੀਲ ਦੇ ਸੀ ਮੰਦਰ ਮਹਾਂਕਾਲ।

UNISTAR BOOKS PVT LTD.
Unistar Books Pvt Ltd.

ਨਾਨਕ ਕਿਹਾ, 'ਹਰੀ ਬਿਨ ਸਭ ਦੁਨਿਆਵੀ ਹਿਤ
ਪੱਥਰਾਂ ਅਤੇ ਪਦਾਰਥਾਂ ਸੰਗ ਵਿਅਰਥ ਜੋੜਨਾ ਚਿੱਤ।
ਜਿਨ੍ਹਾਂ ਜੀਵਾਂ ਨੇਹੁੰਕਰ ਪਰਮੇਸ਼ਰ ਲਿਆ ਰਿਝਾ
ਉਨ੍ਹਾਂ ਦੀ ਹੋ ਜਾਂਵਦੀ ਹੈ ਠੰਢੀ ਮਿੱਠੀ ਛਾਂ'।
ਬਾਬੇ ਸ਼ਹਿਰੋਂ ਬਾਹਰ ਨਦੀ ਸ਼ਿਪ੍ਰਾ ਕੰਢੇ ਜਾ
ਤੱਕੀ ਅਵੰਤਕਾਪੁਰੀ 'ਗੋਰਖ ਦੀ ਗੁਫ਼ਾ'।
ਭਰਥਰੀ ਨਾਮ ਦੇ ਜੋਗੀ ਸੰਗ ਕੀਤੀ ਗੁਰ ਵੀਚਾਰ
ਵਿਆਖਿਆਨਿਆ ਸੱਚ ਨਾਮ ਕਲ ਦੇ ਤਾਰਨਹਾਰ।
'ਜੋਗੀ ਉਹ ਜਿਸ ਪਾਸ ਖਿਮਾ ਸਹਜ ਸੀਲ ਸੰਤੋਖ
ਮਾਇਆ ਤੇ ਹੰਕਾਰ ਦਾ ਜ਼ਰਾ ਨਾ ਭੀਤਰ ਦੋਖ।
ਜੋਗੀ ਪੁੱਛਿਆ, 'ਕਿਸ ਤਰ੍ਹਾਂ ਹੋਏ ਰੋਜ਼ਮਰ੍ਹਾ ਇਸ਼ਨਾਨ
ਆਸਾ ਅਸ਼ਟਪਦੀਆਂ ਵਿਚ ਕੀਤਾ ਨਾਨਕ ਵਖਿਆਨ:

ਉਤਰਿ ਅਵਘਟਿ ਸਰਵਰਿ ਨ੍ਹਾਵੈ॥
ਬਕੈ ਨ ਬੋਲੈ ਹਰਿ ਗੁਣ ਗਾਵੈ॥
ਜਲੁ ਆਕਾਸੀ ਸੁੰਨਿ ਸਮਾਵੈ॥
ਰਸੁ ਸਤੁ ਝੋਲਿ ਮਹਾ ਰਸੁ ਪਾਵੈ॥੧॥
ਐਸਾ ਗਿਆਨੁ ਸੁਨਹੁ ਅਭ ਮੋਰੇ॥
ਭਰਿਪੁਰਿ ਧਾਰਿ ਰਹਿਆ ਸਭ ਠਉਰੇ॥੧॥ ਰਹਾਉ॥

(**ਗੁਰੂ ਗ੍ਰੰਥ**, ਪੰਨਾ 360)

ਅਵਘਟ ਘਾਟੀ ਰਾਮ ਚੜ੍ਹ ਤਾਲ ਸਤਸੰਗ ਨ੍ਹਾਣ
ਵਾਧੂ ਨਹੀਂ ਕੁਝ ਬੋਲਣਾ ਗੀਤ ਪ੍ਰਭੂ ਗੁਣਗਾਨ।
ਸੱਚ ਵਰਤ ਦੇ ਰੱਖਿਆ ਹੋ ਜਾਂਦਾ ਨਿਰਭੈ
ਸ਼ਕਤ-ਕ੍ਰੋਧ ਗੁਆਣ ਦੀ ਨਾ ਸ਼ਬਦ ਬਿਨਾ ਕੋਈ ਸ਼ੈਅ।
ਇਕ ਓਂਕਾਰ ਦੀ ਮਹਿਮਾ ਦਾ ਕਰਦੇ ਹੋਏ ਗੁਣਗਾਨ
ਪੱਛਮ ਵੱਲ ਨੂੰ ਚੱਲ ਪਏ ਸਾਹਿਬ ਗੁਣੀ ਨਿਧਾਨ।

ਮਰਦਾਨੇ ਸੰਗ ਗੁਰ ਗਏ ਸੌਰਾਸ਼ਟਰ ਕਾਠੀਆਵਾੜ
ਜਿਥੇ ਸੀ ਸੋਰਠ ਬੀਜਾ ਜਸ ਗਾਉਂਦੇ ਢਾਢੀ ਵਾਰ।
ਮਰਦਾਨੇ ਨੂੰ ਆਖਿਆ ਗੁਰ ਬਾਣੀ ਗੁਰ ਵੀਚਾਰ
ਰਾਗ ਭਲਾ ਉਹੀ ਕਹੈ ਜੋ ਸਤਿ ਰਿਦੇ ਵਿਚਕਾਰ।
ਭਾਵਨਗਰ ਵਿਚ ਕਰਦਿਆਂ ਲੋਕਾਂ ਦਾ ਉਧਾਰ
ਪਾਲੀਟਾਣਾ ਵੱਲ ਨੂੰ ਤਦ ਤੁਰ ਪਏ ਤਾਰਨਹਾਰ।

UNISTAR BOOKS PVT LTD.
Unistar Books Pvt Ltd.

## ਪਾਲੀਟਾਣਾ (ਗੁਜਰਾਤ)

ਭਾਵਨਗਰ ਦੇ ਦੱਖਣ-ਪੱਛਮ ਵੰਨੀਂ ਇਹ ਸਥਿਤ
ਪੰਚ ਮੁਖੀ ਜੈਨੀ ਤੀਰਥ 'ਆਦਿ ਨਾਥ' ਪ੍ਰਮੁੱਖ।
ਸ਼ਤਰੁੰਜ ਪਰਬਤ ਤੇ ਸੋਹੇ ਮੰਦਰ ਆਦਿ ਨਾਥ
ਕਰਨ, ਰਜਤ, ਧੰਨ ਪਦਾਰਥ ਸਭੋ ਵਿਚ ਬਹੁਤਾਤ।
ਉੱਚ ਪਰਬਤੀ ਪਿੱਠ 'ਤੇ ਤਿੱਖੀ ਸਿਖ਼ਰੀ ਨੋਕ
ਛੋਹੇ ਜਿਵੇਂ ਅਕਾਸ਼ ਨੂੰ ਲੋਕ ਤੋਂ ਉਸ ਪਰਲੋਕ।
ਪਹੁ ਫੁਟਾਲੇ ਸਮੇਂ ਦੀ ਦਿੱਖ ਨਿਰਾਲੀ ਅਜਬ
ਆਭਾ ਮਾਣਕ ਮੋਤੀਆਂ ਦੀ ਢਾਹੇ ਡਾਢਾ ਗ਼ਜ਼ਬ।
ਜੈਨ ਆਗੂਆਂ ਏਸ ਥਾਂ ਪਾਇਆ ਪਦ ਨਿਰਬਾਣ
'ਸਿਪਨਸੇਤਰ' ਆਖਦੇ ਲੋਕੀਂ ਉਨ੍ਹਾਂ ਆਣ।
ਪਾਲੀਟਾਣੇ ਵਿਚ ਗੁਰ ਕੀਤਾ ਆਣ ਉਤਾਰ
ਜੁੜਦਾ ਜਿਥੇ ਆਣ ਕੇ ਕੁਲ ਜੈਨੀ ਸੰਸਾਰ।
ਨੇੜੇ ਸੀਗਾ ਛਮੱਛਰੀ ਪਾਵਨ ਜੈਨੀ ਤਿਉਹਾਰ
ਰਮਤੇ ਰਮਤੇ ਪੁੱਜ ਗਏ ਦਾਨੇ ਸੰਗ ਦਾਤਾਰ।
ਘੁੰਮ ਰਹੇ ਸੀ ਏਸ ਥਾਂ ਜੈਨੀ ਸਾਧ ਬੇਅੰਤ
ਢੂੰਢੀਏ ਅਤੇ ਸਰੇਵੜੇ ਤੱਕੇ ਜੈਨ ਅਨੰਤ।
ਵਰਣ ਜੂਠ ਕੁਚੀਲਤਾ ਤੋਂ ਬਾਬਾ ਜਾਣੀਜਾਣ
ਜਾ ਬੈਠੇ ਵਿਚ ਸੰਗਤੀ ਜੀਵਨ-ਰਾਹ ਰੁਸ਼ਨਾਣ।
ਵਿਗੜੀ ਜੀਵਨ ਚਾਲ ਤੇ ਸੰਗ ਸਾਧੂਆਂ ਕਰ ਵੀਚਾਰ
ਬਾਬਾ ਨਾਨਕ ਮੁੱਖ ਤੋਂ ਕੀਤਾ ਸ਼ਬਦ ਉਚਾਰ।

ਇਕਿ ਜੈਨੀ ਉਝੜ ਪਾਇ ਧੁਰਹੁ ਖੁਆਇਆ॥
ਤਿਨ ਮੁਖਿ ਨਾਹੀ ਨਾਮੁ ਨ ਤੀਰਥਿ ਨ੍ਹਾਇਆ॥
ਹਥੀ ਸਿਰ ਖੋਹਾਇ ਨ ਭਦੁ ਕਰਾਇਆ॥
ਕੁਚਿਲ ਰਹਹਿ ਦਿਨ ਰਾਤਿ ਸਬਦੁ ਨ ਭਾਇਆ॥
ਤਿਨ ਜਾਤਿ ਨ ਪਤਿ ਨ ਕਰਮੁ ਜਨਮੁ ਗਵਾਇਆ॥
ਮਨਿ ਜੂਠੈ ਵੇਜਾਤਿ ਜੂਠਾ ਖਾਇਆ॥
ਬਿਨੁ ਸਬਦੈ ਆਚਾਰੁ ਨ ਕਿਨ ਹੀ ਪਾਇਆ॥
ਗੁਰਮੁਖਿ ਓਅੰਕਾਰਿ ਸਚਿ ਸਮਾਇਆ॥ (**ਗੁਰੂ ਗ੍ਰੰਥ**, ਪੰਨਾ 1285)

ਵੱਡਾ ਆਗੂ ਜੈਨ ਤਦੋਂ ਸਹਿਤ ਚੇਲਿਆਂ ਆ
ਅਨਭੀ ਮਿਲਿ ਕੇ ਸਤਗੁਰੂ ਨੂੰ ਦਿੱਤਾ ਸੀਸ ਝੁਕਾ।
'ਕਉਣ ਗੁਰੂ ਹੈ ਤੁਸਾਂ ਦਾ ਕਿੱਦਾਂ ਦਾ ਅੰਨ-ਪਾਨ



UNISTAR BOOKS PVT LTD.
Unistar Books Pvt Ltd.

ਅਨਭੀ ਪੁੱਛੇ ਸੁਆਲ ਗੁਰੂ ਬੀਨੀ ਨਜ਼ਰ ਪਛਾਣ।
ਭੁੰਨ ਭੁੰਨ ਬਣ ਖਾਵਣਾ ਬਿਨ ਛਾਣੇ ਪੀ ਨੀਰ
ਖ਼ੁਦ ਨੂੰ ਗੁਰੁ ਕਹਾਵਣਾ ਕਿਆ ਗੁਣ ਕਰਕੇ ਪੀਰ ?
ਕਿੰਨੇ ਕੀਟ ਪਤੰਗ ਮਰਨ ਦਿਨ ਦੀ ਨਿਤਚਰਿਆ
ਇਸ ਹਿੰਸਾ ਲਈ ਕਿਉਂ ਨਹੀਂ ਮਿਲਦੀ ਕੋਈ ਸਜ਼ਾ ?'
ਬਾਬੇ ਕਿਹਾ, 'ਹਿੰਸਾ ਹੈ ਕਿਸੀ ਦਾ ਦਿਲ ਦੁਖਾਣ
ਸਾਹਵੇਂ ਤੱਕ ਹੁੰਦਾ ਜ਼ੁਲਮ ਫਿਰ ਵੀ ਚੁੱਪ ਹੋ ਜਾਣ।
ਪੀਣਾ ਪਾਣੀ ਪੁਣ ਕੇ ਨਾਹ ਮਾਸ ਖਾਣ ਦੇ ਨਾਲ਼
ਕੋਈ ਫ਼ਰਕ ਪੈਂਦਾ ਨਹੀਂ ਇਹ ਮਨੋ-ਸ਼ੰਕੇ ਜਾਲ਼।
ਜੈਨੀ ਕਿਰਿਆਵਾਂ ਵਿਚਲੇ ਨਿੱਤ ਦੇ ਜੋ ਹਠ ਧਰਮ
ਵਾਰ ਮਾਝ ਵਿਚ ਸਤਗੁਰੂ ਦਿੱਤਾ ਪ੍ਰਤੀਕਰਮ।

ਸਿਰੁ ਖੋਹਾਇ ਪੀਅਹਿ ਮਲਵਾਣੀ
ਜੂਠਾ ਮੰਗਿ ਮੰਗਿ ਖਾਹੀ॥
ਫੋਲਿ ਫਦੀਹਤਿ ਮੁਹਿ ਲੈਨਿ ਭੜਾਸਾ
ਪਾਣੀ ਦੇਖਿ ਸਗਾਹੀ॥
ਭੇਡਾ ਵਾਗੀ ਸਿਰੁ ਖੋਹਾਇਨਿ
ਭਰੀਅਨਿ ਹਥ ਸੁਆਹੀ॥
ਮਾਊ ਪੀਊ ਕਿਰਤੁ ਗਵਾਇਨਿ
ਟਬਰ ਰੋਵਨਿ ਧਾਹੀ॥
ਓਨਾ ਪਿੰਡੁ ਨ ਪਤਲਿ ਕਿਰਿਆ
ਨ ਦੀਵਾ ਮੁਏ ਕਿਥਾਊ ਪਾਹੀ॥
ਅਠਸਠਿ ਤੀਰਥ ਦੇਨਿ ਨ ਢੋਈ
ਬ੍ਰਹਮਣ ਅੰਨੁ ਨ ਖਾਹੀ॥
ਸਦਾ ਕੁਚੀਲ ਰਹਹਿ ਦਿਨੁ ਰਾਤੀ
ਮਥੈ ਟਿਕੇ ਨਾਹੀ॥
ਝੁੰਡੀ ਪਾਇ ਬਹਨਿ ਨਿਤਿ ਮਰਣੈ
ਦੜਿ ਦੀਬਾਣਿ ਨ ਜਾਹੀ॥
ਲਕੀ ਕਾਸੇ ਹਥੀ ਫੁੰਮਣ ਅਗੋ ਪਿਛੀ ਜਾਹੀ॥ (**ਗੁਰੂ ਗ੍ਰੰਥ**, ਪੰਨਾ 149)

ਮੁੰਡੀ ਨੂੰ ਨਚਵਾਇਕੇ ਰਹਿਣਾ ਬਿਨ ਇਸ਼ਨਾਨ
ਹੱਥੀਂ ਵਿਸ਼ਟਾ ਫੋਲਣੀ ਜੂਠ ਕਰਨ ਅੰਨ ਪਾਨ।
ਟੱਬਰ ਛੱਡ ਕੁਰਲਾਂਵਦਾ ਤੁਰਨਾ ਚਾਲ ਕੁਚਾਲ
ਮਰਯਾਦਾ ਪਰਿਵਾਰ ਦੀ ਡੇਗਣਾ ਰਾਹ ਚੁਫ਼ਾਲ।



UNISTAR BOOKS PVT LTD.
Unistar Books Pvt Ltd.

ਰਹਿਣ ਕੁਚੀਲ ਦਰਿਦਰੀ ਵਰਿਓਂ ਵਰ੍ਹੇ ਨਾ ਨਾਹੁਣ
ਦਹਦਿਸ ਭਟਕੇ ਆਤਮਾ ਦਿਗੰਬਰ ਅਖਵਾਣ।
ਕਿਸੀ ਦਾ ਦਿਲ ਦੁਖਾਵਣਾ ਜੀਵ-ਹਿੰਸਾ ਸੰਤਾਪ
ਹੋਰਾਂ ਤੇ ਹਿੰਸਾ ਹੁੰਦੀ ਤੱਕ ਚੁੱਪ ਵੀ ਰਹਿਣਾ ਪਾਪ।
ਮਨ 'ਚੋਂ ਬਾਬੇ ਕੱਢਿਆ ਜੀਵ ਹਿੰਸਾ ਦਾ ਭਾਰ
'ਪਹਿਲਾ ਪਾਣੀ ਜੀਉ ਹੈ ਜਿਤ ਹਰਿਆ ਸੰਸਾਰ'।
ਸਹਿਤ ਚੇਲਿਆਂ ਸੁਣ ਕੇ ਅਨਭੀ ਸਭ ਵਖਿਆਨ
ਡਾਢਾ ਅਸਰ ਕਬੂਲਿਆ ਮਨ 'ਚ ਰਿੜਕ ਗਿਆਨ।
ਜਾਣ ਮਗਰੋਂ ਗੁਰਾਂ ਦੇ ਸਿਰ ਬੰਨ੍ਹ ਕੇ ਦਸਤਾਰ
ਅਨਭੀ ਬਣ ਸਿਖਿਆਰਥੀ ਕੀਤਾ ਸਿੱਖੀ ਪ੍ਰਚਾਰ।
ਇਥੋਂ ਚੱਲ ਪੱਛਮ ਵੰਨੀਂ ਗੁਰ ਲੰਮਾ ਪੈਂਡਾ ਮਾਰ
ਜੂਨਾਗੜ੍ਹ ਵਿਚ ਭ੍ਰਮਣ ਕਰ ਜਾ ਪੁੱਜੇ ਗਿਰਨਾਰ।

## ਗਿਰਨਾਰ

ਹਿੰਦੂ ਮਤ ਵਤ ਜੈਨ ਮਤ ਜੋ ਮੰਨੇ ਗਏ ਅਵਤਾਰ
ਚੌਵੀ ਤੀਰਥੰਕਰਾਂ ਨੂੰ ਪੂਜੇ ਜੈਨੀ ਸੰਸਾਰ।
ਘਿਰਿਆ ਸੰਘਣੇ ਜੰਗਲੀਂ ਦਿਉ ਕੱਦ ਪਹਾੜ
ਫੈਲੀ ਜੰਗਲੀ ਕੇਵੜੇ ਦੀ ਚਹੁੰ ਤਰਫ਼ੀਂ ਮਹਿਕਾਰ।
ਤੱਕੀ ਗੁਰ ਗਿਰਨਾਰ ਵਿਚ ਐਸੀ ਉਹ ਚੱਟਾਨ
ਅਸ਼ੋਕ ਮਹਾਨ ਸੀ ਉੱਕਰੇ ਜਿਸ 'ਤੇ ਚੌਦਾਂ ਫੁਰਮਾਨ।
ਪਾਲੀਟਾਣੇ ਮਗਰੋਂ ਉੱਘਾ ਜੈਨੀ ਅਸਥਾਨ
ਮੰਦਰ ਨੇਮੀਨਾਥ ਦਾ ਪੂਜਣ ਸ਼ਰਧਾਵਾਨ।
ਨੇਮੀ ਨੇ ਇਸ ਥਾਂ ਤੋਂ ਲੈ ਕੇ ਦੀਕਸ਼ਾ ਗਿਆਨ
ਜਾਦਵ ਕੁਲ ਦਾ ਜਾਇਆ ਪੁੱਜਾ ਪਦ ਨਿਰਵਾਣ।
ਕਠਿਨ ਤਪੱਸਵੀ ਸਾਧਕਾਂ ਤੇ ਕਿਰਪਾ ਕਰ ਦਾਤਾਰ
ਗ੍ਰਿਹਸਥ 'ਚ ਜੋਗ ਕਮਾਵਣਾ ਵੱਲ ਦੱਸਿਆ ਨਾਲ਼ ਪਿਆਰ।
ਗੁਰਦੁਆਰਾ ਚਰਨ ਪਾਦੁਕਾ ਬਣਿਆ ਗੁਰਾਂ ਦੀ ਯਾਦ
ਅਗਲੇ ਲਕਸ਼ ਦੀ ਪੂਰਤੀ ਹਿੱਤ ਪੁੱਜੇ ਸੋਮਨਾਥ।

## ਸੋਮਨਾਥ

ਪੱਛਮੀ ਛੋਰ 'ਚ ਭਾਰਤ ਦੇ ਇਸਥਿਤ ਵਿਚ ਗੁਜਰਾਤ
ਸਰਵਪ੍ਰਥਮ ਜੋਤੀ ਲਿੰਗ ਹੈ ਮੰਦਰ ਸੋਮਨਾਥ।



UNISTAR BOOKS PVT LTD. Unistar Books Pvt Ltd. Pvt Ltd. Unistar Books Pvt Ltd. UNISTAR BOOKS PVT LTD.

ਅਲਬੇਰੂਨੀ ਯਾਤਰਾਵਾਂ ਵਿਚ ਮਿਲਦਾ ਹੈ ਵਿਸਥਾਰ
ਦੁਨੀਆ ਵਿਚ ਮਸ਼ਹੂਰ ਸੀ ਇਸ ਮਾਇਆਵੀ ਚਮਕਾਰ।
ਉੱਚੀ ਪੰਜ ਗਜ਼ ਸ਼ਿਵਪ੍ਰਤਿਮਾ ਛਿੜਕਣ ਗੰਗਾ ਜਲ
ਪੂਜਾ ਅਰਚਾ ਵਿਚ ਚੜ੍ਹਨ ਕਸ਼ਮੀਰੀ ਫੁੱਲ ਫਲ।
ਦਸ ਸੌ ਚੌਵੀ ਵਿਚ ਕਰ ਗਜ਼ਨਵੀ ਪਰਹਾਰ
ਅਦੁੱਤੀ ਪ੍ਰਤਿਮਾ ਗੁਰਜ ਸੰਗ ਕੀਤੀ ਟੋਟੇ ਚਾਰ।

ਭੇਜੇ ਦੋ ਟੋਟੇ ਗਜਨੀ, ਲੱਦ ਕੇ ਊਠਾਂ ਭਾਰ
ਇਕ ਮਦੀਨੇ ਵੱਲ ਅਤੇ ਚੌਥਾ ਮੱਕੇ ਵਿਚਕਾਰ।
ਨਾਲ਼ ਛਪੰਜਾ ਖੜ੍ਹੇ ਸੀ ਰਤਨ ਜੜਾਊ ਥੰਮ੍ਹ
ਉਖਾੜ ਕੇ ਮੋਤੀ ਮਾਣਕ ਸਭ ਕੀਤਾ ਗ਼ਾਇਬ ਧਨ।
ਟਲ ਸਣੇ ਸੋਇਨ ਜ਼ੰਜੀਰ ਛੱਤੋਂ ਲਿਆ ਉਤਾਰ
ਦੋ ਸੌ ਮਣੋਂ ਵਧੀਕ ਸੀ ਵਿਚ ਸੋਨੇ ਦਾ ਭਾਰ।
ਪਾਂਧੇ ਪਾ ਕੇ ਲੋਕ ਮਨ ਪਾਪ-ਪੁੰਨ ਗਲਬਾ
ਭੋਲ਼ੇ-ਭਾਲ਼ੇ ਭਗਤ ਜਨਾਂ ਲੈਂਦੇ ਪਿੱਛੇ ਲਾ।
ਢਿੱਡਾਂ ਨੂੰ ਗੰਢ ਮਾਰ ਕੇ ਪੱਥਰੀਂ ਧਨ ਚੜ੍ਹਾਣ
ਦਾਨ-ਪੁੰਨ ਕਰ ਪਾਂਡਿਆਂ ਦੇ ਐਸ਼-ਵਰਜ਼ ਵਧਾਣ।
ਨਾਨਕ ਦੱਸਿਆ ਨਾਸ਼ਵੰਤ ਮਾਇਆਵੀ ਪਾਸਾਰ
ਦੁਨਿਆਵੀ ਪਦਾਰਥਾਂ ਦੀ ਦੇ ਕੇ ਸੋਝੀ ਸਾਰ।

Unistar Books Pvt Ltd.

## ਪਰਭਾਸ

ਸੋਮਨਾਥ ਤੋਂ ਕੁਝ ਕੁ ਦੂਰ ਭਾਲਕ ਦਾ ਅਸਥਾਨ
ਠਹਿਰੇ ਗੁਰੂ ਬਲਾਕਾ ਤੀਰਥ ਇਥੋਂ ਕਰ ਪ੍ਰਸਥਾਨ।
ਜਰਾਸੰਧ ਤੇ ਕਾਲਯਮਨ ਤੋਂ ਖਾ ਗਿਰਧਾਰੀ ਹਾਰ
ਦਵਾਰਕਾ ਤੋਂ ਚੱਲ ਜਾ ਪੁੱਜੇ ਸਾਗਰ ਤੀਰ ਮੁਰਾਰ।
ਸਕੰਦ ਪੁਰਾਣ 'ਚ ਮਿਲਦਾ ਏਦਾਂ ਦਾ ਬਿਰਤਾਂਤ
ਪਿਛਲੀ ਉਮਰੇ ਤੱਕਿਆ ਸਾਹਵੇਂ ਕ੍ਰਿਸ਼ਨ ਦੁਖਾਂਤ।
ਆਪੋ ਵਿਚ ਲੜ ਮਰ ਖਪੇ ਕਰ ਯਾਦਵ ਮਦਰਾਪਾਨ
ਆਪਣਿਆਂ ਤੱਕ ਲੜਦਿਆਂ ਪੀੜਤ ਹੋਏ ਭਗਵਾਨ।
ਪਿੱਪਲ ਹੇਠਾਂ ਪੈ ਗਏ ਵੱਲ ਸਾਗਰ ਪੈਰ ਪਸਾਰ
ਮਿਰਗ ਸਮਝ ਕੇ ਭੀਲ ਇਕ ਦਿੱਤਾ ਬਾਣ ਸੀ ਮਾਰ।
ਪਾਕ ਦੇਹ ਦੀ ਦੇਰ ਤੀਕ ਹੋਈ ਨਾ ਜਦ ਭਾਲ਼
ਹੱਡੀਆਂ ਦਾ ਪਿੰਜਰ ਕਿਸੇ ਲਿਆ ਸੰਦੂਕ ਸੰਭਾਲ਼।

ਪੈਰ ਪਸਾਰੀ ਸਾਗਰ ਵੱਲ ਪਏ ਸੀ ਜਦ ਭਗਵਾਨ
ਭਾਈ ਗੁਰਦਾਸ ਦ੍ਰਿਸ਼ ਇਹ ਕੀਤਾ ਲਿਖਤੀ ਵਿਖਿਆਨ:

ਜਾਇ ਸੁਤਾ ਪਰਭਾਸ ਵਿਚਿ ਗੋਡੇ ਉਤੇ ਪੈਰ ਪਸਾਰੇ।
ਚਰਣ ਕਵਲ ਵਿਚਿ ਪਦਮੁ ਹੈ ਝਿਲਮਿਲ ਝਲਕੇ ਵਾਂਗੀ ਤਾਰੇ।
ਬਧਕੁ ਆਇਆ ਭਾਲਦਾ ਮਿਰਗੈ ਜਾਣਿ ਬਾਣੁ ਲੈ ਮਾਰੇ।
ਦਰਸਨ ਡਿਠੋਸੁ ਜਾਇ ਕੈ ਕਰਣ ਪਲਾਵ ਕਰੇ ਪੁਕਾਰੇ।
ਗਲਿ ਵਿਚਿ ਲੀਤਾ ਕ੍ਰਿਸਨ ਜੀ
ਅਵਗੁਣੁ ਕੀਤਾ ਹਰਿ ਨਾ ਚਿਤਾਰੇ।
ਕਰਿ ਕਿਰਪਾ ਸੰਤੋਖਿਆ ਪਤਿਤ ਉਧਾਰਣੁ ਬਿਰਦੁ ਬੀਚਾਰੇ।
ਭਲੇ ਭਲੇ ਕਰਿ ਮੰਨੀਅਨਿ ਬੁਰਿਆਂ ਦੇ ਹਰਿ ਕਾਜ ਸਵਾਰੇ।
ਪਾਪ ਕਰੇਂਦੇ ਪਤਿਤ ਉਧਾਰੇ॥੨੩॥੧੦॥

ਰਣਛੋੜ ਮੰਦਰ ਬਣਿਆ ਯਾਦ 'ਚ ਕ੍ਰਿਸ਼ਨ ਮੁਰਾਰ
ਉਥੋਂ ਦੇ ਪੁਜਾਰੀਆਂ ਸੰਗ ਕੀਤੀ ਗੋਸ਼ਟ ਵੀਚਾਰ।
ਵਰਜਿਆ ਪਾਹਣ ਪੂਜਕਾਂ ਨੂੰ ਕਰਕੇ ਗੁਰ ਵਖਿਆਨ
ਆਖਿਆ, 'ਕਾਹਦਾ ਸੂਰਮਾ! ਜੋ ਛੱਡ ਜਾਏ ਮੈਦਾਨ ?'
ਕ੍ਰਿਸ਼ਨ ਮੁਰਾਰੀ ਦਾ ਹੋਇਆ ਸੀ ਜਿਥੇ ਅੰਤਮ ਦਾਹ
ਸੋਮਨਾਥ ਲਾਗੇ ਹੀ ਬਣਿਆ ਮੰਦਰ ਇਸ ਜਗ੍ਹਾ।
ਰਲ਼ਦੇ ਜਿਥੇ ਆਇਕੇ ਵੱਡੇ ਤਿੰਨ ਦਰਿਆ
ਅਜੇ ਤੀਕ ਅਹੀਰਨਾਂ ਕੱਪੜੇ ਪਾਣ ਸਿਆਹ।
ਤੁਰ ਪਏ ਇਥੋਂ ਮੌਜ ਵਿਚ ਗੁਰ ਸੋਰਠ ਦੇਸ਼ ਦੇ ਰਾਹ
ਜਿਸ ਇਲਾਕੇ ਜੋਗੀਆਂ ਦੀ ਸੀ ਵਾਹਵਾ ਚਰਚਾ।

ਪੁੱਜੇ ਨਾਨਕ ਗੁਰੂ ਜੋ ਸੋਰਠ ਦੇਸ਼ ਦੇ ਵਿਚ
ਰਾਜ ਮੁਜੱਫਰ ਦੂਜੇ ਦਾ ਸੀ ਜੂਨਾਗੜ੍ਹ ਦੇ ਵਿਚ।
ਮੰਦਰ ਮਸਜਿਦਾਂ ਜਟਿਲ ਸੀ ਇਤਿਹਾਸਕ ਰੂਪ
ਬੋਧਾਂ ਰਾਹੀਂ ਬਣਾਈਆਂ ਗੁਫ਼ਾਵਾਂ ਸਤੂਪ।
ਜੂਨਾਗੜ੍ਹ ਗਿਰਨਾਰ ਦੇ ਸਮੇਂ ਪੁਰਾਣੇ ਵਿਚ
ਨਾਨਕਸ਼ਾਹੀ ਗੁਰਦੁਆਰੇ ਹੈਗੇ ਸੀ ਸਥਿਤ।
ਦਾਤਾਗੰਜ ਬਖ਼ਸ਼ ਦੇ ਮਕਬਰੇ ਕੋਲ਼ੇ ਜਾ
ਵਰਜਿਆ ਸਤਗੁਰ ਮੋਮਨਾਂ ਪੂਜਣ ਤੋਂ ਕਬਰਾਂ।
ਜੂਨਾਗੜ੍ਹ ਤੋਂ ਚਲਦਿਆਂ ਪੋਰਬੰਦਰ ਦੇ ਰਾਹ
ਲੰਮਾ ਰਸਤਾ ਤਹਿ ਕਰ ਗੁਰ ਦਵਾਰਕਾ ਪੁੱਜੇ ਆ।

## ਦਵਾਰਕਾ

ਚਾਰ ਧਾਮ ਜੋ ਹਿੰਦੂਆਂ ਦੇ ਵਿਚੋਂ ਖ਼ਾਸ ਧਾਮ
ਰਾਜਧਾਨੀ ਜੋ ਯਾਦਵਾਂ ਭਾਗ ਲਾਏ ਸੀ ਸ਼ਾਮ।
ਮੂਰਤੀ ਹੈ ਜੋ ਕ੍ਰਿਸ਼ਨ ਦੀ ਆਖਣ ਜਿਸ 'ਰਣ ਛੋੜ'
ਗਏ ਧੀਸ਼ ਦੁਆਰਕਾ ਸੀ ਜਰਾਸੰਧ ਤੋਂ ਦੌੜ।
ਕੰਢੇ ਸੰਤ ਤਲਾਈ ਦੇ ਨਾਨਕ ਗਏ ਬੈਠ
ਗੁਰ ਸੰਗਤ ਪਿੱਛੋਂ ਬਣੀ ਦਿੱਤਾ ਗੁਰ ਉਪਦੇਸ਼।
'ਪਾਰਬ੍ਰਹਮ ਪੱਥਰ ਨਹੀਂ ਉਹ ਤਾਂ ਨਿਰੰਕਾਰ
ਸਾਜੀ ਉਸ ਮਨੁੱਖਤਾ ਜੋ ਕਰਨਾ ਚਾਹੀਏ ਪਿਆਰ'।
ਬੇਟ ਦੁਆਰਕਾ ਵਿਚ ਹੈ ਅਜੇ ਤੀਕ ਆਬਾਦ
ਧਰਮਸ਼ਾਲਾ ਇਕ ਸੋਹਣੀ ਵਿਚ ਬਾਬੇ ਦੀ ਯਾਦ।

## ਮਾਂਡਵੀ

ਮਰਦਾਨੇ ਸੰਗ ਸਤਗੁਰ ਚੜ੍ਹ ਨਿੱਕੇ ਜਹਾਜ਼
ਕੱਛ ਰਿਆਸਤ ਮਾਂਡਵੀ ਜਾ ਪੁੱਜੇ ਮਹਾਰਾਜ।
ਤੱਕੇ ਨਗਰ ਉਸ ਥਾਂ ਭੁੱਜ ਅਤੇ ਅੰਜਾਰ
ਪੰਥ ਕਾਪੜੀ ਵਾਮਮਾਰਗੀ ਸਾਧਾਂ ਦੀ ਭਰਮਾਰ।
ਦੇਵੀ ਭੈਰਵੀ ਪੂਜਕ ਬੈਠ ਵਿਚ ਭੈਰਵੀ ਚਕ੍ਰ
ਮਾਸ ਸ਼ਰਾਬ ਰਲਾਇਕੇ ਜਾਣ ਇਕੱਠੇ ਛੱਕ।
ਪੂਜਣ ਬਾਲਾ ਸੁੰਦਰੀ ਇਥੋਂ ਦੇ ਨਰ ਨਾਰ
ਦੇਵੀ ਭੈਰਵੀ ਦਾ ਕਰਨ ਸ਼ਰਧਾ ਸੰਗ ਸਤਿਕਾਰ।
ਸਾਗਰ ਕੰਢੇ ਆਸਾ ਪੂਰਨੀ ਦੇਵੀ ਦੇ ਅਸਥਾਨ
ਨਾਲ਼ ਰਬਾਬੀ ਸਤਗੁਰ ਡੇਰਾ ਕੀਤਾ ਆਣ।
ਵਾਮਮਾਰਗੀਆਂ ਹੋੜਿਆ ਤੁਰੇ ਵਿਕਾਰੀ ਰਾਹ
ਚਾਰਵਾਕੀਏ, ਪੰਜਮਕਾਰੀਆਂ ਸਤਿ ਦਾ ਮਗ ਦਿਖਾ।
ਏਸ ਜਗ੍ਹਾ ਦੀ ਮਿੱਟੀ ਵਿਚ ਖ਼ਾਸ ਸਿਫ਼ਤ ਸੀ ਜੋ
ਸੜਨ ਸਮੇਂ ਦੀ ਫੈਲਦੀ ਮਿੱਟੀ ਵਿਚ ਖ਼ੁਸ਼ਬੋ।
ਗੁਰਾਂ ਕਿਹਾ, 'ਮਿੱਟੀ ਤੋਂ ਹੀ ਬਣੀ ਮਨੁੱਖਾ ਦੇਹ
ਇਸ 'ਚੋਂ ਵੀ ਖ਼ੁਸ਼ਬੂ ਫੈਲੇ ਸਿਮਰਨ ਕਰੇ ਜੇ ਇਹ'।
ਆਸਾ ਰਾਗ 'ਚ ਉਚਰਿਆ ਸ਼ਬਦ ਗੁਰਾਂ ਨੇ ਆਣ
ਜੋਗੀ, ਭੋਗੀ, ਕਾਪੜੀਆਂ ਪ੍ਰਥਾਏਂ ਕਰ ਵਖਿਆਨ:



UNISTAR BOOKS PVT LTD.
Unistar Books Pvt Ltd.

UNISTAR BOOKS PVT LTD.

ਜੋਗੀ ਭੋਗੀ ਕਾਪੜੀ ਕਿਆ ਭਵਹਿ ਦਿਸੰਤਰ॥
ਗੁਰ ਕਾ ਸਬਦੁ ਨ ਚੀਨ੍ਹੀ ਤਤੁ ਸਾਰੁ ਨਿਰੰਤਰ॥੩॥
ਪੰਡਿਤ ਪਾਧੇ ਜੋਇਸੀ ਨਿਤ ਪੜ੍ਹਹਿ ਪੁਰਾਣਾ॥
ਅੰਤਰਿ ਵਸਤੁ ਨ ਜਾਣਨ੍ਹੀ ਘਟਿ ਬ੍ਰਹਮੁ ਲੁਕਾਣਾ॥੪॥
ਇਕਿ ਤਪਸੀ ਬਨ ਮਹਿ ਤਪੁ ਕਰਹਿ ਨਿਤ ਤੀਰਥ ਵਾਸਾ॥
ਆਪੁ ਨ ਚੀਨਹਿ ਤਾਮਸੀ ਕਾਹੇ ਭਏ ਉਦਾਸਾ॥੫॥
ਇਕਿ ਬਿੰਦੁ ਜਤਨ ਕਰਿ ਰਾਖਦੇ ਸੇ ਜਤੀ ਕਹਾਵਹਿ॥
ਬਿਨੁ ਗੁਰ ਸਬਦ ਨ ਛੂਟਹੀ ਭ੍ਰਮਿ ਆਵਹਿ ਜਾਵਹਿ॥੬॥
ਇਕਿ ਗਿਰਹੀ ਸੇਵਕ ਸਾਧਿਕਾ ਗੁਰਮਤੀ ਲਾਗੇ॥
ਨਾਮੁ ਦਾਨੁ ਇਸਨਾਨੁ ਦ੍ਰਿੜੁ ਹਰਿ ਭਗਤਿ ਸੁ ਜਾਗੇ॥੭॥
ਗੁਰ ਤੇ ਦਰੁ ਘਰੁ ਜਾਣੀਐ ਸੋ ਜਾਇ ਸਿਞਾਣੈ॥
ਨਾਨਕ ਨਾਮੁ ਨ ਵੀਸਰੈ ਸਾਚੇ ਮਨੁ ਮਾਨੈ॥੮॥੧੪॥ (**ਗੁਰੂ ਗ੍ਰੰਥ**, ਪੰਨਾ 419)

Unistar Books Pvt I

Pvt Ltd.

ਜੋਗੀ ਭੋਗੀ ਕਾਪੜੀਆਂ ਨੂੰ ਸਚ ਦਾ ਰਾਹ ਵਿਖਾ
ਲਖਪਤ ਤੇ ਕੁਰਿਆਣੀ ਹੁੰਦੇ ਬੀਸਨਗਰ ਗਏ ਆ।
ਭੀਮ ਉਡਿਆਰ ਤੇ ਮਾਨਸਰ ਇਥੋਂ ਦੇ ਧਰਮ ਸਥਾਨ
ਪੱਛਮੀ ਭਾਰਤੀ ਪਿੱਤਰਾਂ ਦੇ ਪਿੰਡ ਭਰਾਉਂਦੇ ਆਣ।
ਸਾਧੂ ਸੁਰਗੀਂ ਜਾਣ ਲਈ ਹਰਨ ਲਈ ਸਭ ਤਾਪ
ਛਾਤੀ ’ਤੇ ਲੁਆਉਂਦੇ ਭੁੱਲੜ ਛਾਪ ਦਾ ਦਾਗ਼।
ਗਰਮ ਲੋਹੇ ਭਖਾਇਕੇ ਲਗਦਾ ਹੈ ਇਹ ਦਾਗ਼
ਜ਼ਖ਼ਮ ਨੇ ਭਰਦੇ ਏਸ ਦੇ ਕਈ ਮਹੀਨੇ ਬਾਅਦ।
ਨਾਰਾਇਣ ਕੰਢੇ ਬਹਿ ਕੇ ਕਲ ਦੇ ਤਾਰਨਹਾਰ
ਆਖਿਆ, ‘ਕਲ ਵਿਚ ਨਾਮ ਹੀ ਭਉਜਲ ਲਾਊ ਪਾਰ’।
ਲੋਕਾਂ ਤਾਈਂ ਕੱਢ ਕੇ ਭਰਮਾਂ ਵਿਚੋਂ ਬਾਹਰ
ਦੱਸਿਆ, ‘ਦੁਨਿਆਵੀ ਛਾਪਾਂ ਕਰਦੀਆਂ ਨਹੀਂ ਉਧਾਰ।
ਜੀਵਨ ਵਿਚ ਕੀਤੇ ਕਰਮਾਂ ਤੇ ਜਪਿਆਂ ਹਰੀਨਾਮ
ਲੈ ਜਾਊ ਬੈਕੁੰਠ ਇਹ ਦਰਗਾਹ ਮਿਲੂਗੀ ਥਾਂਵ’।
ਬੀਸ ਨਗਰ ਤੋਂ ਸਤਗੁਰੂ ਉੱਤਰ ਵੰਨੀਂ ਜਾ
ਆਬੂ ਕੋਹ ਤੇ ਜਾਇਕੇ ਡੇਰਾ ਲਿਆ ਜਮਾ।

Unistar Books Pvt Ltd.

## ਆਬੂਕੋਹ

ਸਰਵੁੱਚ ਸਿਖ਼ਰ ਅਰਾਵਲੀ ਅਤਿ ਨਿਰਮਾਇਲ ਥਾਂ
ਜਿਥੇ ਮੁਨੀ ਵਸ਼ਿਸ਼ਟ ਸੀ ਉਮਰਾ ਲਈ ਵਿਹਾ।



UNISTAR BOOKS PVT LTD.

ਆਬੁਰਦਾਂਚਲ ਆਖਦੇ ਸੀ ਇਸ ਪ੍ਰਾਚੀਨ ਸਮਾਂ
'ਆਬੂਆਦਾ' ਹਿਮ ਪੁੱਤਰ ਦੇ ਨਾਂ 'ਤੇ ਪਿਆ ਨਾਂ।
ਪਹਿਲੋਂ ਸੀਗਾ ਏਸ ਥਾਂ ਸ਼ੈਵ ਮੱਤ ਦਾ ਸ਼ੋਰ
ਲੇਕਿਨ ਸਦੀ ਗਿਆਰਵੀਂ ਵਿਚ ਫੜਿਆ ਜੈਨੀਆਂ ਜ਼ੋਰ।
ਅਤਿ ਅਦੁੱਤੀ ਮੰਦਰਾਂ ਦਾ ਕਰਕੇ ਉਹ ਨਿਰਮਾਣ
ਵਾਦੀ ਅਤਿ ਸੁਹਾਵਣੀ ਵਿਚ ਕਾਬਜ਼ ਹੋਏ ਆਣ।
ਵਿਮਲ ਵਿਮਾਹੀ, ਦਿਲਵਾੜਾ ਜੱਗ 'ਚ ਬੇਮਿਸਾਲ
ਪਸ਼-ਪੰਖੀ ਮਾਨਵਕ੍ਰਿਤੀਆਂ ਸੁੰਦਰ ਮਾਨਵੀ ਘਾਲ਼।
ਉੱਚੀਆਂ ਮਨਮੋਹਕ ਕੰਧਾਂ ਮੰਦਰ ਦੇ ਦਲਾਨ
ਕੰਧਾਂ ਵਿਚਲੇ ਆਲ਼ਿਆਂ ਵਿਚ ਜੈਨ ਮੂਨੀ ਸੁਹਾਣ।
ਧੁਰ ਮੰਦਰ ਦੇ ਵਿਚਕਾਰੇ ਮੂਰਤੀ ਆਦਿ ਨਾਥ
ਹੀਰੇ ਜੜਤ ਅੱਖੀਆਂ 'ਚੋਂ ਪਵੇ ਬ੍ਰਹਿਮੰਡੀ ਝਾਤ।
ਅੱਠ ਪਹਿਲੂਆਂ ਵਿਚ ਸੋਹੇ ਗੁੰਬਦ ਫਾੜੀਦਾਰ
ਕੰਵਲ-ਪੰਖੜੀਆਂ ਫੁੱਲ-ਪੱਤੀਆਂ ਤੇ ਕੰਮ ਨਕਾਸ਼ੀਦਾਰ।
ਜੀਵ ਹਿੰਸਾ ਦੇ ਭਰਮ 'ਚੋਂ ਗੁਰ ਕੱਢ ਢੂੰਢੀਏ ਲੋਕ
ਰਾਹ ਦੱਸ ਸਿੱਧ-ਪੱਧਰਾ ਕੱਢਿਆ ਡਰ ਪਰਲੋਕ।
ਜੈਨੀਆਂ ਨੂੰ ਦ੍ਰਿੜ੍ਹਾਇਕੇ ਸਦ ਜੀਵਨ ਭਲਾ ਆਚਾਰ
ਉਦੇਪੁਰ ਦਿਉਂ ਰਸਤਿਉਂ ਗੁਰ ਪੁੱਜੇ ਨਾਥ ਦੁਆਰ।

## ਨਾਥ ਦੁਆਰ

ਭੁੱਲਿਆ ਪੂਜਾ ਇੰਦਰ ਦੀ ਜੋ ਗੋਆਲਾ ਪਰਿਵਾਰ
ਕਾਨ੍ਹ ਤਾਈਂ ਦੇਵਣ ਲੱਗੇ ਮਮਤਾ ਮੋਹ ਦੁਲਾਰ।
ਵਾਂਗ ਛਤਰੀ ਤਲੀ 'ਤੇ ਕ੍ਰਿਸ਼ਨ ਗੋਵਰਧਨ ਧਾਰ
ਬ੍ਰਿਜ ਭੂਮੀ ਬਚਾ ਲਈ ਇੰਦਰ ਤੋਂ ਨੰਦ ਲਾਲ।
ਮਰਦਾਨੇ ਸੰਗ ਨਾਨਕ ਜੀ ਪੁੱਜੇ ਨਾਥ ਦੁਆਰ
ਮੂਰਤੀ ਤੱਕੀ ਕਾਨ੍ਹ ਦੀ ਮੰਦਰ ਦੇ ਵਿਚਕਾਰ।
ਛੇ ਰੁੱਤਾਂ ਦੇ ਵੱਖਰੇ ਮੇਵਿਆਂ ਲੱਗਣ ਭੋਗ
ਧਨ ਦੌਲਤ ਅੰਬਾਰ ਤੇ ਅੰਨ੍ਹੀ ਸ਼ਰਧਾ ਲੋਕ।
ਰਤਨ ਜੜਾਊ ਗਹਿਣੇ ਪਾ ਅਤਰ ਫਲੇਲਾਂ ਧਾਰ
ਮਹੰਤ ਗੁਸਾਈਂ ਲੰਘਿਆ ਵਿਚ ਡਾਢੇ ਅਹੰਕਾਰ॥
ਦਾਨੇ ਕਿਹਾ, 'ਸਤਗੁਰੂ! ਵੱਡਾ ਇਸ ਗ਼ੁਮਾਨ'
ਗਉੜੀ ਰਾਗ 'ਚ ਉਚਰਿਆ ਸ਼ਬਦ ਗੁਰਾਂ ਨੇ ਆਣ।

ਚੋਆ ਚੰਦਨੁ ਅੰਕਿ ਚੜਾਵਉ॥
ਪਾਟ ਪਟੰਬਰ ਪਹਿਰਿ ਹਢਾਵਉ॥
ਬਿਨੁ ਹਰਿ ਨਾਮ ਕਹਾ ਸੁਖੁ ਪਾਵਉ॥੧॥
ਕਿਆ ਪਹਿਰਉ ਕਿਆ ਓਢਿ ਦਿਖਾਵਉ॥
ਬਿਨੁ ਜਗਦੀਸ ਕਹਾ ਸੁਖੁ ਪਾਵਉ॥੧॥ ਰਹਾਉ॥
ਕਾਨੀ ਕੁੰਡਲ ਗਲਿ ਮੋਤੀਅਨ ਕੀ ਮਾਲਾ॥
ਲਾਲ ਨਿਹਾਲੀ ਫੂਲ ਗੁਲਾਲਾ॥
ਬਿਨੁ ਜਗਦੀਸ ਕਹਾ ਸੁਖੁ ਭਾਲਾ॥੨॥
ਨੈਨ ਸਲੋਨੀ ਸੁੰਦਰ ਨਾਰੀ॥
ਖੋੜ ਸੀਗਾਰ ਕਰੈ ਅਤਿ ਪਿਆਰੀ॥
ਬਿਨੁ ਜਗਦੀਸ ਭਜੇ ਨਿਤ ਖੁਆਰੀ॥੩॥
ਦਰ ਘਰ ਮਹਲਾ ਸੇਜ ਸੁਖਾਲੀ॥
ਅਹਿਨਿਸਿ ਫੂਲ ਬਿਛਾਵੈ ਮਾਲੀ॥
ਬਿਨੁ ਹਰਿ ਨਾਮ ਸੁ ਦੇਹ ਦੁਖਾਲੀ॥੪॥
ਹੈਵਰ ਗੈਵਰ ਨੇਜੇ ਵਾਜੇ॥
ਲਸਕਰ ਨੇਬ ਖਵਾਸੀ ਪਾਜੇ॥
ਬਿਨੁ ਜਗਦੀਸ ਝੂਠੇ ਦਿਵਾਜੇ॥੫॥
ਸਿਧੁ ਕਹਾਵਉ ਰਿਧਿ ਸਿਧਿ ਬੁਲਾਵਉ॥
ਤਾਜ ਕੁਲਹ ਸਿਰਿ ਛਤ੍ਰੁ ਬਨਾਵਉ॥
ਬਿਨੁ ਜਗਦੀਸ ਕਹਾ ਸਚੁ ਪਾਵਉ॥੬॥
ਖਾਨੁ ਮਲੂਕੁ ਕਹਾਵਉ ਰਾਜਾ॥
ਅਬੇ ਤਬੇ ਕੂੜੇ ਹੈ ਪਾਜਾ॥
ਬਿਨੁ ਗੁਰ ਸਬਦ ਨ ਸਵਰਸਿ ਕਾਜਾ॥੭॥
ਹਉਮੈ ਮਮਤਾ ਗੁਰ ਸਬਦਿ ਵਿਸਾਰੀ॥
ਗੁਰਮਤਿ ਜਾਨਿਆ ਰਿਦੈ ਮੁਰਾਰੀ॥
ਪ੍ਰਣਵਤਿ ਨਾਨਕ ਸਰਣਿ ਤੁਮਾਰੀ॥੮॥੧੦॥ (**ਗੁਰੂ ਗ੍ਰੰਥ**, ਪੰਨਾ 225)

ਚੋਟ ਸ਼ਬਦ ਦੀ ਖਾਇ ਮਹੰਤ ਚਰਨੀ ਢੱਠਾ ਆਣ
'ਸੇਵਾ ਕਿਹੜੀ ਉੱਤਮ ਹੈ ?' ਪੁੱਛਿਆ ਤਜਦਿਆਂ ਮਾਣ।
'ਜਿਤ ਸੇਵਾ ਤੇ ਗੁਰ ਮਿਲੇ ਸਾ ਸੇਵਾ ਪਰਵਾਨ
ਮਨਮੁਖ ਤੋਟਾ ਨਿਤ ਹੈ ਭਰਮੇ ਅੰਧ ਅਗਿਆਨ।
ਚੋਆ ਚੰਦਨ ਖੁਸ਼ਬੋਆਂ ਰੇਸ਼ਮ ਦੇਹ ਲਿਬਾਸ
ਸਭ ਵਿਖਾਲੇ ਕੂੜ ਦੇ ਬਿਨ ਸੱਚੇ ਦੀ ਆਸ।'

UNISTAR BOOKS PVT LTD.
Unistar Books Pvt Ltd.

ਨਿਸ਼ਾ ਕਰੀ ਮਹੰਤ ਦੀ ਗੁਰ ਕੱਟੇ ਮਾਇਆ ਛੋਰ
ਇਕ ਠਾਕੁਰ ਦੀ ਸੇਵ ਤੇ ਦਿੱਤਾ ਸਾਹਿਬ ਜ਼ੋਰ।
'ਇਕੋ ਜਪ ਇਕੋ ਸਾਲਾਹਿ' ਲਾ ਕੇ ਧੁਨੀ ਚੁਫ਼ੇਰ
ਲੰਘਦੇ ਹੋਏ ਚਿਤੌੜਗੜ੍ਹ ਜਾ ਪੁੱਜੇ ਗੁਰ ਅਜਮੇਰ।

UNISTAR BOOKS PVT LTD.

## ਅਜਮੇਰ

ਵੱਡਾ ਗੁਰੂ ਫਰੀਦ ਦਾ ਉੱਘਾ ਵਿਚ ਸੰਸਾਰ
ਸ਼ੇਖ ਮੁਈਨੁਦੀਨ ਚਿਸ਼ਤੀ ਅੱਲਾਹ ਖ਼ਿਦਮਤਗਾਰ।
ਨੀਂਹ ਰੱਖੀ ਅਜਮੇਰ ਦੀ ਸੀ ਅਜੈਪਾਲ ਚੌਹਾਨ
ਮੁਈਨੁਦੀਨ ਚਿਸ਼ਤੀ ਦਾ ਮੁਕੱਦਸ ਇਹ ਸਥਾਨ।
ਆਇਆ ਸੀ ਮੱਧ ਏਸ਼ੀਆ ਤੋਂ ਵਿਚ ਗਿਆਨ ਦੀ ਖੋਜ
ਮੱਧ ਬਾਰ੍ਹਵੀਂ ਸਦੀ ਦਾ ਆ ਪੁੱਜਾ ਇਕ ਰੋਜ਼।
ਇਸਲਾਮੀ ਪ੍ਰਚਾਰ ਕਰ ਸੱਤਰ ਵਰ੍ਹਿਆਂ ਤੱਕ
ਪੁੱਤਰੀ ਫ਼ਿਜ਼ਾ ਜਮਾਲ ਵੀ ਧਰਮ 'ਚ ਸੀ ਪ੍ਰਪੱਕ।
ਦੂਰ-ਦੁਰਾਡਿਉਂ ਹਿੰਦੂ ਮੁਸਲਿਮ ਪੁੱਜਣ ਇਸ ਦਰਗਾਹ
ਕਰਨ ਜ਼ਿਆਰਤ ਏਸ ਥਾਂ ਭਰਦੇ ਝੋਲ਼ੀ ਆ।

Unistar Books Pvt

ਜਪਦੇ ਓਅੰਕਾਰ ਗੁਰ ਪੁੱਜੇ ਵਿਚ ਅਜਮੇਰ
ਰਾਜਪੂਤਾਨੀ ਧਰਤ 'ਤੇ ਦਿੱਤੀ ਮਹਿਕ ਬਖੇਰ।
ਬੈਠੇ ਲਾਗੇ ਮਕਬਰੇ ਮਰਦਾਨੇ ਦੇ ਸੰਗ
ਉਰਸ ਸਾਲਾਨਾ ਰੌਣਕਾਂ ਵਿਚ ਲੋਕ ਆਏ ਵੰਨ-ਵੰਨ।
ਪੀਰਾਂ ਅਤੇ ਮਜਾਵਰਾਂ ਵਿਚ ਕਰ ਸਲਾਮ ਦੁਆ
ਬੈਠੇ ਚਰਚਾ ਕਰਨ ਹਿਤ ਨੇਮ ਇਸਲਾਮ ਸ਼ਰਾਅ।
ਅਲਾਉਦੀਨ, ਸ਼ਮਸ਼ਦੀਨ ਚੇਲੇ ਚਿਸ਼ਤੀ ਖ਼ਾਸ
ਗਿਆਨ ਗੋਸ਼ਟੀ ਆਸ ਵਿਚ ਆ ਬੈਠੇ ਗੁਰ ਪਾਸ।
ਛੋਹੀਆਂ ਤਾਰਾਂ ਮਰਦਾਨੇ ਰੁਮਕੀਆਂ ਸੁਰਾਂ ਰਬਾਬ
ਬਾਬੇ ਨਾਨਕ ਗਾਵਿਆ ਸ਼ਬਦ ਬਾਣੀ 'ਵਾਰ ਮਾਝ'।

Unistar Books Pvt Ltd.

ਮੁਸਲਮਾਣੁ ਕਹਾਵਣੁ ਮੁਸਕਲੁ
ਜਾ ਹੋਇ ਤਾ ਮੁਸਲਮਾਣੁ ਕਹਾਵੈ॥
ਅਵਲਿ ਅਉਲਿ ਦੀਨੁ ਕਰਿ ਮਿਠਾ
ਮਸਕਲ ਮਾਨਾ ਮਾਲੁ ਮੁਸਾਵੈ॥
ਹੋਇ ਮੁਸਲਿਮੁ ਦੀਨ ਮੁਹਾਣੈ
ਮਰਣ ਜੀਵਣ ਕਾ ਭਰਮੁ ਚੁਕਾਵੈ॥

UNISTAR BOOKS PVT LTD.

ਰਬ ਕੀ ਰਜਾਇ ਮੰਨੇ ਸਿਰ ਉਪਰਿ
ਕਰਤਾ ਮੰਨੇ ਆਪੁ ਗਵਾਵੈ॥
ਤਉ ਨਾਨਕ ਸਰਬ ਜੀਆ ਮਿਹਰੰਮਤਿ
ਹੋਇ ਤ ਮੁਸਲਮਾਣੁ ਕਹਾਵੈ॥੧॥ (**ਗੁਰੂ ਗ੍ਰੰਥ**, ਪੰਨਾ 141)

ਨਾਨਕ ਕਿਹਾ, 'ਸਚ ਵਿਚ ਜੋ ਸਚਾ ਮੁਸਲਮਾਣ
ਪਹਿਲਾਂ ਰੱਬੀ ਫ਼ੱਕਰਾਂ ਦਾ ਦੀਨ ਮਿੱਠਾ ਕਰ ਜਾਣ।
ਪੈਗ਼ੰਬਰ ਦਾ ਹੋਇਕੇ ਸੱਚਾ ਉਹ ਫ਼ਕੀਰ
ਜਨਮ ਮਰਨ ਭੈ-ਰਹਿਤ ਹੋਏ ਸ੍ਵੈ-ਅਹੰਗਤਾ ਚੀਰ।
ਕੂੜ ਅਡੰਬਰ ਤਿਆਗ ਕੇ ਜੀਅ ਦਇਆ ਕਰ ਦਾਨ
ਸਾਹਿਬ ਦਾ ਜੋ ਹੁਕਮ ਕਰੇ ਸਿਰ-ਮੱਥੇ ਪਰਵਾਨ'।
ਪੰਜ ਸੁਕਰਮ ਨਿਭਾਵਣੇ ਜੋ ਲਿਖੇ ਵਿਚ ਸ਼ਰਾਅ
ਰੋਜ਼ਾ ਹਜ ਨਮਾਜ਼ ਜਕਾਤ ਤੇ ਪੰਜਵਾਂ ਕਲਮਾ।
ਮਾਝ ਰਾਗ ਵਿਚ ਉਚਰਿਆ ਬਾਬੇ ਹੋਰ ਸਲੋਕ
ਪੰਜ ਨਮਾਜ਼ਾਂ ਸਾਰ ਰੂਪ ਰੱਖਿਆ ਸਾਹਵੇਂ ਲੋਕ।

ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ॥
ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ॥
ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ॥
ਕਰਣੀ ਕਲਮਾ ਆਖਿ ਕੈ ਤਾ ਮੁਸਲਮਾਣੁ ਸਦਾਇ॥
ਨਾਨਕ ਜੇਤੇ ਕੂੜਿਆਰ ਕੂੜੈ ਕੂੜੀ ਪਾਇ॥੩॥ (**ਗੁਰੂ ਗ੍ਰੰਥ**, ਪੰਨਾ 141)

ਤਾਤਪਰਜ ਸੀ ਏਸਦਾ ਸਤ ਕਰਮ ਦਾ ਜਾਪ
ਪੰਜਾਂ ਨਾਵਾਂ ਦੇ ਹੇਠ ਜੋ ਪੰਜ ਵਕਤੀ ਨਮਾਜ਼।
ਹੱਕ ਆਹਾਰ ਤੇ ਨੇਕ ਕਾਰ ਲੋੜਵੰਦਾਂ ਲਈ ਦਾਨ
ਨੀਅਤ ਸਾਫ਼, ਸਲਾਹ ਸਤਿ, ਅਲਾਹ ਤੇ ਈਮਾਨ।
ਫ਼ੱਕਰ ਤੇ ਦਰਵੇਸ਼ ਦੇ ਲੱਛਣਾਂ ਨੂੰ ਦਰਸਾ
ਨਾਨਕ ਕੂੜੇ ਭੇਖ 'ਤੇ ਦਿੱਤਾ ਚਾਨਣ ਪਾ।
ਦੱਸੀ ਏਕਾ ਬੰਦਗੀ ਏਕੇ 'ਤੇ ਵਿਸ਼ਵਾਸ
ਸੇਵਾ ਕਰਨੀ ਖ਼ਲਕ ਦੀ ਸਭ ਤੋਂ ਵੱਡਾ ਜਾਪ।
ਮੁਰੀਦਾਂ ਅਤੇ ਮੁਜਾਵਰਾਂ ਸੰਗ ਬੋਲ ਸਾਂਝ ਦੀ ਪਾ
ਗੋਰ ਪੂਜਾ ਤੋਂ ਵਰਜਦਿਆਂ ਫੜ੍ਹਿਆ ਪੁਸ਼ਕਰ ਰਾਹ।

UNISTAR BOOKS PVT LTD.
Unistar Books Pvt Ltd.

## ਪੁਸ਼ਕਰ

ਪੈਰਾਂ ਵਿਚ ਪਹਾੜ ਦੇ ਫੈਲਿਆ ਮੀਲੋ-ਮੀਲ
ਸਤ ਕੋਹ ਦੀ ਵਾਟ ਤੇ ਸੋਹਣੀ ਪੁਸ਼ਕਰ ਝੀਲ।
ਬ੍ਰਹਮਾ ਜੀ ਨੇ ਏਸ ਦਾ ਕੀਤਾ ਖ਼ੁਦ ਨਿਰਮਾਣ
ਪੂਰੇ ਵਿਸ਼ਵ 'ਚ ਇਕਲੌਤਾ ਬਣਿਆ ਬ੍ਰਹਮ-ਸਥਾਨ।
ਕਹਿੰਦੇ, ਬ੍ਰਹਮਾ ਲੰਘਿਆ ਸੀ ਪੁਸ਼ਪ ਹੱਥਾਂ ਵਿਚ ਫੜ
ਕੁਝ ਕੁ ਪੱਤੀਆਂ ਏਸ ਥਾਂ ਉਸ ਹੱਥੋਂ ਗਈਆਂ ਝੜ।
ਤਦ ਤੋਂ ਲੋਕਾਂ ਰੱਖਿਆ ਪੁਸ਼ਕਰ ਇਸ ਦਾ ਨਾਮ
ਜਨਮ ਕਰਮ ਮਲ ਲਾਹੁਣ ਲਈ ਲੋਕ ਕਰਨ ਇਸ਼ਨਾਨ।
ਡਾਢੀ ਸੁੰਦਰ ਝੀਲ ਇਹ ਲੰਮੀ ਚਾਰ ਕੁ ਕੋਹ
ਹਿੰਦੂ ਮੰਦਰ ਅਣਗਿਣਤ ਇਸ ਕੰਢੇ ਸੋਹਣ ਜੋ।
ਗਾਇਤ੍ਰੀ, ਸਵਿਤ੍ਰੀ ਤੇ ਤੀਜੀ ਮੂਰਤੀ ਬ੍ਰਹਮ
ਦੇਸ਼ ਵਿਦੇਸ਼ੋਂ ਲੋਕ ਆ ਇਥੇ ਕਰਨ ਨਮਨ।
ਬਾਵਨ ਘਾਟਾਂ 'ਚੋਂ ਪ੍ਰਸਿੱਧ ਹੈ ਬ੍ਰਹਮਾ ਗੋਘਾਟ
ਸ਼ਰਧਾਲੂ ਮਿਲ ਪੁੱਜਦੇ ਤਹਿ ਕਰ ਲੰਮੀ ਵਾਟ।
ਲੋਕ-ਮਨੀਂ ਜੋ ਪਾਇਆ ਪਾਂਡਿਆਂ ਅੰਧ-ਗਿਆਨ
ਸੰਪੰਨ ਹੁੰਦੀ ਯਾਤਰਾ ਪੁਸ਼ਕਰ ਕਰ ਇਸ਼ਨਾਨ।
ਗੇੜ ਚੁਰਾਸੀਓਂ ਡਰਦਿਆਂ ਲੋਕੀਂ ਇਥੇ ਆਣ
ਦਾਨ ਕਰਨ ਹਿਤ ਪਿੱਤਰਾਂ ਵਿਚ ਸਰੋਵਰ ਨ੍ਹਾਣ।

ਚੱਲ ਅਜਮੇਰ ਤੋਂ ਸਤਗੁਰੂ ਸਤਿ ਉਪਦੇਸ਼ ਦ੍ਰਿੜ੍ਹਾਣ
ਪ੍ਰਕਿਰਤੀ ਦੀ ਗੋਦ ਬਸੇ ਪੁਸ਼ਕਰ ਪੁੱਜੇ ਆਣ।
ਕਰਕੇ ਚਰਚਾ ਗੋਸ਼ਟੀ ਰਿਸ਼ੀਆਂ ਮੁਨੀਆਂ ਸੰਗ
ਦੱਸੀ ਸੇਵ ਮਨੁੱਖਤਾ ਦੀ ਸੋਹਣਾ ਜੀਵਨ ਢੰਗ।
ਨਾਨਕ ਕਿਹਾ, 'ਭਲਾ ਹੋਊ ਜੋ ਧਰਮਸ਼ਾਲ ਬਣਵਾਏ
ਲੰਗਰ ਲੋੜਵੰਦਾਂ ਛਕਾ ਕੇ ਜਨਮ ਸਫ਼ਲ ਹੋਏ ਜਾਏ'।
ਜਨਮੀ ਕਰਮੀ ਮਲ ਲੱਗੀ ਨਾਤ੍ਹਿਆਂ ਮੂਲ ਨ ਜਾਏ
ਅੰਤਰਗਤ ਤੀਰਥ ਨ੍ਹਾਤੇ ਜਨਮ ਗੇੜ ਮੁੱਕ ਪਾਏ।'
ਬੈਠੇ ਸਨ ਜਿਥੇ ਗੁਰੂ ਫਿਰ ਦਸਵੇਂ ਪਿਤਾ ਬਿਰਾਜ
ਯਾਦ ਦਿਵਾਉਂਦਾ ਗੁਰਦੁਆਰਾ ਕੰਢੇ ਗੋਬਿੰਦ ਘਾਟ।
ਅੱਜ ਵੀ ਘਾਟਾਂ ਕੰਢਿਆਂ ਜਾ ਲੋਕ ਕਰਨ ਇਸ਼ਨਾਨ
ਸ਼ਰਧਾ ਸੰਗ ਲੰਗਰ ਛਕਣ ਗੁਰਦੁਆਰੇ ਆਣ।

UNISTAR BOOKS PVT LTD.
Unistar Books Pvt Ltd.
UNISTAR BOOKS PVT LTD.

ਜਿਥੇ ਬੈਠੇ ਸੀ ਗੁਰੂ ਸੱਚ ਦਾ ਦੇਣ ਪੈਗ਼ਾਮ
ਵਰਖਾ ਹੁੰਦੀ ਨਾਮ ਦੀ ਅੱਜ ਵੀ ਉਸ ਅਸਥਾਨ।

## ਮਥਰਾ

ਪਹਿਨ ਚਾਦਰੇ ਉੱਪਰ-ਥੱਲੇ ਸਿਰ ਅੰਗਓਛਾ ਖ਼ਾਸ
ਮਰਦਾਨੇ ਸੰਗ ਪੁੱਜੇ ਮੰਦਰ ਕ੍ਰਿਸ਼ਨ ਦੇਵਾਂ ਦੇ ਪਾਸ।
ਨਾਨਕ ਵੇਲ਼ੇ ਮਥਰਾ ਸੀ ਕੇਂਦਰ ਵਿਸ਼ਨੂੰ ਮੱਤ
ਹਿੰਦੂ ਪਾਵਨ ਨਗਰੀ ਸੀ ਨਗਰੀਆਂ 'ਚੋਂ ਸੱਤ।
ਮਥਰਾ ਇਰਦ ਚੌਰਾਸੀ ਕੋਹ ਬ੍ਰਿਜਭੂਮੀ ਅਖਵਾਏ
ਬ੍ਰਿਜਭੂਮੀ ਤੋਂ ਅਰਥ ਹੈ 'ਗਊ ਰਿਹਾਇਸ਼' ਥਾਂਏ।
ਚਾਰੋਂ ਗੁੱਠੇ ਇਸ ਦੇ ਸ਼ਿਵ ਮੰਦਰ ਹਨ ਚਾਰ
ਆਖਣ ਸ਼ਿਵ ਨੂੰ ਏਸ ਲਈ ਮਥਰਾ ਕੋਤਵਾਲ।
ਜਨਮ ਹੋਆ ਸ੍ਰੀ ਕ੍ਰਿਸ਼ਨ ਦਾ ਸੀ ਕੰਸ ਦੇ ਕਾਰਾਵਾਸ
ਜਨਮਭੂਮੀ ਇਹ ਕ੍ਰਿਸ਼ਨ ਦੀ ਬਣੀ ਸਦੀਵੀ ਖ਼ਾਸ।
ਮੰਦਰ ਵਿਚ ਭਗਵਾਨ ਦੇ ਤੱਕੀ ਪੈਂਦੀ ਰਾਸ
ਗੋਪੀਆਂ ਦੇ ਹਾਵਾਂ-ਭਾਵਾਂ ਵਿਚ ਕਾਮੁਕਤਾ ਵਾਸ।
ਜਨਮ ਸੁਧਾਰਨ ਕ੍ਰਿਸ਼ਨ ਦੇ ਸਾਂਗ ਬਦਲਵੇਂ ਧਾਰ
ਕਾਨ੍ਹਾਂ ਦੇ ਵੱਡ ਧਰਮ ਨੂੰ ਰਹੇ ਸੀ ਧਰਤ ਨਿਘਾਰ।
ਮਰਦਾਨੇ ਜਦ ਭਾਂਪਿਆ ਲੋਕਾਂ ਦਾ ਕਿਰਦਾਰ
ਰਿਹਾ ਨਾ ਗਿਆ ਉਸ ਤੋਂ ਉੱਠਿਆ ਕਹਿ ਪੁਕਾਰ।
'ਲੋਕੀਂ ਹਨ ਬਾਬਾ! ਲੁੱਚੇ-ਲੱਵਾਰ, ਚੋਰ-ਯਾਰ
ਤੀਰਥਾਂ 'ਤੇ ਨਹੀਂ ਚਾਹੀਦੇ ਐਸੇ ਖ਼ਿਦਮਤਗਾਰ'।
ਬਾਬੇ ਤੱਕਿਆ ਪੇਟ ਲਈ ਲੋਕੀਂ ਪੂਰਣ ਤਾਲ
ਕੀਤਾ ਗੁਰ ਵਖਿਆਨ ਤਦ ਵਿਚ ਆਸਾ ਦੀ ਵਾਰ।

ਕੇਤੇ ਨਚਹਿ ਮੰਗਤੇ ਗਿੜਿ ਮੁੜਿ ਪੂਰਹਿ ਤਾਲ॥
ਬਾਜਾਰੀ ਬਾਜਾਰ ਮਹਿ ਆਇ ਕਢਹਿ ਬਾਜਾਰ॥
ਗਾਵਹਿ ਰਾਜੇ ਰਾਣੀਆ ਬੋਲਹਿ ਆਲ ਪਤਾਲ॥
ਲਖ ਟਕਿਆ ਕੇ ਮੁੰਦੜੇ ਲਖ ਟਕਿਆ ਕੇ ਹਾਰ॥
ਜਿਤੁ ਤਨਿ ਪਾਈਅਹਿ ਨਾਨਕਾ ਸੇ ਤਨ ਹੋਵਹਿ ਛਾਰ॥
ਗਿਆਨੁ ਨ ਗਲੀਈ ਢੂਢੀਐ ਕਥਨਾ ਕਰੜਾ ਸਾਰੁ॥ (**ਗੁਰੂ ਗ੍ਰੰਥ**, ਪੰਨਾ 464)

ਮਰਦਾਨੇ ਲਾਗੇ ਬੈਠਾ ਸੀ ਚੋਬਾ ਸੁਣ ਰਿਹਾ
ਕਲਜੁਗ ਮੋਢੇ ਰੱਖ ਉਸ ਦਿੱਤਾ ਬਾਣ ਚਲਾ।



UNISTAR BOOKS PVT LTD. Unistar Books Pvt Ltd.

ਸਾਂਗ ਬਦਲਵੇਂ ਰਾਸਧਾਰੀਆਂ ਕਰਨ ਹਿਤ ਬਚਾਅ
ਆਖੇ, 'ਕਲਜੁਗ ਭ੍ਰਿਸ਼ਟਤੀ ਦੇਵੀਪੁਰੀ ਦੀ ਥਾਂ।
ਹੋਰ ਥਾਈਂ ਦਿੱਤਾ ਲੋਕਾਂ ਕਲਜੁਗ ਨੂੰ ਨਸਾ
ਧਰਮ ਸਥਾਨਾਂ ਆਇਕੇ ਲੈ ਲਈ ਉਸ ਪਨਾਹ'।
ਚੋਬੇ ਦੀ ਢੁੱਚਰ ਸੁਣ ਕੇ ਨਾਨਕ ਕਿਹਾ ਵੀਚਾਰ
'ਆਪਣੀ ਕਮਜ਼ੋਰੀ ਮੜ੍ਹਨਾ ਦੂਜੇ ਸਿਰ ਬੇਕਾਰ।'
ਰਾਗ ਰਾਮਕਲੀ ਦੇ ਵਿਚ ਨਾਨਕ ਸ਼ਬਦ ਬੀਚਾਰ
ਕਲ ਲੱਖਣ ਬਾਰੇ ਪਾਂਡੇ ਨੂੰ ਦਿੱਤੀ ਸੋਝੀ ਸਾਰ।
ਮਥਰਾ ਵਿਚ ਸਮਾਨੀ ਰੇਲਵੇ ਟੇਸ਼ਨ ਨੇੜੇ ਖ਼ਾਸ
ਗੁਰ ਨਾਨਕ ਬਗੀਚੀ ਗੁਰਦੁਆਰਾ ਬਣਿਆ ਖ਼ਾਸ।
ਧਰਮ ਤਾਂ ਜੀਵਨ ਜਾਂਚ ਹੈ ਨਾ ਕਿ ਇਕ ਵਪਾਰ
ਧਰਮ ਨਾਮ 'ਤੇ ਠੱਗੀ ਠਉਰੀ ਜੀਵਨ ਹੈ ਧਿੱਕਾਰ।

## ਬ੍ਰਿੰਦਾਬਨ

Unistar Books Pvt Ltd.

ਦੇ ਕੇ ਮਥਰਾ ਵਾਸੀਆਂ ਨੂੰ ਸਤ-ਧਰਮ ਪੈਗ਼ਾਮ
ਬਾਬੇ ਤੇ ਦਾਨੇ ਆ ਕੀਤਾ ਬ੍ਰਿੰਦਾਬਨ ਮੁਕਾਮ।
ਜਿਥੇ ਗਊਆਂ ਚਾਰੀਆਂ ਸੀ ਸਿਰੀ ਨਰਾਇਣ ਬਾਲ
ਬ੍ਰਿੰਦਾਬਨ ਬਨਖੰਡ ਵਿਚ ਖੇਡੇ ਸੀ ਨੰਦ ਲਾਲ।
ਸਖੀਆਂ ਗੋਪੀਆਂ ਸੰਗ ਮਿਲ ਕੀਤੇ ਅਚਰਜ ਚੋਜ
ਨਾਲ਼ ਰਾਧਿਕਾ ਪ੍ਰੇਮ ਦੀ ਮਾਣੀ ਆਤਮ ਮੌਜ।
ਚੱਪਾ-ਚੱਪਾ ਏਸ ਥਾਂ ਦਾ ਮੰਨਣ ਲੋਕ ਪੁਨੀਤ
ਤੁਲਸੀ ਜੰਗਲ 'ਚੋਂ ਉੱਠੇ ਖ਼ੁਸ਼ਬੋਈ ਇਸ਼ਮੀਤ।
'ਨਾਮਦੇਵ ਜੀ ਇਕ ਸ਼ਬਦ ਵਿਚ ਦਿੱਤੈ ਸੋਹਣਾ ਸਾਰ
ਰਾਮਬੇਨ ਧੁਨ ਵੱਜਣ ਨੂੰ ਧੰਨ-ਧੰਨ ਕਿਹਾ ਪੁਕਾਰ।
ਦੇਵਕੀ ਮਾਤਾ ਰਾਮਈਆ ਨੂੰ ਆਖਿਆ ਉਸ ਧੰਨ-ਧੰਨ
ਨਾਲ਼ ਹੀ ਧੰਨ-ਧੰਨ ਕਹਿ ਉਠੇ ਬਨਖੰਡ ਬ੍ਰਿੰਦਾਬਨ'।
ਮੰਦਰ ਗੋਬਿੰਦ ਦੇਉ ਦਾ ਤੱਕਿਆ ਗੁਣੀ ਨਿਧਾਨ
ਮੰਦਰ ਚੋਟੀ 'ਤੇ ਜਗੇ ਦੀਪਕ ਨਿਸਦਿਨ ਆਣ।
ਸਾਧੂਆਂ ਧਰਮ-ਢੁੰਢਾਊਆਂ ਨੂੰ ਦੱਸੀ ਜੀਵਨ ਜੁਗਤ
'ਸਹਜ ਮਿਲੇ ਮਿਲਿਆ ਪਰਵਾਨ' ਇਸੇ ਵਿਚ ਹੀ ਮੁਕਤ।
ਗੋਵਰਧਨ, ਗੋਕਲ, ਮਥੁਰਾ, ਬ੍ਰਿਜਭੂਮੀ ਬਨਖੰਡ
ਨਾਲ਼ ਰਬਾਬੀ ਤੁਰ ਪਏ ਵੱਲ ਰੁਹੇਲਖੰਡ।



UNISTAR BOOKS PVT LTD.

## ਰੁਹੇਲਖੰਡ

ਢੋਰਾਂ ਵਾਂਗੂੰ ਵਿਕਦੇ ਲੋਕਾਂ ਦੀ ਬਣ ਆਵਾਜ਼
ਆਪੂੰ ਬਣੇ ਗ਼ੁਲਾਮ ਗੁਰ 'ਗ਼ੁਲਾਮ ਪ੍ਰਥਾ' ਖ਼ਿਲਾਫ਼।
ਹੱਥੋਂ ਸ਼ਕਤੀਵਰਾਂ ਦੇ ਨਿਰਬਲ ਜਾਂਦੇ ਰੋਲ
ਤਕੜੇ ਅਤੇ ਮਾੜਿਆਂ ਦਾ ਆਦਿ-ਜੁਗਾਦੀ ਘੋਲ਼।
ਬਹੁਤੇ ਦੇਸ਼ਾਂ ਵਿਚਲਾ ਮੱਧਕਾਲੀ ਇਤਿਹਾਸ
ਇਸ ਗ਼ੁਲਾਮੀ ਪ੍ਰਥਾ ਨੂੰ ਪ੍ਰਗਟ ਕਰਦਾ ਖ਼ਾਸ।
ਮਰੇ ਜ਼ਮੀਰ ਸਮਾਜ ਦੀ ਜੋ ਮੁੱਕਣ ਨੈਤਿਕ ਮੁੱਲ
ਰਾਜ, ਨਿਯਾਂ ਦੀ ਤਰਫ਼ ਤੋਂ ਮਿਲੇ ਮਾਨਤਾ ਕੁੱਲ।
ਖਿੱਤੇ ਵਿਚ ਰੁਹੇਲਖੰਡ ਬਹੁਤੇ ਤੁਰਕ ਪਠਾਣ
ਅਜਨਬੀ ਲੋਕਾਂ ਤਾਈਂ ਤੁਰਤ ਗ਼ੁਲਾਮ ਬਣਾਣ।

ਇਕ ਰੁਹੇਲਾ ਚੌਧਰੀ ਬਣ ਬੈਠਾ ਸੀ ਪੀਰ
ਮਾਲਾ ਹੱਥ 'ਚ ਪਕੜੀ ਅੰਦਰੋਂ ਦੰਭੀ ਕੀੜ।
ਨਾਲ਼ ਹਾਕਮਾਂ ਉਸਦਾ ਵੱਡਾ ਮੇਲ ਮਿਲਾਪ
ਚੋਰ ਲੁਟੇਰੇ ਮੰਨਦੇ ਉਸਦਾ ਵੱਡ-ਪ੍ਰਤਾਪ।
ਵਿਚ ਚੋਰੀ ਦੇ ਮਾਲ 'ਚੋਂ ਹਿੱਸਾ-ਪੱਤੀ ਆਣ
ਚੋਰ-ਉਚੱਕੇ ਚੌਧਰੀ ਵੰਡ ਲੈਂਦੇ ਸ਼ੈਤਾਨ।
ਬਾਬੇ ਕਿਹਾ, 'ਮਰਦਾਨਿਆ! ਮੈਥੋਂ ਵੱਖ ਹੋ ਜਾਉ
ਖ਼ੁਦ ਹੀ ਖ਼ਲਕਤ ਵਿਚਰ ਕੇ ਲੋਕਾਂ ਨੂੰ ਅਜ਼ਮਾਉ।
ਮਨ ਨੂੰ ਨਾਹ ਡੁਲਾਵਣਾ ਰਹਿਣਾ ਵਿਚ ਰਜ਼ਾਏ
ਜਦ ਵੀ ਆਉ ਸੰਕਲਪ ਵਿਚ ਲੈਣਾ ਝੱਟ ਬੁਲਾਏ'।
ਬਾਬਾ ਤੋਰ ਕੇ ਮਰਦਾਨਾ ਸਿੱਲ੍ਹ 'ਤੇ ਬੈਠੇ ਆਣ
ਪਰਮਸਤਿ ਦੇ ਧਿਆਨ ਵਿਚ ਹੋ ਗਏ ਅੰਤਰ ਧਿਆਨ
ਘੋੜੀ 'ਤੇ ਸੀ ਫਿਰ ਰਿਹਾ ਸਾਹਵੇਂ ਇਕ ਸ਼ੈਤਾਨ
ਮਨਚਾਹੀ ਕੀਮਤ ਲੈਣੀ ਸੋਚੇ! ਇਸ ਜਵਾਨ।
ਭਾਂਪ ਗਏ ਸੀ ਸਤਗੁਰੂ ਹਿਰਦਾ ਉਸ ਬੇਈਮਾਨ
ਭੇਜਿਆ ਨੌਕਰ ਉਸਨੇ ਬਾਬੇ ਤਾਈਂ ਲਿਜਾਣ।

ਮੰਡੀ ਵਿਚ ਗ਼ੁਲਾਮਾਂ ਉਹ ਪੁੱਜੇ ਸੰਗ ਸ਼ੈਤਾਨ
ਸੈਆਂ ਗ਼ੁਲਾਮਾਂ ਵਿਕਣੇ ਤਾਈਂ ਤੱਕੀ ਝੰਡੀ ਆਣ।
ਗੋਲਿਆਂ 'ਚੋਂ ਰੁਹੇਲ ਚੌਧਰੀ ਝਲਕ ਰੂਹਾਨੀ ਤੱਕ
ਮੱਥਾ ਦਗ਼ਦਾ ਦੇਖਿਆ ਪਲ ਨਾ ਹੋਇਆ ਰੁਕ।



UNISTAR BOOKS PVT LTD. Unistar Books Pvt Ltd.

ਪੁੱਜਾ ਪਾਸ ਪਠਾਣ ਦੇ ਕੀਮਤ ਝੱਟ ਪੁਆਣ
ਦੋ ਈਰਾਨੀ ਘੋੜਿਆਂ ਤੁਲ ਸੌਦਾ ਕੀਤਾ ਆਣ।
ਖੰਡੀ, ਬ੍ਰਹਿਮੰਡੀ, ਪਾਤਾਲੀਂ ਰੱਖਣ ਵਾਲ਼ਾ ਸਾਰ
ਗੋਲਿਆਂ ਦੇ ਦੁੱਖ ਕੱਟਣੇ ਲਈ ਵਿਕ ਗਏ ਦਾਤਾਰ।
ਨਾਲ਼ ਰੁਹੇਲੇ ਸੇਵਾਦਾਰ ਪੁੱਜੇ ਨਗਰ ਦੁਆਰ
ਹੋਇਆ ਅਚੰਭਿਤ ਚੌਧਰੀ ਤੱਕਦਿਆਂ ਅਜਬ ਨੁਹਾਰ।
ਦੱਸੀ ਉਸ ਦਾਤਾਰ ਨੂੰ ਨਿੱਤ ਦੀ ਸੌਖੀ ਕਾਰ
ਖੂਹ ਤੋਂ ਜਲ ਲਿਆਵਣਾ ਤੜਕੇ ਉੱਠਣ ਸਾਰ।
ਕਰੇ ਰੁਹੇਲਾ ਵੁਜ਼ੂ ਨਿੱਤ ਤਾਜ਼ੇ ਪਾਣੀ ਨਾਲ਼
ਭਾਵੇਂ ਸੀ ਸ਼ੈਤਾਨ ਉਹ ਨਿੱਤ ਦੇ ਵਰਤ-ਵਿਹਾਰ।

ਗਾਗਰ ਚੁੱਕ ਪਰਭਾਤ ਗੁਰੂ ਚੱਲ ਪਏ ਖੂਹ ਵੱਲ
ਝਾਕਿਆ ਬਾਬੇ ਖੂਹ ਵਿਚ ਜਿਉਂ ਕਰ ਉਸਦਾ ਜਲ।
ਕੇਹਾ ਹੈ ਵਜ਼ੂ 'ਸ਼ਨਾਨ ? ਵਿਚ ਇਹ ਪਾਕ ਨਮਾਜ਼
ਛੋਹ ਕੇ ਜਿਸਮ ਸ਼ੈਤਾਨ ਦਾ ਜਲ ਹੋਊ ਨਾਪਾਕ।
ਪਿਛਾਂਹ ਪਰਤੇ ਸਤਗੁਰੂ ਬਿਨਾਂ ਭਰੇ ਹੀ ਜਲ
ਛੇੜੀ ਤੱਕ ਕੇ ਚੌਧਰੀ ਪਾਣੀ ਦੀ ਫਿਰ ਗੱਲ।

'ਗਰਜ਼ ਕੇ ਬਾਬਾ ਬੋਲਿਆ ਪਾਣੀ ਗਏ ਮੁੱਕ
ਤੇਰੇ ਵਜ਼ੂ 'ਸ਼ਨਾਨ ਲਈ ਖੂਹ ਵੀ ਗਏ ਸੁੱਕ।
ਕੁਦਰਤ ਸੰਦਾ ਜਲ ਇਹ ਹੈਵੇ ਪਾਕੰ-ਪਾਕ
ਤੇਰੇ ਜਿਹੇ ਭ੍ਰਿਸ਼ਟ ਸੰਗ ਲੱਗ ਕੇ ਹੋਊ ਨਾਪਾਕ।
ਪਸ਼ੂਆਂ ਵਾਂਗ ਖ਼ਰੀਦ ਕੇ ਵੇਚੇਂ ਤੂੰ ਇਨਸਾਨ
ਬੁਰਕਾ ਪਾਇਆ ਧਰਮ ਦਾ ਕੰਮ ਤੇਰੇ ਸ਼ੈਤਾਨ।
ਇਹ ਜੋ ਸਾਰਾ ਸੁੱਕਿਆ ਖੂਹਾਂ ਵਿਚੋਂ ਜਲ
ਜ਼ੋਰ-ਜ਼ੁਲਮ ਕਰ ਲਿੱਸਿਆਂ ਤੇ ਭੋਗਣਾ ਪਊ ਫਲ!'
ਸੱਚ ਸੁਣਦਿਆਂ ਰੁਹੇਲੇ ਭੀਤਰ ਹੋਇਆ ਪ੍ਰਕਾਸ਼
ਕੰਬਣੀ ਛੁੱਟੀ ਅੰਦਰੋਂ ਡਾਢੇ ਖ਼ੌਫ਼ ਤਰਾਸ਼।
ਸੋਚੇ ਮਨ 'ਚ ਇਹ ਤਾਂ ਕੋਈ ਵਲੀ ਪੀਰ
ਲਿਆਂਦਾ ਮੁੱਲ ਖਰੀਦ ਜੋ ਮੈਥੋਂ ਹੋਈ ਤਕਸੀਰ।
ਆਜ਼ਿਜ਼ ਹੋਇਆ ਚੌਧਰੀ ਛੱਡੇ ਕੰਮ ਸ਼ੈਤਾਨ
ਵੰਡੀ ਰਕਮ ਲੁੱਟ ਦੀ ਉਸ ਛੱਡੇ ਸਭ ਗ਼ੁਲਾਮ।
ਬਾਬੇ ਕਿਹਾ, 'ਉਸਾਰੀਏ ਇਥੇ ਇਕ ਧਰਮਸ਼ਾਲ
ਲੋੜਵੰਦਾਂ ਦੀ ਪ੍ਰੇਮ ਸੰਗ ਸੇਵਾ ਕੀਚੇ ਨਾਲ਼।'

UNISTAR BOOKS PVT LTD.
Unistar Books Pvt Ltd.

ਆਜਿਜ਼ ਹੋਇਕੇ ਚੌਧਰੀ ਬਣ ਖ਼ਲਕਤ ਸੇਵਾਦਾਰ
ਜੁਟ ਗਿਆ ਅੱਗੋਂ ਲਈ ਕਰਨੇ ਹਿੱਤ ਉਪਕਾਰ।
ਮਰਦਾਨਾ ਮੁੜ ਆਇਆ ਤੱਕ ਖ਼ਲਕਤ ਦੇ ਰੰਗ
ਦਿੱਲੀ ਵੱਲ ਨੂੰ ਤੁਰ ਪਏ ਸਾਹਿਬ ਦਾਨੇ ਸੰਗ।

## ਦਿੱਲੀ

ਦਿੱਲੀ ਦਿਲ ਹੈ ਹਿੰਦ ਦਾ ਜਾਣੇ ਕੁਲ ਜਹਾਨ
'ਲੱਗ ਲੱਗ ਗਈਆਂ ਮਜਲਸਾਂ ਬਹ ਬਹ ਗਏ ਦੀਵਾਨ'।
ਲੋਕੀਂ ਸੁਪਨਾ ਲੈਣ ਉਸ ਜਿਸਦਾ ਹੋਵੇ ਰਾਜ
ਚੜ੍ਹਦੇ ਨੂੰ ਸਲਾਮ ਹੈ ਬਾਕੀ ਸਭ ਮੁਹਤਾਜ।
ਪਾਂਡੂਆਂ ਏਸ ਵਸਾਇਆ ਸੀ ਹੋਣੀ ਹੈ ਬਲਕਾਰ
ਮਾਣ ਨ ਸਕੇ ਰਾਜਪਾਟ ਕੌਰਵ ਵਿਚ ਹੰਕਾਰ।
ਰਾਜਪੂਤ ਰਜਵਾੜੇ ਫਿਰ ਗ਼ੁਲਾਮ ਅਤੇ ਪਠਾਣ
ਮੁਗ਼ਲਾਂ ਨੇ ਕਾਬਜ਼ ਹੋ ਕੇ ਖਿੱਚ ਲਿਆ ਸਭ ਤਾਣ।
ਚੜ੍ਹ ਕੇ ਸਿਰ 'ਤੇ ਬੋਲਿਆ ਮਜ਼ਬੀ ਜਦੋਂ ਜਨੂੰਨ
ਸੱਤਾ ਦੀ ਫਿਰ ਆੜ ਵਿਚ ਖਸਤਾ ਹੋਏ ਕਾਨੂੰਨ।
ਆ ਵਿਦੇਸ਼ੀ ਤਾਕਤਾਂ ਫਿਰ ਜੜ੍ਹੋਂ ਲਿਆ ਉਖਾੜ
ਹੱਥੀਂ ਬੀਜੇ ਖੇਤ ਨੂੰ ਖਾ ਗਈ ਆਖ਼ਿਰ ਵਾੜ।
ਹੀਰੇ ਮੋਤੀ ਜਵਾਰਾਤ ਵਿਚ ਬੇੜਿਆਂ ਭਰ
ਜੁਗਤੀ ਸੰਦੀ ਕੱਟ ਲਏ ਸੋਨ ਚਿੜੀ ਦੇ ਪਰ।

ਸੰਗ ਰਬਾਬੀ ਮਰਦਾਨਾ ਪੁੱਜੇ ਦਿੱਲੀ ਸ਼ਹਿਰ
ਪਿੰਡ ਚੰਦਰਾਵਲ ਤੀਰ ਜਮਨਾ ਬਾਬੇ ਕੀਤੀ ਠਹਿਰ।
ਨੂਰੀ ਮੁੱਖੜਾ ਦਗ਼ਦਾ ਚਿਹਰੇ 'ਤੇ ਮੁਸਕਾਨ
ਪੁੱਜੇ ਵਿਚ ਉਜਾੜ ਦੇਣ ਉੱਠ ਸੰਦੇਸ਼ ਮਹਾਨ।
'ਅੰਮ੍ਰਿਤ ਵੇਲ਼ਾ ਸਤਿਨਾਮੁ ਵਡਿਆਈ ਵੀਚਾਰ'।
ਮਗਨ ਜਾ ਰਹੇ ਸਤਿਗੁਰੂ ਸ਼ਬਦ ਅਨਾਦੀ ਸਾਰ।
ਸਾਹਵੇਂ ਤੱਕੇ ਗੁਰਾਂ ਨੇ ਕੁਝ ਬੰਦੇ ਸੜਕ ਦੇ ਕੋਲ਼
ਪਿਆਸਿਆਂ ਤੱਕ ਘਬਰਾਹਟ ਵਿਚ ਗੁੰਗੇ ਹੋਏ ਬੋਲ।
ਭਟਕ ਰਹੇ ਸੀ ਚਿਰਾਂ ਤੋਂ ਪਾਣੀ ਦੀ ਤਲਾਸ਼
ਲੱਭਿਆ ਨਾਹ ਨਜ਼ਦੀਕ ਜਦ ਆਸੋਂ ਹੋਏ ਨਿਰਾਸ਼।
ਪਾਣੀ ਲੈਣ ਨੂੰ ਤੁਰ ਪਏ ਸਾਹਿਬ ਹੋ ਅਧੀਰ
ਲੱਭਦਿਆਂ ਨੂੰ ਦਿਸ ਪਈ ਖੂਹੀ ਇਕ ਅਖ਼ੀਰ।



UNISTAR BOOKS PVT LTD.
Unistar Books Pvt Ltd.

ਚੋਖਾ ਪਾਣੀ ਸਾਂਭ ਗੁਰ ਲਿਆਏ ਪਿਆਸਿਆਂ ਪਾਸ
ਬੁਝੀ ਤਿਖਾ ਪਿਆਸਿਆਂ ਬੱਝੀ ਜੀਵਨ ਆਸ।
ਸਤਗੁਰ ਹੱਥੋਂ ਜਲ ਪੀ ਮਨ ਆਇਆ ਠਹਿਰਾਉ
ਉਸੇ ਜਗ੍ਹਾ ਸੋਭਦਾ ਗੁਰਦੁਆਰਾ ਨਾਨਕ ਪਿਆਓ।
ਗੁਰੂ ਵਿਚ ਇਹ ਬਲ ਹੈ ਵਸਤ ਘਨੇਰੀ ਲੱਭ
ਸੰਸਾਰੀ ਤੇ ਆਤਮਕ ਤਿਖਾ ਬੁਝਾਏ ਸਭ।

## ਮਜਨੂੰ ਟਿੱਲਾ

ਮੁਸਲਿਮ ਸੂਫ਼ੀ ਅਬਦੁੱਲਾ ਵਿਚ ਅੱਲਾਹ ਦੀ ਭਾਲ਼
ਟਿੱਲਾ ਜਮਨਾ ਤੱਟ ਦਾ ਦਿੱਲੀਉਂ ਬਾਹਰਵਾਰ।
ਝੁੱਗੀ ਪਾ ਸੀ ਰਹਿ ਰਿਹਾ ਅੱਲਾਹ ਰੰਗ ਖ਼ੁਮਾਰ
ਸ਼ੁਲਕ ਲਏ ਬਿਨ ਰਾਹੀਆਂ ਨੂੰ ਨਦੀ ਕਰਾਵੇ ਪਾਰ।
ਹਠ ਯੋਗ ਦੇ ਕਾਰਨੇ ਨਿਰਬਲ ਭਇਆ ਸਰੀਰ
ਦੀਦ ਖ਼ੁਦਾ ਲਈ ਤਰਸਦਾ ਰਾਤੀਂ ਦਿਨੇ ਫ਼ਕੀਰ।
ਰੱਬੀ ਰੰਗ ਖ਼ੁਮਾਰ ਵਿਚ ਖੋਏ ਰਹਿੰਦੇ ਨੈਣ
ਅਬਦੁੱਲ ਦੀ ਥਾਂ ਲੋਕ ਉਸ ਮਜਨੂੰ ਲੱਗੇ ਕਹਿਣ।
ਦੂਰੋਂ ਹੀ ਤੱਕ ਗੁਰਾਂ ਨੂੰ ਚਰਨੀਂ ਲੱਗਾ ਆਇ
ਦਰਸ ਗੁਰੂ ਦਾ ਪਾਇਕੇ ਚਾਅ ਨ ਥੰਮ੍ਹਿਆ ਜਾਏ।
ਖੁੱਲ੍ਹੀਆਂ ਗੰਢਾਂ ਭੀਤਰੀ ਹੋਇਆ ਮਨ ਨਿਹਾਲ
ਬਓਰਾ ਹੋਇਕੇ ਖ਼ੁਸ਼ੀ ਵਿਚ ਨੱਚਿਆ ਹੋ ਬੇਹਾਲ।
ਮਨ ਦੀ ਗੁੱਥੀ ਖੋਲ੍ਹਤੀ ਬਾਬਾ ਨਾਨਕ ਪਾਸ
ਸਿੱਖ ਬਣਿਆ ਗੁਰੂ ਨਾਨਕ ਦਾ ਪੂਰਨ ਹੋਈ ਆਸ।
ਦਿੱਤਾ ਤਾਈਂ ਮਜਨੂੰ ਨਾਨਕ ਇਹ ਵਰਦਾਨ
ਨਾਮ ਤੇਰੇ 'ਤੇ ਜਾਣਿਆ ਜਾਊ ਇਹ ਅਸਥਾਨ।
ਜਿਸ ਟਿੱਲੇ 'ਤੇ ਸਤਗੁਰ ਮਿਲੇ ਸੀ ਉਸ ਅਖ਼ੀਰ
ਗੁਰਦੁਆਰਾ ਮਜਨੂੰ ਟਿੱਲਾ ਬਣਿਆ ਜਮਨਾ ਤੀਰ।
ਅੰਮ੍ਰਿਤ ਵੇਲ਼ਾ ਸਤਿਨਾਮ ਦੀ ਕਰਦੇ ਗੁਰੂ ਸੰਭਾਲ਼
ਜੁੜ ਜਾਂਦੀ ਰਸਨਾ ਗੁਰਾਂ ਹਰ ਜਸ ਕੀਰਤ ਨਾਲ਼।
ਕੀਰਤਨ ਮਗਰੋਂ ਸਤਗੁਰੂ ਆ ਬਹਿੰਦੇ ਉਸ ਥਾਂਓ
ਜਮਨਾ ਦੇ ਪ੍ਰਵਾਹ ਦਾ ਜਿਥੇ ਅਜਬ ਵਹਾਓ।
ਛੱਲਾਂ ਵਿਚੋਂ ਉਗਮਦੀ ਵਿਸਮਾਦੀ ਰੰਗ ਧੁਨ
ਚਾਂਦੀ ਵੰਨਾ ਲਿਸ਼ਕਦਾ ਸੀਤਲ ਜਲ ਜਮੁਨ।

UNISTAR BOOKS PVT LTD.
Unistar Books Pvt Ltd.

ਰੋਜ਼ ਹੀ ਇਕ ਮਹਾਵਤ ਚੱਲੇ ਪੁੱਜੇ ਜਮਨਾ ਤੀਰ
ਬਾਦਸ਼ਾਹ ਹਾਥੀ ਤਾਈਂ ਰੋਜ਼ ਪਿਲਾਏ ਨੀਰ।
ਬੱਚੇ ਫ਼ੀਲਵਾਨਾਂ ਦੇ ਆ ਖੇਡਣ ਹਾਥੀ ਨਾਲ਼
ਕਰਨੀ ਰੱਬ ਦੀ ਸਭ ਹੀ ਹਾਲੋਂ ਹੋਏ ਬੇਹਾਲ।
ਸੂਖ਼ਮ-ਭਾਵੀ ਸਤਗੁਰੂ ਕੰਨੀਂ ਪਈ ਆਵਾਜ਼
ਦਿਲ ਨੂੰ ਪੀੜਤ ਕਰ ਗਈ ਦਰਦਮਈ ਘਬਰਾਹਟ।
ਮਰਦਾਨੇ ਨੂੰ ਘੱਲਿਆ ਲੈ ਆਵਣ ਲਈ ਸਾਰ
ਮਤਾਂ ਉਸ ਦੇ ਜਾਣ ’ਤੇ ਦੁੱਖ ਘਟੇ ਪਰਿਵਾਰ।
ਸਾਰਾ ਮਸਲਾ ਜਾਣ ਕੇ ਦਾਨਾ ਆ ਗੁਰ ਕੋਲ਼
‘ਹਾਥੀ ਮਰਿਐ ਫ਼ੀਲਵਾਨਾ’ ਮੁੱਖੋਂ ਬੋਲੇ ਬੋਲ।
‘ਬਾਦਸ਼ਾਹ ਦਾ ਹਾਥੀ ਸੀ ਪਈ ਗ਼ਰੀਬ ’ਤੇ ਮਾਰ
ਪਾਤਸ਼ਾਹੀ ਗ਼ੁੱਸਾ ਡਾਢਾ! ਖੁੱਸ ਜਾਣੈ ਰੁਜ਼ਗਾਰ।’
‘ਮਾਰ ਆਪ ਜੀਵਾਲਦਾ ਦੇਖੈ ਥਾਪ ਉਥਾਪ
ਦੁਆਇ-ਫ਼ਕੀਰਾਂ ਹੋਵੰਦਾ ਰਹਿਮ ਖ਼ੁਦਾਇਆ ਆਪ’।
ਸੁਣਿਆ ਬਾਬੇ ਧੀਰ ਲਈ ਚਾਲੇ ਪਾਏ ਖ਼ਾਸ
ਦਾਨੇ ਸੰਗ ਬਾਬਾ ਨਾਨਕ ਪੁੱਜੇ ਹਾਥੀ ਪਾਸ।
ਫੇਰਿਆ ਮੂੰਹ ’ਤੇ ਹੱਥ ਗੁਰ ਅਸਚਰਜ ਉਹਦੇ ਖੇਲ੍ਹ
ਹਾਥੀ ਉੱਠਿਆ ਧਰਤ ਤੋਂ ਮੁੜ ਜੱਗ ਹੋਇਆ ਮੇਲ।
ਉਠਦੇ ਸਾਰ ਹੀ ਧਰਨ ਤੋਂ ਹਾਥੀ ਮਾਰੀ ਚਾਂਗ
ਫੈਲੀ ਖ਼ਬਰ ਜਾ ਦੂਰ ਤੀਕ ਵਣ ਅਗਨ ਦੇ ਵਾਂਗ।
ਘੱਤ ਵਹੀਰਾਂ ਤੁਰ ਪਏ ਲੋਕੀਂ ਬਾਬੇ ਪਾਸ
ਦੋਖੀਆਂ ਅਤੇ ਨਿੰਦਕਾਂ ਖੁੰਦਕ ਹੋਈ ਖ਼ਾਸ।
ਬਾਦਸ਼ਾਹ ਦੇ ਕੋਲ਼ ਪੁੱਜ ਦੋਖੀਆਂ ਚੁਗਲੀ ਕੀਨ
ਵੇਦ ਪੁਰਾਣ ਤੋਂ ਵੱਖਰੀ ਹੈ ਇਸ ਦੀ ਤਾਲੀਮ।
ਕੰਨ ਦਾ ਕੱਚਾ ਬਾਦਸ਼ਾਹ ਆਇਆ ਸਤਗੁਰ ਕੋਲ਼
‘ਹਾਥੀ ਤੁਸੀਂ ਜੀਵਾਲਿਆ ?’ ਮੁੱਖੋਂ ਕਿਹਾ ਬੋਲ।
‘ਮਾਰ ਆਪ ਜੀਵਾਲਦਾ ਉਹੀ ਇਕ ਖ਼ੁਦਾ
ਦੁਆਇ ਫ਼ਕੀਰਾਂ ਸੰਗ ਅੱਲਾਹ’ ਅੱਗੋਂ ਗੁਰਾਂ ਕਿਹਾ।
‘ਜਿਉਂਦਾ ਜੋ ਹਾਥੀ ਕੀਤਾ ਮੁੜ ਕੇ ਪਾਈ ਵਫ਼ਾਤ
ਜਾਂ ਤਾਂ ਚੱਲੋ ਜੇਲ੍ਹ ਵਿਚ ਜਾਂ ਦੱਸੋ ਕਰਾਮਾਤ।’
ਨਾਹ ਕਰਨ ਤੇ ਨਾਨਕ ਜੀ ਤੇ ਬਾਕੀ ਸੰਤ ਫ਼ਕੀਰ
ਬਾਦਸ਼ਾਹ ਦੇ ਹੁਕਮ ਵਿਚ ਤਾੜੇ ਸਭ ਜ਼ੰਜੀਰ।

UNISTAR BOOKS PVT LTD.
Unistar Books Pvt Ltd.

ਬੈਠੇ ਦਾਤਾ ਜੇਲ੍ਹ ਵਿਚ ਜੱਗ-ਬੰਧਨ ਕੱਟਣ ਹਾਰ
'ਹੁਕਮੇ ਅੰਦਰ ਸਭ ਕੋ' ਸਾਹਿਬ ਦੀ ਸਿਰਕਾਰ।
ਰੱਖੀ ਮੂਹਰੇ ਚੱਕੀਆਂ ਸਭ ਕੈਦੀ ਆਟਾ ਪੀਹਣ
ਨਾਨਕ ਰੰਗ ਖ਼ੁਦਾਇ ਦੇ ਨਾਲ ਸਾਈਂ ਵਿਚ ਲੀਨ।
ਸੁਬਹਾ ਤੋਂ ਲੈ ਸ਼ਾਮ ਤੀਕ ਕੀਰਤਨ ਦੀ ਗੂੰਜਾਰ
'ਸਤਿਨਾਮ' ਧੁਨ ਵਜਦੀ ਹਿਰਦੇ ਪੈਂਦੀ ਠਾਰ।
ਕੈਦੀ ਮਹਿਰਮ ਬਣ ਗਏ ਰੰਗ ਇਲਾਹੀ ਨੂਰ
ਹਿਰਦੇ ਰੌਸ਼ਨ ਹੋ ਗਏ ਛੰਡ ਗਈ ਸਭ ਧੂੜ।
ਜੇਲ੍ਹੀਂ ਤਾੜੇ ਲੋਕਾਂ ਦਾ ਬਦਲ ਗਿਆ ਮਾਹੌਲ
ਅੰਦਰੇ-ਅੰਦਰੀ ਬਾਦਸ਼ਾਹ ਸੁਣ ਹੋਇਆ ਡਾਵਾਂਡੋਲ।
ਪੁੱਜਿਆ ਬਾਬੇ ਕੋਲ਼ ਕਿਹਾ, 'ਮੈਂ ਵੱਡ ਗੁਨਾਹਗਾਰ
ਦਰਵੇਸ਼! ਕੁਝ ਕਬੂਲ ਕਰੋ ਭੇਟਾ ਖ਼ਿਦਮਤਗਾਰ।'
ਨਾਨਕ ਕਿਹਾ, 'ਬਾਦਸ਼ਾਹ! ਸਭ ਕੈਦੀ ਦਿਉ ਛੋੜ
ਸੱਚ ਨਿਆਂ ਦੇ ਰਾਜ ਦੀ ਖ਼ਲਕਤ ਤਾਈਂ ਲੋੜ।
ਹਰ ਕੋਈ ਨਾ ਚਾਹੁੰਦਾ ਤਲਬ ਮੌਲਾ ਦੀਦਾਰ
ਉਸੇ ਰੱਬ ਤੋਂ ਮੰਗਣਾ ਜੋ ਲੈਂਦਾ ਸਭਸ ਸਾਰ।'
ਬਾਦਸ਼ਾਹ ਦੀ ਕੈਦ ਤੋਂ ਕੈਦੀ ਸਭ ਛੁਡਾਏ
ਬਾਬੇ ਪਾਨੀਪਤ ਵੱਲ ਸੰਗ ਦਾਨੇ ਕਦਮ ਵਧਾਏ।

**ਪਾਨੀਪਤ**

ਕੁਲ ਦੁਨੀਆਂ ਦੇ ਸ਼ਾਹ ਕਲੰਦਰਾਂ ਵਿਚੋਂ ਖ਼ਾਸ ਨਾਮ
ਸ਼ਰਫ਼ਦੀਨ-ਬੂ-ਅਲੀ ਕਲੰਦਰ ਲੋਕੀਂ ਕਰਨ ਸਲਾਮ।
ਜਾਨਸ਼ੀਨ ਜਾਣੇ ਜਾਂਦੇ ਸਨ ਮੁਰਸ਼ਦਾਂ ਦੇ ਨਾਮ
ਜਿਉਂਕਰ ਸ਼ੇਖ ਤਾਹਿਰ ਦੀ ਸ਼ੇਖ ਸ਼ਰਫ਼ ਪਹਿਚਾਣ।
ਤਾਹਿਰ ਚੇਲਾ ਸ਼ੇਖ ਸ਼ਰਫ਼ ਖ਼ੂਬ ਨਿਭਾਵੇ ਕਾਰ
ਮੁਤਲਾਸ਼ੀ ਸੀ ਗਿਆਨ ਦਾ ਉੱਤਮ ਸੇਵਾਦਾਰ।
ਰੋਜ਼ਾ ਸ਼ੇਖ ਸ਼ਰਫ਼ ਸੀ ਡਾਢਾ ਆਲੀਸ਼ਾਨ
ਮਸਜਿਦ ਵਿਚ ਸੀ ਸੋਹੰਦਾ ਪਾਕ ਮਜ਼ੀਦ ਕੁਰਾਨ।
ਦਿੱਲੀ ਹੁਕਮਰਾਨ ਤਾਈਂ ਸੱਚ ਦਾ ਪਾਠ ਪੜ੍ਹਾ
ਸੰਗ ਦਾਨੇ ਬਾਬਾ ਨਾਨਕ ਪਾਨੀਪਤ ਗਏ ਆ।

ਉੱਠੀ ਧੁਨ ਰਬਾਬ 'ਚੋਂ ਬਾਣੀ ਰੁਣਝੁਣਕਾਰ
ਪੌਣ ਸੁਗੰਧਿਤ ਹੋ ਗਈ ਮਹਿਕਿਆ ਪਾਰੁਰਵਾਰ।

UNISTAR BOOKS PVT LTD.
Unistar Books Pvt Ltd.

UNISTAR BOOKS PVT LTD.
ਬਾਬੇ ਨੇ ਜੋ ਰੱਖਿਆ ਸੀ ਮੋਢਿਆਂ ਉੱਤੇ ਭਾਰ
ਵਰਣਨ ਦੇ ਵਿਚ ਕਠਿਨ ਹੈ ਦੇਣਾ ਸਭ ਵਿਸਤਾਰ।
ਜਾਣ ਚੁੱਕੇ ਸੀ ਸਤਗੁਰ ਭ੍ਰਮਦਿਆਂ ਹਿੰਦੁਸਤਾਨ
ਮੜੀ-ਮਸਾਣੀ ਪੂਜ ਕਿਤੇ ਪਾਹਣ ਗਲ਼ ਲਟਕਾਣ।
ਗਲ਼ 'ਚ ਫੱਬੇ ਕਫ਼ਣੀ ਚਿਹਰਾ ਨੂਰੋ-ਨੂਰ
ਰਸਨਾ ਭਿੱਜੀ ਨਾਮ ਰਸ ਨੈਣਾਂ ਵਿਚ ਸਰੂਰ।
ਓਹੋ ਜਿਹਾ ਢਾਢੀ ਸੀ ਮਰਦਾਨਾ ਬਾਬੇ ਪਾਸ
ਸੱਚੀ ਸੁੱਚੀ ਕੋਲ਼ ਸੀ ਜਿਸ ਕੀਰਤਨ ਜੇਹੀ ਰਾਸ।
Unistar Books Pvt L
ਤਾਹਿਰ ਤੱਕਿਆ ਅਜਨਬੀ ਆਇਆ ਬਾਬੇ ਕੋਲ਼
ਕਿਹਾ, 'ਸਲਾਮ-ਏ-ਲੈਕਮ' ਉਸ ਸ਼ਰ੍ਹਾ ਮੁਤਾਬਕ ਬੋਲ।
'ਸਲਾਮ ਅਲੇਖ' ਆਖ ਕੇ ਦਿੱਤਾ ਨਾਨਕ ਜਵਾਬ
ਮਾਲਕ ਜੋ ਹੈ ਸਭਸ ਦਾ ਆਤਿਸ਼, ਹਵਾ, ਆਬ।
ਅਰਥ 'ਸਲਾਮ ਅਲੇਖ' ਪਾ ਤਾਹਿਰ ਹੋ ਹੈਰਾਨ
ਸ਼ਰਫ ਟਟੀਹਰੀ ਪਾਸ ਗਿਆ ਦੇਣ ਨਵੀਂ ਪਹਿਚਾਣ।
Pvt Ltd.
ਸੁਣਦਿਆਂ ਸ਼ਰਫ਼ ਹੋਇਆ ਸੁਖ਼ਨ ਲਈ ਤਿਆਰ
ਤਰਕ-ਵਿਤਰਕ 'ਚ ਚਾਹਿਆ ਕਰਨਾ ਉਸ ਵਿਸਤਾਰ।
'ਸਿਰ 'ਤੇ ਰੱਖੇ ਕੇਸ ਇਹ ਕੇਹੇ ਤੁਸੀਂ ਫ਼ਕੀਰ
ਪੁੱਛਿਆ ਸ਼ੇਖ ਸ਼ਰਫ਼ ਨੇ ਹੋ ਕੇ ਨਿਮਰ ਧੀਰ।
ਆ ਕੇ ਵਿਚ ਵੈਰਾਗ ਦੇ ਤਜਿਆ ਜੋ ਘਰ-ਬਾਰ
ਨਾ ਹੀ ਮੂੰਡ ਮੂੰਡਾਇਆ ਕੈਸਾ ਇਹ ਵਿਵਹਾਰ ?'
'ਮਨ ਦਾ ਮੁੰਨਣ ਸਾਧਣਾ ਅਸਲ ਫ਼ਕੀਰੀ ਜੋਗ
ਮੁਰਸ਼ਦ ਦੀ ਮਤ ਧਾਰ ਕੇ ਤਿਆਗੇ ਅਹੰ ਰੋਗ।'
Unistar Books Pvt Ltd.
ਅੱਗਿਓਂ ਜਾਣਨ ਦੀ ਸ਼ਰਫ਼ ਮਨ 'ਚ ਉੱਠੀ ਲਹਿਰ
'ਕਿਸ ਮਜ੍ਹਬ ਦੀ ਹੈ ਲਖਾਇਕ ਗਲ਼ 'ਚ ਕਫਣੀ ਪਹਰ ?'
'ਸ਼ਬਦ/ਸੁਰਤ ਅਭਿਆਸ ਕਰ ਸੰਕਲਪ/ਵਿਕਲਪ ਤੇ ਜਿੱਤ
ਮਨ ਦੇ ਦੁਆਲ਼ੇ ਕਫਣੀ ਰਹਿੰਦੀ ਹੈ ਇਹ ਨਿੱਤ'।
ਅੱਗਿਓਂ ਪੀਰ ਪੁੱਛਿਆ, 'ਪਹਿਰੀ ਜੋ ਕੁਪੀਨ
ਕਿਸ ਸੰਕਲਪ ਦੇ ਕਾਰਨੇ ? ਤੱਤ ਸਾਰ ਮੋਹਿ ਦੀਨ।'
'ਪੰਜ ਇੰਦਰੀਆਂ ਗਿਆਨ ਕਰਮ ਦਿਲ 'ਚ ਰਹਿਣ ਅਟੱਲ
ਬੰਦ ਹੈ ਦਸਮ ਦੁਆਰੜੀ ਭਰਮਤ ਹਿਰਦੇ ਪਟਲ।
ਕਾਮ ਕ੍ਰੋਧ ਅਰ ਲੋਭ ਮੋਹ ਪੰਜਵਾਂ ਅਹੰਕਾਰ
ਵੱਸ 'ਚ ਇਨ੍ਹਾਂ ਰੱਖਣਾ ਇਹ ਕੁਪੀਨ ਸਾਰ।
UNISTAR BOOKS PVT LTD.

ਖਾਣਾ-ਪੀਣਾ ਪਹਿਰਣਾ ਜੋ ਦੁਨਿਆਵੀ ਪਕੜ
ਹੌਲਾ-ਫੁੱਲ ਹੁੰਦਾ ਓਹੀ ਤਿਆਗੇ ਜੋ ਇਸ ਜਕੜ!'
ਅਰਜ਼ ਕੀਤੀ ਫਿਰ ਦੱਸਣੇ ਨੂੰ ਲੱਛਣ ਉਸ ਦਰਵੇਸ਼
ਆਖ਼ਿਰ ਜਾਣਨਾ ਚਾਹਿਆ ਉਸ ਦਰਵੇਸ਼ੀ ਭੇਖ'।
ਬਾਬੇ ਕਿਹਾ, 'ਦਰਵੇਸ਼ ਉਹ ਤਜ ਕੇ ਬਾਹਰੀ ਭੇਖ
ਲਟਕਿਆ ਰਹੇ ਇਕ ਦਰ 'ਤੇ ਬਣ ਸੱਚਾ ਦਰਵੇਸ਼।
ਜਿਉਂਕਰ ਫੁੱਲ ਹਰਾ ਪੀਲਾ ਪਿੱਛੋਂ ਹੋਵੇ ਲਾਲ
ਆਤਮ ਸੰਜਮੀ ਜਗਿਆਸੂ ਪਾਵੇ ਰਸ ਰੰਗ ਸਾਰ।
ਜਿਉਂਕਰ ਚਾਵਲ ਨਿਕਲਣ ਛੜ ਕੇ ਸਾਬਤ ਧਾਨ
ਆਤਮ ਰਸ ਸੁੱਖ ਮਿਲਦਾ ਸਹਜੇ ਹੀ ਜਪੁ ਨਾਮ'।
ਸੁਣ ਕੇ ਉੱਤਰ ਗੁਰਾਂ ਨੂੰ ਪੀਰ ਨੂੰ ਹੋਈ ਹੈਰ
ਅਤਿ ਪ੍ਰਸੰਨਤਾ ਵਿਚ ਉਸ ਚੁੰਮੇ ਹੱਥ ਤੇ ਪੈਰ।
'ਵਾਹੁ ਵਾਹੁ ਖ਼ੁਦਾਇ ਜੋ ਕੀਤੇ ਸਹੀ ਨੇ ਆਪ
ਕੀ ਕਰਨਾ ਹੈ ਸਹੀ ਉਸ ਜੋ ਸੰਪੂਰਨ ਆਪ'।
ਹੋਇਆ ਸ਼ੇਖ ਸ਼ਰਫ਼ ਤਦ ਨਾਨਕ ਤੋਂ ਬਲਿਹਾਰ
ਤੁਰਿਆ ਡੇਰੇ ਵੱਲ ਉਹ ਪਾ ਕੇ ਗਿਆਨ ਦੀ ਸਾਰ।

## ਕੁਰਖੇਤਰ

ਕੁਰਖੇਤਰ ਦੀ ਧਰਤ ਦਾ ਕਰਨ ਲਈ ਉਧਾਰ
ਮਰਦਾਨੇ ਸੰਗ ਆ ਗਏ ਪਰਮ ਲਕਸ਼ ਰਿਦ ਧਾਰ।
ਗੀਤਾ ਦਾ ਉਪਦੇਸ਼ ਕ੍ਰਿਸ਼ਨ ਦਿੱਤਾ ਸੀ ਜਿਸ ਥਾਂ
ਇਸੇ ਧਰਤ ਖਪਾਈਆਂ ਸੀ ਲੱਖਾਂ ਖੂਹਣੀਆਂ।
ਪਾਂਡਵਾਂ ਦੇ ਸਭ ਹੱਕ ਤੇ ਕੌਰਵਾਂ ਮਾਰ ਲਕੀਰ
ਰਾਜ ਮਿਲਖ ਸਿਕਦਾਰੀਉਂ ਕੀਤਾ ਸੀ ਅਧੀਰ।
ਮੌਕੇ ਸੂਰਜ ਗ੍ਰਹਿਣ ਦੇ ਪੁੱਜੇ ਗੁਣੀ ਨਿਧਾਨ
ਗ੍ਰਹਿਣ-ਨਵਿਰਤੀ ਨਦੀ ਜੋ ਮੇਲਾ ਭਰਦਾ ਆਣ।
ਵਹਿਮ-ਭਰਮ ਦੀ ਆੜ ਵਿਚ ਲੁੱਟ ਰਹੀ ਸੀ ਚੱਲ
ਰਾਹੂ ਕੇਤੂ ਰਾਹੀਆਂ ਦੇ ਰਾਹ ਰਹੇ ਸੀ ਮੱਲ।
ਸਦੀਆਂ ਤੋਂ ਬਣੇ ਹੋਏ ਪੱਕੇ ਭਰਮਗੜ੍ਹ
ਸੌਖਿਆਂ ਦੂਰ ਨਾ ਹੋਵੰਦੇ ਮਨਾਂ 'ਚ ਪਏ ਡਰ।
ਕੱਟੜ ਭਰਮਜਾਲ਼ ਸੀ ਗੁਰੂ ਆ ਬੈਠੇ ਜਿਸ ਥਾਂ
ਦਿਗ ਪੰਡਿਤ ਸਿੱਕਾ ਚੱਲੇ ਨਾਨੂੰ ਸੀ ਜਿਸ ਨਾਂ।



UNISTAR BOOKS PVT LTD. Unistar Books Pvt Ltd. Unistar Books Pvt Ltd. UNISTAR BOOKS PVT LTD.

ਵੱਸ ਅਗਿਆਨਤਾ ਦੱਸਦਾ ਭਵਿੱਖ ਪੁਰਾਣਾਨੁਸਾਰ
ਮੰਨਦਾ ਸੀ ਜੋ ਖ਼ੁਦ ਨੂੰ ਹੀ ਨਾਨਕ ਨਿਰੰਕਾਰ।
ਮਰਦਾਨੇ ਜਦ ਛੇੜੀਆਂ ਬਹਿ ਕੇ ਧੁਨਾਂ ਰਬਾਬ
ਜੋਗੀ ਬਹਿ ਸੁੰਨ-ਮੰਡਲੀ ਜਿਉਂ ਸੁਣਦਾ ਅਨਹਦ ਨਾਦ।
ਅੱਗਿਓਂ ਰਸ-ਰੰਗ ਮਾਣਦੇ ਨਾਨਕ ਹੋਏ ਲੀਨ
ਨੂਰੀ ਮੁੱਖੜਾ ਝਲਕਦਾ ਸ਼ਬਦ-ਅਨਾਹਦ ਚੀਨ।
ਹਾਂਸੀ ਰਾਜਾ ਜਰਾਤਰਾ ਪੁੱਤਰ ਅੰਮ੍ਰਿਤ ਰਾਏ
ਦੁਸ਼ਮਣ ਹੱਥੋਂ ਸਭ ਕਿਛ ਰਾਜ, ਪਾਟ ਖੁਹਾਏ।
ਰਸਤੇ ਵਿਚ ਯੁਵਰਾਜ ਨੇ ਕੀਤਾ ਮਿਰਗ ਸ਼ਿਕਾਰ
ਮਨ ਇੱਛਤ ਫਲ ਆਸ ਲੈ ਪੁੱਜਾ ਏਸ ਦੁਆਰ।
ਰਾਣੀ ਸਣੇ ਗੁਰੂ ਮੂਹਰੇ ਕੀਤਾ ਭੇਂਟ ਸ਼ਿਕਾਰ
ਹੱਡ-ਬੀਤੀ ਨਾਲ਼ੇ ਕਹੀ ਸਾਹਵੇਂ ਉਸ ਦਾਤਾਰ।

ਕੱਟੜ ਹਿੰਦੂ ਕਰਨ ਨਾਹ ਤਦ ਤੱਕ ਅੰਨ ਗ੍ਰਹਿਣ
ਜਿੰਨਾ ਤੀਕਰ ਦੇਵਤਿਆਂ 'ਤੇ ਲੱਗਾ ਹੋਏ ਗ੍ਰਹਿਣ।
ਸ਼ਾਸਤ੍ਰ ਮਰਯਾਦਾ ਮੂਜ਼ਬ ਹਿੰਦੂ ਕਰ ਇਸ਼ਨਾਨ
ਬੰਦਖਲਾਸੀ ਦੇਵਾਂ ਹਿਤ ਕਰਦੇ ਹਨ ਪੁੰਨ ਦਾਨ।
ਦੇਗੇ ਵਿਚ ਪਾ ਕੇ ਹਿਰਨ ਦਿੱਤੀ ਅਗਨੀ ਬਾਲ਼
ਪਾਂਡਿਆਂ ਤੱਕੀ ਅਨਹੋਣੀ ਹੋਏ ਕ੍ਰੋਧ 'ਚ ਲਾਲ।
ਲਪਟਾਂ ਗਈਆਂ ਦੂਰ ਤੀਕ ਲੋਕਾਂ ਦੇ ਮੂੰਹ ਕੋਲ਼
ਕਿਆਸ ਅਰਾਈਆਂ ਲਾਏ ਭੀੜ ਮਨ ਦੇ ਤੋਲਣ ਤੋਲ।
ਨਾਨੂੰ ਦਿਗ ਸੱਦਿਆ ਗਿਆ ਹੱਲ ਕਰਨ ਲਈ ਸੁਆਲ
ਮਾਸ ਰਿੰਨ੍ਹਣ 'ਤੇ ਉੱਠਿਆ ਚਾਰੋਂ ਤਰਫ਼ ਬਵਾਲ।
ਵਰਜਿਤ ਹੈ ਅੱਗ ਬਾਲਣੀ ਜੋ ਲੱਗਾ ਹੋਏ ਗ੍ਰਹਿਣ
ਮਾਸ ਰਿੰਨ੍ਹਣਾ ਪਾਪ ਹੈ ਸਾਸ਼ਤ੍ਰੀ ਇਹੀ ਕਹਿਣ।

ਨਾਨਕ ਕਿਹਾ ਯੁਗਾਂ ਤੋਂ ਚੱਲੇ ਇਹੀ ਵਿਧਾਨ
ਯੱਗ ਦੇ ਸੰਪੰਨ ਹੋਣ 'ਤੇ ਜੀਅ ਦੀ ਬਲੀ ਚੜ੍ਹਾਣ।
ਚੱਲੇ ਕੁਦਰਤ ਨਿਯਮ ਵਿਚ ਗ੍ਰਹਿ-ਨਖੱਤ ਪ੍ਰਬੰਧ
ਅੱਗ ਤੇ ਮਾਸ ਪਕਾਣ ਦਾ ਇਸ ਨਾਲ਼ ਕੀ ਸੰਬੰਧ ?
ਚੰਦਰਮਾ ਜਦ ਆਂਵਦਾ ਧਰਤ-ਸੂਰਜ ਵਿਚਕਾਰ
ਪਰਛਾਈਂ ਪੈ ਸੂਰਜ 'ਤੇ ਕਾਲਖ ਜਾਂਦੀ ਮਾਰ।
ਜੀਵਨ ਦਾ ਮੁੱਢ ਬੱਝਿਆ ਹੱਡ ਚੰਮ ਤਨ ਮਾਸ
ਜੇਤੇ ਦਾਣੇ ਅੰਨ ਦੇ ਜੀਆਂ ਦਾ ਵਿਚ ਵਾਸ।



UNISTAR BOOKS PVT LTD. Unistar Books Pvt Ltd.

ਮਾਤ-ਗਰਭ ਵਿਚ ਜੀਅ ਵਿਚ ਪੈਂਦੀ ਹੈ ਜਦ ਜਾਨ
ਮਾਸ ਰਾਹੀਂ ਮੂੰਹ ਵਿਚ ਮਿਲੇ ਜੀਵਨ ਸ਼ਕਤ ਪ੍ਰਾਣ।
ਸ਼ਰਧਾਲੂ ਸਭ ਸੁਣਦਿਆਂ ਹੋਏ ਅੰਤਰ ਮੁਗਧ
'ਵਾਰ ਮਲਾਰ' 'ਚ ਉਚਰਿਆ ਨਾਨਕ ਇਹ ਸ਼ਬਦ:

ਪਹਿਲਾਂ ਮਾਸਹੁ ਨਿੰਮਿਆ ਮਾਸੈ ਅੰਦਰਿ ਵਾਸੁ॥
ਜੀਉ ਪਾਇ ਮਾਸੁ ਮੁਹਿ ਮਿਲਿਆ ਹਡੁ ਚੰਮੁ ਤਨੁ ਮਾਸੁ॥
ਮਾਸਹੁ ਬਾਹਰਿ ਕਢਿਆ ਮੰਮਾ ਮਾਸੁ ਗਿਰਾਸੁ॥
ਮੁਹੁ ਮਾਸੈ ਕਾ ਜੀਭ ਮਾਸੈ ਕੀ ਮਾਸੈ ਅੰਦਰਿ ਸਾਸੁ॥
ਵਡਾ ਹੋਆ ਵੀਆਹਿਆ ਘਰਿ ਲੈ ਆਇਆ ਮਾਸੁ॥
ਮਾਸਹੁ ਹੀ ਮਾਸੁ ਊਪਜੈ ਮਾਸਹੁ ਸਭੋ ਸਾਕੁ॥
ਸਤਿਗੁਰਿ ਮਿਲਿਐ ਹੁਕਮੁ ਬੁਝੀਐ ਤਾਂ ਕੋ ਆਵੈ ਰਾਸਿ॥
ਆਪਿ ਛੁਟੇ ਨਹ ਛੂਟੀਐ ਨਾਨਕ ਬਚਨਿ ਬਿਣਾਸੁ॥੧॥
ਮਾਸੁ ਮਾਸੁ ਕਰਿ ਮੂਰਖੁ ਝਗੜੇ
ਗਿਆਨੁ ਧਿਆਨੁ ਨਹੀ ਜਾਣੈ॥
ਕਉਣੁ ਮਾਸੁ ਕਉਣੁ ਸਾਗੁ ਕਹਾਵੈ
ਕਿਸੁ ਮਹਿ ਪਾਪ ਸਮਾਣੇ॥
ਗੈਂਡਾ ਮਾਰਿ ਹੋਮ ਜਗ ਕੀਏ ਦੇਵਤਿਆ ਕੀ ਬਾਣੇ॥
ਮਾਸੁ ਛੋਡਿ ਬੈਸਿ ਨਕੁ ਪਕੜਹਿ ਰਾਤੀ ਮਾਣਸ ਖਾਣੇ॥
ਫੜੁ ਕਰਿ ਲੋਕਾਂ ਨੋ ਦਿਖਲਾਵਹਿ
ਗਿਆਨੁ ਧਿਆਨੁ ਨਹੀ ਸੂਝੈ॥
ਨਾਨਕ ਅੰਧੇ ਸਿਉ ਕਿਆ ਕਹੀਐ
ਕਹੈ ਨ ਕਹਿਆ ਬੂਝੈ॥
ਅੰਧਾ ਸੋਇ ਜਿ ਅੰਧੁ ਕਮਾਵੈ
ਤਿਸੁ ਰਿਦੈ ਸਿ ਲੋਚਨ ਨਾਹੀ॥
ਮਾਤ ਪਿਤਾ ਕੀ ਰਕਤੁ ਨਿਪੰਨੇ ਮਛੀ ਮਾਸੁ ਨ ਖਾਂਹੀ॥
ਇਸਤ੍ਰੀ ਪੁਰਖੈ ਜਾਂ ਨਿਸਿ ਮੇਲਾ ਓਥੈ ਮੰਧੁ ਕਮਾਹੀ॥
ਮਾਸਹੁ ਨਿੰਮੇ ਮਾਸਹੁ ਜੰਮੇ
ਹਮ ਮਾਸੈ ਕੇ ਭਾਂਡੇ॥
ਗਿਆਨੁ ਧਿਆਨੁ ਕਛੁ ਸੂਝੈ ਨਾਹੀ
ਚਤੁਰੁ ਕਹਾਵੈ ਪਾਂਡੇ॥
ਬਾਹਰ ਕਾ ਮਾਸੁ ਮੰਦਾ ਸੁਆਮੀ
ਘਰ ਕਾ ਮਾਸੁ ਚੰਗੇਰਾ॥

UNISTAR BOOKS PVT LTD.
Unistar Books Pvt
Unistar Books Pvt Ltd.
UNISTAR BOOKS PVT LTD.

ਜੀਅ ਜੰਤ ਸਭਿ ਮਾਸਹੁ ਹੋਏ
ਜੀਇ ਲਇਆ ਵਾਸੇਰਾ॥
ਅਭਖੁ ਭਖਹਿ ਭਖੁ ਤਜਿ ਛੋਡਹਿ
ਅੰਧੁ ਗੁਰੂ ਜਿਨ ਕੇਰਾ॥
ਮਾਸਹੁ ਨਿੰਮੇ ਮਾਸਹੁ ਜੰਮੇ
ਹਮ ਮਾਸੈ ਕੇ ਭਾਂਡੇ॥
ਗਿਆਨੁ ਧਿਆਨੁ ਕਛੁ ਸੂਝੈ
ਨਾਹੀ ਚਤੁਰੁ ਕਹਾਵੈ ਪਾਂਡੇ॥
ਮਾਸੁ ਪੁਰਾਣੀ ਮਾਸੁ ਕਤੇਬੀਂ
ਚਹੁ ਜੁਗਿ ਮਾਸੁ ਕਮਾਣਾ॥
ਜਜਿ ਕਾਜਿ ਵੀਆਹਿ ਸੁਹਾਵੈ
ਓਥੈ ਮਾਸੁ ਸਮਾਣਾ॥
ਇਸਤ੍ਰੀ ਪੁਰਖ ਨਿਪਜਹਿ ਮਾਸਹੁ
ਪਾਤਿਸਾਹ ਸੁਲਤਾਨਾਂ॥
ਜੇ ਓਇ ਦਿਸਹਿ ਨਰਕਿ ਜਾਂਦੇ
ਤਾਂ ਉਨ੍ ਕਾ ਦਾਨੁ ਨ ਲੈਣਾ॥
ਦੇਂਦਾ ਨਰਕਿ ਸੁਰਗਿ ਲੈਦੇ ਦੇਖਹੁ ਏਹੁ ਧਿਙਾਣਾ॥
ਆਪਿ ਨ ਬੂਝੈ ਲੋਕ ਬੁਝਾਏ ਪਾਂਡੇ ਖਰਾ ਸਿਆਣਾ॥
ਪਾਂਡੇ ਤੂ ਜਾਣੈ ਹੀ ਨਾਹੀ ਕਿਥਹੁ ਮਾਸੁ ਉਪੰਨਾ॥
ਤੋਇਅਹੁ ਅੰਨੁ ਕਮਾਦੁ ਕਪਾਹਾਂ ਤੋਇਅਹੁ ਤ੍ਰਿਭਵਣੁ ਗੰਨਾ॥
ਤੋਆ ਆਖੈ ਹਉ ਬਹੁ ਬਿਧਿ ਹਛਾ ਤੋਐ ਬਹੁਤੁ ਬਿਕਾਰਾ॥
ਏਤੇ ਰਸ ਛੋਡਿ ਹੋਵੈ ਸੰਨਿਆਸੀ ਨਾਨਕੁ ਕਹੈ ਵਿਚਾਰਾ॥੨॥

(**ਗੁਰੂ ਗ੍ਰੰਥ**, ਪੰਨਾ 1289-90)

ਤਤਸਾਰ ਨਾਨਕ ਕਹੇ ਮਾਤ-ਲੋਕ ਵਿਚ ਵਾਸ
ਜੀਵਨ ਦਾ ਮੁੱਢ ਬੱਝਿਆ ਹੱਡ ਚਮ ਤਨ ਮਾਸ।
ਮਾਸਹੁ ਹੀ ਦੁਧ ਪੀਂਵਦਾ ਮਾਸਹੁ ਦੰਦ ਤੇ ਜੀਭ
ਮਾਸ ਹੀ ਅੰਦਰ ਸਾਹ ਲਵੇ ਜੀਵਨ ਰਹੇ ਸਜੀਵ।
ਵਿਆਹ ਸੰਬੰਧ ਬਣਾਉਂਦਾ ਮਾਸ ਮਾਸ ਦੇ ਨਾਲ਼
ਮਾਸਹੁ ਮਾਸ ਉਪਜੇ ਚਲੇ ਕੁਲ ਦੀ ਚਾਲ।
ਹੋਮ ਜਗ ਇਤਿਹਾਸ ਦੀ ਖੋਲ੍ਹੀਏ ਜੇਕਰ ਪਰਤ
ਹੋਮ ਜਗ ਮਗਰੋਂ ਕਰਦੇ ਗੈਂਡੇ ਦਾ ਸਦਾ-ਬਰਤ।
ਵਰਤੋਂ ਇਸ ਦੀ ਚਹੁੰ ਜੁਗੀਂ ਮਿਲੇ ਕਤੇਬ, ਕੁਰਾਨ
ਜਗ ਵਿਆਹ ਸਮਾਗਮ ਵਿਚ ਇਹੀ ਸੀ ਪਰਧਾਨ।



UNISTAR BOOKS PVT LTD. Unistar Books Pvt Ltd.

'ਪਾਣੀ ਜੀਉ ਜਗਤ ਦਾ' ਕਹਿੰਦੇ ਮੂਲ ਸਰੋਤ
ਜੀਆਂ ਤੋਂ ਇਹ ਮੁਕਤ ਨਾਹ ਆਖਣ ਤਥ-ਸਤ ਲੋਕ।
ਬਿਰਤੀ ਵਿਚ ਲਾਈ ਨਹੀਂ ਪਾਂਡਿਓ ਰੱਬੀ ਪਿਉਂਦ
ਪਸ਼ੂ-ਬਿਰਤੀ ਦੇਹ ਵਿਚ ਚਲੇ ਸੱਚ ਜਾਤਾ ਨਿਰਹੋਂਦ।
'ਲੁੱਟ-ਲੁੱਟ ਮਾਨਸ ਖਾਵਣੇ' ਕੀ ਇਹ ਨਹੀਂ ਖਾਣਾ ਮਾਸ
'ਜੀਵਨ ਦੇ ਸਤਿ-ਸਾਰ ਬਿਨ ਭੀਤਰ ਰਹਿੰਦਾ ਤ੍ਰਾਸ।
ਜਿਥੋਂ ਮਾਸ ਉਪਜਿਆ ਉਹ ਗੱਲ ਸਮਝਣਯੋਗ
ਇਸ ਤਥੋਂ ਅਣਜਾਣ ਸਭ ਸੁਣਹੋ ਪਾਂਡੇ ਲੋਗ'।
ਨਾਨਕ ਮੁੱਖੋਂ ਤਰਕ ਸੁਣ ਸਭ ਹੋਏ ਲੋਕ ਹੈਰਾਨ
ਪਾਂਡੇ ਸੱਚ ਦੇ ਤੀਰ ਖਾ ਮੂੰਹ 'ਚ ਉਂਗਲਾਂ ਪਾਣ।
ਨਾਨੂੰ ਦਿਗ ਸਤਿ-ਸਾਰ ਸੁਣ ਉਪਜਿਆ ਮਨ ਬੈਰਾਗ
ਭਰਮ ਜਾਲ਼ ਬੰਧਨ ਕਟੇ ਗੁਰ ਕਟੀ ਆਧ-ਬਿਆਧ।

## ਪਹੋਏ

ਚੱਲ ਕੇ ਗੁਰ ਕੁਰਖੇਤਰੋਂ ਗਏ ਪਹੋਏ ਰਾਹ
ਪੰਡਤਾਂ ਤੇ ਵਿਦਵਾਨਾਂ ਨੂੰ ਬਾਬੇ ਕਿਹਾ ਮੁਸਕਾ।
'ਭਲਿਓ ਲੋਕੋ! ਪੁੰਨ ਫਲ਼ਣ ਜਿੰਨੀ ਛੇਤੀ ਜਾ
ਕਈ ਗੁਣਾ ਵੱਧ ਪਾਪ ਫਲ਼ਣ ਮਿਲੇ ਨ ਮੁਕਤੀ ਰਾਹ'।
ਪਾਂਡਿਆਂ ਕਿਹਾ, 'ਕਲ ਮਹਿ ਤੂੰ ਵੱਡਾ ਮਹਾਂਪੁਰਖ
ਅਗਮ ਅਗਾਧ ਦੀ ਖ਼ਬਰ ਹੈ ਲੋਕੀਂ ਕੈਹਣ ਤੁਧ।
ਰਾਜਾ ਪ੍ਰਿਥੂ ਪਿਤਾ ਵੇਣ ਦੀ ਕਰ ਅੰਤਿਮ ਕਿਰਿਆ
ਲੋਕਾਂ ਜਲ ਪਿਆਲਿਆ ਸੀ 'ਪ੍ਰਿਥ ਊਦਕ' ਤੋਂ ਲਿਆ।
ਖ਼ਬਰ ਦਿਓ ਨਾਨਕ ਬਾਬਾ ਪਰਮੇਸ਼ਰ ਕੈ ਅਰਥ
ਪ੍ਰਿਥ ਊਦਕ ਇਸ਼ਨਾਨ ਜੋ ਫ਼ਲਦਾਇਕ ਯਾ ਵਿਅਰਥ ?
ਪਾਂਡਿਆਂ ਨੂੰ ਉਪਦੇਸ਼ਿਆ ਗੁਰ ਬਾਣੀ ਕਰ ਵਖਿਆਨ
ਸੋਰਠ ਰਾਗ 'ਚ ਉਚਰਿਆ ਸ਼ਬਦ ਗੁਰਾਂ ਨੇ ਆਣ :

ਜਿਸੁ ਜਲ ਨਿਧਿ ਕਾਰਣਿ ਤੁਮ ਜਗਿ ਆਏ
ਸੋ ਅੰਮ੍ਰਿਤੁ ਗੁਰ ਪਾਹੀ ਜੀਉ॥
ਛੋਡਹੁ ਵੇਸੁ ਭੇਖ ਚਤੁਰਾਈ
ਦੁਬਿਧਾ ਇਹੁ ਫਲੁ ਨਾਹੀ ਜੀਉ॥੧॥
ਮਨ ਰੇ ਥਿਰੁ ਰਹੁ ਮਤੁ ਕਤ ਜਾਹੀ ਜੀਉ॥
ਬਾਹਰਿ ਢੂਢਤ ਬਹੁਤੁ ਦੁਖੁ ਪਾਵਹਿ



UNISTAR BOOKS PVT LTD.
Unistar Books Pvt Ltd.

ਘਰਿ ਅੰਮ੍ਰਿਤੁ ਘਟ ਮਾਹੀ ਜੀਉ॥ ਰਹਾਉ॥
ਅਵਗੁਣ ਛੋਡਿ ਗੁਣਾ ਕਉ ਧਾਵਹੁ
ਕਰਿ ਅਵਗੁਣ ਪਛੁਤਾਹੀ ਜੀਉ॥
ਸਰ ਅਪਸਰ ਕੀ ਸਾਰ ਨ ਜਾਣਹਿ
ਫਿਰਿ ਫਿਰਿ ਕੀਚ ਬੁਡਾਹੀ ਜੀਉ॥੨॥
ਅੰਤਰਿ ਮੈਲੁ ਲੋਭ ਬਹੁ ਝੂਠੇ
ਬਾਹਰਿ ਨਾਵਹੁ ਕਾਹੀ ਜੀਉ॥
ਨਿਰਮਲ ਨਾਮੁ ਜਪਹੁ ਸਦ ਗੁਰਮੁਖਿ
ਅੰਤਰ ਕੀ ਗਤਿ ਤਾਹੀ ਜੀਉ॥੩॥
ਪਰਹਰਿ ਲੋਭੁ ਨਿੰਦਾ ਕੂੜੁ ਤਿਆਗਹੁ
ਸਚੁ ਗੁਰ ਬਚਨੀ ਫਲੁ ਪਾਹੀ ਜੀਉ॥
ਜਿਉ ਭਾਵੈ ਤਿਉ ਰਾਖਹੁ ਹਰਿ ਜੀਉ
ਜਨ ਨਾਨਕ ਸਬਦਿ ਸਲਾਹੀ ਜੀਉ॥੪॥੯॥

ਗੋਬਿੰਦ ਸਿਫ਼ਤ ਸਲਾਹੁਣਾ ਦੱਸ ਕੇ ਮੁਕਤੀ ਰਾਹ
ਪਹੋਏ ਤੋਂ ਗੁਰ ਜੀਂਦ ਹੋ ਪੈ ਗਏ ਸਰਸੇ ਰਾਹ।

## ਸਰਸਾ

ਸਰਸਾ ਪੀਰ ਫ਼ਕੀਰਾਂ ਦਾ ਜਿਥੇ ਸੀਗਾ ਮੁਕਾਮ
ਚਾਰ ਮਹੀਨੇ ਗਿਆਰਾਂ ਦਿਨ ਠਹਿਰੇ ਨਾਨਕ ਆਣ।
ਚਮਤਕਾਰੀ ਸ਼ਕਤੀਆਂ ਤੇ ਰਿਧੀਆਂ ਸਿਧੀਆਂ ਨਾਲ਼
ਲੋਕਾਂ ਨੂੰ ਭਰਮਾਉਣ ਦਾ ਸੀ ਵਿਛਾਇਆ ਜਾਲ਼।
ਜਾਦੂ ਟੂਣੇ ਭਰਮ ਪਾ ਤਾਗੇ ਅਤੇ ਤਵੀਤ
ਚੋਲ਼ੇ ਪਾ ਦਰਵੇਸ਼ ਦੇ ਚਲਣ ਰੁਖ਼ ਵਿਪਰੀਤ।
ਲੁੱਟ ਮੁਰੀਦਾ ਚੇਲਿਆਂ ਨੂੰ ਇਥੋਂ ਦੇ ਸੀ ਪੀਰ
ਦਿਨੋ-ਦਿਨ ਸੀ ਹੋ ਰਹੇ ਮੋਟੇ ਅਤੇ ਅਮੀਰ।
ਪਾਨੀਪਤ ਮੁਜ਼ਾਵਰਾਂ ਜਿਉਂ ਉਲਟ ਦਿਸ਼ਾ ਨੂੰ ਜਾ
ਲੋਕਾਂ ਤਾਈਂ ਤੋਰਿਆ ਕਬਰ ਪ੍ਰਸਤੀ ਰਾਹ।
ਪੀਰ ਫ਼ਕੀਰਾਂ ਲਾਇਆ ਰੋਜ਼ਿਆਂ ਉੱਤੇ ਜ਼ੋਰ
ਸੁਰਗ ਜਾਣ ਲਈ ਦੱਸਦੇ ਲੋਕਾਂ ਨੂੰ ਰਾਹ ਰੋਕ।
ਬਹਾਵਲ ਹਕ, ਅਬਦੁਲ ਸ਼ਕੂਰ ਅਤੇ ਜਲਾਲਦੀਨ
ਜਤੀ ਮਲ, ਸ਼ਾਹੇ ਵਾਹਜ਼ ਨਾਲ਼ ਫ਼ਰੀਦ-ਉਦ-ਦੀਨ।
ਜਾਣਦੇ ਸੀ ਬਾਬੇ ਤਾਈਂ ਕਲਜੁਗ ਜੋਤ ਅਖੰਡ


UNISTAR BOOKS PVT LTD.
Unistar Books Pvt Ltd.

ਸੋਝੀ ਜਿਸ ਦੇ ਪਾਸ ਹੈ, ਜ਼ਿਮੀਂ, ਪਾਤਾਲ ਬ੍ਰਹਿਮੰਡ।
ਫਿਰ ਵੀ ਵਿਚ ਸਰੂਰ ਉਹ ਪੁੱਜੇ ਸਤਗੁਰ ਪਾਸ
ਕਿਹਾ ਅਸਾਡੇ ਨਾਲ਼ ਚੱਲ ਕੱਟੋ ਚਿੱਲਾ ਖ਼ਾਸ।

ਹਠ ਜੋਗ ਤੇ ਸੂਫ਼ੀਆਂ ਕੀਤੀ ਬਹੁਤ ਜ਼ਿਰਾ
ਪਰ ਬਾਬੇ ਦੀ ਨਿਗ੍ਹਾ ਵਿਚ ਸੀ ਸਭ ਨਿਹਫ਼ਲ ਰਾਹ।
ਤੰਤ੍ਰ ਮੰਤ੍ਰ ਤਾਂ ਸਤਗੁਰੂ ਮੰਨਦੇ ਸੀ ਪਾਖੰਡ
ਜਮ ਜਗਾਤ ਜੋ ਲੁਟਦੇ ਇਸ ਜੀਵਨ ਦੇ ਅੰਤ।
ਤੋਰਨਾ ਚਾਹੁੰਦੇ ਸੀ ਬਾਬਾ ਸਹਜ ਮਾਰਗ ਦੇ ਰਾਹ
ਪਰ ਹਠੀਲੇ ਜੋਗੀਆਂ ਕੀਤਾ ਅਣਸੁਣਿਆ।
ਆਖਿਆ, 'ਜੇਕਰ ਤਪੀ ਹੋ ਨਿੱਤਰੇ ਵਿਚ ਮੈਦਾਨ
ਕੱਟੋ ਚਿੱਲਾ ਨਾਲ਼ ਅਸਾਂ ਬੈਠ ਗੁਣਾਂ ਦੀ ਖਾਣ।
ਦੱਸਿਆ ਚਿੱਲੇ ਵਿਚ ਬਹ ਕਰਨਾ ਨਹੀਂ ਆਹਾਰ
ਲੋਟਾ ਜਲ ਇਕ ਜੌਂ ਤੇ ਦੇਣਾ ਦਿਨ ਗੁਜ਼ਾਰ।

ਚਿੱਲਾ ਕੱਟਣ ਤੁਰ ਪਏ ਬੰਦ ਕੋਠੜੀਆਂ ਵੱਲ
ਰੱਖੇ ਸਭ ਨੇ ਚਾਲ਼ੀ ਜੌਂ, ਇਕ ਘੜਾ ਭਰ ਜਲ।
ਸ਼ਬਦ-ਸੁਰਤਿ ਕਰ ਜੁੜ ਗਏ ਦ੍ਰਿੜ੍ਹ ਇਰਾਦੇ ਨਾਲ਼
ਬਾਬੇ ਚਿੱਲਾ ਕੱਟਿਆ ਬਿਨ ਖਾਏ ਆਹਾਰ।
ਚਿੱਲਾ ਪੂਰਾ ਹੋਣ 'ਤੇ ਜਦ ਜੋਗੀ ਆਏ ਬਾਹਰ
ਹਠ-ਤੰਤਰ ਦੇ ਕਾਰਨੇ ਹੋਈ ਪੀਲੀ ਭੂਕ ਨੁਹਾਰ।
ਹੈਰਾਂ ਹੋ ਫ਼ਕੀਰ ਤਦ ਤੱਕਿਆ ਨਾਨਕ ਵੱਲ
ਨੂਰੀ ਮੁੱਖੜਾ ਦਗ਼ਦਾ ਬਿਨ ਆਹਾਰ ਤੇ ਜਲ।
ਰਿਧਸਿਧ ਚੱਕਰੋਂ ਕੱਢਿਆ ਨਾਮ ਦੇ ਛੱਟੇ ਮਾਰ
ਸਹਜ ਮਾਰਗ 'ਤੇ ਤੋਰਿਆ ਬਾਬੇ ਹੱਠ ਨਕਾਰ।
ਪੀਰ-ਪ੍ਰਸਤੀਉਂ ਵਰਜਿਆ ਨਾਨਕ ਲੋਕਾਂ ਹੇਤ
ਭੁੱਲੜਾਂ ਤਾਈਂ ਦੱਸਿਆ ਨਰਕ/ਸੁਰਗ ਦਾ ਭੇਤ।
ਕੋਠੜੀਆਂ ਸਰਸੇ ਦੀਆਂ ਦੇ ਰਹੀਆਂ ਪ੍ਰਮਾਣ।
ਕਿੱਦਾਂ ਕੱਟ ਚਲੀਹਾ ਬਾਬੇ ਤੋੜਿਆ ਗੜ੍ਹ ਅਭਿਮਾਨ ?
ਸਾਢੇ ਛੇ ਹਜ਼ਾਰ ਮੀਲ ਤਹਿ ਕਰ ਲੰਮੀ ਵਾਟ
ਅੱਠ ਵਰ੍ਹੇ ਤਿੰਨ ਮਾਂਹ ਬਾਅਦ ਵਤਨ ਮੁੜੇ ਗੁਰ ਆਪ।

UNISTAR BOOKS PVT LTD.
Unistar Books Pvt
Unistar Books Pvt Ltd.
UNISTAR BOOKS PVT LTD.

## ਸੁਲਤਾਨਪੁਰ

ਪੈਂਡਾ ਪੈਂਹਠ ਸੌ ਮੀਲਾਂ ਦਾ ਗੁਰ ਕਰ ਆਏ ਸੀ ਪਾਰ
ਕਲਮ ਦੀ ਇਹ ਔਕਾਤ ਨਾਹ ਦੱਸੇ ਵਿਚ ਵਿਸਤਾਰ।
ਮਾਨਵਤਾ ਸੰਗ ਜੋੜਦੇ ਕਲਜੁਗੀਆਂ ਦਾਤਾਰ
ਪੁੱਜੇ ਵਿਚ ਸੁਲਤਾਨਪੁਰ ਧੁਰ ਦੇ ਸਾਥੀ ਨਾਲ਼।
ਭੈਣ ਨਾਨਕੀ ਮੰਨਦੀ ਸੀ ਵੀਰੇ ਨੂੰ ਅੰਗ-ਸੰਗ
ਬੈਠੀ ਸੀ ਉਹ ਮੌਜ ਵਿਚ ਅੰਦਰ ਆਪਣੇ ਰੰਗ।
ਬੂਹੇ ਲਾਗੇ ਢੁਕਿਆ ਜਿਉਂ ਹੀ ਤੱਕਿਆ ਵੀਰ
ਗਦਗਦ ਹੋਈ ਨਾਨਕੀ ਨੈਣੋਂ ਉਛਲ਼ਿਆ ਨੀਰ।
ਧਾ ਕੇ ਵੀਰੇ ਨੂੰ ਲਿਆ ਉਸ ਕਲ਼ਾਵੇ ਵਿਚ
ਮਾਂ-ਪਿਓ ਜੰਮਿਆਂ ਦੀ ਹੁੰਦੀ ਕੇਹੀ ਅਵੱਲੀ ਖਿੱਚ ?
ਭਾਈਆ ਜੈਰਾਮ ਵੀ ਲੱਗੇ ਸੀਨੇ ਆ ਕੇ ਨਾਲ਼
ਆਏ ਵਿਚ ਵੈਰਾਗ ਦੇ ਨਾਨਕ ਲਿਆ ਸੰਭਾਲ਼।
ਨਾਨਕ ਨੂੰ ਬਿਠਾ ਲਿਆ ਬੇਬੇ ਆਪਣੇ ਕੋਲ਼
ਮੋਹ ਭਿੱਜੀ ਦੁੱਖੜੇ ਦਿੱਤੇ ਵੀਰੇ ਅੱਗੇ ਫੋਲ।
'ਰਹਿਸੋਂ ਕਦ ਤੱਕ ਵੀਰਨਾ ਦੱਸੋ ਵਿਚ ਉਦਾਸ
ਬਿਰਧ ਉਮਰੇ ਮਾਪਿਆਂ ਨੂੰ ਹੋਰ ਨਾ ਕਰੋ ਨਿਰਾਸ਼।
ਨਦੀਆਂ ਲਹਿੰਦੀਆਂ ਚੜ੍ਹਦੀਆਂ ਢਹਿੰਦੇ ਟਹਿਣੋਂ ਪੱਤ
ਨਵ ਪੱਤਰ ਮੁੜ ਫੁੱਟਦੇ ਮਾਪੇ ਮਿਲਣ ਨ ਵੱਤ ?
ਵੀਰਾ! 'ਨਾਰ ਸੁਲੱਖਣੀ ਜਾ ਕੇ ਗਲ਼ੇ ਲਗਾਏ
ਕੀਤੀ ਜੋਬਨ ਪ੍ਰੀਤ ਬਿਨ ਸੁੱਕ ਗਏ ਕੁਮਲਾਏ'।

ਸੁਣ ਜੋ ਬਾਬਾ ਬਚਨ ਇਹ ਹੋਏ ਅੰਤਰ-ਧਿਆਨ
ਚਿਹਰੇ ਉੱਤੇ ਖੇਡ ਗਈ ਅਤਿ ਡੂੰਘੀ ਮੁਸਕਾਨ।
ਮਰਦਾਨੇ ਵੀ ਆਇਆ ਯਾਦ ਤਦੋਂ ਘਰ-ਬਾਰ
ਕਈ ਵਰ੍ਹਿਆਂ ਦਾ ਘੁੱਟਿਆ ਜਾਗਿਆ ਮੋਹ ਪਿਆਰ।
ਅੱਖਾਂ ਅੱਗੇ ਘੁੰਮਿਆ ਘਰਵਾਲੀ ਦਾ ਬੁੱਤ
ਨਾਲ਼ੇ ਨਜ਼ਰੀਂ ਆਇਆ ਸਹਿਕ-ਸਿਕੰਦੜਾ ਪੁੱਤ।
ਪਲੋ-ਪਲੀ ਵਿਚ ਸ਼ਹਿਰ ਦੇ ਖ਼ਬਰ ਹੋਈ ਇਹ ਜਾ
ਸੁਣਿਆ ਸੰਗਤ ਦਰਸ ਲਈ ਪੁੱਜੀ ਹੁੰਮ-ਹੁੰਮਾ।
'ਆਏ ਕੇ ਕਦਮ-ਬੋਸੀ ਕੀਤੀ' ਮਿਲਿਆ ਦੌਲਤ ਖ਼ਾਨ
ਠੰਢ ਪਈ ਵਿਚ ਕਾਲ਼ਜੇ ਮਿਲ ਕੇ ਜੋਤ ਮਹਾਨ।
ਮਾਣਦਿਆਂ ਸੁਲਤਾਨਪੁਰ ਸਾਧ ਸੰਗਤ ਦਾ ਪਿਆਰ
ਮਰਦਾਨੇ ਸੰਗ ਸਤਗੁਰ ਆ ਪੁੱਜੇ ਵਿਚ ਬਾਰ।



UNISTAR BOOKS PVT LTD.
Unistar Books Pvt Ltd.

## ਤਲਵੰਡੀ

ਤਲਵੰਡੀ ਤੋਂ ਦੋ ਕੋਹ ਪੁੱਜ ਕੇ ਵਿਚ ਉਜਾੜ
ਲੈਣ ਭੇਜਿਆ ਮਰਦਾਨਾ ਘਰ ਦੀ ਖ਼ਬਰਸਾਰ।
'ਛੇਤੀ ਆਉਣਾ ਮੁੜ ਕੇ ਕਿਹਾ ਸਤਗੁਰ ਬੋਲ
ਸਾਡੇ ਬਾਰੇ ਦੱਸ ਨਾਹ ਪਾਉਣੀ ਕਿਸੀ ਕੋਲ਼'।
ਧੜਕਿਆ ਮਾਤ ਕਲੇਜੜਾ ਕੇਹਾ ਪੁੱਤਰ ਮੋਹ!
ਵਰ੍ਹਿਆਂ ਮਗਰੋਂ ਜਿਸ ਨੂੰ ਦਿਖੀ ਆਸ ਦੀ ਲੋਅ।
ਮਰਦਾਨੇ ਤੋਂ ਸੁਣ ਕੇ ਬਿਹਬਲ ਹੋਈ ਮਾਤ
ਪੁੱਤਰ ਮੋਹ ਵਿਚ ਨੈਣ ਭਰ ਕੀਤਾ ਉਸ ਵੈਰਾਗ।
ਕੁਝ ਕੱਪੜੇ ਮਠਿਆਈਆਂ ਪ੍ਰੀਤ 'ਚ ਬੰਨ੍ਹ ਕੇ ਖ਼ਾਸ
ਮਰਦਾਨੇ ਪਿੱਛੇ ਤੁਰੀ ਪੁੱਤਰ ਮਿਲਣ ਦੀ ਆਸ।
ਦੋ ਕੋਹਾਂ ਦਾ ਪੰਧ ਕਰ ਪੁੱਜੀ ਨਾਨਕ ਕੋਲ਼
ਸਾਹਵੇਂ ਤੱਕ ਕੇ ਲਾਲ ਨੂੰ ਮੋਹ 'ਚ ਭਿੱਜੇ ਬੋਲ।
'ਹਉਂ ਵਾਰੀ ਬੇਟਾ ਤੁਧ ਵਿਟਹੁੰ' ਕੀਤਾ ਤੁਧ ਨਿਹਾਲ
ਬਾਬਾ ਉੱਠ ਚਰਨੀਂ ਪਿਆ ਡਾਢੇ ਅਦਬ ਨਾਲ਼।
ਮੱਥਾ ਚੁੰਮਿਆ ਮਾਤ ਜੀ ਮੁੜ-ਮੁੜ ਦੇਇ ਅਸੀਸ
ਵਰ੍ਹਿਆਂ ਮਗਰੋਂ ਮੇਲ ਦੀ ਹੋਈ ਸੀ ਬਖਸ਼ੀਸ਼।
ਮਠਿਆਈ ਪ੍ਰਸ਼ਾਦ ਰੱਖ ਆਖਿਆ, 'ਬੱਚਾ ਖਾਹ'
ਅੱਗੋਂ ਬਾਬਾ ਬੋਲਿਆ, 'ਮਾਤਾ ਹਉਂ ਰਜਿਆ'।
'ਛਕਿਆ ਜਦ ਤੋਂ ਮਾਤ ਜੀ ਸਤਿ ਆਹਾਰ ਨਾਮ
ਨਾਮ ਦੀ ਤ੍ਰਿਪਤੀ ਵਿਚ ਮਿਲੇ ਕੁੱਲ ਪ੍ਰਸ਼ਾਦਿ ਤਮਾਮ'।
ਗੂੰਜੀਆਂ ਧੁਨਾਂ ਫ਼ਿਜ਼ਾ ਵਿਚ ਜਦੋਂ ਛਿੜੀ ਰਬਾਬ
ਮੁੱਖੋਂ ਸ਼ਬਦ ਉਚਾਰਿਆ ਗੁਰ ਰਾਗ ਸਿਰੀ ਰਾਗ:

ਸਭਿ ਰਸ ਮਿਠੇ ਮੰਨਿਐ ਸੁਣਿਐ ਸਾਲੋਣੇ॥
ਖਟ ਤੁਰਸੀ ਮੁਖਿ ਬੋਲਣਾ ਮਾਰਣ ਨਾਦ ਕੀਏ॥
ਛਤੀਹ ਅੰਮ੍ਰਿਤ ਭਾਉ ਏਕੁ ਜਾ ਕਉ ਨਦਰਿ ਕਰੇਇ॥੧॥
ਬਾਬਾ ਹੋਰੁ ਖਾਣਾ ਖੁਸੀ ਖੁਆਰੁ॥
ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥੧॥ ਰਹਾਉ॥
ਰਤਾ ਪੈਨਣੁ ਮਨੁ ਰਤਾ ਸੁਪੇਦੀ ਸਤੁ ਦਾਨੁ॥
ਨੀਲੀ ਸਿਆਹੀ ਕਦਾ ਕਰਣੀ ਪਹਿਰਣੁ ਪੈਰ ਧਿਆਨੁ॥
ਕਮਰਬੰਦੁ ਸੰਤੋਖ ਕਾ ਧਨੁ ਜੋਬਨੁ ਤੇਰਾ ਨਾਮੁ॥੨॥



UNISTAR BOOKS PVT LTD.
Unistar Books Pvt Ltd.
Unistar Books Pvt
UNISTAR BOOKS PVT LTD.

ਬਾਬਾ ਹੋਰੁ ਪੈਨਣੁ ਖੁਸੀ ਖੁਆਰੁ ॥
ਜਿਤੁ ਪੈਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥੧॥ ਰਹਾਉ ॥

(**ਗੁਰੂ ਗ੍ਰੰਥ**, ਪੰਨਾ 16)

ਬਾਬੇ ਕਿਹਾ ਮਾਤ ਜੀ ਰੰਗਿਆ ਨਾਮ ਪ੍ਰੀਤ
ਕਾਲਖ਼ ਲਾਹੁਣੀ ਪਾਪ ਦੀ ਸੱਚ ਨਾਮ ਰੰਗ ਚੀਤ।
ਕਮਰਕਸਾ, ਸਬਰ ਦੌਲਤ ਤੇ ਜੁਆਨੀ ਸੱਚ ਨਾਮ
ਚਰਨ ਕਮਲ ਅਰਾਧਣਾ ਖਿਲਤ ਦੇ ਸਮਾਨ।
ਖਿੱਚਿਆ ਆਇਆ ਮੋਹ ਵਿਚ ਕਾਲੂ ਪੁੱਤ ਪਿਆਰ
ਪੈਰੀਂ ਪੈ ਕੇ ਪਿਤਾ ਦੇ ਗੁਰ ਕੀਤੀ ਨਮਸਕਾਰ।
ਠਰਿਆ ਹਿਰਦਾ ਪਿਤਾ ਦਾ ਪੁੱਤਰ ਲਾ ਗਲ਼ ਨਾਲ਼
ਆਖਿਆ, 'ਹੁਣ ਤਾਂ ਲਾਲ ਜੀ! ਘਰ-ਬਾਰ ਸੰਭਾਲ਼'।
ਹੋਰ ਕੇਹੇ ਬੈਰਾਗ ਦੇ ਸੀ ਤੱਕਣ ਵਾਲੇ ਪਲ
ਕਾਲੂ ਆਖਿਆ, 'ਨਾਨਕ! ਤੂੰ ਘੋੜੇ ਚੜ੍ਹਿਕੇ ਘਰ ਚੱਲ'।

ਘੋੜੇ ਪਾਖਰ ਸੁਇਨੇ ਸਾਖਤਿ ਬੂਝਣੁ ਤੇਰੀ ਵਾਟ ॥
ਤਰਕਸ ਤੀਰ ਕਮਾਣ ਸਾਂਗ ਤੇਗਬੰਦ ਗੁਣ ਧਾਤੁ ॥
ਵਾਜਾ ਨੇਜਾ ਪਤਿ ਸਿਉ ਪਰਗਟੁ ਕਰਮੁ ਤੇਰਾ ਮੇਰੀ ਜਾਤਿ ॥੩॥
ਬਾਬਾ ਹੋਰੁ ਚੜਣਾ ਖੁਸੀ ਖੁਆਰੁ ॥
ਜਿਤੁ ਚੜਿਐ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥੧॥ ਰਹਾਉ ॥

(**ਗੁਰੂ ਗ੍ਰੰਥ**, ਪੰਨਾ 16)

ਲਾਜ਼ਮ ਲਈ ਅਸਵਾਰ ਹੈ ਜਾਣਨਾ ਸਾਹਿਬ ਦਰ
ਕਰਮ ਸਾਈਂ ਦਾ ਜਾਤ ਕੁਲ ਲਈ ਪਤ ਪ੍ਰਸਿੱਧੀ ਵਰ।
ਕਾਲੂ ਬੋਲੇ, 'ਬੱਚਿਆ! ਇਕ ਵਾਰੀ ਘਰ ਚੱਲ
ਹੈਨ ਉਸਾਰੇ ਨਵੇਂ ਘਰ ਕੁਲ ਪਰਿਵਾਰ ਨੂੰ ਮਿਲ'।
'ਮੇਰੇ ਲਈ ਗ੍ਰਿਹਿ ਮਹਿਲ ਹਨ ਪ੍ਰਸੰਨਤਾ ਸੱਚ ਨਾਮ
ਤੁੱਠੇ ਸਾਹਿਬ ਦੀ ਨਦਰ ਪਾਵੇ ਮਨ ਬਿਸਰਾਮ'।

ਘਰ ਮੰਦਰ ਖੁਸੀ ਨਾਮ ਕੀ ਨਦਰਿ ਤੇਰੀ ਪਰਵਾਰੁ ॥
ਹੁਕਮੁ ਸੋਈ ਤੁਧੁ ਭਾਵਸੀ ਹੋਰੁ ਆਖਣੁ ਬਹੁਤੁ ਅਪਾਰੁ ॥
ਨਾਨਕ ਸਚਾ ਪਾਤਿਸਾਹੁ ਪੂਛਿ ਨ ਕਰੇ ਬੀਚਾਰੁ ॥੪॥
ਬਾਬਾ ਹੋਰੁ ਸਉਣਾ ਖੁਸੀ ਖੁਆਰੁ ॥
ਜਿਤੁ ਸੁਤੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥੧॥ ਰਹਾਉ ॥੪॥੭॥

(**ਗੁਰੂ ਗ੍ਰੰਥ**, ਪੰਨਾ 17)

ਮਾਤਾ ਪਿਤਾ ਬਹੁੰ ਆਖਿਆ, 'ਬੈਠੋ ਘਰ ਪਰਿਵਾਰ
ਫਿਰ ਕਿਹੜਾ ਸੰਜੋਗ ਹੋਊ ਮੁੜਸੋ ਜਦੋਂ ਦੁਆਰ'।
ਨਾਨਕ ਕਿਹਾ, 'ਪਿਤਾ ਜੀ! ਅਸੀਂ ਅਜੇ ਉਦਾਸ
ਮੁਸ਼ਕਿਲ ਹੈ ਇਸ ਜਗ੍ਹਾ 'ਤੇ ਕਰਨਾ ਅਜੇ ਵਾਸ'।
ਅੱਗੋਂ ਤ੍ਰਿਪਤਾ ਆਖਿਆ, 'ਪੁੱਤਰ ਦਿਲ ਨੂੰ ਔਖ
ਤੁਧ ਬਾਝੋਂ ਓ ਲਾਲ ਜੀ! ਕਿੰਜ ਆਊ ਸੰਤੋਖ ?'
ਭਿੱਜੇ ਪਿਆਰ 'ਚ ਮਾਤ ਜੀ ਬੋਲੇ ਨੇਤਰ ਭੀੜ
'ਬਚਨ ਅਸਾਡਾ ਮੰਨ ਲਓ ਆਵੇਗੀ ਮਨ ਧੀਰ'।

ਸੁਣਿਆ ਰਾਏ ਬੁਲਾਰ ਜਦ ਹੋਇਆ ਮਨ ਅਧੀਰ
ਜਾਣਨਹਾਰ ਸੀ ਜਾਣਦੇ ਹੁਣ ਰਾਏ ਬਿਰਧ ਸਰੀਰ।
ਆਪੂੰ ਚੱਲ ਕੇ ਪੁੱਜ ਗਏ ਬਾਬਾ ਰਾਏ ਪਾਸ
ਆਖਿਆ, 'ਰਾਏ ਜੀ! ਉਜਵਲ ਹੋਇਆ ਅੱਗਾ ਖ਼ਾਸ'।
ਪਲੰਘੋਂ ਉੱਠ ਬੁਲਾਰ ਤਦ ਆਣ ਨਿਵਾਇਆ ਸੀਸ
ਪਾਈ ਬਾਬੇ ਗਲ਼ ਲੱਗ ਧੁਰ ਅੰਦਰ ਬਖ਼ਸ਼ੀਸ਼।
ਜਾਣ ਲੱਗਿਆਂ ਰਾਏ ਨੇ ਸਿਰ ਮੰਨ ਕੇ ਰਜ਼ਾ
ਕਿਹਾ, 'ਤੁਧ ਆਸਰੇ! ਸੰਵਾਰ ਦੇਣਾ ਅੱਗਾ'।

## ਪੱਖੋਕੇ ਰੰਧਾਵਾ

ਧੀਰ ਬੰਨ੍ਹਾ ਕੇ ਮਾਪਿਆਂ ਤੇ ਨਾਲੇ ਰਾਏ ਬੁਲਾਰ
ਸੰਗ ਰਬਾਬੀ ਤੁਰ ਪਏ ਬਾਬਾ ਰਾਵੀਓਂ ਪਾਰ।
ਚਾਂਦੀ ਵੰਨਾ ਚਮਕਦਾ ਰਾਵੀ ਪਾਣੀ ਸੀਤ
ਲਹਿਰਾਂ ਕਰਨ ਕਲੋਲ ਜਦ ਉੱਠੇ ਮਧੁਰ ਸੰਗੀਤ।
ਕੁਦਰਤ ਤੋਂ ਬਲਿਹਾਰਨੇ ਜਪਦੇ ਸਤਿ ਕਰਤਾਰ
ਪੁੱਜੇ ਖੂਹ ਅਜਿੱਤੇ ਪਾਸ ਕੀਤਾ ਗੁਰਾਂ ਉਤਾਰ
ਲੂੰ-ਲੂੰ ਭਿੱਜਿਆ ਉਸਦਾ ਹੋਇਆ ਤੱਕ ਬਲਿਹਾਰ
ਸਿੱਖੀ ਸਿਦਕ ਦਾ ਰੰਗ ਉਸ ਚੜ੍ਹਿਆ ਕਰ ਦੀਦਾਰ।
ਇਥੇ ਬਾਬਾ ਮੂਲ ਚੰਦ ਜੀ ਕਰਦਾ ਸੀ ਪਟਵਾਰ
ਮਾਤ ਸੁਲੱਖਣੀ ਸੀ ਰਹਿੰਦੇ ਇਥੇ ਸਣ ਪਰਿਵਾਰ।

ਪਲਾਂ ਛਿਣਾਂ ਵਿਚ ਪੈ ਗਈ ਮੂਲ ਚੰਦ ਕਨਸੋਅ
ਧੁਰ ਅੰਦਰ ਜਾ ਪਸਰੀ ਗੁੱਝੀ ਆਸ ਦੀ ਲੋਅ
ਸੁਣਿਆ ਮਾਤ ਸੁਲੱਖਣੀ ਰੂਹ ਹੋਈ ਸ਼ਰਸਾਰ
ਉਮੜ ਆਏ ਅੱਥਰੂ ਰਲ਼ਵੇਂ ਖ਼ੁਸ਼ੀ ਪਿਆਰ।

UNISTAR BOOKS PVT LTD
Unistar Books Pvt Ltd.

ਅੱਠ ਵਰ੍ਹਿਆਂ ਤੋਂ ਵਿਛੜੀ ਬਿਰਹੁੰ ਕੁੱਠੀ ਮਾਤ
ਧੜਧੜ ਧੜਕਿਆ ਕਾਲ਼ਜਾ ਪਾਉਣ ਲਈ ਸ਼ਹੁ ਝਾਤ।
ਸ਼ੰਕੇ ਰੋਸੇ ਮੋਹ ਪਿਆਰ ਮਨ ਭੀਤਰ ਕਈ ਸੁਆਲ
ਪੁੱਜੀ ਖੂਹ ਦੇ ਪਾਸ ਉਹ ਪੂਰੇ ਟੱਬਰ ਨਾਲ਼।
ਲੱਤਾਂ ਨਾਲ਼ ਜਾ ਚਿੰਬੜੇ ਬਾਬੇ ਦੇ ਜਦ ਬਾਲ
ਮਾਤ ਸੁਲੱਖਣੀ ਮੋਹ ਵਿਚ ਆਇਆ ਦਿਲੋਂ ਉਛਾਲ਼।
ਟੁੱਟਿਆ ਅੰਦਰੋਂ ਮਾਤ ਦੇ ਗਿਆਨ ਧਿਆਨ ਭ੍ਰਮ ਜਾਲ਼
ਤੱਕਿਆ ਬਾਬੇ ਵੱਲ ਉਸ ਡਾਢੇ ਮੋਹ ਦੇ ਨਾਲ਼।
ਕਲਮ ਉਲੀਕ ਨਾ ਸਕਦੀ ਅਜਬ ਮਿਲਣ ਦੀ ਝਾਤ
ਬਿਨਾਂ ਕੋਈ ਗੱਲ ਕੀਤਿਆਂ ਹੋ ਗਈ ਸਭ ਬਾਤ।
ਨਾਨਕ ਸਭਨਾਂ ਨੂੰ ਮਿਲੇ ਉੱਠ ਸਨੇਹ ਦੇ ਨਾਲ਼
ਤੁਰ ਪਏ ਸਹੁਰੇ ਘਰ ਵੱਲ ਵਿਚ ਸੰਜਮੀ ਚਾਲ।

ਪੱਖੋਕੇ ਵਿਚ ਰਹਿੰਦਿਆਂ ਦੁਖਭੰਜਨ ਦਾਤਾਰ
ਜਾਰੀ ਰੱਖਿਆ ਕੀਰਤਨ ਤੇ ਸਤਸੰਗਤ ਆਹਾਰ।
ਸਤਿਨਾਮ ਜਪਾਵੰਦੇ ਉੱਠ ਬੋਲ ਬਬੀਹੇ ਨਾਲ਼
ਝਰਦਾ ਅਮਿਉਂ ਨਾਮ ਮੁੱਖੋਂ ਬਾਣੀ ਗਾ ਅਕਾਲ।
ਸਤਸੰਗੀਆਂ ਨਾਮ ਦੀ ਲੱਗੀ ਅੰਦਰ ਲੋਅ
ਪੱਖੋਕੇ ਪਿੰਡ ਵਿਚ ਖਿੰਡੀ ਨਾਮ ਬਾਣੀ ਖ਼ੁਸ਼ਬੋ।
ਚਰਨ ਪਰਸ ਅਜਿੱਤੇ ਦੀ ਮੁੱਕ ਗਈ ਸਭ ਭਾਲ਼
ਪੂਰੇ ਗੁਰ ਦੀ ਸੇਵ ਕਰ ਪਾਇਆ ਨੂਰ ਜਮਾਲ।
ਸਵਾ ਅੱਠ ਵਰ੍ਹਿਆਂ ਵਿਚ ਨਾਨਕ ਘਾਲੀ ਕਰੜੀ ਘਾਲ਼
ਮਨੁੱਖਤਾ ਦੇ ਧਰਮ ਦਾ ਕਰ ਦੂਰ ਦੇਸ਼ ਪਰਚਾਰ।
ਮੁੱਢ ਕਦੀਮੀਂ ਰਸਮਾਂ ਦਾ ਤੋੜਿਆ ਭਰਮ ਜਾਲ਼
ਕੀਤਾ ਨਵੇਂ ਧਰਮ ਦਾ ਲੋਕ-ਮਨੀਂ ਸੰਚਾਰ।
ਕਲਪਿਤ ਦੇਵੀ ਦੇਵਤਿਆਂ ਦਾ ਬਾਤਨ ਰੂਪ ਦਿਖਾਲ
ਲਾਇਆ ਗੁਰਾਂ ਲੁਕਾਈ ਨੂੰ ਏਕਸ ਦੇ ਲੜ ਨਾਲ਼।

ਚਰਨੀਂ ਬਹ ਦਾਤਾਰ
ਅਜਿਤੇ ਕੀਤੀ ਅਰਜ਼ ਆ।
ਵਸੋਂ ਆ ਭਵਤਾਰ
ਤਲਵੰਡੀ ਥਾਂ ਇਸ ਧਰਤ।
ਹੁਣ ਤਲਵੰਡੀ ਬਾਰ
ਇਸਲਾਮੀ ਲਪੇਟ ਵਿਚ।

UNISTAR BOOKS PVT LTD.
Unistar Books Pvt Ltd.
Pvt Ltd.
Unistar Books Pvt Ltd.
UNISTAR BOOKS PVT LTD.

ਰਿਹਾ ਚਨਾਬੋਂ ਪਾਰ
ਹਿੰਦੂ ਸ਼ੂਦਰ ਘਟ ਵੱਧ।
ਰਾਵੀਓਂ ਪਰਲੇ ਪਾਰ
ਪੱਖੋਕੇ ਰੰਧਾਵਾ ਤੀਰ।
ਕੁਝ ਜਗ੍ਹਾ ਦਾਤਾਰ
ਪਈ ਵੀਰਾਨ ਏ ਪਿੰਡ ਦੀ।
ਕਰੀਏ ਰੜਾ ਮੈਦਾਨ
ਆਖੋ ਤਾਂ ਕੱਟ ਸਰਕੜਾ।
ਕੋਠੇ ਅਤੇ ਮਕਾਨ
ਸੰਗਤ ਲਈ ਉਸਾਰੀਏ।
ਕੇਂਦਰੀ ਇਕ ਸਥਾਨ
ਐਸਾ ਪੱਕਾ ਚਾਹੀਦਾ।
ਪਾਠ ਪੜ੍ਹਨ ਬਹ ਆਣ
ਜਿੱਥੇ ਲੋਕੀਂ ਮਾਨਵਤਾ।
ਅਸੀਂ ਅਜੇ ਉਦਾਸ
ਬਾਬੇ ਕਿਹਾ ਅਜਿੱਤਿਆ!
ਕਰਨਾ ਅਜੇ ਨਿਵਾਸ
ਸੰਭਵ ਨਹੀਓਂ ਏਸ ਥਾਂ।'
ਕਿਹਾ ਅਜਿੱਤੇ ਮੋੜ
'ਜਾਓ! ਜਿਥੇ ਜੀਅ ਕਰੇ।
ਬਿਨਤ ਕਰੀ ਹੱਥ ਜੋੜ,
ਮੋੜ੍ਹੀ ਜਾਵੋ ਗੱਡ ਕੇ।
ਸਾਡੇ 'ਤੇ ਦਿਓ ਛੋੜ
ਬਾਕੀ ਦਾ ਸਭ ਅਮਲਾ।
ਕੱਖ ਕੰਡੇ ਕਲਾਨੌਰ
ਆਪੂੰ ਚੁਗੇ ਜਾਣਗੇ।

ਅਜਿੱਤੇ ਤੇ ਪਿੰਡ ਵਾਸੀਆਂ 'ਕੱਠੀ ਕਰੀ ਜ਼ਮੀਨ
ਕੇਂਦਰੀ ਧਰਮਸ਼ਾਲ ਹਿਤ ਸਤਗੁਰਾਂ ਨੂੰ ਦੀਨ।
ਦੁਨੀ ਚੰਦ ਧੁੱਪੜ ਪ੍ਰੇਮੀ ਇਲਾਕਾ ਮਾਲਦਾਰ
ਵਿਚ ਪਰਗਣੇ ਕਲਾਨੌਰ ਸੀ ਜਿਸ ਦਾ ਅਧਿਕਾਰ।
ਵਿਚ ਤੁਅੱਸਬ ਪਹਿਲੋਂ ਤਾਂ ਕੀਤਾ ਉਸ ਨਿਖੇਧ
ਕੇਂਦਰੀ ਧਰਮਸ਼ਾਲ ਵਿਚ ਲੱਗਾ ਪਾਣ ਬਿਖੇਧ।

UNISTAR BOOKS PVT LTD.
Unistar Books Pvt Ltd.

ਚਾਨਣ ਸਾਹਵੇਂ ਜਿਸ ਤਰ੍ਹਾਂ ਟਿਕ ਨਾ ਪਾਏ ਹਨ੍ਹੇਰ
ਸੱਚ ਤਾਂ ਪਰਗਟ ਹੋਵੰਦਾ ਆਖ਼ਰ ਦੇਰ-ਸਵੇਰ।
ਦਰਸ਼ਨ ਕਰ ਬਾਬਾ ਨਾਨਕ ਦੇ ਜਾਗੇ ਸੁੱਤੇ ਭਾਗ
ਮੰਦ ਚਿਤਵਨੀ ਮਿਟ ਗਈ ਅੰਦਰ ਲੱਗੀ ਜਾਗ।
ਪਟਾ ਲਿਖਾ ਕੇ ਭੋਇੰ ਦਾ ਵਿਚ ਆਪਣੀ ਤੌਫ਼ੀਕ
ਵਿਚ ਲਾਹੌਰ ਕਰਾਇਆ ਜਾ ਕੇ ਉਸ ਤਸਦੀਕ।
ਕਲਤਾਰਕ ਬਾਬਾ ਨਾਨਕ ਸੱਚ ਬੱਧੀ ਧਰਮਸ਼ਾਲ
ਵਸਿਆ ਨਗਰ ਕਰਤਾਰਪੁਰ ਗੁਰਸਿੱਖਾਂ ਕਰੜੀ ਘਾਲ਼।
ਚਰਨ ਪਰਸ ਅਜਿੱਤੇ ਦੀ ਮੁੱਕ ਗਈ ਸਭ ਭਾਲ਼
ਪੂਰੇ ਗੁਰ ਦੀ ਸੇਵ ਕਰ ਪਾਇਆ ਨੂਰ ਜਮਾਲ।
ਧਰਤ ਲੋਕਾਈ ਸੋਧਣੀ ਮਨ 'ਚ ਨਿਹਚਾ ਧਾਰ
ਉੱਤਰ ਦੀ ਉਦਾਸੀ ਲਈ ਸਤਗੁਰੂ ਹੋਏ ਤਿਆਰ।
•

UNISTAR BOOKS PVT LTD.
Unistar Books Pvt Ltd.
Unistar Books Pvt Ltd.
Unistar Books Pvt Ltd.
UNISTAR BOOKS PVT LTD.

UNISTAR BOOKS PVT LTD.

Unistar Books Pv

Unistar Books Pvt Ltd.

UNISTAR BOOKS PVT LTD.

UNISTAR BOOKS PVT LTD.

Unistar Books Pvt I

# ਛੇਵਾਂ ਸਰਗ

# ਦੂਜੀ ਉਦਾਸੀ

Pvt Ltd.

Unistar Books Pvt Ltd.



UNISTAR BOOKS PVT LTD.

ਬਾਬੇ ਡਿੱਠੀ ਪਿਰਥਮੀ
ਨਵੈ ਖੰਡਿ ਜਿਥੈ ਤਕਿ ਆਹੀ।
ਫਿਰਿ ਜਾਇ ਚੜ੍ਹਿਆ ਸੁਮੇਰ ਪਰਿ
ਸਿਧਿ ਮੰਡਲੀ ਦ੍ਰਿਸਟੀ ਆਈ।
**–ਭਾਈ ਗੁਰਦਾਸ**

UNISTAR BOOKS PVT LTD.
Unistar Books Pvt Ltd.
Unistar Books Pvt Ltd.
UNISTAR BOOKS PVT LTD.

## ਦੂਜੀ ਉਦਾਸੀ

ਬਾਬੇ ਦਾ ਤਲਵੰਡੀਉਂ ਸੁਮੇਰ ਜਾਣ ਦਾ ਹਾਲ
ਭਾਈ ਗੁਰਦਾਸ ਤੇ ਜਨਮ ਸਾਖੀਆਂ ਵਿਚੋਂ ਮਿਲੇ ਹਵਾਲ।
ਬੇਸ਼ੱਕ ਵੱਲ ਲਾਹੌਰ ਦੇ ਜਾਣ ਦਾ ਮਿਲੇ ਉਲੇਖ
ਲੇਕਿਨ ਰਾਹਾਂ-ਰਸਤਿਆਂ ਦਾ ਮਿਲਦਾ ਨਹੀਂ ਸੰਕੇਤ।
'ਫ਼ੌਜਾ ਸਿੰਘ' 'ਕਿਰਪਾਲ ਸਿੰਘ' ਨੇ ਐਟਲਸ ਕਰ ਤਿਆਰ
ਤਲਵੰਡੀਉਂ ਸੁਮੇਰ ਸਫ਼ਰ ਦਾ ਖਾਕਾ ਦੱਸਿਆ ਨਾਲ਼।
ਕਈ ਰਵਾਇਤਾਂ ਮਿਲਦੀਆਂ ਚੰਗੇ ਭਾਗੀਂ ਆਣ
ਵੱਲ ਸੁਮੇਰ ਨੂੰ ਵਧੇ ਕਿੰਜ ਨਾਨਕ ਵੈਦ ਸੁਜਾਨ।

ਪੁਰਾਤਨ ਜਨਮ ਸਾਖੀ ਵਿਚ ਲਿਖਦੈ ਸਾਖੀਕਾਰ
ਸੰਗ ਮਰਦਾਨੇ ਸੀ ਸ਼ੀਹਾਂ ਛੀਂਬਾ, ਹਸੂ ਲੁਹਾਰ।
ਰੱਸਿਆਂ ਸੰਗ ਲਪੇਟਿਆ ਗੁਰ ਚਮੜਾ ਆਲ਼-ਦੁਆਲ਼
ਮੱਥੇ ਟਿੱਕਾ ਕੇਸਰੀ ਤ੍ਰਿਪਤਾ ਜੀ ਦੇ ਲਾਲ।
ਪੈਰੀਂ ਜੁੱਤੀ ਚੰਮ ਦੇ ਕੇਹਾ ਬਣਾਇਆ ਭੇਸ
ਅੱਕ ਕੱਕੜੀਆਂ ਅਤੇ ਫੁੱਲ ਸੀ ਆਹਰ ਦਰਵੇਸ਼।
ਰੱਸਿਆਂ ਦੀ ਕੀ ਅਹਿਮੀਅਤ ਜਾਣਦੇ ਲੋਕ ਪਹਾੜ
ਹਿੰਮ ਤੋੜਨ ਲਈ ਰੱਖਦੇ ਹੱਥ ਦੇ ਵਿਚ ਕੁਠਾਰ।
ਬਿਨਾਂ ਨਵੀਨ ਵਸੀਲਿਆਂ ਸੁਮੇਰ ਉੱਤੇ ਪੁੱਜ ਜਾਣ
ਨਾਨਕ ਦੀ ਸ਼ਖ਼ਸੀਅਤ ਦਾ ਸੀ ਵੱਖਰਾ ਪਹਿਲੂ ਜਾਣ।
ਭਾਦੋਂ ਸੁਦੀ ਪੰਦਰਾਂ ਤਦ ਹੋਏ ਸੀ ਸ਼ੁਰੂ ਸ਼ਰਾਧ
ਆਣ ਨਰਾਤੇ ਠੀਕ ਇਨ੍ਹਾਂ ਤੋਂ ਪੰਦਰਾਂ ਦਿਨਾਂ ਬਾਅਦ।
ਉੱਤਰੀ ਖੰਡ ਦੇ ਵਾਸੀਆਂ ਦਾ ਕਰਨੇ ਹਿੱਤ ਉਧਾਰ
ਦੂਈ ਉਦਾਸੀ ਧਾਰ ਲਈ ਕਲ ਦੇ ਤਾਰਨਹਾਰ।
ਚੱਲ ਲਾਹੌਰੋਂ ਜਾ ਪਏ ਸੁਲਤਾਨਪੁਰ ਦੇ ਰਾਹ
ਘਵਿੰਡੀ, ਖਾਲੜਾ ਲੰਘ ਠਹਿਰੇ ਪੱਟੀ ਪਾਤਸ਼ਾਹ।

ਹੈਬਤ ਖਾਂ ਵਸਾਇਆ ਸੀ ਮੁੜ ਤੋਂ ਪੱਟੀ ਥਾਂਵ
ਤਾਹੀਉਂ ਲੋਕੀਂ ਆਖਦੇ ਇਸ ਪੱਟੀ ਹੈਬਤ ਖ਼ਾਨ।
ਘਵਿੰਡੀ ਅਤੇ ਖਾਲੜਾ ਨੇ ਵਿਚ ਸਾਹਿਬ ਦੀ ਯਾਦ
ਦੋ ਇਤਿਹਾਸਕ ਗੁਰਦੁਆਰੇ ਅਜੇ ਤੀਕ ਆਬਾਦ।

UNISTAR BOOKS PVT LTD.
Unistar Books Pvt Ltd.

ਜਲੰਧਰ ਤੇ ਹੁਸ਼ਿਆਰਪੁਰ ਲੰਘ ਉੱਤਰ ਪੱਛਮ ਵੱਲ
ਬੁੱਢਣ ਸ਼ਾਹ ਮੁਕਾਮ ਵੱਲ ਨਾਨਕ ਪਏ ਚੱਲ।
ਸੰਗ ਸਾਥੀਆਂ ਸੰਗ ਗੁਰ ਸਤਲੁਜ ਕਰਕੇ ਪਾਰ
ਦੂਏ ਕੰਢੇ ਦੀ ਤਰਫ਼ ਪੁੱਜੇ ਤਾਰਨਹਾਰ।
ਮੁਸਲਮਾਨ ਫ਼ਕੀਰ ਇਕ ਸਾਈਂ ਬੁੱਢਣ ਸ਼ਾਹ
ਕਲਿਆਣਪੁਰ ਪਿੰਡ 'ਚ ਸੀ ਪੁਰਾਣੀ ਪੀਰ ਜਗ੍ਹਾ।
ਸ਼ਬਦ ਇਲਾਹੀ ਸੁਣਦਿਆਂ ਦੂਰੋਂ ਪਈ ਖਿੱਚ
ਸਾਹਿਬ ਨੂੰ ਉਹ ਲੈ ਗਿਆ ਆਪਣੀ ਦੁਨੀਆ ਵਿਚ।
ਬੱਕਰੀਆਂ ਦਾ ਦੁੱਧ ਉਸ ਭਰ ਕਟੋਰਾ ਆਣ
ਰੱਖਿਆ ਨਾਨਕ ਸਨਮੁਖ ਸ਼ਰਧਾ ਪ੍ਰੇਮ ਸਮਾਨ।
ਤੱਕੀ ਗੁਰਾਂ ਫ਼ਕੀਰ ਦਿਲ ਪ੍ਰੇਮ ਦੀ ਚੜ੍ਹੀ ਪਾਣ
'ਫਿਰ ਪੀਆਂਗੇ' ਆਖ ਦੁੱਧ ਮੋੜਿਆ ਜਾਣੀ-ਜਾਣ।
ਛੇਵੇਂ ਜਾਮੇ ਵਿਚ ਪੁੱਜ ਕੀਰਤਪੁਰ ਅਸਥਾਨ
ਬੁੱਢਣ ਸ਼ਾਹ ਦੀ ਮਨਸ਼ਾ ਗੁਰ ਕੀਤੀ ਪੂਰੀ ਆਣ।
ਨਾਨਕ ਜਿਥੇ ਬੈਠ ਕੇ ਸੀ ਕੀਤੇ ਬਚਨ ਬਿਲਾਸ
'ਗੁਰਦੁਆਰਾ ਚਰਨ ਕੰਵਲ' ਉਥੇ ਬਣਿਆ ਖ਼ਾਸ।

## ਸਕੇਤ ਮੰਡੀ

ਕੀਰਤਪੁਰੋਂ ਚੱਲ ਕੇ ਪੁੱਜੇ ਗੁਰ ਸਕੇਤ
ਕੀਤੀ ਮਹਿਮਾ ਸਾਧ ਸੰਗ ਦੱਸ ਕਰਤਾਰੀ ਭੇਤ।
ਮੰਡੀ ਤੋਂ ਦਸ ਮੀਲ 'ਤੇ ਜਾਈਏ ਪੱਛਮ ਵੱਲ
ਸਿਕੰਦਧਾਰਾ ਕੁੰਡ ਹੈ ਨਾਮ ਰਵਾਲਸਰ।
ਇਸ ਧਾਰਾ ਵਿਚ ਪੱਥਰਾਂ ਦੇ ਟਿੱਲੇ ਲੱਗਣ ਪਾਰ
ਜਿਨ੍ਹਾਂ ਪੁਰ ਬਖ਼ਸ਼ੀਸ਼ ਹੋਏ ਡੁੱਬਣ ਨਾਹ ਮੰਝਧਾਰ।
ਰਵਾਲਸਰ ਵਿਚ ਬੋਧੀਆਂ ਦਾ ਵੀ ਤੀਰਥ ਅਸਥਾਨ
'ਮਨੀ ਪਨੀ' ਮਠ ਬਣਿਆ ਜੋ ਪੂਜਣ ਬੋਧੀ ਆਣ।
ਕਈ ਦਿਨ ਇਸ ਕੁੰਡ ਕੋਲ਼ ਠਹਿਰੇ ਜਾਣੀ-ਜਾਣ
ਦਸਮ ਗੁਰਾਂ ਵੀ ਚਰਨ ਸੀ ਪਾਏ ਏਸ ਸਥਾਨ।
ਜੀਵਨ ਮੁਕਤੀ ਰਾਹ ਦੱਸ ਗੁਰ ਤੋਰਿਆ ਖੇੜੇ ਵੱਲ
ਅੰਤਰਜੋਤ ਜਗਾਣ ਦਾ ਦੱਸਿਆ ਸਾਹਿਬ ਵੱਲ।

UNISTAR BOOKS PVT LTD.
Unistar Books Pvt Ltd.
Unistar Books Pvt Ltd.
UNISTAR BOOKS PVT LTD.

### ਜੁਆਲਾ ਜੀ

ਲੰਮੀ ਨਦਰ ਨਿਹਾਰਦੇ ਪੁੱਜੇ ਜੁਆਲਾ ਜੀ ਗੁਰ
ਜ਼ਿਲ੍ਹਾ ਕਾਂਗੜਾ ਦੀ ਤਹਿਸੀਲ ਹੈ ਜੋ ਗੋਰਖਪੁਰ।
ਇਸ ਮੰਦਰ ਕੋਈ ਬੁੱਤ ਨਾਹ ਬਿਨਾਂ ਜੁਆਲਾ ਲਾਟ
ਬਲਣਸ਼ੀਲ ਕੁਝ ਗੈਸਾਂ ਸੰਗ ਨਿਕਲੇ ਜ਼ਿਮੀਓਂ ਲਾਟ।
ਰੱਬ ਜਾਣੇ ਫੀਰੋਜ਼ ਤੁਗਲਗ ਸੁੱਝਿਆ ਕੀ ਉਪਾਅ
ਮੰਦਰ ਢਾਹ ਕੇ ਉਸ ਪੁਰ ਦਿੱਤੀ ਨਹਿਰ ਚਲਾ।
ਪਾਣੀ ਦੀ ਜੋ ਘਾਟ ਨਾਲ਼ ਗਈ ਨਹਿਰ ਸੀ ਸੁੱਕ
ਓਵੇਂ ਜਿਵੇਂ ਜ਼ਿਮੀਂ 'ਚੋਂ ਲਾਟਾਂ ਗਈਆਂ ਧੁਖ਼।
ਅੰਧ-ਅਗਿਆਨੀ ਪੂਜਦੇ ਸਮਝ ਜਵਾਲਾ ਲਾਟ
ਅੰਤਰਜੋਤ ਜਗਾਏ ਗੁਰ ਤੁਰ ਪਏ ਅਗਲੀ ਵਾਟ।
ਗੋਰਖਡਿਬੀਓਂ ਉੱਤੇ ਜੋ ਬਣੀ ਐ ਧਰਮਸ਼ਾਲ
ਨਾਮ ਜਪਾ ਦੱਸੀ ਗੁਰਾਂ ਸੱਚ ਕਮਾਈ ਘਾਲ।
ਅਰਜਨ ਨਾਂਗੇ ਤਪੇ ਨੇ ਸਿੱਖੀ ਧਾਰਨ ਕੀਨ
ਸਤਿਨਾਮ ਦੀ ਰਾਸ ਦੇਇ ਗੁਰ ਸ਼ੰਕੇ ਹਿਰ ਲੀਨ।

### ਕਾਂਗੜਾ

ਜੁਆਲਾ ਤੋਂ ਹੁੰਦੇ ਨਧੌਣ ਕਾਂਗੜਾ ਪੁੱਜੇ ਜਾ
ਅਲਬਰੂਨੀ ਏਸ ਜਗ੍ਹਾ ਨੂੰ 'ਨਗਰ ਕੋਟ' ਲਿਖਿਆ।
ਡਿੱਗੇ ਸੀ ਮਾਂ ਸਤੀ ਦੇ ਇਥੇ ਸਿਰ ਤੇ ਕੰਨ
ਜਿਥੇ ਵਸੇ ਕਾਂਗੜਾ ਹੈ ਸ਼ਕਲ ਮਨੁੱਖੀ ਕੰਨ।
ਮੰਦਰ ਕਾਂਗੜਾ ਨਾਲ਼ ਹੀ ਕਿਲ੍ਹਾ ਹੁੰਦੀ ਸੀ ਇਕ
ਫੀਰੋਜ਼ ਤੁਗਲਕ ਸੀ ਜਿੱਤਿਆ ਤੇਰਾਂ ਸੌ ਸੱਠ ਵਿਚ।
ਰਾਜਾ ਸੀ ਜੋ ਕਾਂਗੜੇ ਦਾ ਨਾਮ ਸੀ ਰਾਮਚੰਦ
ਤਾਰਨਹਾਰ ਗੁਰੂ ਆਏ ਮੰਦਰ ਕਾਂਗੜਾ ਲੰਘ।
ਪੂਰਬ ਵੰਨੀਂ ਏਸ ਦੇ ਹੈ ਪਾਲਮ ਦੀਨਾ ਨਾਥ
ਕੀੜਗਰਾਮ ਕਹਿਣ ਲੋਕੀਂ ਗੁਰ ਪੁੱਜੇ 'ਬੈਜਨਾਥ'।
ਏਸ ਇਲਾਕੇ ਕਦੀ ਸੀ ਕੀੜ ਲੋਕਾਂ ਦਾ ਰਾਜ
ਕੀੜਾਂ ਦੇ ਪਤਨ ਮਗਰੋਂ ਬੱਸ ਬਚਿਆ ਬੈਜਨਾਥ।
ਆਉਣਾ ਸੁਣ ਕੇ ਗੁਰਾਂ ਦਾ ਸੱਦਿਆ ਰਾਜੇ ਘਰ
ਅੰਨ ਪ੍ਰਸ਼ਾਦਿ ਛਕਾਇਆ ਲੱਗਾ ਗੁਰੂ ਦੇ ਲੜ।
ਇਕ ਪਾਸੇ ਤਾਂ ਹਿਤ ਸੀ ਪਰਜਾ ਪ੍ਰਤੀ ਖ਼ਾਸ



UNISTAR BOOKS PVT LTD. Unistar Books Pvt Ltd.

ਦੂਜੀ, ਧਰਮ ਰਾਜਾ ਤੋਂ ਵੀ ਪਰਜਾ ਸੀ ਉਦਾਸ।
ਦਰਅਸਲ ਉਸ ਰਾਜੇ ਵਿਚ ਹੈ ਸੀ ਔਗੁਣ ਖ਼ਾਸ
ਇਲਾਕੇ ਆਇਆ ਹਰ ਡੋਲਾ ਰੱਖਦਾ ਸੀ ਇਕ ਰਾਤ।
ਵਚਨ ਦਿੱਤਾ ਉਸ ਗੁਰੂ ਨੂੰ ਕਿ ਉਹ ਅੱਜ ਤੋਂ ਬਾਅਦ
ਐਸਾ ਕੁਝ ਨਹੀਂ ਕਰੇਗਾ ਜੋ ਪਰਜਾ ਹੋਏ ਹੱਤਾਸ਼।
ਧਰਮੀ ਰਾਜਾ ਬਣਨ ਦੀ ਸਿੱਖਿਆ ਦਿੱਤੀ ਗੁਰ
ਨੀਤਾਂ ਹੋਵਣ ਸਾਫ਼ ਜਿਨ੍ਹਾਂ ਖੀਸੇ ਹੋਵਣ ਪੁਰ।

ਕੁੱਲੂ ਦੇ ਪੂਰਬ ਵੰਨੀਂ ਕੁਝ ਕੁ ਦੂਰੀ ਜਾਣ
ਗਰਮ ਪਾਣੀ ਦਾ ਚਸ਼ਮਾ ਮਨੀਕਰਨ ਅਸਥਾਨ।
ਇਤਿਹਾਸਕ ਗੁਰੂ ਘਰ ਹੈ ਵਿਚ ਬਾਬੇ ਦੀ ਯਾਦ
ਗਰਮ ਪਾਣੀ ਦੇ ਚਸ਼ਮੇ ਪੱਕਦਾ ਲੰਗਰ ਪ੍ਰਸ਼ਾਦ।
ਪਾਰਵਤੀ ਨਦੀ ਕੰਢੇ ਇਹ ਸਥਾਨ ਇਸਥਿਤ
ਸ਼ਰਧਾਲੂ ਪੜ੍ਹ ਗੁਰਬਾਣੀ ਪਾਵਣ ਰਿਧ ਨਓ ਨਿਧ।

Unistar Books Pvt

**ਮੌਲਾਣਾ**

ਰੋਹਤਾਂਗ ਤੋਂ ਚੰਦ੍ਰਕਲਾ ਕਰਕੇ ਦਰਾ ਪਾਰ
ਵੱਲ ਸਪਿਤੀ ਰੁਖ ਕੀਤਾ ਜੱਗ ਦੇ ਤਾਰਨਹਾਰ।
ਮੌਲਾਣਾ ਪਿੰਡ ਵਸਦਾ ਚੰਦ੍ਰਕਲਾ ਦੇ ਪਾਸ
ਰੁਕ ਗਏ ਬਾਬਾ ਤੱਕ ਕੇ ਸੰਗਤ ਸ਼ਰਧਾ ਖ਼ਾਸ।
ਨਾਲ਼ ਸੰਬੰਧਤ ਗੁਰਾਂ ਕੁਝ ਯਾਦਗਿਰੀ ਵਸਤਾਂ
ਸਾਂਭ ਰੱਖੀਆਂ ਲੋਕਾਂ ਨੇ ਯਾਦ ਵਜੋਂ ਇਸ ਥਾਂ।
ਬੈਠੇ ਸੀ ਜਿਥੇ ਗੁਰੂ ਹੈ ਧਰਮਸ਼ਾਲ ਆਬਾਦ
'ਨਾਨਕ ਤਪਾ' ਆਖ ਕੇ ਲੋਕੀਂ ਕਰਦੇ ਯਾਦ।
ਮੌਲਾਣਾ ਤੋਂ ਚੱਲ ਕੇ ਸੰਗ ਸਾਥੀਆਂ ਜਾਣੀ-ਜਾਣ
ਬੁਸ਼ਹਿਰ ਨਗਰ ਸਪਿਤੀਵਾਦੀ ਸਿਪਕੀ ਦਰਾ ਮੁਹਾਣ।
ਵਾਦੀ ਦਾ ਕੁਝ ਹਿੱਸਾ ਜੋ ਤਿੱਬਤ ਲਗਦਾ ਆਣ
ਵਪਾਰਕ ਸੰਬੰਧਾਂ ਕਰ ਸੀ ਲੋਕਾਂ ਆਵਣ ਜਾਣ।
**ਮਹਾਨ ਕੋਸ਼** ਵਿਚ ਬੁਸ਼ਹਿਰ ਬਾਰੇ ਲਿਖਿਆ ਹੈ ਲਿਖਿਆਰ
ਬਾਬਾ ਨਾਨਕ ਦੇ ਆਵਣ ਦਾ ਮਿਲਦਾ ਹੈ ਹਵਾਲ।

UNISTAR BOOKS PVT LTD.

## ਤਿੱਬਤ

ਤੁਰਦੇ-ਤੁਰਦੇ ਸਤਲੁਜ ਦੇ ਕੰਢੇ ਕੰਢੇ ਨਾਲ਼
ਤਿੱਬਤ ਵੱਲ ਨੂੰ ਚੱਲ ਪਏ ਕਰ ਸਿਪਕੀ ਦਰਾ ਪਾਰ।
ਚੂਹਿਤ, ਚੌਮੂਰਤੀ, ਬੇਲਿੰਗ ਪਾਰ ਕਰ ਭਵਤਾਰ
ਰਕਸਤਾਲ ਝੀਲ ਦੇ ਉੱਤੇ ਪੁੱਜੇ ਦੀਨ ਦਇਆਲ।
ਬਾਈਆਂ ਮੀਲਾਂ ਤੀਕ ਇਸ ਲੰਮ-ਸਲੰਮੀ ਝੀਲ
ਨੱਕੋ-ਨੱਕੀ ਵਗਦਾ ਨਿਰਮਲ ਸ਼ੀਤਲ ਨੀਰ।
ਸਾਪਜੀ ਮੱਠ 'ਚ ਪੁੱਜ ਗੁਰ ਤਿੱਬਤੀ ਲਾਮਿਆਂ ਨਾਲ਼
ਬੁੱਧ ਮੱਤ ਬਾਰੇ ਬਹਿ ਕੇ ਕੀਤੀ ਗੋਸ਼ਟ ਵੀਚਾਰ।
ਤਿੱਬਤੀ ਲਾਮੇ ਰੱਖਦੇ ਵਿਚ ਨਾਨਕ ਸ਼ਰਧ ਅਪਾਰ
'ਪਦਮ ਸੰਭਵ' ਮੰਨ ਨਾਨਕ ਦੇ ਪਦ-ਚਿੰਨ੍ਹ ਰੱਖੇ ਸੰਭਾਲ਼।
ਸਾਪਜੀ ਮੱਠ 'ਚ ਸਤਗੁਰ ਕੁਝ ਕੁ ਸਮਾਂ ਬਰਾਜ
ਮਾਰ ਕੇ ਛੱਟੇ ਨਾਮ ਦੇ ਕੀਤਾ ਤਿਮਰ ਵਿਨਾਸ਼।
ਗੁਰੂ ਸ਼ਬਦ 'ਤੇ ਜ਼ੋਰ ਦੇਇ ਲਾ ਸਤਿ ਨਾਮ ਦੀ ਜਾਗ
ਮਾਨਸਰੋਵਰ ਝੀਲ ਵੱਲ ਕੀਤੀ ਗੁਰ ਪਰਵਾਜ਼।

## ਮਾਨਸਰੋਵਰ

ਸਾਪਜੀ ਮੱਠ ਤੋਂ ਚੱਲ ਕੇ ਤੁਰਦਿਆਂ ਮੀਲੋ-ਮੀਲ
ਤੱਕੀ ਗੋਲਾਕਾਰ ਰੂਪ ਮਾਨਸਰੋਵਰ ਝੀਲ।
ਰਿਖੀ ਮੁਨੀ ਜੋਗ ਸੰਨਿਆਸੀ ਤਿੱਬਤ ਵੱਲ ਜੋ ਜਾਣ
ਪਾਕ ਝੀਲ ਕੰਢੇ 'ਤੇ ਬਹਿ ਕਰਨ ਤਪੱਸਿਆ ਆਣ।
ਬ੍ਰਹਮਾ ਜੀ ਇਸ ਝੀਲ ਦਾ ਕੀਤਾ ਸੀ ਨਿਰਮਾਣ
'ਮਨਸ ਸਰੋਵਰਮ' ਨਾਮ ਕਰ ਲੋਕਾਂ ਵਿਚ ਪਹਿਚਾਣ।
ਹਿੰਦੂ ਬੋਧ ਜੈਨ ਤੇ ਬਾਂਨ ਸਭ ਧਰਮਾਂ ਦੇ ਲੋਕ
ਤੀਰਥ ਯਾਤਰਾ ਕਰਕੇ ਸਵਰਨ ਉਹ ਪਰਲੋਕ।
ਚੌਹੀਂ ਤਰਫ਼ੀਂ ਝੀਲ ਦੇ ਬਣੇ ਜੋ ਚਾਰ ਮੱਠ
ਮੂਰਤੀਆਂ ਹਨ ਰੱਖੀਆਂ ਸ਼ਿਵ ਮਹਾਤਮਾ ਬੁੱਧ।
ਬੈਠ ਮੰਦਰੀਂ ਪੂਜਦੇ ਬੋਧੀ ਸ਼ਰਧਾ ਨਾਲ਼
ਪੂਜਣ ਨਾਨਕ ਮੂਰਤੀ ਵੀ ਹੋਰ ਬੁੱਤਾਂ ਦੇ ਨਾਲ਼।
ਲੰਘਦੇ ਤਦ ਅਲੰਘ ਪਹਾੜ ਕਿਰਪਾ ਨਿਧ ਦਿਆਲ
ਪੁੱਜੇ ਆਣ ਸੁਮੇਰ ਤੇ ਲੈਣ ਸਿੱਧਾਂ ਦੀ ਸਾਰ।



UNISTAR BOOKS PVT LTD.

## ਸੁਮੇਰ

'ਬਾਬੇ ਡਿੱਠੀ ਪਿਰਥਮੀ
'ਨਵੈ ਖੰਡਿ ਜਿਥੈ ਤਕਿ ਆਹੀ।
'ਫਿਰਿ ਜਾਇ ਚੜ੍ਹਿਆ ਸੁਮੇਰ ਪਰਿ
'ਸਿਧਿ ਮੰਡਲੀ ਦ੍ਰਿਸਟੀ ਆਈ।' (ਵਾਰਾਂ ਭਾਈ ਗੁਰਦਾਸ ੨੮॥੧॥)

ਸੋਨ ਸੁਨਹਿਰੀ ਚਮਕਦਾਰ ਧਰਤੀ ਇਹ ਸੁਮੇਰ
ਆਕਾਸ਼ਾਂ ਨੂੰ ਛੂੰਹਦਾ ਜਿਥੇ ਪਰਬਤ ਮੇਰ।
ਵਿਚ ਗੋਲਾਈ ਸ਼ਕਲ ਦੇ ਬਣੀ ਪਵਿੱਤਰ ਝੀਲ
ਲੋਕ ਮਨਾਂ ਨੂੰ ਕੀਲ੍ਹਦੀ ਘੇਰਾ ਮੀਲੋ-ਮੀਲ।
ਬਰਫ਼ਾਂ ਲੱਦੀਆਂ ਟੀਸੀਆਂ ਜਿਉਂ ਚਾਂਦੀ ਦੇ ਢੇਰ
ਸੂਰਜ ਕਿਰਨਾਂ ਛੋਹ ਮਿਲ ਅਦਭੁਤ ਛਬ ਚੁਫ਼ੇਰ।
ਜਾਨ ਹੂਲ ਕੇ ਪੁੱਜਦੇ ਲੋਕੀਂ ਏਸ ਸਥਾਨ
ਹਾਰੀ ਸਾਰੀ ਦੇ ਲਈ ਪੁੱਜਣਾ ਨਹੀਂ ਆਸਾਨ।
ਵਿਚ ਗੁਫ਼ਾਵਾਂ ਟੋਲੀਆਂ ਜੋਗੀ ਕਰਨ ਨਿਵਾਸ
ਐਸੀ ਗੁਫ਼ਾ ਟੋਲਦੇ ਹੋਏ ਜੋ ਚਸ਼ਮੇ ਪਾਸ।
ਜੀਵਨ ਰਾਹ ਸੰਘਰਸ਼ ਨੂੰ ਸਿੱਧ ਦੇ ਬੈਠੇ ਸੀ ਕੰਡ
ਵਿਚ ਗੁਫ਼ਾਵਾਂ ਨਿੱਘ ਸੀ ਬਾਹਰ ਭਾਵੇਂ ਠੰਢ।
ਨੈਆਂ ਮਿੱਠੇ ਜਲ ਦੀਆਂ ਪਵੇ ਨਾ ਜਿੱਥੇ ਧੁੰਦ
ਮਾਤ-ਲੋਕ ਦੇ ਦੁੱਖਾਂ ਤੋਂ ਸੀ ਬੈਠੇ ਅੱਖਾਂ ਮੁੰਦ!
ਅੰਧਕਾਰ ਦੀਆਂ ਟੀਸੀਓਂ ਚੜ੍ਹੇ ਹੋਇਆਂ ਨੂੰ ਲਾਹੁਣ
ਜਾ ਪੁੱਜੇ ਸੁਮੇਰ ਗੁਰ ਸੁੱਤੀ ਸੁਰਤ ਜਗਾਣ।

ਨੂਰੀ ਮੱਥਾ ਡਲ੍ਹਕਦਾ ਜਿਹਬਾ 'ਤੇ ਸਤਿਨਾਮ
ਨਾਨਕ ਨੂੰ ਤੱਕ ਸਾਹਮਣੇ ਹੋਏ ਸਿੱਧ ਹੈਰਾਨ।
ਮਨ 'ਚ ਸੋਚਣ ਲਿਆਵਣਾ ਇਸ ਆਪਣੀ ਟਕਸਾਲ
ਪੁੱਛਿਆ, 'ਪੁੱਜੇ ਏਸ ਥਾਂ ਕਿਹੜੀ ਸ਼ਕਤੀ ਨਾਲ ?'
'ਲੈ ਆਇਆ ਇਸ ਜਗ੍ਹਾ 'ਤੇ ਕਰੁਣਾ ਨਿਧ ਨਿਧਾਨ
ਸਰਵ ਸ਼ਕਤੀਆਂ ਮੂਲ ਤੋਂ ਸਰਬ ਸ਼ਕਤੀਮਾਨ'।
'ਕੀ ਨਾਂ ਤੇਰਾ ਬਾਲਿਆ! ਕੀ ਐ ਤੇਰੀ ਮੱਤ ?'
'ਨਾਨਕ ਮੇਰਾ ਨਾਮ ਹੈ, ਪ੍ਰੇਮ ਤੇ ਸੇਵਾ ਮੱਤ'।
'ਪਾਣੀ ਲਿਆ ਫਿਰ ਬਾਲਿਆ! ਮੱਤ ਜੋ ਤੇਰਾ ਸੇਵ
ਤੁਧ ਉੱਤੇ ਪਰਸੰਨ ਹੋ ਤੁੱਠਣਗੇ ਮਹਾਂਦੇਵ!'
ਸਿੱਧਾਂ ਸੋਚਿਆ, 'ਰੋੜ ਬਣ ਨਾ ਜਾਏ ਸ਼ਕਤੀਵਰ'



UNISTAR BOOKS PVT LTD.
Unistar Books Pvt Ltd.
UNISTAR BOOKS PVT LTD.

ਗੋਰੀ ਕੁੰਡ ਉਨ ਰਿਧੀਆਂ-ਸਿਧੀਆਂ ਸੰਗ ਦਿੱਤਾ ਭਰ।
ਨਾਨਕ ਪਾਣੀ ਨੂੰ ਗਏ ਖੱਪਰ ਚਾ ਵਿਚ ਹੱਥ
ਸਿੱਧਾਂ ਜਲ ਸੁਕਾਇਆ ਵਰਤ ਕਲਾ ਅਦਭੁੱਤ!
ਜੰਮੀ ਸਾਰੀ ਝੀਲ ਸੀ ਉੱਪਰ ਰਤਨ ਜਵਾਹਰ
ਬਸ ਭੁਲੇਖਾ ਪਾਉਣ ਹਿਤ ਰੱਖੇ ਸੀ ਖਲਿਹਾਰ।
ਖ਼ਾਲੀ ਖੱਪਰ ਹੱਥ ਫੜ੍ਹ ਬਾਬਾ ਆਏ ਚੱਲ
'ਉਥੇ ਪੱਥਰ ਹੈਨ ਪਏ ਕੋਈ ਨਹੀਂ ਵਿਚ ਜਲ'।
ਸਿੱਧਾਂ ਤੱਕਿਆ ਗੋਰੀ ਕੁੰਡ ਭਰਿਆ ਬਰਫ਼ ਨਾਲ
ਜਾਣਨ ਕੀ ਅਹੰਮਤੇ ? ਅਜਬ ਰੰਗ ਕਰਤਾਰ।
ਬਾਬੇ ਡਿੱਠਾ, ਉਨ੍ਹਾਂ ਵੱਲ ਹੋ ਕੇ ਗਹਿਰ ਗੰਭੀਰ
ਰਿਧੀਆਂ ਸਿਧੀਆਂ 'ਕਿਸ ਕੰਮ ?' ਮਨ ਨਾ ਆਈ ਧੀਰ।
ਘਰ ਪਰਿਵਾਰ ਤਿਆਗ ਕੇ ਬੈਠੇ ਵਿਚ ਉਜਾੜ
ਰਤਨ ਜਵਾਹਰ ਇਸਤਰੀ ਰਹਿੰਦੀ ਮਨ ਵਿਚਕਾਰ।
ਛੁਪ ਬੈਠੇ ਆ ਪਰਬਤੀਂ ਰੱਖ ਸੰਕਲਪ ਨਖਿੱਧ
ਮਾਨਸ ਜਨਮ ਅਮੋਲ ਹਰ ਪਾਈ ਕੀ ਰਿਧ-ਸਿਧ ?
ਦੁੱਧ ਦਾ ਦੁੱਧ ਪਾਣੀ ਦਾ ਪਾਣੀ ਦਿੱਤਾ ਗੁਰਾਂ ਨਿਤਾਰ
ਫਿਰ ਵੀ ਸਿੱਧਾਂ ਪੁੱਛਿਆ ਮਾਤ-ਲੋਕ ਦਾ ਹਾਲ।
ਨਾਨਕ ਕਿਹਾ, 'ਵਿਅਰਥ ਹੈ ਸਿੱਧੋ! ਇਹ ਸੁਆਲ
ਛੁਪ ਬੈਠੇ ਹੋ ਪਰਬਤੀਂ ਪਰਜਾ ਛੱਡ ਬੇਹਾਲ।
ਪੱਥਰਾਂ ਵਿਚ ਪੱਥਰ ਹੋਏ ਰਿਧੀ-ਸਿਧੀਂ ਚਾਲ
ਧਓਲ ਖੜ੍ਹਾ ਪੁਕਾਰਦਾ ਕੌਣ ਵੰਡਾਏ ਭਾਰ ?'
ਭਰਥਰੀ ਬੋਲੇ, 'ਕਿਸ ਘਾਟ ਕਰਦੇ ਓ ਇਸ਼ਨਾਨ
ਰਿੜਕਦੇ ਕੀ ? ਕਿੰਜ ਮੈਲ਼ ਧੋ ? ਜੁੜਦੇ ਕਿੰਜ ਵਿਚ ਨਾਮ ?
ਕਿਹੜੀ ਧੂੜੀ ਮਲ਼ਦੇ ? ਕਿੰਜ ਰਮਾਂਦੇ ਭਸਮ
ਅੱਖਾਂ ਧੋ ਕਿਸ ਨਾਦ ਸੰਗ ? ਕਿੰਜ ਮਿਟਾਉਂਦੇ ਤ੍ਰਿਸ਼ਨ ?'
ਨਿਮਰਤਾ ਤੇ ਸਤ ਵਿਚ ਕਰੀਏ ਰੋਜ਼ ਇਸ਼ਨਾਨ
ਸਿਰ ਤੋਂ ਲਾਹ ਹੰਕਾਰ ਨੂੰ ਰਿੜਕੀਦੈ ਉਸ ਨਾਮ।
ਸਿਫ਼ਤ ਸਲਾਹੁਨਾ ਉਸ ਦੀ ਟਿਕੀਏ ਵਿਚ ਰਜ਼ਾਇ
ਕ੍ਰੋਧ ਜਲਾਈਏ ਸ਼ਬਦ ਸੰਗ ਤ੍ਰਿਸ਼ਨਾ ਅਗਨ ਬੁਝਾਇ।
ਨਾਦ ਨਿਰੋਧ ਬਾਣੀ ਵਾਲ਼ਾ ਸਹਿਜ ਕਮਾਈਏ ਜੋਗ
ਧੂੜੀ ਮਲ਼ਦੇ ਸਾਧ ਸੰਗਤ ਬਾਬੇ ਕਿਹਾ ਹਰ ਰੋਜ਼'।

ਤਰਕ ਵਿਤਰਕ ਦੇ ਵਿਚ ਜਦ ਸਿਧ ਗਏ ਸਭ ਹਾਰ
ਆਖਰ ਵਰਤਿਆ ਅਗਲਾ ਹੋਛਾ ਉਨ ਹਥਿਆਰ।

UNISTAR BOOKS PVT LTD.
Unistar Books Pvt Ltd.

'ਹੋਇਆ ਪਿਆਲੇ ਦਾ ਸਮਾਂ ਪੀਓ! ਮਹਾਂਰਸ ਸਾਰ'
ਫਿਰੀ ਸੁਰਾਹੀ ਮੰਡਲੀ ਫਿਰ ਨਾਨਕ ਆਈ ਵਾਰ।
ਪਿਆਲਾ ਤੱਕ ਕੇ ਸਾਹਮਣੇ ਬਾਬੇ ਕੀਤੀ ਗ਼ੌਰ
ਨਾਨਕ ਪੁੱਛਿਆ, 'ਏਸ ਵਿਚ ਰੱਖਿਆ ਕੀ ਜੇ ਘੋਲ਼ ?'
'ਸਿੱਧਾਂ ਕਾ ਪਿਆਲਾ ਹੈ, ਵਸਤੂ ਇਹ ਅਣਮੋਲ
ਫੁੱਲ ਧਾਵੇ ਦੇ ਅਤੇ ਗੁੜ ਪਾਇਆ ਵਿਚ ਨਿਰੋਲ'।
ਵੱਲ ਸਿੱਧਾਂ ਦੇ ਤੱਕਿਆ ਬਾਬੇ ਨਾਲ਼ ਪਿਆਰ
ਆਸਾ ਰਾਗ 'ਚ ਸਤਗੁਰੂ ਦਿੱਤਾ ਸ਼ਬਦ ਉਚਾਰ।

ਗੁੜੁ ਕਰਿ ਗਿਆਨੁ ਧਿਆਨੁ ਕਰਿ ਧਾਵੈ
ਕਰਿ ਕਰਣੀ ਕਸੁ ਪਾਈਐ॥
ਭਾਠੀ ਭਵਨੁ ਪ੍ਰੇਮ ਕਾ ਪੋਚਾ
ਇਤੁ ਰਸਿ ਅਮਿਉ ਚੁਆਈਐ॥੧॥
ਬਾਬਾ ਮਨੁ ਮਤਵਾਰੋ ਨਾਮ ਰਸੁ ਪੀਵੈ
ਸਹਜ ਰੰਗ ਰਚਿ ਰਹਿਆ॥
ਅਹਿਨਿਸਿ ਬਨੀ ਪ੍ਰੇਮ ਲਿਵ ਲਾਗੀ
ਸਬਦੁ ਅਨਾਹਦ ਗਹਿਆ॥੧॥ ਰਹਾਉ॥
ਪੂਰਾ ਸਾਚੁ ਪਿਆਲਾ ਸਹਜੇ
ਤਿਸਹਿ ਪੀਆਏ ਜਾ ਕਉ ਨਦਰਿ ਕਰੇ॥
ਅੰਮ੍ਰਿਤ ਕਾ ਵਾਪਾਰੀ ਹੋਵੈ
ਕਿਆ ਮਦਿ ਛੂਛੈ ਭਾਉ ਧਰੇ॥੨॥
ਗੁਰ ਕੀ ਸਾਖੀ ਅੰਮ੍ਰਿਤ ਬਾਣੀ
ਪੀਵਤ ਹੀ ਪਰਵਾਣੁ ਭਇਆ॥
ਦਰ ਦਰਸਨ ਕਾ ਪ੍ਰੀਤਮੁ ਹੋਵੈ
ਮੁਕਤਿ ਬੈਕੁੰਠੈ ਕਰੈ ਕਿਆ॥੩॥
ਸਿਫਤੀ ਰਤਾ ਸਦ ਬੈਰਾਗੀ
ਜੂਐ ਜਨਮੁ ਨ ਹਾਰੈ॥
ਕਹੁ ਨਾਨਕ ਸੁਣਿ ਭਰਥਰਿ ਜੋਗੀ
ਖੀਵਾ ਅੰਮ੍ਰਿਤ ਧਾਰੈ॥੪॥੪॥੩੮॥ (**ਗੁਰੂ ਗ੍ਰੰਥ**, ਪੰਨਾ 360)

ਬਾਬਾ ਸੱਚਮੁੱਚ ਭੇਜਿਆ ਅਕਾਲ ਵੱਲੋਂ ਸੀ ਮੇਘ
ਪ੍ਰੇਮ ਜਲ ਵਰਸਾਇਆ ਤੁਠ ਕੇ ਅਹੰਮੇਵ।
ਭਾਵੇਂ ਸਿੱਧਾਂ ਮੰਨ ਲਈ ਬਾਬੇ ਸਾਹਵੇਂ ਹਾਰ
ਅੰਦਰੋਂ ਸ਼ਾਂਤ ਨਾ ਹੋਇਆ ਸਿੱਧਾਂ ਦਾ ਹੰਕਾਰ।



UNISTAR BOOKS PVT LTD.
Unistar Books Pvt Ltd.
UNISTAR BOOKS PVT LTD.

ਸਿੱਧਾਂ ਨੂੰ ਇਹ ਫ਼ਖ਼ਰ ਸੀ ਤਿਆਗੇ ਦੁਨੀਆਦਾਰ
ਘਰ ਗ੍ਰਹਿਸਥੀ ਦੇ ਸਣੇ ਮਾਇਆ ਦਾ ਵਿਉਪਾਰ।
ਬਾਬੇ ਉੱਤੇ ਨਾ ਪਿਆ ਸਿਧੀਂ ਭੇਖ ਦਬਾ
ਜਗਤ ਅਖਾੜਿਓਂ ਭੱਜ ਕੇ ਸੀ ਬੈਠੈ ਧੂਣੀ ਪਾ।
ਦਰਅਸਲ ਸੀ ਮੰਨ ਲਈ ਸਿੱਧਾਂ ਅੰਦਰੋਂ ਹਾਰ
ਪਿਆਲੇ ਮਗਰੋਂ ਠੀਕ ਨਾਹ ਸੋਚੀ ਕਰਨੀ ਤਕਰਾਰ।
ਅਚਲ ਵਟਾਲੇ ਲਗਦਾ ਮੇਲਾ ਜੋ ਸ਼ਿਵਰਾਤ
ਉਥੇ ਹੀ ਚੱਲ ਕਰਾਂਗੇ ਬਾਲੇ ਸੰਗ ਮੁੜ ਬਾਤ।

## ਲੱਦਾਖ

ਗਾਰੂ ਤੋਂ ਰੁਡੇਕ ਹੋ ਚਲ ਪਾਨਸੋਂਗ ਤਕ ਝੀਲ
ਪੈ ਗਏ ਗੁਰੂ ਚਸ਼ੂਲ ਰਾਹ ਤੁਰਦੇ ਮੀਲੋ ਮੀਲ।
ਟਾਵੇਂ ਟਾਵੇਂ ਰੁੱਖੜੇ ਸੀ ਹਰਿਆਵਲ ਘਾਟ
ਹਿੱਕ ਪਰਬਤੀਂ ਚੀਰਦੇ ਪੁੱਜੇ ਗੁਰੂ ਲੱਦਾਖ।
ਕੀਰਤਨ ਦੀ ਗੂੰਜਾਰ ਵਿਚ ਗੂੰਜ ਉੱਠਿਆ ਵਣ
ਨਾਮਲੇਵਾ ਕਈ ਜੁੜੇ ਗੁਰ ਉਪਦੇਸ਼ ਨੂੰ ਸੁਣ।
ਦਰਸ਼ਨ ਕਰ ਸਤਗੁਰੂ ਦੇ ਸੰਗਤ ਹੋਈ ਨਿਹਾਲ
ਬਾਬੇ ਦਾ ਉਪਦੇਸ਼ ਸੁਣ ਬਦਲੀ ਜੀਵਨ ਚਾਲ।
'ਹੇਮਸ ਗੌਂਫਾ' ਲੱਦਾਖ ਵਿਚ ਵਡ-ਬੌਧਕ ਅਸਥਾਨ
ਸ਼ਰਧਾ ਸਹਿਤ ਰੁਕਦੇ ਚੱਲ ਬੋਧੀ ਲਾਮੇ ਆਣ।
ਜਿਸ ਵੱਡ ਭਾਰੀ ਪੱਥਰ 'ਤੇ ਸੀ ਨਾਨਕ ਬੈਠੇ ਆਣ
ਪੂਜਣ ਬੋਧੀ ਏਸ ਥਾਂ 'ਕੁੰਜਕ ਨਾਨੋ' ਕਰ ਨਾਮ।
ਮੋਟੇ ਪਰਦੇ ਚਿਤਰਿਆ ਸਤਗੁਰ ਚਿੱਤਰ ਕਮਾਲ
ਬਾਬਾ ਨਾਨਕ ਨੇ ਖੜ੍ਹੇ ਜਿਸ ਵਿਚ ਸਾਥੀਆਂ ਨਾਲ਼।
ਜਿਥੇ ਬੈਸਣ ਸਾਧ ਜਨ ਸੋਈ ਸੁਹਾਵਾ ਥਾਨ
ਆਏ ਸਾਲ ਮੇਲਾ ਭਰਦਾ ਵਿਚ ਬਾਬੇ ਸਨਮਾਨ।

## ਨੀਮੂ

ਤੁਰ ਪਏ ਬਾਬਾ ਲੇਹ ਤੋਂ ਸਕਰਦੂ ਦੇ ਰਾਹ
ਸਿੰਧ ਨਦੀ ਦੇ ਨਾਲ਼ ਨਾਲ਼ ਨੀਮੂ ਪੁੱਜੇ ਆ।
ਇਕ ਪਹਾੜੀ ਨਾਲ਼ ਗੁਰ ਬੈਠ ਗਏ ਢੋਅ ਲਾ
ਨਿਰਭਉ ਨਿਰੰਕਾਰ ਦੇ ਸੁਰਤ ਜੁੜੀ ਵਿਚ ਜਾ।



UNISTAR BOOKS PVT LTD.
Unistar Books Pvt Ltd.

ਆਸੇ ਪਾਸਿਉਂ ਲੋਕ ਜੁੜ ਬੈਠ ਗਏ ਗੁਰ ਪਾਸ
ਰਾਖ਼ਸ਼ ਤੋਂ ਤੰਗ ਆਇਆ ਬਹਿ ਦੁੱਖੜਾ ਰੋਇਆ ਖ਼ਾਸ।
ਜਿਉਂ ਹੀ ਰਾਖ਼ਸ਼ ਤੱਕਿਆ ਉੱਤੋਂ ਨਿਗ੍ਹਾ ਮਾਰ
ਗ਼ੁੱਸੇ ਦੇ ਵਿਚ ਸੁੱਟਿਆ ਉੱਤੋਂ ਉਸ ਪਹਾੜ।
ਕਿੱਦਾਂ ਸੀ ਕਰ ਸਕਦਾ ਰਾਖ਼ਸ਼ ਇਹ ਬਰਦਾਸ਼
ਆਪਣੇ ਹੀ ਇਲਾਕੇ ਵਿਚ ਤੱਕ ਅਜਨਬੀ ਵਾਸ ?
ਪੱਥਰ ਹੋਇਆ ਮੋਮ ਤਦ ਬਾਬੇ ਸੰਗ ਟਕਰਾਅ
ਵਾਪਰਿਆ ਤੱਕਣ ਲਈ ਉਹ ਹੇਠਾਂ ਪੁੱਜਾ ਆ।
ਬੈਠੇ ਸੀ ਅੰਤਰਯਾਮੀ ਉਵੇਂ ਸਮਾਧੀ ਲਾ
ਜਿਉਂਦੇ ਤੱਕਿਆ ਗੁਰਾਂ ਨੂੰ ਗੁੱਸਾ ਗਿਆ ਖਾ।
ਪਟਕਿਆ ਪੱਥਰ ਵਿਚ ਪੈਰ ਗ਼ੁੱਸੇ ਵਿਚ ਨਾਦਾਨ
ਜਾਣ ਨਾ ਸਕੀ ਦੈਂਤ ਬੁੱਧ ਸਾਹਵੇਂ ਜੋਤ ਮਹਾਨ।
ਧਸ ਗਿਆ ਜਦ ਪੈਰ ਉਸ ਵਿਚ ਪੱਥਰ ਦੇ ਖ਼ਾਸ
ਆਪਣੀ ਕੀਤੀ ਭੁੱਲ ਦਾ ਹੋਇਆ ਤਦ ਅਹਿਸਾਸ।
ਭੁੱਲ ਬਖ਼ਸ਼ਾਈ ਗੁਰਾਂ ਤੋਂ ਲੱਗਾ ਚਰਨੀਂ ਆ
ਬਖ਼ਸ਼ਿਆ ਬਾਬੇ ਉਸ ਨੂੰ ਨਦਰ ਮਿਹਰ ਦੀ ਪਾ।
ਜਿਹੜੀ ਥਾਵੇਂ ਸਤਗੁਰੂ ਬੈਠੇ ਹੈਸਨ ਆਣ
'ਗੁਰਦੁਆਰਾ ਪੱਥਰ ਸਾਹਿਬ' ਪਾਕ-ਪੂਜ ਅਸਥਾਨ।

## ਸਕਾਰਦੂ

ਮਾਨਸ ਤੋਂ ਕਰ ਦੇਵਤਾ ਲੇਹ ਤੋਂ ਨਾਨਕ ਚੱਲ
ਪਾਪ ਧੁੰਦ ਨੂੰ ਮੇਟਦੇ ਆਏ ਸਕਾਰਦੂ ਵੱਲ।
ਕੰਢੇ ਸਿੰਧ ਦਰਿਆ ਨਗਰ ਹੈ ਇਹ ਆਬਾਦ
ਲਿਖਦੇ ਨੇ ਸਤਿਬੀਰ ਸਿੰਘ ਪੁਸਤਕ **ਬਲਿਓ ਚਿਰਾਗ਼**।
ਜਿਥੇ ਬਹਿ ਕੇ ਸੁਣੀ ਗੁਰ ਲੋਕਾਂ ਦੀ ਫ਼ਰਯਾਦ
'ਨਾਨਕ ਪੀਰ ਦੀ ਥਾਂ' ਕਹਿ ਲੋਕੀਂ ਕਰਦੇ ਯਾਦ।
ਨਾਨਕ ਕਿਲ੍ਹਾ ਸਕਾਰਦੂ ਦੇ ਲਾਗੇ ਗਏ ਬਿਰਾਜ
ਰਾਜਾ ਵੀ ਚੱਲ ਪੁੱਜਿਆ ਗੋਸ਼ਟ ਕਰਨੇ ਖ਼ਾਸ।
ਨਾਮ ਕਲੰਦਰ ਗੌਂਸ ਬੁਖਾਰੀ ਮੁਸਲਮਾਨ ਪੀਰ
ਗਰਬ-ਮੱਤੇ ਪੀਰ ਤਾਈਂ ਆਵੇ ਨ ਮਨ ਧੀਰ।
ਜ਼ਾਲਮ ਪੀਰ ਤਅੱਸਬੀ ਹਾਕਮ ਨੂੰ ਕਰ ਵੱਸ
ਜਬਰਨ ਹੀ ਇਸਲਾਮ ਫੈਲਾ ਸੀ ਖੱਟਣਾ ਚਾਹੁੰਦਾ ਜਸ।

UNISTAR BOOKS PVT LTD.
Unistar Books Pvt Ltd.
Unistar Books Pvt Ltd.
UNISTAR BOOKS PVT LTD.

ਆਇਆ ਗੋਸ਼ਟ ਕਰਨ ਹਿਤ ਪੀਰ ਗੁਰੂ ਦੇ ਨਾਲ਼
ਹਾਰਿਆ ਵਿਚ ਵਿਵਾਦ ਦੇ ਹੋਇਆ ਲਾ-ਸੁਆਲ।
'ਜਬਰੀ ਧਰਮ ਫੈਲਾਵਣਾ ਡਾਢੀ ਭੈੜੀ ਮਰਜ਼'
ਐਸਾ ਕਰਨੋਂ ਗੌਂਸ ਨੂੰ ਬਾਬੇ ਦਿੱਤਾ ਵਰਜ।
ਲਾਗੇ ਕਿਲ੍ਹੇ ਪਹਾੜੀ ਤੇ ਬਣਿਆ ਬਾਬਾ ਅਸਥਾਨ
'ਗੁਰਦੁਆਰਾ ਮੰਜੀ ਸਾਹਿਬ' ਯਾਦ ਦਿਲਾਵੇ ਆਣ।

## ਕਾਰਗਿਲ

ਚੱਲ ਕੇ ਗੁਰੂ ਸਕਾਰਦੂ ਤੋਂ ਇਕ ਪੁਰਾਣੇ ਰਾਹ
ਪੱਥਰਾਂ ਨੂੰ ਲਤਾੜਦੇ ਕਾਰਗਿਲ ਗਏ ਆ।
ਕੰਢੇ ਸਰੂ ਨਦੀ ਦੇ ਇਕ ਵੀਰਾਨੀ ਥਾਂ
ਸੰਗ ਸਾਥ ਦੇ ਸਤਗੁਰੂ ਡੇਰਾ ਕੀਤਾ ਜਾ।
ਦੂਰੋਂ ਦਿਖਿਆ ਇਕ ਘਰ ਦੀਵੇ ਦਾ ਪਰਕਾਸ਼
ਪੁੱਜੇ ਜਾਣੀ-ਜਾਣ ਗੁਰੂ ਅੰਧਕਾਰ ਵਿਨਾਸ਼।
ਸਾਹਵੇਂ ਤੱਕਿਆ ਉਨ੍ਹਾਂ ਨੇ ਦੁਖੀਆ ਇਕ ਇਨਸਾਨ
ਦੇਹੀ ਦੀ ਨਿਰਬਲਤਾ ਤੋਂ ਸੀ ਡਾਢਾ ਪਰੇਸ਼ਾਨ।
ਵਿਚ ਵੀਰਾਨੇ ਏਸ ਘਰ ਵੈਦ ਰੋਗੀਆਂ ਆ
ਦੇਹੀ ਵਿਆਪੇ ਰੋਗ ਤੋਂ ਦਿੱਤੀ ਉਸ ਸ਼ਫ਼ਾ।
ਤਨੋਂ-ਮਨੋਂ ਉਸ ਸਿੱਖ ਨੇ ਸੇਵਾ ਕੀਤੀ ਆਣ
ਤਿੰਨ ਦਿਹਾੜੇ ਤੀਕ ਗੁਰ ਠਹਿਰੇ ਏਸ ਸਥਾਨ।
ਚਰਨ ਕਮਲ ਦੀ ਸੇਵ ਵਿਚ ਦਿੱਤਾ ਘਰ ਲਵਾ
ਦਿੱਤੀ ਗੁਰਾਂ ਅਸੀਸ ਇਹ ਨਗਰ ਵਸੂ ਇਹ ਥਾਂ।
ਸ਼ਹਿਰ ਵਸਿਆ ਕਾਰਗਿਲ ਕਾਮਲ ਪੀਰ ਦੁਆ
'ਗੁਰਦੁਆਰਾ ਚਰਨ ਕਮਲ' ਇਸ ਥਾਂ ਸ਼ੋਭ ਰਿਹਾ।
ਦੱਖਣ ਵੰਨੀਂ ਦਰਾ ਜੋਜ਼ੀਲਾ ਲੰਘਦਿਆਂ ਸੰਗ ਸਾਥ
ਬਾਲਤਾਨ ਤੋਂ ਦੱਖਣ ਵੰਨੀਂ ਪੁੱਜੇ ਅਮਰਨਾਥ।

## ਅਮਰਨਾਥ

ਅਮਰਨਾਥ ਸ਼ਿਵਜੀ ਦਾ ਹੈ ਉਹ ਪਾਕ ਸਥਾਨ
ਪਾਰਵਤੀ ਨੂੰ 'ਅਮਰ ਕਥਾ' ਸੀ ਸਿਵਾਂ ਸੁਣਾਈ ਆਣ।
ਹਿਮਾਲਾ ਪਰਬਤ ਦੀ ਧਾਰਾ ਵਿਚ ਇਹ ਗੁਫ਼ਾ ਖ਼ਾਸ
ਉੱਪਰ-ਵਾਰ ਪਹਾੜੀ ਵਿਚੋਂ ਰਿਸਦਾ ਸੀਤ ਆਬ।

UNISTAR BOOKS PVT LTD.
Unistar Books Pvt Ltd.

ਏਸ ਥਾਂ ਤੋਂ ਗੁਫ਼ਾ ਭੀਤਰ ਲੰਘਦੇ ਹੋਏ ਸੁਰਾਖ਼
ਡਿੱਗਦੀ ਬਰਫ਼ ਬਣਾਉਂਦੀ ਲੰਬਾ ਟੁਕੜਾ ਖ਼ਾਸ।
ਕੇਹਾ ਕੁਦਰਤੀ ਕ੍ਰਿਸ਼ਮਾ ਬਣ ਬਰਫ਼ੀਲਾ ਆਕਾਰ
ਸ਼ਰਧਾਲੂ ਸ਼ਿਵ ਲਿੰਗ ਸਮਝ ਪੂਜਣ ਬੇਸ਼ੁਮਾਰ।
ਲੱਖਾਂ ਹਿੰਦੂ ਪੁੱਜ ਕੇ ਮੌਕੇ ਪੁੰਨਿਆ ਅਸਾੜ
ਬਰਫ਼ੋਂ ਬਣੀ ਅਕ੍ਰਿਤੀ ਨੂੰ ਕਰਦੇ ਨਮਸਕਾਰ
ਆਪਣੀ ਆਪਣੀ ਆਸਥਾ ਵਿਚ ਭ੍ਰਮਦਾ ਤੱਕ ਸੰਸਾਰ
ਉਭਰਨ ਲਈ ਵਹਿਮੋਂ-ਭਰਮੋਂ ਸਿੱਖਿਆ ਦਿੱਤੀ ਦਾਤਾਰ।

## ਮਟਨ

ਰੋਹੀ ਬੀਆਬਾਨ ਲੰਘ ਗੁਰ ਮਟਨ 'ਚ ਪੁੱਜੇ ਆਣ
ਕਿਸੀ ਵਕਤ ਜੋ ਹਿੰਦੂਆਂ ਦਾ ਸੀ ਤੀਰਥ ਅਸਥਾਨ।
ਕੱਟੜ ਮੁਗ਼ਲ ਸ਼ਾਸਕਾਂ ਸੀ ਮੰਦਰ ਦਿੱਤੇ ਢਾਹ
ਖੰਡਰ ਮਾਰਤੰਡ ਦੇ ਅੱਜ ਵੀ ਹੈਨ ਗਵਾਹ।
ਨੇੜੇ ਬੀਜ ਬਿਹਾੜਾ ਵਿਚ ਰਹਿੰਦਾ ਸੀ ਬ੍ਰਹਮਦਾਸ
ਉੱਚ ਕੋਟੀ ਦਾ ਵਿਦਵਾਨ ਤੀਖਣ ਬੁੱਧ ਪ੍ਰਗਾਸ।
ਸ਼ਾਸਤ੍ਰਾਥ ਦੇ ਵਿਚ ਸੀ ਉਹ ਡਾਢਾ ਪ੍ਰਬੀਨ
ਵਿਚ ਕਸ਼ਮੀਰੀ ਪੰਡਤਾਂ ਸੀ ਮੰਨੀ ਜਾਂਦੀ ਈਨ।
ਪੜ੍ਹਿਆ ਸ਼ਾਸਤ੍ਰ ਸਿਮ੍ਰਤੀਆਂ ਬੇਦ ਬਾਣੀ ਅਭਿਆਸ
ਢੇਰ ਗ੍ਰੰਥ ਵਾਚ ਹੋਇਆ ਆਲਮ ਫਾਜ਼ਲ ਖ਼ਾਸ।
ਮੱਥੇ ਕੇਸਰ ਤਿਲਕ ਲਾ ਚਲੇ ਪੁਰੋਹਿਤੀ ਸ਼ਾਨ
ਪਲ ਨਾ ਮਨੋਂ ਵਿਸਾਰਦਾ ਵਿਦਿਆਵੀ ਅਭਿਮਾਨ।
ਜੋਟੀਦਾਰ ਸੀ ਉਸਦਾ ਮੁਸਲਿਮ ਸੰਤ ਕਮਾਲ
ਰੂਹ ਸੀ ਜੀਹਦੀ ਭਟਕਦੀ ਵਿਚ ਸਤਿ ਦੀ ਭਾਲ਼।

ਠਹਿਰੇ ਮਟਨ ਸਤਗੁਰੂ ਮਾਰਤੰਡ ਦੇ ਪਾਸ
ਚਸ਼ਮੇ ਲਾਗੇ ਬਹਿ ਗਏ ਚਾਨਣ ਗਿਆਨ ਚਿਰਾਗ਼।
ਹਸੂ ਤੇ ਸ਼ੀਹਾਂ ਛੀਂਬਾ ਮਨ ਰੱਖ ਕਰੁਣਾ ਅਨੁਰਾਗ
ਮਸਤ ਹੋ ਹੋ ਗਾਂਵਦੇ ਜੁੜੇ ਇਲਾਹੀ ਰਾਗ।
ਸਤਿਨਾਮ ਦੀ ਗੂੰਜ ਸੁਣ ਰਹਿ ਗਏ ਲੋਕੀਂ ਦੰਗ
ਮਉਲ ਉੱਠੀ ਸਭ ਬਨਾਸਪਤ ਵਿਚ ਮੌਜ ਹਰ-ਰੰਗ।
ਚਰਚਾ ਹੋਈ ਦੂਰ ਨੇੜ ਲੋਕਾਂ ਵਿਚ ਜਾ ਖ਼ਾਸ
ਸੁਣਿਐ! 'ਨੂਰੀ ਸੰਤ ਇਕ ਬੈਠੇ' ਚਸ਼ਮੇ ਪਾਸ।



UNISTAR BOOKS PVT LTD. Unistar Books Pvt Ltd.

UNISTAR BOOKS PVT LTD.

ਸ਼ਰਧਾਵਾਨ ਸਿੱਖ ਵੀ ਨੇ ਬੈਠੇ ਉਹਦੇ ਕੋਲ
ਮਿੱਠੀ ਸੁਰ ਅਲਾਪਦਾ ਸ਼ਬਦ ਇਲਾਹੀ ਬੋਲ।
ਮੁੱਖੋਂ ਅੰਮ੍ਰਿਤ ਝਰ ਰਿਹਾ ਮੱਥਿਉਂ ਝਰਦਾ ਨੂਰ
ਨੈਣਾਂ ਵਿਚ ਵਿਸਮਾਦ ਰੰਗ ਬਾਣੀ ਵਿਚ ਸਰੂਰ।
ਚਮਰਕੋਸ਼ ਦੇ ਇਰਦ-ਗਿਰਦ ਰੱਸੇ ਬੰਨ੍ਹ ਕਮਾਲ
ਰਾਹੀ ਦਾ ਦਿਸ ਆਂਵਦਾ ਵੱਖਰਾ ਰੰਗ ਜਮਾਲ।
ਨਾ ਹਿੰਦੂ ਨਾ ਮੁਸਲਮਾਨ ਕੇਹਾ ਅਜਬ ਭੇਖ
ਸ਼ਰਨ ਪਿਆਂ ਨੂੰ ਤਾਰਦਾ ਮਾਰ ਕੇ ਰੇਖ 'ਚ ਮੇਖ।
ਬੈਠਾ ਦੇਵੇ ਸਭਸ ਨੂੰ ਓਨਮ ਅੱਖਰ ਗਿਆਨ
ਆਖੇ ਇਕਓਂਕਾਰ ਹੈ ਸਭ ਤਰਫ਼ੀਂ ਵਿਦਮਾਨ
ਦਰਸ਼ਨ ਕੀਤੇ ਜਿਸ ਵੀ ਵਿੰਨ੍ਹਿਆ ਉਸੇ ਪਲ
ਮਾਨਵਤਾ ਦਾ ਸੂਰਜ ਉਹ ਆਪੂੰ ਆਇਆ ਚੱਲ।

Unistar Books Pvt Ltd.

ਲਾਂਭ-ਚਾਂਭ ਜਦ ਨੂਰ ਦੀ ਖਿੰਡਣ ਲੱਗੀ ਬਾਸ
ਦੂਰੋਂ ਪਾਰੋਂ ਆ ਜੁੜੀ ਸੰਗਤ ਨਾਨਕ ਪਾਸ।
ਸੁਣ ਕੇ ਨਾਅਰਾ ਇਕ ਦਾ ਪੁੱਜਿਆ ਸੰਤ ਕਮਾਲ
ਤੱਕਿਆ ਨੂਰੀ ਮੁੱਖੜਾ ਭੁੱਲਿਆ ਆਲ਼-ਜੰਜ਼ਾਲ਼।
ਪੈਰੀਂ ਜੁੱਤੀ ਚੰਮ ਦੀ ਤਨ 'ਤੇ ਚੰਮ ਲਿਬਾਸ
ਹਿੰਦੂ ਮੁਸਲਮਾਨ ਤੋਂ ਵੱਖਰੀ ਹੀ ਦਿਖ ਖ਼ਾਸ।
ਇਕ ਓਨਮ ਦਾ ਪਾਸ਼ ਉਸ ਏਕਮ ਦਾ ਪੈਗ਼ਾਮ
ਇਕੋ ਦ੍ਰਿਸ਼ਟੀ ਦੇਖਦਾ ਜੋ ਵੀ ਖ਼ਾਸ ਤੇ ਆਮ।
ਸੋਝੀ ਹੋਈ ਕਮਾਲ ਨੂੰ ਪਾ ਕੇ ਆਤਮਝਾਤ
ਅੰਤਰ ਧਿਆਨ ਹੋ ਚੱਲ ਪਿਆ ਛੁੱਟੇ ਵਾਦ-ਵਿਵਾਦ।

Unistar Books Pvt Ltd.

ਕੀਤੀ ਜਾ ਆਦਾਬ ਉਸ ਪੁੱਜ ਕੇ ਮਿੱਤਰ ਕੋਲ
ਬ੍ਰਹਮਦਾਸ ਮਿੱਤਰ ਤਾਈਂ ਦੱਸੀ ਵਿਥਿਆ ਫੋਲ।
ਚਾਹਤ ਸੀ ਜਿਸ ਮਿਲਣ ਦੀ ਆ ਮਿਲਿਆ ਖ਼ੁਦ ਆਪ
ਜਨਮਾਂ ਦੀ ਸੋਝੀ ਹੋਈ ਲੱਥੇ ਸਭ ਸੰਤਾਪ।
ਸ਼ਾਸਤ੍ਰਾਥ 'ਚ ਬ੍ਰਹਮਦਾਸ ਸੀ ਡਾਢਾ ਪ੍ਰਬੀਨ
ਊਠ ਲੱਦੇ ਹੰਕਾਰ ਵਿਚ ਪੁਸਤਕਾਂ ਭਰ ਲੀਨ।
ਮੱਥੇ ਬਾਰਾਂ ਤਿਲਕ ਲਾ ਗਲ਼ ਪਾ ਸਾਲਗ੍ਰਾਮ
ਜਿਥੇ ਸੀ ਬੈਠੇ ਨਾਨਕ ਆ ਪੁੱਜਾ ਉਸ ਥਾਂਵ।
ਬੈਠ ਗਿਆ ਕਰ ਨਮਸਕਾਰ ਉਹ ਬਾਬੇ ਦੇ ਪਾਸ
ਸੋਚੇ ਈਨ ਮਨਾਵਣੀ ਕਰਕੇ ਸਾਸਤ੍ਰਾਥ।



UNISTAR BOOKS PVT LTD.

ਹੇਠਾਂ ਤੋਂ ਉਸ ਤੱਕਿਆ ਅਜਬ ਗੁਰਾਂ ਦਾ ਰੂਪ
ਬਸਤਰ ਪਹਿਰੇ ਚਮਰ ਦੇ ਗੁਣ-ਨਿਧਾਨ ਅਨੂਪ
ਪੰਡਤ ਬ੍ਰਹਮਦਾਸ ਦਾ ਗੁਰ ਤੋੜਨੇ ਹਿਤ ਹੰਕਾਰ
ਆਸਾ ਰਾਗ ਦੀ ਧੁਨ ਵਿਚ ਦਿੱਤਾ ਸ਼ਬਦ ਉਚਾਰ:

ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ॥
ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ॥
ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ॥
ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ॥
ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ॥੧॥

(**ਗੁਰੂ ਗ੍ਰੰਥ**, ਪੰਨਾ 467)

ਨਾਨਕ ਕਿਹਾ, 'ਬ੍ਰਹਮਦਾਸ! ਪੋਥੀਆਂ ਦੇ ਪੜ੍ਹ ਭਾਰ
ਜੀਵਨ ਵਿਚ ਢਾਲ਼ੇ ਬਿਨਾਂ ਵਧੀ ਜਾਵੇ ਹੰਕਾਰ।
ਮਨ 'ਚ ਜਿਸ ਟਿਕਾਓ ਹੈ ਉਹੀ ਹੈ ਵਿਦਵਾਨ
ਸੁਣਨ ਵਾਲ਼ੇ ਵੀ ਉਸਦਾ ਅਸਰ ਕਬੂਲਦੇ ਆਣ।
ਸਿਕਲੀਗਰ ਜੀਕਰ ਬਣਾ ਧਰੀ ਜਾਵੇ ਹਥਿਆਰ
ਵਰਤਣ ਦਾ ਜਿਸ ਵੱਲ ਨਾਹ ਉਹ ਰਣ ਜਾਏ ਹਾਰ।
ਬਣ ਨਾ ਸਕੇ ਸੂਰਮਾ ਸਿਰਫ਼ ਵੇਚ ਹਥਿਆਰ
ਪਰਉਪਕਾਰੀ ਨਾਹ ਬਣੇ ਬਿਨ ਵਿਦਿਆ ਵੀਚਾਰ!
ਰਾਮ ਨਾਮ ਦਾ ਸਾਰ-ਤੱਤ ਕੱਟੇ ਹਉਮੈ ਰੋਗ
ਉਹੀ ਪੰਡਤ ਜਗ ਵਿਚ ਹੁੰਦਾ ਪੂਜਣਯੋਗ'।
ਗੁਰਚਰਨੀਂ ਲੱਗ ਬ੍ਰਹਮਦਾਸ ਬਿਨਤੀ ਨਿਮਰ ਹੋ ਕੀਨ
'ਜਗ ਰਚਨਾ ਦੇ ਮੂਲ ਦੀ ਮੋਹਿ ਵਿਆਖਿਆ ਦੀਨ'।
ਮਾਰੂ ਰਾਗ 'ਚ ਉਚਰਿਆ ਸਤਗੁਰ ਏਕੰਕਾਰ
ਸੁੰਨ ਸਮਾਧ 'ਚੋਂ ਪ੍ਰਗਟਿਆ ਦਿੱਤਾ ਗੁਰ ਵਿਸਤਾਰ!

ਅਰਬਦ ਨਰਬਦ ਧੁੰਧੂਕਾਰਾ॥
ਧਰਣਿ ਨ ਗਗਨਾ ਹੁਕਮੁ ਅਪਾਰਾ॥
ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ
ਸੁੰਨ ਸਮਾਧਿ ਲਗਾਇਦਾ॥੧॥
ਖਾਣੀ ਨ ਬਾਣੀ ਪਉਣ ਨ ਪਾਣੀ॥
ਓਪਤਿ ਖਪਤਿ ਨ ਆਵਣ ਜਾਣੀ॥
ਖੰਡ ਪਤਾਲ ਸਪਤ ਨਹੀ ਸਾਗਰ
ਨਦੀ ਨ ਨੀਰੁ ਵਹਾਇਦਾ॥੨॥


UNISTAR BOOKS PVT LTD. Unistar Books Pvt Ltd.

ਨਾ ਤਦਿ ਸੁਰਗੁ ਮਛੁ ਪਇਆਲਾ॥
ਦੋਜਕੁ ਭਿਸਤੁ ਨਹੀ ਖੈ ਕਾਲਾ॥
ਨਰਕੁ ਸੁਰਗੁ ਨਹੀ ਜੰਮਣੁ ਮਰਣਾ
ਨਾ ਕੋ ਆਇ ਨ ਜਾਇਦਾ॥੩॥
ਬ੍ਰਹਮਾ ਬਿਸਨੁ ਮਹੇਸੁ ਨ ਕੋਈ॥
ਅਵਰੁ ਨ ਦੀਸੈ ਏਕੋ ਸੋਈ॥
ਨਾਰਿ ਪੁਰਖੁ ਨਹੀ ਜਾਤਿ ਨ ਜਨਮਾ
ਨਾ ਕੋ ਦੁਖੁ ਸੁਖੁ ਪਾਇਦਾ॥੪॥
ਨਾ ਤਦਿ ਜਤੀ ਸਤੀ ਬਨਵਾਸੀ॥
ਨਾ ਤਦਿ ਸਿਧ ਸਾਧਿਕ ਸੁਖਵਾਸੀ॥
ਜੋਗੀ ਜੰਗਮ ਭੇਖੁ ਨ ਕੋਈ
ਨਾ ਕੋ ਨਾਥੁ ਕਹਾਇਦਾ॥੫॥
ਜਪ ਤਪ ਸੰਜਮ ਨਾ ਬ੍ਰਤ ਪੂਜਾ॥
ਨਾ ਕੋ ਆਖਿ ਵਖਾਣੈ ਦੂਜਾ॥
ਆਪੇ ਆਪਿ ਉਪਾਇ ਵਿਗਸੈ
ਆਪੇ ਕੀਮਤਿ ਪਾਇਦਾ॥੬॥
ਨਾ ਸੁਚਿ ਸੰਜਮੁ ਤੁਲਸੀ ਮਾਲਾ॥
ਗੋਪੀ ਕਾਨੁ ਨ ਗਊ ਗੁੋਆਲਾ॥
ਤੰਤੁ ਮੰਤੁ ਪਾਖੰਡੁ ਨ ਕੋਈ
ਨਾ ਕੋ ਵੰਸੁ ਵਜਾਇਦਾ॥੭॥
ਕਰਮ ਧਰਮ ਨਹੀ ਮਾਇਆ ਮਾਖੀ॥
ਜਾਤਿ ਜਨਮੁ ਨਹੀ ਦੀਸੈ ਆਖੀ॥
ਮਮਤਾ ਜਾਲੁ ਕਾਲੁ ਨਹੀ ਮਾਥੈ
ਨਾ ਕੋ ਕਿਸੈ ਧਿਆਇਦਾ॥੮॥
ਨਿੰਦੁ ਬਿੰਦੁ ਨਹੀ ਜੀਉ ਨ ਜਿੰਦੋ॥
ਨਾ ਤਦਿ ਗੋਰਖੁ ਨਾ ਮਾਛਿੰਦੋ॥
ਨਾ ਤਦਿ ਗਿਆਨੁ ਧਿਆਨੁ ਕੁਲ ਓਪਤਿ
ਨਾ ਕੋ ਗਣਤ ਗਣਾਇਦਾ॥੯॥
ਵਰਨ ਭੇਖ ਨਹੀ ਬ੍ਰਹਮਣ ਖਤ੍ਰੀ॥
ਦੇਉ ਨ ਦੇਹੁਰਾ ਗਊ ਗਾਇਤ੍ਰੀ॥
ਹੋਮ ਜਗ ਨਹੀ ਤੀਰਥਿ ਨਾਵਣੁ
ਨਾ ਕੋ ਪੂਜਾ ਲਾਇਦਾ॥੧੦॥

UNISTAR BOOKS PVT LTD.
Unistar Books Pvt Ltd.

ਨਾ ਕੋ ਮੁਲਾ ਨਾ ਕੋ ਕਾਜੀ॥
ਨਾ ਕੋ ਸੇਖੁ ਮਸਾਇਕੁ ਹਾਜੀ॥
ਰਈਅਤਿ ਰਾਉ ਨ ਹਉਮੈ ਦੁਨੀਆ
ਨਾ ਕੋ ਕਹਣੁ ਕਹਾਇਦਾ॥੧੧॥
ਭਾਉ ਨ ਭਗਤੀ ਨਾ ਸਿਵ ਸਕਤੀ॥
ਸਾਜਨੁ ਮੀਤੁ ਬਿੰਦੁ ਨਹੀ ਰਕਤੀ॥
ਆਪੇ ਸਾਹੁ ਆਪੇ ਵਣਜਾਰਾ
ਸਾਚੇ ਏਹੋ ਭਾਇਦਾ॥੧੨॥
ਬੇਦ ਕਤੇਬ ਨ ਸਿੰਮ੍ਰਿਤਿ ਸਾਸਤ॥
ਪਾਠ ਪੁਰਾਣ ਉਦੈ ਨਹੀ ਆਸਤ॥
ਕਹਤਾ ਬਕਤਾ ਆਪਿ ਅਗੋਚਰੁ
ਆਪੇ ਅਲਖੁ ਲਖਾਇਦਾ॥੧੩॥
ਜਾ ਤਿਸੁ ਭਾਣਾ ਤਾ ਜਗਤੁ ਉਪਾਇਆ॥
ਬਾਝੁ ਕਲਾ ਆਡਾਣੁ ਰਹਾਇਆ॥
ਬ੍ਰਹਮਾ ਬਿਸਨੁ ਮਹੇਸੁ ਉਪਾਏ
ਮਾਇਆ ਮੋਹੁ ਵਧਾਇਦਾ॥੧੪॥
ਵਿਰਲੇ ਕਉ ਗੁਰਿ ਸਬਦੁ ਸੁਣਾਇਆ
ਕਰਿ ਕਰਿ ਦੇਖੈ ਹੁਕਮੁ ਸਬਾਇਆ॥
ਖੰਡ ਬ੍ਰਹਮੰਡ ਪਾਤਾਲ ਅਰੰਭੇ
ਗੁਪਤਹੁ ਪਰਗਟੀ ਆਇਦਾ॥੧੫॥
ਤਾ ਕਾ ਅੰਤੁ ਨ ਜਾਣੈ ਕੋਈ॥
ਪੂਰੇ ਗੁਰ ਤੇ ਸੋਝੀ ਹੋਈ॥
ਨਾਨਕ ਸਾਚਿ ਰਤੇ ਬਿਸਮਾਦੀ
ਬਿਸਮ ਭਏ ਗੁਣ ਗਾਇਦਾ॥੧੬॥੩॥੧੫॥

(ਮਾਰੂ ਮਹਲਾ ੧, ਪੰਨਾ 1038-1039)

ਚਹੁੰ ਤਰਫ਼ ਸੀ ਨ੍ਹੇਰ-ਘੁੱਪ ਯੁਗ ਕਈ ਅਣਗਿਣਤ
ਰੈਣ ਦਿਵਸ ਨ ਚੰਦ ਸੂਰ ਖੰਡ ਪਾਤਾਲ ਨ ਧਰਤ।
ਬੈਠਾ ਸੁੰਨ ਸਮਾਧ ਵਿਚ ਸੀ 'ਕੱਲਾ ਏਕੰਕਾਰ
ਮਓਜ ਆਪਣੀ ਵਿਚ ਰਚੇ ਖੰਡ ਬ੍ਰਹਿਮੰਡ ਪਾਤਾਲ।
ਜੰਮਣ-ਮਰਣਾ ਮੂਲ ਉਹ ਇਕੋ ਸਾਹਿਬ ਆਪ
ਹੁਕਮ ਰਜ਼ਾ ਵਿਚ ਚਲਦੀ ਸਾਰੀ ਕਾਇਨਾਤ।
ਰਜ਼ਾ ਵਿਚ ਜੋ ਜੀਵੰਦੇ ਹੁੰਦੇ ਉਹ ਪਰਵਾਨ

UNISTAR BOOKS PVT LTD.
Unistar Books Pvt Ltd.

ਨਾਮ ਰੰਗ ਵਿਚ ਲੀਨ ਹੋ ਪਰਮ ਤੱਤ ਮਿਲ ਜਾਣ।
ਲੇਕਿਨ ਬ੍ਰਹਮਦਾਸ 'ਚੋਂ ਨਾਹ ਮੁੱਕਿਆ ਜਦ ਹੰਕਾਰ
ਗੁਰਾਂ ਕਿਹਾ, 'ਸ਼ਾਂਤੀ ਲਈ ਗੁਰੂ ਲਉ ਕੋਈ ਧਾਰ'।
ਅੱਗੋਂ ਬੋਲਿਆ ਬ੍ਰਹਮਦਾਸ ਗੁਰੂ ਕਰਾਂਗੇ ਕੌਣ
ਕਰਨੀ ਸੱਚੇ ਗੁਰੂ ਦੀ ਮੁਸ਼ਕਲ ਡਾਢੀ ਚੋਣ'।
'ਉਹ ਜੋ ਕੱਚਾ ਕੋਠੜਾ ਵਿਚ ਉਦਿਆਨ ਦੇ ਜਾਹ
ਦੱਸਣਗੇ ਫ਼ਕੀਰ ਚਹੁੰ ਮੁਰਸ਼ਦ ਦਾ ਪਤਾ'।
ਪੁੱਜਾ ਛੇਤੀ ਬ੍ਰਹਮ ਦਾਸ ਗਿਆ ਫ਼ਕੀਰਾਂ ਪਾਸ
ਤੱਕਦਿਆਂ ਫ਼ਕੀਰ ਸਭ ਮੂੰਹ ਵਿਚ ਹੱਸੇ ਖ਼ਾਸ।
'ਸਾਹਵੇਂ ਉਸ ਮੰਦਰ ਤੇਰਾ ਮਿਲੇਗਾ ਗੁਰੂ ਜ਼ਰੂਰ'
ਦੱਸੀ ਹੋਈ ਦਿਸ਼ਾ ਵੱਲ ਹੋ ਤੁਰਿਆ ਮਗ਼ਰੂਰ।
ਮੰਦਰ ਦੇ ਵਿਚ ਪੁੱਜਿਆ ਜਿਉਂਕਰ ਹੀ ਬ੍ਰਹਮਦਾਸ
ਵਿਚ ਹੈਰਾਨੀ ਦੇਖਿਆ ਸਾਹਵੇਂ ਦਾ ਦ੍ਰਿਸ਼ ਖ਼ਾਸ।
ਮਾਇਆ ਖੜ੍ਹੀ ਸੀ ਸਾਹਮਣੇ ਸੂਹੇ ਬਸਤਰ ਪਾ
ਹੋਠਾਂ ਦੇ ਵਿਚ ਮੁਸਕੜੀ ਨੈਣ ਰਹੇ ਭਰਮਾ।
ਅਤਿ ਲੁਭਾਵੀ ਇਸਤਰੀ ਵੱਲ ਵਧਿਆ ਜਿਉਂਕਰ ਖ਼ਾਸ
ਪੈਰੋਂ ਲਾਹ ਪੇਜਰ ਕੁੱਟਿਆ ਮਾਇਆ ਤਦ ਬ੍ਰਹਮਦਾਸ!
ਰੋਂਦਾ ਹੋਇਆ ਪਰਤਿਆ ਮੁੜ ਫ਼ਕੀਰਾਂ ਕੋਲ
ਦੱਸੀ ਮੰਦਰ ਵਿਚਲੀ ਸਭ ਹਕੀਕਤ ਖੋਲ੍ਹ।
'ਉਹ ਤਾਂ ਮਾਇਆ ਮੋਹਣੀ ਸੀ ਤੱਕੀ ਤੂੰ ਬ੍ਰਹਮਦਾਸ
ਅੰਦਰ ਤੇਰੇ ਵਾਸ਼ਨਾ ਹੈ ਰਹਿੰਦੀ ਜਿਸਦੀ ਖ਼ਾਸ'।
ਹਉਮੈ ਨੀਂਦ 'ਚੋਂ ਜਾਗਿਆ ਰਿਦੇ ਹੋਇਆ ਪਰਗਾਸ
ਓਹਨੀਂ ਪੈਰੀਂ ਪਰਤਿਆ ਵਾਪਸ ਬਾਬੇ ਪਾਸ।
ਗਲ਼ 'ਚੋਂ ਸਾਲਗ੍ਰਾਮ ਲਾਹ ਚਰਨੀਂ ਡਿੱਗਾ ਆਣ
ਮਾਰਿਆ ਗਲ਼ੋਂ ਵਗਾਹ ਉਸ ਵਿਦਵਤਾ ਦਾ ਮਾਣ।
ਮਨ ਦੇ ਚਖਸ਼ੂ ਖੁੱਲ੍ਹ ਗਏ ਹੋਈ ਮਿਹਰ ਨਿਗ੍ਹਾ
ਨਾਨਕ ਸ਼ਾਹ ਫ਼ਕੀਰ ਦਾ ਫੜਿਆ ਗਾਡੀ ਰਾਹ।
ਬਾਬੇ ਕਿਹਾ, 'ਆਰਸੀ ਜਿਉਂ ਚੜ੍ਹ ਜਾਵੇ ਜੰਗਾਲ
ਬਿਨਾਂ ਜੰਗਾਲ ਉਤਾਰਿਆਂ ਦਿੱਸੇ ਸਭ ਮਲਾਲ।
ਦਰਸ਼ਨ ਹੁੰਦੇ ਤਦੇ ਜੋ ਜਦ ਛੁੱਟੇ ਹਉਮੈ ਮੈਲ਼'
ਨਾਨਕ ਦਾ ਉਪਦੇਸ਼ ਇਹ ਦੂਰ-ਦੂਰ ਗਿਆ ਫੈਲ।
ਗੁਰਉਪਦੇਸ਼ ਲੈ ਬ੍ਰਹਮਦਾਸ ਬਣੇ ਗੁਰੂ ਦੇ ਸਿੱਖ

UNISTAR BOOKS PVT LTD. Unistar Books Pvt Ltd. Unistar Books Pvt Ltd. UNISTAR BOOKS PVT LTD.

ਸੇਵ ਕਰਨ ਮਾਨੁੱਖਤਾ ਹੋ ਨਾਮ ਰੰਗ ਇਕ-ਮਿਕ।
ਸੰਗਤ ਬੈਠੇ ਕਰਨ ਨਿੱਤ ਨਾਮ ਬਾਣੀ ਵੀਚਾਰ
ਧਰਮਸ਼ਾਲ ਬਣਵਾਇ ਕਰ ਕੀਤਾ ਸਿੱਖੀ ਪ੍ਰਚਾਰ।
ਅਨੰਦਪੁਰੀ ਜਾ ਪੰਡਿਤਾਂ ਸੀ ਕੀਤੀ ਜਦੋਂ ਪੁਕਾਰ
ਪੜਪੋਤੇ ਬ੍ਰਹਮਦਾਸ ਗੁਰੂ ਨੂੰ ਆਖਿਆ ਸੀ ਰਿਦਧਾਰ।
'ਬਾਹਿੰ ਅਸਾਡੀ ਪਕੜੀਐ ਹਰਗੋਬਿੰਦ ਦੇ ਚੰਦ
ਕੱਟੜ ਸ਼ਰ੍ਹਾ ਦੀ ਆੜ ਵਿਚ ਚਹੁੰ ਦਿਸ ਪਸਰਿਆ ਅੰਧ।'
'ਸਿੱਖ ਤਵਾਰੀਖ਼' 'ਚ ਲਿਖਿਆ ਗੁਰ ਤੋੜ ਕਿਤਾਬੀ ਮਾਣ
ਸਬਕ ਸਿਖਾ ਰੂਹਾਨੀਅਤ ਬਖ਼ਸ਼ਿਆ ਸਿੱਖੀ ਦਾਨ।
ਸੰਤ ਕਮਾਲ ਤੇ ਬ੍ਰਹਮਦਾਸ ਕਰ ਸਿੱਖੀ ਪ੍ਰਚਾਰ
ਸਹਜ ਸੁਭਾ ਕਰ ਬੰਦਗੀ ਜੀਵਨ ਗਏ ਸੰਵਾਰ।
ਮਟਨ ਵਿਚ ਬ੍ਰਹਮਦਾਸ ਤਾਈਂ ਸਤਗੁਰ ਮੰਜੀ ਬਖ਼ਸ਼
ਅਨੰਤ ਨਾਗ ਵੱਲ ਚੱਲ ਪਏ ਪੂਰਿਆਂ ਕਰਨ ਨੂੰ ਲਕਸ਼।
ਮੰਜੀ ਬਖ਼ਸ਼ੀ ਬ੍ਰਹਮਦਾਸ ਨੂੰ ਜਿਸ ਥਾਵੇਂ ਦਾਤਾਰ
'ਗੁਰਦੁਆਰਾ ਮਟਨ ਸਾਹਿਬ' ਬਣੀ ਹੈ ਯਾਦਗਾਰ।
ਬੀਜ ਬਿਹਾੜਾ ਘਰ ਸੀ ਪੰਡਿਤ ਬ੍ਰਹਮਦਾਸ
ਕੁਝ ਕੁ ਸਮਾਂ ਵਿਰਾਜ ਰਹੇ ਬਾਬਾ ਉਹਦੇ ਪਾਸ।
ਇਸ ਸੰਬੰਧਿਤ ਲਿਖਿਆ ਹੈ **ਆਇਨੇ ਅਕਬਰੀ** ਵਿਚ
ਪ੍ਰਾਚੀਨ ਹਿੰਦੂ ਤੀਰਥ ਜੋ ਬੀਜ ਬਿਹਾੜਾ ਇਕ।
ਚਾਰ ਸੌ ਵਰ੍ਹੇ ਪੁਰਾਤਨ ਹੈ ਇਥੇ ਰੁੱਖ ਚਿਨਾਰ
ਗੁਰਦੁਆਰਾ ਗੁਰੂ ਨਾਨਕ ਦੇਵ ਬਣੀ ਐ ਯਾਦਗਾਰ।
ਆਵੰਤੀਪੁਰ ਹੁੰਦੇ ਹੋਏ ਪੁੱਜੇ ਗੁਰ ਕਸ਼ਮੀਰ
ਦੁਨੀਆ ਜਿਸ ਨੂੰ ਆਖਦੀ ਜੰਨਤ ਦੀ ਤਸਵੀਰ।

## ਸ੍ਰੀਨਗਰ

ਵਾਂਗ ਨਗੀਨੇ ਜੜੀ ਹੈ ਸ੍ਰੀਨਗਰ ਡੱਲ ਝੀਲ
ਥਾਂ-ਥਾਂ ਫੁੱਟਣ ਚਸ਼ਮੇ ਨਿਰਮਲ ਸ਼ੀਤਲ ਨੀਰ।
ਆਬਸ਼ਾਰ ਤੇ ਝਰਨਿਆਂ ਤੱਕ ਹੋਏ ਅਚੰਭਾ ਆਣ
ਸੁੰਦਰ ਵਾਦੀ ਦੀ ਛਬੀ ਤੱਕ ਅੱਖਾਂ ਚੁੰਧਿਆਣ।
ਬਰਫ਼ਾਂ ਲੱਦੀਆਂ ਚੋਟੀਆਂ ਤੱਕ ਲੂੰ-ਲੂੰ ਜਾਵੇ ਰਸ
ਕਾਦਰ ਦੇ ਜਲਵੇ ਅੱਗੇ ਨਜ਼ਰਾਂ ਜਾਵਣ ਝੁਕ।
ਜਿਉਂ ਹੀ ਰੁੱਤ ਹੈ ਆਂਵਦੀ ਵਿਚ ਕਸ਼ਮੀਰ ਸਿਆਲ਼
ਸੁਰਖ਼ ਰੰਗ ਵਿਚ ਬਦਲਦੇ ਪੱਤੇ ਤਦੋਂ ਚਨਾਰ।



UNISTAR BOOKS PVT LTD
Unistar Books Pvt Ltd

ਸ੍ਰੀਨਗਰ ਵਿਚ ਜੋਗੀਆਂ ਸੰਗ ਚਰਚਾ ਕੀਤੀ ਆਣ
ਪਾਠ ਪੜ੍ਹਾ ਰੂਹਾਨੀਅਤ ਗੁਰ ਦਿੱਤੀ ਸ਼ਬਦ ਪਛਾਣ।
ਭੁੱਲੇ ਭਟਕਿਆਂ ਤਾਰਦੇ ਤੋਰਦਿਆਂ ਸਤ ਰਾਹ
ਹਰੀ ਪਰਬਤ 'ਤੇ ਜਾਇਕੇ ਕੀਤਾ ਗੁਰੂ ਪੜਾਅ।
ਨਾਨਕ ਦੇ ਸ਼ਰਧਾਲੂਆਂ ਬਣਵਾਈ ਸੀ ਧਰਮਸ਼ਾਲ
ਹੋਈ ਬੇ-ਨਿਸ਼ਾਨ ਜੋ ਵਕਤ ਦੇ ਛਾਂਟਿਆਂ ਨਾਲ਼।
ਅਕਬਰ ਜਦ ਕਰਵਾਇਆ ਕਿਲ੍ਹੇ ਦਾ ਨਿਰਮਾਣ
ਕਿਲ੍ਹੇ ਅੰਦਰ ਆ ਗਿਆ ਬਾਬੇ ਦਾ ਅਸਥਾਨ।
ਨਿਸ਼ਾਨਦੇਹੀ ਕਰ ਹਰਗੋਬਿੰਦ ਗੁਪਤ ਰੂਪ ਅਸਥਾਨ
ਮੁੜ ਉਸਾਰੀ ਧਰਮਸ਼ਾਲ ਯਾਦ ਗੁਰੂ ਵਿਚ ਆਣ।
ਸ੍ਰੀਨਗਰ ਤੇ ਬਾਗ਼ ਦੇ ਠੀਕ ਐਨ ਵਿਚਕਾਰ
ਹਰਮੁਖ ਗੰਗਾ ਪਾਕ ਥਾਂ ਦਰਿਆ ਜ਼ਿਹਲਮ ਪਾਰ।
ਗੰਗਾ ਤੇ ਜਿਹਲਮ ਦਰਿਆ ਦੀ ਸੰਗਮ ਵਾਲ਼ੀ ਥਾਂ
ਇਕ ਚਿਨਾਰ ਦੇ ਰੁੱਖ ਹੇਠ ਨਾਨਕ ਬੈਠੇ ਜਾ।
ਸ਼ਰਧਾਲੂ ਹਨ ਮੰਨਦੇ ਇਸ ਚਿਨਾਰ ਨੂੰ ਪਾਕ
ਨਤਮਸਤਕ ਹੋ ਥੀਵੰਦੇ ਮੰਨ ਗੁਰਾਂ ਦੀ ਯਾਦ।
ਸ੍ਰੀਨਗਰ ਵਸਨੀਕਾਂ ਦਾ ਘੱਟ ਹੀ ਗਿਆ ਧਿਆਨ
ਆਲੀਸ਼ਾਨ ਯਾਦਗਿਰੀ ਬਣਦਾ ਨਾਨਕ ਅਸਥਾਨ।
ਹਰਮੁਖ ਗੰਗਾ ਸਤਿਗੁਰੂ ਥੋੜ੍ਹਾ ਵਕਤ ਗੁਜ਼ਾਰ
ਨਾਮ ਬਾਣੀ ਸੰਗ ਜੋੜਿਆ ਕੀਤਾ ਲੋਕਾਂ ਉਧਾਰ।
ਬਾਰਾਮੂਲਾ ਲੰਘ ਕੇ ਗੁਰ ਦੱਖਣ ਪੂਰਬ ਵੱਲ
ਕਲਿਆਣਸਰ ਅਸਥਾਨ 'ਤੇ ਕੋਹਾਲਾ ਆਏ ਚੱਲ।

## ਕੋਹਾਲਾ

ਆਉਣਾ ਸੁਣ ਦਾਤਾਰ ਦਾ ਸੰਗਤ ਪੁੱਜੀ ਆਣ
ਕਾਦਰ ਸੰਗ ਜੁੜੀ ਸੰਗਤ ਵਿਚ ਸ਼ਬਦ ਗੁਣਗਾਨ।
ਲੋਕਾਂ ਕਿਹਾ ਸਤਗੁਰੂ ਹੋਇਆ ਸਾਡਾ ਕਲਿਆਣ
ਚਸ਼ਮੇ ਲਈ ਕੀਤੀ ਬਿਨਤੀ ਕੀਤੀ ਗੁਰ ਪਰਵਾਨ।
ਇਸ ਅਸਥਾਨ 'ਤੇ ਸੋਹੰਦੇ ਵਿਚ ਦਾਤਾਰ ਦੀ ਯਾਦ
ਕਲਿਆਣਸਰ ਤੇ ਚਸ਼ਮਾ ਸਾਹਿਬ ਗੁਰਦੁਆਰੇ ਸਾਹਬ।
ਵਿਚ ਇਤਿਹਾਸਕ ਲਿਖਤਾਂ ਦੇ ਮਿਲਦਾ ਹੈ ਪਰਮਾਣ
ਗੁਲਮਰਗ ਤੋਂ ਉੜੀ ਹੋ ਗੁਰ ਪੁਣਛ 'ਚ ਪੁੱਜੇ ਆਣ।


UNISTAR BOOKS PVT LTD. Unistar Books Pvt Ltd.

ਕੰਢੇ ਨਦੀ ਦਰੁੰਗਲੀ ਬਾਬਾ ਗਏ ਬਿਰਾਜ
ਜੁੜ ਗਏ ਵਿਚ ਕੀਰਤਨ ਛੇੜੀ ਦਾਨੇ ਰਬਾਬ।
ਸ਼ੋਭਾ ਜਾਣ ਕੇ ਗੁਰਾਂ ਦੀ ਹੋਇਆ ਪੀਰ ਨਿਹਾਲ
ਗੋਸ਼ਟੀ ਕੀਤੀ ਸਤਗੁਰ ਪੀਰ ਹਜ਼ੀਰਾ ਨਾਲ਼।
ਏਸ ਜਗ੍ਹਾ ਨੂੰ ਆਖਦੇ ਲੋਕ ਨਗਾਲੀ ਆਣ
'ਗੁਰਦੁਆਰਾ ਸਾਹਿਬ ਪੁਣਛ' ਬਣਿਆ ਏਸ ਸਥਾਨ।
ਸ੍ਰੀਨਗਰ ਨਗਰਾਂ ਤਾਈਂ ਕਰ ਸਿੱਖੀ ਪ੍ਰਚਾਰ
ਜੰਮੂ ਵੱਲ ਨੂੰ ਹੋ ਤੁਰੇ ਗੁਰ ਮਰਦਾਨੇ ਨਾਲ।

UNISTAR BOOKS PVT LTD

## ਵੈਸ਼ਨੂ ਦੇਵੀ

ਤ੍ਰਿਕੁਟਾ ਪਰਬਤ ਆਖਦੇ ਵੈਸ਼ਨੂੰ ਦੇਵੀ ਅਸਥਾਨ
ਤਿੰਨ ਕਿੰਗਰੇ ਪਰਬਤੀਂ ਦੂਰੋਂ ਨਜ਼ਰੀਂ ਆਣ।
ਪੱਥਰ ਲੰਮਾ ਪੱਧਰਾ ਜੋ ਪਿਆ ਸੀ ਮੰਦਰ ਦਰ
ਮੁੱਖੋਂ ਕਿਹਾ ਪੁਜਾਰੀਆਂ 'ਇਹ ਭੈਰੋਂ ਦਾ ਧੜ।'
ਤੋੜਨ ਲਈ ਪੁਜਾਰੀਆਂ ਭੀਤਰਲਾ ਅੰਧ-ਵਿਸ਼ਵਾਸ
ਬਾਬੇ ਸ਼ਬਦ ਉਚਾਰਿਆ ਵਿਚ ਜੋ ਮਾਰੂ ਰਾਗ।

Unistar Books Pvt

ਛੋਡਹੁ ਪ੍ਰਾਣੀ ਕੂੜ ਕਬਾੜਾ॥
ਕੂੜੁ ਮਾਰੇ ਕਾਲੁ ਉਛਾਹਾੜਾ॥
ਸਾਕਤ ਕੂੜਿ ਪਚਹਿ ਮਨਿ ਹਉਮੈ
ਦੁਹੁ ਮਾਰਗਿ ਪਚੈ ਪਚਾਈ ਹੇ॥੬॥
ਛੋਡਿਹੁ ਨਿੰਦਾ ਤਾਤਿ ਪਰਾਈ॥
ਪੜਿ ਪੜਿ ਦਝਹਿ ਸਾਤਿ ਨ ਆਈ॥
ਮਿਲਿ ਸਤਸੰਗਤਿ ਨਾਮੁ ਸਲਾਹਹੁ
ਆਤਮ ਰਾਮੁ ਸਖਾਈ ਹੇ॥੭॥
ਛੋਡਹੁ ਕਾਮ ਕ੍ਰੋਧੁ ਬੁਰਿਆਈ॥
ਹਉਮੈ ਧੰਧੁ ਛੋਡਹੁ ਲੰਪਟਾਈ॥
ਸਤਿਗੁਰ ਸਰਣਿ ਪਰਹੁ ਤਾ ਉਬਰਹੁ
ਇਉ ਤਰੀਐ ਭਵਜਲੁ ਭਾਈ ਹੇ॥੮॥

Unistar Books Pvt Ltd.

(**ਗੁਰੂ ਗ੍ਰੰਥ**, ਪੰਨਾ 1025-1026)

ਭੀਤਰ ਲੱਗੀ ਚੋਟ ਜਾ ਵੱਜਿਆ ਸ਼ਬਦ ਦਾ ਬਾਣ
ਸੁਣਦੇ ਹੀ ਸ਼ਰਨੀ ਗੁਰੂ ਪਾਂਡੇ ਪੁੱਜੇ ਆਣ।
ਮੂਰਤੀ ਪੂਜਕਾਂ ਤਾਈਂ ਗੁਰ ਕਰਮਕਾਂਡ ਤੋਂ ਹਟਕ

UNISTAR BOOKS PVT LTD

ਰੱਬੀ ਯਾਦ 'ਚ ਜੁੜਨ ਦੀ ਦੱਸੀ ਬਾਬੇ ਜੁਗਤ।
ਮਹਿੰਦੀ ਪੀਰ ਨੂੰ ਇਥੇ ਗੁਰ ਸਤਿ ਦੇ ਪਛਾਣ
ਬਿਖੜੇ ਪੈਂਡੇ ਸਰ ਕਰ ਜੰਮੂ ਪੁੱਜੇ ਆਣ।

## ਜੰਮੂ

ਜਾਣਿਆ ਜਾਂਦਾ ਜਾਮਵੰਤ ਦੇ ਨਾਂ 'ਤੇ ਇਹ ਸਥਾਨ
ਕੀਤਾ ਤਪ ਰਿਸ਼ੀਆਂ ਮੁਨੀਆਂ ਏਸ ਗੁਫ਼ਾ ਵਿਚ ਆਣ।
ਗੁਫ਼ਾ ਸੀ ਪਹਿਲੋਂ-ਪਹਿਲ ਇਹ ਨਾਮ ਸੀ 'ਰਾਮ ਖੋਹ'
ਕਾਬਜ਼ ਹੋਇਆ ਔਰੰਗਜ਼ੇਬ ਨਾਮ ਹੋਇਆ 'ਪੀਰ ਖੋਹ'।
ਤਵੀ ਨਦੀ ਦੇ ਕੰਢਿਆਂ ਜਦ ਝੁੱਲੇ ਤੇਜ਼ ਹਵਾ
ਤੇਜ਼ ਬੁੱਲ੍ਹਿਆਂ 'ਚੋਂ ਸੁਣੇ ਧੁਨੀ ਤਦੇ ਸ਼ਾਂ-ਸ਼ਾਂ।
ਕਹਿਣ ਪੁਜਾਰੀ ਏਸ ਜਗ੍ਹਾ ਦੇ ਲੋਕਾਂ ਨੂੰ ਭਰਮਾ
'ਦੇਖੋ ਲੋਕੋ ਜਾਮਵੰਤ! ਲੈ ਰਿਹਾ ਏ ਸਾਹ'।
ਸੰਸਾਰੀ ਅਉਧੂਤ ਵਿਚਾਲ਼ੇ ਦੱਸਦਿਆਂ ਗੁਰ ਫ਼ਰਕ
ਲੋਭ ਛਲ ਦਹੁੰ-ਬਿਰਤੀ ਵਿਚ ਜੀਉਣੋਂ ਦਿੱਤਾ ਵਰਜ।
ਲੋਕਾਂ ਦਾ ਮੇਟਣ ਲਈ ਭੀਤਰ ਵਿਚਲਾ ਅੰਧਕਾਰ
ਰਾਮਕਲੀ ਵਿਚ ਉਚਰਿਆ ਸ਼ਬਦ ਤਦੋਂ ਦਾਤਾਰ:

ਜਗੁ ਪਰਬੋਧਹਿ ਮੜੀ ਬਧਾਵਹਿ॥
ਆਸਣੁ ਤਿਆਗਿ ਕਾਹੇ ਸਚੁ ਪਾਵਹਿ॥
ਮਮਤਾ ਮੋਹੁ ਕਾਮਣਿ ਹਿਤਕਾਰੀ॥
ਨਾ ਅਉਧੂਤੀ ਨਾ ਸੰਸਾਰੀ॥੧॥
ਜੋਗੀ ਬੈਸਿ ਰਹਹੁ ਦੁਬਿਧਾ ਦੁਖੁ ਭਾਗੈ॥
ਘਰਿ ਘਰਿ ਮਾਗਤ ਲਾਜ ਨ ਲਾਗੈ॥੧॥ ਰਹਾਉ॥ (**ਗੁਰੂ ਗ੍ਰੰਥ**, ਪੰਨਾ-294)

ਸ਼ੋਭਾ ਸੁਣ ਰਾਜਾ ਜੰਮੂ ਆਇਆ ਸਾਹਿਬ ਪਾਸ
ਆਖਿਆ, 'ਕੁਝ ਉਪਦੇਸ਼ ਦਿਉ! ਦਇਆ ਕਰੋ ਮਹਾਰਾਜ'।
ਸਤਿਗੁਰ ਨੇ ਫਰਮਾਇਆ, 'ਕਰ ਐਸ਼ਵਰਜ ਦਾ ਤਿਆਗ
ਲੋਕਾਂ ਦੀ ਖੁਸ਼ਹਾਲੀ ਲਈ ਦਿਉ ਪਰਜਾ ਨੂੰ ਇਨਸਾਫ਼।
ਵਿਚ ਰਿਆਸਤ ਹੋਏ ਨਾਹ ਖਾਣ-ਪੀਣ ਦੀ ਥੁੜ
ਸਾਈਂ ਦੇ ਭੈ ਵਿਚ ਰਹੁ ਯਾਦ ਉਸੇ ਦੀ ਜੁੜ'।
ਧਰਮ ਨਿਆਂ ਦੇ ਰਾਜ ਦਾ ਕਰਕੇ ਗੁਰ ਪਰਚਾਰ
ਅਗਲੇ ਲਕਸ਼ ਦੀ ਪੂਰਤੀ ਹਿਤ ਤੁਰ ਪਏ ਤਾਰਨਹਾਰ।

UNISTAR BOOKS PVT LTD.
Unistar Books Pvt Ltd.

## ਸਿਆਲਕੋਟ

ਅੱਜ ਕੱਲ੍ਹ ਜੀਹਨੂੰ ਆਖਦੇ ਲੋਕੀਂ ਸਿਆਲਕੋਟ
ਗੁਰੂ ਸਾਹਿਬ ਦੇ ਸਮੇਂ ਤੱਕ ਕਹਿੰਦੇ ਸੀ ਸਲਕੋਟ।
ਨਗਰ ਸੀ ਇਹ ਵਸਾਇਆ ਪੂਰਨ ਪਿਤਾ ਸਲਵਾਨ
ਇਸੇ ਕੋਟ ਦੇ ਇਕ ਭੋਰੇ ਸੀ ਰੱਖਿਆ ਪੂਰਨ ਆਣ।
ਕਾਬਜ਼ ਹੋਏ ਹਿੰਦ ਤੇ ਪਠਾਣ ਅਤੇ ਮੁਸਲਮਾਨ
ਪੀਰ ਫ਼ਕੀਰ ਵੀ ਛੱਡ ਆਏ ਸੀ ਮੁਲਕ ਅਰਬ ਈਰਾਨ।
ਵੱਡੇ ਨਗਰਾਂ ਵਿਚ ਜਾ ਕੀਤਾ ਪੀਰਾਂ ਉਤਾਰ
ਮਕਸਦ ਸੀ ਕਰਨਾ ਫਿਰ ਕੇ ਇਸਲਾਮੀ ਪ੍ਰਚਾਰ।
ਹਮਜ਼ਾ ਪੀਰ ਵੀ ਪੁੱਜਿਆ ਸ਼ਹਿਰ ਸਿਆਲਕੋਟ
ਐਕ ਨਦੀ ਤੋਂ ਦੱਖਣ ਵੱਲ ਬੈਠਾ ਸਾਹਿਬ ਓਟ।
ਚਰਚਿਤ ਹੋਇਆ ਪੀਰ ਜਦ ਨਾਮ ਸੀ ਹਮਜ਼ਾਗੌਂਸ
ਮੰਨਣ ਲੱਗੇ ਦੂਰ ਤੀਕਰਾਂ ਲੋਕ ਗੌਂਸ ਦੀ ਧੌਂਸ।

ਸਿਰ 'ਤੇ ਟੋਪ ਕਲੰਦਰੀ ਗਲ਼ ਮਾਲਾ ਮਣਕੇਹਾਰ
ਸੂਰਤ ਕੁਝ ਡਰਾਵਣੀ ਕਾਲ਼ੇ ਇਲਮ ਵਿਚਕਾਰ।
ਇਕ ਹਿੰਦੂ ਪਰਿਵਾਰ ਬਾਰੇ ਲਿਖਿਆ ਵਿਚ ਇਤਿਹਾਸ
ਦੁਖੀਆ ਨਿਰਸੰਤਾਨ ਹੋਣ 'ਤੇ ਪੁੱਜਾ ਪੀਰ ਦੇ ਪਾਸ।
ਪੂਰੀ ਹੋਈ ਦੁਆ ਉਸ ਜੋ ਮੰਗੀ ਗੌਂਸ ਦੁਆਰ
ਦੇਵਨੇਤ ਤਿੰਨ ਪੁੱਤਰ ਹੋਏ ਵਿਚ ਗੀਗੇ ਪਰਿਵਾਰ।
ਮਾਪਿਆਂ ਪੁੱਤਰ ਮਿੱਠੜੇ ਪਾਉਣ ਜੋ ਜੱਗ 'ਚ ਸੀਰ
ਪਹਿਲਾ ਪੁੱਤਰ ਦੇਣ ਤੋਂ ਹੋਇਆ ਗੀਗਾ ਦਲਗੀਰ।
ਆਖਿਆ, 'ਸਾਈਂ! ਲੈ ਲਵੋ ਜਿੰਨਾ ਮਰਜ਼ੀ ਮੁੱਲ
ਪਹਿਲਾ ਪੁੱਤਰ ਦੇਣ ਤੋਂ ਬਖ਼ਸ਼ੋ ਸਾਈਂ ਭੁੱਲ'।
ਗੀਗੇ ਮੂੰਹੋਂ ਸੁਣ ਕੇ ਸਾਫ਼-ਸਾਫ਼ ਇਨਕਾਰ
ਨਗਰ ਉਜਾੜਨ ਦਾ ਲਿਆ ਗੌਂਸ ਨੇ ਨਿਹਚਾ ਧਾਰ।
'ਝੂਠਿਆਂ ਦੀ ਇਹ ਨਗਰੀ ਕਰ ਦੇਣੀ ਹੈ ਗ਼ਰਕ
ਸਮਝਣ ਨਾਹ ਜਿਥੇ ਲੋਕੀ ਝੂਠ ਸੱਚ ਵਿਚ ਫ਼ਰਕ।
ਚਿੱਲਾ ਕੱਟਣ ਲਈ ਗੌਂਸ ਗੁੰਬਦ ਲਿਆ ਮੱਲ
ਲੋਕਾਈ ਭੈਮਾਨ ਹੋਈ ਸੁਣੀ ਗ਼ਜ਼ਬ ਦੀ ਗੱਲ।
ਡਿੱਠਾ ਲੋਕਾਂ ਗੁੰਬਦ ਜੋ ਚਾਰੋਂ ਤਰਫ਼ੋਂ ਬੰਦ
ਬੈਠਾ ਪੀਰ ਹਮਜ਼ਾਗੌਂਸ ਧਾਰ ਇਰਾਦਾ ਮੰਦ।
ਅਹੰਕਾਰ ਤੋੜਨ ਲਈ ਮਨ 'ਚ ਧਾਰ ਉਦੇਸ਼

UNISTAR BOOKS PVT LTD.
Unistar Books Pvt
Unistar Books Pvt Ltd.
UNISTAR BOOKS PVT LTD.

ਬਾਬਾ ਨਾਨਕ ਸਿਆਲਕੋਟ ਵਿਚ ਕੀਤਾ ਪਰਵੇਸ਼।

ਐਕ ਨਦੀ ਤੋਂ ਉਰ੍ਹਾਂ ਹੀ ਦੱਖਣ ਨੂੰ ਅੱਧ ਮੀਲ
ਇਕ ਬੇਰੀ ਦੇ ਪਾਸ ਜਾ ਬੈਠੇ ਗਹਿਰ ਗੰਭੀਰ।
ਬੈਠੇ ਹੀ ਸੁਰਤੀ ਜੁੜੀ ਬਾਣੀ ਰੰਗ ਵਿਸਮਾਦ
ਉੱਠੀ ਧੁਨ ਰਬਾਬ 'ਚੋਂ ਵਿਚ ਰਾਮਕਲੀ ਰਾਗ:

ਸਰਬ ਜੋਤਿ ਤੇਰੀ ਪਸਰਿ ਰਹੀ॥
ਜਹ ਜਹ ਦੇਖਾ ਤਹ ਨਰਹਰੀ॥੧॥
ਜੀਵਨ ਤਲਬ ਨਿਵਾਰਿ ਸੁਆਮੀ॥
ਅੰਧ ਕੂਪਿ ਮਾਇਆ ਮਨੁ ਗਾਡਿਆ
ਕਿਉ ਕਰਿ ਉਤਰਉ ਪਾਰਿ ਸੁਆਮੀ॥੧॥ ਰਹਾਉ॥ (**ਗੁਰੂ ਗ੍ਰੰਥ**, ਪੰਨਾ 876)
ਜਹ ਭੀਤਰਿ ਘਟ ਭੀਤਰਿ ਬਸਿਆ
ਬਾਹਰਿ ਕਾਹੇ ਨਾਹੀ॥
ਤਿਨ ਕੀ ਸਾਰ ਕਰੇ ਨਿਤ ਸਾਹਿਬੁ
ਸਦਾ ਚਿੰਤ ਮਨ ਮਾਹੀ॥੨॥
ਆਪੇ ਨੇੜੈ ਆਪੇ ਦੂਰਿ॥
ਆਪੇ ਸਰਬ ਰਹਿਆ ਭਰਪੂਰਿ॥
ਸਤਗੁਰੁ ਮਿਲੈ ਅੰਧੇਰਾ ਜਾਇ॥
ਜਹ ਦੇਖਾ ਤਹ ਰਹਿਆ ਸਮਾਇ॥੩॥
ਅੰਤਰਿ ਸਹਸਾ ਬਾਹਰਿ ਮਾਇਆ
ਨੈਣੀ ਲਾਗਸਿ ਬਾਣੀ॥
ਪ੍ਰਣਵਤਿ ਨਾਨਕੁ ਦਾਸਨਿ ਦਾਸਾ
ਪਰਤਾਪਹਿਗਾ ਪ੍ਰਾਣੀ॥੪॥੨॥

ਗੀਗੇ ਪੁੱਤਰ ਮਿਲਿਆ ਸੀ ਗੌਂਸ ਦੁਆ ਦੇ ਨਾਲ਼
ਪਰ ਪੁੱਤਰ ਦੇਣੋਂ ਸੀ ਕੀਤਾ ਉਸ ਸਾਫ਼ ਇਨਕਾਰ।
ਵਾਅਦਾ-ਸ਼ਿਕਨੀ ਕਾਰਨੇ ਸੀ ਚੜ੍ਹਿਆ ਪੀਰ ਨੂੰ ਰੋਹ
ਤੱਕ ਨਾ ਸਕਿਆ ਪੀਰ ਪਰ ਭੀਤਰ ਗੀਗੇ ਮੋਹ।
ਇਕ ਮਗਰ ਪੂਰੀ ਨਗਰੀ ਦਿੱਤੀ ਗਈ ਸਰਾਪ
ਕੱਟ ਚਲੀਹਾ ਪੀਰ ਸੀ ਨਗਰੀ ਕਰਨੀ ਖ਼ਾਕ।
ਚਿੱਲਾ ਕੱਟਣ ਲਈ ਗੌਂਸ ਬੈਹ ਗਿਆ ਹੁਜ਼ਰੇ ਵਿਚਕਾਰ
ਦਿਸਦਾ ਉੱਪਰੋਂ ਸੀ ਜੀਹਦੇ ਗੁੰਬਦ ਫਾੜੀਦਾਰ।
ਗ਼ੁੱਸੇ ਵਿਚ ਸੀ ਆਖਿਆ ਉਸ ਨਾਲ਼ ਖ਼ੁਦਾਈ ਕਹਿਰ
ਦਿਨ ਚਾਲੀਵੇਂ ਹੋ ਜਾਊ ਗਰਕ ਇਹ ਪੂਰਾ ਸ਼ਹਿਰ।



UNISTAR BOOKS PVT LTD. Unistar Books Pvt Ltd.

ਸਹਿਮੇ ਲੋਕਾਂ ਨੂੰ ਜਦੋਂ ਡਿੱਠਾ ਕਰੁਣਾਹਾਰ
ਵੱਲ ਦਰਗਾਹ ਦੇ ਤੁਰ ਪਏ ਸੁਣੀ ਜੋ ਹਾਹਾਕਾਰ।
ਦੂਰ ਨੇੜਿਉਂ ਲੋਕਾਂ ਦਾ ਜੁੜਿਆ ਵਾਹਵਾ 'ਕੱਠ
ਡਰਦੇ ਬਦ-ਅਸੀਸ ਤੋਂ ਸੀ ਨਾਲ਼ੇ ਸਾਈਂ ਹੱਠ।
ਸਾਹਵੇਂ ਗੁੰਬਦ ਬੈਠ ਗੁਰ ਭੇਜਿਆ ਇਹ ਆਦੇਸ਼
'ਵਾਹਿਗੁਰੂ ਦਾ ਢਾਡੀ ਆਇਆ ਮਿਲਣ ਲਈ ਦਰਵੇਸ਼'।
ਸੁਣ ਮੁਰੀਦਾਂ ਟਾਲ਼ਿਆ ਮਰਦਾਨੇ ਇਹ ਆਖ
ਟਿੱਲੇ ਦੇ ਵਿਚ ਪੀਰ ਜੀ ਕਰਦੇ ਨਹੀਂ ਗੱਲਬਾਤ।
ਦੂਜੀ ਵੇਰ ਵੀ ਮਰਦਾਨਾ ਤੁਰਿਆ ਹੋ ਨਿਰਾਸ਼
ਹਿੰਮਤ ਪਈ ਨਾ ਕਿਸੇ ਦੀ ਜੋ ਜਾਏ ਗੌਂਸ ਦੇ ਪਾਸ।
ਦੁਖੀ ਲੋਕਾਈ ਦਾ 'ਰਿਦਾ ਕਰਨ ਲਈ ਸ਼ਰਸਾਰ
ਸੰਗ ਰਬਾਬੀ ਜਾ ਖੜ੍ਹੇ ਬਾਬਾ ਗੁੰਬਦ ਬਾਹਰ।
ਬਾਬੇ ਕਿਹਾ, 'ਸਿਖ਼ਰ ਜਦ ਸੂਰਜ ਆਊ ਚੜ੍ਹ
ਟੁੱਟੂ ਚਿੱਲਾ ਪੀਰ ਦਾ ਟੁੱਟੂ ਅਹੰ ਗੜ੍ਹ।
ਕਿੱਥੋਂ ਦਾ ਇਨਸਾਫ਼ ਇਹ ? ਖ਼ੁਸ਼ ਹੋਊ ਕਿੰਜ ਖ਼ੁਦਾ ?
ਇਕ ਦੀ ਗ਼ਲਤੀ ਕਾਰਨੇ ਕਰਨਾ ਸ਼ਹਿਰ ਤਬਾਹ।'

ਸਿਖ਼ਰ ਦੁਪਹਿਰੇ ਐਨ ਠੀਕ ਵੱਜਾ ਜੋ ਘੜਿਆਲ
ਭਿਆਨਕ ਗੂੰਜ ਕੜੱਕ ਕਰ ਗੁੰਬਦ ਹੋਇਆ ਦੁਫ਼ਾੜ।
ਚਾਨਣ ਦੇ ਪਰਵੇਸ਼ 'ਤੇ ਕੁਝ ਟੁੱਟਣ ਦੀ ਆਵਾਜ਼
ਉੱਠਿਆ ਗੌਂਸ ਕ੍ਰੋਧ ਨਾਲ਼ ਪੜਦਾ ਹੋਇਆ ਫਾਸ਼।
'ਵਿਕੇ ਹੱਥੀਂ ਕ੍ਰੋਧ ਜੋ ਕਾਅਦਾ ਉਹ ਦਰਵੇਸ਼!
ਕਰੇ ਸਵਾਰੀ ਨਫ਼ਸ ਦੀ ਵਾਗ ਹੱਥੋਂ ਮਨੋਵੇਗ!'
ਨਾਨਕ ਸ਼ਾਹ ਫ਼ਕੀਰ ਤੱਕ ਹੋਇਆ ਬਹੁੰ ਭੈਮਾਨ
ਨਸ਼ਰ ਹੋਇਆ ਪਾਖੰਡ ਉਸ ਸਾਹਵੇਂ ਕੁਲ ਜਹਾਨ।
ਝੱਲ ਨਾ ਸਕਿਆ ਤਾਬ ਉਹ ਨੂਰੀ ਮੁੱਖ ਜਮਾਲ
ਚਿੱਲਾ ਟੁੱਟਿਆ ਪੀਰ ਦਾ ਮਨ ਦੀ ਉੱਖੜੀ ਚਾਲ।
ਮਨ ਵਿਚ ਤਾਂ ਸੀ ਧਾਰਿਆ ਕਰਨਾ ਸ਼ਹਿਰ ਗਰਕ
ਪਰ ਬਾਬੇ ਦੇ ਬੋਲ ਸੁਣ ਹੋਏ ਵਿਅਰਥ ਤਰਕ।

ਨਿਸ਼ਾ ਕਰਾਉਣੀ ਪੀਰ ਦੀ ਨਾਨਕ ਲਿਆ ਧਾਰ
ਸ਼ਹਿਰ ਝੂਠਿਆਂ ਦਾ ਨਹੀਂ ਕਰਨੇ ਲਈ ਇਤਬਾਰ।
ਦਾਨੇ ਹੱਥ ਰੱਖ ਪਰਚੀਆਂ ਘੱਲਿਆ ਸ਼ਹਿਰ ਵੱਲ
ਸੱਚ ਤੇ ਝੂਠ ਖ਼ਰੀਦਣੇ ਦਾਨਾ ਪਿਆ ਚੱਲ।

UNISTAR BOOKS PVT LTD.
Unistar Books Pvt Ltd.
Unistar Books Pvt Ltd.
UNISTAR BOOKS PVT LTD.

ਹੱਟੀ ਹੱਟੀ ਘੁੰਮਦਾ ਜਾ ਪੁੱਜਾ ਮੂਲੇ ਪਾਸ
ਸੱਚ, ਝੂਠ ਦੀ ਰਾਸ ਲਈ ਪਰਚੀਆਂ ਦਿੱਤੀਆਂ ਖ਼ਾਸ।
ਇਕ ਤੇ 'ਜਿਊਣਾ ਝੂਠ' ਅਤੇ ਦੂਈ 'ਤੇ 'ਮਰਨਾ ਸੱਚ'
ਲਿਖ ਫੜਾਈਆਂ ਪਰਚੀਆਂ ਮੂਲੇ ਮਰਦਾਨੇ ਹੱਥ।
ਸਾਰੇ ਤਾਂ ਨਹੀਂ ਹੋਵੰਦੇ ਗੀਗੇ ਜੈਸੇ ਸ਼ਹਿਰ
ਮੂਲੇ ਜੇਹੇ ਧਰਮੀ ਜੋ ਡਰਦੇ ਰੱਬੀ ਕਹਿਰ।
ਸੱਚ/ਝੂਠ ਲੈ ਮਰਦਾਨਾ ਪੁੱਜਾ ਬਾਬੇ ਪਾਸ
ਮੂਲਾ ਜੀ ਵੀ ਤੁਰ ਪਏ ਪਿੱਛੇ-ਪਿੱਛੇ ਖ਼ਾਸ।

'ਮਰਨਾ ਸੱਚ' ਜਹਾਨ 'ਤੇ ਹੈ ਬਾਕੀ 'ਜਿਊਣਾ ਕੂੜ'
'ਸੱਚ ਕੱਚ' ਨੂੰ ਜਾਣ ਪੀਰ ਤਿਆਗੀ ਮਨਮਤ ਹੂੜ।
'ਭਲਾ ਹੋਇਆ!' ਦੇ ਬਦੁਦਆ ਢਾਹਿਆ ਨਹੀਉਂ ਕਹਿਰ
ਚੰਗੇ ਲੋਕ ਵੀ ਵਸਦੇ ਨੇ ਮੂਲੇ ਜੇਹੇ ਸ਼ਹਿਰ।
ਮੂਲੇ ਵੀ ਉਸੇ ਸਮੇਂ ਦਿੱਤਾ ਸੀਸ ਨਿਵਾ
ਸ਼ੁਕਰਾਨੇ ਲਈ ਨਗਰ ਖੇੜਾ ਆ ਉੱਥੇ ਢੁੱਕਿਆ।
ਆਸ ਅੰਦੇਸ਼ੇ ਜੜ੍ਹਾਂ ਕੱਟ ਨਾਨਕ ਸ਼ਾਹ ਫ਼ਕੀਰ
ਨਿਰਖ ਕਰਾਈ ਝੂਠ ਸੱਚ ਨਾਨਕ ਜ਼ਾਹਰ ਪੀਰ।
ਅਹੰਗਤਾ ਸਭ ਗੌਂਸ ਦੀ ਸੀ ਜਿੱਥੇ ਕੀਤੀ ਢੇਰ
ਨਿੰਵਦੇ ਲੋਕੀਂ ਗੁਰਦੁਆਰਾ ਆ 'ਬਾਬੇ ਦੀ ਬੇਰ'।
ਭੀਤਰ ਗੌਂਸ ਦੇ ਬਲ ਉੱਠੇ ਰੌਸ਼ਨ ਗਿਆਨ ਚਿਰਾਗ਼
ਮੂਲੇ ਦਿਲ ਵੀ ਜਾਗਿਆ ਗੁਰੂ ਪ੍ਰਤੀ ਬੈਰਾਗ।
ਗੁਰੂ ਅੱਗੇ ਫਿੱਕੇ ਪਏ ਮੋਹ ਮਮਤਾ ਧਨ ਜਾਲ਼
ਨਿਸ਼ਠਾਵਾਨ ਮੂਲਾ ਤਦ ਤੁਰ ਪਿਆ ਗੁਰ ਨਾਲ਼।

## ਪਸਰੂਰ

ਸਿਆਲਕੋਟ ਤੋਂ ਚੱਲ ਕੇ ਪੁੱਜੇ ਆ ਪਸਰੂਰ
ਮੀਆਂ ਮਿੱਠਾ ਪਿੰਡ ਵਿਚ ਆ ਪੁੱਜੇ ਹਜ਼ੂਰ।
ਇਸੇ ਪਿੰਡ 'ਚ ਵਸਦਾ ਇਕ ਵੱਡਾ ਜ਼ਿਮੀਂਦਾਰ
ਮੀਆਂ ਆਖ ਸੀ ਸੱਦਦੇ ਵੱਡਾ ਰੰਗੜ ਸਰਦਾਰ।
ਲਾਗੇ ਨਗਰੀ ਮਹਾਂਨੂਰ ਜਾ ਬੈਠੇ ਵਿਚ ਬਾਗ਼
ਜੁੜ ਗਏ ਸਾਈਂ ਨਾਮ ਗੁਰ ਵੱਜੀ ਤੰਤੀ ਰਬਾਬ।
ਰੁਮਕੀਆਂ ਸੁਰਾਂ ਮਿੱਠੀਆਂ ਵਿਚ ਸ਼ੀਰੀ ਜ਼ੁਬਾਨ
ਇਕ ਅੱਲਾ ਦਾ ਗੀਤ ਗਾਏ ਸ਼ਾਇਰ ਵਿਚ ਧਿਆਨ।

UNISTAR BOOKS PVT LTD. Unistar Books Pvt Ltd.

ਹੌਲ਼ੀ-ਹੌਲ਼ੀ ਦੂਰ ਪਾਰ ਪੁੱਜੀ ਜਾ ਕਨਸੋਅ
ਘੱਤ ਵਹੀਰਾਂ ਹੋ ਤੁਰੇ ਲੋਕੀਂ 'ਕੱਠੇ ਹੋ।
ਛੁੱਟੀ ਖ਼ਬਰ ਕਮਾਨ 'ਚੋਂ ਪੁੱਜੀ ਵਾਂਗੂੰ ਤੀਰ
ਸੁਣਦੇ ਹੀ ਮੀਆਂ ਮਿੱਠਾ ਹੋਇਆ ਮਨੋ ਅਧੀਰ।
ਮਿੱਠਨ ਕੋਟ 'ਚ ਉਸਦੇ ਹੈਸਨ ਬਹੁਤ ਮੁਰੀਦ
ਸ਼ੀਰੀ ਵਾਂਗ ਜ਼ੁਬਾਨ ਸੀ ਹੈ ਉਸ ਵਾਂਗ ਫ਼ਰੀਦ।
ਕਾਫ਼ਰ ਜਾਣ ਕੇ ਹਿੰਦੂਆਂ ਨੂੰ ਰੱਖਦਾ ਸੀ ਮਨ ਫ਼ਰਕ
ਚਾਹੁੰਦਾ ਸੀ ਇਸਲਾਮ ਦੀ ਉਹ ਚਹੁੰ-ਤਰਫ਼ੀ ਚੜ੍ਹਤ।
ਅੱਲਾਹ ਅਤੇ ਰਸੂਲ ਦੇ ਭੇਤ ਤੋਂ ਸੀ ਅਣਜਾਣ
ਰਹਿੰਦਾ ਖ਼ੁਦੀ ਤਕੱਬਰੀ ਵਿਚ ਹਰ ਵੇਲ਼ੇ ਗਲਤਾਨ।
ਨਾਲ਼ ਮੁਰੀਦਾਂ ਪੁੱਜਿਆ ਬਾਗ਼ 'ਚ ਮਿੱਠਾ ਪੀਰ
ਕੀਤੀ ਦੁਆ ਸਲਾਮ ਆ ਇਸਲਾਮੀ ਫ਼ਕੀਰ।
ਸੂਰਜ ਫਿੱਕਾ ਜਾਪਿਆ ਸਾਹਵੇਂ ਮੁੱਖ ਜਮਾਲ
ਰੜਕ ਪਈ ਮਨ ਪੀਰ ਦੇ ਕਾਫ਼ਰ ਸੋਚ ਖ਼ਿਆਲ।
ਕਾਬੂ ਵਿਚ ਰੱਖ ਫੁਰਨਿਆਂ ਡੱਕੀ ਮਨ ਦੇ ਤਾਅ
ਆਖਿਆ, 'ਚਾਨਣ ਪਾਓ ਕੁਝ ਉਸ ਸਾਈਂ ਦੇ ਰਾਹ'।
ਨਾਨਕ ਕਿਹਾ, "ਫ਼ਕੀਰ ਜੀ! ਏਕਾ ਏਕੰਕਾਰ!
ਉਸੇ ਧਾਮ ਨਿਵਾਜਿਆ ਉਸੇ ਦੀ ਸਿਰਕਾਰ।
ਅਵੱਲ ਨਾਮ ਖ਼ੁਦਾਇ ਦਾ ਦੂਜਾ ਨਬੀ ਰਸੂਲ
ਨਾਨਕ ਕਲਮਾ ਜੇ ਪੜਹਿ ਦਰਗਹ ਹੋਏ ਕਬੂਲ
ਅੱਲਾਹ ਦੀ ਦਰਗਾਹ ਨਾਹ ਪੀਰ ਪੈਗ਼ੰਬਰ ਠੈਹਰ
ਸਨਮੁਖ ਉਸ ਖ਼ੁਦਾਇ ਦੇ ਟਿਕ ਨਾ ਪਾਏ ਗ਼ੈਰ।
ਕੁੱਲ ਆਲਮ ਦੇ ਸਾਹਮਣੇ ਸਭ ਅੱਲਹਾ ਦੀ ਜਾਤ
ਆਖੀ ਮਿੱਠੇ ਪੀਰ ਤਾਈਂ ਨਾਨਕ ਸੱਚੀ ਬਾਤ"।
ਮੁਰਦਾ ਦੱਬਣ ਦੀ ਰਸਮ ਸੀ ਮਿੱਠਾ ਮੰਨਦਾ ਸੁਆਬ
ਸੋਚਦਾ ਸੀ ਜੰਨਤ ਮਿਲੂ ਕਿਆਮਤ ਰੋਜ਼ ਹਿਸਾਬ।
'ਹਿੰਦੂ ਕਿਵੇਂ ਜਾ ਸਕਦਾ ? ਆਖਿਆ ਉਸ ਸਵਰਗ
ਸਾੜ ਦੇਣ ਸਭ ਚਿਖ਼ਾ ਤੇ ਦੇਹੀ ਪਿੱਛੋਂ ਮਰਗ।
'ਰੋਜ਼ ਹਸ਼ਰ' ਜੀਅ ਉੱਠਣੇ ਇਸਲਾਮੀ ਕਲਬੂਤ
ਜਾਗੇਗਾ ਕਿੰਜ ਹਿੰਦੂਆਂ ਦਾ ਮਰਿਆ ਹੋਇਆ ਵਜੂਦ ?'
ਮਿੱਠੇ ਨੂੰ ਮੁਖ਼ਾਤਬ ਹੋ ਨਾਨਕ ਕਿਹਾ ਨਿਤਾਰ
'ਕਬਰਿਸਤਾਨ ਤੋਂ ਮਿੱਟੀ ਲੈ ਗੁੰਨ੍ਹਣ ਜਦ ਘੁਮਿਆਰ।
ਇੱਟਾਂ ਪਾ ਵਿਚ ਸੰਚਿਆਂ ਆਵੇ ਆਣੀਆਂ ਰੱਖ

UNISTAR BOOKS PVT LTD.
Unistar Books Pvt Ltd.

ਬਰਤਨਾਂ ਨੂੰ ਪਕਾਉਣ ਹਿਤ ਹੇਠ ਮਚਾਵਣ ਅੱਗ।
ਆਵਿਆਂ ਰੱਖੀ ਮਿੱਟੀਓਂ ਅਗਨ ਚਿੰਗਾਰੇ ਝੜ
ਮੁਸਲਿਮ ਮੁਰਦਿਆਂ ਵਾਂਗ ਹਿੰਦੂਆਂ ਮਿੱਟੀ ਜਾਂਦੀ ਝੜ'।
ਦੱਸਿਆ ਬਾਬੇ ਸ਼ੇਖ਼ ਨੂੰ ਨਿਰਣਾ ਸੱਚ ਨਿਤਾਰ
'ਵਾਰ ਆਸਾ' ਵਿਚ ਗਾਵਿਆ ਸ਼ਬਦ ਤਦੋਂ ਦਾਤਾਰ:

ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ॥
ਘੜਿ ਭਾਂਡੇ ਇਟਾ ਕੀਆ ਜਲਦੀ ਕਰੇ ਪੁਕਾਰ॥
ਜਲਿ ਜਲਿ ਰੋਵੈ ਬਪੁੜੀ ਝੜਿ ਝੜਿ ਪਵਹਿ ਅੰਗਿਆਰ॥
ਨਾਨਕ ਜਿਨਿ ਕਰਤੈ ਕਾਰਣੁ ਕੀਆ ਸੋ ਜਾਣੈ ਕਰਤਾਰੁ॥੨॥

(**ਗੁਰੂ ਗ੍ਰੰਥ**, ਪੰਨਾ 466)

ਜਾਣੀ-ਜਾਣ ਤਾਂ ਜਾਣਦੇ ਸੀ ਇਹ ਰੂਹਾਂ ਦੀ ਖੇਡ
ਮਚਦਾ ਤਾਂ ਸਰੀਰ ਹੈ ਰੂਹ ਰਹਿੰਦੀ ਨਿਰਲੇਪ।
ਸਾੜਿਆਂ ਤੇ ਨਾਹ ਦੱਬਿਆਂ ਰੂਹ ਹੁੰਦੀ ਇਹ ਖਾਕ
ਦੇਹ ਮਿੱਟੀ ਮਿੱਟੀ ਰਲ਼ੇ ਰੂਹ ਰਹਿੰਦੀ ਬੇਬਾਕ।
'ਬਿਨਾਂ ਰਸੂਲ ਨਿਜ਼ਾਤ ਨਾਹ' ਮਿੱਠੇ ਫੇਰ ਕਿਹਾ
'ਬਿਨਾਂ ਤੇਲ ਕਿੰਜ ਜਗਦਾ ਦੀਵਾ ਪਾਤਸ਼ਾਹ ?'
ਮਿੱਠੇ ਨੂੰ ਲਾਵਣ ਲਈ ਇਕ ਨਾਮ ਦੀ ਜਾਗ
ਗਾਵਿਆ ਨਾਨਕ ਸ਼ਬਦ ਫਿਰ ਮੁਖ ਰਾਗ 'ਸਿਰੀ ਰਾਗ':

ਅਛਲ ਛਲਾਈ ਨਹ ਛਲੈ ਨਹ ਘਾਉ ਕਟਾਰਾ ਕਰਿ ਸਕੈ॥
ਜਿਉ ਸਾਹਿਬੁ ਰਾਖੈ ਤਿਉ ਰਹੈ ਇਸੁ ਲੋਭੀ ਕਾ ਜੀਉ ਟਲ ਪਲੈ॥੧॥
ਬਿਨੁ ਤੇਲ ਦੀਵਾ ਕਿਉ ਜਲੈ॥੧॥ ਰਹਾਉ॥
ਪੋਥੀ ਪੁਰਾਣ ਕਮਾਈਐ॥ ਭਉ ਵਟੀ ਇਤੁ ਤਨਿ ਪਾਈਐ॥
ਸਚੁ ਬੂਝਣੁ ਆਣਿ ਜਲਾਈਐ॥੨॥
ਇਹੁ ਤੇਲੁ ਦੀਵਾ ਇਉ ਜਲੈ॥
ਕਰਿ ਚਾਨਣੁ ਸਾਹਿਬ ਤਉ ਮਿਲੈ॥੧॥ ਰਹਾਉ॥
ਇਤੁ ਤਨਿ ਲਾਗੈ ਬਾਣੀਆ॥
ਸੁਖੁ ਹੋਵੈ ਸੇਵ ਕਮਾਣੀਆ॥
ਸਭ ਦੁਨੀਆ ਆਵਣ ਜਾਣੀਆ॥੩॥
ਵਿਚਿ ਦੁਨੀਆ ਸੇਵ ਕਮਾਈਐ॥
ਤਾ ਦਰਗਹ ਬੈਸਣੁ ਪਾਈਐ॥
ਕਹੁ ਨਾਨਕ ਬਾਹ ਲੁਡਾਈਐ॥੪॥੩੩॥ (**ਗੁਰੂ ਗ੍ਰੰਥ**, ਪੰਨਾ 25)



UNISTAR BOOKS PVT LTD. Unistar Books Pvt Ltd.

ਸਾਰ ਰੂਪ ਇਸ ਸ਼ਬਦ ਦਾ, ਦੀਨ ਦੁਨੀ ਦੇ ਸ਼ਾਹ
ਪਿਆਰ ਨਾਲ਼ ਸਮਝਾਉਂਦੇ ਮਿੱਠੇ ਨੂੰ ਪਾਤਸ਼ਾਹ।
'ਕਸਕੇ ਵਾਗਾਂ ਨਫ਼ਸ ਦੀਆਂ ਤਾਬੇ ਰੱਖ ਗ਼ੁਮਾਨ
ਨਿੰਦਿਆ ਰਾਹ ਤਿਆਗ ਕੇ ਨਾਲ਼ੇ ਝੂਠ ਜ਼ੁਬਾਨ।
ਨਾਮ ਬਾਣੀ ਅਭਿਆਸ ਦਾ ਪਾ ਦੀਵੇ ਵਿਚ ਤੇਲ
ਸੱਚ ਗਿਆਨ ਦੀ ਅਗਨ ਸੰਗ ਹੋਵੇਗਾ ਜਦ ਮੇਲ।
ਮੋਮ ਹੋਊ ਦੇਹ ਆਤਮਾ ਸੱਚ ਗਿਆਨ ਨੂੰ ਪਾਇ
ਘਾਲ ਕਮਾਈ ਨਾਲ਼ ਹੀ ਦਰਗਾਹ ਮਿਲੂ ਥਾਇੰ।
ਆਖ਼ਰ ਉਹੀ ਵਢਦਾ ਜੋ ਬੀਜੇ ਇਨਸਾਨ
ਬੰਧਨ ਵਿਚ ਹੈ ਫਸਦਾ ਬਾਝੋਂ ਸੱਚੇ ਨਾਮ।
ਇਕ ਪਾਸੇ ਨੂੰ ਲੈ ਤੁਰੇ ਨਾਨਕ ਫੜ੍ਹ ਕੇ ਬਾਂਹ
ਆਖਿਆ, 'ਸ਼ੇਖਾ! ਇਕ ਨਾਮ ਖ਼ੁਦਾਇ ਕਾ ਸੁਣ ਖਾਂ'।
ਕਿਹਾ 'ਨਸੀਹਤਨਾਮਾ' ਫਿਰ ਰੰਗ ਕੇ ਰੰਗ ਵਿਸਮਾਦ
ਦਾਨਸ਼ਮੰਦ ਦੀ ਵਿਆਖਿਆ ਮੁੱਖੋਂ ਕੀਤੀ ਭਾਖ।
ਮਨ 'ਚ ਅੱਲਾਹ ਵਸਿਆ ਮਿੱਠਾ ਹੋਇਆ ਧੰਨ
ਵਿਦਾ ਹੋਇਆ ਪ੍ਰਸੰਨ ਚਿੱਤ ਪੈਰ ਗੁਰਾਂ ਦੇ ਚੁੰਮ।
ਗੁਰਦੁਆਰਾ ਦਿਉਕਾ ਦੇ ਬਾਕੀ ਬਚੇ ਨਿਸ਼ਾਨ
ਅੱਜ ਵੀ ਵਿਚ ਪਸਰੂਰ ਦੇ ਅੱਖੀਂ ਦੇਖੇ ਜਾਣ।
ਇਥੋਂ ਚੱਲ ਕੇ ਪਾਤਸ਼ਾਹ ਰਾਹ ਕਰਦੇ ਜਨ ਕਲਿਆਣ
ਕਠੂਆ ਦੇ ਇਲਾਕੇ ਵਿਚ ਜਸਰੋਟਾ ਪੁੱਜੇ ਆਣ।

## ਜਸਰੋਟਾ

ਪਿੱਪਲ ਹੇਠ ਬਿਰਾਜ ਰਹੇ ਮਰਦਾਨੇ ਸੰਗ ਗੁਰ
ਸ਼ੋਭਾ ਸੁਣ ਕੇ ਆ ਗਏ ਨਗਰ ਨਿਵਾਸੀ ਜੁੜ।
ਪੱਥਰ ਪੂਜਕਾਂ ਤਾਈਂ ਗੁਰ ਪਾ ਕੇ ਸੱਚ ਦੀ ਬਾਤ
ਦੱਸਿਆ ਸੁਰਤ ਟਿਕਾਉਣ ਲਈ ਇਕ ਸਾਹਿਬ ਦੀ ਯਾਦ।
ਚੌਹੀਂ ਤਰਫ਼ੀਂ ਖਿੰਡ ਗਈ ਨਾਨਕ ਸ਼ੋਭਾ ਭੱਲ
ਜਸਰੋਟੇ ਦਾ ਰਾਜਪੂਤ ਰਾਜਾ ਭੀ ਆਇਆ ਚੱਲ।
ਨਾਨਕ ਸ਼ਰਨੀਂ ਬੈਠ ਉਸ ਕੀਤੀ ਸ਼ਬਦ ਵੀਚਾਰ
ਰਾਜੇ ਦੇ ਪਰਜਾ ਪ੍ਰਤੀ ਗੁਰ ਦਿੱਤੇ ਸ਼ੰਕ ਨਿਵਾਰ।
'ਰਾਜੇ ਦਾ ਹੈ ਪਰਮ ਫ਼ਰਜ਼ ਪਰਜਾ ਦੀ ਸੰਭਾਲ਼
ਪਰਜਾ ਹੀ ਪਰਿਵਾਰ ਉਸ ਪਰਜਾ ਹੀ ਧਨ ਮਾਲ।

UNISTAR BOOKS PVT LTD.
Unistar Books Pvt Ltd.
Unistar Books Pvt Ltd.
UNISTAR BOOKS PVT LTD.

ਸੁਰਤੀ ਵਿਚ ਟਿਕ ਜਾਏ ਜੋ ਵਿਚ ਸਾਹਿਬ ਦੀ ਯਾਦ
ਜੁੜ ਕੇ ਸੱਚੇ ਨਾਮ ਵਿਚ ਮਿਟਣ ਸੋਗ ਸੰਤਾਪ'।
ਬਾਕੀ ਝੂਠੇ ਆਸਰੇ ਟੇਕ ਬਾਣੀ ਸੱਚ ਕੀਤ
ਬਚਨ ਸੁਣੇ ਸਤਗੁਰਾਂ ਦੇ ਚਰਨੀਂ ਨਿਵਿਆ ਸੀਸ।
ਸਾਹਿਬ ਦੀ ਖ਼ੁਸ਼ੀ ਹੋਈ ਬਣਿਆ ਰਹੂਗਾ ਰਾਜ
ਸੁਣ ਕੇ ਰਾਜੇ ਆਖਿਆ, 'ਸਤ ਬਚਨ ਮਹਾਰਾਜ'।
ਕਠੂਆ ਦੇ ਇਲਾਕੇ ਵਿਚ ਇਹ ਸਥਾਨ ਅਬਾਦ
'ਪਾਤਸ਼ਾਹੀ ਪਹਿਲੀ ਗੁਰਦੁਆਰਾ ਚਰਨ ਕਮਲ ਸਾਹਿਬ'।
ਜਸਰੋਟੇ ਦੀ ਧਰਤ ਨੂੰ ਲਾ ਕੇ ਨਾਨਕ ਭਾਗ
ਤੁਰ ਪਏ ਵੱਲ ਪਠਾਨਕੋਟ ਗੁਰੂ ਗਰੀਬ ਨਿਵਾਜ
ਲੰਘਦੇ ਹੋਏ ਗੁਰਦਾਸਪੁਰ ਬਿਆਸਾ ਕਰਕੇ ਪਾਰ
ਪੁੱਜੇ ਵਿਚ ਸੁਲਤਾਨਪੁਰ ਜਾਣੀ-ਜਾਣ ਦਾਤਾਰ।

## ਸੁਲਤਾਨਪੁਰ

ਸੁਣੀ ਗਈ ਸੀ ਭੈਣ ਦੀ ਜੀਕੂੰ ਇਹ ਫਰਯਾਦ
ਨਜ਼ਰਾਂ ਬੂਹੇ ਵੱਲ ਕਰ ਕਰਦੀ ਪਈ ਸੀ ਯਾਦ।
ਨਾਨਕੀ ਆਈ ਦੌੜ ਕੇ ਝੁਕੀ ਚਰਨਾਂ ਵੱਲ
ਹੱਥਾਂ ਵਿਚ ਲੈ ਸੀਸ ਗੁਰ ਲਾਇਆ ਭੈਣ ਨੂੰ ਗਲ਼।
ਨਜ਼ਰੀਂ ਆਇਆ ਰੱਬ ਉਸ ਸੀਨੇ ਪਈ ਖਿੱਚ
ਨਿੱਕੇ ਵੀਰ ਨੂੰ ਲਿਆ ਝੱਟ ਗਲਵੱਕੜੀ ਵਿਚ।
ਸੁਣਦੇ ਸਾਰ ਹੀ ਆ ਗਏ ਭਣੋਈਆ ਜੈਰਾਮ
ਬਹਿ ਕੇ ਬਾਬੇ ਪਾਸ ਉਸ ਪੁੱਛਿਆ ਹਾਲ ਤਮਾਮ।
ਜਾਣ ਲੱਗੇ ਜਦ ਗੁਰੂ ਜੀ ਰੋਕਿਆ ਨਾਨਕੀਂ ਆਣ
ਜਾਣ ਗਈ ਸੀ ਖੇਡ ਬਸ ਦੋ-ਤ੍ਰੈ ਦਿਨ ਦੀ ਜਾਣ।
'ਤੁਹਾਡੇ ਦਰਸ਼ਨ ਹੋ ਗਏ ਕਰ ਰਹੀ ਸਾਂ ਯਾਦ
ਮੈਨੂੰ ਤੋਰ ਕੇ ਜਾਵਣਾ'! ਕੀਤੀ ਉਸ ਫ਼ਰਯਾਦ।
ਕੰਨੀਂ ਪਏ ਬੋਲ ਇਹ ਬਿਨ ਕੂਏ ਜੈਰਾਮ
ਨਾਨਕ ਜੀ ਵੱਲ ਤੱਕਿਆ ਹੁੰਦਿਆਂ ਅਤਿ ਹੈਰਾਨ।
'ਸ਼ੁਕਰ ਕਿ ਧੀਰਜ ਵਿਚ ਹੈ' ਬੋਲੇ ਤਦੋਂ ਦਇਆਲ
ਤੱਕਿਆ ਨਾਨਕੀ ਵੱਲ ਗੁਰ ਅਤਿ ਸਨੇਹ ਨਾਲ਼।
ਕੁਦਰਤ ਵੀ ਬਣਾਇਆ ਇਹ ਕੇਹਾ ਸਾਥ ਕਮਾਲ
ਦੋ ਸਾਥੀ ਕਿੰਜ ਇਕ ਹੋ ਉਮਰਾ ਰਹਿੰਦੇ ਨਾਲ਼।


UNISTAR BOOKS PVT LTD.

ਸੋਚਿਆ ਜਦ ਜੈਰਾਮ ਇਹ ਹੋਏ ਅਤਿ ਉਦਾਸ
ਤ੍ਰਿੜਕ ਗਿਆ ਕੁਝ ਅੰਦਰੋਂ ਵਿਛੜ ਰਿਹਾ ਸੀ ਸਾਥ।
ਬੇਬੇ ਬੋਲੀ ਪਤੀ ਨੂੰ ਮਨ 'ਚ ਧੀਰਜ ਰੱਖ
'ਤੁਸੀਂ ਵੀ ਆ ਜਾਵਣਾ ਥੋੜ੍ਹੇ ਦਿਨਾਂ ਵਿਚ'।
ਕਿੱਦਾਂ ਮਲਕੁਲ ਮੌਤ ਆ ਤਕੜੇ ਪਾ ਕੇ ਹੱਥ
ਲੈ ਜਾਂਦੀ ਹੈ ਜੀਵ ਨੂੰ ਇਹੀ ਅੰਤਿਮ ਸੱਚ।
ਘੜੀਆਂ ਪਹਿਰ ਬੀਤ ਗਏ ਆਇਆ ਥਿਤੀਂ ਵਾਰ
'ਸਭਨਾਂ ਸਹੁਰੇ ਵੰਞਣਾ ਸਭ ਮੁਕਲਾਵਣ ਹਾਰ'।
ਜਿਉਂ ਹੀ ਹੱਥਾਂ ਵਿਚ ਲਿਆ ਬਾਬੇ ਭੈਣ ਦਾ ਹੱਥ
ਬੇਬੇ ਅੰਤਮ ਸਾਹ ਲਿਆ ਰੂਹ ਸਿਧਾਈ ਤਦ।
ਧੰਨ ਸੀ ਬੇਬੇ ਨਾਨਕੀ ਦਾ ਅਜਬ ਅਨੋਖਾ ਪਿਆਰ
ਮੋਢਾ ਦੇਇ ਵਿਦਾ ਕੀਤਾ ਅੰਤਿਮ ਸਮੇਂ ਦਾਤਾਰ।
ਨਾਨਕੀ ਸੰਗ ਜੈਰਾਮ ਜੀ ਸੀ ਕੇਹਾ ਅਨੂਠਾ ਮੋਹ
ਜਾ ਰਲ਼ੀ ਰੂਹ ਸਾਥ ਸੰਗ ਤਿੰਨ ਦਿਨਾਂ ਮਗਰੋਂ।
ਘੱਟ ਨਹੀਂ ਸੀ ਜੈਰਾਮ ਦਾ ਬਾਬੇ ਨਾਲ਼ ਪਿਆਰ
ਬਾਬੇ ਨੇ ਭਾਈਆ ਜੀ ਦਾ ਹੱਥੀਂ ਕੀਤਾ ਸਸਕਾਰ।
ਬੇਬੇ ਨਾਨਕੀ ਜੈਰਾਮ ਜੀ ਦੇ ਸਸਕਾਰ ਤੋਂ ਬਾਅਦ
ਵਈਂ ਹਵਾਲੇ ਕਰ ਦਿੱਤੀ ਦੋਹਾਂ ਜੀਆਂ ਦੀ ਰਾਖ਼।
ਭਾਰੀ ਵਿਚ ਇਕੱਠ ਦੇ ਦਾਨੇ ਛੇੜੀ ਰਬਾਬ
ਵਿਚ ਅਗੰਮੀ ਰਸ ਗੁਰ ਕੀਰਤਨ ਕੀਤਾ ਆਪ:

ਆਵਹੁ ਭੈਣੇ ਗਲਿ ਮਿਲਹ ਅੰਕਿ ਸਹੇਲੜੀਆਹ॥
ਮਿਲਿ ਕੈ ਕਰਹ ਕਹਾਣੀਆ ਸੰਮ੍ਰਥ ਕੰਤ ਕੀਆਹ॥
ਸਾਚੇ ਸਾਹਿਬ ਸਭਿ ਗੁਣ ਅਉਗਣ ਸਭਿ ਅਸਾਹ॥੧॥
ਕਰਤਾ ਸਭੁ ਕੋ ਤੇਰੈ ਜੋਰਿ॥
ਏਕੁ ਸਬਦੁ ਬੀਚਾਰੀਐ ਜਾ ਤੂ ਤਾ ਕਿਆ ਹੋਰਿ॥੧॥ਰਹਾਉ॥
ਜਾਇ ਪੁਛਹੁ ਸੋਹਾਗਣੀ ਤੁਸੀ ਰਾਵਿਆ ਕਿਨੀ ਗੁਣੀ॥
ਸਹਜਿ ਸੰਤੋਖਿ ਸੀਗਾਰੀਆ ਮਿਠਾ ਬੋਲਣੀ॥
ਪਿਰੁ ਰੀਸਾਲੂ ਤਾ ਮਿਲੈ ਜਾ ਗੁਰ ਕਾ ਸਬਦੁ ਸੁਣੀ॥੨॥
ਕੇਤੀਆ ਤੇਰੀਆ ਕੁਦਰਤੀ ਕੇਵਡ ਤੇਰੀ ਦਾਤਿ॥
ਕੇਤੇ ਤੇਰੇ ਜੀਅ ਜੰਤ ਸਿਫਤਿ ਕਰਹਿ ਦਿਨੁ ਰਾਤਿ॥
ਕੇਤੇ ਤੇਰੇ ਰੂਪ ਰੰਗ ਕੇਤੇ ਜਾਤਿ ਅਜਾਤਿ॥੩॥
ਸਚੁ ਮਿਲੈ ਸਚੁ ਊਪਜੈ ਸਚ ਮਹਿ ਸਾਚਿ ਸਮਾਇ॥

UNISTAR BOOKS PVT LTD.
Unistar Books Pvt Ltd.

ਸੁਰਤਿ ਹੋਵੈ ਪਤਿ ਊਗਵੈ ਗੁਰਬਚਨੀ ਭਉ ਖਾਇ॥
ਨਾਨਕ ਸਚਾ ਪਾਤਿਸਾਹੁ ਆਪੇ ਲਏ ਮਿਲਾਇ॥੪॥੧੦॥

(**ਗੁਰੂ ਗ੍ਰੰਥ**, ਪੰਨਾ 17-18)

ਕੁਝ ਦਿਨ ਰਹ ਸੁਲਤਾਨਪੁਰ ਭਾਈਚਾਰਕ ਸਾਂਝ ਪਾਲ਼
ਮਾਪੇ ਤੋਰੇ ਭਰੇ ਮਨ ਤਲਵੰਡੀ ਵੱਲ ਦਇਆਲ।
ਬਾਤ ਚਲੂ ਕਿੰਜ ਦਾ ਹੁੰਦੈ ਭੈਣ ਭਾਈ ਦਾ ਪਿਆਰ
ਨਾਨਕ, ਨਾਨਕੀ ਖੜ੍ਹਨਗੇ ਪਹਿਲੀ ਵਿਚ ਕਤਾਰ।
ਸੂਬੇਦਾਰ ਪੰਜਾਬ ਨਵਾਬ ਦੌਲਤ ਖ਼ਾਨ ਦੇ ਨਾਲ਼
ਕਰਤਾਰਪੁਰ ਜਾਣੋਂ ਪਹਿਲਾਂ ਮਿਲੇ ਤਪਾਕ ਨਾਲ਼।
ਸਾਂਝੇ ਕੀਤੇ ਗੁਰੂ ਤਦ ਕੁਝ ਸਫ਼ਰਾਂ ਦੇ ਹਾਲ
ਪੱਖਪਾਤੀ ਸਿਕੰਦਰ ਲੋਧੀ ਦਾ ਵਰਤਾਰਾ ਨਾਲ਼।
ਦੱਸਿਆ ਬਾਬੇ ਖ਼ਾਨ ਨੂੰ ਕਿੰਜ ਪੈ ਸਕਦੀ ਐ ਠੱਲ੍ਹ
ਕਾਬਲ ਤੋਂ ਆਉਣਾ ਬਾਬਰ ਜਾਪੇ ਮੁਸ਼ਕਲ ਦਾ ਹੱਲ।
ਹਾਕਮ ਹੋਊ ਸੁਤੰਤਰ ਜਦੋਂ ਇਸ ਖਿੱਤੇ ਵਿਚ ਆ
ਕਿਸੇ ਨਾਲ਼ ਨਾਹ ਕਰੇਗਾ ਪੱਖਪਾਤੀ ਵਰਤਾਅ।
ਸੂਬੇਦਾਰ ਨਵਾਬ ਸੰਬੰਧੀ ਲਿਖਿਐ ਵਿਚ ਇਤਿਹਾਸ
ਗੁਰੂ ਸਾਹਿਬ ਦੇ ਨਾਲ਼ ਸੀ ਉਸ ਆਖ਼ਰੀ ਮੁਲਾਕਾਤ।

ਨਾਨਕੀ ਤੇ ਜੈਰਾਮ ਦੀਆਂ ਅੰਤਿਮ ਰਸਮਾਂ ਨਿਭਾ
ਸਾਕ-ਸੰਬੰਧੀ ਮੁੜ ਗਏ ਆਪਣੇ ਆਪਣੇ ਰਾਹ।
ਮਾਤ-ਪਿਤਾ ਤੇ ਚਾਚਾ ਜੀ ਤਲਵੰਡੀ ਗਏ ਮੁੜ
ਮੋਹ ਸਾਕਾਂ ਦੀ ਕਦੀ ਨਾਹ ਪੂਰੀ ਹੁੰਦੀ ਥੁੜ।
ਮਾਤ ਸੁਲੱਖਣੀ ਲਖਮੀ ਚੰਦ ਸਾਹਿਬ ਦਾ ਪਰਿਵਾਰ
ਗੱਡੇ 'ਤੇ ਬਿਠਾ ਲਿਆ ਅਜਿੱਤੇ ਰੰਧਾਵੇ ਨਾਲ਼।
ਸ੍ਰੀਚੰਦ ਜੀ ਰਹ ਗਏ ਪਿੱਛੇ ਘਰ ਦੇ ਵਿਚ
ਤੁਰ ਪਏ ਦਾਨੇ ਨਾਲ਼ ਗੁਰ ਕਰਤਾਰਪੁਰ ਕਰ ਰੁਖ਼।

## ਉੱਦੋਕੇ

ਪੁੱਜੇ ਉੱਦੋਕੇ ਗੁਰੂ ਜਾ ਨਗਰੋਂ ਬਾਹਰਵਾਰ
ਛੱਪੜ ਕੰਢੇ ਬਹਿ ਗਏ ਪਿੱਪਲ ਹੇਠ ਦਾਤਾਰ।
ਪਹਿਲੋਂ ਵੀ ਸੀ ਸਤਗੁਰੂ ਆਏ ਏਸ ਸਥਾਨ
ਟੱਬਰ ਇਕ ਜਾਣੂ ਪੁੱਜਾ ਨਾਨਕ ਸੇਵ 'ਚ ਆਣ।



UNISTAR BOOKS PVT LTD.
Unistar Books Pvt Ltd.

ਦਰਸ਼ਨ ਕਰਕੇ ਗੁਰਾਂ ਦੇ ਹੋਇਆ ਹਿਰਦਾ ਸ਼ਾਦ
ਸ਼ਰਧਾ ਨਾਲ਼ ਛਕਾਇਆ ਅੰਨ ਪਾਣੀ ਪ੍ਰਸ਼ਾਦਿ।
ਮੰਜੇ ਉੱਤੇ ਪਾਇਕੇ ਅਧਰੰਗ ਪੀੜਤ ਇਕ
ਈਸ਼ਰੀ ਨੂੰਹ ਪਿਤਾ ਨੂੰ ਲਿਆਈ ਦਰਦ ਨਿਵਾਰਣ ਹਿਤ।
'ਧਰਮਸ਼ਾਲ ਬਣਵਾਇਕੇ' ਹੁਕਮ ਕੀਤਾ ਦਾਤਾਰ
'ਹੱਥੀਂ ਸੇਵ ਕਮਾਵਣੀ ਸ਼ੁੱਧ ਭਾਵਨਾ ਨਾਲ਼'।
ਕੱਚਾ ਕੋਠਾ ਉਸਰ ਰਿਹਾ ਸੀ ਜਦੋਂ ਸੇਵ ਦੌਰਾਨ
ਹਰਕਤ ਵਿਚ ਆਏ ਪੀੜਤ ਦੇ ਹੱਥ-ਪੈਰ ਜ਼ੁਬਾਨ।
ਰਾਤ ਨੂੰ ਬਾਰਸ਼ ਕਾਰਨ ਖੁਰਨ ਲੱਗੀ ਜੋ ਕੰਧ
ਥੰਮ੍ਹੀ ਹੇਠ ਦਿਵਾਇਕੇ ਪਾਇਆ ਉਹਨੂੰ ਬੰਧ।
'ਪੱਕਾ ਕੋਠਾ ਉਸਾਰ ਦੇਈਏ' ਆਖਿਆ ਲੰਬਰਦਾਰ
ਗੁਰਾਂ ਕਿਹਾ, 'ਰੌਣਕ ਲੱਗੂ ਭਲੀ ਕਰੂ ਕਰਤਾਰ'।
ਕੋਠਾ ਸਾਹਿਬ ਆਖਦੇ ਸੀ ਲੋਕੀਂ ਜਿਸ ਅਸਥਾਨ
'ਗੁਰਦੁਆਰਾ ਥੰਮ੍ਹ ਸਾਹਿਬ' ਹੁਣ ਸੁਭਾਇਮਾਨ।

Unistar Books Pvt Ltd.

## ਕੱਥੂਨੰਗਲ

ਦੁਖੀਆਂ ਦਰਦ ਨਿਵਾਰਦੇ ਹੋਏ ਕਰ ਬਟਾਲਾ ਪਾਰ
ਵਿਚ ਜੰਗਲ ਰਮਣੀਕ ਥਾਂ ਕੀਤਾ ਗੁਰਾਂ ਉਤਾਰ।
ਕਰਤਾਰੀ ਰੰਗ ਮਾਣਦੇ ਹੋਏ ਜਾਂ ਪੁੱਜੇ ਉਸ ਥਾਂ
ਬਾਲਕ ਬੂੜਾ ਸੰਗ ਸਹਿਤ ਰਿਹਾ ਸੀ ਮਾਲ ਚਰਾ।
ਮਹਾਂਪੁਰਖਾਂ ਨੂੰ ਤੱਕਿਆ ਦਿਲ 'ਚ ਭਾਵਨੀ ਕਰ
ਤਾਜ਼ਾ ਤਾਜ਼ਾ ਦੁੱਧ ਦੋਹ ਲਿਆ ਕਟੋਰਾ ਭਰ।
ਪਿਆਰ ਨਾਲ਼ ਸਤਗੁਰਾਂ ਦੇ ਦਿੱਤਾ ਅੱਗੇ ਧਰ
'ਜੰਮਣਾ ਮਰਨਾ ਕੱਟ ਦਿਉ' ਬੋਲਿਆ ਬਿਨਤੀ ਕਰ।
'ਬੱਚਿਆ! ਗੱਲਾਂ ਸਿਆਣੀਆਂ ਕਿਸ ਸਿਖਾਈਆਂ ਤੁਧ
ਸਾਰੀ ਵਿਥਿਆ ਫੋਲ ਕਹੀ ਬੂੜੇ ਆਕਲ-ਬੁੱਧ'।

'ਕੇਰਾਂ ਫ਼ੌਜਾਂ ਪਾਤਸ਼ਾਹੀ ਲੰਘਦਿਆਂ ਸਾਡਾ ਪਿੰਡ
ਚਾਰਨ ਹਿਤ ਉਨ ਘੋੜਿਆਂ ਫ਼ਸਲਾਂ ਲਈਆਂ ਵੱਢ।
ਆਖਿਆ, 'ਪਿਤਾ ਜੀ! ਕੱਚੀ ਪੱਕੀ ਡਡਰੀ ਲਉ ਬਚਾਓ'
ਲੇਕਿਨ ਬੇਵੱਸ ਪਿਤਾ ਜੀ ਅੰਦਰੀਂ ਲੁਕਾਇਆ ਘਾਓ।
'ਸੋਚਿਆ! ਮੈਂ ਜਾਬਰ ਹੱਥੋਂ ਜੋ ਰੋਕ ਨਹੀਂ ਸਕਿਆ
ਜਮਰਾਜ ਹੱਥੋਂ ਭਲਾ ਫਿਰ ਕੌਣ ਬਚਾ ਲਊ ਆ ?

UNISTAR BOOKS PVT LTD.

ਵੱਡੀਆਂ ਤੋਂ ਨਿੱਕੀਆਂ ਲੱਕੜਾਂ ਪਹਿਲੋਂ ਜਲਣ ਚੁਫ਼ੇਰ
ਕਿਰਪਾ ਕਰਕੇ ਕੱਟ ਦਿਉ ਜਨਮ ਮਰਨ ਦੇ ਗੇੜ'।
ਬੁੱਢਿਆਂ ਵਾਂਗ ਕਰੇਂ ਗੱਲਾਂ ਐਪਰ ਹੈਂ ਤੂੰ ਬਾਲ
ਅੱਜ ਤੋਂ 'ਬਾਬਾ ਬੁੱਢਾ' ਆਖ ਕੀਤਾ ਗੁਰਾਂ ਨਿਹਾਲ।
ਬੇਪਨਾਹ ਅਸੀਸ ਸੰਗ ਸਿਰ ਹੱਥ ਦਿੱਤਾ ਪਿਆਰ
ਸੇਵਕ ਦੀ ਪਦਵੀ ਤੋਂ ਉੱਚਾ ਦਿੱਤਾ ਗੁਰ ਸਤਿਕਾਰ।
ਦਿੱਤਾ ਗੁਰਿਆਈ ਤਿਲਕ ਉਸ ਛੇਵੇਂ ਜਾਮੇ ਤੱਕ
ਬਾਬੇ ਬੁੱਢੇ ਦੀ ਕਰਨੀ ਕੋਈ ਨਾ ਸਕਿਆ ਲੱਖ ?
ਰਾਵੀਓਂ ਉਰਲੇ ਬੰਨ੍ਹੇ 'ਤੇ ਪਿੰਡ ਹੈ ਇਕ ਰਮਦਾਸ
ਬਾਬਾ ਬੁੱਢਾ ਜੀ ਰਿਹਾਇਸ਼ ਰੱਖੀ ਉੱਥੇ ਖ਼ਾਸ।
ਸਤਗੁਰ ਤੋਂ ਅਸੀਸ ਲੈ ਚੜ੍ਹਿਆ ਨਾਮ ਦਾ ਰੰਗ
ਕਰਤਾਰਪੁਰ ਨਿੱਤ ਜਾਇਕੇ ਕਰਨ ਲੱਗਾ ਸਤਸੰਗ।

Unistar Books Pvt Ltd.

### ਕਰਤਾਰਪੁਰ

ਬਾਬਾ ਬੁੱਢਾ, ਭਾਈ ਮੂਲਾ ਲੈ ਮਰਦਾਨਾ ਨਾਲ਼
ਪੁੱਜੇ ਗੁਰ ਕਰਤਾਰਪੁਰ ਸੰਗਤ ਹੋਈ ਨਿਹਾਲ।
ਕਿਤਨੇ ਹੀ ਸਨ ਰਹਿ ਰਹੇ ਇਥੇ ਹੁਣ ਪਰਿਵਾਰ
ਬਾਣੀ ਸੇਵਾ ਸਤਸੰਗ ਕਰ ਸੰਗਤ ਬੇਸ਼ੁਮਾਰ।
ਹੁੰਮ-ਹੁਮਾ ਕੇ ਪੁੱਜਦੇ ਸੇਵਕ ਸੁਬ੍ਹਾ ਸ਼ਾਮ
ਅਕੱਥ-ਕਥਾ ਅਗੰਮ ਦੀ ਮਾਣਨ ਬਹ ਗੁਰਧਾਮ।
ਭਾਈ ਭਾਗੀਰਥ ਤੇ ਅਜਿੱਤੇ ਖ਼ੁਸ਼ੀ ਹੋਈ ਤਨ-ਮਨ
ਸ਼ਿਰੀ ਚੰਦ ਤੇ ਮਾਤ ਸੁਲੱਖਣੀ ਤੱਕ ਹੋਏ ਪ੍ਰਸੰਨ।
ਚੌਧਰੀ ਦੋਦਾ ਤੇ ਘਰਵਾਲੀ ਕਿੰਨੇ ਗੁਰਸਿੱਖ ਹੋਰ
ਪਹਿਲੋਂ ਹੀ ਸਤਸੰਗ ਦੀ ਸੇਵਾ ਰਹੇ ਸੀ ਤੋਰ।
ਵਾਹੀ ਖੇਤੀ ਜਿਨਸ ਨਾਲ਼ ਲੰਗਰ ਚੱਲੇ ਅਤੁੱਟ
ਜਾਣਨ ਗੁਰ ਪ੍ਰਚਾਰ ਹਿਤ ਨੇੜਲੇ ਨਗਰਾਂ ਵਿਚ।
ਬਹੁ-ਗਿਣਤੀ ਹਿੰਦੂ ਮੁਸਲਿਮ ਬਿਨਾਂ ਕਿਸੀ ਭਿੰਨ-ਭੇਦ
ਸੇਵਾ ਸੰਗਤ ਸਤਸੰਗ ਕੀਰਤਨ ਵਿਚ ਹੋਣ ਅਭੇਦ।
ਬਾਬਾ ਮੂਲਾ ਚੰਦੋਰਾਣੀ ਗੁਰੂ ਸਾਹਿਬ ਨੂੰ ਮਿਲ
ਫੋ਼ਲਕੇ ਮਨ ਦੀ ਗਠੜੀ ਮੁੜ ਗਏ ਪੱਖੋਂ ਵੱਲ
ਜਾਣੋ ਪਹਿਲਾਂ ਬਾਬੇ ਮੂ਼ਲੇ ਮੰਗਿਆ ਮਨੋ ਟਿਕਾਅ
ਫਾਹੀ ਕੱਟੀ ਮੋਹ ਦੀ ਗੁਰ ਬਖਸ਼ਿਆ ਮੁਕਤੀ ਰਾਹ।

UNISTAR BOOKS PVT LTD.

ਥੋੜ੍ਹੇ ਦਿਨਾਂ 'ਚ ਛੱਡ ਕੇ ਦੁਨੀਂ ਸੁਹਾਵਾ ਬਾਗ਼
ਤੁਰ ਪਏ ਫ਼ਾਨੀ ਜੱਗ ਤੋਂ ਦੋਏ ਸਰੀਰ ਤਿਆਗ।
ਪੱਖੋਕੇ ਗੁਰ ਪੁੱਜ ਕੇ ਨਾਲ਼ ਪਿਆਰ ਸਤਿਕਾਰ
ਦੋਹਾਂ ਸਰੀਰਾਂ ਦੀ ਕੀਤੀ ਸਤਗੁਰ ਜੀ ਸੰਭਾਲ਼।
ਸੱਸ-ਸਹੁਰੇ ਦੇ ਦਾਹ ਬਾਅਦ ਦੁਨਿਆਵੀ ਰਸਮ ਨਿਭਾਅ
ਭਸਮ ਇਕੱਠੀ ਕਰਕੇ ਕੀਤੀ ਰਾਵੀ ਪਰਵਾਹ।
ਮਾਤ ਸੁਲੱਖਣੀ ਤੇ ਗੁਰੂ ਤੋਰ ਆਰ-ਪਰਿਵਾਰ
ਮੁੜ ਆਏ ਕਰਤਾਰਪੁਰ ਪੂਰੇ ਕਰ ਵਿਹਾਰ।
ਕਲਾਨੌਰ ਨਿਵਾਸੀ ਸੈਦਾ ਆਉਣਾ ਸੁਣ ਦਾਤਾਰ
ਦਾਤੇ ਦੇ ਦਰਸ਼ਨ ਲਈ ਆਇਆ ਮੰਜ਼ਿਲ ਮਾਰ।
ਕੀ ਤੱਕਿਆ ਉਸ ਸਤਗੁਰੂ ਕਰਨ ਲਈ ਇਸ਼ਨਾਨ
ਰਾਵੀ ਜਲ 'ਚ ਬੈਠ ਕੇ ਸਿਮਰਨ ਕਰਦੇ ਆਣ।
ਸੋਚਿਆ ਸ਼ਾਇਦ ਖਿਜਰ ਦੀ ਭਗਤੀ ਕਰਦੇ ਗੁਰ
ਤਾਹੀਉਂ ਪ੍ਰਸਿੱਧੀ ਉਨ੍ਹਾਂ ਦੀ ਹੋਈ ਇਲਾਕੇ ਭਰ।
ਸੈਦੇ ਦੇ ਤਦ ਮਨ ਵਿਚ ਘਰ ਕਰ ਗਈ ਬਾਤ
ਰਾਵੀ ਵੱਲ ਨੂੰ ਤੁਰ ਪਿਆ ਉੱਠ ਕੇ ਅੱਧੀ ਰਾਤ।
ਲੰਮਾ-ਝੰਮਾ ਪੁਰਖ ਇਕ ਸਾਹਵੇਂ ਡਿੱਠਾ ਆਣ
ਹੱਥ 'ਚ ਮੱਛੀ ਫੜੀ ਤੱਕ ਹੋਇਆ ਪਸ਼ੇਮਾਨ।
ਸੈਦੇ ਉਹਨੂੰ ਪੁੱਛਿਆ ਡਾਢਾ ਹੋ ਹੈਰਾਨ
'ਭਾਈ ਆਪ ਕੌਣ ਹੋ ? ਘੁੰਮਦੇ ਵਿਚ ਵੀਰਾਨ'।
'ਬਾਬਾ ਨਾਨਕ ਸਾਹਿਬ ਦੇ ਦਰਸ਼ਨ ਲਈ ਅਧੀਰ
ਭੇਟਾ ਲੈ ਕੇ ਜਾ ਰਿਹਾ ਵਿਚ ਸੇਵਾ ਜ਼ਾਹਰ ਪੀਰ।
ਪਾਣੀ ਰੂਪੀ ਤੱਤ ਹਾਂ ਬੋਲੇ ਖ਼ੁਆਜ਼ਾ ਖਿਜ਼ਰ
ਮੇਰੀ ਭਲਾ ਅਰਾਧਨਾ ਕਿਉਂ ਕਰਨਗੇ ਗੁਰ ?
ਭਰਮ ਨਵਿਰਤੀ ਵਾਸਤੇ ਆਇਆਂ ਤੇਰੇ ਕੋਲ਼
ਅਲੋਪ ਹੋਏ ਖੁਆਜਾ ਖਿਜ਼ਰ ਮੁੱਖੋਂ ਕਰਕੇ ਬੋਲ।'

ਸੈਦਾ ਰਾਵੀ ਵਿਚ ਜਾ ਕੀਤਾ ਫਿਰ ਇਸ਼ਨਾਨ
ਪੁੱਜਾ ਛੇਤੀ ਨਾਲ਼ ਉਹ ਧਰਮਸ਼ਾਲਾ ਵਿਚ ਆਣ।
ਚਰਨ ਪਰਸ ਕੇ ਬਹਿ ਗਿਆ ਗੁਰ ਚਰਨਾਂ ਵਿਚ ਆਣ
ਕਰ ਰਹੇ ਰਬਾਬੀ ਸੀ ਜਿਥੇ ਕੀਰਤਨ ਵਖਿਆਨ।

ਗੁਰ ਕੈ ਸਬਦਿ ਤਰੇ ਮੁਨਿ ਕੇਤੇ
ਇੰਦ੍ਰਾਦਿਕ ਬ੍ਰਹਮਾਦਿ ਤਰੇ॥



UNISTAR BOOKS PVT LTD
Unistar Books Pvt Ltd
Unistar Books Pvt Ltd
UNISTAR BOOKS PVT LTD

ਸੁਨਕ ਸਨੰਦਨ ਤਪਸੀ ਜਨ ਕੇਤੇ
ਗੁਰ ਪਰਸਾਦੀ ਪਾਰਿ ਪਰੇ॥੧॥
ਭਵਜਲੁ ਬਿਨੁ ਸਬਦੈ ਕਿਉ ਤਰੀਐ॥
ਨਾਮ ਬਿਨਾ ਜਗੁ ਰੋਗਿ ਬਿਆਪਿਆ
ਦੁਬਿਧਾ ਡੁਬਿ ਡੁਬਿ ਮਰੀਐ॥੧॥ ਰਹਾਉ॥ (**ਗੁਰੂ ਗ੍ਰੰਥ**, ਪੰਨਾ 11256)
ਗੁਰੁ ਦੇਵਾ ਗੁਰੁ ਅਲਖ ਅਭੇਵਾ
ਤ੍ਰਿਭਵਣ ਸੋਝੀ ਗੁਰ ਕੀ ਸੇਵਾ॥
ਆਪੇ ਦਾਤਿ ਕਰੀ ਗੁਰਿ ਦਾਤੈ
ਪਾਇਆ ਅਲਖ ਅਭੇਵਾ॥੨॥
ਮਨੁ ਰਾਜਾ ਮਨੁ ਮਨ ਤੇ ਮਾਨਿਆ
ਮਨਸਾ ਮਨਹਿ ਸਮਾਈ॥
ਮਨੁ ਜੋਗੀ ਮਨੁ ਬਿਨਸਿ ਬਿਓਗੀ
ਮਨੁ ਸਮਝੈ ਗੁਣ ਗਾਈ॥੩॥
ਗੁਰ ਤੇ ਮਨੁ ਮਾਰਿਆ ਸਬਦੁ ਵੀਚਾਰਿਆ
ਤੇ ਵਿਰਲੇ ਸੰਸਾਰਾ॥
ਨਾਨਕ ਸਾਹਿਬੁ ਭਰਿਪੁਰਿ ਲੀਣਾ
ਸਾਚ ਸਬਦਿ ਨਿਸਤਾਰਾ॥੪॥੧॥੨॥

ਸ਼ਬਦ ਸਮਾਪਤੀ ਮਗਰੋਂ ਗੁਰ ਚਰਨੀਂ ਢੱਠਾ ਜਾ
ਭੁੱਬਾਂ ਮਾਰ ਕੇ ਰੋਇਆ, 'ਬਖ਼ਸ਼ ਲਓ ਬਾਬਾ'।
ਬਾਬੇ ਲਾ ਕੇ ਗਲ਼ੇ ਉਸ ਪੁੱਛਿਆ ਉਹਨੂੰ ਖ਼ਾਸ
'ਅੰਮ੍ਰਿਤ ਵੇਲ਼ੇ ਆ ਗਿਉਂ ਹੁਣ ਕਿਉਂ ਹੈ ਉਦਾਸ ?'
ਆਖਣ ਲੱਗਾ, 'ਪਾਤਸ਼ਾਹ! ਮੈਂ ਤਾਂ ਹਾਂ ਅਣਜਾਣ
ਸੋਚਿਆ ਸੀ ਖ਼ੁਆਜ਼ਾ ਖਿਜ਼ਰ ਸੇਵਦੇ ਤੁਸੀਂ ਆਣ।
ਭਾਰੀ ਪ੍ਰਸਿੱਧੀ ਤੁਸਾਂ ਮਿਲੀ ਇਲਾਕੇ ਭਰ
ਇਉਂ ਵੀਚਾਰਦੇ ਅੱਧੀ ਰਾਤ ਤੁਰਿਆ ਰਾਵੀ ਵੱਲ।
ਖ਼ੁਦ ਖਵਾਜ਼ਾ ਮਿਲਿਆ ਆ ਰਾਵੀ ਕੰਢੇ ਆਣ
ਮੱਛੀ ਸੀ ਹੱਥ ਭੇਂਟ ਉਸ ਤੁਹਾਡੇ ਲਈ ਨਿਧਾਨ।
ਖਵਾਜ਼ਾ ਮੂੰਹੋਂ ਸੱਚ ਜਾਣ ਖੁੱਲ੍ਹੇ ਮੇਰੇ ਕਪਾਟ
ਦਾਤਾ! ਭਾਰੀ ਭੁੱਲ ਹੋਈ ਸਦ ਬਖ਼ਸ਼ਿੰਦ ਹੋ ਆਪ'।
ਸਤਗੁਰ ਅੱਗੋਂ ਆਖਿਆ, 'ਏਕੋ ਹੀ ਸਿਰਕਾਰ
ਕਿਸੀ ਖ਼ੁਆਜ਼ਾ ਖਿਜ਼ਰ ਨੇ ਕਰਨਾ ਨਹੀਂ ਉਧਾਰ।'
ਜਾਣ ਗਿਆ ਜਦ ਸਭਨਾਂ ਵਿਚ ਇਕੋ ਸਿਰਜਣਹਾਰ
ਵਿਚ ਇਲਾਕੇ ਕਰਨ ਲੱਗਾ ਸੈਦਾ ਸਤਿ ਪਰਚਾਰ।



UNISTAR BOOKS PVT LTD. Unistar Books Pvt Ltd. UNISTAR BOOKS PVT LTD.

ਕੁਝ ਸਮਾਂ ਸੀ ਬੀਤਿਆ ਵਿਚ ਸੇਵਾ ਗੁਰ ਕਰਤਾਰ
ਮੱਕੇ ਵੰਨੀਂ ਜਾਣ ਲਈ ਕੀਤਾ ਗੁਰ ਵੀਚਾਰ।
ਤਲਵੰਡੀਉਂ ਏਨ੍ਹੀਂ ਦਿਨੀਂ ਨਿੱਧਾ ਬ੍ਰਾਹਮਣ ਆ
ਯਾਦ ਨੇ ਕਰਦੇ ਮਾਤ-ਪਿਤ ਗਿਆ ਸੁਨੇਹੜਾ ਲਾ।
ਨਾਲ਼ ਨਿਧੇ ਦੇ ਤੋਰਿਆ ਗੁਰ ਗੱਡੇ 'ਤੇ ਪਰਿਵਾਰ
ਲੈ ਵਿਦਾਈ ਸੰਗਤੋਂ ਹੋਏ ਦਾਨੇ ਸੰਗ ਤਿਆਰ।
ਭਾਈ ਅਜਿਤਾ, ਭਾਈ ਬੁੱਢਾ ਨੂੰ ਬੋਲੇ ਕਰ ਤਾਕੀਦ
'ਨਿਤਨੇਮ ਜਾਰੀ ਰੱਖਣਾ ਵਾਪਸ ਆਵਣ ਤੀਕ।'
ਮੂਲਾ ਵਾਸੀ ਸਿਆਲ਼ਕੋਟ ਬਹ ਚਰਨੀਂ ਜਾਣੀ-ਜਾਣ
ਵਾਪਸ ਘਰ ਨੂੰ ਪਰਤਣੇ ਲਈ ਬਿਨਤੀ ਕੀਤੀ ਆਣ।
'ਇਥੇ ਰਹਿ ਜੋ ਸਿੱਖਿਆ ਵਿਚ ਸੰਗਤ ਸਦ-ਆਚਾਰ
ਜੀਵਨ ਵਿਚ ਅਪਣਾਉਣਾ ਭਲੀ ਕਰੂ ਕਰਤਾਰ!'
ਮੂਲੇ ਨੂੰ ਤੁਰਦੇ ਵਕਤ ਮੁੜ ਕਿਹਾ ਜਾਣੀ-ਜਾਣ
'ਸਮਾਂ ਮਿਲਿਆ ਅਸੀਂ ਵੀ ਫੇਰ ਮਿਲਾਂਗੇ ਆਣ'।
'ਸਤਿ ਬਚਨ' ਮੂਲੇ ਕਹਿ ਕੇ ਕੀਤੀ ਨਮਸਕਾਰ
ਲੈ ਵਿਦਾਇਗੀ ਸੰਗਤੋਂ ਤਲਵੰਡੀ ਆਏ ਦਾਤਾਰ।

## ਤਲਵੰਡੀ

ਬੀਤੇ ਕੱਲ੍ਹ ਨੂੰ ਯਾਦ ਕਰ ਕਾਲੂ ਆਖਿਆ, 'ਲਾਲ!
ਰਾਏ ਵੀ ਸਮਝਾਇਆ ਸੀ ਮੈਨੂੰ ਕਈ ਵਾਰ।
ਸਮਝਿਆ ਐਪਰ ਠੀਕ ਨਾ ਤੈਨੂੰ ਮੇਰੇ ਲਾਲ
ਸੁਖ ਦੁਖ ਦੇ ਅਹਿਸਾਸ ਵਿਚ ਮਨ ਭਟਕੇ ਬੇਹਾਲ'।
ਬਾਬਾ ਨਾਨਕ ਪਿਤਾ ਨੂੰ ਬੋਲੇ ਨਾਲ਼ ਪਿਆਰ
'ਸਾਡਾ ਸਾਰਾ ਦੁਖ ਸੁਖ ਹੈ ਜੁੜਿਆ ਸੰਗ ਸੰਸਾਰ।
ਸੰਸਾਰੀ ਬਿਰਤੀ ਜੁੜੀ ਅੱਖੀਆਂ ਨੂੰ ਕਰ ਬੰਦ
ਨੇਤਰ ਗਿਆਨ ਦੇ ਖੋਲ੍ਹ ਕੇ ਤੱਕੋ ਉਹਨੂੰ ਸੰਗ।
ਮਨ ਆਪੇ ਟਿਕ ਜਾਵਣਾ ਜੁੜਦਿਆਂ ਵਿਚ ਕਰਤਾਰ
ਮੋਹ ਦੇ ਬੰਧਨ ਤੋੜ ਕੇ ਹੋਊ ਜੀਅ ਨਿਹਾਲ।
ਜਗਤ ਪਸਾਰਾ ਝੂਠ ਸਭ ਅਸਥਿਰ ਨਹੀਂ ਘਰ ਬਾਰ
ਫਿਰ ਕਾਇਆ ਦਾ ਠੀਕਰਾ ਭੱਜਣਾ ਆਖ਼ਰਕਾਰ।
ਵਿਚ ਕਾਇਆਂ ਉਦਿਆਨ ਦੇ ਪੰਜ ਤੱਤਾਂ ਦਾ ਮੇਲ
ਆਤਮ ਤੱਤ ਹੀ ਅਮਰ ਹੈ ਬਾਕੀ ਫ਼ਾਨੀ ਖੇਲ।



UNISTAR BOOKS PVT LTD.
Unistar Books Pvt
Unistar Books Pvt Ltd.
UNISTAR BOOKS PVT LTD.

## ਮਾਤ-ਪਿਤਾ ਵਿਛੋੜਾ

ਜੋਗੀ ਵਾਂਗੂੰ ਪਿਤਾ ਦੀ ਬਿਰਤੀ ਗਈ ਜੁੜ
ਟੁੱਟੇ ਬੰਧਨ ਮੋਹ ਸਾਕ ਮੇਲੇ ਹੋਏ ਧੁਰ।
ਸਤਸੰਗੀ ਮਾਹੌਲ ਵਿਚ ਭੇਟਦਿਆਂ ਗੁਣ ਤਾਸ
ਸਭਨਾਂ ਦੀ ਮੌਜੂਦਗੀ ਵਿਚ ਕਾਲੂ ਛੱਡੇ ਸੁਆਸ।
ਰਾਜ਼ੀ-ਬਾਜ਼ੀ ਗੱਲਾਂ ਕਰਦੇ ਪੁੱਤ ਪੋਤਿਆਂ ਹੱਥ
ਮਾਂ ਤ੍ਰਿਪਤਾ ਵੀ ਤੁਰ ਗਈ ਫ਼ਾਨੀ ਦੁਨੀਆ ਛੱਡ।
ਦੋਹਾਂ ਦਾ ਵਾਰੋ-ਵਾਰੀ ਕਰ ਸਨਬੰਧੀ ਦਾਹ
ਰਾਖ਼ ਇਕੱਠੀ ਕਰਕੇ ਕੀਤੀ ਜਲ ਪਰਵਾਹ।
ਪੰਦਰਾਂ ਸੌ ਉਨਾਸੀ ਸੰਮਤ ਪੰਜਾਬ ਕੋਸ਼ ਅਨੁਸਾਰ
ਮਾਤ-ਪਿਤਾ ਜਦ ਤਿਆਗਿਆ ਜਗ ਪੇਕਾ ਪਰਿਵਾਰ।
ਸੌਂਪ ਜ਼ਮੀਨਾਂ ਚਾਚਾ ਲਾਲੂ ਵਿਚ ਤਲਵੰਡੀ ਬਾਰ
ਕਰਤਾਰਪੁਰ ਵੱਲ ਭੇਜਿਆ ਸਤਗੁਰ ਬਾਕੀ ਪਰਿਵਾਰ।
•

UNISTAR BOOKS PVT LTD.
Unistar Books Pvt Ltd.

UNISTAR BOOKS PVT LTD.
Unistar Books Pv
Unistar Books Pvt Ltd.
UNISTAR BOOKS PVT LTD.

# ਸੱਤਵਾਂ ਸਰਗ
# ਤੀਜੀ ਉਦਾਸੀ

UNISTAR BOOKS PVT LTD.
Unistar Books Pvt Ltd.
Unistar Books Pvt Ltd.
UNISTAR BOOKS PVT LTD.

**ਤੀਜੀ ਉਦਾਸੀ**

ਬਾਬਾ ਫਿਰ ਮੱਕੇ ਗਿਆ
ਨੀਲ ਬਸਤ੍ਰ ਧਾਰੇ ਬਨਵਾਰੀ॥
ਆਸਾ ਹਥਿ ਕਿਤਾਬ ਕਛਿ
ਕੂਜਾ ਬਾਂਗ ਮੁਸੱਲਾ ਧਾਰੀ॥

**–ਭਾਈ ਗੁਰਦਾਸ**

UNISTAR BOOKS PVT LTD.
Unistar Books Pvt Ltd.

UNISTAR BOOKS PVT LTD.

## ਪੱਛਮ ਵੱਲ ਫੇਰੀ

ਹਾਜ਼ੀਆਂ ਨੂੰ ਦੱਸਣ ਲਈ ਰੱਬੀ ਨੂਰ ਚੁਫ਼ੇਰ
ਪੱਛਮ ਵੱਲ ਨੂੰ ਜਾਣ ਦਾ ਗੁਰ ਨਿਹਚਾ ਕੀਤਾ ਫੇਰ।
ਪ੍ਰਸਿੱਧ ਮੱਕਾ ਸ਼ਹਿਰ ਜੋ ਉੱਚਤਮ ਧਰਮ ਸਥਾਨ
ਰਾਜਧਾਨੀ ਹੈ ਅਰਬ ਦੀ ਪਾਕ-ਪਵਿੱਤ ਮਹਾਨ।
ਇਥੇ ਹੀ ਸੀ ਜਨਮਿਆ ਪੈਗ਼ੰਬਰ ਇਸਲਾਮ
ਸਜਦਾ ਜੀਹਨੂੰ ਕਰ ਰਿਹਾ ਮੁਸਲਿਮ ਜਗਤ ਤਮਾਮ।

ਮੁੱਕਿਆ ਜਦ ਰਮਜ਼ਾਨ ਤਦ ਮੋਮਨਾਂ ਕੀਤਾ ਸ਼ੁਕਰ
ਚਿਹਰੇ ਮੱਲੇ ਰੌਣਕਾਂ ਘਰ ਘਰ ਈਦ-ਉੱਲ-ਫ਼ਿਤਰ।
ਰੋਜ਼ੇ ਖੋਲ੍ਹੇ ਮੋਮਨਾਂ ਕਹ ਬਿਸਮਿੱਲਾ ਦੇ ਨਾਲ਼
ਪਾਕ ਮਹੀਨਾ ਹੱਜ ਦਾ ਆਇਆ ਜੋ ਸ਼ੱਵਾਲ।
ਵਰਖਾ ਰੁੱਤ ਸੀ ਲੰਘ ਗਈ ਸੀ ਅਕਤੂਬਰ ਮਾਂਹ
ਹਾਜ਼ੀ ਮੱਕੇ ਵੱਲ ਤੁਰੇ ਖ਼ੁਸ਼ੀਆਂ ਈਦ ਮਨਾ।

ਆਸਾ, ਕਾਸਾ ਹੱਥ ਵਿਚ ਰੱਖ ਮੁਸੱਲਾ ਕਨ੍ਹ
ਹੱਜ ਲਈ ਹਾਜ਼ੀ ਚਲੇ ਲੰਮੇ ਦਾਈਏ ਬੰਨ੍ਹ।
ਸੰਗ ਰਬਾਬੀ ਗੁਰਾਂ ਦਾ ਧੁਰੋਂ ਰੂਹਾਨੀ ਯਾਰ
ਅਜਬ ਰੂਪ ਸੀ ਦਿਸ ਰਿਹਾ ਨਾਨਕ ਨਿਰੰਕਾਰ।

ਸੂਰਤ ਉਸ ਪੈਗ਼ੰਬਰੀ ਸੀਰਤ ਲਾਜਵਾਬ
ਸ਼ਾਹ-ਸਮੁੰਦ 'ਚ ਲੀਨ ਗੁਰ ਝੱਲੀ ਜਾਏ ਨ ਤਾਬ।
ਨਾ ਸੀ ਹਿੰਦੂ ਲਗਦਾ ਨਾ ਮੁਸਲਮਾਨ ਦਾਤਾਰ
ਲਿਖਦਾ ਹੈ ਕੁਝ ਇਸ ਤਰ੍ਹਾਂ ਪੁਰਾਤਨ ਸਾਖੀਕਾਰ।

"ਪੈਰੀਂ ਖੋਸਾ ਚੰਮ ਦੀਆਂ ਚੰਮ ਦੀ ਸੁੱਥਣ ਲੱਕ
ਬਸਤਰ ਨੀਲੇ ਰੰਗ ਦੇ ਹਾਜ਼ੀ ਲੱਗੇ ਪੱਕ।
ਪਰ ਕੁਝ ਰੀਤੋਂ ਬਾਹਰਾਂ ਭੇਖ ਕੀਤਾ ਉਸ ਨਾਲ਼
ਮੱਥੇ ਟਿੱਕਾ ਉਸਦੇ ਗਲ਼ ਹੱਡੀਆਂ ਦੀ ਮਾਲ।"
ਮਾਝਾ ਧਰਤੀ ਵਿਚਰਦੇ ਗੁਰ ਪੁੱਜੇ ਜਾ ਕਸੂਰ
ਪਾਕਪਟਨ ਦੀ ਪਾਕ ਜ਼ਿਮੀਂ ਤੇ ਰੱਖਿਆ ਪੈਰ ਹਜ਼ੂਰ।
ਲੱਖਾਂ ਲੋਕ ਦੂਰ ਦੁਰਾਡਿਓਂ ਏਸ ਜ਼ਿਮੀਂ 'ਤੇ ਆ
ਜੀਵਨ ਛੋਹ ਫ਼ਰੀਦ 'ਚੋਂ ਲੱਭਦੇ ਜੀਵਨ ਰਾਹ।

UNISTAR BOOKS PVT LTD.

## ਪਾਕਪਟਨ

ਗਿਆਰਵੀਂ ਗੱਦੀ ਸ਼ੇਖ਼ ਫ਼ਰੀਦ ਸੀ ਬੈਠੇ ਸ਼ੇਖ਼ ਬ੍ਰਹਮ
ਜ਼ੁਹਦ ਬੰਦਗੀ ਪਾਕ ਰੂਹ ਲਾਏ ਭਾਗ ਪਤਣ।
ਜਗਤ ਜਲੰਦਾ ਤਾਰਦੇ ਬਖ਼ਸ਼ਦਿਆਂ ਜੀਅ ਦਾਨ
ਨਾਨਕ ਪੱਤਣੋਂ ਦੋ ਕੋਹ ਤੇ ਡੇਰਾ ਕੀਤਾ ਆਣ।
ਰੰਗ ਇਕਸੇ ਜੁੜ ਗਏ ਛਿੜੀ ਧੁਨ ਰਬਾਬ
ਉਚਰਿਆ ਸਲੋਕ ਗੁਰ ਆਸਾ ਰਾਗ ਅਲਾਪ :
"ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ॥
"ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ॥ "

ਮਓਲ ਉਠੀ ਸੁਣ ਬਨਸਪਤ ਖੇੜੇ ਆਏ ਰੁੱਖ
ਸੰਦਲੀ ਪੌਣਾਂ ਰੁਮਕੀਆਂ ਤਨ ਮਨ ਥੀਆ ਸੁੱਖ।
ਚੇਲਾ ਸ਼ੇਖ ਬ੍ਰਹਮ ਦਾ ਨਾਂ ਸੀ ਜਿਸ ਕਮਾਲ
ਨੇੜੇ ਹੀ ਸੀ ਘੁੰਮ ਰਿਹਾ ਵਿਚ ਬਾਲਣ ਦੀ ਭਾਲ਼।
ਡਾਢੇ ਅਚਰਜ ਵਿਚ ਪਿਆ ਇਕ ਦਾ ਹੋਕਾ ਸੁਣ
ਕੀਤਾ ਉਸ ਸਲਾਮ ਆ ਉਸੇ ਹੀ ਪਲ ਖਿਣ।
ਬਿਨਤੀ ਕਰਕੇ ਆਖਿਆ, "ਉਚਰੋ ਫੇਰ ਸਲੋਕ"
ਸਿਰ ਝੁਕਾਇਆ ਅਦਬ ਵਿਚ ਖ਼ੁਦੀ ਨੂੰ ਅੰਦਰ ਰੋਕ।
ਕਰਨ ਤਸੱਲੀ ਤੁਰ ਪਿਆ ਸ਼ੇਖ਼ ਬ੍ਰਹਮ ਦੇ ਕੋਲ਼
ਝੁਕਿਆ ਅਦਬ ਵਿਚ ਫਿਰ ਸਾਂਝੇ ਕੀਤੇ ਬੋਲ।
"ਸੁਣਿਐ, ਲੱਕੜਾਂ ਚੁਣਦਿਆਂ ਰੱਬੀ ਇਕ ਪੈਗ਼ਾਮ
ਸੰਗ ਰਬਾਬੀ ਗਾ ਰਹੇ ਸੀ ਫ਼ੱਕਰ ਨਾਨਕ ਨਾਮ"।
ਸੁਣਦਿਆਂ ਪੀਰ ਬੋਲਿਆ, "ਕੁਝ ਤੈਂ ਭੀ ਸਿੱਖਿਆ ਬੈਂਤ"
ਝੱਟ ਕਮਾਲ ਸੁਣਾਇਆ ਮਨ ਪੀਰ ਦੇ ਆਈ ਸੈਂਤ।
"ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ॥
ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ॥ "
ਦੁਨੀਆ ਨੂੰ ਰੱਦ ਕਰਦਿਆਂ ਦਵੇ ਢੰਢੋਰਾ ਦੀਨ
ਸ਼ੇਖ਼ ਗੁਰਾਂ ਨੂੰ ਮਿਲਣ ਲਈ ਮਨ 'ਚ ਨਿਸ਼ਚਾ ਕੀਨ।
ਪੀਰ ਕਿਹਾ, "ਘਿਨ ਚਲ ਉਥਾਊ" ਐਸੇ ਮੁਰਸ਼ਦ ਕੋਲ਼
'ਸਤਿਬਚਨ' ਕਹ ਤੁਰ ਪਿਆ ਮੁਰਸ਼ਦ ਦੇ ਮੰਨ ਬੋਲ।

ਸੰਗ ਮਰਦਾਨੇ ਸਤਗੁਰ ਜੀ ਬੈਠੇ ਵਿਚ ਉਜਾੜ
ਕਰਨ ਦੀਦਾਰੇ ਪੁੱਜ ਗਏ ਨੂਰੀ ਮੁੱਖ ਜਮਾਲ।



UNISTAR BOOKS PVT LTD.
Unistar Books Pvt Ltd.

'ਸਲਾਮਾਲੇਕਮ' ਪੀਰ ਕਹਿ ਸਜਦਾ ਕੀਤਾ ਆਣ
ਵਿਚ ਜੁਆਬ ਦੇ ਸਤਗੁਰ ਦਿੱਤਾ ਪੀਰ ਨੂੰ ਮਾਣ।
"ਸੁਣ ਕੇ ਤੇਰਾ ਬੈਂਤ ਹਿਕ ਆਇਆ ਕਰਨ ਦੀਦਾਰ
ਹਿਕ ਸਾਹਿਬ ਦੇ ਹੋਣ ਦਾ ਕਰਨੇ ਲਈ ਨਿਤਾਰ"।
ਉੱਠੇ ਸਾਹਿਬ ਆਖ ਇਹ, "ਰੱਬ ਹੋਆ ਮਿਹਰਬਾਨ"
ਦਸਤਬੋਸੀ ਕਰ ਗੁਰੂ ਜੀ ਬੈਠੇ ਲਵੇ ਆਣ।
'ਹਿਕਾ ਸਾਹਿਬ ਹਿਕ ਰਦ' ਨਾਨਕ ਕਿਹਾ ਵੀਚਾਰ
'ਹਿਕਾ ਸੁਣਦੇ ਦੂਆ ਰਦ' ਕਹ ਕਟਿਆ ਭ੍ਰਮ ਜਾਲ।
ਸ਼ੇਖ ਬ੍ਰਹਮ ਨੇ ਆਖਿਆ, "ਦੱਸੋ ਕਰਕੇ ਫ਼ਜ਼ਲ
ਨਦਰ ਪਿੱਛੇ ਸੇਵਾ ਹੈ ਜਾਂ ਸੇਵਾ ਪਿੱਛੇ ਨਦਰ!"
ਸ਼ੇਖ ਬ੍ਰਹਮ ਮੁੜ ਪੁੱਛਿਆ ਮੁੱਖੋਂ ਅਗਲਾ ਸੁਆਲ
"ਕਿਹੜੀ ਛੁਰੀ ਚਲਾਈਏ ਅਹੰ ਹੋਏ ਹਲਾਲ ?"
ਸੁਣ ਨਾਨਕ ਫੁਰਮਾਇਆ ਵਿਚ ਰਾਮਕਲੀ ਦੀ ਵਾਰ
ਨਿਸ਼ਾ ਲਈ ਉਸ ਪੀਰ ਦੀ ਬਾਬੇ ਕਿਹਾ ਵਿਚਾਰ:

ਸਚ ਕੀ ਕਾਤੀ ਸਚੁ ਸਭੁ ਸਾਰੁ॥
ਘਾੜਤ ਤਿਸ ਕੀ ਅਪਰ ਅਪਾਰ॥
ਸਬਦੇ ਸਾਣ ਰਖਾਈ ਲਾਇ॥
ਗੁਣ ਕੀ ਥੇਕੈ ਵਿਚਿ ਸਮਾਇ॥
ਤਿਸ ਦਾ ਕੁਠਾ ਹੋਵੈ ਸੇਖੁ॥
ਲੋਹੂ ਲਬੁ ਨਿਕਥਾ ਵੇਖੁ॥
ਹੋਇ ਹਲਾਲੁ ਲਗੈ ਹਕਿ ਜਾਇ॥
ਨਾਨਕ ਦਰਿ ਦੀਦਾਰਿ ਸਮਾਇ॥੨॥ (**ਗੁਰੂ ਗ੍ਰੰਥ**, ਪੰਨਾ 956)

"ਨਾਮ ਪ੍ਰਭੂ ਦੇ ਰੰਗ ਵਿਚ ਕਰਕੇ ਛੁਰੀ ਤਿਆਰ
ਸਬਦ ਸਾਣੁ ਤੇ ਰੱਖਦਿਆਂ ਤਿੱਖੀ ਕਰੇ ਅਪਾਰ।
ਰੱਬੀ ਗੁਣਾਂ ਦਾ ਗਿਆਨ ਕਰ ਮੱਥੇ ਛੁਰੀ ਟਿਕਾਇ
ਲੱਭ ਲੋਭ ਦੇ ਛੋਰ ਕਟ ਦਰ ਦੀਦਾਰ ਸਮਾਇ"।
ਕੀਤੀ ਅਰਜ਼ ਸ਼ਰਫ਼ ਨੇ ਫਿਰ "ਚੱਲੋ ਮੇਰੇ ਘਰ"
ਸ਼ਾਇਦ ਉਹਦੀ ਸੂਝ ਸੀ ਅਜੇ ਵੀ ਬੇਖ਼ਬਰ।
"ਦ੍ਰਿਸ਼ਟ ਨ ਆਇਆ ਤੁਧ ਨੋ ਅਜੇ ਤਕ ਘਰ ਸ਼ੇਖ
ਪਰ ਤੂੰ ਮੁਕਤ ਹੋਇਆ, ਕਿਹਾ ਨਾਨਕ ਦਰਵੇਸ਼।"
ਸ਼ੇਖ ਬ੍ਰਹਮ ਖ਼ੁਸ਼ ਹੋ ਰਿਹਾ, "ਜੋ ਕੈਹਨੈ ਹਿਕ ਖੁਦਾਇ
ਕਟ ਜਾਵਣ ਭ੍ਰਮ ਜਾਲ ਸਭ ਜੇ ਹਿਕ ਦੀ ਵਾਰ ਸੁਣਾਏਂ।

UNISTAR BOOKS PVT LTD.
Unistar Books Pvt Ltd.

ਦਹੁੰ ਬਿਨ ਵਾਰ ਨ ਹੋਵਈ ਕਰਸੇਂ ਕੌਣ ਸ਼ਰੀਕ
ਹਿਕੋ ਹਿਕ ਤੂੰ ਆਖਦਾ ਕਰਨ ਕਾਰਨ ਜੋ ਈਸ਼!"
ਨਾਨਕ ਕਿਹਾ, "ਮਰਦਾਨਿਆ! ਛੇੜੋ ਤੰਤੀ ਤਾਰ
ਉਚਰੀ ਮੁੱਖੋਂ ਸਤਗੁਰ ਪਉੜੀ 'ਆਸਾ ਦੀ ਵਾਰ'।

ਆਪੀਨੈ੍ ਆਪੁ ਸਾਜਿਓ ਆਪੀਨੈ੍ ਰਚਿਓ ਨਾਉ॥
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥
ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ॥
ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ॥
ਕਰਿ ਆਸਣੁ ਡਿਠੋ ਚਾਉ॥੧॥ (**ਗੁਰੂ ਗ੍ਰੰਥ**, ਪੰਨਾ 438)

ਵਾਰ ਦੀਆਂ ਨੌਂ ਪਉੜੀਆਂ ਉਚਰੀਆਂ ਏਸ ਸਥਾਨ
'ਧੰਨ ਧਰਤ ਇਹ ਪਾਕਪਟਨ! 'ਧੰਨ ਸ਼ਾਹ ਸੁਲਤਾਨ'।
ਜਿਥੇ ਰਚੀਆਂ ਪਉੜੀਆਂ ਵਿਚ ਆਸਾ ਦੀ ਵਾਰ
'ਨਾਨਕ ਸਰ' ਨਾਂ ਦਾ ਬਣਿਆ ਸੁੰਦਰ ਗੁਰੂ ਦੁਆਰ।
ਸੰਨ ਸੰਤਾਲ਼ੀ ਤੋਂ ਪਹਿਲਾਂ ਜੁੜ ਸੇਵਕ ਸ਼ਰਧਾਵਾਨ
ਪੁੰਨਿਆ ਮੇਲੇ ਹੋ 'ਕੱਠੇ ਕਰਦੇ ਧੂੜੀ ਇਸ਼ਨਾਨ।
ਸਰਪ੍ਰਸਤੀ ਤਾਲੀਮ ਮਹਿਕਮੇ ਵਿਚ ਹੁਣ ਇਹ ਜਗ੍ਹਾ
ਚਲਦਾ ਇਥੇ ਅੱਜ ਕੱਲ੍ਹ 'ਹਾਈ ਸਕੂਲ, ਹੜੱਪਾ'।

ਗੁਰ ਤੋਂ ਸੁਣ ਨੌਂ ਪਉੜੀਆਂ ਵਿਚ ਆਦਰ ਉੱਠਿਆ ਸ਼ੇਖ
'ਤੁਧੇ ਅਤੇ ਖੁਦਾਇ ਵਿਚ ਰਤੀ ਨ ਨਾਨਕ ਭੇਤ'।
'ਖ਼ੁਦਾਇ ਨਾਲ਼ ਰਹਿ ਆਵੈ ਜੋ ਹੋਵੈ ਉਸ ਕਰਮ
'ਖੇਪ ਖ਼ੁਦਾਇ ਨਿਭਾਹੈ' ਗੁਰ ਕਿਹਾ ਸ਼ੇਖ ਬ੍ਰਹਮ'।
ਗੁਰ ਬਾਬਾ ਤੋਂ ਬਚਨ ਲੈ ਹੋਆ ਸ਼ੇਖ ਨਿਹਾਲ
ਹਠ ਤਪ ਤੇ ਮੰਨਿਆ ਸਭ ਹੋਆ ਨਵਿਰਤ ਜਾਲ਼।
ਸਿਰ ਝੁਕਾ ਮੁੜ ਸ਼ੇਖ਼ ਬ੍ਰਹਮ ਆਖਿਆ, 'ਨਾਨਕ ਵਾਹ'
ਸਾਹਿਬ ਦੀ ਦੇ ਕੇ ਸੋਝੀ ਕੀਤੀ ਮਿਹਰ ਨਿਗ੍ਹਾ।
ਦੇਖ ਅਨੂਠਾ ਪ੍ਰੇਮ ਸ਼ੇਖ ਕੁਝ ਦਿਨ ਠਹਿਰੇ ਨਾਲ਼
'ਬਾਣੀ ਸ਼ੇਖ਼ ਫਰੀਦ' ਦੀ ਗੁਰ ਪੋਥੀ ਲਈ ਉਤਾਰ।
ਸ਼ੇਖ ਬ੍ਰਹਮ ਬਿਆਲੀ ਸਾਲ ਕੀਤਾ ਸਤਿ ਪਰਚਾਰ
ਉਵੇਂ ਨਹੀਂ ਸਰਹੰਦ ਸ਼ਰੀਫ਼ 'ਚ ਬਣਿਆ ਉਸ ਮਜ਼ਾਰ।
ਤੁਰ ਪਏ ਅਗਲੇ ਮਿਸ਼ਨ ਤੇ ਨਾਨਕ ਜਾਣੀ-ਜਾਣ
ਰੁਖ ਕੀਤਾ ਮੁਲਤਾਨ ਵਲ ਬਾਣੀ ਵਿਚ ਗ਼ਲਤਾਨ।

UNISTAR BOOKS PVT LTD.
Unistar Books Pvt Ltd
Unistar Books Pvt Ltd
UNISTAR BOOKS PVT LTD.

## ਤੁਲੰਬਾ

ਵਿਚ ਤੁਲੰਬੇ ਅੱਪੜੇ ਕਰ ਲੰਮੀ ਨਦਰ ਨਿਹਾਲ
ਬੈਠੇ ਜਾ ਉਜਾੜ ਵਿਚ ਸਾਹਿਬ ਬਸਤੀਓਂ ਬਾਹਰ।
ਸੱਜਣ ਅਤੇ ਕਜਣ ਦੋਇ ਚਾਚਾ ਅਤੇ ਭਤੀਜ
'ਇਕੋ ਬਾਟੇ ਚੱਟਵੱਟੇ' ਰਹਿੰਦੇ ਅਤਿ ਕਰੀਬ।
ਮਾਨਵ ਦਾ ਕਲਬੂਤ ਪਰ ਆਦਮਖੋਰੀ ਸੋਚ
ਕਪਟੀ ਸੱਜਣ ਤਾਰਨੇ ਹਿਤ ਨਾਨਕ ਗਏ ਪਹੁੰਚ।
ਮਰਦਾਨੇ ਨੂੰ ਆਖਿਆ ਤਕ ਡੇਰਾ ਆਲੀਸ਼ਾਨ
"ਰਾਤੀਂ ਆਪਾਂ ਕਰਾਂਗੇ ਏਸ ਜਗ੍ਹਾ ਵਿਸਰਾਮ"।

ਠਾਕੁਰ ਦੁਆਰਾ ਇਕ ਤਰਫ਼ ਦੂਈ ਤਰਫ਼ ਮਸੀਤ
ਵੱਡਾ ਇਕ ਮਕਾਨ ਸੀ ਸੱਜਣ ਦੀ ਮਲਕੀਅਤ।
ਆਉਂਦਾ ਸੀ ਜੋ ਰਾਤ ਨੂੰ ਰਾਹੀ ਏਸ ਮੁਕਾਮ
ਦੇਵਤਿਆਂ ਦੇ ਚਿੱਤਰ ਤੱਕ ਹੁੰਦਾ ਮਨੋ ਹੈਰਾਨ।
ਲੰਮਾ ਚੋਗਾ ਗਲ਼ ਪਾ ਬੰਨ੍ਹ ਸ਼ੇਖ਼ਾਂ ਵਾਲ਼ੀ ਪੱਗ
ਮੱਥੇ ਟਿੱਕਾ ਤਸਬੀ ਹੱਥ, ਮੂੰਹ ਦਾ ਮੋਮੋਠੱਗ।
ਤੱਕਣ ਵਾਲਾ ਹਰ ਕੋਈ ਸਮਝੇ ਉਸ ਦਰਵੇਸ਼
ਪਾੜ-ਖਾਣਾ ਬਘਿਆੜ ਸੀ ਵਿਚ ਲੇਲ਼ੇ ਦੇ ਭੇਸ।
ਰੱਖੇ ਚੇਲੇ ਚਾਟੜੇ ਉਸ ਸੇਵਾ ਲਈ ਅਪਾਰ
ਖਾਂਦੇ ਸੀ ਜੋ ਵੰਡ ਕੇ ਸਭ ਠੱਗੀ ਦਾ ਮਾਲ।
ਆਦਰ-ਭਾ ਮਿੱਠੇ ਬੋਲੀਂ ਬਾਹਰੋਂ ਸੱਜਣ ਮੀਤ
ਘੇਰ ਲਿਆਂਦਾ ਮੀਤ ਬਣ ਧਰਮਸਾਲ ਸਮੀਪ
ਬਹਿ ਕੇ ਵਿਚ ਮੁਸਾਫ਼ਰਾਂ ਲੈ ਲੈਂਦਾ ਸੀ ਭੇਤ
ਨਕਦੀ ਗਹਿਣੇ ਧਨ ਪ੍ਰਤੀ ਰਹਿੰਦਾ ਸੀ ਸੁਚੇਤ।
ਖਾਓ-ਪੀਓ ਮਗਰੋਂ ਜਦੋਂ ਰਾਹੀ ਜਾਂਦਾ ਸੌਂ
ਅੱਧੀ ਰਾਤੀਂ ਸਭ ਕੁਝ ਲੁੱਟ ਲੈਂਦਾ ਸੀ ਉਹ।
ਲੁੱਟਣ ਮਗਰੋਂ ਕਤਲ ਕਰ ਸੁੱਟ ਦੇਂਦਾ ਵਿਚ ਖੂਹ
ਲੁੱਟ-ਖੋਹ ਦੀ ਕਿਸੀ ਤੱਕ ਨਾਹ ਲੱਗਣ ਦੇਂਦਾ ਸੂਹ।
ਦਿਨ ਚੜ੍ਹੇ ਡਾਹ ਹੇਠ ਮੁਸੱਲਾ ਹੱਥ 'ਚ ਤਸਬੀ ਫੜ
ਬਾਹਰ ਥੜੇ ਜਾ ਬੈਠਦਾ ਝਾਂਸਾ ਦੇਣ ਨੂੰ ਮੁੜ।
ਠੱਗੋਂ ਸੱਜਣ ਬਣਨ ਦੀ ਦੇਣ ਲਈ ਪਹਿਚਾਣ
ਸੰਗ ਮਰਦਾਨੇ ਪੁੱਜ ਗਏ ਨਾਨਕ ਜਾਣੀ-ਜਾਣ।



UNISTAR BOOKS PVT LTD. Unistar Books Pvt Ltd. Unistar Books Pvt Ltd. UNISTAR BOOKS PVT LTD.

ਕੀਤੀ ਖ਼ਬਰ ਜਾ ਸੇਵਕਾਂ ਸੱਜਣ ਨੂੰ ਇਹ ਖ਼ਾਸ
"ਪੁੱਜੇ ਸੰਗ ਮਰਦਾਨੇ ਦੇ ਬਾਬਾ ਨਾਨਕ ਇਸ ਵਾਸ।
ਦਗ਼ ਦਗ਼ ਕਰਦਾ ਮੁੱਖੜਾ ਮੱਥੇ ਲਿਸ਼ਕੇ ਨੂਰ
ਮਸਤੀ ਨੈਣਾਂ ਵਿਚ ਹੈ ਤੱਕ ਕੇ ਆਏ ਸਰੂਰ"।
ਸੱਜਣ ਕਹਿ ਕੇ 'ਜੀ ਆਇਆਂ' ਦਿੱਤਾ ਬਹੁੰ ਸਤਿਕਾਰ
ਬਹਿ ਗਿਆ ਨਾਨਕ ਸਾਹਵੇਂ ਮਨ ਰੱਖ ਸੋਚ ਵੀਚਾਰ।
ਤੱਕ ਕੇ ਮੋਢੇ ਵੱਲ ਗੁਰ ਹੱਸ ਕੇ ਪੁੱਛਿਆ ਨਾਂ
ਸੁਣ ਕਰਤਾਰੀ ਬੋਲ ਉਸ ਆਇਆ ਮਨ ਠਹਿਰਾਅ।
'ਮੇਰਾ ਨਾਮ ਸੱਜਣ' ਆਖ ਦਿੱਤਾ ਉਸ ਜਵਾਬ
'ਜੇ ਤੇਰਾ ਨਾਮ ਸੱਜਣ ਹੈ' ਕਹਿ ਚੁੱਪ ਹੋਏ ਗੁਰ ਆਪ।
ਸੱਜਣ ਹਿਰਦਾ ਕੰਬਿਆ ਸਾਹਿਬ ਨੂੰ ਚੁੱਪ ਵੇਖ
ਇਕ ਇਕ ਕਰ ਨਦਰੀਂ ਆਏ ਖ਼ੁਦ ਦੇ ਕਾਲ਼ੇ ਲੇਖ।
ਥੋੜ੍ਹੀ ਦੇਰ ਨੂੰ ਬੋਲਿਆ, "ਕਰੋ ਆਰਾਮ ਜਰਾ"
ਬਾਬੇ ਕਿਹਾ, "ਕਰ ਲਈਏ ਪਹਿਲੋਂ ਸਿਫ਼ਤ ਖ਼ੁਦਾ।
ਸੌਂ ਜਾਵਾਂਗੇ ਸੱਜਣਾ ਏਨੀ ਕੀ ਘਬਰਾਹਟ ?"
ਸੂਹੀ ਰਾਗ 'ਚ ਕੰਬੀਆਂ ਸੁਰਾਂ ਤਦੋਂ ਰਬਾਬ
ਮੁੱਖੋਂ ਮਿੱਠੀ ਸੁਰ ਵਿਚ ਨਾਨਕ ਸ਼ਬਦ ਉਚਾਰ
ਸੱਜਣ ਨੂੰ ਮੁਖ਼ਾਤਬ ਹੋ ਬੋਲੇ ਬਾਣੀਕਾਰ :

ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ॥
ਧੋਤਿਆ ਜੂਠਿ ਨ ਉਤਰੈ ਜੇ ਸਉ ਧੋਵਾ ਤਿਸੁ॥੧॥
ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨਿ੍॥
ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ॥੧॥ਰਹਾਉ॥
ਕੋਠੇ ਮੰਡਪ ਮਾੜੀਆ ਪਾਸਹੁ ਚਿਤਵੀਆਹਾ॥
ਢਠੀਆ ਕੰਮਿ ਨ ਆਵਨ੍ਹੀ ਵਿਚਹੁ ਸਖਣੀਆਹਾ॥੨॥
ਬਗਾ ਬਗੇ ਕਪੜੇ ਤੀਰਥ ਮੰਝਿ ਵਸੰਨਿ੍॥
ਘੁਟਿ ਘੁਟਿ ਜੀਆ ਖਾਵਣੇ ਬਗੇ ਨਾ ਕਹੀਅਨਿ੍॥੩॥

ਕੰਬਿਆ ਸੱਜਣ ਸੁਣਦਿਆਂ ਬਹਿ ਗਿਆ ਝੱਟ ਧਰਤ
ਭਰੇ ਨੇਤ੍ਰੀਂ ਸਤਗੁਰੂ ਤੱਕਿਆ ਖਾਂਦੇ ਤਰਸ।
ਛਾਂਦਾਰ, ਫਲਦਾਰ ਉੱਚਾ ਹੁੰਦੈ ਸਿੰਬਲ ਰੁੱਖ
ਫਲ ਫੁੱਲ ਫਿੱਕੇ ਬਕਬਕੇ ਪੰਖੀ ਲਾਣ ਨਾ ਮੁੱਖ।
ਅੱਗੋਂ ਫਿਰ ਬੋਲੇ ਗੁਰੂ ਸ਼ਬਦੀ ਕਰ ਵਿਸਤਾਰ
ਚਤੁਰਾਈ ਸਿਆਣਪਾਂ ਤੋਂ ਕਰਦਿਆਂ ਖ਼ਬਰਦਾਰ।



UNISTAR BOOKS PVT LTD.
Unistar Books Pvt Ltd.
UNISTAR BOOKS PVT LTD.

ਸਿੰਮਲ ਰੁਖੁ ਸਰੀਰੁ ਮੈ ਮੈਜਨ ਦੇਖਿ ਭੁਲੰਨਿ੍ ॥
ਸੇ ਫਲ ਕੰਮਿ ਨ ਆਵਨ੍ਹੀ ਤੇ ਗੁਣ ਮੈ ਤਨਿ ਹੰਨਿ੍ ॥੪॥
ਅੰਧੁਲੈ ਭਾਰੁ ਉਠਾਇਆ ਡੂਗਰ ਵਾਟ ਬਹੁਤੁ ॥
ਅਖੀ ਲੋੜੀ ਨਾ ਲਹਾ ਹਉ ਚੜਿ ਲੰਘਾ ਕਿਤੁ ॥੫॥
ਚਾਕਰੀਆ ਚੰਗਿਆਈਆ ਅਵਰ ਸਿਆਣਪ ਕਿਤੁ ॥
ਨਾਨਕ ਨਾਮੁ ਸਮਾਲਿ ਤੂੰ ਬਧਾ ਛੁਟਹਿ ਜਿਤੁ ॥੬॥੧॥੩॥

(**ਗੁਰੂ ਗ੍ਰੰਥ**, ਪੰਨਾ 729)

"ਸੱਜਣ ਨਾਮ ਧਰਾਇਕੇ ਕਰਦੈਂ ਪਾਪ ਅਮਿਤ
ਕੈਂਹ ਵਾਂਗੂੰ ਤੂੰ ਚਿਲਕਦੈਂ ਅੰਦਰ ਕਾਲੀ ਮਸ।
ਪਾ ਕੇ ਬੱਗੇ ਕੱਪੜੇ ਨਿੱਤ ਕਰੇ ਜੀਅ ਮਾਰ
ਮਨ ਦੀ ਪਤਰੀ ਵਾਚਣੀ ਸਭ ਦੀ ਸਿਰਜਣਹਾਰ।
ਸੱਜਣ! ਬੇੜਾ ਜ਼ਰਜ਼ਰਾ ਨਾਮ ਦੀ ਕਰ ਸੰਭਾਲ਼
ਰਹਿ ਜੂ ਧਰਾ ਧਰਾਇਆ ਜਾਣਾ ਕੁਝ ਨਾ ਨਾਲ਼"।
ਮਹਾਂਪੁਰਖਾਂ ਦੇ ਬੋਲ ਸੁਣ ਖਾ ਕੇ ਸ਼ਬਦੀ ਬਾਣ
ਕੀਤੀਆਂ ਕਰਨੀਆਂ ਯਾਦ ਕਰ ਲੱਗਾ ਉਹ ਪਛਤਾਣ।
ਤੋਬਾ ਕਰ ਗੁਨਾਹੋਂ ਉਸ ਬੈਠ ਗੁਰੂ ਦੀ ਸ਼ਰਨ
ਪਛਤਾਵੇ ਦੇ ਹੰਝੂਆਂ ਸੰਗ ਧੋਤੇ ਕੰਵਲ ਚਰਨ।
ਸੱਜਣ ਸੱਚੇ ਮਨ ਤੋਂ ਕਰਕੇ ਪੱਛੋਤਾਵ
ਕੀਤੇ ਸਭ ਕਬੂਲ ਪਾਪ ਦਿਲ 'ਤੇ ਖਾ ਕੇ ਘਾਵ।
ਨਾਨਕ ਸਾਹਵੇਂ ਰੱਖਿਆ ਲੁੱਟ ਦਾ ਸਾਰਾ ਮਾਲ
ਕੀਤਾ ਮਾਲਾਮਾਲ ਗੁਰ 'ਨਾਮ ਧਨ' ਦੇ ਨਾਲ਼।
'ਜੀਅ-ਬਧ' ਦੀ ਥਾਂ ਬਣੀ ਧਰਮਸ਼ਾਲ ਜੀਅ-ਦਾਨ
ਚੀਕ ਚਿਹਾੜੇ ਦੀ ਜਗ੍ਹਾ ਜਸ ਕੀਰਤ ਬਖਯਾਨ।
ਵਿਚ ਗ਼ਰੀਬਾਂ ਗੁਰਬਿਆਂ ਮਾਲ ਦਿੱਤਾ ਸਭ ਵੰਡ
ਬਣਿਆ ਧਰਮੀ ਜੀਊੜਾ ਦੇ ਅਧਰਮ ਨੂੰ ਕੰਡ।
ਪੂਰੇ ਗੁਰ ਨੂੰ ਮਿਲਣ ਤੋਂ ਪਹਿਲੋਂ ਸੀ ਕੰਗਾਲ
ਕੱਚ ਤੋਂ ਕੰਚਨ ਹੋਇਆ ਛੋਹ ਗੁਰ ਪਾਰਸ ਨਾਲ਼।
ਬਖ਼ਸ਼ਿਆ ਬਾਬੇ ਸੱਜਣ ਨੂੰ ਨਾਮ, ਦਾਨ, ਇਸ਼ਨਾਨ
ਪਰਉਪਕਾਰੀ ਸਤਗੁਰੂ ਵਧੇ ਵੱਲ ਮੁਲਤਾਨ।
ਸਮਾਂ ਪੈ ਕੇ ਨਾਨਕ ਦੇ ਬਿਰਾਜਣ ਵਾਲਾ ਥਾਂਵ
ਗੁਰਦੁਆਰਾ ਮਖ਼ਦੂਮਪੁਰ ਪਹੋੜਾਂ ਸੋਹੇ ਗੁਰ ਅਸਥਾਨ।


UNISTAR BOOKS PVT LTD.
Unistar Books Pvt Ltd.

## ਮੁਲਤਾਨ

ਪੀਰ ਫ਼ਕੀਰਾਂ ਸੰਗ ਭਰਿਆ ਸੁੰਦਰ ਸ਼ਹਿਰ ਮਹਾਨ
ਕਲਤਾਰਕ ਨਾਨਕ ਗੁਰ ਪੁੱਜੇ ਆ ਮੁਲਤਾਨ।
ਪਿਆਲਾ ਨੱਕੋ-ਨੱਕ ਭਰ ਪੀਰਾਂ ਕੀਤਾ ਪੇਸ਼
ਦੱਸਣਾ ਸੀ ਇਥੇ ਪਹਿਲੋਂ ਹੀ ਕਾਫ਼ੀ ਨੇ ਦਰਵੇਸ਼!
ਭਰੇ ਪਿਆਲੇ ਦੁੱਧ ਤੇ ਫੁੱਲ ਚੰਬੇਲੀ ਰੱਖ
ਅਸਲ ਅਰਥ ਦਰਵੇਸ਼ ਦੇ ਦਿੱਤੇ ਨਾਨਕ ਦੱਸ।
ਰੱਬ ਦੇ ਫ਼ੱਕਰ ਹੋਂਵਦੇ ਵਾਂਗ ਚੰਬੇਲੀ ਫੁੱਲ
ਖ਼ੁਸ਼ਬੂ ਬਣ ਕੇ ਵਿਚਰਦੇ ਹੋ ਕੇ ਹਲਕੇ ਫੁੱਲ!
ਬਾਹਰੋਂ ਉੱਠ ਕੇ ਸਤਗੁਰੂ ਸ਼ਹਿਰ 'ਚ ਪੁੱਜੇ ਖ਼ਾਸ
ਬਹਾਉ-ਉਦ-ਦੀਨ ਜ਼ਕਰੀਆ ਦੇ ਮਜ਼ਾਰ ਦੇ ਪਾਸ।
ਸੂਫ਼ੀ ਫ਼ਿਰਕਾ ਸੁਹਰਾਵਰਦੀ, ਗੱਦੀ ਜਾਨਸ਼ੀਨ
ਨਾਨਕ ਨੂੰ ਮਿਲਣ ਆਇ ਪੀਰ ਬਹਾ-ਉਦ-ਦੀਨ।
ਚਰਚਾ ਹੋਈ ਧਰਮ ਦੀ ਦੋਹਾਂ ਦੇ ਵਿਚਕਾਰ
ਇਲਮ ਰੂਹਾਨੀ ਉਸ ਦੀ ਸੂਝ 'ਚ ਸੀ ਸ਼ੁਮਾਰ।

## ਉੱਚ ਸ਼ਰੀਫ਼

ਉੱਚ ਨਗਰ ਵਿਚ ਪੁੱਜ ਕੇ ਕੀਤਾ ਗੁਰਾਂ ਪੜਾਅ
ਸ਼ੇਖ ਹਾਜ਼ੀ ਅਬਦੁਲ ਬੁਖਾਰੀ ਪਾਸ ਕੀਤਾ ਠਹਿਰਾਅ।
ਖ਼ੁਸ਼ੀ ਹੋਈ ਹਾਜ਼ੀ ਮਿਲ ਕੇ ਕੀਤੇ ਬਚਨ ਬਿਲਾਸ
ਬਚਨ ਕਰਨ ਮਗਰੋਂ ਦੱਸੀ ਮਨ ਦੀ ਬਿਰਥਾ ਖ਼ਾਸ।
"ਚੰਗਾ ਹੁੰਦਾ ਕੁਝ ਦਿਨ ਜੋ ਬੀਤਦੇ ਤੁਹਾਡੇ ਨਾਲ਼
ਹੁਣ ਤਾਂ ਹੱਜ ਨੂੰ ਜਾਣ ਦੀ ਤਿਆਰੀ ਵਿਚ ਦਾਤਾਰ।"
"ਅਸੀਂ ਵੀ ਮੱਕੇ ਜਾਣ ਲਈ ਹੋ ਕੇ ਆਏ ਦਾਤਾਰ
ਚੰਗਾ ਹੋਇਆ, ਚੱਲਾਂਗੇ ਅਸੀਂ ਤੁਸਾਂ ਦੇ ਨਾਲ਼।"
ਸੁਣ ਕੇ ਗੱਲ ਦਾਤਾਰ ਦੀ ਉਸ ਹੋਈ ਖ਼ੁਸ਼ੀ ਅਪਾਰ
ਪੁੱਛਿਆ ਫਿਰ ਮਖਦੂਮ ਨੇ ਨਾਨਕ ਜੀ ਤੋਂ ਸੁਆਲ।
"ਬਾਰ ਬਾਰ ਸਮਝਾਇਆ ਮਨ ਇਹ ਬੜਾ ਨਾਦਾਨ
ਮਨ 'ਚੋਂ ਮੋਹ ਨਹੀਂ ਜਾਂਵਦਾ ਮੁੜ ਮੁੜ ਜੁੜੇ ਮੁਕਾਮ।"
"ਖਾਨ ਮਲੂਕਾ ਛੱਡ ਗਏ ਜਦ ਮਜ਼ਬੂਤ ਮੁਕਾਮ।"
ਬਾਬੇ ਕਿਹਾ, "ਭਲੇ ਲੋਕਾਂ ਦੀ ਸੁਹਬਤ ਕਰੀਏ ਆਣ।"
ਬਾਣੀ ਆਈ ਧੁਰ ਤੋਂ ਛੇੜੀ ਦਾਨੇ ਰਬਾਬ

UNISTAR BOOKS PVT LTD.
Unistar Books Pvt
Unistar Books Pvt Ltd.
UNISTAR BOOKS PVT LTD.

UNISTAR BOOKS PVT LTD.

ਸਤਗੁਰ ਸ਼ਬਦ ਅਲਾਪਿਆ ਪ੍ਰਮੁੱਖ ਰਾਗ ਸਿਰੀ ਰਾਗ।

ਮੁਕਾਮੁ ਕਰਿ ਘਰਿ ਬੈਸਣਾ ਨਿਤ ਚਲਣੈ ਕੀ ਧੋਖ॥
ਮੁਕਾਮੁ ਤਾ ਪਰੁ ਜਾਣੀਐ ਜਾ ਰਹੈ ਨਿਹਚਲੁ ਲੋਕ॥੧॥
ਦੁਨੀਆ ਕੈਸਿ ਮੁਕਾਮੇ॥
ਕਰਿ ਸਿਦਕੁ ਕਰਣੀ ਖਰਚੁ ਬਾਧਹੁ ਲਾਗਿ ਰਹੁ ਨਾਮੇ॥੧॥ ਰਹਾਉ॥
ਜੋਗੀ ਤ ਆਸਣੁ ਕਰਿ ਬਹੈ ਮੁਲਾ ਬਹੈ ਮੁਕਾਮਿ॥
ਪੰਡਿਤ ਵਖਾਣਹਿ ਪੋਥੀਆ ਸਿਧ ਬਹਹਿ ਦੇਵ ਸਥਾਨਿ॥੨॥
ਸੁਰ ਸਿਧ ਗਣ ਗੰਧਰਬ ਮੁਨਿ ਜਨ ਸੇਖ ਪੀਰ ਸਲਾਰ॥
ਦਰਿ ਕੂਚ ਕੂਚਾ ਕਰਿ ਗਏ ਅਵਰੇ ਭਿ ਚਲਣਹਾਰ॥੩॥
ਸੁਲਤਾਨ ਖਾਨ ਮਲੂਕ ਉਮਰੇ ਗਏ ਕਰਿ ਕਰਿ ਕੂਚੁ॥
ਘੜੀ ਮੁਹਤਿ ਕਿ ਚਲਣਾ ਦਿਲ ਸਮਝੁ ਤੂੰ ਭਿ ਪਹੂਚੁ॥੪॥
ਸਬਦਾਹ ਮਾਹਿ ਵਖਾਣੀਐ ਵਿਰਲਾ ਤ ਬੂਝੈ ਕੋਇ॥
ਨਾਨਕੁ ਵਖਾਣੈ ਬੇਨਤੀ ਜਲਿ ਥਲਿ ਮਹੀਅਲਿ ਸੋਇ॥੫॥
ਅਲਾਹੁ ਅਲਖੁ ਅਗੰਮੁ ਕਾਦਰੁ ਕਰਣਹਾਰੁ ਕਰੀਮੁ॥
ਸਭ ਦੁਨੀ ਆਵਣ ਜਾਵਣੀ ਮੁਕਾਮੁ ਏਕੁ ਰਹੀਮੁ॥੬॥
ਮੁਕਾਮੁ ਤਿਸ ਨੋ ਆਖੀਐ ਜਿਸੁ ਸਿਸਿ ਨ ਹੋਵੀ ਲੇਖੁ॥
ਅਸਮਾਨੁ ਧਰਤੀ ਚਲਸੀ ਮੁਕਾਮੁ ਓਹੀ ਏਕੁ॥੭॥
ਦਿਨ ਰਵਿ ਚਲੈ ਨਿਸਿ ਸਸਿ ਚਲੈ ਤਾਰਿਕਾ ਲਖ ਪਲੋਇ॥
ਮੁਕਾਮੁ ਓਹੀ ਏਕੁ ਹੈ ਨਾਨਕਾ ਸਚੁ ਬੁਗੋਇ॥੮॥੧੭॥

(**ਗੁਰੂ ਗ੍ਰੰਥ**, ਪੰਨਾ 63)

ਮੁਕਾਮ ਦੇ ਸੰਗ ਜੁੜਨ ਦੀ ਜੋ ਨਾਨਕ ਦਿੱਤੀ ਸਾਰ
ਸੁਣ ਮਖਦੂਮ ਨਿਹਾਲ ਹੋਏ ਬਚਨ ਗੁਰੂ ਰਿਦ ਧਾਰ।
ਦਾੜ੍ਹੀ ਸਿਰ ਤੇ ਕੇਸ ਰੱਖਣ ਇਥੋਂ ਦੇ ਦਰਵੇਸ਼
ਢਿੱਲੀ ਪਗੜੀ ਵਿਚਦੀ ਬਾਹਰ ਖੁੱਲ੍ਹੇ ਛੱਡ ਕੇਸ।
ਪੀਰਾਂ ਲਈ ਇਹ ਮਿਲਨ ਦੀ ਸੀ ਡੂੰਘੀ ਸਾਂਝ ਅਪਾਰ
'ਗੁਰਦੁਆਰਾ ਥੜਾ ਸਾਹਿਬ' ਬਣਿਆ ਵਿਚ ਸਤਿਕਾਰ।
ਯਾਦਗਾਰਾਂ ਪੰਜ ਗੁਰੂ ਸਾਹਿਬ ਸਾਂਭੀਆਂ ਉੱਚ ਸਥਾਨ
ਗੁਰਜ, ਬੈਰਾਗਨ, ਪੱਥਰ ਦੇ ਦੋ ਕੜੇ ਪਏ ਇਸ ਧਾਮ।
ਨਾਨਕ ਦੀਆਂ ਖੜਾਵਾਂ ਤੇ ਇਕ ਕਿਸ਼ਤੀ ਬਹੁੰ ਮੁੱਲਵਾਨ
ਉੱਚ ਸ਼ਖ਼ਸੀਅਤ ਸਤਗੁਰੂ ਦੀ ਸਿੱਖਿਆ ਦਾ ਪਰਮਾਣ।
ਸੁਣਿਐ, ਇਸ ਕਿਸ਼ਤੀ ਬਾਰੇ ਇਕ ਮਨੌਤ ਅਨੁਸਾਰ
ਚਹੁੰ ਕੋਨਿਆਂ ਬਹਿ ਪੀਰਾਂ ਪੰਚਨਦ ਸੀ ਕੀਤਾ ਪਾਰ।



UNISTAR BOOKS PVT LTD.

ਨਾਨਕ, ਮਸਤ ਕਲੰਦਰ, ਮਖਦੂਮ, ਬਹਾ-ਉਦ-ਦੀਨ ਪੀਰ
ਸ਼ਾਹਾਂ-ਨੇ-ਸ਼ਾਹ ਮਾਲਕ ਦੇ ਇਹ ਸਨ ਮਸਤ ਫ਼ਕੀਰ।
ਜੀਵਨ ਰਾਹ ਦਰਸਾਉਂਦੇ ਗੁਰੂ ਨਾਨਕ ਪਾਤਸ਼ਾਹ
ਉੱਚ ਸ਼ਰੀਫ਼ ਤੋਂ ਬੇੜੀ ਬਹਿ ਸੱਖਰ ਪੁੱਜੇ ਆ।
ਇਥੇ ਵੱਖ ਮਖ਼ਦੂਮ ਹੋ ਕਰ ਸਲਾਮ ਦੁਆ
ਕੁਝ ਮੁਰੀਦਾਂ ਨਾਲ਼ ਪਏ ਸ਼ਿਕਾਰਪੁਰ ਦੇ ਰਾਹ।

## ਸੱਖਰ

ਰੋਹੜੀ, ਸੱਖਰ ਨੂੰ ਮਿਲਾਂਦੇ ਇਥੇ ਸਿੰਧ ਦਰਿਆ
ਪਾਤਸ਼ਾਹ ਪੁਲ ਪਾਰ ਕਰ ਗਏ ਸੱਜੇ ਕੰਢੇ ਆ।
ਟਾਪੂਨੁਮਾ ਧਰਤ ਇਹ ਜੰਗਲ ਬੀਆਬਾਨ
ਸਾਧੂ ਜਨ ਤਪੱਸਵੀ ਬਹਿ ਕੇ ਕਰਦੇ ਧਿਆਨ।
ਸੱਜੇ ਹੱਥ ਥੋੜ੍ਹੀ ਕੁ ਦੂਰ ਮਰਦਾਨੇ ਦੇ ਨਾਲ਼
ਸੱਖਰ ਦੇ ਵਿਚ ਜਾਇਕੇ ਡੇਰਾ ਕੀਤਾ ਦਾਤਾਰ।
ਜਿੰਦ ਪੀਰ ਦੀ ਮਾਨਤਾ ਸੀ ਏਸ ਇਲਾਕੇ ਵਿਚ
ਆਇਆ ਕਰਨੇ ਗੋਸ਼ਟੀ ਅੰਦਰ ਪਈ ਖਿੱਚ।
ਦਿਲ ਵਿਚੀਂ ਘਰ ਕਰ ਗਏ ਨਾਨਕ ਦੇ ਵੀਚਾਰ
ਨਾਨਕ ਦਾ ਸਿੱਖ ਬਣ ਗਿਆ ਅੰਦਰ ਖ਼ੁਦੀ ਨੂੰ ਮਾਰ।
ਸਿੱਖੀ ਦੇ ਪ੍ਰਚਾਰ ਲਈ ਥਾਪੜਾ ਦੇਇ ਦਾਤਾਰ
ਅਗਲੇ ਲਕਸ਼ ਦੀ ਪੂਰਤੀ ਲਈ ਨਾਨਕ ਹੋਏ ਤੱਯਾਰ।
ਜਿਥੇ ਬੈਠ ਸੀ ਕੀਤਾ ਗੁਰ ਨਾਮ ਬਾਣੀ ਵਖਿਆਨ
'ਗੁਰਦੁਆਰਾ ਪਹਿਲੀ ਪਾਤਸ਼ਾਹੀ ਜਿੰਦ ਪੀਰ' ਸੁਭਾਇਮਾਨ।
ਦੇਣ ਹਵਾਲਾ ਭਾਈ ਗੁਰਦਾਸ ਵਿਚ ਆਪਣੀ ਵਾਰ
'ਹਿੰਦ ਪੀਰ ਅਬਿਨਾਸ਼ੀ' ਲਿਖ ਦਿੱਤਾ ਉਸ ਸਤਿਕਾਰ।
ਇਥੋਂ ਭੱਖਰ ਵਿਚ ਦੀ ਕਰਕੇ ਬੇੜੀ ਪਾਰ
ਸਾਧ ਬੇਲਾ ਦੇ ਜੰਗਲੀਂ ਪੁੱਜੇ ਤਾਰਨ-ਹਾਰ।

## ਸਾਧ ਬੇਲਾ

ਸਾਧ ਬੇਲਾ ਦੋਹੀਂ ਤਰਫ਼ ਵੱਗੇ ਸਿੰਧ ਦਰਿਆ
ਬੋਹੜ ਦੇ ਇਕ ਰੁੱਖ ਹੇਠ ਬਾਬਾ ਬੈਠਾ ਜਾ।
ਇਕ ਮੁਜਾਵਰ ਖਿਜ਼ਰ-ਖੁਆਜਾ ਸਾਹਿਬ ਦਾ ਸੁਣ ਆਣ
ਨਾਨਕ ਸ਼ਰਨੀ ਆਇਕੇ ਕੀਤੀ ਦੁਆ-ਸਲਾਮ।

UNISTAR BOOKS PVT LTD.
Unistar Books Pvt Ltd.
Unistar Books Pvt Ltd.
UNISTAR BOOKS PVT LTD.

ਆਖਿਆ, "ਸਿੰਧ ਦਰਿਆ ਵਿਚ ਜਦ ਹੜ੍ਹ ਜਾਂਦੇ ਆ
ਕਰਦੇ ਨੇ ਨੁਕਸਾਨ ਬਹੁਤ ਜਿੰਮੀਂ ਖੋਰਾ ਲਾ।"
ਸੁਣ ਮੁਜੱਵਰ ਬੇਨਤੀ ਕਿਰਪਾਨਿਧ ਨਿਧਾਨ
ਸੇਵਕ ਕੀਤਾ ਭੈ ਮੁਕਤ ਕਰ ਮੁਸ਼ਕਿਲ ਨਿਦਾਨ।
ਕੁਝ ਫ਼ਕੀਰਾਂ ਨਾਲ਼ ਗੁਰ ਕੀਤੀ ਚਰਚਾ ਵੀਚਾਰ
ਬੰਨ੍ਹੀ ਪੱਲੇ ਉਨ੍ਹਾਂ ਨੇ ਬਾਬੇ ਦੀ ਮਤ ਸਾਰ।
'ਗੁਰਦੁਆਰਾ ਸਾਧ ਬੇਲਾ' ਬਣਿਆ ਯਾਦ ਸਥਾਨ
ਦੇਰ ਸਮਾਂ ਕੀਤੀ ਸੇਵਾ ਐ ਉਦਾਸੀਆਂ ਨੇ ਆਣ।
ਦਿਸ ਆਉਂਦਾ ਜੋ ਸ਼ਬਦ ਇਕ ਉਕਰਿਆ ਮੁੱਖ ਦੁਆਰ
ਸਿਰੀ ਰਾਗ ਦੇ ਆਦਿ ਵਿਚ ਲਿਖਿਆ ਹੈ ਦਾਤਾਰ।
ਜੋੜ ਮੇਲਾ ਇਕ ਭਰਦਾ, ਸੀ ਸਾਲਾਨਾ ਆਣ
ਦੇਖ ਰੇਖ ਅੱਜ ਕੱਲ੍ਹ ਕਰੇ ਵਕਫ਼ ਬੋਰਡ ਪਾਕਿਸਤਾਨ।
ਕੋਰੀ ਨਦੀ ਨੂੰ ਪਾਰ ਕਰ ਬਸਤਾ ਬੰਦਰ ਪੁੱਜ
ਮੌਜੂਦਾ ਲਖਪਤ ਨਗਰ ਦੇ ਵਿਚ ਜ਼ਿਲ੍ਹਾ ਜੋ ਭੁੱਜ।

## ਲਖਪਤ ਨਗਰ

ਇਕ ਲੱਖ ਕੋਰੀ ਆਮਦਨ ਸੀ ਹੁੰਦੀ ਇਥੇ ਆਣ
ਸਭਨਾਂ ਪਾਸੋਂ ਬੇੜੀਆਂ 'ਤੇ ਲੰਘਦਾ ਸੀਗਾ ਸਾਮਾਨ।
ਲੋਕਾਂ ਵਿਚ ਇਸੇ ਕਰਕੇ ਲਖਪਤ ਪੈ ਗਿਆ ਨਾਮ
ਸ਼ਹੁ ਸਮੁੰਦਰ ਤਾਰਦੇ ਬਾਬਾ ਪੁੱਜੇ ਇਸ ਥਾਂਵ।
ਵੱਡਾ ਗੁਰਦੁਆਰਾ ਇਕ ਵਿਚ ਨਾਨਕ ਦੀ ਯਾਦ
ਨਾਨਕਸਰ ਨਾਂ ਦਾ ਸਰੋਵਰ ਨਾਲ਼ ਈ ਐ ਆਬਾਦ।
ਲਖਪਤ ਤੋਂ ਬਾਬਾ ਚੱਲ ਕੇ ਕੁਰਿਆਨੀ ਗਏ ਆ
ਬਣਿਆ ਇਕ ਸਰੋਵਰ ਬੈਠੇ ਜਿਥੇ ਪਾਤਸ਼ਾਹ।
ਕੋਟੇਸ਼ਵਰ ਨਰਾਇਨਾ ਸੁਆਮੀ ਮੰਦਰ ਦੇਖ ਦਿਖਾ
ਬੇੜੀ ਰਾਹੀਂ ਪੁੱਜੇ ਸੋਨ ਮਿਆਨੀ ਬੰਦਰਗਾਹ।
ਮਿਆਨੀ ਤੋਂ ਫਿਰ ਹਿੰਙਲਾਜ ਬਹੁਤਾ ਨਹੀਂ ਸੀ ਦੂਰ
ਦਰਿਆ ਕੰਢੇ ਨੇੜ ਪਹਾੜੀ ਪੁੱਜੇ ਜਾ ਹਜ਼ੂਰ।
ਦੋਨੋਂ ਰੂਹਾਂ ਪੁੱਜੀਆਂ ਹਿੰਙਲਾਜ ਮੰਦਰ ਦੇ ਪਾਸ
ਪਹਿਨਿਆ ਸੀ ਦੋਹਾਂ ਤਦੋਂ ਹਾਜ਼ੀਆਂ ਜੇਹਾ ਲਿਬਾਸ।
ਮੰਦਰ ਨੇੜੇ ਬਹਿ ਦੋਹਾਂ ਕੀਤਾ ਕੀਰਤਨ ਗੁਣਗਾਨ
ਮੰਦਰ ਦੇ ਸਾਧੂ ਪੁਜਾਰੀ 'ਕੱਠੇ ਹੋਏ ਆਣ।



UNISTAR BOOKS PVT LTD.

ਤੱਕਿਆ ਜਦੋਂ ਸਾਧੂਆਂ ਅਜਬ ਦੋਹਾਂ ਲਿਬਾਸ
ਜਾਣ ਨਾ ਸਕੇ ਤੁਰਕ ਹਨ ਜਾਂ ਫਿਰ ਹਿੰਦੂ ਖ਼ਾਸ।
ਪੁੱਛਿਆ ਉਨ੍ਹਾਂ ਗੁਰਾਂ ਨੂੰ ਕੌਣ ਮਜ਼ਹਬ ਕਿਸ ਜਾਤ
ਨਾਨਕ ਕਿਹਾ, "ਸ਼ੁਭ ਅਮਲ ਹਨ ਮੇਰੀ ਜਾਤ ਸਿਫ਼ਾਤ"।
ਹੇ ਪਰਮੇਸ਼ਰ ਪਿਆਰੇ! ਤੇਰਾ ਕਓਿਨ ਭੇਖ ਖ਼ਾਨਪਾਨ
ਬਾਬੇ ਸ਼ਬਦ ਉਚਾਰਿਆ ਤਦ ਮਿੱਠੀ ਸਰਲ ਜ਼ੁਬਾਨ:

ਸਚੁ ਵਰਤੁ ਸੰਤੋਖੁ ਤੀਰਥੁ ਗਿਆਨੁ ਧਿਆਨੁ ਇਸਨਾਨੁ॥
ਦਇਆ ਦੇਵਤਾ ਖਿਮਾ ਜਪਮਾਲੀ ਤੇ ਮਾਣਸ ਪਰਧਾਨ।
ਜੁਗਤਿ ਧੋਤੀ ਸੁਰਤਿ ਚਉਕਾ ਤਿਲਕੁ ਕਰਣੀ ਹੋਇ॥
ਭਾਉ ਭੋਜਨੁ ਨਾਨਕਾ ਵਿਰਲਾ ਤ ਕੋਈ ਕੋਇ॥੧॥ (**ਗੁਰੂ ਗ੍ਰੰਥ**, ਪੰਨਾ 1245)

ਬਚਨ ਸੁਣ ਸਤਗੁਰਾਂ ਦੇ ਲੋਕੀਂ ਹੋਏ ਨਿਹਾਲ
ਬਾਬੇ ਲਈ ਤਾਂ ਵਰਨ ਜਾਤ ਸੀ ਸਭੇ ਸਾਂਝੀਵਾਲ।
ਸਤਿ ਵਰਤ ਸੰਤੋਖ ਤੀਰਥ ਪਾ ਕੇ ਸੋਝੀ ਸਾਰ
ਵੈਸ਼ਨਵਾਂ ਹਿੰਙਲਾਜ ਦਿਆਂ ਕੀਤੀ ਜੈ-ਜੈਕਾਰ।
ਸਿੱਖੀ ਧਾਰੀ ਨਾਨਕ ਦੀ ਸ਼ੰਕਿਆਂ ਨੂੰ ਨਿਵਾਰ
ਨਾਨਕ-ਪੰਥੀ ਭਏ ਸਭ ਨਾਮ ਬਾਣੀ ਰਿਦ ਧਾਰ।
ਰੱਖ ਖੜਾਵਾਂ ਅਦਬ ਵਿਚ ਨਾਨਕ ਜੀ ਦੀ ਯਾਦ
ਪੂਰੇ ਸਿੰਧ 'ਚ ਨਾਨਕ ਦੀ ਸਿੱਖੀ ਹੋਈ ਆਬਾਦ।
ਬੈਠੇ ਸੀ ਜਿਥੇ ਨਾਨਕ ਨੇੜੇ ਮੰਦਰ ਹਿੰਙਲਾਜ
ਗੁਰਦੁਆਰਾ ਸਾਹਿਬ ਸੋਹੇ ਵਿਚ ਬਾਬੇ ਦੀ ਯਾਦ।
ਲੋਕਾਂ ਹਿਰਦੇ ਹਿੰਙਲਾਜ ਚਾੜ੍ਹ ਕੇ ਨਾਮ ਦੀ ਪਾਹ
ਹਾਜ਼ੀਆਂ ਦੇ ਸੰਗ ਜਾ ਰਲ਼ੇ ਨਾਲ਼ ਰਬਾਬੀ ਆ।

ਸੋਨ ਮਿਆਨੀ ਬੰਦਰਗਾਹ ਤੋਂ ਬਹਿ ਕੇ ਵਿਚ ਜਹਾਜ਼
ਨਾਲ਼ ਰਬਾਬੀ ਅਦਨ ਵਿਖੇ ਕੁਝ ਚਿਰ ਠਹਿਰੇ ਆਪ।
ਸਤਗੁਰ ਦੇ ਸ਼ਰਧਾਲੂਆਂ ਦਾ ਤੱਕ ਹੋਇਆ ਦਿਲ ਸ਼ਾਦ
ਮਸਜਿਦ ਵਲੀ ਹਿੰਦ ਉਸਾਰੀ ਅਦਨ ਵਿਖੇ ਇਕ ਯਾਦ।
ਅਦਨ ਤੋਂ ਅੱਗੇ ਲਾਲ ਸਾਗਰ ਦੀ ਹੁੰਦੀ ਐ ਸ਼ੁਰੂਆਤ
ਅਲ ਅਸਵਦ ਦੀ ਬੰਦਰਗਾਹ ਪੁੱਜੇ ਨੂਰੀ ਬੇਬਾਕ।
ਉੱਤਰ ਸਾਗਰ ਤੱਟ ਦੇਖ ਨੂਰੀ ਮੁੱਖ ਜਮਾਲ
ਸੁਬਹਾਨੱਲਾ! ਆਖਿਆ ਹਾਜ਼ੀਆਂ ਦੇਖ ਜਲਾਲ।
ਸ਼ਹਿਰੋਂ ਬਾਹਰ ਹਵਾ ਦਾ ਮਕਬਰਾ ਜੋ ਖ਼ਾਸ
ਥੋੜ੍ਹੀ ਦੇਰ ਆ ਰੁਕੇ ਗੁਰੂ ਗਰੀਬ ਨਿਵਾਜ।



UNISTAR BOOKS PVT LTD
Unistar Books Pvt
Unistar Books Pvt Ltd.
UNISTAR BOOKS PVT LTD

ਤੱਕ ਪੁਰਾਤਨ ਮਸਜਿਦਾਂ ਦੇ ਉੱਚੇ ਮੀਨਾਰ
ਮਰਦਾਨੇ ਮਨ ਉੱਛਲਿਆ ਬੇੜਾ ਦੇਖ ਅਪਾਰ।
ਜਾ ਰਹੇ ਸੀ ਨਾਨਕ ਸੰਗ ਰਬਾਬੀ ਨੀਲ ਲਿਬਾਸ
ਸੱਜੇ ਹੱਥ ਲੋਟਾ ਖੱਬੇ ਪਾਣੀ ਕੂਜਾ ਸਾਥ।
ਥੈਲਾ ਮੋਢੇ ਲਮਕਦਾ ਵਿਚ ਸੀ ਪੋਥੀ ਕਿਤਾਬ
ਨਾਲ਼ੇ ਉਸ ਵਿਚ ਪਈ ਸੀ ਸਾਹਿਬ ਕਲਮ ਦਵਾਤ।
ਸੀ ਮੁਸੱਲਾ ਕੱਛ ਵਿਚ ਜਿਤ ਬਹਿ ਕੇ ਪੜ੍ਹਨ ਨਮਾਜ਼
ਏਦਾਂ ਦਾ ਪਹਿਰਾਵਾ ਵਾਰ 'ਚ ਲਿਖਿਐ ਭਾਈ ਗੁਰਦਾਸ।

ਤੱਕਿਆ ਦਾਨੇ ਕਾਫ਼ਲਿਆਂ ਵਿਚ ਹਾਜ਼ੀ ਰਹੇ ਸੀ ਤੁਰ
ਨਾਲ਼ ਥਕਾਨ ਦੇ ਮਸੇਂ ਹੀ ਪੈਰ ਰਹੇ ਸੀ ਮੁੜ।
ਆਇਤਾਂ ਪਾਕ ਕੁਰਾਨ ਦੀਆਂ ਹਾਜੀ ਪੜ੍ਹਦੇ ਜਾਣ
ਬੋਤਿਆਂ ਦੇ ਗਲ਼ ਟੱਲੀਆਂ ਸਮਾਂ ਬੰਨ੍ਹਦੀਆਂ ਜਾਣ।
ਮੱਕੇ ਵੱਲ ਸੀ ਜਾ ਰਹੇ ਸਾਦਕ ਸਿਦਕ ਪਾਲ਼
ਵਿਚ ਕਾਫ਼ਲੇ ਜਾ ਰਲ਼ੇ ਬਾਬਾ ਮਰਦਾਨੇ ਨਾਲ਼।
ਹਾਜ਼ੀਆਂ ਵਾਲ਼ੇ ਰੂਪ ਵਿਚ ਜਾ ਰਿਹਾ ਸੀ ਜ਼ਾਹਰਾ ਪੀਰ
ਨਾਨਕ ਤੋਂ ਕੁਝ ਵੱਖ ਹੋ ਲੱਗੇ ਤੁਰਨ ਫ਼ਕੀਰ।
ਜਨਮ ਸਾਖੀ ਵਿਚ ਲਿਖਿਆ ਬਿਨ ਨਿਸ਼ਚਿਤ ਕਰ ਸਥਾਨ
ਮਿਸਰ ਦੇ ਇਕ ਪੀਰ ਦੀ ਸਾਖੀ ਕਰੇ ਬਿਆਨ।
ਵਿਚ ਕਾਫ਼ਲੇ ਤੁਰਦਿਆਂ ਮਿਲਿਆ ਇਕ ਫ਼ਕੀਰ
ਸ਼ਾਹ ਸ਼ਰਫ਼ ਸੀ ਜਾ ਰਿਹਾ ਮਨ 'ਚ ਰੱਖੀ ਧੀਰ।
ਰੱਖ ਕੇ ਹੱਥੋਂ ਪੋਟਲ਼ੀ ਪੁੱਛਿਆ ਨਾਲ਼ ਈਮਾਨ
'ਕਿਸ ਧਰਮ 'ਚੋਂ ਹੋ ਤੁਸੀਂ ਹਿੰਦੂ ਕਿ ਮੁਸਲਮਾਨ ?'
ਨਾਨਕ ਬੋਲੇ, "ਇਕ ਮਿੱਟੀ ਤੋਂ ਗੋਏ ਸਭ ਇਨਸਾਨ
ਇਕ ਅੱਲਾਹ ਦਾ ਰੂਪ ਦੋਇ ਹਿੰਦੂ, ਮੁਸਲਮਾਨ।"
"ਸਿਖ਼ਰ ਫ਼ਕੀਰ ਦੀ ਕੀ ਹੈ ? ਕਿੱਥੋਂ ਸ਼ੁਰੂਆਤ ?"
"ਆਪਾ ਕਰ ਦੇਣਾ ਫ਼ਨਾਹ ਹੀ ਇਸ ਦੀ ਸ਼ੁਰੂਆਤ।"
ਅੱਗੋਂ ਸ਼ਰਫ਼ ਬੋਲਿਆ, "ਸਿਖ਼ਰ ਹੈ ਇਹਦਾ ਕੀ ?"
"ਹੈ ਜਾਣਾ ਅਭੇਦ ਹੈ ਵਿਚ ਫ਼ਕੀਰੀ ਹੀ।"
ਸਿਰ 'ਤੇ ਬੱਦਲ਼ੀ ਜਾ ਰਹੀ ਤੱਕੀ ਜਦ ਫ਼ਕੀਰ
ਮਨ ਹੀ ਮਨ ਡਰਿਆ ਤਦੋਂ ਡਾਢਾ ਹੋ ਅਧੀਰ।
"ਮੱਕੇ ਦੇ ਹੱਜ ਨਾ ਗਿਆ ਕੋਈ ਹਿੰਦੂ ਅਜੇ ਤੀਕ
ਅੱਗੇ ਪਿੱਛੇ ਹੋ ਤੁਰੋ ਨਾਲ਼ ਨਾ ਜਾਣਾ ਠੀਕ।"



UNISTAR BOOKS PVT LTD.
Unistar Books Pvt Ltd.
Pvt Ltd.
Unistar Books Pvt Ltd.
UNISTAR BOOKS PVT LTD.

ਨਿਡਰ ਹੋ ਬਾਬੇ ਕਿਹਾ ਸ਼ਰਧਾ ਸੰਘ ਫ਼ਕੀਰ
"ਭਲਾ ਹੋਵੇ ਜੀ ਤੁਸਾਂ ਦਾ ਅੱਗੇ ਤੁਰੋ ਰਾਹਗੀਰ।"
ਅੱਗੇ ਵੱਲ ਨੂੰ ਤੁਰਦਿਆਂ ਸ਼ਰਫ਼ ਰਹਿ ਗਿਆ ਦੰਗ
ਔਝਲ਼ ਹੋਈ ਬੱਦਲ਼ੀ ਕੋਈ ਨਾ ਫ਼ੱਕਰ ਸੰਗ।
ਭੁੱਜਣ ਲੱਗਾ ਧੁੱਪ ਵਿਚ ਪਿੱਛੇ ਤੱਕਿਆ ਮੁੜ
ਛਾਇਆ ਵਿਚ ਸੀ ਆ ਰਹੇ ਬੱਦਲ਼ੀ ਸਿਰ 'ਤੇ ਗੁਰ।
ਹੱਥ ਮਲ਼ਦਿਆਂ ਸੋਚਿਆ ਛਲ਼ ਗਿਆ ਨੂਰੀ ਯਾਰ
ਝੱਲ ਨਾ ਸਕਿਆ ਜਿਸ ਨੂੰ ਸੀ ਰੱਬੀ ਦੀਦਾਰ।
ਮਿਹਰ, ਮੁਹੱਬਤ ਤੇ ਖ਼ਿਦਮਤ ਨੇੜ ਲਿਆਵਣ ਨੂਰ
ਨਫ਼ਰਤ, ਕੀਨਾ, ਹੁੱਜਤਾਂ ਅੱਲਾਹ ਤੋਂ ਕਰਨ ਦੂਰ।
ਹੋਰ ਵੀ ਸੁਖ਼ਨ ਰਾਹ ਜੋ ਪੀਰਾਂ ਕੀਤੇ ਅਰਜ਼
'ਹਾਜ਼ਰਨਾਮਾ' ਹੇਠ ਸਭ ਜਨਮ ਸਾਖੀ ਵਿਚ ਦਰਜ।
ਬਾਬੇ ਨੂੰ ਹਿੰਦੂ ਸਮਝ ਕਈਆਂ ਪਾਇਆ ਡਰ
'ਅਰਬੀ ਲੋਕ ਖ਼ੁਦਾਈ ਮੋਮਨ' ਵਾਪਸ ਜਾਉ ਮੁੜ।
"ਜਿੱਦਾਂ ਤੁਸੀਂ ਓ ਮੰਨਦੇ ਕਾਅਬਾ 'ਰੱਬ ਦਾ ਘਰ'
ਰੱਬ ਦੇ ਘਰ ਵਿਚ ਜਾਣ ਤੋਂ ਮੈਨੂੰ ਕਾਹਦਾ ਡਰ।"
ਅਗਮ ਖ਼ੁਦਾਈ ਬਾਤਾਂ ਪਾ ਸੱਚ ਦੀ ਛੱਡਦੇ ਛਾਪ
ਬਾਬਾ ਮੱਕੇ ਜਾ ਪੁੱਜੇ ਕਰਦਿਆਂ ਬਚਨ ਬਿਲਾਸ।

## ਮੱਕਾ

ਨਬੀ ਮੁਹੰਮਦ ਆਖਦੇ 'ਬੈਤੁਲਾ' ਜਿਸ ਥਾਂ
ਅਰਬੀ ਬੁੱਤ-ਪ੍ਰਸਤਾਂ ਨੇ ਕਾਅਬਾ ਰੱਖਿਆ ਨਾਂ।
ਬਾਬਾ ਆਦਮ ਸਿਰਜਿਆ ਹੱਥੀਂ ਪਾਕ ਮਕਾਨ
ਹਜ਼ਰਤ ਨੂਹ ਦੇ ਸਮੇਂ ਜੋ ਡਿੱਗਿਆ ਨਾਲ਼ ਤੂਫ਼ਾਨ।
ਨਬੀ ਮੁਹੰਮਦ ਸਾਹਿਬ ਨੇ ਦਿੱਤਾ ਮੁੜ ਉਸਾਰ
ਬੁੱਤ ਸ਼ਿਕਨ ਸਭ ਤੋੜ ਬੁੱਤ ਕਾਅਬਿਓਂ ਕੱਢੇ ਬਾਹਰ।
ਭੂਰੇ ਰੰਗ ਪੱਥਰ ਚੂਨੇ ਦੇ ਨਾਲ ਚਿਣਾਈ ਕਰ
ਦੋ ਫੁੱਟ ਉੱਚੀ ਕੁਰਸੀ ਰੱਖੀ ਕੁਸ਼ਲ ਕਾਰੀਗਰ।
ਚਾਂਦੀ ਦੇ ਫਰੇਮ ਵਿਚ ਜੜਿਆ ਇਹ ਪੱਥਰ
ਪੰਜ ਫੁੱਟ ਉੱਚਾ ਸੰਗ ਅਸਵਦ ਦੂਰੋਂ ਮੱਲੇ ਨਜ਼ਰ।
ਹਜ਼ਰਤ ਇਬਰਾਹੀਮ ਨੇ ਪੱਥਰ ਇਹ ਨਾਯਾਬ
ਕਾਅਬਾ ਦੀ ਦੀਵਾਰ ਵਿਚ ਹੱਥੀਂ ਰੱਖਿਆ ਆਪ।

ਸੋਹਣੀ ਚਾਰਦੀਵਾਰੀ ਵਿਚ ਅੱਲਾਹ ਦਾ ਇਹ ਘਰ
ਖ਼ਾਸ ਮੌਕਿਆਂ 'ਤੇ ਖੁੱਲ੍ਹੇ ਸੋਹਣਾ ਰੱਬੀ ਦਰ।
ਆਇਤਾਂ ਲਿਖੀਆਂ ਏਸ 'ਤੇ ਵਿਚੋਂ ਪਾਕ ਕੁਰਾਨ
ਲਿਹਾਫ਼ ਰੇਸ਼ਮੀ ਬਦਲਦੇ ਜਿਸ ਵਰ੍ਹੇ ਮਗਰੋਂ ਆਣ।
ਸੰਗ ਹਾਜ਼ੀਆਂ ਜਾ ਪੁੱਜੇ ਨਾਨਕ ਏਸ ਸਥਾਨ
ਤੱਕਦਿਆਂ ਸਿੱਖ ਗ਼ੈਰ ਮੱਤ ਕਾਫ਼ਰ ਆਖ ਮੁਕਾਣ!

ਹੱਜ ਹਿਜ਼ਰੀ ਸਾਲ ਦਾ ਆਇਆ ਗਿਆਰਵਾਂ ਮਾਂਹ
ਜੁਲਹਿਜਾ ਨੂੰ ਹੱਜ ਲਈ ਹਾਜੀ ਜੁੜੇ ਆ।
ਮੱਕਾ ਜਦ ਰਹ ਜਾਂਵਦਾ ਸਿਰਫ਼ ਪੜਾਅ ਇਕ
ਨਹਾ ਕੇ ਬੰਨ੍ਹਣ ਇਹਰਾਮ ਹਾਜ਼ੀ ਮਰਯਾਦਾ ਵਿਚ।
ਦੋ ਚਾਦਰਾਂ ਰੱਖਦੇ ਬਸਤਰ ਸਭ ਉਤਾਰ
ਇਕ ਚਾਦਰ ਲੱਕ ਬੰਨ੍ਹਣ ਦੂਜੀ ਆਲ਼-ਦੁਆਲ਼।
ਮੱਕੇ ਵੱਲ ਤੁਰ ਜਾਂਵਦੇ ਹਾਜ਼ੀ ਵਾਹਣੇ ਪੈਰ
ਜਾਂ ਫਿਰ ਲੱਕੜ ਦੀ ਖੜਾਂਵ ਪਾਉਂਦੇ ਨੇ ਵਿਚ ਪੈਰ।
ਗਾਵਣ ਪੈਂਡਾ ਕਰਦਿਆਂ ਹਾਜ਼ੀ ਤਲਬੀਆ ਗੀਤ
ਦਿਲ 'ਚ ਹਾਜ਼ੀ ਰੱਖਦੇ ਪਾਕ ਰਸੂਲ ਪ੍ਰੀਤ।
ਪਾਕ ਨਬੀ ਤੇ ਰੱਖ ਕੇ ਸ਼ਰਧਾ ਸਿਦਕ ਈਮਾਨ
ਮੱਕੇ ਕਾਅਬੇ ਪਾਸ ਪੁੱਜ ਮੁੜ ਕੇ ਕਰਨ 'ਸ਼ਨਾਨ।

ਸੱਤ ਪਰਕਰਮਾ ਕਰਨ ਉਹ ਕਾਅਬੇ ਗਿਰਦੇਵਾਰ
ਤਿੰਨ ਪਰਿਕਰਮਾ ਤੇਜ ਚਾਲ ਬਾਕੀ ਸਹਜੇ ਚਾਰ।
ਹਜ਼ਰੁਲ ਅਸਵਦ ਚੁੰਮਦੇ ਹਰ ਪਰਿਕਰਮਾ ਬਾਅਦ
ਛੋਹਣ ਉਹ ਰੁਕਨਲ ਯਮਾਨ ਸੱਜੇ ਹੱਥ ਦੇ ਨਾਲ਼।
ਪਰਿਕਰਮਾ ਵਿਚ ਪੁੱਜ ਕੇ ਹਜ਼ਰਤ ਅਬਰਾਹੀਮ ਮੁਕਾਮ
ਸ਼ਰਧਾ ਸੰਗ ਜਲ ਪੀਵੰਦੇ ਜਮਜਮ ਖੂਹੀ ਆਣ।
ਇਸ ਮਗਰੋਂ ਫਿਰ ਪੁੱਜਦੇ 'ਸਫ਼ਾ ਮਰੂਤ' ਮੁਕਾਮ
ਕਰਦੇ ਰਲ਼ ਦੁਆ ਫਿਰ ਮਰਵਾ ਸਿਖ਼ਰ 'ਤੇ ਆਣ।
ਏਦਾਂ ਕਈ ਮੁਕਾਮ ਪੁੱਜ ਮੰਗਦੇ ਹੋਏ ਦੁਆ
ਕਾਅਬੇ ਵਾਪਸ ਆ ਸੁਣਨ ਕਾਜ਼ੀ ਤੋਂ ਖ਼ੁਤਬਾ।
ਦਸਵੇਂ ਰੋਜ਼ ਜੁਲਹਿਜ਼ ਦੇ ਪੜ੍ਹ 'ਮੁਜ਼ਦਲਿਫ਼ਾ' ਨਮਾਜ਼
ਸੱਤ ਪੱਥਰ ਨੇ ਸੁੱਟਦੇ 'ਥੰਮ੍ਹ ਸ਼ੈਤਾਨ' ਦੇ ਪਾਸ।
ਇਸ ਮਗਰੋਂ ਹਾਜ਼ੀ ਸਭੇ ਪੁੱਜ 'ਮਿਨਾ' ਅਸਥਾਨ
ਬੱਕਰੇ, ਊਠ ਦੇ ਕੁਰਬਾਨੀ, ਲਾਹੁਣ ਗਲ਼ੋਂ ਇਹਰਾਮ।



UNISTAR BOOKS PVT LTD.
Unistar Books Pvt Ltd.

ਹੱਜ਼ ਕਰਨ ਜੋ ਮੁਸਲਮਾਨ ਪੂਰੀਆਂ ਰਸਮਾਂ ਨਾਲ਼
ਹਾਜ਼ੀ ਅਖਵਾਵਣ ਦੇ ਉਹ ਹੋ ਜਾਂਦੇ ਨੇ ਹੱਕਦਾਰ।

ਨਿਰਭਉ ਨਿਰੰਕਾਰ ਦਾ ਮੰਨਦੇ ਹੋਏ ਆਦੇਸ਼
ਨਾਲ਼ ਹਾਜ਼ੀਆਂ ਕਰ ਗਏ ਕਾਅਬੇ ਵਿਚ ਪਰਵੇਸ਼।
ਤਨ 'ਤੇ ਸੀ ਬਸਤਰ ਗੁਰੂ ਪਹਿਨੇ ਹਾਜ਼ੀਆਂ ਵਾਂਗ
ਇਕ ਹੱਥ ਆਸਾ ਦੂਇ ਕੂਜਾ ਫੜਿਆ ਸੀ ਜਨਾਬ।
ਮੋਢੇ 'ਤੇ ਮੁਸੱਲਾ ਸੁੱਟ ਕੱਛ 'ਚ ਰੱਖ ਕਿਤਾਬ
ਪੈਰਾਂ ਵਿਚ ਪਾਏ ਖੋਸੇ ਹਿਰਦੇ ਮਾਲਕ ਯਾਦ।
ਅੰਤਿਮ ਰਾਤੀ ਹੱਜ਼ ਦੀ ਸ਼ੇਰ ਮਰਦ ਇਕ ਗ਼ੈਰ
ਸੁੱਤਾ ਰੰਗ ਵਿਸਮਾਦ ਵਿਚ ਕਾਅਬੇ ਵੱਲ ਕਰ ਪੈਰ।
ਦੋ ਘੜੀਆਂ ਦੀ ਰਾਤ ਰਹੀ ਉੱਗੀ ਨਵੀਂ ਸਵੇਰ
ਦੁਧੀਏ ਚਾਨਣ ਵਿਚ ਘੁਲ਼ੀ ਸੰਦਲੀ ਪੌਣ ਚੁਫ਼ੇਰ।
ਹਾਜ਼ੀਆਂ ਅੱਖਾਂ ਖੋਲ੍ਹੀਆਂ ਲੈ ਖ਼ੁਦਾ ਦਾ ਨਾਮ
ਵੱਲ ਮਹਿਰਾਬ ਦੇ ਪੈਰ ਕਰ ਗੁਰ ਸੁੱਤੇ ਪਾਕ ਧਾਮ।
ਜੀਵਨ ਹਾਜ਼ੀ ਤੱਕਦਿਆਂ ਕਾਅਬੇ ਵੱਲ ਗੁਰ ਪੈਰ
ਉੱਚੀ ਦੇਣੇ ਹੜਬੜਾ ਕੇ ਬੋਲਿਆ, 'ਸਾਂਈਂ ਹਨ੍ਹੇਰ'।
ਘਰ ਖ਼ੁਦਾ ਵੱਲ ਪੈਰ ਕਰ ਸੁੱਤਾ ਬਦਕਿਰਦਾਰ
ਬਦਹਵਾਸੀ ਵਿਚ ਜੀਵਨ ਦਿੱਤਾ ਠੁੱਡਾ ਮਾਰ।
ਕੌਣ ਇਹ ਕਾਫ਼ਰ ਸੌਂ ਰਿਹਾ ਘਰ ਖ਼ੁਦਾ ਕਰ ਪੈਰ
ਲੋਕੀਂ ਚਹੁੰ-ਤਰਫ਼ੀਂ ਖੜ੍ਹੇ ਉਗਲਣ ਲੱਗੇ ਜ਼ਹਿਰ।
ਬਾਬੇ ਅੱਖਾਂ ਖੋਲ੍ਹੀਆਂ ਕਿਹਾ ਗੁਰਾਂ ਮੁਸਕਾ!
'ਜਿਧਰ ਰੱਬ ਦਾ ਘਰ ਨਹੀਂ ਉਧਰ ਦਿਉ ਘੁਮਾ'।
ਜੀਵਨ ਮੁੜ ਘਸੀਟਿਆ ਟੰਗੋਂ ਪਕੜ ਚੁਫ਼ੇਰ
ਕਾਅਬਾ ਜਾਵੇ ਘੁੰਮਦਾ ਜਿਧਰ ਘੁੰਮਣ ਪੈਰ।
ਤੱਕ ਕੇ ਕੌਤਕ ਸਾਹਮਣੇ ਬੜੀ ਹੈਰਾਨੀ ਨਾਲ਼
'ਕਾਅਬਾ ਫਿਰਿਆ' ਆਖ ਕੇ ਡਿੱਗਾ ਜੀਵਨ ਚੌਫ਼ਾਲ।
'ਕਿਧਰ ਨਹੀਂ ਖ਼ੁਦਾ ਦਾ ਘਰ' ਪਲੋ-ਪਲੀਂ ਇਹ ਖ਼ਬਰ
ਕੰਨੋਂ ਕੰਨੀਂ ਹੋਵੰਦੀ ਵਿਚ ਮੱਕੇ ਗਈ ਖਿਲਰ।
ਹਰ ਕਿਸੇ ਦੇ ਜੀਭ 'ਤੇ ਇਹੀ ਬੱਸ ਸੁਆਲ
ਕਿੱਧਰ ਨਹੀਂ ਖ਼ੁਦਾ-ਇ-ਘਰ ਮੁੜ-ਮੁੜ ਉੱਠੇ ਖ਼ਿਆਲ।

'ਭਾਈ ਗੁਰਦਾਸ' ਜੀ ਲਿਖਿਆ ਆਪਣੀ ਪਹਿਲੀ ਵਾਰ
ਕਾਅਬੇ ਦੀ ਪਰਵਾਜ਼ ਦਾ ਦਿੱਤਾ ਇੰਜ ਹਵਾਲ :

UNISTAR BOOKS PVT LTD
Unistar Books Pvt Ltd.
Unistar Books Pvt Ltd.
UNISTAR BOOKS PVT LTD

UNISTAR BOOKS PVT LTD.

ਬਾਬਾ ਫਿਰਿ ਮੱਕੇ ਗਇਆ ਨੀਲ ਬਸਤ੍ਰ ਧਾਰੇ ਬਨਵਾਰੀ।
ਆਸਾ ਹਥਿ ਕਿਤਾਬ ਕਛਿ ਦੂਜਾ ਬਾਂਗ ਮੁਸੱਲਾ ਧਾਰੀ।
ਬੈਠਾ ਜਾਇ ਮਸੀਤ ਵਿਚਿ ਜਿਥੈ ਹਾਜੀ ਹਜਿ ਗੁਜਾਰੀ।
ਜਾ ਬਾਬਾ ਸੁਤਾ ਰਾਤਿ ਨੋ ਵਲਿ ਮਹਰਾਬੇ ਪਾਇ ਪਸਾਰੀ।
ਜੀਵਣਿ ਮਾਰੀ ਲਤਿ ਦੀ ਕੇਹੜਾ ਸੁਤਾ ਕੁਫਰ ਕੁਫਾਰੀ ?
ਲਤਾ ਵਲਿ ਖੁਦਾਇ ਦੇ ਕਿਉ ਕਰਿ ਪਇਆ ਹੋਇ ਬਜਿਗਾਰੀ।
ਟੰਗੋਂ ਪਕੜਿ ਘਸੀਟਿਆ ਫਿਰਿਆ ਮੱਕਾ ਕਲਾ ਦਿਖਾਰੀ।
ਹੋਇ ਹੈਰਾਨੁ ਕਰੇਨਿ ਜੁਹਾਰੀ॥੩੨॥

Unistar Books Pvt L

ਹਾਜੀਆਂ 'ਚੋਂ ਹਾਜੀ ਇਕ ਉਠ ਜੀਵਨ ਕੋਲ ਜਾ
ਢਾਰਸ ਦਿੰਦਿਆਂ ਉਸ ਨੂੰ ਮੁੱਖੋਂ ਇਹ ਕਿਹਾ।
'ਕਾਅਬਾ ਫਿਰਨ ਤੇ ਜੀਵਨਾ' ਹੋ ਨਾ ਏਡ ਹੈਰਾਨ
ਵਲੀਆਂ ਤੋਂ ਹੁੰਦਾ ਰਿਹਾ ਕਾਅਬਾ ਨਿਤ ਕੁਰਬਾਨ।
ਵਲੀ ਰਾਬੀਆ ਬਾਰੇ ਇੰਵ ਹਾਜੀ ਦੱਸੀ ਗੱਲ
ਦੂਜੀ ਵੇਰਾਂ ਹੱਜ ਲਈ ਗਈ ਸੀ ਮੱਕੇ ਵੱਲ।
ਕੀ ਤੱਕਿਆ ਉਸ ਸਾਹਮਣੇ ਵੀਰਾਨੇ ਵਿਚਕਾਰ
ਕਾਅਬਾ ਤੁਰਿਆ ਆਂਵਦਾ ਹੋ ਕੇ ਅੱਗੋਂ ਵਾਰ।
ਤੱਕ ਕੇ ਬੋਲੀ ਰਾਬੀਆ 'ਸਿਰਫ਼ ਖ਼ੁਦਾ ਦਰਕਾਰ'
ਪੱਥਰਾਂ ਦਾ ਇਹ ਕੋਠੜਾ ਮੇਰੇ ਕਿਸੇ ਨ ਕਾਰ!
ਦਰਅਸਲ ਹਰ ਜ਼ੱਰੇ ਵਿਚ ਅੱਲਾਹ ਦਾ ਮੁਕਾਮ
ਫਿਰ ਕਾਅਬਾ ਕਿੰਜ ਬਣ ਗਿਆ ਵੱਖਰਾ ਪੂਜਾ ਧਾਮ ?
ਕੁਝ ਪਲਾਂ ਵਿਚ ਖਿੱਲਰੀ ਮੱਕੇ ਵਿਚ ਜਾ ਗੱਲ
ਸੁਣਦੇ ਈ ਬੰਨ੍ਹ ਟੋਲੀਆਂ ਲੋਕੀਂ ਆਏ ਚੱਲ।
ਹੋਕਾ ਦਿੱਤਾ ਸੱਚ ਦਾ ਗੁਰ ਸੀਸ ਤਲ਼ੀ 'ਤੇ ਧਰ
ਘਟ ਘਟ ਵਿਚ ਰੱਬ ਵਸਦਾ ਹਰ ਦਿਲ ਉਸਦਾ ਘਰ।
'ਕੱਠੇ ਹੋ ਕਾਜ਼ੀ ਮੁੱਲਾਂ ਆਏ ਬਾਬੇ ਪਾਸ
ਦੱਸੇ ਮੱਤਾਨੁਸਾਰ ਮੂਜ਼੍ਹਬ ਆਪਣੀ ਖੋਲ੍ਹ ਕਿਤਾਬ।
ਕਿਹਾ ਗੁਰਾਂ ਨੂੰ ਰੁਕਨਦੀਨ ਮਨ ਦਾ ਸ਼ੰਕ ਮਿਟਾਣ
"ਦੱਸੋ! ਖੋਲ੍ਹ ਕਿਤਾਬ ਵੱਡਾ ਹਿੰਦੂ ਕਿ ਮੁਸਲਮਾਨ ?"
ਬਾਬੇ ਕਿਹਾ, "ਹਿੰਦੂ ਨਾਹ, ਨਾਹ ਵੱਡਾ ਮੁਸਲਮਾਨ
ਸ਼ੁਭ ਅਮਲਾਂ ਕਰ ਹੋਵਣੀ ਦਰਗਾਹ ਵਿਚ ਪਛਾਣ
ਮੰਨੇ ਜਾਵਣ ਗੁਰਮਤਿ ਦੇ ਜੋ ਮਾਰਤੰਡ ਵਿਦਵਾਨ
ਭਾਈ ਗੁਰਦਾਸ ਜੀ ਪਹਿਲੀ ਵਾਰ 'ਚ ਦਿੱਤਾ ਹੈ ਪ੍ਰਮਾਣ।

UNISTAR BOOKS PVT LTD.

"ਪੁਛਨਿ ਗਲ ਈਮਾਨ ਦੀ ਕਾਜੀ ਮੁਲਾਂ ਇਕਠੇ ਹੋਈ।
ਵਡਾ ਸਾਂਗ ਵਰਤਾਇਆ ਲਖਿ ਨ ਸਕੈ ਕੁਦਰਤ ਕੋਈ।
ਪੁਛਨਿ ਫੋਲਿ ਕਿਤਾਬ ਨੋ ਹਿੰਦੂ ਵਡਾ ਕਿ ਮੁਸਲਮਾਨੋਈ ?
ਬਾਬਾ ਆਖੇ ਹਾਜੀਆ ਸੁਭਿ ਅਮਲਾ ਬਾਝਹੁ ਦੋਨੋ ਰੋਈ।
ਹਿੰਦੂ ਮੁਸਲਮਾਨ ਦੁਇ ਦਰਗਹ ਅੰਦਰਿ ਲਹਨਿ ਨ ਢੋਈ।
ਕਚਾ ਰੰਗ ਕੁਸੁੰਭ ਦਾ ਪਾਣੀ ਧੋਤੈ ਥਿਰੁ ਨ ਰਹੋਈ।
ਕਰਨਿ ਬਖੀਲੀ ਆਪਿ ਵਿਚਿ ਰਾਮ ਰਹੀਮ ਕੁਥਾਇ ਖਲੋਈ।
ਰਾਹਿ ਸੈਤਾਨੀ ਦੁਨੀਆ ਗੋਈ॥੩੩॥

ਰੁਕਨਦੀਨ ਕਿਹਾ, "ਅੱਵਲ ਅੱਲਾਹ ਤੇ ਬਾਦ ਰਸੂਲ
ਪੈਰੋਕਾਰਾਂ ਵਿਚ ਹੱਕ ਚਾਰ ਯਾਰ ਮਕਬੂਲ।
ਬਚਣਗੇ ਉਹੀ ਸਿਰਫ਼ ਜੋ ਨਬੀ ਕਰੇਸਣ ਯਾਦ
ਬਾਝ ਸਿਫ਼ਾਰਸ਼ ਉਨ੍ਹਾਂ ਦੀ ਲਾਂਦਾ ਨਹੀਂ ਫਰਯਾਦ।"
'ਵਾਹਦ-ਉਲ-ਸਰੀਕ ਹੈ' ਨਾਨਕ ਕਿਹਾ ਵੀਚਾਰ
'ਮੁਫ਼ਤੀ' ਨਹੀਂ ਕੋਈ ਰੱਬ ਦਾ ਨਾ ਹੀ ਕੋਈ ਯਾਰ।
ਬਹਾਉਦ-ਦੀਨ ਫ਼ਕੀਰ ਫਿਰ ਪੁੱਛਿਆ ਸੋਚ ਅਲਾਇ
"ਰੂਹ ਖੁਦਾ ਤੇ ਸਚ ਦਾ' ਭੇਤ ਦਿਉ ਸਮਝਾਇ॥"
"ਰੂਹ ਖ਼ੁਦਾ ਨਾਹ ਭੇਦ ਕਿਛ ਰਹਿੰਦੇ ਇਕੋ ਥਾਂਇ
ਸੱਚੀ ਏਹਾ ਬੰਦਗੀ ਸਾਹਿਬ ਹੁਕਮ ਰਜਾਏ।
ਫ਼ਿਕਰ ਅੰਦੇਸ਼ੇ ਮਿਟ ਜਾਣ ਖੋਜੇ ਆਪਣਾ ਆਪ
ਜਿਨ੍ਹਾਂ ਆਪਾ ਖੋਜਿਆ ਤਿਨ੍ਹਾਂ ਪੁੰਨ ਨ ਪਾਪ।
ਨਿਮਰਤਾ ਤੇ ਬੰਦਗੀ ਹੀ ਮੇਲ ਕਰਾਊ ਯਾਰ
ਨਾਨਕ ਕੀਤੀ ਅਰਜ਼ ਫਿਰ ਸਾਹਿਬ ਦੇ ਦਰਬਾਰ:
ਯਕ ਅਰਜ ਗੁਫਤਮ ਪੇਸਿ ਤੋ ਦਰ ਗੋਸ ਕੁਨ ਕਰਤਾਰ॥
ਹਕਾ ਕਬੀਰ ਕਰੀਮ ਤੂ ਬੇਐਬ ਪਰਵਦਗਾਰ॥੧॥
ਦੁਨੀਆ ਮੁਕਾਮੇ ਫਾਨੀ ਤਹਕੀਕ ਦਿਲ ਦਾਨੀ॥
ਮਮ ਸਰ ਮੂਇ ਅਜਰਾਈਲ ਗਿਰਫਤਹ ਦਿਲ ਹੇਚਿ ਨ ਦਾਨੀ॥੧॥ ਰਹਾਉ॥
ਜਨ ਪਿਸਰ ਪਦਰ ਬਿਰਾਦਰਾਂ ਕਸ ਨੇਸ ਦਸਤੰਗੀਰ॥
ਆਖਿਰ ਬਿਅਫਤਮ ਕਸ ਨ ਦਾਰਦ ਚੂੰ ਸਵਦ ਤਕਬੀਰ॥੨॥
ਸਬ ਰੋਜ ਗਸਤਮ ਦਰ ਹਵਾ ਕਰਦੇਮ ਬਦੀ ਖਿਆਲ॥
ਗਾਹੇ ਨ ਨੇਕੀ ਕਾਰ ਕਰਦਮ ਮਮ ਈਂ ਚਿਨੀ ਅਹਵਾਲ॥੩॥
ਬਦਬਖਤ ਹਮ ਚੁ ਬਖੀਲ ਗਾਫਿਲ ਬੇਨਜਰ ਬੇਬਾਕ॥
ਨਾਨਕ ਬੁਗੋਯਦ ਜਨੁ ਤੁਰਾ ਤੇਰੇ ਚਾਕਰਾਂ ਪਾ ਖਾਕ॥੪॥੧॥

(**ਗੁਰੂ ਗ੍ਰੰਥ**, ਪੰਨਾ 721)



UNISTAR BOOKS PVT LTD.
Unistar Books Pvt Ltd.
Unistar Books Pvt Ltd.
UNISTAR BOOKS PVT LTD.

ਨਾਨਕ ਕਿਹਾ, 'ਜਗਤ ਦਾ ਫ਼ਾਨੀ ਇਹ ਮੁਕਾਮ
ਅਜ਼ਰਾਈਲ ਗ੍ਰਿਫ਼ਤ ਵਿਚ ਫਸਿਆ ਕੁਲ ਜਹਾਨ।
ਗਾਫ਼ਿਲ ਹੋਇਕੇ ਰਾਤ ਦਿਨ ਭਟਕੇ ਬਦਖ਼ਿਆਲ
ਭੁੱਲ ਭੁਲੇਖੇ ਵੀ ਕਦੀ ਕਰੇ ਨ ਨੇਕੀ ਕਾਰ।
ਨਾਨਕ ਗੋਲਾ ਉਸ ਦਾ ਚਾਕਰਾਂ ਪਾ ਖ਼ਾਕ
ਅੱਲਾਹ ਪਾਕੰਪਾਕ ਬਿਨ ਨਾਹੀ ਕਿਸੇ ਦੀ ਝਾਕ"।
ਰੁਕਨਦੀਨ ਕਾਜ਼ੀ ਪੁੱਛੇ ਤ੍ਰੈ ਸੌ ਸੱਠ ਸਵਾਲ
ਕੁਰਾਨ ਅਨੁਸਾਰ ਜੁਆਬ ਦੇ ਗੁਰ ਕੀਤਾ ਲਾ ਸੁਆਲ।
ਸਣ ਖ਼ਤਰ ਦੇ ਪੀਰ ਜੋ ਸੱਯਦ ਮੁਹੰਮਦ ਗੌਂਸ
ਫ਼ਾਰਸੀ ਲਿਪੀ ਵਿਚ ਲਿਖੀ ਉਸ 'ਮੱਕੇ ਦੀ ਗੋਸ਼ਟ।'
ਕਾਅਬੇ ਤੋਂ ਉੱਤਰ ਵੰਨੀਂ ਹਾਮਰਾ ਸੜਕ 'ਤੇ ਜਾ
ਬੇਰੀ ਦੇ ਰੁੱਖੜੇ ਥੱਲੇ ਬੈਠੇ ਨਾਨਕ ਆ।
ਬਾਬੇ ਨਾਨਕ ਦਾ ਬਣਿਐ ਮਸੀਤਨੁਮਾ ਅਸਥਾਨ
ਮੱਕੇ ਦੇ ਲੋਕੀ ਆਖਣ 'ਪੀਰ ਵਲੀ ਦਾ ਮਕਾਨ'।
ਇਥੇ ਬਾਉਲ਼ੀ ਖ਼ੁਦਵਾਈ ਸੀ ਬਾਬੇ ਨਾਨਕ ਆਪ
ਮਿੱਠਾ ਸ਼ੀਤਲ ਜਲ ਪੀ ਹਿਰਦਾ ਹੋਇ ਸ਼ਾਦ।
ਅਰਬੀ ਲੋਕੀਂ ਮੰਨਦੇ ਗੁਰ ਰੱਬੀ ਰੂਪ ਜਮਾਲ,
'ਨਾਨਕ ਵਲੀਅਨ ਹਕਾ ਰਬੁ ਲਾਯਜਾਲ਼।
ਮੱਕੇ ਦੇ ਇਮਾਮ ਨੇ ਬਖ਼ਸ਼ਿਆ ਹੱਥੀਂ ਆਪ
ਮੰਨਦਿਆਂ ਉੱਚੀ ਹਸਤੀ ਦਿੱਤਾ 'ਵਲੀ' ਖ਼ਿਤਾਬ।
ਪੀਰ ਫ਼ਕੀਰਾਂ ਖ਼ੁਸ਼ ਹੋਇ ਕੀਤੀ ਦੁਆ ਸਲਾਮ
ਪੈਰ ਚੁੰਮਦਿਆਂ ਗੁਰਾਂ ਤੋਂ ਲਈ ਇਕ ਖੜਾਂਵ।
ਮੱਕੇ ਵਿਚ ਹੈ ਅੱਜ ਵੀ ਪਈ ਨਿਸ਼ਾਨੀ ਖ਼ਾਸ
ਪਹਿਲੀ ਵਾਰ 'ਚ ਲਿਖਦੇ ਨੇ ਭਾਈ ਗੁਰਦਾਸ।

ਧਰੀ ਨੀਸਾਨੀ ਕਉਸਿ ਦੀ ਮਕੇ ਅੰਦਰਿ ਪੂਜ ਕਰਾਈ।
ਜਿਥੈ ਜਾਇ ਜਗਤਿ ਵਿਚਿ ਬਾਬੇ ਬਾਝੁ ਨ ਖਾਲੀ ਜਾਈ।
ਘਰਿ ਘਰਿ ਬਾਬਾ ਪੂਜੀਐ ਹਿੰਦੂ ਮੁਸਲਮਾਨ ਗੁਆਈ।
ਛਪੇ ਨਾਹਿ ਛਪਾਇਆ ਚੜ੍ਹਿਆ ਸੂਰਜੁ ਜਗੁ ਰੁਸਨਾਈ।
ਬੁਕਿਆ ਸਿੰਘ ਉਜਾੜ ਵਿਚਿ ਸਭਿ ਮਿਰਗਾਵਲਿ ਭੰਨੀ ਜਾਈ।
ਚੜਿਆ ਚੰਦੁ ਨ ਲੁਕਈ ਕਢਿ ਕੁਨਾਲੀ ਜੋਤਿ ਛਪਾਈ।
ਉਗਵਣਹੁ ਤੇ ਆਥਵਣੋ ਨਉ ਖੰਡ ਪ੍ਰਿਥਮੀ ਸਭਾ ਝੁਕਾਈ।
ਜਗਿ ਅੰਦਰਿ ਕੁਦਰਤਿ ਵਰਤਾਈ॥੩੪॥



UNISTAR BOOKS PVT LTD.
Unistar Books Pvt Ltd.

ਡਾ. ਗੰਡਾ ਸਿੰਘ ਜੀ ਦੀ ਇਕ ਲਿਖਤ ਅਨੁਸਾਰ
'ਸਬੀਆ ਕਬੀਲਾ' ਅਰਬ ਦਾ ਕਰੇ ਨਾਨਕ ਸਤਿਕਾਰ।
ਕੇਸਾਧਾਰੀ ਰਹਿਤਵਾਨ ਸਬੀਆ ਆਬਿਦ ਫ਼ਕੀਰ
ਬਾਬਾ ਨਾਨਕ ਸ਼ਾਹ ਨੂੰ ਮੰਨਦੇ ਔਲੀਆ ਪੀਰ।
ਸਤਗੁਰੂ ਨੂੰ ਰੁਕਨਦੀਨ ਚੋਗਾ ਕਰਕੇ ਭੇਂਟ
ਮੰਗੀ ਸਾਹਿਬ ਤੋਂ ਨਿਸ਼ਾਨੀ ਉਸਨੇ ਰੱਖਣ ਹੇਤ।
ਰੁਕਨਦੀਨ ਨੂੰ ਨਾਨਕ ਦਿੱਤਾ ਆਸਾ ਹੱਥੀਂ ਆਪ
ਨਾਲ ਅੱਲਾਹ ਦੀ ਬੰਦਗੀ ਦਾ ਦਿੱਤਾ ਸਾਹਿਬ ਜਾਪ।

## ਹਾਮਰਾ

ਮੱਕੇ ਦੇ ਈਮਾਮ ਜ਼ਾਫ਼ਰ ਦਾ ਵੇਖ ਪਿਆਰ-ਸਤਿਕਾਰ
ਪੁੱਜੇ ਮੱਕੇ ਲਾਗ ਹੀ ਹਾਮਰਾ ਵਿਖੇ ਦਾਤਾਰ।
ਪਹਿਲੋਂ ਹੀ ਸੁਣਿਆ ਤੱਕਿਆ ਸੀ ਬੰਦਾ ਕਰਨਹਾਰ
ਮੱਕੇ ਵਿਚ ਜੋ ਰੁਕਨਦੀਨ ਸੰਗ ਹੋਈ ਸੀ ਵੀਚਾਰ।
ਨੂਰ ਇਲਾਹੀ ਤੱਕਿਆ ਜਦ ਸੰਗ ਰਬਾਬੀ ਯਾਰ
ਗ਼ੁਲਾਮ ਕਾਦਰ ਪੁੱਤਰ ਸਣੇ ਝੁਕਿਆ ਚਰਨ ਦਾਤਾਰ।
ਹਰ ਥਾਈਂ ਗੁਰ ਦੱਸਿਆ ਇਕ ਅੱਲਾਹ ਦਾ ਨੂਰ
ਧਰਮ, ਅੱਲਾਹ ਤੇ ਮਨੁੱਖਤਾ ਦੇ ਹੋਏ ਸ਼ੰਕੇ ਦੂਰ।
ਈਮਾਮ ਜ਼ਾਫਰ ਨੇ ਨਿਜੀ ਮਸੀਤ ਕੀਤੀ ਭੇਂਟ ਦਾਤਾਰ
'ਬਾਬੇ ਤਾਰੇ ਚਾਰਿ ਚਕਿ' ਵਿਚ ਮਿਲਦਾ ਇਹ ਹਵਾਲ।
'ਮਸਜਿਦ ਵਲੀ ਹਿੰਦ' ਕਰ ਪ੍ਰਸਿੱਧ ਜੋ ਹਾਮਰਾ ਵਿਚ
ਪਰਤੇ ਮੱਕੇ ਵੱਲ ਗੁਰ ਹਾਮਰਾ ਰੁਕੇ ਦਿਨ ਕੁਝ।
'ਬੈਅਤ-ਉਲ-ਮੁਕੱਦਸ' ਨਾਂ ਦਾ ਪਾਕ-ਪਵਿੱਤ ਸਥਾਨ
ਰੁਕਨਦੀਨ ਸੰਗ ਬਾਬਾ ਨਾਨਕ ਪੁੱਜੇ ਇਥੇ ਆਣ।
'ਬੋਧੀ ਕਬੀਲੇ' ਦੇ ਲੋਕੀ ਆਏ ਕਰਨ ਦੀਦਾਰ
ਡਾਢੇ ਪ੍ਰਭਾਵਿਤ ਹੋਏ ਕਰਕੇ ਗੋਸ਼ਟਿ ਵਿਚਾਰ।
ਨੂਰੀ ਨਾਨਕ ਵਿਚ ਉਹ ਦੀਦ ਪਾ ਖੁਰਸ਼ੀਦ
ਬਾਬਾ ਨਾਨਕ ਦੇ ਬਣੇ ਨਾਮਲੇਵਾ ਮੁਰੀਦ।
ਖੁੱਲ੍ਹੀਆਂ ਰੱਖਣ ਦਾੜ੍ਹੀਆਂ ਸਿਰ 'ਤੇ ਖੁੱਲ੍ਹੇ ਕੇਸ
ਸਾਬਤ ਸੂਰਤ ਰੱਖਦੇ ਵਿਚ ਮੁਰਸ਼ਦ ਦੇ ਵੇਸ।
ਮੰਨਣ ਨਾਨਕ ਨੂੰ ਨਬੀ ਰੱਖ ਕੇ ਉਹ ਈਮਾਨ
'ਕਿਤਾਬ, ਮੁਕਤੀ ਦੇ ਮੁਰੀਦ' ਤਿੰਨ ਸ਼ਕਤੀਆਂ ਜਾਣ।



UNISTAR BOOKS PVT LTD.
Unistar Books Pvt Ltd.
Unistar Books Pvt Ltd.
UNISTAR BOOKS PVT LTD.

‘ਬੈਅਤ-ਉਲ-ਮੁਕੱਦਸ’ ਵਿਚ ਗੁਰ ਬੈਠੇ ਜਿਸ ਸਥਾਨ
‘ਚਾਦਰ ਚਿੱਟੇ ਰੰਗ’ ਦੀ ਵਿਛੀ ਪਾਕ ਉਸ ਥਾਂਵ।
‘ਨਾਨਕ ਸ਼ਾਹ ਦਾ ਥੜਾ’ ਕਹਿ ਲੋਕੀਂ ਪਾਵਣ ਦੀਦ
ਗਾਉਂਦੇ ‘ਜਪੁਜੀ ਸਾਹਿਬ’ ਨੂੰ ਅਰਬੀ ਵਿਚ ਮੁਰੀਦ।
ਜਾਣ ਲੱਗਿਆ ਲੋਕਾਂ ਇਕ ਚੋਲ਼ਾ ਕੀਤਾ ਭੇਂਟ
‘ਸੁਰਾ-ਇ-ਫਾਤਿਹਾ’ ਵਿਚੋਂ ਸੀ ਜਿਸ ਉੱਪਰ ਉਲੇਖ।
‘ਅੱਲ ਹਮਦੁਲ ਇੱਲਾ-ਹੇ ਕਬੂਲ ਆਲਮੀਨ
ਅਲ ਰਹਿਮਾਨ ਰਹੀਮ ਮਾਲਿਕ ਯੋਗਦੀਨ’।
ਸਾਰਰੂਪ ਇਸ, ‘ਇਕ ਹੀ ਪਰਮਾਤਮਾ ਪੂਜਣਯੋਗ
ਮੇਰੇ ਜਿਹੇ ਪਾਪੀ ’ਤੇ ਮਿਹਰ ਬਖਸ਼ਿਸ਼ ਕਰਨਯੋਗ।’
ਹਾਜੀ ਅਤੇ ਮੌਲਾਣਿਆਂ ਦੇ ਸ਼ੰਕੇ ਕਰਕੇ ਹੱਲ
ਸੰਗ ਮਰਦਾਨੇ ਚੱਲ ਪਏ ਗੁਰੂ ਮਦੀਨੇ ਵੱਲ।

## ਮਦੀਨਾ

ਯੋਰੋਸ਼ਲਮ, ਮੱਕਾ ਅਤੇ ਮਦੀਨਾ ਸ਼ਹਿਰ
ਤਿੰਨੋਂ ਹੀ ਮਸ਼ਹੂਰ ਨੇ ਇਸਲਾਮ ਵਿਚ
ਹਜ਼ਰਤ ਇਬਰਾਹੀਮ ਨਾਲ਼ ਜੁੜਿਆ ਮੱਕਾ
ਨਾਲ਼ ਸੰਬੰਧਿਤ ਨਬੀ ਮਦੀਨਾ ਜਾਣਦੇ
ਇਸਲਾਮ-ਵਿਰੋਧੀ ਹੁਕਮਰਾਨ ਕੁਰੈਸ਼ੀਆਂ
ਦੇਇ ਤਸੀਹੇ ਕੀਤਾ ਜੋ ਮਜ਼ਬੂਰ ਨਬੀ
ਮੱਕਿਉਂ ਉੱਤਰ ਵੰਨੀਂ ਸੈਆਂ ਕੋਹ ਝਾਗ
ਪੁੱਜੇ ਆਲਮ ਦੀਨਾ ਆਖ਼ਰਕਾਰ ਵਿਚ
ਪੁੱਜੇ ਸੀ ਜਦ ਯਾਸਰਿਬ ਬਹੁੰ ਦੁਖੀ ਹੋ
ਸੱਤਰ ਕੁ ਸਾਥੀ ਸੀ ਉਨ੍ਹਾਂ ਨਾਲ਼ ਤਦ
ਮਸਜਿਦ ਅਲ-ਨਬਵੀ ਅਤੇ ਕੂਜਾ ਉਸਾਰ
ਇਸਲਾਮੀ ਪ੍ਰਚਾਰ ਕੀਤਾ ਰੱਜ ਕੇ
ਦਸ ਹਜ਼ਾਰ ਸ਼ਸਤਰਬੰਦ ਫ਼ੌਜਾਂ ਨਾਲ਼ ਉਹ
ਮੱਕੇ ’ਤੇ ਕਾਬਜ਼ ਹੋਏ ਮੁੜ ਕੇ ਨਬੀ
ਸਾਰਾ ਬੰਦੋਬਸਤ ਹੱਥੀਂ ਠੀਕ ਕਰ
ਕੁਝ ਸਮੇਂ ਵਿਚ ਮੁੜ ਆਏ ਉਹ ਯਾਸਰਿਬ
ਪਾਕ ਕੁਰਾਨ ਦਾ ਬਹੁਤਾ ਹਿੱਸਾ ਨਬੀ ਨੂੰ
ਨਾਜ਼ਲ ਹੋਇਆ ਇਸੇ ਥਾਂ ’ਤੇ ਰਹਿੰਦਿਆਂ

UNISTAR BOOKS PVT LTD.
Unistar Books Pvt Ltd.
Unistar Books Pvt Ltd.
UNISTAR BOOKS PVT LTD.

ਇਸੇ ਲਈ ਇਥੋਂ ਦੇ ਨਗਰ ਵਾਸੀਆਂ
ਬਦਲ ਕੇ ਰੱਖਿਆ ਨਾਮ 'ਮਦੀਨਾ-ਅਲ-ਨਬੀ'
ਹੋਇਆ ਜਦ ਦੇਹਾਂਤ ਪੈਗ਼ੰਬਰ ਸਾਹਿਬ ਦਾ
ਇਸੇ ਮਸਜਿਦ ਕੋਲ਼ ਕੀਤਾ ਦਫ਼ਨ ਤਦ
ਸ਼ਾਨਦਾਰ ਬਣਿਆ ਜੋ ਮਕਬਰਾ ਇਥੇ
ਦੂਰੋਂ ਹਰਾ ਗੁੰਬਦ ਖਿੱਚਾਂ ਪਾਂਵਦਾ
ਸ਼ਹਿਰੋਂ ਬਾਹਰ ਕਬਰ ਦੇ ਲਾਗੇ ਗੁਰੂ
ਸੰਗ ਮਰਦਾਨੇ ਆ ਬਹੇ ਇਸ ਪਾਕ ਥਾਂ
ਗੂੰਜੀਆਂ ਸੁਰਾਂ ਰਬਾਬੋਂ ਬਸੰਤ ਹਿੰਡੋਲ
ਡਾਢੀ ਮਿੱਠਤ ਨਾਲ਼ ਨਾਨਕ ਗਾਵਿਆ :

ਨਉ ਸਤ ਚਉਦਹ ਤੀਨਿ ਚਾਰਿ
ਕਰਿ ਮਹਲਤਿ ਚਾਰਿ ਬਹਾਲੀ॥
ਚਾਰੇ ਦੀਵੇ ਚਹੁ ਹਥਿ ਦੀਏ
ਏਕਾ ਏਕਾ ਵਾਰੀ॥੧॥
ਮਿਹਰਵਾਨ ਮਧੁਸੂਦਨ ਮਾਧੌ
ਐਸੀ ਸਕਤਿ ਤੁਮ੍ਾਰੀ॥੧॥ ਰਹਾਉ॥
ਘਰਿ ਘਰਿ ਲਸਕਰੁ ਪਾਵਕੁ ਤੇਰਾ
ਧਰਮੁ ਕਰੇ ਸਿਕਦਾਰੀ॥
ਧਰਤੀ ਦੇਗ ਮਿਲੈ ਇਕ ਵੇਰਾ
ਭਾਗੁ ਤੇਰਾ ਭੰਡਾਰੀ॥੨॥ (**ਗੁਰੂ ਗ੍ਰੰਥ**, ਪੰਨਾ 1190)

ਮਦੀਨੇ ਮੁਖੀਏ ਹੁਕਮਾਨੁਸਾਰ ਕਰਨ ਲਈ ਸੰਗਸਾਰ
ਪੱਥਰ ਚੁੱਕ ਦੌੜੇ ਆਏ ਮੁਸਲਿਮ ਨੌਂ ਹਜ਼ਾਰ।
ਉੱਚੀ ਉੱਚੀ ਗੁਰ ਕਿਹਾ ਮੁੱਖੋਂ ਅਕਾਲ ਅਕਾਲ
ਮਾਰਨ ਲਈ ਲਿਆਂਦੇ ਪੱਥਰ ਚਿੰਬੜੇ ਹੱਥਾਂ ਨਾਲ਼।
ਹੱਥਾਂ 'ਚੋਂ ਪੱਥਰ ਗਿਰੇ ਜੋ ਤੱਕਿਆ ਬਾਬੇ ਵੱਲ
ਨਿੰਮੋਝੂਣ ਹੋ ਆ ਬਹੇ ਸਾਹਿਬ ਗਿਰਦੇ ਚਲ।
ਲੇਖਕ **ਮਹਿਮਾ ਪ੍ਰਕਾਸ਼** ਵਿਚ ਲਿਖਦੈ ਪਾ ਕੇ ਲੋਇ
'ਬਧੇ ਜੁਸੇ ਸਭ ਦੇ ਹਲੇ ਜੁਲੇ ਨਹੀਂ ਕੋਇ।
'ਕੱਠੇ ਹੋ ਮਖ਼ਦੂਮ ਉੱਚ ਪੁੱਜੇ ਏਸ ਮੁਕਾਮ
ਕਦਮਬੋਸੀ ਕਰ ਰੁਕਨਦੀਨ ਆਖਿਆ, "ਸਦ ਕੁਰਬਾਨ"।
ਬੋਲੇ ਉਹ ਸਤਗੁਰਾਂ ਨੂੰ 'ਦਿਉ ਕੋਈ ਪੈਗ਼ਾਮ'
ਨਾਨਕ ਬੋਲੇ, "ਜਗ ਇਹ ਮਨ ਦੀ ਹੀ ਸੰਤਾਨ"।

UNISTAR BOOKS PVT LTD.
Unistar Books Pvt
Unistar Books Pvt Ltd.
UNISTAR BOOKS PVT LTD.

'ਮਨ ਦੀਆਂ ਦੋ ਇਸਤ੍ਰੀਆਂ ਕੁਮੱਤੀ, ਸੁਮੱਤੀ ਜਾਣ
ਬਿਨਾਂ ਸੋਚ ਤੇ ਸੂਝ ਤੋਂ ਤੁਰਿਆ ਫਿਰੇ ਜਹਾਨ।
ਬਾਬੇ ਕਿਹਾ ਸੁਮੱਤੀ ਪਿੱਛੇ ਟੁਰਦਾ ਫ਼ੱਕਰ ਆਣ
ਪਿੱਛੇ ਫਿਰੇ ਕੁਮੱਤੀ ਜੋ ਕਹਿੰਦੇ ਉਸ ਸ਼ੈਤਾਨ।
ਰੱਬ ਦਾ ਕੋਈ ਸ਼ਰੀਕ ਨਾਹ ਇਕੋ ਪਾਰਬ੍ਰਹਮ
ਛੱਡਣੀ ਖ਼ੁਦੀਂ ਤਕੱਬਰੀ ਇਹੀ ਅਸਲ ਧਰਮ।'
'ਤੁਹਾਨੂੰ ਯਾਦ ਹੋਏਗਾ' ਕਹਿ ਬਾਬੇ ਦੁਆਇਆ ਧਿਆਨ
ਆਖ਼ਰੀ ਦਿਨਾਂ 'ਚ ਨਬੀ ਨੇ ਕੀਤੇ ਬਚਨ ਸੀ ਆਣ।
"ਮੇਰੀ ਕਬਰ 'ਤੇ ਕਿਸੀ ਨਾਹ ਬਣਾਣਾ ਕੋਈ ਨੀਸ਼ਾਨ
ਕਬਰ ਪ੍ਰਸਤੀ ਪੂਜ ਨਾਹ ਲੋਕਾਂ ਚਲੇ ਆਣ।
ਹੋ ਮੁਖ਼ਾਤਬ ਗੁਰ ਕਿਹਾ, "ਮਰਜ਼ੀ ਉਸ ਖ਼ਿਲਾਫ਼
ਕਬਰ ਤੇ ਕੇਹੀ ਸ਼ਾਨਦਾਰ ਇਮਾਰਤ ਦਿੱਤੀ ਥਾਪ"।
ਸ਼ਰਾ ਦੀ ਇਸ ਉਲੰਘਣਾ ਦਾ ਸਾਹਿਬ ਤੋਂ ਸੁਣ ਸਾਰ
ਨਿਰ-ਉੱਤਰ ਹੋ ਸਭਨਾਂ ਹੀ ਭੁੱਲ ਕੀਤੀ ਸਵੀਕਾਰ।
ਤੁਰਨੋਂ ਪਹਿਲਾਂ ਗੁਰਾਂ ਤੋਂ ਕਰਕੇ ਦੁਆ-ਸਲਾਮ
ਵਜੋਂ ਇਕ ਨਿਸ਼ਾਨੀ ਦੇ ਮੰਗੀ ਉਨ੍ਹਾਂ ਖੜਾਂਵ।
ਕਿਹਾ ਜਾਂਦੈ ਉੱਚ ਦੇ ਪੀਰ ਕੁਝ ਕੁ ਪੁਸ਼ਤਾਂ ਬਾਅਦ
ਉੱਚ ਸ਼ਰੀਫ਼ ਖੜਾਂਵ ਲਿਆਂਦੀ ਦਿਲ ਨੂੰ ਕੀਤਾ ਸ਼ਾਦ।
ਕਬਰ ਨਬੀ ਤੋਂ ਤਿੰਨ ਮੀਲ ਦੀ ਦੂਰੀ ਉੱਤੇ ਇਕ
'ਮਸਜਿਦ ਵਲੀ ਹਿੰਦ ਗੁਰੂ ਨਾਨਕ ਸਾਹਿਬ' ਇਸਥਿਤ।
ਮਦੀਨਾ ਛਾਉਣੀ ਅਤੇ ਸ਼ਹਿਰ ਦੇ ਐਨ ਵਿਚਾਲ਼ੇ ਜਾਣ
ਸਿੱਖ ਫ਼ੌਜੀਆਂ ਯਾਦ ਬਣਾਈ ਵਿਸ਼ਵ ਜੰਗ ਦੌਰਾਨ।

ਰਾਜ ਮੁਖੀਆਂ ਧਰਮ ਗੁਰਾਂ ਨੂੰ ਅਕਸਰ ਨਾਲ਼ ਉਚੇਚ
ਚਰਚਾ ਗੋਸ਼ਟੀ ਕਾਰਨੇ ਗੁਰ ਮਿਲਦੇ ਸੀ ਹਮੇਸ਼।
ਬਿਨਾਂ ਨਿਸ਼ਾਨਦੇਹੀ ਕਿਸੀ ਰਾਹ ਰਸਤਾ ਪਹਿਚਾਣ
ਹਮੀਦ ਕਾਰੂੰ ਸੰਗ ਮੇਲ ਦਾ ਜ਼ਿਕਰ ਕਰਨ ਵਿਦਵਾਨ।
**ਗੁਰ ਨਾਨਕ ਦੇਵ ਜੀ ਦੇ ਸਫ਼ਰ** ਪੁਸਤਕ ਵਿਚ ਲਿਖਿਆ
ਮਦੀਨੇ ਤੋਂ ਬਗਦਾਦ ਲਈ ਹੈ ਸੀ ਛੋਟਾ ਰਾਹ।
ਹਾਰੂੰ ਰਸੀਦ ਖ਼ਲੀਫ਼ਾ ਦੀ ਨੇਕ ਬੇਗ਼ਮ ਜੁਬੈਦਾਂ
ਹਾਜ਼ੀਆਂ ਲਈ ਬਣਵਾਇਆ ਸੀ ਥਲ 'ਚ ਛੋਟਾ ਰਾਹ।
ਰਸਤੇ ਵਿਚ ਕਿਤੇ-ਕਿਤੇ ਸੀ ਪਾਣੀ ਦਾ ਪ੍ਰਬੰਧ
ਫ਼ੈਜ਼ ਤੋਂ ਅੱਗੇ ਜਾਣ ਲਈ ਰਸਤਾ ਬੜਾ ਸੀ ਤੰਗ।



UNISTAR BOOKS PVT LTD.
Unistar Books Pvt Ltd.

ਲੰਮਾ ਪੈਂਡਾ ਤਹਿ ਕਰ ਗੁਰ ਮਿਸਰ ਪੁੱਜੇ ਜਾ
ਕਾਰੂੰ ਦੇ ਮਹਿਲੋਂ ਬਾਹਰ ਡੇਰਾ ਕੀਤਾ ਆ।

UNISTAR BOOKS PVT LTD.

## ਮਿਸਰ

ਕਾਰੂੰ ਜ਼ਾਲਮ ਕਿਸਮ ਦਾ ਸੀ ਕੰਜੂਸ ਸੁਭਾਅ
ਅਨਾਥ ਫ਼ਕੀਰਾਂ ਲਈ ਉਸ ਅਤਿ ਸਖ਼ਤ ਵਰਤਾਅ।
ਮੁਫ਼ਤਖੋਰਿਆਂ ਦਾ ਟੋਲਾ ਕਹਿ ਕਰ ਬੰਦੀਖਾਨੇ ਬੰਦ
ਗੰਜ ਪੰਤਾਲੀ ਜੋੜ ਲਏ ਉਸ ਕਰ ਮਜ਼ਲੂਮਾਂ ਤੰਗ।
ਮਹਿਲੋਂ ਬਾਹਰ ਬਾਬੇ ਦੀ ਸੁਣਕੇ ਕੀਰਤਨ ਗੂੰਜਾਰ
ਕਾਰੂੰ ਸੁਣ ਭਰਿਆ ਪੀਤਾ ਮਹਿਲੋਂ ਆਇਆ ਬਾਹਰ।
ਕਰ ਨਸੀਹਤ ਆਖਿਆ ਕਾਰੂੰ ਤਾਈਂ ਦਾਤਾਰ
'ਮਾਇਆ ਲਾਲਚ ਅਟਿਆ ਤਨ ਜਲ਼-ਬਲ਼ ਹੋਊ ਛਾਰ'।
ਬਾਦਸ਼ਾਹ ਇਕ ਮਾਲੀ ਹੈ ਪਰਜਾ ਰੂਪੀ ਬਾਗ਼
ਦੌਲਤਮੰਦ ਪਰਜਾ ਹੋਣੀ, ਹੈ ਵਡਿਆਈ ਰਾਜ। Unistar Books Pv
ਬਾਦਸ਼ਾਹ ਨੂੰ ਦੁਸ਼ਮਣਾਂ ਤੋਂ ਕਰਦੀ ਖ਼ਬਰਦਾਰ
ਪਰਜਾ ਬਾਦਸ਼ਾਹ ਲਈ ਦੇਂਦੀ ਸਭ ਕੁਝ ਵਾਰ।
ਆਪਣੀ ਮੌਜ-ਮਸਤੀ ਵਿਚ ਰਹਿੰਦੇ ਰਾਜੇ ਗ਼ਲਤਾਨ
ਕਾਇਮ ਰਹੇ ਨਾ ਸਲਤਨਤ ਲੁੱਟਦਾ ਅਮਨ ਅਮਾਨ।
ਦੇਗ਼ ਚਲੇ ਜਿਸ ਜਗ ਵਿਚ ਤੇਗ ਭੀ ਤਿਸਦੀ ਹੋਏ
ਕਰੇ ਅਦਾਲਤ ਸੱਚ ਦੀ ਜੀਤੇ ਸਗਲੀ ਲੋਇ।'
Unistar Books Pvt Ltd.
ਮਿਟਿਆ ਕਾਰੂੰ ਅੰਦਰੋਂ ਮਾਇਆਵੀ ਹੰਕਾਰ
'ਨਸੀਹਤਨਾਮਾ' ਬਖ਼ਸ਼ਿਆ ਗੁਰ ਦੇ ਕੇ ਸਤਿ ਸਾਰ।
'ਦੇਗ ਚਲਾ ਸਗਲੇ ਦੇਸਨ' ਦਿੱਤਾ ਗੁਰ ਆਦੇਸ਼
'ਸੰਗਤ ਕਰੋ ਸਦਾ ਦਰਵੇਸਨ' ਦਾ ਦਿੱਤਾ ਉਪਦੇਸ਼।
**ਬਲ਼ਿਓ ਚਿਰਾਗ਼** ਲਿਖਣ ਹਾਰੇ ਸਤਿਬੀਰ ਸਿੰਘ ਅਨੁਸਾਰ
ਨਸੀਹਤਨਾਮੇ 'ਚੋਂ ਨਾਯਾਬ ਸ਼ਿਅਰ ਇਸ ਪ੍ਰਕਾਰ।
"ਦਮੜਾ ਉਸੀ ਕਾ ਜੋ ਖ਼ਰਚੇ ਅਰ ਖਾਇ
ਦੇਵੇ ਦਿਲਾਵੇ ਰਜਾਵੇ ਖੁਦਾਇ।
ਹੋਤਾ ਨ ਰਾਖੈ ਅਕੇਲਾ ਨਾ ਖਾਇ
ਤਹਕੀਕ ਦਿਲਦਾਨੀ ਵਹੀ ਭਿਸਤ ਜਾਇ।
ਹਾਕਮ ਕਹਾਵੇ ਹਕੂਮਤ ਨ ਹੋਇ
ਦੁਨੀਆ ਕਾ ਦੀਵਾਨਾ ਫਿਰੈ ਮਸਤ ਲੋਇ।

UNISTAR BOOKS PVT LTD.

ਮੇਹਰ ਸੇ ਨ ਦੇਖੇ ਦੁਨੀਆ ਕੇ ਦੀਵਾਨੇ
ਹਮੇਸ਼ਾ ਨਾ ਰਹਿਗੀ ਤੂੰ ਐਸੀ ਨ ਜਾਨੇ। ”
ਖੋਲ੍ਹੇ ਮੂੰਹ ਖਜ਼ਾਨਿਆਂ ਮੰਨ ਹੁਕਮ ਗੁਰੂ ਦਾ ਜਾਣ
ਲੋੜਵੰਦਾਂ ਵਿਚ ਵੰਡ ਤੇ ਗੰਜ ਪਤਾਲ਼ੀ ਆਣ।
ਬੰਦੀਖਾਨਿਉਂ ਬੰਦੀਆਂ ਨੂੰ ਦਿੱਤਾ ਉਸ ਛੁਡਾਇ
ਵਿਚ ਹਲੀਮੀ ਜੁੜ ਗਿਆ ਬੰਦਗੀ ਵਿਚ ਖ਼ੁਦਾਇ।

UNISTAR BOOKS PVT LTD.

## ਕਰਬਲਾ

Unistar Books Pvt Ltd.

ਵੱਲ ਬਗ਼ਦਾਦ ਦੇ ਜਾਂਦਿਆਂ ਗੁਰ ਰਾਹ ਪੈ ਕਰਬਲਾ
ਫ਼ਰਾਤ ਦਰਿਆ ਦੇ ਕੰਢੇ ਜਾ ਰੁਕੇ ਪਾਤਸ਼ਾਹ।
ਪਿਆਰਾ ਰੱਖ ਇਮਾਮ ਹੁਸੈਨ ਜਿਥੇ ਦੁਸ਼ਟ ਯਜੀਦ
ਅਤਿ ਬੇਰਹਿਮੀ ਨਾਲ ਸੀ ਕੀਤਾ ਉਸ ਸ਼ਹੀਦ।
ਪੁੱਤ ਭਾਣਜਿਆਂ ਸਾਥੀਆਂ ਸਣ ਅਠਾਰਾਂ ਰਿਸ਼ਤੇਦਾਰ
ਕਰਬਲਾ ਦੇ ਮੈਦਾਨ ਵਿਚ ਸੀ ਦਿੱਤੇ ਸਭੋ ਮਾਰ।
ਭੁੱਲ ਸੀ ਇਹ ਯਜੀਦ ਦੀ ਇਮਾਮ ਹੁਸੈਨ ਨੂੰ ਮਾਰ
ਬਾਕੀਆਂ ਵਿਚ ਬੇਦਿਲੀ ਉਹ ਪੈਦਾ ਕਰੂ ਹੈਸਿਆਰ।
ਉਲਟਾ ਮੁਸਲਿਮ ਕੌਮ ਵਿਚ ਆਇਆ ਨਵਾਂ ਉਭਾਰ
ਬਣੀਆਂ ਇਸ ਥਾਂ ਵਕਤ ਪਾ ਯਾਦਾਂ ਸ਼ਾਨਦਾਰ।
ਮੁਹੱਰਮ ਦੀ ਦਸਵੀਂ ਮਿਤੀ ਮਾਰਿਆ ਸੀ ਇਮਾਮ
ਸ਼ੀਆ ਮੁਸਲਿਮ ਦਸ ਦਿਨਾਂ ਤੱਕ ਰਲ਼ ਕੇ ਸ਼ੋਕ ਮਨਾਣ।

‘ਸਿਆਹਤੋਂ ਬਾਬਾ ਨਾਨਕ ਫ਼ਕੀਰ’ ਵਿਚ ਹੱਥ-ਲਿਖਤ ਖਰੜਾ
ਬਾਬਤ ਨਾਨਕ ਪੀਰ ਉਹ ਇਸ ਤਰ੍ਹਾਂ ਲਿਖਦਾ।
ਮੱਕੇ ਤੋਂ ਬਗ਼ਦਾਦ ਤੱਕ ਰਿਹਾ ਸੀ ਬਾਬੇ ਨਾਲ਼
ਵਿਚ ਕਰਬਲਾ ਕਈ ਬਣੇ ਬਾਬੇ ਦੇ ਹਮ-ਖ਼ਿਆਲ।
ਜਾਣ ਲੱਗੇ ਸ਼ਰਧਾਲੂਆਂ ਦਿਲ ਦੀ ਗਹਿਰਾਈ ਨਾਲ਼
‘ਫੇਰ ਕਦੋਂ ਦਰਸ਼ਨ ਹੋਣਗੇ’ ਪੁੱਛਿਆ ਸੀ ਸਵਾਲ ?
ਅਰਬੀ ਭਾਸ਼ਾ ਵਿਚ ਲਿਖਿਆ ਦੇ ਕੇ ਜਪੁਜੀ ਸਾਹਿਬ
‘ਇਸ ’ਚੋਂ ਦਰਸ਼ਨ ਹੋਣਗੇ’ ਜਦ ਵੀ ਕਰਸੋ ਯਾਦ।
ਕਰਬਲਾ ਦੇ ਦੱਖਣ ਵੰਨੀਂ ਹੈ ਇਕ ਕਬਰਿਸਤਾਨ
ਬਣੀ ‘ਮਸੀਤ ਵਲੀ ਹਿੰਦ’ ਦੀ ਬਾਬੇ ਦੇ ਅਸਥਾਨ।
ਮੁਜਾਵਰ ਮਾਵੀਆ ਅੰਸ਼ ’ਚੋਂ ਨਾਨਕ ਦੇ ਮੁਰੀਦ
ਰਸਨੀ ਗਾਉਂਦੇ ਕੀਰਤਨ ਪੁਸਤਕ ’ਚੋਂ ਕਰ ਦੀਦ।

## ਬਗ਼ਦਾਦ

UNISTAR BOOKS PVT LTD.

ਕਰਬਲਾ ਤੋਂ ਕੂਫ਼ਾ ਲੰਘ ਪੁੱਜੇ ਗੁਰ ਬਗ਼ਦਾਦ
ਨੌਸ਼ੀਰਵਾਂ ਬਾਦਸ਼ਾਹ ਸੀ ਰੱਖੀ ਇਸ ਬੁਨਿਆਦ।
ਗੜ੍ਹ ਇਸਲਾਮ ਬਗ਼ਦਾਦ ਦਾ ਇਹ ਵੀ ਸੋਹਣਾ ਪੱਖ
ਸੁੰਦਰਤਾ ਤੇ ਕਲਾ ਵਿਚ 'ਈਰਾਨ ਦੀ ਸੋਹਣੀ ਅੱਖ'।
ਮੁਹੀਉਦੀਨ ਅਬਦੁਲ ਕਾਦਰ ਗਿਲਾਨੀ ਸੂਫ਼ੀ ਪੀਰ
ਸੂਫ਼ੀ-ਕਾਦਰੀ ਸਿਲਸਲਾ ਤੋਰਿਆ ਏਸ ਫ਼ਕੀਰ।
ਜੰਮਿਆ ਸੀ ਈਰਾਨ ਦੇ ਗਿਲਾਨ ਨਾਮੀ ਅਸਥਾਨ
ਮੰਨਣ ਪੀਰ ਦਸਤਗੀਰ ਲੋਕੀਂ ਏਸ ਈਰਾਨ।
ਪੀਰ ਅਬਦੁਲ ਰਹਿਮਾਨ ਸਮੇਂ ਪੰਜਵੇਂ ਗੱਦੀ ਨਸ਼ੀਨ
ਦਸਤਗੀਰ ਆਖਵਾਂਵਦੇ ਸੀ ਕਾਦਰੀ ਜਾਨਸ਼ੀਨ।
ਅਬਦੁਲ ਕਾਦਰ ਪੀਰ ਦਾ ਸੀ ਮਕਬਰਾ ਵਿਚ ਬਗਦਾਦ
ਦਸਤਗੀਰ ਦੇ ਨਾਮ 'ਤੇ ਲੋਕੀਂ ਕਰਦੇ ਯਾਦ।
ਨੇੜੇ ਹੀ ਓਸ ਮਕਬਰੇ ਦੇ ਨਾਨਕ ਬੈਠੇ ਆਣ
ਜਿਸ ਮਿੱਟੀ ਵਿਚ ਦਫ਼ਨ ਹੋਣ ਰਾਓ ਰੰਕ ਸੁਲਤਾਨ।
ਖ਼ਲਕਤ ਨੂੰ ਜਗਾਉਣ ਹਿਤ ਦਿੱਤੀ ਗੁਰਾਂ ਅਜਾਨ
ਸੁੰਨ ਮੁੰਨ ਨਗਰੀ ਭਈ ਹੋਇਆ ਪੀਰ ਹੈਰਾਨ।
'ਪਹਿਲੀ ਵਾਰ' ਦੀ ਪੈਂਤੀਵੀਂ ਪਉੜੀ ਵਿਚ 'ਭਾਈ ਗੁਰਦਾਸ'
ਵਿਚ ਬਗ਼ਦਾਦ ਦੇ ਪੁੱਜਣ ਦਾ ਦੇਣ ਹਵਾਲਾ ਖ਼ਾਸ।

Unistar Books Pvt Ltd.

ਫਿਰਿ ਬਾਬਾ ਗਇਆ ਬਗਦਾਦਿ ਨੋ
ਬਾਹਰਿ ਜਾਇ ਕੀਆ ਅਸਥਾਨਾ।
ਇਕੁ ਬਾਬਾ ਅਕਾਲ ਰੂਪੁ
ਦੂਜਾ ਰਬਾਬੀ ਮਰਦਾਨਾ।
ਦਿਤੀ ਬਾਂਗਿ ਨਿਵਾਜਿ ਕਰਿ
ਸੁੰਨਿ ਸਮਾਨਿ ਹੋਆ ਜਹਾਨਾ।
ਸੁੰਨ ਮੁੰਨਿ ਨਗਰੀ ਭਈ
ਦੇਖਿ ਪੀਰ ਭਇਆ ਹੈਰਾਨਾ।
ਵੇਖੈ ਧਿਆਨੁ ਲਗਾਇ ਕਰਿ
ਇਕੁ ਫਕੀਰੁ ਵਡਾ ਮਸਤਾਨਾ।
ਪੁਛਿਆ ਫਿਰਿ ਕੈ ਦਸਤਗੀਰ
ਕਉਣ ਫਕੀਰੁ ਕਿਸ ਕਾ ਘਰਿਆਨਾ।
ਨਾਨਕ ਕਲਿ ਵਿਚਿ ਆਇਆ

Unistar Books Pvt

UNISTAR BOOKS PVT LTD.

ਰਬੁ ਫਕੀਰੁ ਇਕੋ ਪਹਿਚਾਨਾ।
ਧਰਤਿ ਆਕਾਸ ਚਹੂ ਦਿਸਿ ਜਾਨਾ॥੩੫॥

ਨਾਨਕ ਸਾਹਵੇਂ ਹੋਈ ਜਮ੍ਹਾ ਆ ਬਗ਼ਦਾਦੀ ਭੀੜ
ਪੁੱਜੇ ਹੈਰਾਂਕੁਨ ਹੋ ਜਾ ਉਥੇ ਦਸਤਗੀਰ।
ਤੱਕਿਆ ਸਾਹਵੇਂ ਉਸਨੇ ਵੱਡਾ ਕੋਈ ਫ਼ਕੀਰ
ਬੇਪਰਵਾਹੀ ਵਿਚ ਹੈ ਬੈਠਾ ਨੇਤਰ ਭੀੜ।
ਮਿਲ ਕੇ ਜਦੋਂ ਜਾਣਿਆ ਹੋਇਆ ਬਹੁਤ ਹੈਰਾਨ
ਬਾਝ ਖ਼ੁਦਾ ਨਾ ਰੱਖਦਾ ਖ਼ਾਹਿਸ਼ ਕਿਸੀ ਦੀ ਆਣ।
ਜੀਕੂੰ ਉੱਤਰੀ ਸਿਰ ਤੋਂ ਭਾਰੀ ਸ਼ਰ੍ਹਾ ਦੀ ਪੰਡ
ਪੱਥਰ ਮਨਾਂ 'ਚੋਂ ਤਤਕਾਲ 'ਨ੍ਹੇਰਾ ਗਿਆ ਛੰਡ।
ਆਲਮ ਫ਼ਾਜ਼ਲ ਕਈ ਖਲੀਫ਼ੇ ਹੈ ਸੀ ਪੀਰ ਦੇ ਨਾਲ਼
ਚਰਚਾ ਕਰਕੇ ਦਸਤਗੀਰ ਪੁੱਛੇ ਕਈ ਸਵਾਲ।
"ਕਿਸ ਘਰਾਣੇ ਵਿਚ ਤੂੰ ? ਕੌਣ ਹੈਂ ਤੂੰ ਫ਼ਕੀਰ ?
ਕਿਸ ਤੋਂ ਲਿਆ ਭੇਖ ਇਹ ? ਪੁੱਛਿਆ ਦਸਤਗੀਰ ?"
ਕਿਹਾ ਰਬਾਬੀ, "ਰੱਬ ਦੇ ਭੇਖ ਦਾ ਇਹ ਫ਼ਕੀਰ
ਰੱਦ ਕੀਤੇ ਸਭ ਭੇਖ ਇਸ ਸਭ 'ਤੇ ਮਾਰ ਲਕੀਰ।
ਕਲਜੁਗ ਅੰਦਰ ਆ ਗਿਆ ਸਾਹਿਬ ਦੀ ਰਜ਼ਾ
ਇਕ ਰੱਬ ਨੂੰ ਪਹਿਚਾਣਦਾ 'ਨਾਨਕ' ਇਸ ਦਾ ਨਾਂ'।
ਇੱਦਾਂ ਆਖ ਕੇ ਮਰਦਾਨੇ ਛੇੜੀ ਧੁਨ ਰਬਾਬ
ਜਪੁਜੀ ਵਿਚੋਂ ਉਚਰੇ ਮਿੱਠੀ ਬਾਣੀ ਅਲਫ਼ਾਜ਼।

ਪਾਤਾਲਾ ਪਾਤਾਲ ਲਖ ਆਗਾਸਾ ਆਗਾਸ॥
ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ॥
ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ॥
ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ॥
ਨਾਨਕ ਵਡਾ ਆਖੀਐ ਆਪੇ ਜਾਣੈ ਆਪੁ॥੨੨॥ (**ਗੁਰੂ ਗ੍ਰੰਥ**, ਪੰਨਾ 5)

"ਚੌਦਾਂ ਤਬਕ ਨੇ ਮੰਨਦੇ ਵਿਚ ਸਾਡੇ ਇਸਲਾਮ
ਜਦ ਕਿ ਤੁਸੀਂ ਹੋ ਆਖਦੇ ਲਖ ਧਰਤੀ ਅਸਮਾਨ।"
ਨਾਨਕ ਕਿਹਾ, "ਦਸਤਗੀਰ! ਸਿਰਜਨਹਾਰ ਬੇਅੰਤ
ਰਚਨਾ ਅਪਰੰਪਾਰ ਉਸ ਕਿਸੀ ਨਾ ਪਾਇਆ ਅੰਤ।"
ਦਸਤਗੀਰ ਪੁਤ ਜੁਲ ਜਲੂਲ ਕਰ ਬਿਨਤ ਕਿਹਾ ਦਾਤਾਰ
"ਮੈਨੂੰ ਵੀ ਦਿਖਲਾ ਦਿਉ 'ਅੰਤਿਮ ਸਤਿ' ਕਰਤਾਰ।"


UNISTAR BOOKS PVT LTD. Unistar Books Pvt Ltd.

UNISTAR BOOKS PVT LTD.

ਵਿਚ ਤਬਕਾਂ ਦੀ ਕੈਦ ਦੇ ਜੋ ਬੱਝੀ ਸੀ ਉਸ ਜਿੰਦ
ਵਿਚ ਆਦੇਸ਼ ਅਕਾਲ ਦੇ ਉੱਡੀ ਵਾਂਗ ਪਰਿੰਦ।
ਜਾਪਿਆ ਜੁਲ ਜਲੂਲ ਜਿਉਂ ਘੁੰਮੇ ਵਿਚ ਬ੍ਰਹਿਮੰਡ
ਲੇਖਾ ਧਰਤ ਆਕਾਸ਼ ਤਕ ਬੁੱਧੀ ਗਈ ਛੰਡ!
ਧੁਰ ਪਾਤਾਲੋਂ ਕੜਾਹ ਪ੍ਰਸ਼ਾਦ ਲਿਆਏ ਭਰ ਕਚਕੌਲ
ਨਾਨਕ ਔਲੀਏ ਵੰਡਿਆ ਸਭਨਾਂ ਵਿਚ ਸਮਤੋਲ।
ਜ਼ਾਹਰ ਕਲਾ ਅਚਰਜ ਹਵਾਲਾ ਦਿੰਦਿਆਂ ਭਾਈ ਗੁਰਦਾਸ
ਪਹਿਲੀ ਵਾਰ ਦੀ ਛੇਵੀਂ ਪਉੜੀ 'ਚ ਲਿਖਿਆ ਖ਼ਾਸ।

ਪੁਛੇ ਪੀਰ ਤਕਰਾਰ ਕਰਿ ਏਹੁ ਫਕੀਰੁ ਵਡਾ ਅਤਾਈ।
ਏਥੇ ਵਿਚਿ ਬਗਦਾਦ ਦੇ ਵਡੀ ਕਰਾਮਾਤਿ ਦਿਖਲਾਈ।
ਪਾਤਾਲਾ ਆਕਾਸ ਲਖਿ
ਓੜਕਿ ਭਾਲੀ ਖਬਰਿ ਸੁਣਾਈ।
ਫੇਰਿ ਦੁਰਾਇਨ ਦਸਤਗੀਰ
ਅਸੀ ਭਿ ਵੇਖਾ ਜੋ ਤੁਹਿ ਪਾਈ।

Unistar Books Pvt

ਨਾਲਿ ਲੀਤਾ ਬੇਟਾ ਪੀਰ ਦਾ
ਅਖੀ ਮੀਟਿ ਗਇਆ ਹਵਾਈ।
ਲਖ ਆਕਾਸ ਪਤਾਲ ਲਖ
ਅਖਿ ਫੁਰਕ ਵਿਚਿ ਸਭਿ ਦਿਖਲਾਈ।
ਭਰਿ ਕਚਕੌਲ ਪ੍ਰਸਾਦਿ ਦਾ
ਧੁਰੋ ਪਤਾਲੋ ਲਈ ਕੜਾਹੀ।
ਜ਼ਾਹਰ ਕਲਾ ਨ ਛਪੈ ਛਪਾਈ॥੩੬॥

Unistar Books Pvt Ltd.

ਬਾਤਨ ਥਾਂ ਜ਼ਾਹਰ ਕਲਾ ਦਿੱਤੀ ਗੁਰ ਵਰਤਾ
ਮਰਦਾਨੇ ਨੂੰ ਸੁਰ ਰਬਾਬ ਦੇ ਛੇੜਨ ਲਈ ਕਿਹਾ।
ਦਸਤਗੀਰ ਦੇ ਪਾਸ ਹੀ ਬੈਠਾ ਸੀ ਬਹਿਲੋਲ
ਸੁਣਦਿਆਂ ਧੁਨੀ ਰਾਗ ਦੀ ਏਦਾਂ ਉੱਠਿਆ ਬੋਲ।
"ਗਾਉਣਾ ਰਾਗ ਹਰਾਮ ਹੈ ਹੈ ਸ਼ੈਤਾਨੀ ਕਾਰ
ਸੁਣਨ ਵਾਲ਼ਾ ਸ਼ੈਤਾਨ ਆ ਸਿਰ ਤੇ ਹੋਏ ਸੁਆਰ।
ਨੱਚਣਾ ਗਾਉਣਾ ਨਹੀਂ ਹੈ ਵਾਜਬ ਵਿਚ ਸ਼ਰਾਅ
ਤਾਹੀਉਂ ਕੀਤਾ ਨਬੀ ਨੇ ਮਮਨੂਆ ਰਕਸ ਸਮਾਅ।"
ਸੁਣੇ ਬਚਨ ਬਹਿਲੋਲ ਦੇ ਨਾਨਕ ਨਾਲ਼ ਪਿਆਰ
ਮਹਿਮਾ ਰਾਗ ਦੇ ਸ਼ਬਦ ਤੇ ਬੋਲੇ ਕਰ ਵੀਚਾਰ।
"ਰਾਗ ਰਤਨ ਕੀਰਤਨ ਝਰੇ ਬਾਣੀ ਅੰਮ੍ਰਿਤ ਭੂਰ



UNISTAR BOOKS PVT LTD.

ਰਬੀ ਸਿਫ਼ਤ ਸਲਾਹ ਕਰ ਅੰਦਰ ਝਰਦਾ ਨੂਰ।
ਜੁੜਿਆਂ ਰੱਬ 'ਚ ਮਿਲਦੀ ਮਿਹਰ ਮੁਹੱਬਤ ਦਾਤ
ਆਤਮ ਦਾ ਪਰਮਾਤਮਾ ਸੰਗ ਮੇਲ ਕਰਾਏ ਰਾਗ।
ਸੰਗੀਤ ਸੁਣੌਣ ਅਬਦਾਲਾਂ ਦਾ ਵਿਚ ਅੱਲਾਹ ਦੀ ਯਾਦ
ਮੋਢਿਆਂ 'ਤੇ ਚੁੱਕ ਆਇਸ਼ਾ ਸੀ ਗਏ ਮੁਹੰਮਦ ਆਪ।
ਬਣ ਜਾਏ ਕੀਰਤਨ ਜਦੋਂ ਸ਼ਬਦ ਵਿਚ ਰਲ਼ ਰਾਗ
ਸੁਣਦਿਆਂ ਆਤਮ ਸ਼ਾਂਤ ਹੋਇ ਸ਼ਬਦ ਗੁਰ ਲਿਵ ਲਾਗ।"
ਸੋਚ ਰਹੇ ਜੋ ਅਜੇ ਤੀਕ ਸੀ ਗਾਉਣਾ ਰਾਗ ਹਰਾਮ
ਅੰਦਰੋਂ ਅੰਦਰੀਂ ਮਸਤ ਹੋਏ ਸੁਣ ਰੱਬੀ ਪੈਗ਼ਾਮ।
ਰੋਮ ਰੋਮ ਗਿਆ ਲਰਜ਼ਿਆ ਖੜ੍ਹੇ ਸੀ ਜੋ ਅਧੀਰ
ਨਾਨਕ ਦੀ ਅਜ਼ਮਤ ਅੱਗੇ ਝੁਕਿਆ ਦਸਤਗੀਰ।
ਸਿਜਦਾ ਕੀਤਾ ਸਭਨਾਂ ਫਿਰ ਬਾਬੇ ਅੱਗੇ ਝੁਕ
ਸ਼ਰਧਾ ਰੱਖ ਬਹਿਲੋਲ ਵੀ ਬਣਿਆ ਨਾਨਕ ਸਿੱਖ।
ਜੀਉਂਦਾ ਰਿਹਾ ਫ਼ਕੀਰ ਇਹ ਮਗਰੋਂ ਵੀ ਸੱਠ ਸਾਲ
ਨਾਨਕ ਦੀਆਂ ਸਿੱਖਿਆਵਾਂ ਦਾ ਕੀਤਾ ਉਸ ਪ੍ਰਚਾਰ।

ਨਿਰਭੈ ਨਾਨਕ ਦਾ ਮੁਰਸ਼ਦ ਬਣ ਆਉਣਾ ਵਿਚ ਬਗ਼ਦਾਦ
ਬਹਿਲੋਲ ਥੜ੍ਹਾ ਬਣਾਇਆ ਵਿਚ ਸਾਹਿਬ ਦੀ ਯਾਦ।
ਵਿਚ ਤੁਰਕੀ ਜ਼ੁਬਾਨ ਉਸ ਪੱਥਰ ਉੱਕਰਵਾ
ਯਾਦਗਾਰੀ ਇਸ ਥੜ੍ਹੇ 'ਤੇ ਦਿੱਤਾ ਉਸ ਲੁਆ।
ਅਰਬੀ ਤੁਰਕੀ ਮਿਲੀ ਇਬਾਰਤ ਹਵਾਲੇ ਅਨੁਸਾਰ
ਲਿਖੀ ਭਾਈ ਵੀਰ ਸਿੰਘ ਵਿਚ **ਗੁਰ ਨਾਨਕ ਚਮਤਕਾਰ**।
"ਕੋਰਲਾ ਮੁਰਾਦ ਐਲਦੀ ਹਜ਼ਰਤ ਰੱਬਿ ਮਜੀਦ
ਬਾਬਾ ਨਾਨਕ ਫ਼ਕੀਰ ਔਲ਼ਾ ਨਾਕਿ ਇਮਾਰਤੇ ਜ਼ਦੀਦ।
ਯਦੀਲਰ ਇਮਦਾਦ ਐਦੂਬ ਕਿਲਦੀ ਕਿ ਤਾਰੀਖੇਨਾ
ਯਾਪਦੀ ਨਵਾਬ ਅਜ਼ਾ ਯਰਾ ਅਬੀ ਮੁਰੀਦ ਸਈਦ। (ਸੰ. 917 ਹਿਜਰੀ)
ਪਾਸ ਥੜੇ ਦੇ ਬੈਠ ਉਸ ਡਾਢੀ ਸ਼ਰਧਾ ਨਾਲ਼
ਵਿਚ ਇਬਾਦਤ ਸੱਠ ਸਾਲ ਦਿੱਤੇ ਸੀ ਗੁਜ਼ਾਰ।

## ਹਿੰਦ ਵਾਪਸੀ—ਤਹਿਰਾਨ

ਸਿੱਧਾ ਰਾਹ ਬਗ਼ਦਾਦ ਤੋਂ ਸੀ ਆਉਂਦਾ ਵੱਲ ਕੰਧਾਰ
ਜਨਮ ਸਾਖੀ ਭਾਈ ਬਾਲਾ ਵਿਚ ਮਿਲਦਾ ਹੈ ਵਿਸਤਾਰ।
ਬਹੁਤ ਪੁਰਾਣਾ ਨਗਰ ਹੈ ਤਬਰੇਜ ਜੋ ਵਿਚ ਈਰਾਨ



UNISTAR BOOKS PVT LTD.
Unistar Books Pvt Ltd.

ਦਸਾਂ ਦਿਨਾਂ 'ਚ ਪੁੱਜਿਆ ਸੀ ਇਬਨ ਬਤੂਤਾ ਆਣ।
ਬਾਬਾ ਨਾਨਕ ਏਸ ਥਾਂ ਕੁਝ ਕੁ ਸਮਾਂ ਬਿਰਾਜ
ਆਰੀਆ ਲੋਕਾਂ ਦੀ ਧਰਤ ਤਹਿਰਾਨ ਪੁੱਜੇ ਮਹਾਰਾਜ।
ਵਿਚ ਤਬਰੇਜ ਦੀ ਜੰਗ 'ਚੋਂ ਸ਼ਾਹ ਇਸਮਾਇਲ ਹਾਰ
ਭੱਜ ਆਇਆ ਤਹਿਰਾਨ ਵਿਚ ਝਲਦਾ ਵਕਤ ਦੀ ਮਾਰ।
ਦੁੱਖ ਭੰਜਨ ਗਰੀਬ ਨਿਵਾਜ ਪੁੱਜੇ ਜਦ ਤਹਿਰਾਨ
ਸ਼ਾਹ ਇਸਮਾਈਲ ਤੇ ਬੇਗ਼ਮ ਚਰਨੀਂ ਲੱਗੇ ਆਣ।
ਬੇਔਲਾਦ ਜੋੜੇ ਕਰੀ ਬਿਨਤੀ ਪੁੱਤਰ ਹੇਤ
ਗਰਭਵਤੀ ਬੇਗ਼ਮ ਹੋਈ ਗੁਰ ਚੋਲ਼ਾ ਕੀਤਾ ਭੇਂਟ।
ਪਾਦਰੀ, ਪਾਰਸੀ, ਪੀਰ, ਫ਼ੱਕਰ ਸ਼ਰਨੀ ਆਏ ਹਜ਼ੂਰ
ਸਭਨਾਂ ਦੇ ਬਾਬਾ ਨਾਨਕ ਨੇ ਸ਼ੰਕੇ ਕੀਤੇ ਦੂਰ।
ਸ਼ਾਹ ਇਸਮਾਇਲ ਰਾਜ-ਪ੍ਰਾਪਤੀ ਲਈ ਕੀਤੀ ਫ਼ਰਯਾਦ
ਗੁਰਾਂ ਕਿਹਾ, "ਕੁਝ ਚਿਰ ਬਾਅਦ ਵਾਪਸ ਮਿਲੇਗਾ ਰਾਜ"।
ਤਹਿਰਾਨ ਧਰਤੀ ਜਨਮੇ ਸੀ ਸਾਹਿਤਕਾਰ ਮਹਾਨ
ਪਹਿਲਾ ਸੀ 'ਫਿਰਦੌਸੀ' ਦੂਜਾ ਹੈ ਸੀ 'ਉਮਰ ਖਯਾਮ'।
ਲੰਬਾ ਪੈਂਡਾ ਤਹਿ ਕਰ ਗੁਰ ਦੇ ਕੇ ਸਤਿ ਪੈਗ਼ਾਮ
'ਹਾਰੂੰ-ਅਲ-ਰਸੀਦ ਖਲੀਫਾ' ਕਬਰ 'ਤੇ ਪੁੱਜੇ ਆਣ।

**ਮਸਹਦ**

ਮਸਹਦ ਦਾ ਸ਼ਬਦੀ ਅਰਥ ਸ਼ਹੀਦ ਹੋਣ ਦੀ ਥਾਂ
ਦੂਰੋਂ-ਦੂਰੋਂ ਲੋਕ ਚੱਲ ਕਰਨ ਜ਼ਿਆਰਤ ਆ।
ਮਸਹਦ ਮਹਾਂਨਗਰ ਜੋ ਰਾਜਧਾਨੀ ਖੁਰਾਸਾਨ
ਵਰ੍ਹਿਆਂ ਤੱਕ ਕੇਂਦਰ ਰਿਹਾ ਸ਼ੀਆ ਮੁਸਲਮਾਨ।
ਸ਼ੀਆ ਲੋਕਾਂ ਪੁੱਛਿਆ ਗੁਰੂ ਨਾਨਕ ਤਾਈਂ ਆਣ
"ਹਜ਼ਰਤ ਅਲੀ ਪੈਗ਼ੰਬਰ ਵਿਚ ਰੱਖਦੇ ਹੋ ਈਮਾਨ।"
ਗੁਰਾਂ ਕਿਹਾ, "ਪੈਗ਼ੰਬਰ ਜੋ ਲਿਆਂਦੇ ਉਸਦਾ ਪੈਗ਼ਾਮ
ਅੱਲਾਹ ਦੇ ਪੈਗ਼ਾਮ 'ਤੇ ਹੀ ਕੇਂਦ੍ਰਤ ਕਰਨਾ ਧਿਆਨ।"
'ਸੀਆ ਜਾਂ ਸੁੰਨੀ ਹੋ' ਪੁੱਛਿਆ ਜਦ ਅਬਦੁਲ ਰਹਿਮਾਨ
ਨਾਨਕ ਕਿਹਾ, "ਸਭ ਵਿਚ ਇਕ ਨੂਰ ਵਿਦਮਾਨ।"
ਖ਼ੁਦੀ ਅਤੇ ਤਕੱਬਰੀ ਕਰਕੇ ਮਨਾਂ 'ਚੋਂ ਦੂਰ
ਨੇੜੇ ਹੋ ਦਿਸ ਆਂਵਦਾ ਸਰਬ ਕਲਾ ਭਰਪੂਰ।
ਰੌਸ਼ਨ ਕਰੇ ਨ੍ਹੇਰੇ ਚਿਰਾਗ਼ ਮੇਟ ਖ਼ੁਦੀ ਹੰਕਾਰ
ਕੁਝ ਕੁ ਸਮਾਂ ਠਹਿਰ ਕਰ ਤੁਰ ਪਏ ਵੱਲ ਕੰਧਾਰ।

UNISTAR BOOKS PVT LTD.
Unistar Books Pvt Ltd.
Unistar Books Pvt Ltd.
UNISTAR BOOKS PVT LTD.

## ਕੰਧਾਰ

ਅਫ਼ਗਾਨਿਸਤਾਨ ਦੇ ਦੱਖਣ ਵਿਚ ਹੈ ਕੰਧਾਰ ਸਥਿਤ
ਕਾਬੁਲ ਮਗਰੋਂ ਦੂਜਾ ਵੱਡਾ ਸ਼ਹਿਰ ਨੇ ਮੰਨਣ ਇਸ।
ਸ਼ਹਿਰ ਕੰਧਾਰ ਵਸਾਇਆ ਸਿਕੰਦਰ ਮਹਾਨ
ਮੁੱਖ ਵਸੋਂ ਪੁਖ਼ਤੈਨਾਂ ਦੀ ਪਸ਼ਤੋ ਬੋਲੇ ਆਣ।
ਸੂਫ਼ੀ ਯਾਰ ਵਲੀ ਪਾਸ ਪੁੱਜੇ ਜਾ ਦਾਤਾਰ
ਮਜ਼੍ਹਬੀ ਫ਼ਤਵੇ ਵਿਤਕਰਿਆਂ ਵਿਚ ਰਹਿੰਦਾ ਸੀ ਬੇਜ਼ਾਰ।
ਤੱਕਿਆ ਨੂਰੀ ਮੁੱਖੜਾ ਪੀਰ ਜੋ ਨਾਲ਼ ਧਿਆਨ
ਬਿਰਤੀ ਬਦਲੀ ਅੰਦਰੋਂ ਸ਼ਰਧਾ ਉਸਦੀ ਆਣ।
ਪੁੱਛਿਆ, "ਪੀਰ ਹੈ ਕੌਣ ਤੁਧ ?" ਬਾਬੇ ਕਿਹਾ, "ਕਰਤਾਰ"
ਉੱਤਰ ਸੁਣ ਕੇ ਹੋਇਆ ਨਦਰੀ ਨਦਰ ਨਿਹਾਲ।
ਨੂਰੀ ਮੁੱਖ ਜੋ ਦੇਖਣ ਦੀ ਸੀ ਲੰਮੇ ਸਮੇਂ ਤੋਂ ਭਾਲ਼
ਧੰਨ ਭਾਗ ਸਮਝੇ ਉਸਨੇ ਜੋ ਪੂਰਨ ਹੋਈ ਘਾਲ਼।
ਕਦਮਬੋਸੀ ਕਰ ਬੋਲਿਆ ਵਲੀ ਵਿਚ ਸਤਿਕਾਰ
ਆਖਿਆ, "ਮਾਰਗ ਸਤਿ ਦੀ ਦਸੋ ਸੋਝੀ ਸਾਰ!"
ਗੁਰਮਤਿ ਦੀ ਸੋਝੀ ਬਖ਼ਸ਼ ਬੰਦਗੀ ਤਾਈਂ ਪ੍ਰੇਰ
ਨਿਸ਼ਾ ਕਰਾਈ ਵਲੀ ਦੀ ਕੱਟੇ ਮਾਇਆ ਫੇਰ।
ਵਿਚ ਕੰਧਾਰ ਦੇ ਬਖ਼ਸ਼ ਕੇ ਲੋਕਾਂ ਨੂੰ ਜੀਅ ਦਾਨ
ਰਾਜਧਾਨੀ ਅਫ਼ਗਾਨਿਸਤਾਨ ਦੀ ਕਾਬਲ ਪੁੱਜੇ ਆਣ।

## ਕਾਬਲ

ਜ਼ਹੀਰੁਦੀਨ ਮੁਹੰਮਦ ਬਾਬਰ ਦੀ ਆਰਾਮਗਾਹ
ਨੇੜੇ ਹੀ ਮਹਿਲਾਂ ਨੇੜੇ ਕੀਤਾ ਗੁਰ ਡੇਰਾ ਜਾ।
ਬਾਬਾ ਤੇ ਮਰਦਾਨਾ ਸੀ ਕਾਬਲ ਪੁੱਜੇ ਜਦ
ਭੇਰੇ ਦੀ ਮੁਹਿੰਮ ਤੋਂ ਸੀ ਬਾਬਰ ਮੁੜਿਆ ਤਦ।
ਅੰਮ੍ਰਿਤ ਵੇਲਾ ਸਤਿਨਾਮ ਦੀ ਸੁਣ ਕੇ ਆਵਾਜ਼
ਮੁਸਲਮਾਨ ਫ਼ਕੀਰ ਪੁੱਜ ਕੇ ਬੈਠੇ ਨਾਨਕ ਪਾਸ
'ਰਾਗ ਸੂਹੀ ਕੁਚੱਜੀ' ਬਾਬੇ ਸ਼ਬਦ ਉਚਾਰ ਕੇ ਆਪ
ਬੇਸ਼ਊਰੀ ਡੋਹਾਗਣ ਦੀ ਨਾਨਕ ਪਾਈ ਬਾਤ।

ਮੰਞੁ ਕੁਚਜੀ ਅੰਮਾਵਣਿ ਡੋਸੜੇ
ਹਉ ਕਿਉ ਸਹੁ ਰਾਵਣਿ ਜਾਉ ਜੀਉ॥



UNISTAR BOOKS PVT LTD.
Unistar Books Pvt Ltd.

ਇਕ ਦੂ ਇਕਿ ਚੜੰਦੀਆ
ਕਉਣੁ ਜਾਣੈ ਮੇਰਾ ਨਾਉ ਜੀਉ॥
ਜਿਨ੍ਹੀ ਸਖੀ ਸਹੁ ਰਾਵਿਆ
ਸੇ ਅੰਬੀ ਛਾਵੜੀਏਹਿ ਜੀਉ॥
ਸੇ ਗੁਣ ਮੰਞੁ ਨ ਆਵਨੀ
ਹਉ ਕੈ ਜੀ ਦੋਸ ਧਰੇਉ ਜੀਉ॥
ਕਿਆ ਗੁਣ ਤੇਰੇ ਵਿਥਰਾ
ਹਉ ਕਿਆ ਕਿਆ ਘਿਨਾ ਤੇਰਾ ਨਾਉ ਜੀਉ॥
ਇਕਤੁ ਟੋਲਿ ਨ ਅੰਬੜਾ
ਹਉ ਸਦ ਕੁਰਬਾਣੈ ਤੇਰੈ ਜਾਉ ਜੀਉ॥
ਸੁਇਨਾ ਰੁਪਾ ਰੰਗੁਲਾ
ਮੋਤੀ ਤੈ ਮਾਣਿਕੁ ਜੀਉ॥
ਸੇ ਵਸਤੂ ਸਹਿ ਦਿਤੀਆ
ਮੈ ਤਿਨ੍ ਸਿਉ ਲਾਇਆ ਚਿਤੁ ਜੀਉ॥
ਮੰਦਰ ਮਿਟੀ ਸੰਦੜੇ
ਪਥਰ ਕੀਤੇ ਰਾਸਿ ਜੀਉ॥
ਹਉ ਏਨੀ ਟੋਲੀ ਭੁਲੀਅਸੁ
ਤਿਸੁ ਕੰਤ ਨ ਬੈਠੀ ਪਾਸਿ ਜੀਉ॥
ਅੰਬਰਿ ਕੂੰਜਾ ਕੁਰਲੀਆ
ਬਗ ਬਹਿਠੇ ਆਇ ਜੀਉ॥
ਸਾ ਧਨ ਚਲੀ ਸਾਹੁਰੈ
ਕਿਆ ਮੁਹੁ ਦੇਸੀ ਅਗੈ ਜਾਇ ਜੀਉ॥
ਸੁਤੀ ਸੁਤੀ ਝਾਲੁ ਥੀਆ
ਭੁਲੀ ਵਾਟੜੀਆਸੁ ਜੀਉ॥
ਤੈ ਸਹ ਨਾਲਹੁ ਮੁਤੀਅਸੁ
ਦੁਖਾ ਕੂੰ ਧਰੀਆਸੁ ਜੀਉ॥
ਤੁਧੁ ਗੁਣ ਮੈ ਸਭਿ ਅਵਗਣਾ
ਇਕ ਨਾਨਕ ਕੀ ਅਰਦਾਸਿ ਜੀਉ॥
ਸਭਿ ਰਾਤੀ ਸੋਹਾਗਣੀ
ਮੈ ਡੋਹਾਗਣਿ ਕਾਈ ਰਾਤਿ ਜੀਉ॥੧॥ (**ਗੁਰੂ ਗ੍ਰੰਥ**, ਪੰਨਾ 753)

ਨਿਰਸੰਦੇਹ ਆਵਾਜ਼ ਪਈ ਜੋ ਬਾਬਰ ਕੰਨੀਂ ਜਾ
ਸਭਨਾਂ ਦੀ ਗ੍ਰਿਫ਼ਤਾਰੀ ਲਈ ਦਿੱਤਾ ਹੁਕਮ ਸੁਣਾ।

UNISTAR BOOKS PVT LTD.
Unistar Books Pvt Ltd.

ਚੱਕੀ ਪੀਹਣੇ ਲਾਇਆ ਤਦ ਸਭਨਾਂ ਨੂੰ ਸਰਕਾਰ
ਮੰਨੀ ਜਾਏ ਜੋ ਸਮੇਂ ਦੀ ਕਠਿਨ ਮੁਸ਼ੱਕਤ ਕਾਰ।
ਨਾਲ਼ ਕੈਦੀਆਂ ਜਾ ਬਹੇ ਗੁਰੂ ਰਬਾਬੀ ਨਾਲ਼
ਬਾਕੀ ਪੀਹਣ ਚੱਕੀਆਂ ਬਾਬੇ ਲਿਵ ਜੁੜੀ ਦਇਆਲ।
ਚੱਕੀ ਆਪੇ ਚੱਲ ਰਹੀ ਜਾ ਫੈਲੀ ਚਰਚਾ ਬਾਹਰ
ਮਸਤਾਨਾ ਜੋਗੀ ਖ਼ੁਦਾਇਆ ਜੱਗ 'ਚ ਹੋਇਆ ਜ਼ਾਹਰ।
ਬਾਬਰ ਤੱਕਿਆ ਜਾਇਕੇ 'ਇਹ ਤਾਂ ਸਾਈਂ ਫ਼ਕੀਰ'
ਜਾਣ ਦੀ ਉਤਸੁਕਤਾ ਵਿਚ ਹੋਇਆ ਮਨ ਬੇਧੀਰ।
ਮਹਿਲਾਂ ਦੇ ਵਿਚ ਆਉਣ ਲਈ ਦਿੱਤਾ ਗੁਰ ਸੱਦਾ
ਬਾਬੇ ਕਿਹਾ, "ਨਿਰਦੋਸ਼ਿਆਂ ਨੂੰ ਪਹਿਲਾਂ ਕਰੋ ਰਿਹਾਅ।"
ਬਾਬਰ ਮੰਨ ਆਦੇਸ਼ ਗੁਰ ਛੱਡੇ ਸਭ ਫ਼ਕੀਰ
ਪੁੱਜੇ ਮਹਿਲਾਂ ਵਿਚ ਜਾ ਸਾਹਿਬ ਗੁਣੀ ਗਹੀਰ।

ਭੰਗ ਦਾ ਪਿਆਲਾ ਲਿਆਉਣ ਲਈ ਕੀਤਾ ਬਾਬਰ ਆਦੇਸ਼
'ਭੰਗ ਨਹੀਂ ਪੀਂਦੇ ਅਸੀਂ' ਗੁਰ ਬੋਲੇ ਬਿਨ ਡਰ ਝੇਪ।
"ਚਿਹਰੇ 'ਤੇ ਜੋ ਮਸਤੀਆਂ ਫਿਰ ਕਿੱਦਾਂ ਦਾ ਸਰੂਰ ?"
ਗਾਇਨ ਕੀਤਾ ਸ਼ਬਦ ਗੁਰ ਰੰਗ ਇਲਾਹੀ ਨੂਰ!

ਭਉ ਤੇਰਾ ਭਾਂਗ ਖਲੜੀ ਮੇਰਾ ਚੀਤੁ॥
ਮੈ ਦੇਵਾਨਾ ਭਇਆ ਅਤੀਤੁ॥
ਕਰ ਕਾਸਾ ਦਰਸਨ ਕੀ ਭੂਖ॥
ਮੈ ਦਰਿ ਮਾਗਉ ਨੀਤਾ ਨੀਤ॥੧॥
ਤਉ ਦਰਸਨ ਕੀ ਕਰਉ ਸਮਾਇ॥
ਮੈ ਦਰਿ ਮਾਗਤੁ ਭੀਖਿਆ ਪਾਇ॥੧॥ ਰਹਾਉ॥
ਕੇਸਰਿ ਕੁਸਮ ਮਿਰਗਮੈ ਹਰਣਾ
ਸਰਬ ਸਰੀਰੀ ਚੜ੍ਹਣਾ॥
ਚੰਦਨ ਭਗਤਾ ਜੋਤਿ ਇਨੇਹੀ
ਸਰਬੇ ਪਰਮਲੁ ਕਰਣਾ॥੨॥
ਘਿਅ ਪਟ ਭਾਂਡਾ ਕਹੈ ਨ ਕੋਇ॥
ਐਸਾ ਭਗਤੁ ਵਰਨ ਮਹਿ ਹੋਇ॥
ਤੇਰੈ ਨਾਮਿ ਨਿਵੇ ਰਹੇ ਲਿਵ ਲਾਇ॥
ਨਾਨਕ ਤਿਨ ਦਰਿ ਭੀਖਿਆ ਪਾਇ॥੩॥੧॥੨॥ (**ਗੁਰੂ ਗ੍ਰੰਥ**, ਪੰਨਾ-721)

ਜਾਣੇ ਭਾਵ ਜੋ ਸ਼ਬਦ ਦੇ ਬਾਬਰ ਹੋਆ ਨਿਹਾਲ
ਰੱਖਿਆ ਬਾਬੇ ਸਾਹਮਣੇ ਭਰ ਹੀਰੇ ਮੋਤੀਆਂ ਥਾਲ਼।



UNISTAR BOOKS PVT LTD.
Unistar Books Pvt Ltd.

ਕਿਹਾ, "ਸੁਲਤਨਤ ਹਿੰਦ ਲਈ ਦਿਉ ਅਸੀਸ ਦਇਆਲ।"
ਕੀਤੇ ਬਚਨ ਹਜ਼ੂਰ ਤਦ 'ਭਲੀ ਕਰੂ ਕਰਤਾਰ'।
"ਇਕੋ ਜਿਹਾ ਵਰਤਣਾ ਮਜ਼ਲੂਮਾਂ ਦੇ ਸੰਗ
ਤੰਗ ਨਹੀਂ ਕਰਨਾ ਕਿਸੇ ਪੂਰੀ ਹੋਊ ਉਮੰਗ।
ਪਾਤਸ਼ਾਹੀ ਹਿੰਦ ਪਾਉਣ ਦਾ ਵਰ ਦਿੱਤਾ 'ਸਾਹਿਬ ਰਜਾਇ'
ਕਰਨਾ ਅਦਲ ਪਾਤਸ਼ਾਹ! ਦਿਲ ਰੱਖ ਖ਼ੌਫ਼ ਖ਼ੁਦਾਇ।"
'ਭਾਈ ਗੁਰਦਾਸ ਦੀ ਵਾਰ' 'ਚੋਂ ਮਿਲੇ ਹਵਾਲਾ ਠੀਕ
ਮੰਨਦੇ ਨੇ ਜਿਸ ਨੂੰ ਬਾਬਰ ਸੰਗ ਮਿਲਣੀ ਦਾ ਪ੍ਰਤੀਕ।

ਬਾਬਰ ਕੇ ਬਾਬੇ ਮਿਲੇ ਨਿਵਿ ਨਿਵਿ ਸਭ ਨਬਾਬ ਨਿਵਾਇਆ।
ਪਤਿਸਾਹਾ ਮਿਲਿ ਵਿਛੁੜੇ ਜੋਗ ਭੋਗ ਛਡਿ ਚਲਿਤੁ ਰਚਾਇਆ।
ਦੀਨ ਦੁਨੀਆ ਦਾ ਪਾਤਿਸਾਹੁ ਬੇਮੁਹਤਾਜੁ ਰਾਜੁ ਘਰਿ ਆਇਆ।
ਕਾਦਰ ਹੋਇ ਕੁਦਰਤਿ ਕਰੇ ਏਹ ਭਿ ਕੁਦਰਤਿ ਸਾਂਗੁ ਬਣਾਇਆ।
ਇਕਨਾ ਜੋੜ ਵਿਛੋੜਦਾ ਚਿਰੀ ਵਿਛੁੰਨੇ ਆਣਿ ਮਿਲਾਇਆ।
ਸਾਧਸੰਗਤਿ ਵਿਚਿ ਅਲਖੁ ਲਖਾਇਆ॥੨੧॥

ਸੰਵਰੇ ਨਾਨਕ ਜਿਨ੍ਹਾਂ ਦੇ ਲੋਕ ਅਤੇ ਪਰਲੋਕ
ਅੱਜ ਵੀ ਪੈੜਾਂ ਉਹ ਦੀਆਂ ਨੂੰ ਤਰਸ ਰਹੇ ਨੇ ਲੋਕ।
ਛੋਹ ਗੁਰਾਂ ਦੀ ਪਾ ਖੁੱਲ੍ਹੇ ਚੱਕੀ ਦੇ ਸੁਭਾਗ
ਮਸਤਾਨਾ ਜੋਗੀ ਲੋਕੀਂ ਅੱਜ ਵੀ ਕਰਦੇ ਯਾਦ।
ਕਾਬਲ ਦੀ ਭੌਂ ਤਾਰ ਕੇ ਗੁਰ ਪੁੱਜੇ ਜਲਾਲਾਬਾਦ
ਇਤਿਹਾਸਕ ਗੁਰਦੁਆਰਾ ਬਣਿਆ ਬਾਬੇ ਦੀ ਯਾਦ।
ਥੋੜ੍ਹੀ ਦੂਰੀ ਉੱਤਰ ਪੱਛਮ ਸੁਲਤਾਨਪੁਰ ਅਸਥਾਨ
ਨਾਲ਼ ਰਬਾਬੀ ਮਰਦਾਨਾ ਦੇ ਸਾਹਿਬ ਪੁੱਜੇ ਆਣ।
ਲੋਕਾਂ ਤਾਈਂ ਲਾ ਗੁਰੂ ਸਤਿਨਾਮ ਦੀ ਜਾਗ
ਜਾਰੀ ਕੀਤਾ ਚਸ਼ਮਾ ਬੰਜਰ ਧਰਤੀ ਲਾ ਭਾਗ।
ਵੈਸਾਖੀ ਦੇ ਪੁਰਬ 'ਤੇ ਸੰਗਤ ਅਫ਼ਗਾਨਿਸਤਾਨ
'ਚਸ਼ਮਾ ਬਾਬਾ ਨਾਨਕ' 'ਤੇ ਹੋਏ ਇਕੱਠੀ ਆਣ।
ਜੋੜ ਮੇਲੇ ਨੇ ਲਗਦੇ ਗੁਰ ਭਾਗ ਲਾਏ ਜਿਸ ਥਾਂਵ
ਖ਼ੈਬਰ ਦਰਾ ਲੰਘ ਗੁਰ ਪਿਸ਼ਾਵਰ ਪੁੱਜੇ ਆਣ।

## ਪਿਸ਼ਾਵਰ

ਨਾਨਕ ਸਮੇਂ ਪਿਸ਼ਾਵਰ ਦਾ ਪਰਸ਼ਾਵਰ ਸੀ ਨਾਂ
ਇਹੀ ਨਾਮ ਬਾਬਰ ਆਪਣੀ 'ਤੋਜ਼ਕ' ਵਿਚ ਲਿਖਿਆ।

UNISTAR BOOKS PVT LTD
Unistar Books Pvt Ltd
Unistar Books Pvt Ltd
UNISTAR BOOKS PVT LTD

UNISTAR BOOKS PVT LTD.

ਗੋਰਖ ਹੱਟੜੀ ਪਿਸ਼ਾਵਰ ਦੀ ਵੱਡੀ ਇਕ ਸਰਾਂ
ਕਿਸੀ ਸਮੇਂ ਵਿਚ ਰਿਹਾ ਜੋ ਵੱਡਾ ਬੋਧੀ ਥਾਂ।
ਸੌ ਫੁੱਟ ਦੇ ਆਕਾਰ ਦਾ ਵੱਡਾ ਬੋਧੀ ਰੁੱਖ
ਘਣ ਸ਼ਾਖਾ ਸੰਘਣੀ ਛਾਯਾ ਵੱਲ ਅਕਾਸ਼ ਦੇ ਮੁੱਖ।
ਬੋਧੀ ਲੋਕ ਸੀ ਆਂਵਦੇ ਮੰਨ ਜਗ੍ਹਾ ਇਹ ਖ਼ਾਸ
ਬੈਠੇ ਇਸ ਥੱਲੇ ਗੌਤਮ, ਸੀ ਉਨ੍ਹਾਂ ਵਿਸ਼ਵਾਸ।
ਮਰਦਾਨੇ ਦੇ ਸੰਗ ਗੁਰ ਜਦ ਡੇਰਾ ਕੀਤਾ ਜਾ
ਗੋਰਖਪੰਥੀ ਸਾਧੂਆਂ ਦੀ ਸੀ ਤਦੋਂ ਇਹ ਥਾਂ।
ਸੀ ਟਿਕਾਣਾ ਜੋਗੀਆਂ ਦਾ 'ਗੋਰਖ ਹੱਟੜੀ' ਨਾਮ
ਕੀਤੀ ਗੋਸ਼ਟ ਸਤਗੁਰੂ ਨਾਲ਼ ਉਨ੍ਹਾਂ ਇਸ ਧਾਮ।
ਮਨ ਅੰਦਰ ਘਰ ਕਰ ਗਈ ਪ੍ਰਤਿਭਾਸ਼ਾਲੀ ਸੋਚ
ਕਹਿਣ ਲੱਗੇ 'ਗੁਰ ਹੱਟੜੀ' ਏਸ ਜਗ੍ਹਾ ਨੂੰ ਲੋਕ।
ਮੋਚੀ ਇਕ ਪੇਸ਼ੇ ਵਜੋਂ ਨਾਂ ਅਬਦੁਲ ਰਹਿਮਾਨ
ਸੁਣ ਕੇ ਬਚਨ ਅਮੁਲ ਗੁਰ ਬਣਿਆ ਸ਼ਰਧਾਵਾਨ।
ਚਰਨ ਕਮਲ ਸਤਿਗੁਰਾਂ ਲਈ ਜੋੜਾ ਨਵਾਂ ਬਣਾ
ਪੈਰੀਂ ਨਵਾਂ ਪੁਆ, ਪੁਰਾਣਾ ਝੋਲ਼ੀ ਲਿਆ ਪਵਾ।
ਆਉਣ ਵਾਲੀਆਂ ਪੰਜ ਪੀੜ੍ਹੀਆਂ ਰੱਖਿਆ ਓਸ ਸੰਭਾਲ਼
ਬਾਬਾਣੀਆਂ ਕਹਾਣੀਆਂ ਵਤ ਰੱਖਿਆ ਨਸਲਾਂ ਪਾਲ਼।
ਵਿਚ ਪਿਸ਼ਾਵਰ ਜਗ੍ਹਾ-ਜਗ੍ਹਾ ਸਤਿਨਾਮ ਦਾ ਛੱਟਾ ਮਾਰ
ਲੰਮਾ ਪੈਂਡਾ ਤਹਿ ਕਰ ਗੁਰ ਪੁੱਜੇ ਹਸਨ ਅਬਦਾਲ।

Unistar Books Pvt Ltd.

## ਹਸਨ ਅਬਦਾਲ

ਇਥੋਂ ਦਾ ਮਸ਼ਹੂਰ ਸੀ ਵਲੀ ਹਸਨ ਅਬਦਾਲ
ਰੱਖਦਾ ਸੀ ਸੰਬੰਧ ਜੋ ਸੱਯਦ ਘਰਾਣੇ ਨਾਲ਼।
ਦੈਵੀ ਤਾਕਤਾਂ ਸੰਗ ਅੱਜ ਹੋਰ ਕੱਲ੍ਹ ਕੁਝ ਹੋਰ
ਬਣਿਆ ਔਲ਼ੀਆ ਪੀਰ ਉਹ ਰਿਧੀ-ਸਿਧੀ ਜ਼ੋਰ।
ਕਰਨੀ ਦਾ ਸਿਰਮੌਰ ਹਸਨ ਝੱਲੀ ਜਾਏ ਨਾ ਝਾਲ
ਨਾਮ ਉਹਦੇ 'ਤੇ ਹੀ ਪਿਆ ਨਗਰ ਹਸਨ ਅਬਦਾਲ।

ਹਿਊਨਸਾਂਗ ਅਨੁਸਾਰ ਸੀ ਪਹਿਲਾ ਬੋਧੀ ਅਸਥਾਨ
ਨਾਗਰ ਰਾਜਾ ਅਲਾਪਤਰਾ ਦਾ ਸਰੋਵਰ ਆਣ।
ਇਰਦੇ-ਗਿਰਦ ਪਹਾੜੀਆਂ ਹਿਊਨਸਾਂਗ ਅਨੁਸਾਰ
ਖੰਡਰ ਮਿਲਣ ਸਟੂਪਾਂ ਤੇ ਨਾਲ਼ ਬੋਧੀ ਵਿਹਾਰ।

UNISTAR BOOKS PVT LTD.

ਨਾਨਕ ਮਿਲੇ ਸੀ ਜਦੋਂ ਰਿਹਾ ਸੀ ਡੰਗਰ ਚਾਰ
ਦੁੱਧ ਕੀਤਾ ਦਰਪੇਸ਼ ਉਸ ਵਿਚ ਸੇਵਾ ਦਾਤਾਰ।
ਉੱਤਰਾਧਿਕਾਰੀ ਉਸਦਾ ਕਰਾਮਾਤੀ ਰਿਧ-ਸਿਧ
ਅਲੀਯਾਰ ਵਲੀ ਕੰਧਾਰੀ ਨਾਮ ਹੋਇਆ ਪ੍ਰਸਿੱਧ।
ਪਿੱਛਾ ਵਲੀ ਕੰਧਾਰੀ ਦਾ ਸੀ ਕਾਬਲ ਕੰਧਾਰ
ਕੱਟੜ ਸ਼ਰਾ ਇਸਲਾਮ ਦਾ ਕਰਨ ਆਇਆ ਪਰਚਾਰ।
ਮਰਦਾਨੇ ਨੂੰ ਪਿਆਸ ਨੇ ਕੀਤਾ ਆਣ ਨਿਢਾਲ਼
ਨਾਨਕ ਕਿਹਾ, "ਦਾਨਿਆਂ! ਚੜ੍ਹ ਜਾ ਉਸ ਪਹਾੜ।
ਚਸ਼ਮਾ ਇਕ ਸੁਹਾਵੜਾ ਸ਼ੀਤਲ ਨੀਰ ਸ਼ਫ਼ਾਫ
ਕਿਸਮਤ ਦੇ ਉਸ ਵਲੀ ਕੋਲ਼ ਜਾਉ ਬੁਝਾਉ ਪਿਆਸ।"

ਤੱਕਿਆ ਹੰਕਾਰੀ ਵਲੀ ਮਰਦਾਨਾ ਚਸ਼ਮੇ ਪਾਸ
ਚੜ੍ਹ ਪਹਾੜੀ ਪੁੱਜਿਆ ਸੀ ਵਿਚ ਪਾਣੀ ਦੀ ਆਸ।
ਸ਼ੋਭਾ ਨਾਨਕ ਪੀਰ ਦੀ ਸੁਣੀ ਸੀ ਉਸ ਚੁਫ਼ੇਰ
ਨੀਤ ਬਦਲਦੇ ਵਲੀ ਦੀ ਜ਼ਰਾ ਨਾ ਲੱਗੀ ਦੇਰ।
ਮਰਦਾਨੇ ਨੂੰ ਘੁੱਟ ਵੀ ਪੀਣ ਨਾ ਦਿੱਤਾ ਨੀਰ
ਉਤਰ ਪਹਾੜੀਉਂ ਲੱਥਿਆ ਮਰਦਾਨਾ ਹੋ ਅਧੀਰ।
ਲੇਕਿਨ ਬਾਬੇ ਘੱਲਿਆ ਮੁੜ ਉਸ ਵਲੀ ਕੋਲ਼
ਪਾਣੀ ਕੀ ਪਿਲਾਵਣਾ ਸੀ ਬੋਲੇ ਤਿੱਖੇ ਬੋਲ।
"ਲੱਗਿਆ ਫਿਰਨੈ ਮਗਰ ਤੂੰ ਰਾਤ ਦਿਨੇ ਜਿਸ ਨਾਲ਼
ਮੁਕਤੀ ਤਾਂ ਗੱਲ ਦੂਰ ਦੀ ਨਾ ਪਾਣੀ ਸਕੇ ਪਿਆਲ।
ਮੁੜ ਮੁੜ ਲੈਣ ਕੀ ਆਵਨੈ ਉੱਪਰ ਮੇਰੇ ਕੋਲ਼
ਦੂਰ ਹੋ ਜਾ ਨਜ਼ਰ ਤੋਂ ਵਾਪਸ ਜਾ ਉਸ ਕੋਲ਼।"

ਸੁਣ ਨਾ ਸਕਿਆ ਮਰਦਾਨਾ ਵਲੀ ਦੇ ਮੰਦੜੇ ਬੋਲ
ਜਾਣਦਾ ਸੀ ਕੁਲ ਪਾਤਸ਼ਾਹੀ ਉਸ ਦੇ ਗੁਰੂ ਦੇ ਕੋਲ਼।
ਤਿੱਖੀ ਧੁੱਪ ਦਾ ਸਤਿਆ ਕੁਝ ਸਤਾਇਆ ਪਿਆਸ
ਪਲ ਨਾ ਵਾਜਬ ਸਮਝਿਆ ਖੜ੍ਹਨਾ ਵਲੀ ਪਾਸ।
ਸਾੜੇ ਕੀਨੇ ਘੁਣ ਖਾਧਾ ਤੱਕ ਕੇ ਵਲੀ ਚਰਿੱਤ੍ਰ
ਜਿਵੇਂ ਕਿਵੇਂ ਬੱਸ ਮਰਦਾਨਾ ਗਿਆ ਪਹਾੜੀ ਉਤਰ।
ਥੱਕਿਆ ਮਾਂਦਾ ਲੜਖੜਾਂਦਾ ਲੈਂਦਾ ਉੱਭੇ ਸਵਾਸ
ਕਰਮਾਂ ਦੇ ਵੱਡ-ਬਲੀ ਤੋਂ ਮੁੜਿਆ ਹੋ ਬੇਆਸ।
ਨਿੰਮੋਝੂਣਾ ਤਿਹਾਇਆ ਦੁੱਖੜਾ ਰੋਇਆ ਗੁਰ ਪਾਸ
ਈਰਖਾਲੂ ਵਲੀ ਦਾ ਚਰਿੱਤ੍ਰ ਉਘਾੜਿਆ ਖ਼ਾਸ।



UNISTAR BOOKS PVT LTD
Unistar Books Pvt Ltd.

ਅਰਜ਼ ਕਰਨ ’ਤੇ ਪੀਣ ਨਾਹ ਦਿੱਤਾ ਦੋ ਘੁੱਟ ਨੀਰ
ਕਹਿੰਦਾ, “ਮੰਗ ਲੈ ਉਸੇ ਤੋਂ ਜੋ ਤੇਰਾ ਗੁਰ ਪੀਰ।”
ਕਰੁਣਾਨਿਧ ਬੋਲੇ ਤਦੋਂ ਵੱਲ ਮਰਦਾਨੇ ਕਰ ਰੁਖ਼
“ਪਿਆਸ ਬੁਝਾਉ ਜਾਇ ਕੇ ਸਾਹਮਣਾ ਪੱਥਰ ਚੁੱਕ।”
ਜਿਉਂ ਹੀ ਪੱਥਰ ਚੁੱਕਿਆ ਕਹ ਦਾਨੇ ‘ਸਤਿ ਕਰਤਾਰ’
ਠੰਢੇ ਨਿਰਮਲ ਜਲ ਦੀ ਸੋਮਿਉਂ ਫੁੱਟੀ ਧਾਰ।

ਜੀਵ ਨਿਭਾਗੇ ਸੁੱਖ ਵਾਂਗ ਚਸ਼ਮਾ ਸੁੱਕਿਆ ਪੀਰ
ਹੌਲ਼ੀ-ਹੌਲ਼ੀ ਵਹਿ ਤੁਰਿਆ ਸਭ ਕੁਦਰਤੀ ਨੀਰ।
ਤੱਕਦਿਆਂ ਕੌਤਕ ਵਲੀ ਅਤਿ ਹੋਇਆ ਕਹਿਰਵਾਨ
ਮਾਰਨ ਦੇ ਲਈ ਰੋੜ੍ਹਿਆ ਗੁੱਸੇ ਵਿਚ ਪਾਖਾਣ।
ਪੱਥਰ ਰੁੜ੍ਹਿਆ ਆਂਵਦਾ ਤੱਕ ਉਪਰੋਂ ਬੇਰੋਕ
ਆਤਮ ਬਲ ਦੇ ਨਾਲ਼ ਗੁਰ ਹੇਠਾਂ ਦਿੱਤਾ ਰੋਕ।
ਪੱਥਰ ਵਿਚ ਪੰਜਾ ਧਸਿਆ ਬਣਿਆ ਹੱਥ ਨਿਸ਼ਾਨ
ਸੰਗ-ਦਿਲ ਵਲੀ ਪੀਰ ਦਾ ਚੂਰ ਹੋਇਆ ਅਭਿਮਾਨ।
ਪਾਤਸ਼ਾਹ ਕਿਹਾ, “ਵਲੀ ਜੀ ਛੱਡੋ ਖ਼ੁਦੀ ਗੁਮਾਨ
ਘਰ ਚੱਲ ਆਏ ਮੁਸਾਫ਼ਰ ਨੂੰ ਰੂਪ ਖ਼ੁਦਾ ਦਾ ਜਾਣ।
ਜ਼ੁਹਦ ਕਰਨ ਵਾਲ਼ਿਆਂ ਨੂੰ ਸਤ ਧਰਮ ਕਰ ਪਾਲ਼
ਖ਼ਿਦਮਤ ਕਰਨੀ ਚਾਹੀਏ ਨਿਮਰਤਾ ਦੇ ਨਾਲ਼।
ਖ਼ਫ਼ਾ ਹੋਣ ਵਾਲੇ ਉੱਤੇ ਹੁੰਦਾ ਉਹ ਖ਼ੁਦ ਖ਼ਫ਼ਾ
ਲੇਕਿਨ ਖ਼ਿਦਮਤਗਾਰਾਂ ’ਤੇ ਹੁੰਦੈ ਖ਼ੁਸ਼ ਖ਼ੁਦਾ।”
ਬਚਨ ਗੁਰਾਂ ਦੇ ਮੰਨ ਪੀਰ ਸੀਸ ਝੁਕਾਇਆ ਆ
ਮਿਹਰਾਂ ਦੇ ਘਰ ਆਏ ਗੁਰ ਕਿਹਾ ਇੰਜ ਫੁਰਮਾ।
“ਜਦ ਤੱਕ ਕਾਇਮ ਰਹੇਗਾ ਪਾਵਨ ਇਹ ਸਥਾਨ
ਤੇਰਾ ਵੀ ਜਗਦਾ ਰਹੂ ਦੀਵਾ ਏਸ ਜਹਾਨ।”
ਅੱਜ ਵੀ ਨਿਰਮਲ ਜਲ ਵਿਚ ਲੋਕ ਕਰਨ ਇਸ਼ਨਾਨ
ਵਡਭਾਗਾ ਮਹਿਸੂਸਦੇ ਨਾਨਕ ਦਾ ਧਰ ਧਿਆਨ।
ਜਿਸ ਥਾਂ ਬਾਬੇ ਰੋਕਿਆ ਸੀ ਹੱਥ ਉੱਤੇ ਪਾਖਾਣ
ਗੁਰਦੁਆਰਾ ਪੰਜਾ ਸਾਹਿਬ ਸੋਹੇ ਉਸ ਸਥਾਨ।
ਇਥੋਂ ਚੱਲ ਜ਼ਿਹਲਮ ਵੰਨੀਂ ਮੋੜਿਆ ਗੁਰੂ ਮੁਹਾਣ
‘ਟਿੱਲਾ ਬਾਲ ਗੰਦਾਈ’ ਪਾਸ ਨਾਨਕ ਪੁੱਜੇ ਆਣ।



UNISTAR BOOKS PVT LTD. Unistar Books Pvt Ltd.

## ਬਾਲ ਗੁੰਦਾਈ

UNISTAR BOOKS PVT LTD.

ਕਿਸੀ ਸਮੇਂ ਬੁੱਧ ਮੱਤ ਦਾ ਕੇਂਦਰ ਰਿਹਾ ਖ਼ਾਸ
ਨਾਥ ਜੋਗੀਆਂ ਬਾਅਦ ਵਿਚ ਕੀਤਾ ਆ ਕੇ ਵਾਸ।
ਬੜਾ ਸੰਜਮੀ ਸਾਧ ਇਕ ਲਛਮਣ ਸੀ ਉਸ ਨਾਮ
ਲਛਮਣ ਜਤੀ ਦੇ ਵਾਂਗ ਸੀ ਤਨ ਮਨ ਪਾਈ ਲਗਾਮ।
ਕਥਾ ਇਕ ਪ੍ਰਚਲਤ ਹੈ ਇਸ ਇਲਾਕੇ ਆਮ
ਰਤੀ ਨਾਮ ਦੀ ਸੁੰਦਰੀ ਆਈ ਦਰਸ਼ਨ ਪਾਣ।
ਬੋਲੀ, "ਕੋਈ ਨਾ ਗੁੰਦਦਾ ਡਰਦਾ ਉਸ ਦੇ ਵਾਲ਼
ਤਾਂ ਕਿ ਜਾਏ ਨਾ ਜਕੜਿਆ ਵਿਚ ਰਤੀ ਦੇ ਜਾਲ਼।"
ਦੱਸਦੇ ਨੇ ਲਛਮਣ ਜਤੀ ਬਹਿ ਕੇ ਉਸ ਦੇ ਕੋਲ਼
ਗੁੰਦੀਆਂ ਮੇਢੀਆਂ ਉਹਦੀਆਂ ਸ਼ਾਂਤ ਚਿੱਤ ਅਡੋਲ।
ਸੰਜਮੀ ਜਤੀ ਨੇ ਮੇਢੀਆਂ ਗੁੰਦੀਆਂ ਸੀ ਜਿਸ ਥਾਂਵ
'ਟਿੱਲਾ ਬਾਲ ਗੁੰਦਾਈ' ਪਿਆ ਉਸ ਜਗ੍ਹਾ ਦਾ ਨਾਂਵ।
ਉਸੇ ਟਿੱਲੇ ਪਾਸ ਜਾ ਕੀਤਾ ਗੁਰਾਂ ਉਤਾਰ
ਸੰਗ ਮਰਦਾਨੇ ਜਾ ਬਹੇ ਜੱਗ ਦੇ ਤਾਰਨਹਾਰ।

Unistar Books Pv

ਵੱਜੀ ਧੁਨ ਰਬਾਬ ਦੀ ਉਪਜੇ ਅਨਿਕ ਤਰੰਗ
ਮੌਲ ਉੱਠੀ ਮਨ ਦੀ ਵਾੜੀ ਵਿਚ ਵਿਸਮਾਦੀ ਰੰਗ।
ਟਿੱਲੇ ਨੇੜਿਓਂ ਸੁਣ ਕੇ ਅਨਹਦ ਇਲਾਹੀ ਰਾਗ
ਵਿਚ ਵਿਸਮਾਦੀ ਰੰਗ ਮਨ ਖਿੜਿਆ ਹਰਿਆ ਬਾਗ਼।
ਡੇਰੇ ਦੇ ਸਭ ਜੋਗੀਆਂ ਖ਼ਬਰ ਹੋਈ ਤਦ ਆਣ
ਚਰਚਾ ਕੀਤੀ ਧਰਮ ਦੀ ਬਾਲ ਗੁੰਦਾਈ ਆਣ।
ਟਿੱਲੇ ਗੁਰਾਂ ਨੂੰ ਲੈ ਗਿਆ ਬਾਲ ਗੁੰਦਾਈ ਨਾਲ਼
ਅੰਨ ਪ੍ਰਸ਼ਾਦ ਛਕਾਇਆ ਕੀਤੀ ਸੇਵ ਸੰਭਾਲ਼।
ਅੰਮ੍ਰਿਤ ਵੇਲੇ ਉੱਠ ਕੇ ਗੁਰ ਨਿਤਨੇਮ ਅਨੁਸਾਰ
ਗਉੜੀ ਚੇਤੀ ਵਿਚ ਗਾ ਯਾਦ ਕੀਤਾ ਕਰਤਾਰ!

Unistar Books Pvt Ltd.

ਮੁੰਦ੍ਰਾ ਤੇ ਘਟ ਭੀਤਰਿ ਮੁੰਦ੍ਰਾ
ਕਾਂਇਆ ਕੀਜੈ ਖਿੰਥਾਤਾ॥
ਪੰਚ ਚੇਲੇ ਵਸਿ ਕੀਜਹਿ ਰਾਵਲ
ਇਹੁ ਮਨੁ ਕੀਜੈ ਡੰਡਾਤਾ॥੧॥
ਜੋਗ ਜੁਗਤਿ ਇਵ ਪਾਵਸਿਤਾ॥
ਏਕੁ ਸਬਦੁ ਦੂਜਾ ਹੋਰੁ ਨਾਸਤਿ
ਕੰਦ ਮੂਲਿ ਮਨੁ ਲਾਵਸਿਤਾ॥੧॥ ਰਹਾਉ॥

UNISTAR BOOKS PVT LTD.

ਮੂੰਡਿ ਮੁੰਡਾਇਐ ਜੇ ਗੁਰੁ ਪਾਈਐ
ਹਮ ਗੁਰੁ ਕੀਨੀ ਗੰਗਾਤਾ॥
ਤ੍ਰਿਭਵਣ ਤਾਰਣਹਾਰੁ ਸੁਆਮੀ
ਏਕੁ ਨ ਚੇਤਸਿ ਅੰਧਾਤਾ॥੨॥
ਕਰਿ ਪਟੰਬੁ ਗਲੀ ਮਨੁ ਲਾਵਸਿ
ਸੰਸਾ ਮੂਲਿ ਨ ਜਾਵਸਿਤਾ॥
ਏਕਸੁ ਚਰਣੀ ਜੇ ਚਿਤੁ ਲਾਵਹਿ
ਲਬਿ ਲੋਭਿ ਕੀ ਧਾਵਸਿਤਾ॥੩॥
ਜਪਸਿ ਨਿਰੰਜਨੁ ਰਚਸਿ ਮਨਾ॥
ਕਾਹੇ ਬੋਲਹਿ ਜੋਗੀ ਕਪਟੁ ਘਨਾ॥੧॥ਰਹਾਉ॥
ਕਾਇਆ ਕਮਲੀ ਹੰਸੁ ਇਆਣਾ
ਮੇਰੀ ਮੇਰੀ ਕਰਤ ਬਿਹਾਣੀਤਾ॥
ਪ੍ਰਣਵਤਿ ਨਾਨਕੁ ਨਾਗੀ ਦਾਝੈ
ਫਿਰਿ ਪਾਛੈ ਪਛੁਤਾਣੀਤਾ॥੪॥੩॥੧੫॥

(ਗੁਰੂ ਗ੍ਰੰਥ, ਪੰਨਾ 155-156)

ਡੇਰੇ ਦੇ ਸਭ ਜੋਗੀਆਂ ਖ਼ਬਰ ਹੋਈ ਤਦ ਆਣ
ਚਰਚਾ ਕੀਨੀ ਧਰਮ ਦੀ ਨਾਨਕ ਵੈਦ ਸੁਜਾਣ।
"ਬਦਅਮਲਾਂ ਬਦਫੈਲੀਆਂ ਤੋਂ ਬਚਣਾ ਨਿਰਮਲ ਕਰਮ
ਦੁਨੀਆ ਤੋਂ ਉਪਰਾਮਤਾ ਦਾ ਨਾਮ ਨਹੀਂ ਹੈ ਧਰਮ।"
ਕਿਰਤ ਕਰਨ ਵੰਡ ਖਾਣ ਦਾ ਦਿੱਤਾ ਗੁਰ ਉਪਦੇਸ਼
ਇਕ ਸਾਹਿਬ ਦੀ ਬੰਦਗੀ ਦਾ ਦਿੱਤਾ ਗੁਰ ਆਦੇਸ਼।
ਹੱਥਾਂ-ਪੈਰਾਂ ਦੇ ਨਿਸ਼ਾਂ ਸੀ ਰੱਖਣ ਦਾ ਰਿਵਾਜ
ਕਈ ਜਗ੍ਹਾ ਸੀ ਰੱਖਦੇ ਵਜੋਂ ਸਦੀਵੀ ਯਾਦ।
ਇਸ ਟਿੱਲੇ 'ਤੇ ਵੀ ਪਈ ਸ਼ਿਲਾ ਇਕ ਰਮਣੀਕ
ਚਰਨ ਚਿੰਨ੍ਹ ਗੁਰ ਨਾਨਕ ਦੇ ਉੱਕਰੇ ਹਾਲੀ ਤੀਕ।
ਰਾਂਝੇ ਵੀ ਇਸ ਜਗ੍ਹਾ 'ਤੇ ਤਖ਼ਤ ਹਜ਼ਾਰਿਉਂ ਆ
ਬਾਲ ਨਾਥ ਜੋਗੀ ਕੋਲੋਂ ਹੈ ਸੀ ਜੋਗ ਲਿਆ।
ਮਹਾਰਾਜਾ ਰਣਜੀਤ ਸਿੰਘ ਪੁੱਜ ਕੇ ਏਸ ਸਥਾਨ
ਪਾਵਨ ਯਾਦ 'ਚ ਨਾਨਕ ਦੀ ਉਸਾਰਿਆ ਗੁਰਧਾਮ।
ਬਾਲ ਗੁੰਦਾਈ ਨੇੜ ਹੀ ਸੀ ਕਿਲ੍ਹਾ ਰੁਹਤਾਸ
ਸੰਗ ਰਬਾਬੀ ਆ ਪੁੱਜੇ ਏਸ ਜਗ੍ਹਾ ਦੇ ਪਾਸ।

UNISTAR BOOKS PVT LTD.
Unistar Books Pvt Ltd.

## ਰੁਹਤਾਸ

ਨਿਤਾ-ਪ੍ਰਤੀ ਦੇ ਨੇਮ ਨਾਲ਼ ਬੈਠ ਰਹੇ ਵਿਚ ਯਾਦ
ਸੁਣਦਿਆਂ ਸੰਗਤ ਆ ਜੁੜੀ ਨਾਮ ਰੰਗ ਵਿਸਮਾਦ।
ਗੁਰਬਾਣੀ ਕੀਰਤਨ ਮਗਰੋਂ ਕੀਤੇ ਬਚਨ ਰਸਾਲ
ਸੰਗਤ ਨੇ ਤਦ ਪਾਣੀ ਦੀ ਕੀਤੀ ਤੰਗੀ ਜ਼ਾਹਰ।
ਸਤਗੁਰ ਸੋਟਾ ਮਾਰਿਆ ਕਿਰਪਾ ਸਮਝ ਅਕਾਲ
ਵਹਿ ਨਿਕਲ਼ੀ ਉਸ ਥਾਂ ਤੋਂ ਪਾਵਨ ਜਲ ਦੀ ਧਾਰ।
ਸੁਣ ਸ਼ਰਧਾਲੂ ਆਏ ਸਭ ਉੱਥੇ ਹੁੰਮ-ਹੁੰਮਾ
ਦਿੱਤਾ ਏਸ ਸਥਾਨ ਨੂੰ ਚੋਆ ਸਾਹਿਬ ਨਾਂ।
ਕਿਲ੍ਹਾ ਉਸਾਰਿਆ ਸ਼ੇਰ ਖ਼ਾਂ ਫ਼ੌਜੀ ਅਹਿਮੀਅਤ ਭਾਂਪ
ਪਾਣੀ ਦੇ ਪ੍ਰਬੰਧਾਂ ਦੀ ਵੀ ਕੀਤੀ ਉਹਨੇ ਜਾਂਚ।
ਵਲਗਣ ਵਿਚ ਚਸ਼ਮਾ ਵਲ਼ਿਆ ਦਿੱਤੀ ਕੰਧ ਉਸਾਰ
ਰੱਖਣਾ ਚਾਹਿਆ ਏਸ ਨੂੰ ਕਿਲ੍ਹੇ ਦੇ ਅੰਦਰ-ਵਾਰ।
ਲੇਕਿਨ ਕਰਨੀ ਰੱਬ ਦੀ ਰਜ਼ਾ ਓਸ ਅਨੁਸਾਰ
ਅੰਦਰੋਂ ਚਸ਼ਮਾ ਸੁੱਕਿਆ ਵਗਿਆ ਬਾਹਰ-ਵਾਰ।
ਸ਼ੇਰ ਸ਼ਾਹ ਦਾ ਚਸ਼ਮੇ 'ਤੇ ਲੱਗਾ ਜਦੋਂ ਨਾ ਦਾਅ
ਹੁਕਮ ਮੰਨ ਖ਼ੁਦਾਇ ਦਾ ਦਿੱਤਾ ਸੀਸ ਝੁਕਾਅ।
ਮਹਾਰਾਜਾ ਰਣਜੀਤ ਸਿੰਘ ਦੇ ਸ਼ਾਸਨ ਕਾਲ 'ਚ ਆਣ
ਸੁੰਦਰ ਇਕ ਇਮਾਰਤ ਦਾ ਹੋਇਆ ਤਦ ਨਿਰਮਾਣ।
'ਗੁਰਦੁਆਰਾ ਚੋਆ ਸਾਹਿਬ' ਪਾਕ ਪਵਿੱਤਰ ਖ਼ਾਸ
'ਖਾਲਸਾ ਮਾਤ' ਵੀ ਜਨਮੇ ਸੀ ਇਸੇ ਨਗਰ ਰੁਹਤਾਸ।

ਭੇਰੇ ਕੋਲ਼ੋਂ ਸਤਗੁਰੂ ਕੀਤਾ ਜ਼ਿਹਲਮ ਪਾਰ
ਜੀਵਨ ਪੰਧ ਸੁਝਾਉਂਦੇ ਰੁਕ ਗਏ ਕਰਤਾਰ।
ਭੇਰੇ ਦੇ ਵਿਚ ਤੱਕਿਆ ਨਾਨਕ ਨੇ ਇਕ ਪੀਰ
ਸਿਰ 'ਤੇ ਵਾਂਗ ਸੁਹਾਗਣਾਂ ਕੱਢਿਆ ਸੀ ਉਸ ਚੀਰ।
ਵਾਂਗ ਤੀਵੀਆਂ ਸਤਗੁਰ ਨੂੰ ਕੀਤਾ ਉਸ ਪ੍ਰਣਾਮ
ਰੱਖਿਆ ਉਸ ਫ਼ਕੀਰ ਸੀ 'ਸ਼ਾਹ ਸੁਹਾਗਣ' ਨਾਮ।
ਨਾਨਕ ਕਿਹਾ, "ਨਾ ਸੋਹੰਦੇ ਕੂੜ ਅਡੰਬਰ ਵੇਸ
ਵਿਚ ਲਿਬਾਸ ਦੀ ਕੈਦ ਨਾ ਰਹਿੰਦੇ ਨੇ ਦਰਵੇਸ਼।"
ਨਾਨਕ ਸੱਚ ਸੁਹਾਗਣ ਦੇ ਲੱਛਣ ਉਸ ਦਰਸਾ
ਜਾਣੇ ਕੁਰਾਹੋਂ ਰੋਕਿਆ ਪਾ ਕੇ ਸੱਚ ਦੇ ਰਾਹ।
ਸੁੱਤੇ ਮਨਾਂ ਨੂੰ ਜਾਗ ਲਾ ਕਰਦੇ ਜਨ ਕਲਿਆਣ

UNISTAR BOOKS PVT LTD.
Unistar Books Pvt Ltd.
Unistar Books Pvt Ltd.
UNISTAR BOOKS PVT LTD.

ਰੋਗੀ ਮਨਾਂ ਦੇ ਰੋਗ ਹਰ 'ਜੈਸੁਖ' ਪੁੱਜੇ ਆਣ।
'ਕੇਰ ਭਾਗ' ਵੀ ਕਹਿੰਦੇ ਲੋਕੀਂ ਇਹ ਥਾਂ ਲੋਕ
ਡਿੱਠਾ ਇਕ ਤਪੱਸਵੀ ਵਾਂਗੂੰ ਹਮਜ਼ਾਗੌਂਸ।
ਬਾਬੇ ਕਿਹਾ, "ਜੋਗੀਆ! ਐਵੇਂ ਨਾ ਧਮਕਾ
ਪਹਿਲੋਂ ਸੋਟਾ ਅਸਾਂ ਦਾ ਕਰਕੇ ਗਰਕ ਵਿਖਾ।"
ਸੋਟੇ ਨੂੰ ਗਰਕਾਣ ਹਿਤ ਉਸ ਪੂਰਾ ਲਾਇਆ ਤਾਣ
ਨਿਸਫ਼ਲ ਹੋ ਕੇ ਢੱਠਾ ਆ ਬਾਬੇ ਚਰਨੀਂ ਆਣ।
ਦਿੱਤਾ ਮੰਤਰ ਸਤਿਨਾਮ ਦਾ ਨਾਨਕ ਜੋਗੀ ਰਾਜ
ਪੋਤੇ ਉਸ ਦੇ ਭਾਗ ਸਿੰਘ ਵੀ ਲੱਗੀ ਨਾਮ ਦੀ ਜਾਗ।
ਮਮਟੀ ਇਕ ਬਣਾ ਧਰੀ ਕਹਿੰਦੇ ਜਿਸ ਨੂੰ ਕੇਰ
ਮਿੱਟੀ ਪਾ ਉੱਚੀ ਕੀਤੀ ਜਗ੍ਹਾ ਚਸ਼ਮੇ ਨੇੜ।
'ਕੇਰ ਬਾਬੇ ਨਾਨਕ' ਨਾਲ਼ ਥਾਂ ਹੋਈ ਮਸ਼ਹੂਰ
ਫੈਲ ਗਈ ਇਸ ਜਗ੍ਹਾ ਦੀ ਮਾਨਤਾ ਦੂਰੋ-ਦੂਰ।
ਜਗ੍ਹਾ ਮੁਰੱਬੇ ਚਾਲ਼ੀ ਜਾਗੀਰ ਸਾਲਾਨਾ ਪੰਜ ਹਜ਼ਾਰ
ਨਾਂ ਲਵਾਈ ਗੁਰੂ ਘਰ ਸ਼ੇਰ-ਏ-ਪੰਜਾਬ ਸਰਕਾਰ।
'ਗੁਰਦੁਆਰਾ ਕੇਰ ਸਾਹਿਬ' ਇਥੇ ਹੈ ਆਬਾਦ
ਨਾਨਕ ਜੀ ਦੇ ਆਗਮਨ ਦੀ ਦਿਵਾਉਂਦਾ ਯਾਦ।
ਬਖ਼ਸ਼ਿਆ ਸਤਸੰਗੀਆਂ ਨਾਮ-ਦਾਨ ਜੀਅ-ਦਾਨ
ਸੰਗ ਮਰਦਾਨੇ ਸਤਗੁਰੂ ਫਿਰ ਡਿੰਗਾ ਪੁੱਜੇ ਆਣ।

## ਡਿੰਗਾ

ਤੱਕਿਆ ਬਾਬੇ ਨੇੜ ਹੀ ਇਕ ਕੁਟੀਆ ਦੇ ਕੋਲ਼
ਇਕੋ ਲੈਅ 'ਚ ਢੋਲਚੀ ਕੁੱਟ ਰਿਹਾ ਸੀ ਢੋਲ।
ਪੁੱਛਣ 'ਤੇ ਉਸ ਦੱਸਿਆ ਢੋਲ ਵਜਾਣ ਦਾ ਸਾਰ
ਜੋਗੀ ਚਾਲ਼ੀ ਦਿਨਾਂ ਤੋਂ ਕੀਤਾ ਨਹੀਂ ਆਹਾਰ।
ਜੋਗੀ ਚਿਲਾ ਕੱਟ ਰਿਹਾ ਇਸ ਭੋਰੇ ਵਿਚਕਾਰ
ਕੱਲ੍ਹ ਹੀ ਹੈ ਉਸ ਆਵਣਾ ਚਿਲਾ ਕੱਟ ਕੇ ਬਾਹਰ।
ਨਾਨਕ ਕਿਹਾ, "ਸੱਦ ਲਵਾਂਗੇ ਘਰ ਤੋਂ ਤੈਨੂੰ ਕੋਲ਼
ਢੋਲ ਵਜਾਵਣ ਦੀ ਪਈ ਜਦੋਂ ਅਸਾਨੂੰ ਲੋੜ।"
ਸੁਣਦਿਆਂ ਢੋਲੀ ਪਿਆ ਵਾਪਸ ਆਪਣੀ ਰਾਹ
ਨੇੜੇ ਹੀ ਉਸ ਥਾਂ ਗੁਰ ਆਸਣ ਲਿਆ ਲਗਾ।

ਅਗਲੇ ਦਿਨ ਜੋ ਨਿਕਲਿਆ ਜੋਗੀ ਚਿਲਿਉਂ ਬਾਹਰ
ਪੁੱਜਾ ਨਾ ਕੋਈ ਕਰਨ ਹਿਤ ਜੋਗੀ ਦਾ ਦੀਦਾਰ।



UNISTAR BOOKS PVT LTD.
Unistar Books Pvt Ltd.

ਜੋਗੀ ਹਉਕਾ ਭਰਦਿਆਂ ਡਿੱਗਾ ਖਾ ਕੇ ਗਸ਼
ਮਰਦਾਨਾ ਲੈ ਆਇਆ ਢੋਲ ਵਾਲੇ ਨੂੰ ਸੱਦ।
ਢੋਲ ਵਜਦਿਆਂ ਸਾਰ ਲੋਕ ਆਏ ਹੁੰਮ-ਹੁੰਮਾ
'ਆਇਆ ਕਟ ਚਲੀਹਾ' ਸੁਣ ਲੋਕਾਂ ਕੀਤੀ ਵਾਹ!
ਭੀੜ ਦੇ ਵਿਚੋਂ ਪਾਤਸ਼ਾਹ ਨਿਕਲੇ ਸਾਹਵੇਂ ਆਣ
ਜੋਗੀ ਦਾ ਕੱਚਾ ਚਿੱਠਾ ਲੋਕਾਂ ਨੂੰ ਦਿਖਲਾਣ।
ਬਾਬੇ ਕਿਹਾ, "ਝੂਠ ਇਹ ਸਭ ਬੋਲੇ ਜੋਗੀ ਰਾਜ
ਚਾਲ਼ੀ ਦਿਨ ਖਾਂਦਾ ਰਿਹੈ ਹਉਮੈ ਦੀ ਖੁਰਾਕ।
ਤੱਕਿਆ ਜਦੋਂ ਸਵਾਗਤ ਨੂੰ ਪੁੱਜੇ ਨਹੀਉਂ ਲੋਕ
ਗਸ਼ ਖਾਇ ਕੇ ਡਿੱਗਿਆ ਡਿੱਗਦੇ ਹੋਇਆ ਬੇਹੋਸ਼।
ਜਿਉਂ ਹੀ ਕੰਨਾਂ ਵਿਚ ਪਈ ਲੋਕਾਂ ਦੀ ਵਾਹ ਵਾਹ!
ਬੇਹੋਸ਼ੀ 'ਚੋਂ ਉੱਠਿਆ ਆਇਆ ਨਾ ਠਹਿਰਾਅ।
ਅੰਨ-ਆਹਾਰ ਥਾਂ ਮਿਲੀ ਲੋਕਾਂ ਦੀ ਫੋਕੀ ਵਾਹ!
ਚਿਲੇ ਦਾ ਨਾਹ ਮਿਲਿਆ ਕੋਈ ਆਤਮ-ਲਾਹ।
ਅਸਲੀ ਜੋਗ ਤਾਂ ਰੱਬ ਦੀ ਸੱਚੀ ਸਿਫ਼ਤ ਸਲਾਹ
ਫੋਕੀ ਸ਼ੁਹਰਤ ਥਾਂ ਇਸ ਮਨ ਨੂੰ ਕਰਨਾ ਸੁਆਹ।"
ਜੋਗੀ ਦੇ ਅਹੰ ਵਾਲ਼ਾ ਜੂਠਾ ਭਾਂਡਾ ਫੋੜ੍ਹ
ਅਹੰਮਤਾ ਦੀ ਮੈਲ਼ ਕਟੀ ਨਾਮ ਰੰਗ ਵਿਚ ਜੋੜ।
ਜੋਗੀ ਤਿਆਗੀ ਵਡੇ ਭਾਗ ਪਹਿਲੀ ਜੀਵਨ ਚਾਲ
ਆਪਣੇ ਹੀ ਟਿਕਾਣੇ ਨੂੰ ਬਣਾਇਆ ਧਰਮਸ਼ਾਲ।
ਸਮਾਂ ਪਏ 'ਤੇ ਬਣ ਗਿਆ ਇਥੇ ਸੁੰਦਰ ਗੁਰਧਾਮ
'ਗੁਰਦੁਆਰਾ ਨਾਨਕਸਰ ਡਿੰਗਾ' ਸੀ ਜਿਸ ਨਾਮ।
ਢਾਹ ਗੁਰੂ ਘਰ ਪੂਰ ਸਰੋਵਰ ਵੇਲ਼ੇ ਦੀ ਸਰਕਾਰ
ਬੱਸ ਸਟੈਂਡ ਬਣਾਇਆ ਕੇਹੀ ਵਕਤ ਦੀ ਮਾਰ।
ਭਲੇ ਸਮੇਂ ਦੀ ਯਾਦ ਬਣ ਬਾਕੀ ਬਚਿਆ ਖੂਹ
ਠੰਢਾ ਮਿੱਠਾ ਸੀਤ ਜਲ ਦਿਲ ਨੂੰ ਪਾਏ ਧੂਹ।
ਡਿੰਗਾ ਤੋਂ ਰਾਹ-ਰਸਤਿਆਂ ਦੇ ਨਗਰਾਂ ਤਾਈਂ ਤਾਰ
ਸੈਦਪੁਰ ਮੁੜ ਆ ਗਏ ਜੱਗ ਦੇ ਤਾਰਨਹਾਰ।

## ਸੈਦਪੁਰ

ਫੇਰੀ ਪਾਈ ਸੈਦਪੁਰ ਜਦ ਨਾਨਕ ਦੂਜੀ ਵੇਰ
ਭਾਈ ਲਾਲੋ ਤਰਖਾਣ ਘਰ ਡੇਰਾ ਲਾਇਆ ਫੇਰ।

UNISTAR BOOKS PVT LTD.
Unistar Books Pvt Ltd.

ਗੁਰ ਚੇਲੇ ਦਾ ਭੇਦ ਨਾਹ ਮਨ 'ਚ ਰੱਖ ਰਵਾਲ
ਨਿਸ਼ਠਾਵਾਨ ਸੇਵਕ ਮੁੜ ਲਾਇਆ ਛਾਤੀ ਨਾਲ਼।
ਸੰਮਤ ਪੰਦਰਾਂ ਸੌ ਅਠੱਤਰ ਸੀ ਅਕਤੂਬਰ ਮਾਂਹ
ਸਾਹੇ ਦਾ ਵਡ ਜ਼ੋਰ ਸੀ ਮੌਸਮ ਅਤਿ ਸੁਖਾਂ।
ਸੈਦਪੁਰੇ ਵਿਚ ਨਾਨਕ ਦਾ ਆਉਣਾ ਸੁਣਦੇ ਸਾਰ
ਹੁੰਮ-ਹੁੰਮਾ ਸੰਗਤ ਜੁੜੀ ਕਰਨ ਲਈ ਦੀਦਾਰ।
ਚੁੱਪ ਰਹੇ ਪਰ ਸਤਗੁਰੂ ਬੋਲੇ ਨਾਹ ਕੁਝ ਖ਼ਾਸ
ਤੱਕ ਗੁਰਾਂ ਨੂੰ ਫ਼ਿਕਰਮੰਦ ਸੰਗਤ ਹੋਈ ਉਦਾਸ।
ਸੰਗਤ ਲਈ ਸੀ ਬਾਬੇ ਮਨ ਹੱਦੋਂ ਵੱਧ ਪਿਆਰ
ਮਨ ਭੀਤਰ ਦਾ ਤੌਖ਼ਲਾ ਛਲਕੇ ਅੱਖੀਆਂ ਵਿਚਕਾਰ।
ਵਿਚਰ ਰਹੇ ਸੀ ਗੁਰੂ ਜਦ ਕਾਬਲ ਤੇ ਕੰਧਾਰ
ਰੁੱਝੇ ਵਿਚ ਤਿਆਰੀਆਂ ਸੀ ਤੱਕੇ ਸਿਪਾਹ-ਸਲਾਰ।
'ਪਾਤਸ਼ਾਹੀ ਹਿੰਦ' ਪਾਉਣ ਲਈ ਬਾਬਰ ਬੇਕਰਾਰ
ਕੀਤੀ ਸੀ ਗੁਜ਼ਾਰਿਸ਼ ਉਸ ਪਾ ਨਾਨਕ ਦੀਦਾਰ।

ਸੰਗਤ ਦੇ ਵਿਚ ਬੈਠਦੇ ਸੀ ਭਾਵੇਂ ਨੇਤਰ ਭੀੜ
ਅੰਦਰੋਂ-ਅੰਦਰੀਂ ਚੱਲ ਰਹੀ ਸੀ ਡਾਢੀ ਗੁੱਝੀ ਪੀੜ।
ਆਖ਼ਿਰ ਇਕ ਸਵੇਰ ਨੂੰ ਨਾਨਕ ਆਏ ਬਾਹਰ
ਲਾਲੋ ਨੂੰ ਸੰਬੋਧਦੇ ਹੋਏ ਬੋਲੇ ਤਾਰਨਹਾਰ।

ਜੈਸੀ ਮੈ ਆਵੈ ਖਸਮ ਕੀ ਬਾਣੀ
ਤੈਸੜਾ ਕਰੀ ਗਿਆਨੁ ਵੇ ਲਾਲੋ॥
ਪਾਪ ਕੀ ਜੰਞ ਲੈ ਕਾਬਲਹੁ ਧਾਇਆ
ਜੋਰੀ ਮੰਗੈ ਦਾਨੁ ਵੇ ਲਾਲੋ॥
ਸਰਮੁ ਧਰਮੁ ਦੁਇ ਛਪਿ ਖਲੋਏ
ਕੂੜੁ ਫਿਰੈ ਪਰਧਾਨੁ ਵੇ ਲਾਲੋ॥
ਕਾਜੀਆ ਬਾਮਣਾ ਕੀ ਗਲ ਥਕੀ
ਅਗਦੁ ਪੜੈ ਸੈਤਾਨੁ ਵੇ ਲਾਲੋ॥
ਮੁਸਲਮਾਨੀਆ ਪੜਹਿ ਕਤੇਬਾ
ਕਸਟ ਮਹਿ ਕਰਹਿ ਖੁਦਾਇ ਵੇ ਲਾਲੋ॥
ਜਾਤਿ ਸਨਾਤੀ ਹੋਰਿ ਹਿਦਵਾਣੀਆ
ਏਹਿ ਭੀ ਲੇਖੈ ਲਾਇ ਵੇ ਲਾਲੋ॥
ਖੂਨ ਕੇ ਸੋਹਿਲੇ ਗਾਵੀਅਹਿ ਨਾਨਕ
ਰਤੁ ਕਾ ਕੁੰਗੂ ਪਾਇ ਵੇ ਲਾਲੋ॥੧॥



UNISTAR BOOKS PVT LTD.
Unistar Books Pvt Ltd.

ਸਾਹਿਬ ਕੇ ਗੁਣ ਨਾਨਕੁ ਗਾਵੈ
ਮਾਸ ਪੁਰੀ ਵਿਚਿ ਆਖੁ ਮਸੋਲਾ॥
ਜਿਨਿ ਉਪਾਈ ਰੰਗਿ ਰਵਾਈ
ਬੈਠਾ ਵੇਖੈ ਵਖਿ ਇਕੇਲਾ॥
ਸਚਾ ਸੋ ਸਾਹਿਬੁ ਸਚੁ ਤਪਾਵਸੁ
ਸਚੜਾ ਨਿਆਉ ਕਰੇਗੁ ਮਸੋਲਾ॥
ਕਾਇਆ ਕਪੜੁ ਟੁਕੁ ਟੁਕੁ ਹੋਸੀ
ਹਿਦੁਸਤਾਨੁ ਸਮਾਲਸੀ ਬੋਲਾ॥
ਆਵਨਿ ਅਠਤਰੈ ਜਾਨਿ ਸਤਾਨਵੈ
ਹੋਰੁ ਭੀ ਉਠਸੀ ਮਰਦ ਕਾ ਚੇਲਾ॥
ਸਚ ਕੀ ਬਾਣੀ ਨਾਨਕੁ ਆਖੈ
ਸਚੁ ਸੁਣਾਇਸੀ ਸਚ ਕੀ ਬੇਲਾ॥੨॥੩॥੫॥

(**ਗੁਰੂ ਗ੍ਰੰਥ**, ਪੰਨਾ 722)

ਸੁਣਦਿਆ ਬੋਲ ਰਬਾਬ ਦੇ ਸੰਗਤ ਜੁੜੀ ਆ
ਰਾਗ ਤਿਲੰਗ 'ਚ ਸਤਗੁਰੂ ਸ਼ਬਦ ਰਹੇ ਸੀ ਗਾ।
ਲਾਲੋ ਪੁੱਛਿਆ, "ਸਤਗੁਰ! ਗਲ਼ 'ਚ ਪੱਲੂ ਪਾ
ਕੀ ਫੁਰਮਾਇਆ ਚੜ੍ਹ ਕੇ ਬਾਬਰ ਰਿਹਾ ਆ।"
"ਪੱਲੂ ਓੜੀ ਬੇਸ਼ਰਮੀ ਦਾ ਫੜ੍ਹਿਆ ਰਾਹ ਸ਼ੈਤਾਨ
ਜੰਵ ਗੁਨਾਹੀ ਨਾਲ਼ ਲੈ ਜੋਰੀਂ ਮੰਗੈ ਦਾਨ।
ਸ਼ਗਨਾਂ ਦੀ ਥਾਂ ਮਾਰ ਦਿਓ ਧੁਨੀਆਂ 'ਵਾ ਲਹਿਰਾਣ
ਕੇਸਰ ਥਾਵੇਂ ਲਹੂ ਦੇ ਛਿੱਟੇ ਪੈਂਦੇ ਜਾਣ।"

ਸੁਣੇ ਜੋ ਸਤਗੁਰ ਸੇਵਕਾਂ ਇਹ ਭਵਿੱਖੀ ਬੋਲ
ਨਾਜ਼ੁਕ ਸਮੇਂ ਨੂੰ ਭਾਂਪਦੇ ਤੋਲਣ ਮਨ 'ਚ ਤੋਲ।
ਪੁੱਜੇ ਨਾਨਕ ਬੋਲ ਜਦ ਹਾਕਮ ਸ਼੍ਰੇਣੀ ਪਾਸ
ਖਿੱਲੀ ਮਾਰ ਕੇ ਹੱਸ ਪਏ ਜ਼ਰਾ ਨਾ ਖ਼ੌਫ਼ ਤ੍ਰਾਸ।
ਹੈਂਕੜਬਾਜ਼ ਹੁਕਮਰਾਨ ਸੈਦਪੁਰੀ ਪਠਾਣ
ਵਿਚ ਸ਼ਰਾਬ ਕਬਾਬ ਸੀ ਵੇਚਿਆ ਜਿਨ੍ਹਾਂ ਈਮਾਨ।
ਬਦਬਖ਼ਤ ਨਾ ਜਾਣ ਸਕੇ ਬਾਬੇ ਦੇ ਧੁਰ ਬੋਲ
ਪੀ ਗਏ ਵਿਚ ਸ਼ਰਾਬ ਉਹ ਬਚਨ ਗੁਰਾਂ ਦੇ ਘੋਲ਼।

ਲੋਧੀ ਅਤੇ ਪਠਾਣ ਸਨ ਹਉਮੈ ਵਿਚ ਮਖ਼ਮੂਰ
ਹਫ਼ੜਾ ਦਫ਼ੜੀ ਹਿੰਦ ਵਿਚ ਫੈਲੀ ਦੂਰੋਂ ਦੂਰ।
ਮੁਖ਼ਬਰ ਵੀ ਕੁਝ ਹਿੰਦ ਦੇ ਰਲ਼ੇ ਸੀ ਵੈਰੀ ਨਾਲ਼

UNISTAR BOOKS PVT LTD
Unistar Books Pvt
Unistar Books Pvt. Ltd.
UNISTAR BOOKS PVT LTD

ਦੁਸ਼ਮਣ ਤਾਈਂ ਭੇਜਦੇ ਹਿੰਦ ਦਾ ਹਾਲ ਹਵਾਲ।
ਜੜ੍ਹਾਂ ਖੋਖਲੀਆਂ ਕਰਨ ਜਦ ਦੇਸ਼ ਦੇ ਪਹਿਰੇਦਾਰ
ਸਮਝੋ ਐਸੇ ਦੇਸ਼ ਦਾ ਤਾਂ ਰੱਬ ਹੀ ਹੈ ਰਖਵਾਰ!
ਪਹਿਲਾਂ ਵੀ ਉਸ ਬੋਲਿਆ, ਸੀ ਹੱਲਾ ਇਕ ਵਾਰ
ਵੱਡਾ ਲਸ਼ਕਰ ਲਾਮ ਲੈ ਸੀ ਕੀਤੀ ਮਾਰੋ-ਮਾਰ।

ਛਜ, ਹਜ਼ਾਰਾ, ਪਠੋਹਾਰ ਗੜ੍ਹ ਤੇ ਥਾਣੇ ਲੁੱਟ
ਵਸਦੇ-ਰਸਦੇ ਨਗਰ ਉਸ ਬਦਲੇ ਵਾਹਣਾਂ ਵਿਚ।
ਜ਼ਰ ਜ਼ੋਰੂ ਨੂੰ ਲੁੱਟਦਾ ਢਾਹ ਤਸ਼ੱਦਦ ਕਹਿਰ
ਕਾਬੁਲ ਵੰਨੀਂ ਪਰਤਿਆ ਲੁੱਟ ਕੇ ਭੇਰਾ ਸ਼ਹਿਰ।
ਕਿਤਨਾ ਕੁ ਦਮ ਲੋਧੀਆਂ 'ਚ ਜਾਣ ਗਿਆ ਸ਼ੈਤਾਨ
ਵੱਡਾ ਲਸ਼ਕਰ ਲਾਮ ਲੈ ਵੱਲ ਵਧਿਆ ਹਿੰਦੁਸਤਾਨ।

ਨਾਨਕ ਸੀ ਜਦ ਕਰ ਰਹੇ ਲਾਲੋ ਸੰਗ ਵੀਚਾਰ
ਬ੍ਰਾਹਮਣ ਕੀਤੀ ਬੇਨਤੀ ਉੱਠ ਸੰਗਤ ਵਿਚਕਾਰ।
"ਦੋ ਦਿਨਾਂ ਨੂੰ ਹੋਵਣਾ ਧੀ ਉਸਦੀ ਦਾ ਕਾਜ
ਡਾਢੇ ਨਾਜ਼ਕ ਸਮੇਂ ਵਿਚ ਕੌਣ ਬਚਾਊ ਲਾਜ?"
ਬਾਬੇ ਕਿਹਾ, "ਜਾਓ ਦਿਜ! ਸੰਗ ਲਾਲੋ ਪਰਿਵਾਰ
ਚਾਰ ਕੋਹ ਦੀ ਵਿੱਥ 'ਤੇ ਸੁੱਕੇ ਟੋਭੇ ਵਿਚਕਾਰ।
ਬਾਹਰੋਂ-ਬਾਹਰ ਸੱਦ ਕੇ ਪੁੱਤਰੀ ਦੀ ਬਾਰਾਤ
ਬਿਨਾਂ ਕੁਝ ਦੇਰੀ ਕੀਤੇ ਸੰਪੰਨ ਕਰੋ ਕਾਜ।"

ਨਾਜ਼ੁਕ ਵੇਲ਼ਾ ਭਾਂਪਦੇ ਮੰਨ ਬਚਨ ਕਰਤਾਰ
ਉਸੇ ਵੇਲ਼ੇ ਚੱਲ ਪਏ ਦੋਵੇਂ ਹੀ ਪਰਿਵਾਰ।
ਬਾਬਾ ਨਾਨਕ ਸੋਚਦੇ ਸੀ ਕੁਝ ਕੁ ਦਿਨ ਪੈ ਹੋਰ
ਬਾਬਰ ਹੱਲਾ ਬੋਲਣਾ ਨਾਲ਼ ਫ਼ੌਜ ਵਡ-ਜ਼ੋਰ।
ਸਤਗੁਰ ਨਹੀਂ ਸੀ ਸੋਚਿਆ ਬਿਨਾਂ ਮੁਕਾਬਲੇ ਫ਼ੌਜ
ਭੇਂਟ ਕਰੂ ਨਜ਼ਰਾਨਾ ਗੀਧੀ ਹਾਕਮ ਸਿਆਲ਼ਕੋਟ।

## ਬਾਬਰ ਦਾ ਹੱਲਾ

ਹਿੰਦੂ ਮੁਸਲਿਮ ਵਸਦੇ ਵਿਚ ਰਾਜ ਪਠਾਣੀ
ਵਿਚ ਗ਼ੁਲਾਮੀ ਹਾਕਮਾਂ ਕਰਦੇ ਗੁਜ਼ਰਾਨੀ।
ਹਰਮੀ ਜੋਬਨ ਲੁੱਟਦਾ ਮਿੱਠਾ ਮਦਮਾਣੀ
ਮੁਜ਼ਰੇ ਅਤੇ ਸ਼ਰਾਬ ਪੀ ਦਿਨ ਰੈਣ ਵਿਹਾਣੀ।


UNISTAR BOOKS PVT LTD.

ਰਿਸ਼ਵਤਖੋਰੀ ਚੱਲਦੀ ਤਜ ਲਾਜ ਲੋਕਾਣੀ
ਡੁਲ੍ਹਦੀ ਰੱਤ ਗਰੀਬ ਦੀ ਜਿਉਂ ਵਹਿੰਦਾ ਪਾਣੀ।
ਤੁਰੇ ਮੁਕੱਦਮ ਕੁੱਤਿਆਂ ਵਤ ਰਾਹ ਸ਼ੈਤਾਨੀ
ਚਾਲਾਂ ਚੱਲਣ ਕੋਝੀਆਂ ਕਰਦੇ ਮਨਮਾਨੀ।
ਤੰਤ੍ਰ ਮੰਤ੍ਰ ਰਸਾਇਣਾਂ ਮਨਮਤ ਬਖਾਣੀ
ਭਰਮ ਭੁਲੇਖਿਆਂ ਵਿਚ ਪਈ ਭਟਕੇ ਲੋਕਾਣੀ।
ਸ਼ਰਮ ਹਯਾ ਦਾ ਮੁੱਕਿਆ ਸਭ ਅੱਖੀਓਂ ਪਾਣੀ
ਮਨ ਜੋ ਕਲਜੁਗ ਬਣ ਜਾਏ ਕਿਸ ਦੋਸ਼ ਪ੍ਰਾਣੀ।
ਲਾ ਸਕਦੀ ਅਨੁਮਾਨ ਕਿੰਜ ਸੀ ਫ਼ੌਜ ਪਠਾਣੀ
ਤੁਰੇ ਨਚਾਂਦੇ ਆ ਰਹੇ ਫੜ੍ਹ ਹੱਥ ਜਮਧਾਣੀ।

ਕੇਹਾ ਨਹਿਸ਼ੀ ਸੰਨ ਪੰਦਰਾਂ ਸੌ ਇੱਕੀ ਆਇਆ
ਬਾਬਰ ਵੱਡੀ ਫ਼ੌਜ ਲੈ ਵੱਲ ਹਿੰਦ ਦੇ ਧਾਇਆ।
ਸਿਰ ਤੋਂ ਪੈਰਾਂ ਤੀਕਰਾਂ ਲੋਹ ਬਖ਼ਤਰ ਪਾਇਆ
ਇਕ ਹੱਥ ਚੰਡੀ ਸਾਰ ਦੂਏ ਹੱਥ ਨੇਜ਼ਾ ਚਾਇਆ।
ਐਲੀ ਐਲੀ ਨਾਅਰਿਆਂ ਆਕਾਸ਼ ਗੁੰਜਾਇਆ
ਜ਼ਿਹਲਮ ਵੜ ਦੁਆਬ ਵਿਚ ਕੁਹਰਾਮ ਮਚਾਇਆ।
ਵਸਦੇ-ਰਸਦੇ ਨਗਰਾਂ ਕੀਤਾ ਸਫ਼ਾਇਆ।
ਫਿਰ ਵਧਿਆ ਵੱਲ ਸਿਆਲਕੋਟ ਰਤੂ ਤਿਰਹਾਇਆ।
ਮੂਹਰੇ ਲੱਗ ਪਠਾਨ-ਪੁੱਤ ਕੋਈ ਲੜਨ ਨਾ ਆਇਆ
ਦੜ ਵੱਟ ਬੈਠੇ ਅੰਦਰੀਂ ਭੈਅ ਹਾਕਮ ਛਾਇਆ।
ਸਿਰ ਸੁੱਟ ਹਾਕਮਾਂ ਨਜ਼ਰਾਨਾ, ਉਸ ਹੱਥ ਫੜਾਇਆ
ਮਾਣ ਪਠਾਣੀ ਰਾਜ ਦਾ ਛੱਜ ਛਟ ਵਿਖਾਇਆ।
ਈਨ ਮਨਾ ਕੇ ਜਿੱਤ ਦਾ ਸਿੱਕਾ ਮੰਨਵਾਇਆ
ਮਾਫ਼ੀ ਦੇ ਕੇ ਜਾਨ ਦੀ ਅੱਗੇ ਵੱਲ ਧਾਇਆ।

ਖ਼ਬਰ ਹੋਈ ਜੋ ਬਹਿਰ ਖਾਂ ਹਾਕਮ ਪਠਾਣੇ
ਵਧ ਰਹੇ ਵੱਲ ਸੈਦਪੁਰ ਜ਼ਾਲਮ ਮੁਗਲਾਣੇ।
ਭਾਜੜ ਪਈ ਸੂਰਿਆਂ ਆਏ ਹੋਸ਼ ਟਿਕਾਣੇ
ਹੱਥੋਂ ਡਿੱਗ ਸੁਰਾਹੀਆਂ ਰੁੜ੍ਹੀਆਂ ਦੂਰਾਣੇ।
'ਕੱਠੇ ਕਰ ਪਠਾਣ, ਸੱਯਦ ਤੇ ਪੀਰ ਮੌਲਾਣੇ
ਆਖਿਆ, ਨਾਲ਼ ਕਲਾਮਾਂ ਪੜ੍ਹਕੇ ਮੁਗ਼ਲ ਭਜਾਣੇ।
ਉਸ਼ਕਲ ਦਿੱਤੀ ਸੱਯਦਾਂ ਦੇ ਝੂਠੇ ਲਾਣੇ
"ਜਾਉ! ਸੱਤੇ ਖ਼ੈਰੀਂ ਜੂਝੋ ਰਣ ਮੁਗਲਾਣੇ।



UNISTAR BOOKS PVT LTD. Unistar Books Pvt Ltd. UNISTAR BOOKS PVT LTD.

'ਇਸਮੇ ਆਜ਼ਮ' ਲਿਖ ਜਦੋਂ ਪਰਚੇ ਭਿਜਵਾਣੇ
ਅੰਨ੍ਹੇ ਕਰ ਨਿਸ਼ਾਨਚੀ ਸਭ ਮੂਹਰੇ ਲਾਣੇ।'
ਜਾਣਨ ਕੀ ਅੱਯਾਸ਼ ਇਹ ਡਾਢੇ ਦੇ ਭਾਣੇ
ਜਾਦੂ-ਟੂਣਿਆਂ ਨਾਲ਼ ਕਦੋਂ ਰਣ ਜਿੱਤੇ ਜਾਣੇ
ਮੱਥੇ ਦੀਆਂ ਲਿਖੀਆਂ ਤਾਂ ਉਹੀਓ ਜਾਣੇ
ਸਾਹਵੇਂ ਮੁਗ਼ਲ ਕੁਪੱਤਿਆਂ ਕੀ ਨਸਲ ਪਠਾਣੇ।

ਸੱਯਦਪੁਰ ਦੇ ਲਾਗ ਨੂੰ ਜਦ ਫ਼ੌਜਾਂ ਆਈਆਂ
ਗ਼ਰਦ ਚੜ੍ਹੀ ਅਸਮਾਨ ਦਿਨੇ ਹੀ ਨੇਰ੍ਹੀਆਂ ਛਾਈਆਂ।
ਅਟਕੇ ਸਾਹ ਤਦ ਗਲ਼ਾਂ ਵਿਚ ਰਾਹ ਜਾਂਦੇ ਰਾਹੀਆਂ
'ਕੱਠੀਆਂ ਹੋ ਕਲਜੋਗਣਾਂ ਰੱਤ ਪੀਵਣ ਆਈਆਂ।
ਸੁਣ ਪੈਗ਼ਾਮ ਚੁਗੱਤਿਆ ਹੋਸ਼ਾਂ ਭੁਲਾਈਆਂ
ਕੱਢ ਮਿਆਨੋਂ ਸ਼ੀਹਣੀਆਂ ਭੁੱਖੀਆਂ ਤ੍ਰਿਹਾਈਆਂ।
ਭਿੜੀਆਂ ਦੋਹੀਂ ਤਰਫ਼ ਜਾ ਫ਼ੌਜਾਂ ਸਧਰਾਈਆਂ
ਤੋਪਾਂ ਮੂਹਰੇ ਤਿੜਕੀਆਂ ਕਿਲ੍ਹਿਆਂ ਦੀਆਂ ਬਾਹੀਆਂ।
ਛੱਪੜ ਲੱਗੇ ਖ਼ੂਨ ਮਿਝ ਨਜ਼ਰਾਂ ਪਥਰਾਈਆਂ
'ਇਸਮੇ ਆਜ਼ਮ' ਪਰਚੀਆਂ ਕਿਸੀ ਕੰਮ ਨਾ ਆਈਆਂ।
ਕਰਾਮਾਤਾਂ ਸਭ ਰਹਿ ਗਈਆਂ ਧਰੀਆਂ ਧਰਾਈਆਂ
ਭੱਥਿਆਂ ਵਿਚੀਂ ਸੌਂ ਰਹੀਆਂ ਸਭ ਤੀਰ ਅਣਾਈਆਂ।
ਫ਼ੌਜਾਂ ਹਾਕਮ ਬਹਿਰ ਖਾਂ ਸਣ ਜਿੰਮੀ ਸੁਲਾਈਆਂ
ਜਿੱਤੀਆਂ ਫ਼ੌਜਾਂ ਬਾਬਰੀ ਸ਼ਹਿਰ ਵੱਲ ਧਾਈਆਂ।

ਪਲੋ-ਪਲੀ ਵਿਚ ਸ਼ਹਿਰ ਦੇ ਪੈ ਗਈ ਭਸੂੜੀ
ਗ਼ਲੀਆਂ ਸਣੇ ਬਾਜ਼ਾਰਾਂ ਦਾ ਰੰਗ ਉੜਿਆ ਨੂਰੀ।
ਹਰਲ-ਹਰਲ ਕਰਦੇ ਫਿਰਨ ਜ਼ਾਲਮ ਮ਼ਗਰੂਰੀ
ਵੜ ਗਏ ਵਿਚ ਹਵੇਲੀਆਂ ਹਾਏ ਬੇਸ਼ਊਰੀ।
ਚੁਣ-ਚੁਣ ਮਾਰ ਪਠਾਣਾਂ ਵਿਚ ਮਿਲਾਇਆ ਧੂੜੀ
ਧਰਤੀ ਹੋਈ ਰਾਂਗਲੀ ਰੱਤ ਜੰਮੀ ਗੂੜ੍ਹੀ।
ਪਿੱਟਣ ਤੀਆਂ ਦੁਹੱਥੜੀ ਗਲ਼ ਖੋਲ੍ਹ ਲਟੂਰੀ
ਸਦਮੇ ਪਤੀ ਤੇ ਪੁੱਤਾਂ ਦੇ ਖੋਹ ਲਈ ਸਬੂਰੀ।
ਥਾਂ-ਥਾਂ ਅੱਗਾਂ ਬਾਲ਼ੀਆਂ ਵਿਚ ਸੱਯਦਪੁਰੀ
ਸੁੱਕੀਆਂ ਤਿੜਾਂ ਮੱਚੀਆਂ ਸਣ ਹਰੇ ਬਟੂਰੀ।
ਚੜ੍ਹ ਕੇ ਵਿਚ ਚੁਬਾਰਿਆਂ ਮਦਹੋਸ਼ ਸਰੂਰੀ
ਮਾਣੀ ਰੱਜ ਬੇਗ਼ੈਰਤਾਂ ਨੇ ਗੰਧ ਕਥੂਰੀ।



UNISTAR BOOKS PVT LTD.
Unistar Books Pvt Ltd.

ਰਾਜਕੁੰਵਰੀਆਂ ਚੰਦ੍ਰ ਮੁੱਖ ਹੱਥ ਪਿਛਾਂਹ ਨੂੜੀ
ਲੈ ਚੱਲੇ ਵੱਲ ਖੇਮਿਆਂ ਗਾਜ਼ੀ ਮਗ਼ਰੂਰੀ।

ਚੌਹੀਂ ਤਰਫ਼ੀ ਮੌਤ ਦਾ ਹੋਇਆ ਤਾਂਡਵ ਨਾਚ
ਬਾਂਕੇ ਛੈਲ ਜਵਾਨ ਪੁੱਤ ਮੌਤ ਮਿਲਾਏ ਖ਼ਾਕ।
ਮਿੱਟੀ ਦੇ ਵਿਚ ਜਾ ਮਿਲੇ ਅਰਮਾਨਾਂ ਦੇ ਘਰ
ਕੰਧਾਂ ਤੀਕਰ ਢੋਅ ਲਏ ਦੁਸ਼ਮਣ ਮੋਤੀ ਜਰ।
ਬਚ ਗਏ ਜੋ ਕਰ ਲਏ ਕੈਦ ਉਹ ਬਾਬਰ ਫ਼ੌਜ
ਸ਼ਾਹੋਂ ਬਣੇ ਖ਼ਾਕਸ਼ਾਹ ਉਸ ਸਾਹਿਬ ਦੀ ਮੌਜ।
ਸੈਆਂ ਤੰਬੂ ਗੱਡ ਕੇ ਫਿਰ ਸ਼ਹਿਰੋਂ ਬਾਹਰਵਾਰ
ਰੁੱਝ ਗਏ ਗ਼ੁਲਾਮ ਸਭ 'ਫ਼ਤਹਿ ਜਸ਼ਨ' ਤੇ ਆਹਰ।
'ਮਾਲ ਗਨੀਮਤ' ਗਾਜ਼ੀਆਂ ਬਾਬਰ ਦੇ ਦਰਬਾਰ
ਢੇਰੀ ਕੀਤਾ ਪਲਾਂ ਵਿਚ ਬੇਸ਼ਕੀਮਤੀ ਮਾਲ।
ਸ਼ਾਹਰੁਖੀਆਂ, ਅਸ਼ਰਫ਼ੀਆਂ, ਦਿਹਰਮ ਦੇ ਦੀਨਾਰ
ਕੰਙਣ ਝੁਮਕੇ ਵਾਲ਼ੀਆਂ ਫੁੱਲ ਚੌਂਕ ਤੇ ਹਾਰ।
ਹੂਰਾਂ ਸਿਲਕੀਂ ਬੰਨ੍ਹੀਆਂ ਨਾਲ਼ ਕੀਤੀਆਂ ਪੇਸ਼
ਮਾਂਗ ਜਿਨ੍ਹਾਂ ਸੀ ਉੱਜੜੀ ਸੂਹੇ ਰਾਂਗਲੇ ਵੇਸ।
ਚੰਦਨ-ਬਦਨ ਹਿਰਣਾਖੀਆਂ ਦੇ ਨਾਂ 'ਤੇ ਖੁੱਲ੍ਹੇ ਜਾਮ
ਨਾਚ ਮੁਜ਼ਰੇ ਮਸਤੀਆਂ ਵਿਚ ਰੰਗਲੀ ਹੋਈ ਸ਼ਾਮ।
ਜਿੱਤ ਦੇ ਨਸ਼ੇ ਗਵਾਚਿਆ, ਬਾਬਰ ਹੋ ਸ਼ਰਸਾਰ
ਆਖਿਆ, "ਪੀਓ ਰੱਜ ਕੇ ਜੱਗ ਔਣ ਨਾ ਦੂਈ ਵਾਰ।"

ਰੈਣ ਵਿਹਾਈ ਸਤਗੁਰੂ ਅੱਖੀਆਂ ਦੇ ਵਿਚਕਾਰ
ਮਾਸਪੁਰੀ ਵੱਲ ਤੁਰ ਪਏ ਤੜਕੇ ਉੱਠਣ-ਸਾਰ।
ਤੱਕੀ ਖਿਲਰੇ ਮਾਸ ਦੀ ਚੌਹੀਂ ਤਰਫ਼ ਸੜਾਂਦ
ਮੌਤ ਕੁਲਹਿਣੀ ਗ੍ਰਸਣੀ ਚਿਹਰੇ ਪਾਏ ਮਾਂਦ।
ਖੰਡਰ ਹੋਏ ਪਲਾਂ ਵਿਚ ਕੋਠੇ ਮੰਡਪ ਮਹਿਲ
ਡੈਣ ਮੁਕਾਲੀ ਵਾਕਰਾਂ ਮੌਤ ਰਹੀ ਸੀ ਟਹਿਲ।
ਬਾਬੇ ਕਿਹਾ ਮਰਦਾਨਿਆ, "ਅਚਰਜ ਉਸਦੇ ਚੋਜ
ਪਲ 'ਚ ਭੰਨ ਸੁਆਰਦਾ ਹੈ ਮਾਲਕ ਦੀ ਮੌਜ।"
ਪਾਟ ਜਾਏ ਜਿਸ ਖਸਮ ਦੀ ਚਿੱਠੀ ਧੁਰ ਦਰਗਾਹ
ਕੌਣ ਸਕਦੈ ਰੋਕ ਉਸ ਪੁੱਜਣੋਂ ਪਾਸ ਅੱਲਾਹ।
ਭੇਰੀਆ ਤੇ ਸ਼ਹਿਨਾਈਆਂ ਕਿੱਥੇ ਅਸਤਬਲ
ਸੂਹੀ ਵਰਦੀ ਤੇਗਬੰਦ ਸਣੇ ਗਾਤਰੇ ਬਲ।



UNISTAR BOOKS PVT LTD
Unistar Books Pvt Ltd.

"ਸ਼ੀਸ਼ੇ ਜੜਤ ਅੰਗੂਠੀਆਂ ਸੋਹਣ ਹੱਥ ਕਮਾਲ
ਲੱਗਾ ਨਾ ਪਲ ਛਿਣ ਵੀ ਕਿੱਥੇ ਛੁਪੇ ਲਾਲ!
ਸੁੰਦਰ ਮਹਿਲ ਮਾੜ੍ਹੀਆਂ ਖਾਨ ਤੰਬੋਲੇ ਹਰਮ
ਮਣੀ ਮੁੱਖ ਅਪੱਸਰਾਂ ਬਣੀਆਂ ਅੱਖ ਦਾ ਭਰਮ।
ਜਿਸ 'ਤੇ ਮਾਲਕ ਕ੍ਰੋਧ ਹੋ ਕਰਨਾ ਚਾਹੇ ਖੁਆਰ
ਖੋਹ ਲੈਂਦਾ ਫਿਰ ਉਸ ਤੋਂ ਨੇਕੀ ਦਾ ਕਿਰਦਾਰ।
ਮਾਂਦਰੀਆਂ ਮੁਲਾਣਿਆਂ ਨਾਹ ਜਾਬਰਾਂ ਪਾਈ ਠੱਲ੍ਹ
ਅੰਨ੍ਹੇ ਹੋਏ ਮੁਗ਼ਲ ਨਾਹ ਮੰਤਰ ਹੋਏ ਨਿਰਬਲ।
ਬਾਬੇ ਨੇ ਬਿਆਨਿਆ ਮਨ ਦਾ ਇਹ ਸੰਤਾਪ
ਅਤਿ ਵਿਆਕੁਲ ਹੋ ਦਾਨੇ ਛੇੜੀ ਤਦੋਂ ਰਬਾਬ।

ਜਿਨ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ॥
ਸੇ ਸਿਰ ਕਾਤੀ ਮੁੰਨੀਅਨ੍ਹਿ ਗਲ ਵਿਚਿ ਆਵੈ ਧੂੜਿ॥
ਮਹਲਾ ਅੰਦਰਿ ਹੋਦੀਆ ਹੁਣਿ ਬਹਣਿ ਨ ਮਿਲਨ੍ਹਿ ਹਦੂਰਿ॥੧॥
ਆਦੇਸੁ ਬਾਬਾ ਆਦੇਸੁ॥
ਆਦਿ ਪੁਰਖ ਤੇਰਾ ਅੰਤੁ ਨ ਪਾਇਆ
ਕਰਿ ਕਰਿ ਦੇਖਹਿ ਵੇਸ॥੧॥ ਰਹਾਉ॥
ਜਦਹੁ ਸੀਆ ਵੀਆਹੀਆ ਲਾੜੇ ਸੋਹਨਿ ਪਾਸਿ॥
ਹੀਡੋਲੀ ਚੜਿ ਆਈਆ ਦੰਦ ਖੰਡ ਕੀਤੇ ਰਾਸਿ॥
ਉਪਰਹੁ ਪਾਣੀ ਵਾਰੀਐ ਝਲੇ ਝਿਮਕਨਿ ਪਾਸਿ॥੨॥
ਇਕੁ ਲਖੁ ਲਹਨ੍ਹਿ ਬਹਿਠੀਆ
ਲਖੁ ਲਹਨ੍ਹਿ ਖੜੀਆ॥
ਗਰੀ ਛੁਹਾਰੇ ਖਾਂਦੀਆ
ਮਾਣਨ੍ਹਿ ਸੇਜੜੀਆ॥
ਤਿਨ੍ਹ ਗਲਿ ਸਿਲਕਾ ਪਾਈਆ
ਤੁਟਨ੍ਹਿ ਮੋਤਸਰੀਆ॥੩॥
ਧਨੁ ਜੋਬਨੁ ਦੁਇ ਵੈਰੀ ਹੋਏ
ਜਿਨ੍ਹੀ ਰਖੇ ਰੰਗੁ ਲਾਇ॥
ਦੂਤਾ ਨੋ ਫੁਰਮਾਇਆ
ਲੈ ਚਲੇ ਪਤਿ ਗਵਾਇ॥
ਜੇ ਤਿਸੁ ਭਾਵੈ ਦੇ ਵਡਿਆਈ
ਜੇ ਭਾਵੈ ਦੇਇ ਸਜਾਇ॥੪॥
ਅਗੋ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ॥


UNISTAR BOOKS PVT LTD. Unistar Books Pvt Ltd. Unistar Books Pvt Ltd. UNISTAR BOOKS PVT LTD.

ਸਾਹਾਂ ਸੁਰਤਿ ਗਵਾਈਆ ਰੰਗਿ ਤਮਾਸੈ ਚਾਇ॥
ਬਾਬਰਵਾਣੀ ਫਿਰਿ ਗਈ ਕੁਇਰੁ ਨ ਰੋਟੀ ਖਾਇ॥੫॥
ਇਕਨਾ ਵਖਤ ਖੁਆਈਅਹਿ ਇਕਨ੍ਾ ਪੂਜਾ ਜਾਇ॥
ਚਉਕੇ ਵਿਣੁ ਹਿੰਦਵਾਣੀਆ
ਕਿਉ ਟਿਕੇ ਕਢਹਿ ਨਾਇ॥
ਰਾਮੁ ਨ ਕਬਹੂ ਚੇਤਿਓ
ਹੁਣਿ ਕਹਣਿ ਨ ਮਿਲੈ ਖੁਦਾਇ॥੬॥
ਇਕਿ ਘਰਿ ਆਵਹਿ ਆਪਣੈ
ਇਕਿ ਮਿਲਿ ਮਿਲਿ ਪੁਛਹਿ ਸੁਖ॥
ਇਕਨ੍ਾ ਏਹੋ ਲਿਖਿਆ ਬਹਿ ਬਹਿ ਰੋਵਹਿ ਦੁਖ॥
ਜੋ ਤਿਸੁ ਭਾਵੈ ਸੋ ਥੀਐ ਨਾਨਕ ਕਿਆ ਮਾਨੁਖ॥੭॥੧੧॥

(**ਗੁਰੂ ਗ੍ਰੰਥ**, ਪੰਨਾ 417)

ਮਾਂਗ ਜਿਨ੍ਹਾਂ ਸੰਧੂਰ ਭਰੇ ਗੁੰਦ ਮੀਢੀਆਂ ਖ਼ਾਸ
ਸਿਰ ਮੁੰਨ ਘੱਤੇ ਜ਼ਾਲਮਾ ਪਾ ਘੱਟੇ ਧੂੜ ਲਿਬਾਸ।
ਦੰਦ ਖੰਡ ਡੋਲੀ ਵਿਚ ਬਹਿ ਸੁੰਦਰ ਲਾੜਿਆਂ ਨਾਲ਼
ਸਿਰ ਤੋਂ ਕਰ ਸਿਰਵਾਰਨੇ ਸੀ ਪਾਣੀ ਪੀਤਾ ਵਾਰ।
ਜਿਸ ਦੌਲਤ ਦੇ ਕਾਰਨੇ ਸੀ ਮਾਣੀ ਖੁਸ਼ੀ ਅਪਾਰ
ਉਸੇ ਜੋਬਨ ਗਲ਼ੇ ਦੀ ਬਣ ਫਾਹੀ ਕੀਤਾ ਖੁਆਰ।
ਪੰਜ ਨਿਮਾਜ਼ਾਂ ਖੁੰਝੀਆਂ ਤੇ ਖੁੰਝੇ ਪੂਜਾ ਪਾਠ
ਰੋਵਣ ਵਿਛੜੇ ਜਾਨੀਆਂ ਬਹਿ ਇਕ ਦੂਏ ਦੇ ਪਾਸ।
ਘਰ ਖ਼ਾਲੀ ਢਿੱਡ ਵੀ ਖ਼ਾਲੀ ਕਾਲ਼ੀ-ਬੋਲ਼ੀ ਰੈਣ
ਵੱਲ ਆਕਾਸ਼ੀਂ ਗੂੰਜਦੇ ਖ਼ਾਲੀ ਢਿੱਡੋਂ ਵੈਣ।
ਇਧਰ ਹਿੰਦ ਦੀ ਪਤ 'ਤੇ ਢਹਿ ਰਿਹਾ ਸੀ ਕਹਿਰ
ਉਧਰ ਹੱਥ ਚੁਗੱਤਿਆ ਮੱਚ ਰਿਹਾ ਸੀ ਸ਼ਹਿਰ।
ਇਧਰ ਬਾਬਰ ਕਹ ਰਿਹਾ ਸੀ ਅੱਲਾਹ ਬੜਾ ਗੁਫ਼ਾਰ
ਉਧਰ ਬਾਬਾ ਪਾ ਰਿਹਾ ਸੀ ਰੱਬ ਨੂੰ ਹੀ ਵੰਗਾਰ।
ਕੰਬਿਆ ਰਿਦਾ ਨਾ ਸ਼ਹਿਨਸ਼ਾਹ ਤੱਕ ਮਾਸਪੁਰੀ ਵਿਰਲਾਪ
ਕੋਮਲ ਹਿਰਦਾ ਸਤਗੁਰੂ ਮੱਚਿਆ ਕਰ ਸੰਤਾਪ।
ਮਰਦਾਨੇ ਨੂੰ ਆਖਿਆ ਛੇੜਨ ਲਈ ਰਬਾਬ
ਹੋ ਸੰਬੋਧਨ ਰੱਬ ਨੂੰ ਉਚਰੇ ਮੁੱਖੋਂ ਆਪ।

ਖੁਰਾਸਾਨ ਖਸਮਾਨਾ ਕੀਆ
ਹਿੰਦੁਸਤਾਨੁ ਡਰਾਇਆ॥

UNISTAR BOOKS PVT LTD. Unistar Books Pvt Ltd.

ਆਪੈ ਦੋਸੁ ਨ ਦੇਈ ਕਰਤਾ
ਜਮੁ ਕਰਿ ਮੁਗਲੁ ਚੜਾਇਆ॥
ਏਤੀ ਮਾਰ ਪਈ ਕਰਲਾਣੇ
ਤੈਂ ਕੀ ਦਰਦੁ ਨ ਆਇਆ॥੧॥
ਕਰਤਾ ਤੂੰ ਸਭਨਾ ਕਾ ਸੋਈ॥
ਜੇ ਸਕਤਾ ਸਕਤੇ ਕਉ ਮਾਰੇ
ਤਾ ਮਨਿ ਰੋਸੁ ਨ ਹੋਈ॥੧॥ਰਹਾਉ॥
ਸਕਤਾ ਸੀਹੁ ਮਾਰੇ ਪੈ ਵਗੈ
ਖਸਮੈ ਸਾ ਪੁਰਸਾਈ॥
ਰਤਨ ਵਿਗਾੜਿ ਵਿਗੋਏ ਕੁਤੰੀ
ਮੁਇਆ ਸਾਰ ਨ ਕਾਈ॥
ਆਪੇ ਜੋੜਿ ਵਿਛੋੜੇ ਆਪੇ
ਵੇਖੁ ਤੇਰੀ ਵਡਿਆਈ॥੨॥
ਜੇ ਕੋ ਨਾਉ ਧਰਾਏ ਵਡਾ
ਸਾਦ ਕਰੇ ਮਨਿ ਭਾਣੇ॥
ਖਸਮੈ ਨਦਰੀ ਕੀੜਾ ਆਵੈ
ਜੇਤੇ ਚੁਗੈ ਦਾਣੇ॥
ਮਰਿ ਮਰਿ ਜੀਵੈ ਤਾ ਕਿਛੁ ਪਾਏ
ਨਾਨਕ ਨਾਮੁ ਵਖਾਣੇ॥੩॥੫॥੩੯॥ (**ਗੁਰੂ ਗ੍ਰੰਥ**, ਪੰਨਾ 360)

ਡਾਢੇ ਰੋਸ 'ਚ ਸਤਗੁਰੂ ਸੀ ਬੈਠੇ ਵਿਚ ਧਿਆਨ
ਇੰਨੇ ਚਿਰ ਨੂੰ ਆ ਗਏ ਭੂਸਰੇ ਹੋਏ ਸ਼ੈਤਾਨ।
ਕੈਦ ਆ ਕੀਤਾ ਦੋਹਾਂ ਨੂੰ ਫ਼ੌਜ ਦੇ ਅਹਿਲਕਾਰ
ਨਿਗਰਾਨੀ ਵਿਚ ਰੱਖਿਆ ਮੀਰ ਖ਼ਾਨ ਸਰਦਾਰ।
ਭਾਵੇਂ ਮੀਰਖਾਨ ਤਾਈਂ ਪੁੱਜ ਕੇ ਦਾਨੇ ਪਾਸ
ਦੱਸਿਆ, "ਬਾਬਰ ਜਾਣਦੈ ਬਾਬੇ ਨਾਨਕ ਨੂੰ ਖ਼ਾਸ।
ਕੰਨ ਨ ਧਰਿਆ ਉਸਨੇ ਸਭ ਨੂੰ ਸੰਗਲ਼ ਮਾਰ
ਤਾੜਿਆ ਜ਼ਾਲਮਾਂ ਜਾਇਕੇ ਫ਼ਰਜ਼ੀ ਬੰਦੀ ਵਿਚਕਾਰ।
ਰੱਖੀਆਂ ਚੱਕੀਆਂ ਪੀਸਣੇ ਖਾਵਣ ਲਈ ਆਟਾ ਫ਼ੌਜ
ਰੋਵਣ ਮਾਰੇ ਵਕਤ ਦੇ ਪੀਸਣ ਲੱਗੇ ਲੋਕ।
ਸੋਚੀਂ ਡੁੱਬੇ ਸਤਗੁਰੂ ਸੀ ਬੈਠੇ ਸੁੰਨ ਸਮਾਧ
ਕਤਲੋਗਾਰਦ ਧੱਕੇਸ਼ਾਹੀ ਦੀਨ ਦੁਖੀ ਫਰਯਾਦ।
ਦੁੱਖ ਵਿਚ ਸੁੱਖ ਮਨਾਂਵਦੇ ਸਾਹਿਬ ਬੈਠੇ ਅਚੱਲ
ਲੇਕਿਨ ਚੱਕੀ ਆਪ ਦੀ ਖ਼ੁਦ ਰਹੀ ਸੀ ਚੱਲ।



UNISTAR BOOKS PVT LTD.
Unistar Books Pvt Ltd.

ਤੱਕਿਆ ਮੀਰ ਜੋ ਦਾਣੇ ਪੈਂਦੇ ਡਾਢੀ ਹੈਰਤ ਨਾਲ਼
ਬਾਬਰ ਤਾਈਂ ਦੱਸਿਆ ਅੱਖੀਂ ਡਿੱਠਾ ਹਾਲ।
ਸੁਣਿਆ ਅਨੁਭਵੀ ਸ਼ਹਿਨਸ਼ਾਹ ਝੱਟ 'ਚ ਪੁੱਜਾ ਆ
ਬੈਠੇ ਕੈਦੀ ਜਿਸ ਥਾਂ ਸੀ ਚੱਕੀਆਂ ਰਹੇ ਚਲਾ।
ਬਾਬਰ ਜਿਉਂ ਕਰ ਤੱਕਿਆ ਵੱਲ ਬਾਬੇ ਨਜ਼ਰ ਟਿਕਾ
ਸਾਖੀਕਾਰ ਨੇ ਲਿਖਦੇ ਉਸ ਮੂੰਹੋਂ ਇੰਜ ਕਿਹਾ।

"ਮੈਨੂੰ ਇਸ ਦੇ ਮੁੱਖ ਤੋਂ ਆਵੇ ਨਜ਼ਰ ਖ਼ੁਦਾ
ਅੱਲਾਹ ਦੇ ਇਸ ਨੂਰ ਨੂੰ ਛੇਤੀ ਕਰੋ ਰਿਹਾਅ।"
ਸ਼ਹਿਰੋਂ ਬਾਹਰ ਸੱਯਦਪੁਰੇ ਤਦ ਦੋਹਾਂ ਨੂੰ ਲਿਜਾ
ਮੀਰਖ਼ਾਨ ਬਾਬਰ ਸਾਹਵੇਂ ਪੇਸ਼ ਜੋ ਕੀਤਾ ਜਾ।
ਨਾਲ਼ ਗ਼ੌਰ ਦੇ ਤੱਕਿਆ ਝੱਟ ਹੀ ਗਿਆ ਪਛਾਣ
ਅੱਗੇ ਵਧ ਕੇ ਝੁਕਿਆ ਕੀਤੀ ਉਸ ਸਲਾਮ।
ਲੇਕਿਨ ਬਾਬੇ ਆਖਿਆ ਬਾਬਰ ਨੂੰ ਵੰਗਾਰ
'ਤਖ਼ਤ ਪਾਉਣ ਲਈ ਹਿੰਦ ਜੋ ਕੀਤੀ ਮਾਰੋ-ਮਾਰ।
ਹਿੰਦੂ ਮੁਸਲਿਮ ਔਰਤਾਂ ਦੀ ਗ਼ਲੀਆਂ ਰੋਲ਼ੀ ਪੱਤ
ਨਾਬਾਲਗ ਨਿਰਦੋਸ਼ਿਆਂ ਦੀ ਡੋਲ੍ਹੀ ਜ਼ਾਲਮਾਂ ਰੱਤ।
ਰਾਜਾ ਕਰੇ ਨਾਹ ਨਿਆਂ ਜਦ ਖੁੱਸ ਜਾਂਦੇ ਨੇ ਰਾਜ
ਮਿੱਟੀ ਵਿਚ ਰੁਲ਼ ਜਾਂਵਦੇ ਸਿਰ 'ਤੇ ਰੱਖੇ ਤਾਜ।
ਬਾਦਸ਼ਾਹ ਨੂੰ ਚਾਹੀਦਾ ਕਰੇ ਪਰਜਾ ਨਾਲ਼ ਪਿਆਰ
ਲੋਕਾਂ ਦਾ ਵਿਸ਼ਵਾਸ ਜਿੱਤ ਬਣਦਾ ਦੇਇ ਸਤਿਕਾਰ।'
ਬਾਬਰ ਨੂੰ ਜਾਬਰ ਕਹਿ ਇੰਜ ਕਰਨਾ ਲਾ-ਜਵਾਬ
ਏਸ ਜਜ਼ੀਰੇ ਲਈ ਸੀ ਵੱਡਾ ਇਨਕਲਾਬ।
ਸੱਚ ਸੁਣਦਿਆਂ ਬਾਦਸ਼ਾਹ ਦਿਲੋਂ ਹੋਇਆ ਭੈਮਾਨ
ਬਾਬੇ ਦੀ ਚਰਨੀਂ ਪਿਆ ਲੱਗਾ ਭੁੱਲ ਬਖਸ਼ਾਣ।
ਨਾਨਕ ਕਿਹਾ, "ਚਾਹੁਨੈ! ਜੇ ਮਿਹਰੰਮਤ ਖ਼ੁਦਾਇ
ਸੱਭੇ ਕੈਦੀ ਛੱਡ ਦੇ ਇਹੀ ਸੱਚ ਨਿਆਇ।
ਲੁੱਟਿਆ ਖੁੱਟਿਆ ਮਾਲ ਸਭ ਵਾਪਸ ਕਰੋ ਸਮਾਨ
ਭੇਜੋ ਵਾਪਸ ਘਰਾਂ ਨੂੰ ਬਖ਼ਸ਼ੋ ਸਭ ਦੀ ਜਾਨ।"

ਉਸ ਵੇਲ਼ੇ ਬਾਦਸ਼ਾਹ ਸਭ ਕੈਦੀ ਕਰ ਰਿਹਾ
ਗੁਰ ਬਚਨਾਂ ਸਨਮੁਖ ਉਸ ਦਿੱਤਾ ਸੀਸ ਨਿਵਾ।
ਨਾਲ਼ ਵਜ਼ੀਰਾਂ ਝੁਕਿਆ ਚਰਨੀਂ ਰੱਖ ਸਤਿਕਾਰ
ਅਰਜ਼ ਕਰੇਂਦੇ ਆਖਿਆ, "ਕੁਝ ਭੇਂਟ ਕਰੋ ਸਵੀਕਾਰ।



UNISTAR BOOKS PVT LTD
Unistar Books Pvt Ltd.
Unistar Books Pvt Ltd.
UNISTAR BOOKS PVT LTD

ਨਾਨਕ ਜ਼ਾਹਰਾ ਪੀਰ ਜੀ! ਮੈਨੂੰ ਦਿਉ ਦੁਆ
ਰਾਜ ਭਾਗ ਦਾ ਸੁੱਖ ਮਿਲੇ ਹੋਵੇ ਮਿਹਰ ਖ਼ੁਦਾ।"
"ਰਾਜ ਭਾਗ ਹੁੰਦੈ ਬਾਬਰ! ਸੂਰਜ ਦੀ ਧੁੱਪ ਛਾਂ
ਕੀੜਾ ਥਾਪ ਦਏ ਪਾਤਸਾਹੀ ਲਸ਼ਕਰ ਕਰੇ ਸਵਾਹ।"
ਫਿਰ ਵੀ ਸ਼ਾਹੀ ਰੌਂਅ ਵਿਚ ਬੋਲਿਆ ਬਾਬਰ ਮੀਰ
"ਮੰਗ ਤੁਸਾਂ ਦੀ ਹੋਰ ਕੋਈ ਦੱਸੋ ਜ਼ਾਹਰਾ ਪੀਰ ?"
ਨਿਰਭੈ ਸਤਗੁਰ ਆਖਿਆ ਹੋ ਸੰਬੋਧਨ ਮੀਰ
"ਬਾਬਰ ਮੀਰ ਤੁਝਸੇ ਮਾਂਗੇ ਸੋ ਅਹਿਮਕ ਫ਼ਕੀਰ!"
ਇਹ ਰੂਹਾਨੀ ਸਚੁ ਸੁਣ ਬਾਬਰ ਰਹਿ ਗਿਆ ਦੰਗ
'ਕੁਝ ਲਉ ਬਾਬਾ' ਕਿਹਾ ਉਸ ਖੋਲ੍ਹ ਪੋਟਲੀ ਭੰਗ।
ਨਾਨਕ ਕਿਹਾ, "ਪੀ ਚੁੱਕਾ ਵਾਂ ਏਸ ਤਰ੍ਹਾਂ ਦੀ ਭੰਗ
'ਰਹੇ ਖ਼ੁਮਾਰੀ ਰਾਤ ਦਿਨ' ਬਾਬੇ ਕਿਹਾ ਨਿਸ਼ੰਗ।"
ਫਿਰ ਬਾਬੇ ਨੂੰ ਕਿਹਾ ਉਸ, "ਐਸਾ ਕੇਹਾ ਖੁਮਾਰ ?
ਚੜ੍ਹਿਆ ਰਹੇ ਰਾਤ ਦਿਨ ਦੱਸੋ ਕਿਰਪਾ ਧਾਰ ?"
ਮਿੱਠੀ ਸੁਰ ਅਲਾਪਿਆ! ਅੱਗੋਂ ਵਿਚ ਜੁਆਬ
ਗਾਇਆ ਬਾਬੇ ਸ਼ਬਦ ਤਦ ਵਿਚ ਤਿਲੰਗ ਰਾਗ।

ਭਉ ਤੇਰਾ ਭਾਂਗ ਖਲੜੀ ਮੇਰਾ ਚੀਤੁ॥
ਮੈ ਦੇਵਾਨਾ ਭਇਆ ਅਤੀਤੁ॥
ਕਰ ਕਾਸਾ ਦਰਸਨ ਕੀ ਭੂਖ॥
ਮੈ ਦਰਿ ਮਾਗਉ ਨੀਤਾ ਨੀਤ॥੧॥
ਤਉ ਦਰਸਨ ਕੀ ਕਰਉ ਸਮਾਇ॥
ਮੈ ਦਰਿ ਮਾਗਤੁ ਭੀਖਿਆ ਪਾਇ॥੧॥ਰਹਾਉ॥
ਕੇਸਰਿ ਕੁਸਮ ਮਿਰਗਮੈ ਹਰਣਾ
ਸਰਬ ਸਰੀਰੀ ਚੜ੍ਹਣਾ॥
ਚੰਦਨ ਭਗਤਾ ਜੋਤਿ ਇਨੇਹੀ
ਸਰਬੇ ਪਰਮਲੁ ਕਰਣਾ॥੨॥
ਘਿਅ ਪਟ ਭਾਂਡਾ ਕਹੈ ਨ ਕੋਇ॥
ਐਸਾ ਭਗਤੁ ਵਰਨ ਮਹਿ ਹੋਇ॥
ਤੇਰੈ ਨਾਮਿ ਨਿਵੇ ਰਹੇ ਲਿਵ ਲਾਇ॥
ਨਾਨਕ ਤਿਨ ਦਰਿ ਭੀਖਿਆ ਪਾਇ॥੩॥੧॥੨॥

ਦਹਿਸ਼ਤਗਰਦੀ ਦੇ ਖ਼ਿਲਾਫ਼ ਕਰ ਬੁਲੰਦ ਆਵਾਜ਼
ਨਾਲ਼ ਅਣਖ ਦੇ ਜੀਉਣ ਦੀ ਦੱਸੀ ਬਾਬੇ ਜਾਂਚ।


UNISTAR BOOKS PVT LTD. Unistar Books Pvt Ltd.

ਨੇਮ ਅਮਲ ਸਤਿਮਾਰਗੀ ਪਾ ਬਾਬੇ ਤੋਂ ਗਿਆਨ
ਮੁੜਿਆ ਬਾਬਰ ਪਿਛਾਂਹ ਨੂੰ ਵੱਲ ਅਫ਼ਗਾਨਿਸਤਾਨ।
ਸੈਦਪੁਰੇ ਦੇ ਖੰਡਰ ਜੋ ਅੱਜ ਵੀ ਦਿਵਾਉਂਦੇ ਯਾਦ
'ਗੁਰਦੁਆਰਾ ਚੱਕੀ ਸਾਹਿਬ' ਇਸਥਿਤ ਐਮਨਾਬਾਦ।
ਮਰਦਾਨੇ ਵੀਚਾਰਿਆ ਸਾਹਿਬ ਦਾ ਮਨ ਜ਼ੋਰ
ਰੁਕੇ ਬਾਬਾ ਕੁਝ ਦਿਨ ਸੈਦਪੁਰੇ ਵਿਚ ਹੋਰ।
ਕੇਹੀ ਅਨਹੋਣੀ ਕਿ ਆਲਮ ਫਾਜ਼ਲ ਸਕੇ ਨਾ ਰੋਕ
ਸਹਿਮੇ-ਸਹਿਮੇ ਉੱਜੜੇ ਫਿਰਦੇ ਗਿਰਦੇ ਲੋਕ।
ਆਖ਼ਿਰ ਬਾਬਾ ਤੁਰ ਪਏ ਜ਼ਖ਼ਮੀ ਲੋਕਾਂ ਨਾਲ਼
ਪੀੜਤ ਦਿਲਾਂ ਦਾ ਗੁਰੂ ਮਨ 'ਚ ਰੱਖ ਖ਼ਿਆਲ।
ਬਾਬਰ ਕਾਤੀ-ਜ਼ੁਲਮ ਸੰਗ ਸੀ ਕੀਤੇ ਹਿਰਦੇ ਚਾਕ
ਬਾਬੇ ਸੂਈ ਪ੍ਰੇਮ ਸੰਗ ਸੀ ਸੀਤੇ ਹੋ ਬੇਬਾਕ।
ਬਾਬੇ ਦਾ ਉਪਦੇਸ ਸੁਣ ਮੁੜ ਜਾਗੀ ਜੀਵਨ ਚਾਹ
ਧੜਕਾਇਆ ਗੁਰ ਹਿਰਦਿਆਂ ਮੁੜ ਜੀਵਨ ਉਤਸ਼ਾਹ।
ਸੱਟਾਂ ਇਹ ਸੰਸਾਰੀ ਜੋ ਦਿਲ 'ਚ ਕਰਦੀਆਂ ਘਰ
ਵੱਡੇ-ਵੱਡੇ ਜ਼ਖ਼ਮ ਵੀ ਵਕਤ ਹੈ ਦਿੰਦਾ ਭਰ।
ਇਕ-ਦੂਏ ਦਾ ਦੁੱਖ ਵੰਡ ਹੋਈ ਢਾਰਸ ਮਨਾਂ ਵਿਚਾਲ
ਸਹਜੇ ਸਹਜੇ ਕਰਨ ਲੱਗੇ ਲੋਕੀਂ ਕਾਰ ਵਿਹਾਰ।
ਅਗਲੇ ਰਾਹੇ ਤੁਰ ਪਏ ਗੁਰ ਲੋਕਾ ਦੁੱਖ ਵੰਡਾਲ
ਉੱਖੜੀ ਚਾਲੇ ਤੁਰ ਪਿਆ ਮਰਦਾਨਾ ਗੁਰ ਨਾਲ਼।

ਤਪੇ ਹੀਅਰਾ ਅੰਦਰੋਂ ਅਜਬ ਸਾਈਂ ਦਾ ਰੰਗ
ਮਨ 'ਚ ਕਈ ਖ਼ਿਆਲ ਆ ਸੁਰਤੀ ਕਰਦੇ ਭੰਗ।
ਹੱਥ ਜੋੜ ਤਦ ਪੁੱਛਿਆ ਮਰਦਾਨੇ ਹੋ ਹੈਰਾਨ
'ਇਕ ਪਿੱਛੇ ਕਿਉਂ ਸ਼ਹਿਰ ਦਾ ਹੋਇਆ ਵੱਡਾ ਘਾਣ' ?
ਦੇਣ ਲਈ ਇਸ ਪ੍ਰਸ਼ਨ ਦਾ ਮਰਦਾਨੇ ਨੂੰ ਸਾਰ
ਟੁਰਦੇ-ਟੁਰਦੇ ਰੁਕ ਗਏ ਇਕ ਥਾਵੇਂ ਦਾਤਾਰ।
ਥੱਕਿਆ-ਟੁੱਟਿਆ ਮਰਦਾਨਾ ਡੁੱਬਾ ਅੰਧ ਗ਼ੁਬਾਰ
ਰੁੱਖ ਹੇਠਾਂ ਝੱਟ ਸੌਂ ਗਿਆ ਨੀਂਦਰ ਟੂਣੇਹਾਰ।
ਚੋਲ਼ੇ 'ਤੇ ਡਿੱਗੀ ਹੋਈ ਥਿੰਦੇ ਦੀ ਸੁੰਘ ਬੂੰਦ
'ਕੱਠੀਆਂ ਹੋਈਆਂ ਕੀੜੀਆਂ ਵਿਚ ਮਿੱਠੇ ਦੀ ਢੂੰਡ।
ਸੁੰਘਦਿਆਂ ਇਕ ਕੀੜੀ ਨੇ ਜੋ ਮਾਰਿਆ ਦਾਨੇ ਦੰਦ
ਮਸਲ਼ ਸੁੱਟੀਆਂ ਮਰਦਾਨੇ ਸਾਰੀਆਂ ਉੱਪਰ ਕੰਡ।

ਹਸਦਿਆਂ ਬੋਲੇ ਬਾਬਾ, "ਦਾਨਿਆ! ਇਹ ਕੀ ਗੱਲ
ਇਕ ਪਿੱਛੇ ਕਿਉਂ ਸਭਨਾਂ ਨੂੰ ਸੁੱਟ ਦਿੱਤਾ ਈ ਮਲ਼ ?"
ਬਾਬੇ ਮੁੱਖੋਂ ਸੱਚ ਸੁਣ ਮਰਦਾਨੇ ਹੋਇਆ ਗਿਆਨ
ਬਦ ਬੰਦੇ ਦੀ ਬਦੀ ਕਿੰਜ ਡੋਬੇ ਕੁਲ ਜਹਾਨ।

ਇਥੋਂ ਚੱਲ ਕੇ ਸਤਗੁਰੂ ਪੁੱਜੇ ਜਾ 'ਪਸਰੂਰ'
ਭਾਈ ਮਿੱਠਾ ਨਾਲ਼ ਨਿਵਾਸੀ ਆਏ ਮਿਲਣ ਹਜ਼ੂਰ।
ਦਾਤ ਅਮੋਲਕ ਨਾਮ ਦੀ ਲੋਕਾਂ ਤਾਈਂ ਵੰਡ
ਤੁਰ ਪਏ 'ਨਾਰੋਵਾਲ' ਵੱਲ ਹਿਰਦਿਆਂ ਨੂੰ ਪਾ ਠੰਢ।
ਬੰਜਰ ਦਿਲਾਂ ਵਿਚ ਬੋਇ ਕੇ ਸਤਿਨਾਮ ਦਾ ਬੀਜ
ਧੜਕਾਈ ਮੁਰਦਾ ਦਿਲਾਂ ਦੇ ਵਿਚ ਜੀਣ ਦੀ ਰੀਝ।
ਝੂਮਦਿਆਂ ਬੋਧ, ਜੈਨ, ਸਨਾਤਨ, ਇਸਲਾਮੀ ਅਸਥਾਨ
ਖ਼ੁਦ ਦੇ ਨਾਲ਼ ਵੀ ਫ਼ੈਸਲਾ ਇਹ ਬਾਬੇ ਕੀਤਾ ਆਣ।
ਕੀਤੀ ਹੈ ਤਾਈਦ ਇਸ ਦੀ ਲੇਖਕ ਭਾਈ ਗੁਰਦਾਸ
ਪਹਿਲੀ ਵਾਰ ਅੱਠੀਤੀਵੀਂ ਪਉੜੀ ਵਿਚ ਲਿਖਿਆ ਖ਼ਾਸ।

ਫਿਰਿ ਬਾਬਾ ਆਇਆ ਕਰਤਾਰਪੁਰਿ
ਭੇਖੁ ਉਦਾਸੀ ਸਗਲ ਉਤਾਰਾ।
ਪਹਿਰਿ ਸੰਸਾਰੀ ਕਪੜੇ
ਮੰਜੀ ਬੈਠਿ ਕੀਆ ਅਵਤਾਰਾ।
ਉਲਟੀ ਗੰਗ ਵਹਾਈਓਨਿ
ਗੁਰ ਅੰਗਦੁ ਸਿਰਿ ਉਪਰਿ ਧਾਰਾ।
ਪੁਤਰੀ ਕਉਲੁ ਨ ਪਾਲਿਆ
ਮਨਿ ਖੋਟੇ ਆਕੀ ਨਸਿਆਰਾ।
ਬਾਣੀ ਮੁਖਹੁ ਉਚਾਰੀਐ
ਹੁਇ ਰੁਸਨਾਈ ਮਿਟੈ ਅੰਧਾਰਾ।
ਗਿਆਨੁ ਗੋਸਟਿ ਚਰਚਾ ਸਦਾ
ਅਨਹਦਿ ਸਬਦਿ ਉਠੇ ਧੁਨਕਾਰਾ।
ਸੋਦਰੁ ਆਰਤੀ ਗਾਵੀਐ
ਅੰਮ੍ਰਿਤ ਵੇਲੇ ਜਾਪੁ ਉਚਾਰਾ।
ਗੁਰਮੁਖਿ ਭਾਰਿ ਅਥਰਬਣਿ ਤਾਰਾ॥੩੮॥

ਬਾਰ੍ਹਾਂ ਵਰ੍ਹੇ ਉਦਾਸੀਆਂ ਵਿਚ ਲੰਮਾ ਪੈਂਡਾ ਝਾਗ
ਦੁਖੀਆਂ ਦੇ ਸਾਕੇ ਹਰੇ ਲਾ ਸਤਿਨਾਮ ਦੀ ਜਾਗ।



UNISTAR BOOKS PVT LTD.
Unistar Books Pvt Ltd.
Unistar Books Pvt Ltd.
Unistar Books Pvt Ltd.
UNISTAR BOOKS PVT LTD.

ਸੰਨ ਪੰਦਰਾਂ ਸੌ ਇੱਕੀ ਦਾ ਕੇਹਾ ਸੁਹੰਢਣਾ ਸਾਲ
'ਕਲਜੁਗ ਪ੍ਰਮਾਣ ਨਾਨਕ ਗੁਰ' ਘਰ ਪੁੱਜੇ ਆਖ਼ਰਕਾਰ।
ਨਵਖੰਡ ਪ੍ਰਿਥਮੀ ਤਾਰਦੇ ਹੋਏ ਲੰਮਾ ਪੈਂਡਾ ਝਾਗ
ਬੈਠੇ ਗੁਰ ਕਰਤਾਰਪੁਰ ਭੇਖ ਉਦਾਸੀ ਤਿਆਗ।

•

UNISTAR BOOKS PVT LTD.
Unistar Books Pvt
Unistar Books Pvt Ltd.
UNISTAR BOOKS PVT LTD.

# ਅੱਠਵਾਂ ਸਰਗ
# ਕਰਤਾਰਪੁਰ

UNISTAR BOOKS PVT LTD.
Unistar Books Pvt Ltd.
Unistar Books Pvt Ltd.
Unistar Books Pvt Ltd.
UNISTAR BOOKS PVT LTD.

UNISTAR BOOKS PVT LTD.

ਫਿਰਿ ਬਾਬਾ ਆਇਆ ਕਰਤਾਰਪੁਰਿ
ਭੇਖੁ ਉਦਾਸੀ ਸਗਲ ਉਤਾਰਾ।
ਪਹਿਰਿ ਸੰਸਾਰੀ ਕਪੜੇ
ਮੰਜੀ ਬੈਠਿ ਕੀਆ ਅਵਤਾਰਾ।

**–ਭਾਈ ਗੁਰਦਾਸ**

Unistar Books Pv
Unistar Books Pvt Ltd.
UNISTAR BOOKS PVT LTD.

UNISTAR BOOKS PVT LTD.

## ਕਰਤਾਰਪੁਰ

ਪਠਾਣ ਮੁਸਲਮਾਨਾਂ ਦਾ ਹੈ ਸੀ ਹਿੰਦ ’ਤੇ ਰਾਜ
ਮਰਜ਼ੀ ਚੱਲੇ ਉਸਦੀ ਜੀਹਦੇ ਸਿਰ ’ਤੇ ਤਾਜ।
ਵਿਚ ਤਲਵੰਡੀ ਸਤਿਗੁਰੂ ਜੀ ਹੈਸੀ ਬਹੁੰ ਸਤਿਕਾਰ
ਲੇਕਿਨ ਦੀਨੀ ਭਾਈਆਂ ਦੀ ਹੋ ਰਹੀ ਸੀ ਭਰਮਾਰ।
ਬਣ ਰਹੇ ਸੀ ਮੁਸਲਮਾਨ ਕੁਝ ਹਿੰਦੂ ਧਰਮ ਤਿਆਗ
ਜੱਟ ਕਬੀਲਿਓਂ ਵਿਚ ਵੀ ਸੀ ਲੱਗੀ ਮਾਰੂ ਲਾਗ।
ਸ਼ੂਦਰ ਅਖਵਾਉਂਦੇ ਲੋਕੀਂ ਦਰਿਆ ਪਾਰ ਚਨਾਬ
ਅੱਧ-ਪਚੱਧਿਆਂ ਉਨ੍ਹਾਂ ’ਚੋਂ ਸੀ ਦਿੱਤਾ ਧਰਮ ਤਿਆਗ।
ਇਕ ਵਾਰੀ ਈਮਾਨ ਛੱਡ ਜੋ ਬਣਿਆ ਮੁਸਲਮਾਨ
ਤਿਆਗ ਨਾ ਸਕਿਆ ਲਾਈ ਕਦੇ ਆਦਿ ਵਿਚ ਕਾਫ਼ਰ ਦੀਨ ਇਸਲਾਮ।
ਗਾਹ ਕੇ ਚਰਨਾਂ ਨਾਲ਼ ਗੁਰ ਜੋਜਨ ਕਈ ਹਜ਼ਾਰ
ਧਰਤ ਲੁਕਾਈ ਸੋਧ ਕੇ ਮੁੜੇ ਸੀ ਵਿਚ ਪਰਿਵਾਰ।
ਕਰਤਾਰਪੁਰੋਂ ਤੁਰਨ ਸਮੇਂ ਜੋ ਗਏ ਸੀ ਮੋਹੜੀ ਗੱਡ
ਸੇਵਾਦਾਰਾਂ ਵੀ ਪਿੱਛੋਂ ਸਭ ਕੁਲ ਸਰਕੜੇ ਵੱਢ।
ਬਾਬੇ ਲਈ ਸੀ ਉਸ ਥਾਂ ਦਿੱਤੇ ਕੋਠੇ ਉਸਾਰ
ਕਰ ਉਦਾਸੀਆਂ ਆਣ ਬਹੇ ਬਾਬਾ ਸਣ ਪਰਿਵਾਰ।
ਦੂਰ-ਦੁਰਾਡੇ ਜਾ ਖਿੰਡੀ ਸਦਗੁਣੀ ਮਹਿਕਾਰ
ਰਾਵੀ ਦੀ ਇਸ ਧਰਤ ’ਤੇ ਚੜ੍ਹਿਆ ਰੂਪ ਅਪਾਰ।
ਰਾਵੀ ਬੰਨ੍ਹਿਓਂ ਰਾਰ-ਪਾਰ ਜਾਗ ਜਾ ਲੱਗੀ ਚਨਾਬ
‘ਕਰਤਾਰਪੁਰ ਕਰਤਾ ਵਸੇ’ ਜਾਗੇ ਸੁੱਤੇ ਭਾਗ।
ਕਲਾਨੌਰ ਦੇ ਸਰਗਣੇ ਵਿਚ ਸੀ ਰਮਣੀਕ ਇਹ ਥਾਂਵ
ਇਸੇ ਭੋਇੰ ਤੇ ਜੰਮਿਆ ਸੀ ਅਸ਼ੋਕ ਮਹਾਨ।
ਕੇਂਦਰ ਬਣੀ ਧਰਤ ਜੋ ਸਤਸੰਗ ਸਿਫ਼ਤ ਸਲਾਹ
ਜੁੜਨ ਲੱਗੀ ਸੰਗਤ ਸਭੇ ਦੂਰ-ਦੁਰਾਡਿਓਂ ਆ।
ਕੱਟੜ ਖ਼ਿਆਲੀਏ ਮਿਲ ਕੇ ਪਾਵਣ ਲੱਗੇ ਸ਼ੋਰ
ਦੂਣ ਸਵਾਈ ਸ਼ੋਭਾ ਤੱਕ ਅੱਜ ਹੋਰ ਕੱਲ੍ਹ ਹੋਰ।

ਕਲਾਨੌਰ ਦਾ ਚੌਧਰੀ ਹਾਕਮ ਕਰੋੜੀਆ ਮੱਲ
ਸੁਣ ਬਾਬੇ ਦੀ ਕੀਰਤੀ ਅੰਦਰੋਂ ਗਿਆ ਹੱਲ।

Unistar Books Pvt Ltd.



UNISTAR BOOKS PVT LTD.

ਆਗਿਆ ਬਿਨ ਸੇਵਾਦਾਰਾਂ ਦਿੱਤਾ ਪਿੰਡ ਜੋ ਬੰਨ੍ਹ
ਬੰਦੀ ਪਾਉਣਾ ਉਸ ਨੂੰ ਦਿੱਤਾ ਜਿਸ ਭੋਇੰ ਧੰਨ।
ਦੋਹਾਂ ਧਰਮਾਂ ਵਿਚ ਜੋ ਹੋਈ ਡਾਢੀ ਹਲਚਲ
ਅਜਬ ਮਹਾਂਪੁਰਖ ਨੂੰ ਕੱਢਣ ਵਿਚ ਹੀ ਭੱਲ।
ਕੱਢਣ ਲਈ ਟਿਕਾਣਿਓਂ ਹੋ ਘੋੜੇ 'ਤੇ ਅਸਵਾਰ
ਤੁਰਿਆ ਘਰੋਂ ਕਰੋੜੀਆ ਵਿਚ ਡਾਢੇ ਹੰਕਾਰ।
ਰਾਹ 'ਚ ਘੋੜਾ ਬਿਦਕਿਆ ਆਪਣੀ ਹੀ ਤੱਕ ਛਾਂ
ਅੱਗੇ ਵਧਣੋਂ ਸਾਫ਼ ਹੀ ਘੋੜੇ ਕੀਤੀ ਨਾਂਹ।
ਮਾਰੇ ਛਾਂਟੇ ਕ੍ਰੋਧ ਵਿਚ ਹੋਰ ਕਰੋੜੀ ਮੱਲ
ਤੋਰਨ ਦੇ ਲਈ ਲਾਇਆ ਅੱਡੀ-ਚੋਟੀ ਦਾ ਬਲ।
ਇਕ ਵੀ ਪੈਰ ਨਾ ਪੁੱਟਿਆ ਘੋੜੇ ਨੇ ਅਗਾਂਹ
ਆਖ਼ਿਰ ਕੁਝ ਸਿਆਣਿਆਂ ਹਾਕਮ ਨੂੰ ਇੰਜ ਕਿਹਾ
"ਘੋੜੇ ਚੜ੍ਹ ਮਿਲਣਾ ਵਲੀ ਕਿੱਥੋਂ ਦਾ ਦਸਤੂਰ
ਪੈਦਲ ਜਾਣਾ ਠੀਕ ਹੈ ਉੱਤਰੋ ਹੇਠ ਹਜ਼ੂਰ।"
ਆਖ਼ਿਰਕਾਰ ਕਰੋੜੀਏ ਮਨ ਦਾ ਤਜ ਗ਼ੁਮਾਨ
ਪੈਰੀਂ ਟੁਰ ਕੇ ਸਤਿਗੁਰੂ ਦੀ ਸ਼ਰਨੀਂ ਪੁੱਜਾ ਆਣ।
ਡਿੱਠਾ ਸਾਹਵੇਂ ਉਸ ਨੇ ਜਦ ਅੱਲ੍ਹਾ ਦਾ ਨੂਰ
ਗਦ-ਗਦ ਹੋਈ ਆਤਮਾ ਦਰਸ਼ਨ ਕਰ ਹਜ਼ੂਰ।
ਸੌ ਵਿੱਘੇ ਦੀ ਥਾਂ ਦੇਇ ਉਸ ਬੱਧਾ 'ਨਾਨਕ ਚੱਕ'
ਨਾਨਕ ਨੂੰ ਵਡਪੁਰਖ ਜਾਣ ਸੇਵ ਕਰੀ ਅਣਥੱਕ।
ਧਰਮਸ਼ਾਲ ਹਵੇਲੀ ਇਕ ਬਣਵਾਈ ਕੋਠਿਆਂ ਲਾਗ
ਲੱਗ ਗਏ ਇਸ ਧਰਤ ਨੂੰ ਦੂਣ ਸਵਾਏ ਭਾਗ।
'ਨਾਨਕ ਚੱਕ' ਦੀ ਥਾਂ ਗੁਰ 'ਕਰਤਾਰਪੁਰ' ਰੱਖ ਨਾਂ
ਸਭ ਮਾਲਕ ਦਾ ਸਮਝਿਆ ਆਪਾ ਭਾਵ ਮਿਟਾ।
ਵਰਸਣ ਲੱਗੀ ਨਾਮ ਦੀ ਵਰਖਾ ਦਿਨ ਤੇ ਰਾਤ
ਸਾਧ ਸੰਗਤ ਜੁੜ ਬੈਠਦੀ ਵਿਸਰ ਪਰਾਈ ਤਾਤ।
ਤਲਵੰਡੀ ਤੋਂ ਉੱਠ ਕੇ ਕਈ ਘਰਾਣੇ ਹੋਰ
ਸਣੇ ਟੱਪਰੀਆਂ ਸਭਨਾਂ ਇਥੇ ਕੀਤੀ ਠਉਰ।
ਮਰਦਾਨਾ ਵੀ ਵਸ ਗਿਆ ਇਥੇ ਸਣ ਪਰਿਵਾਰ
ਕੀਰਤਨੀਆਂ ਬਲਵੰਡ ਜੀ ਵਸਿਆ ਟੱਬਰ ਨਾਲ਼।
ਧਰਮਸ਼ਾਲ ਬਹੁ ਜੁੜ ਕਰਨ ਸਤਿਨਾਮ ਦਾ ਜਾਪ
ਚਹੁੰ-ਤਰਫ਼ੀਂ ਜਾ ਫੈਲਿਆ ਬਾਬੇ ਦਾ ਪਰਤਾਪ।

UNISTAR BOOKS PVT LTD.
Unistar Books Pvt Ltd.

UNISTAR BOOKS PVT LTD.

ਸੂਰ ਸਾਧਕ ਬਲਵੰਡ ਜੀ ਕੀਰਤਨ ਕਰ ਦਿਨ-ਰਾਤ
ਸੰਗਤ ਦੇ ਵਿਚ ਵੰਡਦੇ ਸ਼ਬਦ ਇਲਾਹੀ ਦਾਤ।
ਘਣ ਵੱਸੋਂ ਕਰਤਾਰਪੁਰ ਇਕ ਅੰਦਾਜ਼ੇ ਨਾਲ਼
ਸੈਂਕੜਿਆਂ ਤੋਂ ਵਧ ਕੇ ਪੁੱਜੀ ਵੀਹ ਹਜ਼ਾਰ।
ਭਾਈ ਗੁਰਦਾਸ ਜੀ ਲਿਖਿਆ ਅੰਦਰ ਪਹਿਲੀ ਵਾਰ
"ਬੈਠੇ ਮੰਜੀ ਸਤਗੁਰੂ ਉਦਾਸੀ ਭੇਖ ਉਤਾਰ।"
ਲੱਕ ਦੁਆਲ਼ੇ ਕੱਪੜਾ ਸਿਰ ਬੰਨ੍ਹੀ ਦਸਤਾਰ
ਮੋਢਿਆਂ 'ਤੇ ਚਾਦਰ ਸੋਹੇ ਝੱਲੀ ਜਾਏ ਨਾ ਝਾਲ।

Unistar Books Pvt L

## ਗੁਰ ਮਰਯਾਦਾ

ਪਹਿਨ ਸੰਸਾਰੀ ਕਪੜੇ ਵਾਕੁਰ ਦੁਨੀਆਦਾਰ
ਕਿਰਤ ਵਿਰਤ ਲੱਗੇ ਕਰਨ ਆਮ ਗ੍ਰਿਹਿਸਥੀਹਾਰ।
ਉਮਰ ਬਵੰਜਾ ਸਾਲ ਗੁਰ ਚਿਹਰੇ 'ਤੇ ਮੁਸਕਾਨ
ਦਿਨ ਨਿਕਲਣ ਤੋਂ ਚੰਦ ਪਹਿਰ ਉੱਠ ਕਰਨ ਇਸ਼ਨਾਨ।
ਕਰਤਾਰਪੁਰ 'ਗੁਰ ਸੱਚ ਬਧੀ' ਧਰਮਸ਼ਾਲ ਵਿਚ ਆਣ
ਸੰਗਤਾਂ ਦੇ ਸੰਗ ਮਿਲ ਕਰਨ ਨਾਮ ਬਾਣੀ ਗੁਣਗਾਨ।
"ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ॥
ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ॥"
ਸੂਰਜ ਨਿਕਲਣ ਮਗਰੋਂ ਲੈ ਤੀਕਰ ਸਵਾ ਪਹਿਰ
ਗੁਰਬਾਣੀ ਕੀਰਤਨ ਹੋਇ ਲੱਗੇ ਨਾਮ ਦੀ ਲਹਿਰ।
ਬਾਬਾ ਕੀਰਤਨ ਮਗਰੋਂ ਕਰ ਆਰਤੀ 'ਗਗਨ ਮਹਿ ਥਾਲ'
ਗਾਉਂਦੇ ਸੰਗ ਵਿਸਮਾਦ ਬਹ ਸਾਧ ਸੰਗਤ ਦੇ ਨਾਲ਼।
ਭੋਗ ਦੇ ਮਗਰੋਂ ਜੁਟਦੇ ਜਾ ਲੋਕੀਂ ਕਾਰ-ਵਿਹਾਰ
ਨਾਨਕ ਖੇਤਾਂ ਵਿਚ ਪੁੱਜ ਕੇ ਹੱਥੀਂ ਕਰਦੇ ਕਾਰ।
ਵਾਹਣ ਮੁੰਨਾ ਪਕੜ ਕੇ ਬਲ਼ਦਾਂ ਨੂੰ ਚਟਕਾਰ
ਸਿਮਰਨ ਚੱਲੇ ਚਿੱਤ ਵਿਚ ਹੱਥ ਜੁਟੇ ਵਿਚ ਕਾਰ।
ਭਾਂਤੋਂ-ਭਾਂਤੀ ਵੰਨ ਦੇ ਵਿਚ ਡੇਰੇ ਪਸ਼ੂ ਸੁਹਾਣ
ਬਲ਼ਦਾਂ ਦੀਆਂ ਜੋੜੀਆਂ ਖੇਤੀ ਉਪਜ ਵਧਾਣ।
ਮਰਯਾਦਾ ਕਰਤਾਰਪੁਰ ਦੀ ਸਮਝਣੀ ਨਹੀਂ ਸੁਖਾਲ਼
ਲਿਖਦੇ **ਬਲਿਓ ਚਿਰਾਗ਼** ਵਿਚ ਲੇਖਕ ਦੇਇ ਮਿਸਾਲ।
ਇਕ ਸਾਖੀ ਹੈ ਮੰਗਦੀ ਖ਼ਾਸ ਕਰਕੇ ਧਿਆਨ
ਇਕ ਦਿਨ ਸਾਧੂਆਂ ਮੰਡਲੀ ਇਥੇ ਪੁੱਜੀ ਆਣ।

ਸਤਗੁਰ ਦੇ ਹੱਥ ਲਿਬੜੇ ਉਨ ਡਿੱਠੇ ਮਿੱਟੀ ਨਾਲ਼
ਸੇਵਕ ਲੱਕੜਾਂ ਪਾੜ ਰਹੇ ਲੰਗਰ ਕਰਨੇ ਤਿਆਰ।
ਮੁਖ ਸਾਧੂ ਇਹ ਦੇਖ ਸਭ ਬੋਲਿਆ ਤਨਜ਼ ਨਾਲ
"ਗੁਰੂ ਨਾਨਕ ਤੁਸਾਂ ਨੇ ਸਾਂਢ ਰੱਖੇ ਨੇ ਪਾਲ਼।
ਖੋਲ੍ਹਣ ਲਈ ਜ਼ੁਬਾਨ ਇਹ ਕਿੰਨਾ ਕੁ ਲਗਦੈ ਜ਼ੋਰ
ਰੋਕ ਲਿਆ ਗੁਰ ਸਾਧੂਆਂ ਕੁਝ ਦਿਨਾਂ ਲਈ ਹੋਰ।"
ਕੁਝ ਦਿਨਾਂ ਦੇ ਬਾਦ ਜਦ ਸਾਧੂ ਲੱਗੇ ਜਾਣ
ਟੋਲੀ ਮੁਖੀਏ ਆਖਿਆ, "ਤੁਸੀਂ ਪਾਲ਼ ਰੱਖੇ ਇਨਸਾਨ।"
ਫਿਰ ਵੀ ਸਾਹਿਬ ਆਖਿਆ, "ਰੁਕੋ ਕੁਝ ਦਿਨ ਹੋਰ।"
ਗੁਰੂ ਨਾਨਕ ਦੇ ਹੁਕਮਾਂ ਨੂੰ ਸਾਧੂ ਸਕੇ ਨਾ ਮੋੜ।
ਤੱਕੇ ਜਦ ਇਨਸਾਨ ਉਨ੍ਹਾਂ ਭਰੇ ਸਦਗੁਣਾਂ ਨਾਲ਼
ਤੁਰਨ ਲੱਗਿਆਂ ਫਿਰ ਕਿਹਾ, "ਦੇਵਤੇ ਰੱਖੇ ਪਾਲ਼।"
ਆਖ਼ਿਰ ਸਮੇਂ ਵਿਦਾਇਗੀ 'ਤੇ ਇਕ ਜ਼ੁਬਾਨ ਦੇ ਨਾਲ਼
ਕਿਹਾ ਸਾਧੂਆਂ, "ਤੁਸੀਂ ਤਾਂ ਰੱਬ ਰੂਪ ਨੇ ਰੱਖੇ ਪਾਲ਼।"
ਸੰਤ ਕਬੀਰ ਵੀ ਲਿਖਿਆ ਵਿਚ ਬਾਣੀ ਦੀ ਲੋਏ
"ਹਰ ਜਨ ਐਸਾ ਚਾਹੀਏ ਜੈਸਾ ਹਰਿ ਹੀ ਹੋਏ।"
ਸਾਧ ਸੰਗਤ ਦਾ ਪੁਲ਼ ਹੋਏ ਨਾਮ ਰੂਪ ਤੁਲਹਾ
ਨਾਮ ਜਹਾਜ਼ 'ਚ ਬੈਠਿਆਂ ਪਾਰ ਹੋਵੇ ਅਸਗਾਹ।
ਕਿਰਤ-ਪ੍ਰਮੁੱਖ ਸੁਲੱਖਣੀ ਸੇਵ ਕਰੇ ਦਿਨ ਰਾਤ
ਲੋੜਵੰਦ ਆ ਛਕਦੇ ਸਭ ਲੰਗਰ 'ਚੋਂ ਪ੍ਰਸ਼ਾਦ।
ਇਕ ਪੰਗਤ ਵਿਚ ਸਭ ਉਹ ਬਿਨਾਂ ਵਿਤਕਰੇ ਬਹਿਣ
ਸਤਨਾਮ ਦਾ ਜਾਪ ਕਰ ਭੋਜਨ ਕਰਦੇ ਗ੍ਰਹਿਣ।
ਭਰਮ ਜਾਲ਼ ਸਭ ਕਟਦੇ ਮਤ ਉੱਚੀ ਨਿਗ੍ਹਾ ਵਿਸ਼ਾਲ
ਲਾਹੁਣ ਬਾਬਾ ਸਿਰਾਂ ਤੋਂ ਕਰਮ-ਕਾਂਡ ਦੇ ਭਾਰ।
ਮਾਇਆ ਜਾਲ਼ 'ਚ ਰਹਿੰਦਿਆਂ ਰਹਿਣ ਗੁਰੂ ਨਿਰਲੇਪ
ਜਿਉ ਮੁਰਗਾਈ ਪੰਖ ਰਹਿਣ ਜਲ ਤੋਂ ਹੋ ਅਲੇਪ।
ਬਾਣੀ ਕੀਰਤਨ ਹੋਂਵਦਾ ਨਿੱਤ ਨੂੰ ਤੀਜੇ ਪਹਿਰ
ਸੰਧਿਆ ਤੀਕਰ ਚਲਦੀ ਸਤਿਨਾਮ ਦੀ ਲਹਿਰ।
ਬਾਣੀ ਸੋ ਦਰ ਪਾਠ ਕਰ ਕਰਦੇ ਫਿਰ ਅਰਦਾਸ
ਲੰਗਰ ਛਕਦੇ ਮਿਲ ਬੈਠ ਲੈਣ ਖ਼ੁਸ਼ੀ ਗੁਰ ਖ਼ਾਸ।
ਸਿੱਖੀ ਮਰਯਾਦਾ ਏਦਾਂ ਚਲੇ ਦਿਨ ਤੋਂ ਰਾਤ
ਹੱਥੀਂ ਕਿਰਤ ਕਮਾਂਵਦੇ ਪਾ ਸਤਿਨਾਮ ਦੀ ਬਾਤ।



UNISTAR BOOKS PVT LTD.
Unistar Books Pvt Ltd.

ਗੁਜ਼ਰੇ ਪਹਿਰ ਜੋ ਰਾਤ ਦਾ ਬੈਠ ਸੁੱਖਾਂ ਦੇ ਧਾਮ
ਸੋਹਿਲਾ ਬਾਣੀ ਉਚਰਦੇ ਕਰਦੇ ਸਭ ਬਿਸ਼ਰਾਮ।

ਨਾਮ ਢੁੰਡਾਊਆਂ ਦੇਇ ਕੇ ਗੁਰ ਮਰਯਾਦਾ ਸਾਰ
ਸਿੱਖ ਸਿਰੋਂ ਲਾਹ ਸੁੱਟਿਆ ਬੇਦ ਅਥਰਬਣ ਭਾਰ।
ਹੌਲ਼ੀ-ਹੌਲ਼ੀ ਘਟਿਆ ਕਲਯੁਗ ਦਾ ਪ੍ਰਭਾਵ
ਸ਼ਬਦ ਸਹਾਰੇ ਤੰਤ੍ਰਾਂ-ਮੰਤ੍ਰਾਂ ਤੋਂ ਮਿਲੀ ਨਜ਼ਾਤ।
ਲਹਿਰ ਧਰਮ ਦੀ ਪੱਕੀ ਨੀਂਹ ਵਿਚ ਰੱਖੀ ਸਾਹਿਬ ਓਟ
ਉੱਪਰ ਫਿਰ ਉਸਾਰਿਆ ਅਬਚਲ ਸੱਚ ਦਾ ਕੋਟ।
ਬਣ ਨਿਮਾਣਾ ਦਾਸ ਬਾਬਾ ਨੀਚਾਂ ਦੀ ਲਈ ਸਾਰ
ਖਹਿ-ਖਹਿ ਮਰਦਿਆਂ ਤਾਈਂ ਕਰ ਸ਼ਾਂਤੀ ਦਾ ਪ੍ਰਚਾਰ।
ਸਭ ਨੂੰ ਨਾਨਕ ਜੋੜਦੇ ਸੀ ਅੰਤਿਮ ਸੱਚ ਦੇ ਨਾਲ਼
ਦੇਹੀ ਤਾਂ ਤੁਰ ਜਾਵਣੀ ਹੰਸੋਂ ਵੱਖਰੀ ਚਾਲ।
ਬਾਬਾ ਬੁੱਢਾ ਭਾਈ ਭਾਗੀਰਥ ਭਾਈ ਅਜਿੱਤਾ ਸਭ
ਸਿੱਖਾਂ ਵਿਚ ਸਿਰਮੌਰ ਸਨ ਵਿਚ ਰੂਹਾਨੀ ਛਬਿ।
ਦੂਰ-ਦੁਰਾਡਿਉਂ ਆ ਜੁੜਨ ਮਤ ਮਤਾਂਤਰ ਭੇਖ
ਤਪ ਸਾਧਕ ਜੋਗੀ ਜਤੀ ਪੀਰ ਪੀਤਾਂਬਰ ਸ਼ੇਖ।
ਬਾਬਾ ਬੁੱਢਾ ਭਾਈ ਅਜਿੱਤਾ ਨਿਤਨੇਮ ਅਨੁਸਾਰ
ਨੇਮ ਨਿਭਾਉਂਦੇ ਟਿਕ ਕੇ ਬਹਿ ਸੰਗਤ ਵਿਚਕਾਰ।
ਖੂਹ 'ਚੋਂ ਪਾਣੀ ਕੱਢ ਕੁਝ ਪੀਸਣ ਦਾਣੇ ਗੁਰਸਿੱਖ
'ਕੱਠੀਆਂ ਕਰਕੇ ਲੱਕੜਾਂ ਲਿਆਵਣ ਲੰਗਰ ਵਿਚ।
ਕੋਈ ਪੱਖਾ ਝਲਦਾ ਬਹਿ ਸੰਗਤ ਦੇ ਵਿਚਕਾਰ
ਕੋਈ ਬਰਤਨ ਮਾਂਜਦਾ ਬਣ ਕੇ ਸੇਵਾਦਾਰ।
ਤਨ ਮਨ ਧਨ ਦੀ ਸੇਵ ਕਰ ਲੰਗਰ ਹੁੰਦਾ ਤਿਆਰ
ਕਰਨੀ ਕਿਰਤ ਕਰੰਦਿਆਂ ਯਾਦ ਕਰਨ ਕਰਤਾਰ।
ਊਚ-ਨੀਚ ਦਾ ਫ਼ਰਕ ਛੱਡ ਬੈਠ ਪੰਗਤ ਵਿਚਕਾਰ
ਵਿਕਸਤ ਲੱਗਾ ਹੋਣ ਨਿੱਤ ਸੰਗਤ-ਸਭਿਆਚਾਰ।
ਅਮਿਓਂ ਰਸ ਬਾਣੀ ਝਰੇ ਗੁਰ ਮੱਥਿਉਂ ਝਰਦਾ ਤੇਜ
ਰੰਗ ਮਜੀਠਾ ਚਾੜ੍ਹਦੇ ਬਾਬਾ ਵਤ ਰੰਗਰੇਜ।
ਸਤਿਨਾਮ ਦਾ ਬੀਜ ਬੋਇਕੇ ਲੋਕ ਮਨਾਂ ਵਿਚਕਾਰ
ਨਿਜ ਪਰਿਵਾਰੋਂ ਉਚਿਆਇਆ ਨਾਨਕ ਗੁਰ-ਪਰਿਵਾਰ।
ਕਿੰਨਿਆਂ ਨੂੰ ਵਰਸਾਇਆ ਦੇਇ ਨਾਮ ਦਾਨ ਇਸ਼ਨਾਨ
ਕਈਆਂ ਦਿੱਤਾ ਜੀਅ ਦਾਨ ਯਾਤਰਾਵਾਂ ਦੌਰਾਨ।

ਵੇਰਵਾ ਜਿਨ੍ਹਾਂ ਨਾਹ ਮਿਲਦਾ ਹੈਨ ਗਿਣਤੀਉਂ ਬਾਹਰ
ਲੇਕਿਨ ਕੁਝ ਨੇ ਜ਼ਿਕਰਯੋਗ ਪੋਥੀਆਂ ਦੇ ਵਿਚਕਾਰ।
ਜਿਥੇ ਬੈਠੇ ਸਤਗੁਰੂ ਸੀ ਸੋਈ ਸੁਹਾਵਾ ਥਾਨ
ਸੰਗਤ ਦਾ ਕੇਂਦਰ ਬਣਿਆ ਕਰਤਾਰਪੁਰ ਅਸਥਾਨ।
ਧਨ ਉਹ ਧਰਮੀ ਜੀਉੜੇ ਜਿਨ ਤੁਠੇ ਅਹੰਮੇਵ
ਜੀਵਨ ਪਦਵੀ ਪਾਈ ਜਿਨ੍ਹਾਂ ਸੰਗਤ ਕਰ ਗੁਰਦੇਵ।
ਕੁਝ ਕੁ ਨਾਮੀ ਗੁਰਸਿੱਖਾਂ ਦੇ ਵੇਰਵੇ ਦਿੰਦਿਆਂ ਖ਼ਾਸ
ਗਿਆਰਵੀਂ ਵਾਰ 'ਚ ਲਿਖਿਆ ਸਤ ਭਾਈ ਗੁਰਦਾਸ।

ਤਾਰੂ ਪੋਪਟੁ ਤਾਰਿਆ
ਗੁਰਮੁਖਿ ਬਾਲ ਸੁਭਾਇ ਉਦਾਸੀ।
ਮੂਲਾ ਕੀੜੁ, ਵਖਾਣੀਐ
ਚਲਿਤੁ ਅਚਰਜ ਲੁਭਿਤ ਗੁਰਦਾਸੀ।
ਪਿਰਥਾ, ਖੇਡਾ ਸੋਇਰੀ
ਚਰਣ ਸਰਣ ਸੁਖ ਸਹਜਿ ਨਿਵਾਸੀ।
ਭਲਾ ਰਬਾਬ ਵਜਾਇੰਦਾ
ਮਜਲਸ ਮਰਦਾਨਾ ਮੀਰਾਸੀ।
ਪਿਰਥੀ ਮਲੁ ਸਹਗਲੁ ਭਲਾ
ਰਾਮਾ ਡਿਡੀ ਭਗਤਿ ਅਭਿਆਸੀ।
ਦਉਲਤ ਖਾਂ ਲੋਦੀ ਭਲਾ
ਹੋਆ ਜਿੰਦ ਪੀਰੁ ਅਬਿਨਾਸੀ।
ਮਾਲੋ, ਮਾਂਗਾ ਸਿਖ ਦੁਇ
ਗੁਰਬਾਣੀ ਰਸਿ ਰਸਿਕ ਬਿਲਾਸੀ।
ਸਨਮੁਖਿ ਕਾਲੂ ਆਸ ਧਾਰ
ਗੁਰਬਾਣੀ ਦਰਗਹ ਸਾਬਾਸੀ।
ਗੁਰਮਤਿ ਭਾਉ ਭਗਤਿ ਪਰਗਾਸੀ॥੧੩॥

ਅਗਲੀ ਪਉੜੀ ਵਿਚ ਫਿਰ ਲਿਖਦੇ ਹੋਰ ਵੀ ਨਾਂ
ਭਗਤਾ ਓਹਰੀ, ਜਾਪੂਵੰਸ਼ੀ ਤੇ ਉਪਲ ਸੀਹਾਂ।
ਗਜਣ ਉਪਲ, ਭਾਗੀਰਥ, ਕਾਲੀ ਵਿਚ ਮੈਲਸੀਹਾਂ
ਜਿਤਾ ਰੰਧਾਵਾ, ਬੂੜਾ ਬੁਢਾ, ਦੀ ਵਿਸ਼ੇਸ਼ ਹੈ ਥਾਂ।
ਫਿਰਣਾ ਖਹਿਰਾ, ਜੋਧ ਸਿੰਘ ਕਿੰਨੇ ਹੋ ਵਿਸੇਖ
ਜਿਨ੍ਹਾਂ ਦਾ ਹੈ ਮਿਲਦਾ ਸਾਖੀਆਂ ਵਿਚ ਉਲੇਖ।



UNISTAR BOOKS PVT LTD.
Unistar Books Pvt
Unistar Books Pvt Ltd.
UNISTAR BOOKS PVT LTD.

## ਨਾਮ ਰਸੀਏ

ਅਨਿਕ ਸਿੱਖ ਗੁਰ ਨਾਨਕ ਤਾਈਂ
ਜਿਨ੍ਹਾਂ ਜੀਵਨ ਪਦਵੀ ਪਾਈ।
ਨਾਮ ਰੰਗ ਸਿਓਂ ਲੱਗੇ ਬਾਣ
ਨਾਨਕ ਤੋਂ ਹੋਵਣ ਕੁਰਬਾਨ।
ਕਰਤਾਰਪੁਰ ਗੁਰ ਚਰਨੀਂ ਬਹਿੰਦੇ
ਮੁੱਖੋਂ ਸਤਿਨਾਮ ਜਪੁ ਕਹਿੰਦੇ।
'ਮਾਲੋ, ਮਾਂਗਾ' ਹੋ ਸਾਵਧਾਨ
ਸ਼ਬਦ ਸੁਰਤ ਗੁਰਬਾਣੀ ਧਿਆਨ।
ਬਾਬੇ ਕਿਹਾ, "ਕੀਰਤਨ ਵੀਚਾਰ
ਜਨਮ ਜਨਮ ਦਾ ਹੋਏ ਉਧਾਰ।
ਕਥਾ ਕੀਰਤਨ ਉੱਤਮ ਕਰਮ
ਬਾਕੀ ਫੋਟਕ ਨਿਹਫ਼ਲ ਕਰਮ।
ਕਥਾ ਕੀਰਤਨ ਬਾਣੀ ਆਗਾਧ
ਯਤਨ ਸੁਖੈਨ ਤੇ ਬਹੁਤ ਲਾਭ।"
ਸੁਣ ਸਾਹਿਬ ਤੋਂ ਬਚਨ ਰੀਸਾਲ
ਮਾਲੋ, ਮਾਂਗਾ ਭਏ ਨਿਹਾਲ।
ਕੀਰਤਨ ਕਰਨ ਦੋਏ ਰਲ਼ ਨਾਲ਼
ਗੁਰਬਾਣੀ ਤੇ ਕਥਾ ਵੀਚਾਰ।
ਰਲ਼ ਕੇ ਧਰਮ ਕਿਰਤ ਵੰਡ ਖਾਣ
ਨਿਸਦਿਨ ਰਸਨੀ ਧਿਆਵਣ ਨਾਮ।
ਗੁਰਾਂ ਕਿਹਾ, "ਵੱਡਾ ਇਨਸਾਨ
ਸਾਂਈ ਨਦਰ ਪ੍ਰੇਮ ਪਰਵਾਨ।
ਨਫ਼ਰਤ ਦਾ ਹੈ ਨਾਮ ਸ਼ੈਤਾਨ
ਚੰਗੇ ਅਮਲ ਪੜ੍ਹਨ ਪਰਵਾਨ।"

ਕਰ ਦੀਦਾਰ 'ਉਬਾਰੇ ਖਾਨ'
ਨਦਰੀ ਗੁਰ ਹੋਇਆ ਪਰਵਾਨ।
ਸੁਣਿਆ ਜਦ ਅਬਦੁਲ ਰਹਿਮਾਨ
ਬਣਿਐ ਸਿੱਖ ਉਬਾਰੇ ਖ਼ਾਨ।
ਉਬਾਰ ਖ਼ਾਨ ਨੂੰ ਪਾਈ ਝਾੜ
ਗੁਰਾਂ ਲਈ ਦਿੱਤੀ ਫ਼ਿਟਕਾਰ।
ਪਤਾ ਲੱਗਾ ਜੋ ਨਾਨਕ ਤਾਈਂ

UNISTAR BOOKS PVT LTD.
Unistar Books Pvt Ltd.

ਭੀੜ ਪਈ ਸਿੱਖ ਦੇ ਸਿਰ ਆਈ।
ਨਾਲ਼ ਲੈ ਸਿੱਖ ਉਬਾਰੇ ਖ਼ਾਨ
ਤੁਰ ਪਏ ਬਾਬਾ ਜਾਣੀ-ਜਾਣ।
ਨਾਲ਼ ਮੁਰੀਦਾਂ ਆ ਰਹਿਮਾਨ
ਵਧਿਆ ਬਲ ਸ਼ਾਹ ਮੁਲਤਾਨ।
ਨੂਰੀ ਮੁੱਖ ਦਾ ਕਰ ਦੀਦਾਰ
ਮੱਚਦੇ ਸੀਨੇ ਪੈ ਗਈ ਠਾਰ।
ਬਾਬੇ ਲਾ ਕੇ ਹਿਰਦੇ ਨਾਲ਼
ਕੀਤਾ ਨਦਰੀ ਨਦਰਿ ਨਿਹਾਲ।

ਵਾਰਾਂ ਵਿਚ ਭਾਈ ਗੁਰਦਾਸ
ਜ਼ਿਕਰ ਹੈ ਕੀਤਾ ਜਿਨ੍ਹਾਂ ਖ਼ਾਸ।
ਪਹਿਲਾ ਸਿੱਖ ਸੀ 'ਭਾਈ ਤਾਰੂ'
ਆਖਿਆ ਗੁਰ ਜਿਸ ਨੂੰ ਕੁਲ ਤਾਰੂ।
ਕਿਰਤ-ਵਿਰਤ ਰਲ਼ ਵੰਡ ਕੇ ਖਾਣਾ
ਨਿੱਤ ਦਾ ਸੀ ਇਹ ਧਰਮ ਨਿਭਾਣਾ।
ਦੁਖੀਆਂ ਦਾ ਸੀ ਉਹ ਵਡ-ਦਰਦੀ
ਸਭਨਾਂ ਲਈ ਰਖਦਾ ਹਮਦਰਦੀ।
ਅੱਗ ਲੱਗੀ ਜਦ ਵਿਚ ਲਾਹੌਰ
ਲੋਕਾਂ ਦਾ ਸੁਣ ਕੇ ਵਡ ਸ਼ੋਰ।
ਭਰ ਬਾਲਟੀ ਮਨ 'ਚ ਠਾਣੀ
ਪਾਣੀ ਪਾ ਕੇ ਅੱਗ ਬੁਝਾਣੀ।
ਲੋਕਾਂ ਕਿਹਾ, "ਅੱਗ ਹੈ ਮਾਰੂ
ਇਕ ਬਾਲਟੀ ਕੀ ਸਵਾਰੂ ?"

"ਸਿੱਖ ਗੁਰੂ ਬਸ ਕਰਮ ਕਮਾਵੈ
ਅੱਗ ਬੁਝੇ ਜਾਂ ਨਾ ਬੁਝ ਪਾਵੇ।"
ਦੇਇ ਆਸੀਸ ਕਿਹਾ ਜੱਗ ਤਾਰਕ
"ਹੋਸੇਂ ਤਾਰੂ ਕੁਲ ਦਾ ਤਾਰਕ।"

ਦਾਸਨ ਦਾਸਾ 'ਮੂਲਾ ਕੀੜ'
ਸ਼ਬਦ ਅਭਿਆਸੀ ਗਹਿਰ-ਗੰਭੀਰ।
ਪਰਮ ਮਿੱਤਰ ਨਾਨਕ ਕਾ ਖ਼ਾਸ
ਹਰ ਜਸ ਜਪਤ ਰਹੇ ਦਿਨ ਰਾਤ।

UNISTAR BOOKS PVT LTD.
Unistar Books Pvt Ltd.

ਬਾਬੇ ਲਈ ਰੱਖ ਮਨ 'ਚ ਚਾਅ
ਪੁੱਛਿਆ ਸਫ਼ਲ ਜੀਉਣ ਦਾ ਰਾਹ।
"ਚੋਰੀ ਜਾਰੀ ਜੂਆ ਆਦਿ
ਵੇਸਵਾ ਗਮਨੀ ਕਰੇ ਤਿਆਗ।
ਲੋੜਵੰਦਾਂ ਦੀ ਕਰੇ ਸੰਭਾਲ਼
ਧਰਮ ਕਿਰਤ ਵੰਡ ਖਾਵੇ ਨਾਲ਼।
ਨੰਗੇ ਭੁੱਖੇ ਦੀ ਲਏ ਸਾਰ
ਨਾਨਕ ਕਿਹਾ ਗੁਰ-ਸ਼ਬਦ ਵੀਚਾਰ।"
ਮੂਲਾ ਕੀੜ ਪਰਤ ਘਰ ਆਇਆ
ਘਰ 'ਚ ਹੀ ਨਿਤਨੇਮ ਬਣਾਇਆ।
ਨਾਮ ਦਾਨ ਇਸ਼ਨਾਨ ਦੇ ਨਾਲ਼
ਗੁਰਸਿੱਖਾਂ ਦੀ ਕਰੇ ਸੰਭਾਲ਼।
ਇਕ ਦਿਨ ਇਕ ਬਹਿਰੂਪੀਆ ਆਇਆ
ਸਿੱਖ ਜਾਣ ਉਸ ਮਨ ਨੂੰ ਭਾਇਆ।
ਕੰਠ ਜਪੇ ਬਾਬੇ ਦੀ ਬਾਣੀ
ਮੂਲੇ ਸੇਵਾ ਕਰਨ ਦੀ ਠਾਣੀ।
ਬਾਣੀ ਸੁਣ ਚਿੱਤ ਭਇਆ ਵਿਰਾਮ
ਰਾਤ ਕਰਾਇਆ ਸੁਖ ਵਿਸ਼ਰਾਮ।
ਮੂਲੇ ਦਾ ਜਦ ਟੱਬਰ ਸੁੱਤਾ
ਗਹਿਣੇ ਚੁੱਕ ਬਹਿਰੂਪੀਆ ਭੱਜਾ।
ਹੋਰ ਗਹਿਣੇ ਮੂਲੇ ਘੜਵਾਏ
ਘਰਵਾਲ਼ੀ ਦੇ ਗਲ਼ ਆ ਪਾਏ।
ਬਾਣੀ ਦਾ ਉਸ ਆਦਰ ਕੀਤਾ
ਸ਼ਬਦ ਅਨਾਦਰ ਹੋਣ ਨਾ ਦਿੱਤਾ।
ਮਾਫ਼ ਕਰੀਂ ਭੁੱਲ ਰੱਖੀ ਲੱਜਿਆ
'ਚੋਰ ਸਿੱਖ' ਦਾ ਪਰਦਾ ਕੱਜਿਆ।
ਬਹਿਰੂਪੀਆ ਬਹੁੰ ਪਛਤਾਇਆ
ਜੀਵਨ ਵਿਚ ਮੁੜ ਪਲਟਾ ਖਾਇਆ।

'ਭਾਈ ਪ੍ਰਿਥਾ', 'ਭਾਈ ਖੇਡਾ' ਤਾਈਂ
ਗੁਰੂ ਮਿਲਨ ਇੱਛਾ ਵਰ ਆਈ।
ਕਰਤਾਰਪੁਰ ਆਏ ਦਰਸ਼ਨ ਨੂੰ
ਨਾਨਕ, ਚਰਨ ਕਮਲ ਪਰਸਣ ਨੂੰ।

UNISTAR BOOKS PVT LTD.
Unistar Books Pvt Ltd.
Unistar Books Pvt Ltd.
Unistar Books Pvt Ltd.
UNISTAR BOOKS PVT LTD.

ਬਾਣੀ ਸੁਣ ਕਰ ਸ਼ਬਦ ਵੀਚਾਰਾ
ਚਰਨ ਕਮਲ ਕੀ ਹੋਏ ਛਾਰਾ।
ਕੀਤੀ ਦੋਹਾਂ ਨੇ ਅਰਦਾਸ
"ਰਹੀਏ ਚਰਨਾਂ ਕਮਲਾਂ ਪਾਸ।
ਸੰਗਤ ਸਾਡਾ ਹੀ ਸਰੂਪ
ਜੁੜਨਾ ਹੈ ਵਿਚ ਪਰਮ ਅਨੂਪ।
'ਸ਼ਬਦ ਮਿਲੇ' ਸਦ ਜੀਵਨ ਏਹਾ
ਸ਼ਬਦ ਮੇਰਾ ਰਿਦ ਸਦਗੁਣ ਦੇਹਾ।
ਮਾਨੁੱਖ ਦੇਹੀ ਬਿਨਸਨਹਾਰ
ਸਦ ਜੀਵਨ ਸ਼ਬਦ ਰਿਦ ਧਾਰ।"
ਦੋਹਾਂ ਸੁਣਿਆਂ ਧਰਮ ਵੀਚਾਰ
ਕੀਤੀ ਗੁਰਾਂ ਨੂੰ ਨਮਸਕਾਰ।
'ਪ੍ਰਿਥੀ ਮੱਲ' ਤੇ 'ਰਾਮਾ ਡਿਡੀ'
ਨਾਮ ਭਿਆਲੀ ਨੀਅਤ ਸਿੱਧੀ।
ਬਿਨਤੀ ਕੀਤੀ ਚਰਨੀਂ ਆਣ
"ਕਿੱਦਾਂ ਹੋਈਏ ਬਿਸ਼ਨ ਸਮਾਨ।
ਦੱਸੋ ਕੋਈ ਰਾਹ ਸੁਖਾਲ਼ਾ
ਸਾਂਝ ਪ੍ਰਭੂ ਨਾਲ਼ ਪਾਵਣ ਵਾਲ਼ਾ।"

ਅੱਗੇ ਬੋਲੇ ਨਾਨਕ ਸ਼ਾਹ
"ਇੰਦਰੀ ਦਮਨ ਹੈ ਸੌਖਾ ਰਾਹ
ਪਰ ਰੂਪ ਪਰ ਨਿੰਦਾ ਛੋੜੋ
ਚੋਰੀ ਜਾਰੀ ਤੋਂ ਮਨ ਹੋੜੋ।
ਬਾਰ-ਮ-ਬਾਰ ਰੋਕ ਮਨ ਤਾਹੂ
ਥੱਕਿਆ ਮਨ ਆਪੇ ਮੰਨ ਜਾਊ।"
ਅੱਗੋਂ ਫੇਰ ਬੋਲੇ ਦਿਆਲ,
ਦੇ ਕੇ ਘੋੜੇ ਦੀ ਮਿਸਾਲ।
"ਘੋੜੇ ਮੁੱਖ ਪਾਈਏ ਮਸਾਲਾ
ਸੁੱਟ ਪਾਏ ਉਹ ਮਾਰ ਉਛਾਲਾ।
ਖੁਆਣ ਵਾਲ਼ਾ ਰੱਖੇ ਹੱਥ ਮੂੰਹ ਵਿਚ
ਘੋੜਾ ਖਾਏ ਮਸਾਲਾ ਪਲ ਵਿਚ।"
ਅਵਰ ਵਾਸ਼ਨਾ ਮਨੋਂ ਤਿਆਗ
ਜੁੜਨਾ ਕਰੋ ਨਾਮ ਅਭਿਆਸ।



UNISTAR BOOKS PVT LTD.
Unistar Books Pvt
Unistar Books Pvt Ltd.
UNISTAR BOOKS PVT LTD.

UNISTAR BOOKS PVT LTD.
ਬਾਣੀ ਦਾ ਕੀਤਾ ਉਨ ਧਿਆਨ
ਨਿੱਜ ਸਰੂਪ ਦਾ ਹੋਇਆ ਗਿਆਨ।
ਵਿਚ ਸੰਗਤ ਦੋਇ ਟਹਿਲ ਕਮਾਣ
ਸਹਿਤ ਕੁਟੰਬ ਹੋਇਆ ਕਲਿਆਣ।

ਅਗਲਾ ਸਿੱਖ ਸੀ 'ਦੌਲਤ ਖ਼ਾਨ'
ਸੁਲਤਾਨਪੁਰ ਜਿਸ ਹੇਠ ਕਮਾਨ।
ਲਾਹੌਰ ਗਵਰਨਰ ਤਾਤਾਰ ਖ਼ਾਨ
ਬੇਟਾ ਸੀ ਉਸ ਦੌਲਤ ਖ਼ਾਨ।
ਮਿਲੇ ਜੋ ਨਾਨਕ ਨੂਰ ਮਹਾਨ
ਰੱਬ ਸਿੰਞਾਣਿਆ ਦੌਲਤ ਖ਼ਾਨ।
ਸਮਝ ਕੇ ਬੈਠਾ ਦਿਆਨਤਦਾਰ
ਦਿੱਤੀ ਖ਼ਾਨ ਨੇ ਮੋਦੀ ਕਾਰ।
ਮੋਦੀਕਾਰ 'ਚ ਤੱਕ ਈਮਾਨ
ਬਾਬੇ ਤੋਂ ਹੋਇਆ ਕੁਰਬਾਨ।
ਚਸ ਜਲਾਲ ਤੱਕ ਵਲੀ ਜਮਾਲ
ਝੱਲੀ ਨਾ ਗਈ ਨਾਨਕ ਝਾਲ।
ਨਾਨਕ ਪ੍ਰਥਮ ਉਦਾਸੀ ਬਾਦ
ਸੁਲਤਾਨਪੁਰ ਜਦ ਪੁੱਜੇ ਖ਼ਾਸ।
ਖ਼ਾਨ ਅੰਦਰਲੀ ਸ਼ਰਧਾ ਤੱਕ
ਸ਼ੰਕੇ ਕੀਤੇ ਸਭ ਨਵਿਰਤ
ਫੈਲੀ ਖ਼ਾਨ ਦੀ ਸ਼ੋਭਾ ਕੀਰਤ
ਮਿਲੀ ਖ਼ਾਨ ਨੂੰ ਜੀਵਨ ਮੁਕਤ।

ਪਿਤਾ ਸਿੱਖ ਬਣ 'ਭਾਈ ਕਾਲੂ'
ਸਨਮੁਖ ਬੈਠ ਪਾਸ ਕਿਰਪਾਲੂ।
ਆਖਿਆ, "ਮਨ ਦਾ ਸ਼ੰਕਾ ਲਾਹਵੋ
ਸਨਮੁੱਖ/ਮਨਮੁੱਖ ਭੇਦ ਬਤਾਵੋ।"
ਬਾਬੇ ਕਿਹਾ, "ਸਨਮੁੱਖ ਸਪੇਦ
ਖ਼ਹਿਸ਼ ਹੱਥੇ ਪਾਵਨ ਨੇਕ।
ਬਾਣੀ ਗੁਰੂ ਗਿਆਨ ਦੀ ਚਾਹਤ
ਸੇਵਾ ਸਿਮਰਨ ਦਿੰਦੇ ਰਾਹਤ।
ਇਕ ਅਕਾਲ 'ਚ ਨਿਹਚਾ ਧਰੇ
ਪਾਪਾਂ ਕੰਨੀਂ ਪਿੱਠ ਹੈ ਕਰੇ।

Unistar Books Pvt Ltd.
Unistar Books Pvt Ltd.
Unistar Books Pvt Ltd.
UNISTAR BOOKS PVT LTD.

ਮਨਮੁਖ ਇਸ ਤੋਂ ਉਲਟ ਕਮਾਂਦੇ
ਖੋਟੀ ਸੰਗਤ ਖੋਟ ਕਮਾਂਦੇ।"
ਸੁਣ ਪੁੱਤਰ ਦੇ ਪਾਰਖੂ ਬੋਲ
ਕਾਲੂ ਭਟਕਣ ਹੋਈ ਅਡੋਲ।

'ਭਗਤਾ ਓਹਰੀ' ਸੇਵ ਕਮਾਵੈ
ਗੁਰੂ ਨਾਨਕ ਦਾ ਸਿੱਖ ਕਹਾਵੈ।
ਓਹਰੀ ਮਨ ਦੇ ਸ਼ੰਕੇ ਹਰਨ
ਪੁੱਛੇ, "ਮਨਮੁਖਾਂ ਦੇ ਕਰਮ।
ਗਿਆਨੀ ਦਾ ਹੋ ਜਾਏ ਉਧਾਰ
ਮਨਮੁਖਾ ਕਿੰਜ ਪਾਰ ਉਤਾਰ ?"
ਭਗਤੇ ਓਹਰੀ ਦਾ ਸੁਣ ਪ੍ਰਸ਼ਨ
ਦੱਸੇ ਬਾਬੇ ਮਨਮੁਖ ਲੱਛਣ।
"ਪ੍ਰਥਮੇ, ਈਰਖਾ ਮਨ ਕਾ ਸਾੜਾ
ਦੂਜਾ, ਅਹੰਕਾਰ ਬੇਕਾਰਾ।
ਤੀਜੈ, ਨਿੰਦਾ ਤਾਤ ਪਰਾਈ
ਹਠ ਧਰਮੀ ਮਨਮੁਖਾਂ ਤਾਈਂ
ਮਨਮੁਖਾਂ ਦੇ ਕਰਮ ਤਿਆਗ
ਖੁੱਲ੍ਹ ਜਾਣਗੇ ਸੁੱਤੇ ਭਾਗ।
ਜਨਮੀ ਕਰਮੀ ਮੁੱਕੂ ਭ੍ਰਮਣ
ਮੁੱਕ ਜਾਏਗਾ ਜੀਵਨ ਮਰਨ।"

ਧੰਨ-ਧੰਨ ਸਿੱਖ 'ਰਾਏ ਬੁਲਾਰ'
ਮਹਿਕ ਉੱਠੀ ਤਲਵੰਡੀ ਬਾਰ।
ਵਗਿਆ ਨੂਰਾਂ ਦਾ ਦਰਿਆ
ਜਿਥੇ ਬਾਬੇ ਜਨਮ ਲਿਆ।
ਨਾਲ਼ ਬੇਗ਼ਮ ਲੈ ਦਰਸ਼ਨ ਕੀਤਾ
ਸਜਦਾ ਤ੍ਰੈ ਵਾਰ ਉਸ ਕੀਤਾ।
ਹੱਥੀਂ ਭੋਜਨ ਕਰ ਤਯਾਰ
ਮਨ 'ਚ ਰੱਖੀ ਸ਼ਰਧ ਅਧਾਰ।
ਸਫ਼ਲ ਜੀਵਨ ਦਾ ਪੁੱਛਿਆ ਰਾਜ
ਅੱਗੋਂ ਬੋਲੇ ਗੁਰ ਮਹਾਰਾਜ।
"ਭੈ ਭਾਵਨੀ ਵਿਚ ਕਰਤਾਰ
ਰਾਜਾ ਧਰਮ ਹੈ ਪਰਉਪਕਾਰ।"

UNISTAR BOOKS PVT LTD
Unistar Books Pvt
Unistar Books Pvt Ltd.
UNISTAR BOOKS PVT LTD

ਦਿਲ ਜਾਨ ਤੋਂ ਹੋ ਫ਼ਿਦਾ
ਨਾਨਕ 'ਚੋਂ ਤੱਕਿਆ ਖ਼ੁਦਾ
ਰਾਏ ਦੀਦ ਦਾ ਸੀ ਤਿਰਹਾਇਆ
ਪੁੱਤਾਂ ਵਾਂਗਰ ਲਾਡ ਲਡਾਇਆ।
ਜ਼ਿਮੀਂ ਜੋ ਹੈ ਨਨਕਾਣਾ ਧਾਮ
ਨਾਨਕ ਪੁੱਤ ਦੇ ਬੋਲੇ ਨਾਮ।

'ਸ਼ੀਹਾਂ' ਤੇ 'ਗੱਜਣ' ਦੋ ਨਾਂ
ਚਾਚੇ ਤਾਏ ਪੁੱਤ ਭਰਾ।
ਨਾਨਕ 'ਤੇ ਰੱਖ ਸ਼ਰਧ ਅਪਾਰ
ਬੋਲੇ ਮੁੱਖੋਂ ਇਹ ਵਿਚਾਰ।
"ਜਨਮ ਮਰਨ ਭਵ ਕਾਟਨਹਾਰ
ਚਾਰ ਪਦਾਰਥ ਦੇਹ ਦਾਤਾਰ।"
ਸਤਗੁਰ ਜੀ ਦਿਆ ਘਰ ਆਏ
ਮੁੱਖੋਂ ਦਾਤੇ ਬਚਨ ਅਲਾਏ।
"ਗੁਰਸਿੱਖਨ ਸੇਵਾ ਨਿਤ ਕੀਨ
ਹਿਰਦੇ ਨਾਮ ਰਤਨ ਮਨ ਚੀਨ।
ਭੈ-ਭਾਵਨੀ ਵਿਚ ਜੋ ਰਹੇ
ਜਨਮ ਮਰਨ ਸਭ ਸੰਕੇ ਹਰੇ।
ਚਾਰ ਪਦਾਰਥ ਉਹੀ ਪਾਂਦੇ
ਵਾਹਿਗੁਰੂ ਦ੍ਰਿੜ੍ਹ ਚਿਤ ਕਰ ਗਾਂਦੇ।"

'ਸੀਹੇਂ' ਰੱਖਿਆ ਧੀ ਦਾ ਵਿਆਹ
ਮਿੱਠੇ ਤੁਰਸ਼ ਪਕਵਾਨ ਬਣਾ।
ਕਰਤਾਰਪੁਰ ਵੱਲ ਜਾਂਦਿਆਂ ਖ਼ਾਸ
ਰਹੀ ਸੰਗਤ ਸੀਹੇਂ ਪਾਸ।
ਦਿਨ ਢਲ਼ੇ ਜੋ ਆਈ ਬਾਰਾਤ
ਘਰਵਾਲ਼ੀ ਨੂੰ ਹੋਈ ਘਬਰਾਹਟ।
ਪਰ ਸੀਹੇਂ ਸਤਗੁਰ ਦੇ ਪਾਸ
ਹੱਥ ਜੋੜ ਕੀਤੀ ਅਰਦਾਸ।
ਪਕਵਾਨਾਂ ਦੀ ਹੋਈ ਨਾ ਘਾਟ
ਸਤਗੁਰ ਕਾਜ ਸੰਵਾਰੇ ਆਪ।

ਸਿੱਖੀ ਦੀ ਹੱਦ 'ਬਾਬਾ ਬੁੱਢਾ'
ਅੱਠ ਗੁਰੂਆਂ ਤੱਕ ਦਰਸ਼ਨ ਕੀਤਾ।

ਸੰਨ ਪੰਦਰਾਂ ਸੌ ਛੇ ਦੇ ਅੰਦਰ
ਜਨਮ ਲਿਆ ਉਸ 'ਕੱਥੂਨੰਗਲ'।
ਅੰਗਦ 'ਗੁਰੂ' ਜੋ ਮਾਣ ਦਿਵਾਇਆ
ਬੁੱਢੇ ਗੁਰਿਆਈ ਤਿਲਕ ਲਗਾਇਆ।
ਨਾਨਕ ਉਸ ਦਿੱਤੀਆਂ ਅਸੀਸਾਂ
"ਤੈਥੋਂ ਓਹਲੇ ਕਦੀ ਨ ਹੋਸਾਂ।"
ਨਾਨਕ ਦੀ ਅਸੀਸ ਦੇ ਨਾਲ਼
ਜੀਵਿਆ ਇਕ ਸੌ ਪੰਝੀ ਸਾਲ।
ਸਲਾਹਕਾਰ ਸੀ ਗੁਰ ਮਰਯਾਦਾ
ਸੰਗਤ ਵਿਚ ਸਤਿਕਾਰ ਸੀ ਡਾਢਾ।
ਹਰਿਮੰਦਰ ਸਾਹਿਬ ਵਿਚ ਆਪ
ਦਿੱਤੇ ਮੁੱਖ ਗ੍ਰੰਥੀ ਥਾਪ।
ਅੰਤਿਮ ਸਾਹੀਂ ਕਰਨ ਦੀਦਾਰੇ
ਪੁੱਜੇ ਹਰਗੋਬਿੰਦ ਪਰਿਵਾਰੇ।
ਪਾਕ ਦੇਹ ਨੂੰ ਮੋਢਾ ਦਿੱਤਾ
ਹੱਥੀਂ ਖ਼ੁਦ ਸਸਕਾਰ ਸੀ ਕੀਤਾ।
ਬਾਬਾ ਬੁੱਢਾ ਗੁਰਧਾਮ ਝਬਾਲ
ਦਰਸਾਏ ਬਾਬੇ ਦੀ ਘਾਲ਼।

'ਫਿਰਣਾ' 'ਜੋਧ' ਦੋ ਅਗਲੇ ਸਿੱਖ
ਨਾਮ ਸ਼ਬਦ ਲੈ ਗੁਰ ਤੋਂ ਸਿੱਖ।
ਮਨ ਨੀਵਾਂ ਕੀਤੀ ਅਰਦਾਸ
ਪ੍ਰਾਪਤ ਹੋਵੇ ਸਿੱਖੀ ਦਾਤ।
"ਕਰ ਉਪਦੇਸ਼ਿ ਦਿਓ ਗੁਰ ਨਾਮ
ਜਿਸ ਕਰ ਹੋਇ ਸਦ ਕਲਿਆਣ।"
ਬਾਬੇ ਬਿਨਤੀ ਕਰ ਪ੍ਰਵਾਨ
ਬੋਲੇ ਫਿਰ ਕਰੁਣਾ ਨਿਧਾਨ।
"ਪਿਛਲ ਰਾਤ ਕਰੋ ਇਸ਼ਨਾਨ
ਗੁਰ ਉਪਦੇਸ਼ ਸ਼ਬਦ ਧਰ ਧਿਆਨ।
ਨਿਮਰ ਹੋਏ ਸਤਸੰਗਤ ਜਾਏ
ਗੁਰਬਾਣੀ ਸੁਣੇ ਚਿਤ ਲਾਇ।
ਜੀਵ ਨਿਮਾਣਾ ਭੁੱਲਣਹਾਰ
ਬਖ਼ਸ਼ਣਹਾਰ ਗੁਰ ਕਰਤਾਰ।"



UNISTAR BOOKS PVT LTD.
Unistar Books Pvt
Unistar Books Pvt. Ltd.
UNISTAR BOOKS PVT LTD.

UNISTAR BOOKS PVT LTD.

ਇਸ ਤੋਂ ਬਿਨਾਂ ਅਨੇਕਾਂ ਹੋਰ
ਬਣੇ ਜੋ ਗੁਰ ਚਰਨਾਂ ਦੇ ਭਉਰ।
ਨਾਨਕ ਜੀ ਦੇ ਅਨਿਨ ਜੋ ਸਿੱਖ
ਗਿਣਤੀ ਦੇ ਵਿਚ ਜਾਣ ਨਾ ਲਿਖ।
ਕੁਝ ਨਾਨਕ ਦੇ ਸਮੇਂ ਦੇ ਹਾਣੀ
ਗੋਦ ਸੀ ਜਿਨ੍ਹਾਂ ਸਤਗੁਰ ਮਾਣੀ।
ਹਰ ਜਾਤੀ ਹਰ ਵਰਣ ਦੇ ਮਤ
ਸ਼ਰਨੀਂ ਪਏ ਵਹੀਰਾਂ ਘੱਤ।
ਬਾਬੇ ਸੰਗਤ ਨਵੀਂ ਉਸਾਰੀ
ਕਹਿੰਦੇ ਸੀ ਜਿਸ ਨੂੰ 'ਕਰਤਾਰੀ'।
ਸਤਿਨਾਮ ਗੁਰ ਜਾਪ ਜਪਾਇਆ
ਭਵਸਾਗਰ ਤੋਂ ਪਾਰ ਲੰਘਾਇਆ।

Unistar Books Pvt Ltd.

## ਨਵਸੰਗਤ ਦੀ ਉਸਾਰੀ

ਸਭ ਦਾ ਭਲਾ ਮੰਗਣਾ ਸਭ ਸਿੱਖਿਆਵਾਂ ਸਾਰ
ਹੇਠਾਂ ਡਿੱਗਣ ਨਾ ਦੇਂਵਦਾ ਨਾਮ ਸੁਰਤਿ ਸਚਿਆਰ।
ਭਲਾ ਸਿਧਾਂਤ ਉਸਾਰਿਆ ਨਾਨਕ ਏਸ ਸਥੱਲ
ਨਦਰ, ਨਿਮਰਤਾ, ਰਜ਼ਾ ਰਾਹੀਂ ਭਰਮ ਕੱਟਣ ਦਾ ਵੱਲ।
"ਇਕ ਤਾਂ ਇਕ ਹੈ ਹੋਵੰਦਾ ਹੋਣ ਦੋ ਸਾਧ-ਸੰਗਤ
ਪੰਚਾਂ ਵਿਚ ਜੋ ਵਰਤਦਾ ਪ੍ਰਿਤਪਾਲੇ ਜੀਅ-ਜੰਤ।"
"ਸਭਨਾਂ ਜੀਆ ਇਕ ਛਾਉ" ਬਾਕੀ ਫੱਕੜ ਤੁਲ
ਨਾਨਕ ਕੂੜੋ ਕੂੜ ਹੈ ਸਾਂਈਂ ਨਾਮ ਅਮੁਲ।
"ਅਗੇ ਜਾਤ ਨਾ ਜ਼ੋਰ ਹੈ ਅੱਗੇ ਜੀਅ ਨਵੇ
ਜਿਨ ਕੀ ਲੇਖੈ ਪਤ ਪਵੈ ਚੰਗੇ ਸੇਈ ਕੇਇ॥"
ਪੈਦਾ ਕੀਤੇ ਸਤਗੁਰ ਮਨ 'ਚ ਸੰਗਤੀ ਭਾਵ
ਪੰਕਤ ਵਿਚ ਇਕ ਰੂਪ ਬੈਠ 'ਵੰਡ ਛਕਣ' ਦੀ ਜਾਂਚ।
ਧਰਮ ਗ੍ਰੰਥ ਦੇ ਚੱਕਰੋਂ ਸੰਗਤ ਪੰਗਤ ਜਾਣ
ਸੰਗਤ ਵਿਚ ਮਸ਼ਹੂਰ ਸੀ ਬਾਬੇ ਦਾ ਅਸਥਾਨ।
ਸੰਗਤ ਦਾ ਅਸਥਾਪਨ ਅਤੇ ਨਵਸੰਗਤ ਉਸਾਰ
'ਪਕੀ' ਅਤੇ 'ਹਜ਼ੂਰੀ ਸੰਗਤ' 'ਬੜੀ ਛੋਟੀ' ਮਿਸਾਲ।
ਸਾਧੂਆਂ ਦੇ ਹੀ ਸੰਗ ਮੰਨ ਸਾਧ ਸੰਗਤ ਦਾ ਰੂਪ
'ਸਾਧ ਨ ਚਲੇ ਜਮਾਤ ਦਾ' ਭ੍ਰਮ ਕਟਿਆ ਸਾਚ ਸਰੂਪ।

UNISTAR BOOKS PVT LTD.

ਸਾਧ ਸੰਗਤ ਵਿਚ ਬੈਠ ਕੇ ਕੱਟਣ ਅਹੰ ਵਿਕਾਰ
ਸਾਧ ਸੰਗਤ ਦੀ ਨਾਵ ਬੈਠ ਭਉਜਲ ਉਤਰੇ ਪਾਰ।
ਬਾਣੀ ਤੇ ਗੁਰ ਸੰਗਤ ਦੋ ਥੰਮ੍ਹੀਆਂ ਧਰਮ ਮਹੱਲ
ਸੰਗਤੀ ਭਾਵਾਂ ਨਾਲ਼ ਹੀ ਕੌਮ ਨੂੰ ਮਿਲਦਾ ਬਲ।
ਸੱਚਖੰਡ ਕਰਤਾਰਪੁਰ ਨਵ ਸੰਗਤ ਉਸਾਰ
ਧਰਮਸ਼ਾਲ ਵਿਚ ਪਣਪਿਆ 'ਸੰਗਤੀ ਸਭਿਆਚਾਰ'।
ਮਰਯਾਦਾ ਨੂੰ ਪਾਲ਼ਿਆ ਬਾਬੇ ਨੇ ਨੌਂ ਸਾਲ
ਕਾਇਮ ਕੀਤੀ ਜੱਗ 'ਤੇ ਨਾਨਕ ਨਵੀਂ ਮਿਸਾਲ।
ਸਤਗੁਰ ਨਾਨਕ ਜੱਗ ਤੇ ਜੀਹਨੂੰ ਗਿਆ ਮਿਲ
ਹੋਇਆ ਮਨੁੱਖੋਂ ਦੇਵਤਾ ਜ਼ਰਾ ਨਾ ਲੱਗੀ ਢਿੱਲ।
ਲੋਕ ਮਨਾਂ ਦੇ ਭੀਤਰੇ ਬਾਣੀ ਕੀਤਾ ਵਾਸ
ਸਿੱਧ ਪੱਧਰੀ ਜ਼ਿੰਦਗੀ ਵਿਚ ਮਰਯਾਦਾ ਖ਼ਾਸ।
ਸਤਿਨਾਮ ਦੀ ਕਿਰਤ ਕਰ ਵੰਡ ਛਕਣ ਨਿਰਵੈਰ
ਪੱਕੀ ਨੀਂਹੇਂ ਰੱਖ ਤੀ ਸਤਿ ਧਰਮ ਦੀ ਲਹਿਰ।
ਲਾਏ ਚੱਕਰ ਕਈ ਗੁਰ ਰਾਵੀ ਤੋਂ ਉਰਾਰ
ਅਹੰ ਭ੍ਰਮਗੜ੍ਹ ਤੋੜਿਆ ਕਰ ਸਤਨਾਮ ਪ੍ਰਚਾਰ।
ਦੇਸ਼ ਵਰਣ ਤੇ ਜਾਤ ਦੇ ਅੰਦਰੋਂ ਮਿਟੇ ਖ਼ਿਆਲ
ਇਕ ਪੰਗਤ ਰਲ਼ ਬਹਿ ਛਕਣ ਰਾਜਾ ਤੇ ਕੰਗਾਲ।
ਅਕਾਲ ਪੁਰਖ ਦੇ ਬਖ਼ਸ਼ਦਰੋਂ ਲੈ ਕੇ ਨਾਮ ਭੰਡਾਰ
ਕਲਜੁਗੀ ਦੁਖਿਆਰਿਆਂ ਦਾ ਕੀਤਾ ਗੁਰੂ ਉਧਾਰ।
ਰਾਵੀ ਤੋਂ ਪਹਾੜ ਵੰਨੀਂ ਪੁੱਜ ਕੇ ਤਾਈਂ ਚਨਾਬ
ਸੈਆਂ ਮੀਲਾਂ ਤੀਕਰਾਂ ਕੀਤੀ ਗੁਰ ਪਰਵਾਜ।
ਸਾਖੀ ਰੂਪ 'ਚ ਲਿਖਣਾ ਮੁਸ਼ਕਿਲ ਦਾ ਸੀ ਆਹਰ
ਫਿਰ ਵੀ ਉੱਘੀਆਂ ਸਾਖੀਆਂ ਲਿਖ ਗਏ ਲਿਖਣਹਾਰ।
ਵਿਰਸੇ 'ਚੋਂ ਲੈ ਪੁਰਖਿਆਂ ਦੀ ਜੀਵਨ-ਜਾਂਚ ਸੁਖੈਨ
ਬਾਬੇ ਦੀਆਂ ਕਹਾਣੀਆਂ ਪੁੱਤ ਸਪੁੱਤ ਕਰੇਨ।

## ਪਰਥਾਏ ਸਾਖੀ ਮਹਾਂਪੁਰਖ ਬੋਲਦੇ

ਕੇਹੀ ਸੋਹਣੀ ਦਸ ਗਏ ਨਾਨਕ ਜੀਵਨ-ਜਾਂਚ
ਇਸ ਪਰਥਾਇ ਆਂਵਦੀ ਐ ਸਾਖੀ ਵਿਚ ਇਤਿਹਾਸ।
ਧਰਮਸ਼ਾਲ ਤੋਂ ਖੇਤ ਵਲ ਨੂੰ ਜਾ ਰਹੇ ਇਕ ਵਾਰ
ਵੰਡ ਫ਼ਸਲ ਦੀ ਅਜਬ ਹੀ ਡਿੱਠੀ ਰਾਹ ਦਾਤਾਰ।

UNISTAR BOOKS PVT LTD
Unistar Books Pvt Ltd.

UNISTAR BOOKS PVT LTD.

ਬੋਹਲ਼ ਦੇ ਇਕ ਢੇਰ ’ਚੋਂ ਸਿੱਖ ਇਕ ਛੱਜ ਦੇ ਨਾਲ਼
ਦਾਣੇ ਦੂਜੇ ਬੋਹਲ਼ ਵਿਚ ਉਲਟਾਏ ਚਾਵਾਂ ਨਾਲ਼।
ਪੁੱਛਣ ’ਤੇ ਉਸ ਸਿੱਖ ਨੇ ਕਿਹਾ, ‘ਗੁਰੂ ਮਹਾਰਾਜ!
ਮੇਰੇ ਘਰ ਤਾਂ ਰੱਬ ਨੇ ਦਿੱਤੀ ਨਹੀਂ ਔਲਾਦ।
ਨਿੱਕੇ ਦਾ ਟੱਬਰ ਵੱਡਾ ਉਹਦੀ ਵੱਡੀ ਲੋੜ
ਇਸੇ ਲਈ ਉਹਦੀ ਢੇਰੀ ਪਾ ਰਿਹਾ ਅੰਨ ਹੋਰ।
ਚੁੱਪ-ਚਾਪ ਅੰਨ ਪਾਇਆ ਕੋਈ ਨਾ ਸਕੇ ਵੇਖ
ਉਸ ਦੀ ਹਉਂ ਨੂੰ ਕਿਧਰੇ ਲੱਗ ਨਾ ਜਾਏ ਠੇਸ।’
‘ਧੰਨ ਸਿੱਖੀ’ ਕਹਿ ਸਤਗੁਰ ਚਲੇ ਗਏ ਵੱਲ ਖੇਤ
ਵਾਪਸੀ ’ਤੇ ਗੁਰ ਰੁਕ ਗਏ ਅਜਬ ਨਜ਼ਾਰਾ ਵੇਖ।
ਕਾਹਲ਼ੀ-ਕਾਹਲ਼ੀ ਸਿੱਖ ਇਕ ਛੱਜ ਰਾਹੀਂ ਅੰਨ ਪਾ
ਦੂਜੀ ਢੇਰੀ ਵਿਚ ਜਾ ਰਿਹਾ ਸੀ ਉਹ ਉਲਟਾ।
ਪੁੱਛਣ ’ਤੇ ਉਸ ਦੱਸਿਆ, “ਵੱਡਾ ਉਸ ਭਰਾ
ਆਏ ਗਏ ਦੀ ਬਹੁਤ ਹੀ ਕਰਦਾ ਹੈ ਸੇਵਾ।
ਮੇਰਾ ਤਾਂ ਹੈ ਜਿਵੇਂ ਕਿਵੇਂ ਸਰੀ ਐ ਜਾਂਦਾ ਕਾਜ
ਵੱਡੇ ਭਾਈ ਦੀ ਢੇਰੀ ਉਲਟਾਇਐ ਤਦੇ ਅਨਾਜ।”
ਦੇਇ ਅਸੀਸਾਂ ਸਿੱਖ ਨੂੰ ਗੁਰ ਪੁੱਜੇ ਧਰਮਸ਼ਾਲ
ਸਿਰਜਿਆ ਗੁਰੂ ਸਮਾਜ ਜੋ ਕੇਹੀ ਅਜਬ ਮਿਸਾਲ?

Unistar Books Pvt Ltd.

## ਫੁਟਕਲ ਫੇਰੀਆਂ

ਕਰਤਾਰਪੁਰ ਵਿਚ ਰਹਿੰਦਿਆਂ ਗੁਰ ਜੁਟੇ ਕਾਰ-ਵਿਹਾਰ
ਨਿੱਕੀਆਂ ਫੇਰੀਆਂ ਪਾਇ ਕੇ ਘਾਲ਼ੀ ਵੱਡੀ ਘਾਲ਼।
ਦੋ ਸੌ, ਤ੍ਰੈ ਸੌ ਕੋਹ ਚੱਲ ਰਾਵੀਓਂ ਪਾਰ ਉਰਾਰ
ਰੱਬ ਤੋਂ ਖੁੰਞੇ ਬੰਦਿਆਂ ਦੀ ਲਿੱਤੀ ਨਾਨਕ ਸਾਰ।
ਰੱਬੀ ਸਿਫ਼ਤ ਸਲਾਹ ਕਰ ਜੋੜਿਆ ਕੀਰਤਨ ਨਾਲ਼
ਯਾਦ ਗੁਰਾਂ ਦੇ ਆਉਣ ਦੀ ਲੋਕਾਂ ਰੱਖੀ ਸੰਭਾਲ।
ਸਾਹਿਬ ਸਿੰਘ ਲਿਖਿਆ ‘ਗੁਰੂ ਨਾਨਕ ਜੀਵਨ ਬ੍ਰਿਤਾਂਤ’
ਨਗਰਾਂ ਵਿਚਲੇ ਗੁਰਧਾਮਾਂ ਦਾ ਜ਼ਿਕਰ ਐ ਕੀਤਾ ਖ਼ਾਸ।
ਪਿੰਡ ਮਲ੍ਹਾ, ਪਿੰਡ ਫਤਹਿ ਭਿੰਡਰ ਤੇ ਪਿੰਡ ਸਾਹੋਵਾਲ
ਲਗਦੇ ਮੇਲੇ ਇਸ ਥਾਂ ਗੁਰ ਯਾਦ ’ਚ ਸਾਲੋ-ਸਾਲ।
‘ਉੱਦੋਕੇ’ ਜਿਸ ਥੰਮ੍ਹਲੇ ਸੰਗ ਬੈਠੇ ਸੀ ਢੋਅ ਲਾ
‘ਗੁਰਦੁਆਰਾ ਥੰਮ੍ਹ ਸਾਹਿਬ’ ਨਾਂ ਪਿਆ ਉਸ ਥਾਂ।


UNISTAR BOOKS PVT LTD.

ਪਿੰਡ ਉੱਦੋਕੇ ਵੱਲ ਬਟਾਲਿਓਂ ਪੰਜ ਕੋਹ ਪਾਕ ਸਥੱਲ
ਸੰਗਤ ਦੂਰ ਦੁਰਾਡਿਓਂ ਆ 'ਕੋਠਾ ਸਾਹਿਬ' ਵੱਲ।
ਮੇਲਾ 'ਅਸੂਨ ਦਸਵੀਂ' ਦਾ ਭਰਦਾ ਇਥੇ ਖ਼ਾਸ
ਜੋਤੀ-ਜੋਤ ਸਮਾਉਣ ਦਾ ਦਿਨ ਲੋਕੀਂ ਕਰਦੇ ਯਾਦ।

ਗੁਰੂ ਘਰ 'ਦਾਤਣ ਸਾਹਿਬ' ਮਘਿਆਣੇ ਪਿੰਡ ਆਬਾਦ
ਪਿੰਡ ਮਦਰ 'ਸੱਚੀ ਮੰਜੀ' ਤੱਕ-ਤੱਕ ਹੋਏ ਦਿਲ ਸ਼ਾਦ।
ਪਿੰਡ ਮਾਂਗਾ ਪੂਰਬ ਵੰਨੀਂ ਛੋਟਾ ਨਾਨਕਿਆਣਾ ਧਾਮ
ਮੇਲਾ ਵੈਸਾਖੀ ਭਰਦਾ ਸਭ ਸੰਗਤ ਜੁੜਦੀ ਆਣ।
ਰੇਲ ਸਟੇਸ਼ਨ ਕੰਝਣਪੁਰ ਦੇ ਲਾਗੇ ਇਕ ਇਕਾਂਤ
ਰੁੱਖ ਹੇਠਾਂ ਸੀ ਬੈਠਾ ਬਾਬਾ ਵਿਚ ਸਾਹਿਬ ਦੀ ਯਾਦ।
'ਗੁਰਦੁਆਰਾ ਮਾਲ ਸਾਹਿਬ' ਇਥੇ ਸੁਭਾਇਮਾਨ
ਯਾਦ ਬਾਬੇ ਦੀ ਇਕ ਚੇਤਰ ਨੂੰ ਮੇਲਾ ਭਰਦਾ ਆਣ।

ਤਖ਼ਤੂਪੁਰਾ ਮੋਗਾ ਤਹਿਸੀਲ ਪਿੰਡ ਦੇ ਚੜ੍ਹਦੇ ਵੱਲ
ਗੁਰਦੁਆਰਾ ਸ਼ੋਭ ਰਿਹਾ ਹੈ ਇਥੇ ਨਾਨਕ ਸਰ।
ਤਖ਼ਤੂਪੁਰੇ 'ਚ ਅੱਜ ਵੀ ਕਾਇਮ ਜਗ੍ਹਾ ਹੈ ਖ਼ਾਸ
ਗੋਪੀਚੰਦ ਤੇ ਭਰਥਰੀ ਸੰਗ ਹੋਇਆ ਗੁਰਾਂ ਮਿਲਾਪ।

ਲੁਧਿਆਣੇ ਦੇ ਵਿਚ ਸੁਣੀਂਦਾ ਪਿੰਡ ਜੋ ਠੱਕਰਵਾਲ
ਗੁਰਦੁਆਰਾ ਨਾਨਕਸਰ ਬਣਿਆ ਬਾ-ਕਮਾਲ।
ਮਿਲੇ ਸੀ ਨਾਨਕ ਇਸ ਥਾਂ ਠਾਕੁਰ ਦਾਸ ਨੂੰ ਖ਼ਾਸ
ਏਕਸ ਨੂੰ ਅਰਥਾਇ ਕੇ ਸੀ ਅਹੰ ਕੀਤਾ ਨਾਸ਼।

ਮਨਸੂਰਪੁਰ ਰਿਆਸਤ ਪਟਿਆਲਾ, ਨਾਭਿਓਂ ਪੰਜ ਕੋਹ ਦੂਰ
ਛੀਟਾਂਵਾਲਾ ਆਖਦੇ, ਉਸ ਪੁੱਜੇ ਜਾ ਹਜ਼ੂਰ।
ਜਾੜੇ ਖੱਤਰੀ ਚੰਦਨਦਾਸ ਕੋਲ਼ ਕੀਤਾ ਬਿਸ਼ਰਾਮ
'ਜਾੜਿਆਂ ਵਾਲ਼ੀ ਹਵੇਲੀ' ਪਿਆ ਏਸ ਜਗ੍ਹਾ ਦਾ ਨਾਮ।
ਕੀਰਤਪੁਰ ਦੇ ਨੇੜੇ ਹੀ ਇਕ ਸਾਂਈਂ ਦੀ ਦਰਗਾਹ
ਭੇਟਾ ਕੀਤਾ ਦੁੱਧ ਸੀ ਜਿਥੇ ਬੁੱਢਣ ਸ਼ਾਹ।
'ਫੇਰ ਲਵਾਂਗੇ ਸਾਂਈਂ ਜੀ' ਕੀਤਾ ਗੁਰ ਫੁਰਮਾਨ
ਹੁਕਮ ਮੰਨ ਕੇ ਪਿਤਾ ਦਾ ਗੁਰਦਿੱਤਾ ਪੁੱਜੇ ਆਣ।
ਬਾਬਾ ਨਾਨਕ ਰੂਪ ਤੱਕ ਸਾਂਈਂ ਹੋਏ ਨਿਹਾਲ
ਦੁੱਧ ਪਿਲਾਇਆ ਬਾਕਰਾ ਡਾਢੀ ਸ਼ਰਧਾ ਨਾਲ਼।

ਰਿਆਸਤ ਪਟਿਆਲਾ ਦੀ ਹੀ ਤਹਿਸੀਲ ਜੋ ਕੰਡਾਘਾਟ
ਨੇੜੇ ਕਾਲਕਾ ਵਸਦਾ ਪਿੰਜੋਰ ਨਗਰ ਹੈ ਖ਼ਾਸ।



UNISTAR BOOKS PVT LTD
Unistar Books Pvt
Unistar Books Pvt Ltd.
UNISTAR BOOKS PVT LTD

ਏਸ ਪਹਾੜੀ ਜਗ੍ਹਾ 'ਤੇ 'ਧਾਰਾ ਤੀਰਥ' ਲਾਗ
ਕਲਤਾਰਕ ਬਾਬਾ ਨਾਨਕ ਲਾਏ ਆ ਕੇ ਭਾਗ।
'ਗੁਰਦੁਆਰਾ ਮੰਜੀ ਸਾਹਿਬ' ਬਣਿਆ ਪਾਕ ਸਥਾਨ
ਸੁਦੀ ਤਿੰਨ ਵੈਸਾਖ ਨੂੰ ਮੇਲਾ ਭਰਦਾ ਆਣ।

ਬੁਸ਼ਹਿਰ ਦਾ ਪਾਖਰ ਤਖਾਣ ਪੁੱਤਰ ਝੰਡੇ ਨਾਲ਼
ਬਣਿਆ ਸਿੱਖ ਗੁਰ ਨਾਨਕ ਦਾ ਜੀਵਨ ਪੰਧ ਸੁਧਾਰ।
ਬਾਬੇ ਦੀਆਂ ਸਿੱਖਿਆਵਾਂ 'ਤੇ ਤੁਰਿਆ ਨਿਸ਼ਚਾ ਧਾਰ
ਵਿਚ ਇਲਾਕੇ ਖ਼ੂਬ ਉਸ ਕੀਤਾ ਸਿੱਖੀ ਪ੍ਰਚਾਰ।

ਮਾਹੀਆ ਗੁਜ਼ਰ ਤਾਰਿਆ ਗੁਰ ਜੋਹੜਸਰ ਦੇ ਵਿਚ
ਬਾਬੇ ਕੋਲ਼ੇ ਪਾਣੀ ਦੀ ਕਿੱਲਤ ਸੀ ਦੱਸੀ ਉਸ।
ਬਾਬੇ ਨਾਨਕ ਚੁੱਕਿਆ ਨੇੜਿਓਂ ਇਕ ਪਾਖਾਣ
ਕਰਨੀ ਰੱਬ ਦੀ ਹੇਠ ਤੋਂ ਚਸ਼ਮਾ ਫੁੱਟਿਆ ਆਣ।
ਗੁਰੂ ਸਾਹਿਬ ਦੇ ਆਗਮਨ ਦੀ ਬਣੀ ਐ ਇਥੇ ਯਾਦ
ਲੋਕੀ ਆਖਣ 'ਮਾਹੀਆ ਜੋਹੜ' ਨਿੱਕੇ ਇਸ ਤਾਲਾਬ।

ਅੱਖੀਓਂ ਅਜੇ ਪਰੋਖ ਹਨ ਕਿੰਨੇ ਗੁਰ ਅਸਥਾਨ
ਗਰਦੇ ਹੇਠਾਂ ਵਕਤ ਦੇ ਖੋਏ ਜਿਨ੍ਹਾਂ ਨੀਸ਼ਾਨ!
ਮੇਰੀ ਨਿੱਕੀ ਬੁੱਧ ਤੋਂ ਕਈ ਉਹ ਥਾਵਾਂ ਨੇ ਦੂਰ
ਕਲਜੁਗੀ ਜੀਵਾਂ ਤਾਰਿਆ ਸੀ ਸਰਬ ਕਲਾ ਭਰਪੂਰ।

## ਅਚਲ ਵਟਾਲੇ

ਕਰਤਾਰਪੁਰ ਵਿਚ ਟਿਕਿਆਂ ਜੋ ਬੀਤੇ ਨੌਂ ਕੁ ਸਾਲ
ਅਚਲ ਵਟਾਲੇ ਅੱਪੜੇ ਨਾਨਕ ਦੀਨ ਦਿਆਲ।
ਕਈ ਫੇਰੀਆਂ ਪਾ ਚੁੱਕੇ ਸੀ ਰਾਵੀਓਂ ਉਰਲੇ ਪਾਰ
ਸਿੱਧੀ-ਪੱਧਰੀ ਜ਼ਿੰਦਗੀ ਦੀ ਲੈ ਮਰਯਾਦਾ ਨਾਲ਼।
ਦੂਰ ਤਾਈਂ ਸੀ ਅੱਪੜੀ ਸ਼ੋਭਾ ਨਾਨਕ ਦਰ
ਗੁਰ ਮਰਯਾਦਾ ਕਰ ਚੁੱਕੀ ਸੀ ਲੋਕ ਮਨਾਂ ਵਿਚ ਘਰ।
ਬਾਬੇ ਦਾ ਆਉਣਾ ਸੁਣਿਆ ਲੋਕੀਂ ਹੋਏ ਅਧੀਰ
ਮੇਲੇ ਦਾ ਮਨ ਚਾਅ ਲੈ ਪੁੱਜੇ ਘੱਤ ਵਹੀਰ।
ਅਚਲ ਵਿਖੇ ਮਹਾਂਦੇਵ ਦਾ ਅਚਲ ਮੰਦਰ ਮਸ਼ਹੂਰ
ਸ਼ਹਿਰੋਂ ਬਾਹਰਵਾਰ ਜਾ ਦੋ ਕੁ ਕੋਹਾਂ ਦੂਰ।
ਨੇੜੇ ਹੀ ਸੀ ਸ਼ੋਭਦਾ ਨਿੱਕਾ ਜਿਹਾ ਤਾਲਾਬ
ਵਰ ਦੇ ਕੇ ਸ਼ਿਵ ਕਾਰਤਿਕ ਦਿੱਤਾ ਸੀ ਨਿਵਾਜ।



UNISTAR BOOKS PVT LTD.
Unistar Books Pvt Ltd.

ਦੂਰੋਂ-ਦੂਰੋਂ ਸ਼ਰਧਾਲੂ ਆ ਨਿਉਂਦੇ ਇਸ ਸਥਾਨ
ਬਣਿਆ ਜੋ ਸਨਾਤਨੀਆਂ 'ਅਚਲੇਸ਼ਵਰ ਅਸਥਾਨ'।
'ਮਹਾਨ ਕੋਸ਼' ਦੀ ਲਿਖਤ ਇਕ ਕਾਨ੍ਹ ਸਿੰਘ ਅਨੁਸਾਰ
ਹੋਏਗੀ ਤਦ ਨਾਨਕ ਦੀ ਉਮਰ ਇਕਾਹਠ ਸਾਲ।
ਜੋਗੀਆਂ ਦੇ ਝੂਠੇ ਅਹੰ ਨੂੰ ਪਾਉਣ ਲਈ ਗੁਰ ਠੱਲ੍ਹ
ਪੈਂਡਾ ਕਰ ਕਰਤਾਰਪੁਰੇ ਤੋਂ ਪੁੱਜੇ ਆਣ ਅਚਲ।

ਅਚਲੇਸ਼੍ਵਰ ਸਥਾਨ ਤੋਂ ਸੌ ਕੁ ਗਜ਼ 'ਤੇ ਦੂਰ
ਡੇਰਾ ਲਾਇਆ ਆਣ ਕੇ ਸਾਥੀਆਂ ਸੰਗ ਹਜ਼ੂਰ।
ਠੰਢੀ ਤਿੱਖੀ ਦਾ ਵਗੇ ਮੁੱਕਣ 'ਤੇ ਸੀ ਸਿਆਲ਼
ਅੰਮ੍ਰਿਤ ਵੇਲ਼ੇ ਜੁੜ ਗਏ ਬੰਦਗੀ ਵਿਚ ਦਿਆਲ।
ਪੂਜਾ ਅਰਚਾ ਹੋ ਰਹੀ ਸੀ ਸਾਹਵੇਂ ਵਿਚ ਸ਼ਿਵਾਲ
ਨਿੱਕੇ ਜਿਹੇ ਤਲਾਬ ਦੇ ਜੋ ਬਣਿਆ ਵਿਚ ਵਿਚਾਲ।
ਫੱਗਣ ਦੀ ਚੌਦਾਂ ਵਧੀ ਅੱਚਲ ਦੇ ਅਸਥਾਨ
ਮੇਲਾ ਹੈ ਸ਼ਿਵਰਾਤਰੀ ਦਾ ਇਥੇ ਭਰਦਾ ਆਣ।
ਜੋਗੀ ਤੇ ਸਿਧ ਲੋਕ ਵੀ ਦੂਰੋਂ ਦੂਰੋਂ ਚੱਲ
ਕਰਦੇ ਬਹਿਸ ਮੁਬਾਹਸੇ ਪੁੱਜ ਕੇ ਵਿਚ ਅਚਲ।
ਵਾਹੁਣ ਉੱਚੀਆਂ ਸਿੰਙੀਆਂ ਚੇਲੇ ਬਾਲਕੇ ਨਾਲ਼
ਕੰਨੀਂ ਦਰਸ਼ਨੀ ਮੁੰਦਰਾਂ ਭੀਤਰ ਅਹੰ ਜਾਲ਼।
ਜਟਾ ਜੂਟ ਫਿਰਦੇ ਕਿਤੇ ਚਿੱਪੀ ਖੱਪਰ ਹੱਥ
ਖੇਹਰੇ ਮੁੰਜ ਦੇ ਮੇਖਲੇ ਵੱਲ ਕੇ ਉੱਪਰ ਲੱਕ।
ਨਾਨਕ ਜੀ ਵੀ ਬਹਿ ਗਏ ਇਕ ਉੱਚੇ ਅਸਥਾਨ
ਗੂੰਜੀ ਤਾਰ ਰਬਾਬ 'ਚੋਂ ਵਿਚ ਫ਼ਿਜ਼ਾ ਦੇ ਆਣ।
ਬਾਬਾ ਨਾਨਕ ਜੁੜ ਗਏ ਯਾਦ ਸਾਹਿਬ ਵਿਚ ਆਣ
ਮਿੱਠੀ ਬਾਣੀ ਬੋਲ ਤਦ ਲੋਕਾਂ ਲਏ ਸਿੰਵਾਣ।
ਸੰਗਤ ਝੁਰਮਟ ਘੱਤਿਆ ਬਾਬੇ ਮੂਹਰੇ ਜਾ
ਤਨ ਮਨ ਸੀਤਲ ਹੋਇਆ ਦਰਸ ਦੀਦਾਰੇ ਪਾ।

ਬਾਬੇ ਗਿਰਦੇ ਭੀੜ ਤੱਕ ਹੋਏ ਸਿੱਧ ਉਦਾਸ
ਸੁੰਨ ਹੋਈ ਸਿੱਧ ਮੰਡਲੀ ਖੋਏ ਹੋਸ਼ ਹਵਾਸ।
ਰਾਸਧਾਰੀਏ ਵੀ ਮੇਲੇ ਵਿਚ ਪਾ ਰਹੇ ਤੱਕ ਰਾਸ
ਸਿੱਧਾਂ ਵਰਤੀ ਕੂਟਨੀਤ ਵਿਉਂਤ ਬਣਾਈ ਖ਼ਾਸ।
ਮਾਇਆ ਖ਼ਾਤਰ ਭਗਤੀਏ ਲੋਟਾ ਰਹੇ ਸੀ ਫੇਰ
ਪੈਸਾ ਟਕਾ ਪਾ ਰਹੇ ਸੀ ਲੋਕੀਂ ਚਾਰ ਚੁਫ਼ੇਰ।

UNISTAR BOOKS PVT LTD
Unistar Books Pvt
Unistar Books Pvt Ltd.
UNISTAR BOOKS PVT LTD

ਹੇਰ-ਫੇਰ ਕਰ ਭਗਤੀਆਂ ਨੂੰ ਸਿੱਧਾਂ ਨੇ ਭੁਚਲਾ
ਗ਼ਰੀਬ ਰਾਸਧਾਰੀਆਂ ਦਾ ਲੋਟਾ ਲਿਆ ਛੁਪਾ।
ਲੋਟਾ ਗੁੰਮਿਆ ਤੱਕ ਕੇ ਉੱਡੇ ਹੋਸ਼ ਹਵਾਸ਼
ਭੁੱਲ ਗਈ ਤਦ ਭਗਤੀਆਂ ਮੇਲੇ ਪਾਉਣੀ ਰਾਸ।
ਸਿੱਧਾਂ ਮੌਕਾ ਤੱਕਦਿਆਂ ਮਾਰਿਆ ਤਾਅਨਾ ਝਬ
"ਬਾਬੇ ਵਿਚ ਜੇ ਸ਼ਕਤ ਹੈ ਲੋਟਾ ਦੇਵੇ ਲੱਭ ?"
ਨਾਨਕ ਜਿਉਂ ਹੀ ਤੱਕਿਆ ਦਿਬ ਦ੍ਰਿਸ਼ਟੀ ਨਾਲ਼
ਗੁਪਤ ਟਿਕਾਣਿਓਂ ਤਦੇ ਹੀ ਲੋਟਾ ਲਿਆ ਨਿਕਾਲ਼।
ਹੋਏ ਖ਼ਲਕਤ ਸਾਹਮਣੇ ਬਹੁੰ ਸ਼ਰਮਿੰਦੇ ਸਿੱਧ
'ਨਾਨਕ ਨੂੰ ਹਰਾਉਣੈ' ਸੋਚਣ ਪਏ ਕਿਤਬਿਧ ?
ਖਾਧੀ ਖੁਣਸ ਜੋਗੀਆਂ ਜਾ ਪੁੱਜੇ ਬਾਬੇ ਕੋਲ਼
ਭੰਗਰ ਤੱਕਿਆ ਕ੍ਰੋਧ ਵਿਚ ਬੋਲੇ ਉੱਚੇ ਬੋਲ।
ਪਹਿਲੀ ਵਾਰ 'ਚ ਲਿਖੀ ਜੋ ਵਾਰਤਾ ਵਿਚ ਵਿਸਥਾਰ
ਜ਼ਿਕਰ ਕਰਨ ਭਾਈ ਗੁਰਦਾਸ ਭੰਗਰ ਗੋਸ਼ਟ ਵੀਚਾਰ।

ਖਾਧੀ ਖੁਣਸਿ ਜੋਗੀਸਰਾਂ ਗੋਸਟਿ ਕਰਨਿ ਸਭੇ ਉਠਿ ਆਈ।
ਪੁਛੇ ਜੋਗੀ ਭੰਗਰਨਾਥੁ ਤੁਹਿ ਦੁਧ ਵਿਚਿ ਕਿਉ ਕਾਂਜੀ ਪਾਈ।
ਫਿਟਿਆ ਚਾਟਾ ਦੁਧ ਦਾ ਰਿੜਕਿਆ ਮਖਣੁ ਹਥਿ ਨ ਆਈ।
ਭੇਖ ਉਤਾਰਿ ਉਦਾਸਿ ਦਾ ਵਤਿ ਕਿਉ ਸੰਸਾਰੀ ਰੀਤਿ ਚਲਾਈਂ।
ਨਾਨਕ ਆਖੇ ਭੰਗਰਿਨਾਥ ਤੇਰੀ ਮਾਉ ਕੁਚਜੀ ਆਹੀ।
ਭਾਂਡਾ ਧੋਇ ਨ ਜਾਤਿਓਨਿ ਭਾਇ ਕੁਚਜੇ ਫੁਲੁ ਸੜਾਈ।
ਹੋਇ ਅਤੀਤੁ ਗ੍ਰਿਹਸਤਿ ਤਜਿ ਫਿਰਿ ਉਨਹੁ ਕੇ ਘਰਿ ਮੰਗਣਿ ਜਾਈ।
ਬਿਨੁ ਦਿਤੇ ਕਛੁ ਹਥਿ ਨ ਆਈ॥੪੦॥

ਭੰਗਰ ਕਿਹਾ, 'ਗ੍ਰਿਹਿਸਥ ਤਜ ਭੇਖ ਫ਼ਕੀਰੀ ਧਾਰ
ਖੁਭਣਾ ਵਿਚ ਗ੍ਰਿਹਿਸਥ ਦੇ ਠੀਕ ਨਾ ਦੂਜੀ ਵਾਰ।
ਕੀ ਮਿਲੂਗਾ ਦਸ ਇਹ ਦੁੱਧ 'ਚ ਕਾਂਜੀ ਘਤ
ਫਿੱਟੇ ਚਾਟਾ ਦੁੱਧ ਦਾ ਮੱਖਣ ਆਏ ਨਾ ਹੱਥ।"
ਬਾਬੇ ਕਿਹਾ, "ਭੰਗਰਾ! ਠੀਕ ਨ ਤੇਰੀ ਨੀਤ
ਪਹਿਲੋਂ ਗ੍ਰਿਹਿਸਤ ਤਿਆਗਿਆ ਬਣਗੇ ਤੁਸੀਂ ਅਤੀਤ।
ਮੁੜ ਕੇ ਜੇ ਸੀ ਮੰਗਣਾ ਜਾ ਗ੍ਰਿਹਿਸਥੀਆਂ ਕੋਲ਼
ਫੜਨਾ ਸੀ ਫਿਰ ਹੱਥ ਕਿਉਂ ਚਿੱਪੀ ਤੇ ਕਚਕੌਲ ?
ਭਾਂਡਾ ਧੋਇ ਸੁਕਾਇਕੇ ਜੇ ਕੀਤਾ ਹੋਵੇ ਸਾਫ਼
ਭਾਓ ਕਰਮ ਕਰ ਜੰਮਦਾ ਦੁੱਧ ਨਾ ਹੋਏ ਖ਼ਰਾਬ।



UNISTAR BOOKS PVT LTD.
Unistar Books Pvt Ltd.

ਭਗਤੀ ਰੂਪੀ ਮਟਕਾ ਜੇਕਰ ਜਾਵੇ ਫਿਟ
ਜਿੰਨਾ ਮਰਜ਼ੀ ਰਿੜਕ ਲਉ ਮੱਖਣ ਆਏ ਨਾ ਹੱਥ।
ਇਲਮ ਰੂਹਾਨੀ ਕਰਮਕਾਂਡ ਸਭ ਨਿਹਫ਼ਲ ਬੇਕਾਰ
ਅਮਲ ਜੋ ਕੀਤੇ ਜਗ ਵਿਚ ਅੱਗਾ ਦੇਣ ਸੁਆਰ।"
ਉੱਤਰ ਸੁਣ ਕੇ ਸਿਧ ਸਭ ਹੋਏ ਲਾਜਵਾਬ
ਤਰਲੋਮੱਛੀ ਹੁੰਦਿਆਂ ਆਏ ਵਿਚ ਅਤਾਬ।
ਸਿੱਧਾਂ ਰੂਪ ਬਦਲਿਆ ਤਦ ਜੰਤਰ ਮੰਤਰ ਮਾਰ
ਬਣ ਗਏ ਉਨ੍ਹਾਂ 'ਚੋਂ ਕਈ ਸਿੰਘ ਬਾਘ ਬਘਿਆੜ।
ਪੰਖੀ ਬਣ ਉੱਡੇ ਕਈ ਬਣੇ ਨਾਗ ਬਿਸਿਆਰ
ਅੱਗ ਵਰ੍ਹਾਵਣ ਮੁੱਖ ਤੋਂ ਅਗਨ ਫੁੰਕਾਰੇ ਮਾਰ।
ਕਈਆਂ ਚੜ੍ਹ ਮਿਰਗਾਨੀਏ ਕੀਤਾ ਜਲ ਨੂੰ ਪਾਰ
ਭੜਕੀ ਅੰਦਰੋਂ ਹੋਰ ਅੱਗ ਈਰਖਾ ਵਸ ਹੰਕਾਰ।
"ਤੂੰ ਵੀ ਦੱਸ ਕੋਈ ਨਾਨਕਾ! ਕਰਾਮਾਤ ਦਾ ਜ਼ੋਰ"
ਅਤਿ ਹੰਕਾਰ 'ਚ ਬੋਲਿਆ ਭੰਗਰ ਤਾਰੇ ਤੋੜ।
ਬਾਬੇ ਕਿਹਾ, "ਭੰਗਰਾ! ਸਾਡੀ ਰੱਬ 'ਤੇ ਡੋਰ
ਸਾਡੇ ਪਾਸ ਨਾ ਕਰਾਮਾਤ ਨਾਮ ਬਿਨਾਂ ਕੋਈ ਹੋਰ।
ਸ਼ਬਦ ਗੁਰੂ ਦੀ ਕਲਾ ਸਭ ਸ਼ਬਦ ਅਸਾਡਾ ਜ਼ੋਰ
ਗੁਰ ਸੰਗਤ ਬਾਣੀ ਬਾਝੋਂ ਕੋਈ ਓਟ ਨਾ ਹੋਰ।"
ਤਰਕ ਬੋਧ ਦੇ ਨਾਲ ਕੁਝ ਸਿੱਧਾਂ ਪੁੱਛੇ ਪ੍ਰਸ਼ਨ
ਮਾਇਆ ਦੇ ਪ੍ਰਭਾਵ ਕਿੰਝ ? ਕਿੱਦਾਂ ਸ੍ਰਿਸ਼ਟੀ ਰਚਨ ?
ਬਾਬੇ ਕਿਹਾ, "ਚਸਕਿਆਂ ਵਿਚ ਮਨ ਨੂੰ ਦਿੰਦੇ ਖੁੱਲ੍ਹ
ਮਨਮਤੀਏ ਨਹੀਂ ਜਾਣਦੇ ਜੀਵਨ ਰਾਹ ਦਾ ਮੁੱਲ।
ਸ੍ਰਿਸ਼ਟੀ ਰਚਨਾ ਮੂਲ ਵਿਚ 'ਆਦਿ ਸਚ' ਵੀਚਾਰ
ਮਾਇਆ ਦੇ ਪ੍ਰਭਾਵ ਕਰ ਬੰਧਨ ਜੀਵ ਅਪਾਰ।
ਮੁਰਗਾਈ ਦੇ ਪੰਖ ਜਿਉਂ ਜਲ ਤੋਂ ਰਹਿਣ ਅਲੇਪ
ਮਾਇਆਵੀ ਪ੍ਰਭਾਵ ਤੋਂ ਰਹਿਣਾ ਇੰਝ ਨਿਰਲੇਪ।"
ਤ੍ਰਿਭਵਣ ਜੋਤ ਨਿਰੰਜਨੀ ਗੁਰ ਸ਼ਬਦ ਹੀਏ ਵਿਚ ਧਾਰ
ਸਿੱਧਾਂ ਨੂੰ ਨਾਨਕ ਇਵੇਂ ਦਿੱਤੀ ਸੱਚ ਵੀਚਾਰ।
ਸ਼ਬਦ-ਸ਼ਾਂਤ ਜੋ ਸਿੱਧਾਂ ਦੇ ਰਿਦੇ ਹੋਈ ਪ੍ਰਵੇਸ਼
'ਧੰਨ ਨਾਨਕ', 'ਧੰਨ ਨਾਨਕ' ਕਹ ਕੀਤੀ 'ਸਚ ਆਦੇਸ਼'।
ਸਿੱਧਾਂ ਨਾਲ਼ ਹੋਈ ਚਰਚਾ ਨੂੰ ਅਚਲ ਵਟਾਲੇ ਆਣ
ਕਰਤਾਰਪੁਰ ਬਹਿ 'ਸਿਧ ਗੋਸ਼ਟ' ਲਿਖੀ ਨਾਨਕ ਆਣ।

UNISTAR BOOKS PVT LTD.
Unistar Books Pvt Ltd.

ਦੱਸਿਆ ਵਿਚ ਰਹਾਉ ਦੇ ਜੋ ਗੋਸ਼ਟ ਦਾ ਤਤ ਸਾਰ
'ਸਾਚ ਸ਼ਬਦ ਬਿਨ ਮੁਕਤਿ ਨ ਕੋਇ' ਕਿਹਾ ਗੁਰ ਵੀਚਾਰ।
ਪਹਿਲੀ ਵਾਰ 'ਚ ਇਕ ਥਾਂਏਂ ਦੇਇ ਹਵਾਲਾ ਖ਼ਾਸ
'ਸਿਧ ਗੋਸ਼ਟ' ਬਾਣੀ ਬਾਰੇ ਲਿਖਿਆ ਭਾਈ ਗੁਰਦਾਸ।

ਬਾਬੇ ਕੀਤੀ ਸਿਧਿ ਗੋਸਟਿ ਸਬਦਿ ਸਾਂਤਿ ਸਿਧਾਂ ਵਿਚਿ ਆਈ।
ਜਿਣਿ ਮੇਲਾ ਸਿਵਰਾਤਿ ਦਾ ਖਟ ਦਰਸਨਿ ਆਦੇਸਿ ਕਰਾਈ।
ਸਿਧਿ ਬੋਲਨਿ ਸੁਭਿ ਬਚਨਿ ਧਨੁ ਨਾਨਕ ਤੇਰੀ ਵਡੀ ਕਮਾਈ।
ਵਡਾ ਪੁਰਖੁ ਪਰਗਟਿਆ ਕਲਿਜੁਗਿ ਅੰਦਰਿ ਜੋਤਿ ਜਗਾਈ।
ਮੇਲਿਓ ਬਾਬਾ ਉਠਿਆ ਮੁਲਤਾਨੇ ਦੀ ਜਾਰਤਿ ਜਾਈ।
ਅਗੋਂ ਪੀਰ ਮੁਲਤਾਨ ਦੇ ਦੁਧਿ ਕਟੋਰਾ ਭਰਿ ਲੈ ਆਈ।
ਬਾਬੇ ਕਢਿ ਕਰਿ ਬਗਲ ਤੇ ਚੰਬੇਲੀ ਦੁਧਿ ਵਿਚਿ ਮਿਲਾਈ।
ਜਿਉ ਸਾਗਰਿ ਵਿਚਿ ਗੰਗ ਸਮਾਈ॥੪੪॥

## ਮੁਲਤਾਨ ਦੀ ਜ਼ਿਆਰਤ

ਪਹਿਲੋਂ ਪਹਿਲ ਮੁਲਤਾਨ ਦਾ ਪ੍ਰਹਿਲਾਦਪੁਰੀ ਸੀ ਨਾਮ
ਮਗਰੋਂ ਹੋਇਆ ਭਗਤਪੁਰ ਫਿਰ ਪੀਰਪੁਰ ਇਸ ਨਾਮ।
ਪਠਾਣ ਮੁਸਲਮਾਨਾਂ ਦਾ ਜੋ ਕਾਇਮ ਹੋਇਆ ਰਾਜ
ਅਰਬ ਈਰਾਨੋਂ ਪੀਰ ਆਏ ਹਿੰਦ ਕਰ ਪਰਵਾਜ਼।
ਵਡ-ਇਸਲਾਮੀ ਰਾਜ ਦਾ ਕਰਨ ਲਈ ਪ੍ਰਚਾਰ
ਕਈ ਸ਼ਹਿਰਾਂ ਵਿਚ ਵਸ ਗਏ ਰੱਬੀ-ਖ਼ਿਦਮਤਗਾਰ।
ਇਕ ਹੱਥ ਵਿਚ ਸਮਸ਼ੀਰ ਸੀ ਦੂਏ ਹੱਥ ਕੁਰਾਨ
ਖਾਣ ਇਲਮ ਤੇ ਹੁਨਰ ਦੀ ਬਣ ਗਿਆ ਮੁਲਤਾਨ।
ਮੰਨਣ ਵਿਚ ਮੁਲਤਾਨ ਦੀਆਂ ਖ਼ਾਸ ਸੁਗਾਤਾਂ ਚਾਰ
ਕਬਰਿਸਤਾਨ, ਸੰਤ ਫ਼ਕੀਰ, ਗਰਮੀ, ਗਰਦਾ ਮਾਰ।
ਮੁਸਲਮਾਨ ਖ਼ੁਦਾਪ੍ਰਸਤ ਇਕ 'ਤੇ ਰੱਖ ਈਮਾਨ।
ਇਕੋ ਹੀ ਖ਼ੁਦਾਇ ਦੀ ਕਰਨ ਬੰਦਗੀ ਆਣ।

ਗ਼ਜ਼ਨੀ ਦੇ ਵਿਚ ਜਨਮਿਆ ਉੱਤਮ ਗੁਣੀ ਗਹੀਰ
ਨਾਮ ਸ਼ਮਸ ਤਬਰੇਜ ਉਸ ਸੂਫ਼ੀ ਸੰਤ ਫ਼ਕੀਰ।
ਗ਼ਜ਼ਨੀ ਤੋਂ ਉਹ ਚੱਲ ਕੇ ਟਿਕਿਆ ਆ ਮੁਲਤਾਨ
ਵਡਕਰਨੀ ਵਾਲ਼ੇ ਫ਼ਕੀਰ ਵਸਦੇ ਜਿਸ ਥਾਂ ਆਣ।
ਪਾਈ ਸ਼ਮਸ ਅੰਦਰੋਂ ਪਰਮਸਤਿ ਦੀ ਟੋਹ
'ਅਨਲਹਕ ਮੈਂ ਰੱਬ' ਆਖ ਖੀਵਾ ਉੱਠਿਆ ਹੋ।



UNISTAR BOOKS PVT LTD. Unistar Books Pvt Ltd.

ਕੱਟੜ ਮੁਸਲਮਾਨ ਪੀਰ ਕਦ ਸਕਦੇ ਸੀ ਝੱਲ
ਖ਼ੁਦ ਨੂੰ ਹੀ ਰੱਬ ਆਖਣਾ ਕੁਫ਼ਰ ਕਹਿਣ ਦੀ ਗੱਲ।
ਤਦ ਇਸਲਾਮੀ ਰਾਜ ਨੇ ਫ਼ਤਵਾ ਉਸ 'ਤੇ ਲਾ
ਜੀਉਂਦੇ ਜੀਅ ਤਬਰੇਜ਼ ਦੀ ਦਿੱਤੀ ਖੱਲ ਲੁਹਾ।
ਬਣਿਆ ਉਸ ਦਾ ਮਕਬਰਾ ਜੋ ਸੀ ਵਿਚ ਮੁਲਤਾਨ
ਬਾਬਾ ਨਾਨਕ ਉਸ ਜਗ੍ਹਾ ਕੀਤਾ ਆਣ ਮੁਕਾਮ।

ਖ਼ਬਰ ਜੋ ਨਾਨਕ ਆਉਣ ਦੀ ਪੁੱਜੀ ਪੀਰਾਂ ਤੱਕ
ਭਰ ਕਟੋਰਾ ਦੁੱਧ ਦਾ ਭੇਜਿਆਂ ਪੀਰਾਂ ਤਦ।
ਜਾਣੀ-ਜਾਣ ਸਮਝ ਗਏ ਪੀਰੁਨ-ਅੰਤਰਾਲ
ਪਹਿਲੋਂ ਹੀ ਇਹ ਸ਼ਹਿਰ ਜੋ ਭਰਿਆ ਪੀਰਾਂ ਨਾਲ਼।
ਫੁੱਲ ਚੰਬੇਲੀ ਦੁੱਧ 'ਤੇ ਗੁਰ ਹੌਲ਼ੇ ਜਿਹੇ ਟਿਕਾ
ਮੋੜ ਕਟੋਰਾ ਭੇਜਿਆ ਵੱਲ ਪੀਰਾਂ, ਪਾਤਸ਼ਾਹ।
"ਜੀਕਰ ਤਰਿਆ ਫੁੱਲ ਇਹ ਦੁੱਧ ਉੱਤੇ ਨਿਕੋਰ
ਮਾਇਆ ਤੋਂ ਨਿਰਲੇਪਤਾ ਸੰਤ ਜਨਾਂ ਦੀ ਤੋਰ।
ਸਾਗਰ ਵਿਚ ਮਿਲ ਨਦੀਆਂ ਜੀਕਰ ਹੋਂਦ ਮਿਟਾਣ
ਬ੍ਰਹਮ ਗਿਆਨੀ ਬ੍ਰਹਮ ਗਿਆਨ ਮਿਲ ਬ੍ਰਹਮਰੂਪ ਹੋ ਜਾਣ।
ਤਾਰੀਆਂ ਲਾ ਫੁੱਲ ਦੁੱਧ 'ਤੇ ਦੇਵੇ ਜਿਉਂ ਮਹਿਕਾਰ
ਸਾਈਂ ਲੋਕ ਨਾ ਕਿਸੇ ਤੇ ਬਣਦੇ ਵਾਧੂ ਭਾਰ।

ਜਿਉਂ ਕਟੋਰਾ ਦੁੱਧ ਦਾ ਮੁੜਿਆ ਪੀਰਾਂ ਤੱਕ
ਬ੍ਰਹਮਰੂਪ ਗੁਰ ਨਗਰੀ ਦੀ ਸੋਝੀ ਹੋਈ ਤਦ।
ਸਹਿਜੂ, ਅਬਦੁਲ ਕਾਦਰੀ ਅਤੇ ਬਹਾਵਲ ਪੀਰ
ਸਦਾ ਸੁਹਾਗਣ ਸਾਥ ਲੈ ਮਿਲਣ ਆਏ ਦਸਤਗੀਰ।
ਤੱਕਿਆ ਪੀਰ ਫ਼ਕੀਰਾਂ ਜੋ ਉੱਠੇ ਦੀਨ ਦਿਆਲ
ਨਾਨਕ ਨੇ ਬਿਠਾ ਲਿਆ ਪੂਰੇ ਆਦਰ ਨਾਲ਼।
ਮੂਰਤ ਤੱਕ ਕੇ ਨਿਮਰਤਾ ਦੀ ਖਿੜਿਆ ਡਾਢਾ ਮਨ
ਕੁਝ ਮੰਗਣ ਲਈ ਆਖਿਆ ਪੀਰਾ ਹੋ ਪ੍ਰਸੰਨ।
ਨਾਨਕ ਕਿਹਾ, "ਕਮੀ ਨਹੀਂ, ਇਥੇ ਹਰ ਇਕ ਸ਼ੈਅ
ਤਰੁੱਠੇ ਹੋ ਉਸਦੇ ਦਰੋਂ ਦਿਉ ਗ਼ਰੀਬੀ ਲੈ।"
ਪੀਰ ਬਹਾਵਲ ਹਕ ਜਦ ਪੁੱਜਾ ਵਿਚ ਦਰਗਾਹ
ਕੰਨੀਂ ਪਈ ਆਵਾਜ਼ ਇਹ ਅੱਗੇ ਈ ਨਾਨਕ ਸ਼ਾਹ।
"ਸਭ ਗ਼ਰੀਬੀ ਲੈ ਗਿਆ ਜੋ ਸੀ ਸਾਡੇ ਦਰ
ਸਾਡੇ ਪਾਸ ਤਾਂ ਰਹਿ ਗਈ ਹੁਣ ਇਹ ਰੱਤੀ ਭਰ।

UNISTAR BOOKS PVT LTD.

ਵੰਡਣੀ ਹੈ ਜੋ ਅਸਾਂ ਨੇ ਹੋਰ ਜੀਆਂ ਵਿਚਕਾਰ
ਤੁਸੀਂ ਲਿਜਾਣੀ ਲੈ ਜਾਉ ਜੇਕਰ ਹੈ ਦਰਕਾਰ।"

ਸਮਝ ਗਏ ਸਭ ਪੀਰ ਤਦ ਭੁੱਲ ਚੁੱਕ ਹੋਈ ਆਣ
ਗਾਗਰ ਵਿਚ ਕਿੱਦਾਂ ਕੀਤਾ ਨਾਨਕ ਗੰਗ ਮਿਲਾਨ।
ਪੀਰ ਬਹਾਵਲ ਡਾਢੀ ਸ਼ਰਧਾ ਤੱਕੀ ਗੁਣੀ ਨਿਧਾਨ
ਚਾਰ ਮਹੀਨੇ ਤੱਕ ਰਹੇ ਨਾਨਕ ਵਿਚ ਮੁਲਤਾਨ।
ਬਾਬੇ ਦੀ ਸ਼ਖ਼ਸੀਅਤ ਦਾ ਕੇਡਾ ਸੀ ਪ੍ਰਭਾਵ
ਅਦਾ ਕਰਨ ਲਈ ਸਾਈਂ ਜਦ ਖੜ੍ਹਦੇ ਵਿਚ ਨਮਾਜ਼।
ਸਾਹਵੇਂ ਦਿੱਸੇ ਖੜ੍ਹਾ ਉਸ ਗੁਰੂ ਨਾਨਕ ਦਾ ਰੂਪ
'ਬ੍ਰਹਮ ਗਿਆਨੀ ਆਪ ਪਰਮੇਸ਼ਰ' ਰੂਪ ਹੋਇਆ ਅਰੂਪ।
ਸ਼ਮਸ ਤਬਰੇਜ਼ ਦੇ ਮਕਬਰੇ ਪੀਰਾਂ ਤਾਈਂ ਆਣ
ਕਾਗ਼ਜ਼ 'ਤੇ ਲਵਾ ਲਿਆ ਗੁਰ-ਪੰਜੇ ਦਾ ਨਿਸ਼ਾਨ।
ਇਸ ਗੱਲ ਤਾਈਂ ਸੁਭਾਗਤਾ ਨੇ ਮੰਨਦੇ ਸਾਈਂ ਲੋਕ
ਹੱਥ ਬਜ਼ੁਰਗਾਂ ਦਾ ਰੱਖੇ ਸਿਰੋਂ ਬਲਾਵਾਂ ਰੋਕ।
ਪੀਰਾਂ ਤਾਈਂ ਮੁਲਤਾਨ ਦੇ ਸੱਚ ਦਾ ਮਗ਼ ਦਿਖਾ
ਕਈ ਮੰਜ਼ਲਾਂ ਮਾਰ ਕਰ ਕਰਤਾਰਪੁਰ ਗਏ ਆ।

Unistar Books Pvt Ltd.

## ਮੁੜ ਸਿਆਲਕੋਟ

ਦੂਰ-ਨੇੜ ਵਿਚ ਸਤਸੰਗੀਆਂ ਨਾਮ ਦਾ ਚੱਕਰ ਚਲਾ
ਵਿਛੜਿਆਂ ਨੂੰ ਸਤਗੁਰੂ ਮੁੜ ਤੋਂ ਮੇਲ ਲਿਆ।
ਜਾਣ ਗਏ ਸੀ ਸਤਗੁਰੂ ਤਿਲਕਣਬਾਜ਼ੀ ਸੰਸਾਰ
ਮੂਲਾ ਤਾਰਨ ਹਿੱਤ ਖ਼ੁਦ ਜਾ ਰਹੇ ਸੀ ਦਾਤਾਰ।
ਏਦੂੰ ਪਹਿਲੋਂ ਵੀ ਨਾਨਕ ਸੀ ਆਏ ਸਿਆਲਕੋਟ
ਕਹਿਰ ਢਾਹੁਣ ਤੋਂ ਵਰਜਿਆ ਸੀ ਤਾਈਂ ਹਮਜ਼ਾਗੌਂਸ।
ਮੂਲੇ ਵੀ ਉਸ ਸਮੇਂ ਵਿਚ ਝੂਠ ਤੇ ਸੱਚ ਨਿਤਾਰ
ਬਾਬੇ ਨਾਨਕ ਦੀ ਲਈ ਆਤਮ-ਖੁਸ਼ੀ ਅਪਾਰ।
ਕਰਤਾਰਪੁਰੋਂ ਸਿਆਲਕੋਟ ਪੰਤਾਲ਼ੀ ਮੀਲ ਦੀ ਵਿੱਥ
ਕਈ ਸਮੇਂ ਮਗਰੋਂ ਬਾਬਾ ਇਥੇ ਰਹੇ ਸੀ ਪੁੱਜ।
ਸਤਸੰਗੀ ਜੋ ਸ਼ਹਿਰ ਦੇ ਜੋ ਨਾਨਕ ਨਾਮਲੇਵਾ
ਸਤਸੰਗਤ ਦਾ ਪਰਚਾ ਉਨ ਰੱਖਿਆ ਸੀ ਬਣਾ।
ਇਨ੍ਹਾਂ ਵਿਚੋਂ ਕਈ ਤਾਂ ਕਰਤਾਰਪੁਰ ਵਿਚ ਜਾ
ਰੰਗ ਆਤਮਕ ਮਾਣਦੇ ਸਾਹਿਬ ਚਰਨੀ ਆ।

ਕਈ ਦਿਨਾਂ ਤੱਕ ਸਤਗੁਰੂ ਇਥੇ ਰਹੇ ਟਿਕ
ਪਰ ਮੂਲਾ ਨਾ ਆਇਆ ਸਤਸੰਗਤ ਦਿਨ ਇਕ।
ਜੀਊਣਾ ਝੂਠਾ ਆਖ ਜਿਸ ਮਰਣ ਸੀ ਮੰਨਿਆ ਸੱਚ
ਛੇਤੀ ਕਿੰਝ ਕਰਾੜ ਨੂੰ ਮਾਇਆ ਲਿਆ ਗ੍ਰਸ ?
ਪਹਿਲੋਂ ਹੀ ਕਰ ਚੁੱਕਿਆ ਸੀ ਵਹੁਟੀ ਨਾਲ ਸਲਾਹ
ਛੱਡਿਆ ਲੜ ਫ਼ਕੀਰ ਦਾ ਪੈ ਕੇ ਦੁਨੀਆ ਰਾਹ।
ਜਾ ਖੜ੍ਹੇ ਇਕ ਦਿਨ ਜਦੋਂ ਮੂਲੇ ਦਰ ਬਾਬਾ
'ਮੂਲਾ ਤਾਂ ਘਰ ਹੈ ਨਹੀਂ' ਵਹੁਟੀ ਕੀਤਾ ਨਾਂਹ।
ਓਹਨੀਂ ਪੈਰੀਂ ਮੁੜ ਗਏ ਬਾਬਾ ਜਾਣੀ-ਜਾਣ
ਮਾਇਆ ਲਬ 'ਚ ਬੋਲਿਆ ਗਏ ਸੀ ਸੱਚ ਪਛਾਣ।
ਲੇਕਿਨ ਵਹੁਟੀ ਸੋਚਿਆ ਮੁੜ ਸਤਗੁਰ ਜਾਣ ਨਾ ਆ
ਵਿਚ ਗਵਾਰੇ ਦੇ ਮੂਲਾ ਦਿੱਤਾ ਉਸ ਛੁਪਾ।
ਹੁੰਮਸ ਸੀ ਹੁਨਾਲ ਦੀ ਸਭ ਕਰਤਾਰ ਦੇ ਰੰਗ
ਵਿਚ ਗਵਾਰੇ ਲੁਕਿਆ ਸੱਪ ਮੂਲੇ ਗਿਆ ਡੰਗ।
"ਜੇਹਾ ਚੀਰੀ ਲਿਖਿਆ ਤੇਹਾ ਹੁਕਮ ਕਮਾ।"
ਦੁਨੀ ਸੁਹਾਵਾ ਬਾਗ਼ ਝਟ ਮੂਲਾ ਛੱਡ ਤੁਰਿਆ।
ਤਕ ਮੂਲੇ ਦੀ ਪਤਨੀ ਕਰਨ ਲੱਗੀ ਵਿਰਲਾਪ
ਮਨ 'ਚ ਹੋਈ ਭੁੱਲ ਦਾ ਡਾਢਾ ਲੱਗਾ ਸੰਤਾਪ।
ਅਜੇ ਤਾਂ ਨਾਨਕ ਗਏ ਸੀ ਕੁਝ ਕੁ ਪੈਂਡਾ ਦੂਰ
ਭੱਜ ਕੇ ਚਰਨੀਂ ਜਾ ਗਿਰੀ ਡਾਢੇ ਗ਼ਮ 'ਚ ਚੂਰ।
"ਮੈਥੋਂ ਗ਼ਲਤੀ ਹੋ ਗਈ ਆਖਿਆ ਗਿਆ ਝੂਠ
ਮੂਲਾ ਜਿਉਂਦਾ ਕਰ ਦਿਉ ਜਾਣੀ-ਜਾਣ ਤਰੁੱਠ ?"

"ਮੂਲਾ ਸਾਡਾ ਸਿੱਖ ਸੀ ਮੁਕਤੀ ਕਰਾਂਗੇ ਆਪ
ਰੱਖ ਭਰੋਸਾ ਰੱਬ 'ਤੇ ਸਤਿਨਾਮ ਕਰ ਜਾਪ।"
ਧੁਰ ਡੂੰਘਾਈਉਂ ਨਿਕਲਿਆ ਪੀੜ ਪਰੁੱਤਾ ਬਾਣ
'ਵਾਰਾਂ ਤੇ ਵਧੀਕ ਸਲੋਕ' ਉਚਰਿਆ ਜਾਣੀ-ਜਾਣ।
"ਨਾਲਿ ਕਿਰਾੜਾ ਦੋਸਤੀ ਕੂੜੈ ਕੂੜੀ ਪਾਇ॥
ਮਰਣੁ ਨ ਜਾਪੈ ਮੂਲਿਆ ਆਵੈ ਕਿਤੈ ਥਾਇ॥"
ਸ਼ਬਦੀ ਬਾਣ ਜੋ ਨਿਕਲਿਆ ਗੁਰ-ਹਿਕ 'ਚੋਂ ਬਣ ਕੇ ਹੂਕ
ਖ਼ਬਰਦਾਰ! ਕਰਦਾ ਰਹੂ ਰਹਿੰਦੀ ਦੁਨੀਆ ਤੀਕ।
ਮੂਲੇ ਦੀ ਪਤਨੀ ਲੱਗਿਆ ਹਿੱਕ ਪੀੜ ਪਰੁੱਤਾ ਬਾਣ
ਜਾਣ ਗਈ ਫ਼ਾਨੀ ਦੁਨੀਆ ਇਹ ਛੱਡਣਾ ਪਊ ਮੁਕਾਮ।



UNISTAR BOOKS PVT LTD.
Unistar Books Pvt Ltd.

ਖ਼ੁਦ ਦਾ ਘਰ ਉਸਨੇ ਲਿਆ ਧਰਮਸ਼ਾਲ ਬਣਵਾ
ਪੱਚੀ ਘੁਮਾਂ ਜ਼ਿਮੀਂ ਦਿੱਤੀ ਵਿਚ ਬਾਉਲ਼ੀ ਸੇਵਾ।
ਜੂਨ ਸਹੇ ਦੀ ਵਿਚ ਪਿਆ ਮੂਲਾ ਸਿੱਖ ਕਰਾੜ
ਦਸਵੇਂ ਜਾਮੇ ਵਿਚ ਜਾ ਕੀਤਾ ਗੁਰਾਂ ਉਧਾਰ।
ਮੂਲੇ ਦੀ ਇਸ ਦੋਸਤੀ ਦਾ ਬੱਸ ਏਹੀ ਹੈ ਸਾਰ
ਜੱਗ ਹਿੱਤ ਦੀ ਚਤੁਰਾਈ ਤੋਂ ਗੁਰ ਕੀਤਾ ਖ਼ਬਰਦਾਰ।
ਮਾਇਆ ਨਾਗਣ ਜੀਵ ਦੀ ਕਦੇ ਨਾ ਬਣਦੀ ਮਿਤ
ਦੁਨੀਆਦਾਰੀ ਵਿਚ ਫਸਾ ਨਾਮ ਤੋਂ ਪਾਉਂਦੀ ਵਿੱਥ।
ਦਰਗਾਹੀ ਸੱਦਾ ਸੁਣ ਕੇ ਤੁਰਦਾ ਜੀਵ ਅਗਾਂਹ
ਮਾਇਆ ਸਰਪਣੀ ਇਕ ਕਦਮ ਤੁਰਦੀ ਨਾ ਪਿਛਾਂਹ।
ਕੁਝ ਦਿਨ ਰਹਿ ਸਿਆਲ਼ਕੋਟ ਜਪਦਿਆਂ ਸਤਿ ਕਰਤਾਰ
ਪੁੱਜੇ ਗੁਰ ਕਰਤਾਰਪੁਰ ਸੰਗ ਮਰਦਾਨਾ ਯਾਰ।

## ਬਾਣੀ ਦੀ ਸੰਭਾਲ

ਤ੍ਰਿਭਵਣ ਜੋਤ ਨਿਰੰਜਨੀ 'ਗੁਰ ਦੀਪਕ ਤਿਹੁ ਲੋਇ'॥
ਵਾਹੁ ਵਾਹੁ ਸਤਿਗੁਰੂ ਹੈ ਜਿ ਸਚੁ ਦ੍ਰਿੜਾਏ ਸੋਇ॥
ਇਕ ਓਅੰਕਾਰ ਸਤਿਨਾਮ ਕਰਤਾ ਪੁਰਖ ਅਕਾਲ
ਭਾਰੀ ਕਰੀ ਤਪੱਸਿਆ ਕਰ ਡਾਢੀ ਕਰੜੀ ਘਾਲ।
ਵਿਚ ਉਦਾਸੀਆਂ ਭ੍ਰਮਣ ਕਰ ਜ਼ਿਆਰਤ ਕਰ ਮੁਲਤਾਨ
ਬਾਣੀ ਦੀ ਸੰਭਾਲ਼ ਲਈ ਸੋਚਿਆ ਗੁਣਾਂ ਦੀ ਖਾਣ।
ਜੀਵਨ ਪੰਧ ਦੀ ਗਹਿਰ 'ਚੋਂ ਸੀ ਲਿਆਏ ਗਿਆਨ ਨਪੀੜ
ਸੰਚਣ ਜਿਉਂ ਕਰ ਜਾਇਕੇ ਫੁੱਲਾਂ 'ਚੋਂ ਮਧੁਪ ਮਖੀਰ।
ਕੀਰਤ ਫੈਲੀ ਜਗ ਮਹਿ ਨਾਨਕ ਸ਼ਾਹ ਫ਼ਕੀਰ
ਹਿੰਦੂ ਆਖਣ ਗੁਰੂ ਉਸ ਮੁਸਲਿਮ ਆਖਣ ਪੀਰ।
ਸ਼ਬਦ ਕਮਾਈ ਘਾਲ਼ਦੇ ਸੀ ਸਤਗੁਰ ਹੋ ਨਿਰਵੈਰ
ਵੀਣਾ ਵੱਜੇ ਸ਼ਬਦ ਦੀ ਮਨ ਅੰਦਰ ਚੱਤੋ ਪਹਿਰ।
ਆਤਮ-ਪਰਮਾਤਮ ਮਿਲਨ 'ਚ ਹਿਰਦਾ ਕਉਲ ਖਿਲ
ਕੀਰਤਨ ਹੀ ਹੋ ਜਾਂਵਦਾ ਰਾਗ ਸ਼ਬਦ ਵਿਚ ਮਿਲ।
ਮੁਤਲਾਸ਼ੀ ਚਲ ਦੂਰ ਦੁਰਾਡਿਓਂ ਬਾਬੇ ਕੋਲ਼ ਆਣ
ਚਿਣਗਾਂ ਚਾਨਣ ਗਿਆਨ ਭਰ ਭਰਮ ਅੰਧੇਰ ਮਿਟਾਣ।
ਜਪੁਜੀ ਤੋਂ ਲੈ ਬਾਰਾ ਮਾਹ ਅਦਭੁਤ ਸੂਝ ਕਮਾਲ
ਘੜੀਆਂ ਬਾਬੇ ਬਾਣੀਆਂ ਬੈਠ ਸੱਚੀ ਟਕਸਾਲ।



UNISTAR BOOKS PVT LTD.
Unistar Books Pvt Ltd.
Pvt Ltd.
Unistar Books Pvt Ltd.
UNISTAR BOOKS PVT LTD.

ਰਾਗ-ਬਧ ਬਾਣੀ ਲਿਖੀ ਲੋੜ ਸਮੇਂ ਦੀ ਭਾਂਪ
ਰਾਗ-ਬਧ ਬਾਣੀ ਗਾਈ ਨਾਲ਼ ਸਿਰੰਦੇ ਆਪ।
ਵਿਚ ਉਦਾਸੀਆਂ ਰੱਖਦੇ ਸੀ ਪੋਥੀ ਰੂਪ ਕਿਤਾਬ
ਸਾਂਭ ਸੀ ਲੈਂਦੇ ਸੰਤਾਂ ਦੇ ਬਚਨ ਅਨੂਪ ਨਾਯਾਬ।
ਬੰਨ੍ਹ ਕੇ ਧੁਨਾਂ ਰਸੀਲੀਆਂ ਸੂਖ਼ਮ ਤੇ ਰਸਦਾਰ
ਸੰਗ ਰਬਾਬੀ ਗਾਂਵਦੇ ਰੁੱਤਾਂ ਤਿਥਾਂ ਅਨੁਸਾਰ।
ਲੰਮਾ ਸਮਾਂ ਬਿਤਾਇਆ ਮਰਦਾਨਾ ਬਾਬੇ ਸੰਗ
ਕਿੰਨੀ ਉੱਚ ਅਵਸਥਾ ਮਾਣੀ ਵਿਚ ਬਾਣੀ ਰੰਗ।
ਕਰ ਸੰਬੋਧਨ ਮਰਦਾਨੇ ਸੀ ਲਿਖੇ ਤਿੰਨ ਸਲੋਕ
ਦਾਨੇ ਦਾ ਸੰਵਾਰਿਆ ਲੋਕ ਅਤੇ ਪਰਲੋਕ।

ਸਲੋਕ ਮਰਦਾਨਾ ੧॥ ਵਾਰ ਬਿਹਾਗੜੇ ਦਰਜ
ਦਾਨੇ ਨੂੰ ਸੰਬੋਧਦੇ ਨਾਨਕ ਜੀ ਕੀਤਾ ਅਰਜ:
ਕਲਿ ਕਲਵਾਲੀ ਕਾਮੁ ਮਦੁ ਮਨੂਆ ਪੀਵਣਹਾਰੁ॥
ਕ੍ਰੋਧ ਕਟੋਰੀ ਮੋਹਿ ਭਰੀ ਪੀਲਾਵਾ ਅਹੰਕਾਰੁ॥
ਮਜਲਸ ਕੂੜੇ ਲਬ ਕੀ ਪੀ ਪੀ ਹੋਇ ਖੁਆਰੁ॥
ਕਰਣੀ ਲਾਹਣਿ ਸਤੁ ਗੁੜੁ ਸਚੁ ਸਰਾ ਕਰਿ ਸਾਰੁ॥
ਗੁਣ ਮੰਡੇ ਕਰਿ ਸੀਲੁ ਘਿਉ ਸਰਮੁ ਮਾਸੁ ਆਹਾਰੁ॥
ਗੁਰਮੁਖਿ ਪਾਈਐ ਨਾਨਕਾ ਖਾਧੈ ਜਾਹਿ ਬਿਕਾਰ॥੧॥ (**ਗੁਰੂ ਗ੍ਰੰਥ**, ਪੰਨਾ 33)

ਵਿਚ ਸੁਆਲਾਂ ਰੋਸ਼ਨੀ ਪਾ ਪੌਂਦਾ ਰੂਪ ਵਿਕਾਰ
ਦੱਸਿਆ, ਅੰਮ੍ਰਿਤ ਰਸ ਦਾ ਕਿੰਜ ਹੋਊ ਸੰਚਾਰ ?
ਸੀਲ-ਸਰਮ ਸੱਚ ਕਰਣੀ ਦੀ ਗੁਰਮੁਖ ਹੋਏ ਸਾਰ
ਸਾਧ ਸੰਗਤ ਮਿਲਾਪ ਹੋਏ ਕੱਟਣ ਦੇਹ ਵਿਕਾਰ।
ਬੰਨ੍ਹੀ ਬਾਣੀ ਰਾਗ ਰਾਗਨੀ ਨਾਨਕ ਰਸਕ ਰਸਾਲ
ਅੱਜ ਦਾ ਜੋ ਗੁਰਮਤਿ ਸੰਗੀਤ ਉਸਦੀ ਅਜਬ ਮਿਸਾਲ।
ਸਿੱਧਾਂ ਸੀ ਪੁੱਛਿਆ ਜਦੋਂ 'ਤੇਰਾ ਕਵਣ ਗੁਰ' ਸੁਆਲ
'ਸ਼ਬਦ ਗੁਰੂ' ਘੋਸ਼ਿਤ ਕੀਤਾ ਬਾਬੇ ਸੁਰਤੀ ਨਾਲ਼।
ਸ਼ਬਦ ਅਟਲ ਤੇ ਅਮਰ ਹੈ ਬਸ ਏਹੀ ਸਤ ਜਾਣ
ਬਾਕੀ ਸਭ ਫ਼ਨਾਹ ਹੈ ਦੁਨੀਆ ਦਾ ਮੁਕਾਮ।
ਦਸ ਮਹੱਲਾਂ ਤਕ ਜੋੜ ਸ਼ਬਦ ਖ਼ਜ਼ਾਨਾ ਇਹ
ਬਣਿਆ 'ਗੁਰੂ ਗ੍ਰੰਥ ਸਾਹਿਬ' ਪ੍ਰਗਟ ਗੁਰਾਂ ਕੀ ਦੇਹ।
ਰੁੱਤਾਂ ਮੂਜਬ ਧੁਨਾਂ ਬੰਨ੍ਹ ਸੂਖ਼ਮ ਤੇ ਰਸਦਾਰ
ਨਾਲ਼ ਗੁਰਾਂ ਕੀਰਤਨ ਕੀਤਾ ਦਾਨੇ ਸੰਤਾਲ਼ੀ ਸਾਲ।

UNISTAR BOOKS PVT LTD
Unistar Books Pvt Ltd
Unistar Books Pvt Ltd
UNISTAR BOOKS PVT LTD

ਇਸ ਤੋਂ ਵੱਧ ਕੀ ਹੋਵਣਾ ਦਾਨੇ ਦਾ ਸੁਭਾਗ
ਨਾਨਕ ਚਰਨਾਂ ਵਿਚ ਬੀਤੇ ਇਤਨੇ ਦਿਨ ਤੇ ਰਾਤ।

## ਮਰਦਾਨਾ ਜੀ ਦਾ ਚਲਾਣਾ

ਸੰਮਤ ਪੰਦਰਾਂ ਸੌ ਇਕਾਨਵੇਂ ਅਤਿ ਦੁਖਦਾਈ ਸਾਲ
ਬਾਬੇ ਤੋਂ ਜੋ ਵਿਛੜਿਆ ਮਰਦਾਨੇ ਜਿਹਾ ਯਾਰ।
ਬੇਸ਼ਕ ਅਕਲਾਂ ਦੇ ਧਨੀ ਮਿਲ ਜਾਣੇ ਜੱਗ ਭਾਲ਼
ਪਰ ਦਾਨੇ ਜੇਹੇ ਸਾਥ ਦੀ ਮਿਲਣੀ ਨਹੀਂ ਮਿਸਾਲ।
ਦਿੱਤਾ ਸਾਥ ਰਬਾਬ ਤੇ ਸੰਗ ਮੁਰਸ਼ਿਦ ਸਾਥ ਕਮਾਲ
ਸਦੇ ਆਏ ਜਾਨੀਆਂ ਮੁੱਕੀ ਸਾਂਝ ਖ਼ਿਆਲ।
ਪੰਦਰਾਂ ਸੌ ਚੌਂਤੀ ਸੰਨ ਦੀ ਹੈ ਸੀ ਇਕ ਪਰਭਾਤ
'ਗੁਰੂ ਨਾਨਕ ਉਦਾਸੀ ਦਰਪਣ' ਲੇਖਕ ਪਾਉਂਦੈ ਝਾਤ।
ਰਾਵੀ ਕੰਢੇ ਆ ਬਹੇ ਮਰਦਾਨਾ ਕਰ ਇਸ਼ਨਾਨ
ਜਾਪੁ ਸਾਹਿਬ ਦਾ ਪਾਠ ਕਰ ਅੰਤਰ ਸੁਰਤ ਧਿਆਨ।
'ਸਭਨਾਂ ਸਾਹੁਰੇ ਵੰਞਣਾ' ਮਹਾਂਵਾਕ ਅਨੁਸਾਰ
ਚਾਦਰ ਓੜੀ ਤਨ 'ਤੇ 'ਕੇਤੀ ਛੁੱਟੀ ਨਾਲ'।
ਬੈਠੇ ਸੀ ਕੋਲ਼ੇ ਬਾਬਾ ਭਰੇ ਨੇਤਰਾਂ ਨਾਲ਼
ਗੋਦੀ ਵਿਚ ਸਿਰ ਰੱਖਿਆ ਡਾਢੇ ਹੀ ਹਿਤ ਨਾਲ਼।
ਕੀਰਤਨੀਏ ਭਾਈ ਮਰਦਾਨੇ ਫ਼ਰਕਦੇ ਹੋਠਾਂ ਨਾਲ਼
ਪ੍ਰਾਣ ਤਿਆਗੇ ਗੋਦ ਵਿਚ ਅੰਦਰ ਪੁਰ ਕਰਤਾਰ।

ਜਦ ਤੋਂ ਸ਼ਰਨੀ ਆਇਆ ਸੀ ਦਾਨਾ ਵਿਚ ਹਜ਼ੂਰ
ਜਾਤ-ਪਾਤ ਦੇ ਵਿਤਕਰਿਆਂ ਤੋਂ ਹੈ ਸੀ ਕੋਹਾਂ ਦੂਰ।
ਬਾਬਾ ਜੀ ਕੜਾਹ ਕਰ ਨਾਲ਼ ਸਿੱਖਾਂ ਦੇ ਜਾਹ
ਮਰਦਾਨੇ ਦੀ ਦੇਹ ਨੂੰ ਕੀਤਾ ਜਲ ਪ੍ਰਵਾਹ।
ਦਾਨੇ ਪੁੱਤ ਸ਼ੱਜ਼ਾਦੇ ਨੂੰ ਆਖਿਆ ਗੁਰੂ ਸੁਜਾਨ
ਸ਼ੋਕ ਨਾ ਕਰਦੇ ਉਨ੍ਹਾਂ ਦਾ ਜੋ ਆਪਣੇ ਗ੍ਰਹਿ ਜਾਣ।
ਸੰਗ ਗੁਰਾਂ ਦਾਨੇ ਪਾਇਆ 'ਭਾਈ ਪਦ ਬਖ਼ਸ਼ੀਸ਼
ਜੀਵਨ ਮੁਕਤੀ ਮਿਲੀ ਉਸ ਪਾ ਕੇ ਗੁਰ ਅਸੀਸ।
ਸੱਦਿਆ ਦਾਨਾ ਪੁੱਤ ਤਦ ਸੱਜ਼ਾਦਾ ਸ਼ਾਹਬਾਜ਼
ਨਾਨਕ ਸੌਂਪੀ ਹੱਥ ਉਸ ਪੁਸ਼ਤੈਨੀ ਰਬਾਬ।
ਨਾਨਕ ਜੀ ਦਾ ਰਾਗ ਸੰਗ ਡਾਢਾ ਸੀ ਪਿਆਰ
ਰਾਗੀ ਦੂਰ ਦੁਰਾਡਿਓਂ ਆ ਕਰਨ ਬਾਣੀ ਸਤਿਕਾਰ।


UNISTAR BOOKS PVT LTD. Unistar Books Pvt Ltd.

ਨਾਨਕ ਘਰ ਦੀ ਸੰਗਤ ਵਿਚ ਹੈ ਸੀ ਜਿਸ ਵਡ ਮਾਣ
ਸੁੱਘੜ ਰਬਾਬੀ ਗੁਰਾਂ ਦਾ ਬਣਿਆ ਬਲਵੰਡ ਸੁਜਾਨ।
ਨਿਰਸੁਆਰਥ ਤਿਆਗ ਦੀ ਜਿਉਂਦੀ ਜਗਦੀ ਮਸ਼ਾਲ
ਅਕਾਲ ਰੂਪ ਹੀ ਹੋ ਗਿਆ ਮਰਦਾਨਾ ਨਾਨਕ ਨਾਲ਼।

## ਲਹਿਣਾ ਜੀ

ਸੁਦੀ ਇਕ ਵਿਸਾਖ ਦੀ ਸੰਨ ਪੰਦਰਾਂ ਸੌ ਚਾਰ
ਜਨਮ ਲਿਆ ਭਾਈ ਲਹਿਣਾ ਬਾਬੇ ਫੇਰੂ ਪਰਿਵਾਰ।
ਚੌਖਾ ਇਲਮ ਸੀ ਰੱਖਦਾ ਵਿਚ ਤ੍ਰੇਹਣ ਸਤਿਕਾਰ
ਚੌਧਰ ਤਖ਼ਤ ਮੱਲ ਦੇ ਸੀ ਫੇਰੂ ਕਾਰਦਾਰ।
ਸੀ ਵਾਪਰਕ ਰਾਹ ਤੇ ਮਤੇ ਦੀ ਸਰਾਂ
ਪੁਰਅਮਨ ਸੀ ਵਸਦਾ ਇਹ ਜਰਨੈਲੀ ਰਾਹ।
ਲੇਕਿਨ ਬਾਬਰੀ ਫ਼ੌਜ ਜਦ ਆਈ ਟੱਪ ਝਨਾਂ
ਜਗਦਾ ਇਕ ਨਾ ਛੱਡਿਆ ਬਾਬਰ ਨੇ ਦੀਵਾ।
ਮਤੇ ਦੀ ਸਰਾਂ ਵੀ ਤਦ ਪਿਆ ਬਹੁਤ ਫ਼ਤੂਰ
ਤੁਰ ਪਏ ਸਣ ਪਰਿਵਾਰ ਤਦ ਫੇਰੂ ਵੱਲ ਖਡੂਰ।
ਉੱਚ ਜਾਤ ਦੇ ਹਿੰਦੂ ਸੀ ਦੇਵੀ ਦੇ ਭਜਨੀਕ
ਫੇਰੂ ਦਾ ਪਰਿਵਾਰ ਵੀ ਤੁਰ ਪਿਆ ਉੱਤੇ ਲੀਕ।
ਨਾਲ਼ ਸੰਗ ਦੇ ਫੇਰੂ ਵੀ ਜਾਣ ਲੱਗੇ ਹਰ ਸਾਲ
ਜੁਆਲਾ ਜੀ ਫਿਰ ਜਾਣ ਲੱਗੇ ਲਹਿਣਾ ਪਿਤਾ ਦੇ ਨਾਲ਼।

ਪੁੱਜਾ ਜਦੋਂ ਖਡੂਰ ਤੀਕ ਬਾਬੇ ਦਾ ਪਰਚਾਰ
ਸਿੱਖ ਬਣੇ ਕਈ ਗੁਰਾਂ ਦੇ ਉੱਥੋਂ ਦੇ ਪਰਿਵਾਰ।
ਧਰਮ ਭੂਆ ਵੀ ਰਹਿੰਦੀ ਸੀ ਵਿਚ ਖਡੂਰ ਸਾਹਿਬ
ਭਾਈ ਜੋਧ ਮੁੱਖੋਂ ਸੁਣੀ ਲਹਿਣੇ ਪਉੜੀ ਨਾਯਾਬ।

ਜਿਤੁ ਸੇਵਿਐ ਸੁਖੁ ਪਾਈਐ ਸੋ ਸਾਹਿਬੁ ਸਦਾ ਸਮ੍ਾਲੀਐ॥
ਜਿਤੁ ਕੀਤਾ ਪਾਈਐ ਆਪਣਾ ਸਾ ਘਾਲ ਬੁਰੀ ਕਿਉ ਘਾਲੀਐ॥
ਮੰਦਾ ਮੂਲਿ ਨ ਕੀਚਈ ਦੇ ਲੰਮੀ ਨਦਰਿ ਨਿਹਾਲੀਐ॥
ਜਿਉ ਸਾਹਿਬ ਨਾਲਿ ਨ ਹਾਰੀਐ ਤੇਵੇਹਾ ਪਾਸਾ ਢਾਲੀਐ॥
ਕਿਛੁ ਲਾਹੇ ਉਪਰਿ ਘਾਲੀਐ॥੨੧॥ (**ਗੁਰੂ ਗ੍ਰੰਥ**, ਪੰਨਾ 474)

ਭਾਈ ਲਹਿਣਾ ਜੀ ਪੁੱਛਿਆ ਡਾਢੇ ਨਾਲ਼ ਪਿਆਰ
"ਭਾਈ ਜੋਧ ਜੀ ਕਿਸ ਦੀ ਓ! ਬਾਣੀ ਰਹੇ ਉਚਾਰ ?"

ਦੱਸਿਆ, "ਬਾਬਾ ਨਾਨਕ ਜੋ ਵਾਸੀ ਪੁਰ ਕਰਤਾਰ
ਉਚਰ ਰਹੇ ਸਾਂ ਰਸ ਭਿੰਨੀ ਬਾਣੀ 'ਆਸਾ ਦੀ ਵਾਰ'।
ਸੁਣਦਿਆਂ ਪੂਰੇ ਦੇ ਪੂਰੇ ਲਹਿਣਾ ਗਏ ਲਰਜ਼ਾ
ਸੀਨੇ ਅਣਿਆਲੀ ਅਣੀ ਜਿਉਂ ਕਿਧਰੇ ਚੁਭੀ ਜਾ।
ਉਨ੍ਹਾਂ ਪਾਸੋਂ ਲਿਖ ਲਿਆ ਸ਼ਬਦ ਲਹਿਣਾ ਜੀ ਆਪ
ਕਰਨ ਲੱਗੇ ਉਸ ਸ਼ਬਦ ਦਾ ਨਿਸ ਦਿਨ ਲਹਿਣਾ ਜਾਪ।
ਸੋਚਿਆ ਜੁਆਲਾ ਜਾਂਦਿਆਂ ਰਸਤੇ ਵਿਚ ਵਲ ਮਾਰ
ਕਰਤਾਰਪੁਰ ਹੁੰਦੇ ਜਾਂਗੇ ਨਿਸ਼ਚਾ ਲਿਆ ਧਾਰ।
ਇਧਰੋਂ ਦੇਵੀ ਦਰਸ਼ਨਾਂ ਲਈ ਹੋਇਆ ਜਥਾ ਤਿਆਰ
ਉੱਧਰ ਲਹਿਣੇ ਮਨ ਵਿਚ ਵੱਜੇ ਅਲੌਕਿਕ ਤਾਰ।
ਵਰਤੀ ਅਚਰਜ ਖੇਡ ਤਦ ਛੱਡ ਲਹਿਣੇ ਦੇਵੀ ਸਾਥ
ਨਾਨਕ ਦਾ ਦਰ ਪੁੱਛਿਆ ਕਰਤਾਰਪੁਰ ਵਿਚ ਆਪ।

## ਗੁਰੂ ਮਿਲਾਪ

ਸੰਨ ਪੰਦਰਾਂ ਸੌ ਬੱਤੀ ਆਹਾ ਕਰਤਾਰਪੁਰੇ ਦੇ ਬਾਹਰ
ਬੈਠੇ ਸੀ ਬਾਬਾ ਖੂਹੇ ਭੇਂਟ ਹੋਈ ਗੁਰ ਨਾਲ਼।
ਘੋੜੇ ਚੜ੍ਹੇ ਹੀ ਪੁੱਛਿਆ ਸੀ ਜੀਹਤੋਂ ਨਾਨਕ ਦਰ
ਤੁਰ ਪਿਆ ਬਿਰਧ ਨਾਲ਼ ਹੀ ਖ਼ੁਦ ਲਗਾਮਾਂ ਫੜ।
ਅੱਗੇ-ਅੱਗੇ ਜਾ ਰਹੇ ਸੀ ਪੈਦਲ ਸ਼ਾਹ ਸਵਾਰ
ਘੋੜੀ ਪੁਰ ਪਿੱਛੇ ਲਹਿਣਾ ਅਜਬ ਰੰਗ ਕਰਤਾਰ।
ਪੁੱਜਿਆ ਡੇਰੇ ਬਿਰਧ ਜੋ ਆਖਿਆ ਹੋ ਪ੍ਰਸੰਨ
"ਆ ਜਾਓ ਅੰਦਰ ਤੁਸੀਂ ਇਥੇ ਘੋੜਾ ਬੰਨ੍ਹ।"
ਉੱਤਰੇ ਲਹਿਣਾ ਘੋੜੀਓਂ ਮਨ ਰੱਖ ਦਰਸ ਦੀਦਾਰ
ਹੱਥ ਮੂੰਹ ਧੋ ਚੱਲ ਪਏ ਅੰਦਰ ਧਰਮਸ਼ਾਲ।
ਉਹੀ ਬਿਰਧ ਜੋ ਤੱਕਿਆ ਗੱਦੀ 'ਤੇ ਬਿਰਾਜ
ਗਏ ਠਠੰਬਰ ਤੱਕਦਿਆਂ ਅੰਦਰੋਂ ਆਈ ਲਾਜ।
ਰੋਕ ਨਾ ਸਕੇ ਖ਼ੁਦ ਨੂੰ ਗੁਰਗੱਦੀ ਵੱਲ ਧਾਏ
ਡਿੱਗ ਪਏ ਲਹਿਣਾ ਤਦੋਂ ਗੁਰ-ਚਰਨਾਂ 'ਤੇ ਜਾਏ।

ਬਾਬੇ ਪੁੱਛਿਆ, "ਪੁਰਖਾ! ਕੀ ਹੈ ਤੇਰਾ ਨਾਂ ?
"ਮੇਰਾ ਨਾਂ ਲਹਿਣਾ ਹੈ" ਅੱਗਿਉਂ ਉਸ ਕਿਹਾ।
"ਦੇਣਾ ਹੈ ਅਸੀਂ ਤੁਹਾਡਾ ਆਖਿਆ ਤਦ ਗੁਰਵਰ
ਲੈਣ ਵਾਲ਼ੇ ਤਾਂ ਆਂਵਦੇ ਘੋੜੀਆਂ ਉੱਤੇ ਚੜ੍ਹ।"


UNISTAR BOOKS PVT LTD.

ਦਰਸ਼ਨ ਕਰ ਸਤਗੁਰੂ ਦੇ ਤਨ ਮਨ ਹੋਏ ਸ਼ਾਂਤ
ਨੱਚਣ ਦੀ ਦੇਵੀ ਮੂਹਰੇ ਲਹਿਣੇ ਭੁੱਲੀ ਜਾਂਚ।
ਹੱਥੀਂ ਪੈਰੀਂ ਘੁੰਗਰੂ ਸਭ ਲਹਿਣੇ ਦਿੱਤੇ ਲਾਹ
ਮਿਲ ਗਿਆ ਜੋ ਉਸ ਸੀ ਪੂਰੇ ਗੁਰੂ ਦਾ ਰਾਹ।
ਮੁੜਿਆ ਜਦੋਂ ਤੀਕ ਨੂੰ ਜਥਾ ਵੈਸ਼ਨੋ ਮਾਂ
ਵਿਕ ਗਿਆ ਸੀ ਤਦੋਂ ਤੀਕ ਲਹਿਣਾ ਬਿਨ ਦਮਾਂ।
ਹੋ ਕਰਤਾਰੀ ਲਹਿਣਾ ਭੁੱਲਿਆ ਸੰਗ ਤੇ ਸਾਥ
ਪਹਿਲੋਂ ਹੀ ਸੰਗ ਤਾਈਂ ਉਸ ਦਿੱਤਾ ਸੀ ਜਵਾਬ।
ਨਾਨਕ ਕਿਹਾ, "ਲਹਿਣਿਆ! ਤੱਕ ਆਉ ਘਰ ਬਾਰ
ਮੁੜ ਆਣਾ ਕਰਤਾਰਪੁਰ ਲੈ ਟੱਬਰ ਦੀ ਸਾਰ।"
"ਕਬੀਰ ਸਤਗੁਰ ਸੂਰਮੇ ਬਾਹਿਆ ਬਾਨ ਜੋ ਏਕੁ॥
ਲਾਗਤ ਹੀ ਭੋਇ ਗਿਰ ਪਰਿਓ ਪਰਾ ਕਰੇਜੇ ਛੇਕੁ॥"
ਸੀਨੇ ਜਿਉਂ ਕੁਝ ਚੁਭਿਆ ਬਚਨ ਗੁਰਾਂ ਦੇ ਸੁਣ
ਤੁਰ ਪਏ ਵੱਲ ਖਡੂਰ ਸਾਹਿਬ ਹੁਕਮ ਗੁਰੂ ਦਾ ਮੰਨ।

ਵਿਛੜ ਕੇ ਸਤਗੁਰਾਂ ਤੋਂ ਮਸਾਂ ਹੀ ਕੱਟੀ ਰਾਤ
ਕਰੀ ਤਿਆਰੀ ਜਾਣ ਦੀ ਹੋਈ ਜਦ ਪ੍ਰਭਾਤ।
ਮਾਤਾ ਖੀਵੀ ਰੋਕਿਓਸ ਨਾਲ਼ੇ ਜਸੂ ਪੁੱਤ
ਅਮਰੋ ਧੀ ਦੇ ਅੱਥਰੂ ਜਾਣੋਂ ਰਹੇ ਨਾ ਰੁਕ।
ਹੱਥ ਭਣੇਵੇਂ ਸੌਂਪ ਕੇ ਫਿਰ ਘਰ ਦੇ ਸਾਰੇ ਕਾਜ
ਪੰਡ ਰੱਖੀ ਸਿਰ ਲੂਣ ਦੀ ਤੁਰੇ ਵੱਲ ਮਹਾਰਾਜ।
ਜਾ ਪੁੱਜੇ ਕਰਤਾਰਪੁਰ ਸਿਰ 'ਤੇ ਰੱਖੀ ਭਾਰ
ਉੱਠੇ ਮਾਤ ਸੁਲੱਖਣੀ ਲਹਿਣੇ ਨੂੰ ਤੱਕਣਸਾਰ।
ਭਾਰ ਉਤਾਰ ਸਿਰੋਂ ਦਿੱਤਾ ਮਾਵਾਂ ਵਾਂਗ ਪਿਆਰ
ਲੰਗਰ ਪ੍ਰਸ਼ਾਦ ਛਕਾਇਓ ਲਹਿਣੇ ਨੂੰ ਭਾਉ ਨਾਲ਼।
ਗੁਰ ਸੇਵਾ ਦਾ ਚਾਅ ਲੈ ਪੁੱਜਾ ਖੇਤਾਂ ਵਿਚਕਾਰ
ਤੱਕਿਆ ਲਹਿਣੇ ਗੁਰਾਂ ਦੇ ਹੱਥ ਸੀ ਰੁੱਝੇ ਕਾਰ।
ਝੋਨੇ ਵਿਚੋਂ ਕੱਢ ਰਹੇ ਸਨ ਹੱਥੀਂ ਗੁਰੂ ਨਦੀਨ
ਤੱਕਣ ਨੂੰ ਨਾਹ ਜਾਪਦਾ ਕੰਮ ਸੀ ਬਹੁਤ ਮਹੀਨ।
ਨਾਨਕ ਨੂੰ ਤੱਕ ਲਹਿਣਾ ਹੋਏ ਸਦ ਬਲਿਹਾਰ
ਝੋਨੇ 'ਚੋਂ ਨਦੀਨ ਕੱਢ ਰੱਖਣ ਲੱਗੇ ਬਾਹਰ।
ਪੁੱਟੇ ਹੋਏ ਘਾਹ ਨਾਲ਼ ਧਾਨ ਵੀ ਪੁੱਟੀ ਜਾਣ
ਸਾਹਵੇਂ ਖੜ੍ਹੇ ਸਤਗੁਰੂ ਤੱਕ ਕੇ ਮੁਸਕਰਾਣ।

UNISTAR BOOKS PVT LTD
Unistar Books Pvt Ltd.
Unistar Books Pvt Ltd.
UNISTAR BOOKS PVT LTD.

ਲਹਿਣੇ ਦੀ ਪਿੱਠ ਥਾਪੜੀ ਬਾਬੇ ਨਾਲ਼ ਪਿਆਰ
ਨਾਲ਼ੇ ਪੁੱਛੀ ਸਤਗੁਰੂ ਸੁੱਖ-ਸਾਂਦ ਪਰਿਵਾਰ।
ਦੋ ਪੰਡਾਂ ਜੋ ਘਾਹ ਦੀਆਂ ਕੀਤੀਆਂ ਸੀ ਤਿਆਰ
ਦੂਜੀ ਪੰਡ ਦਾ ਰੱਖਿਆ ਲਹਿਣੇ ਦੇ ਸਿਰ ਭਾਰ।
ਪੰਡ ਚਾਈਂ ਸਿਰ ਸਤਗੁਰੂ ਤੁਰੇ ਵੱਲ ਧਰਮਸਾਲ
ਪਿੱਛੇ ਲਹਿਣਾ ਤੁਰੇ ਆਣ ਘਾਹ ਦੀ ਪੰਡ ਸੰਭਾਲ਼।

ਦੂਰੋਂ ਤੱਕਿਆ ਮਾਤ ਜਦ ਡਾਢੀ ਹੋਈ ਬੇਹਾਲ
"ਕੁਝ ਤਾਂ ਦੇਖਿਆ ਕਰੋ" ਕਿਹਾ ਅਦਬ ਦੇ ਨਾਲ਼।
ਆਇਆ ਚੱਲ ਖਡੂਰ ਤੋਂ ਪੰਡ ਲੂਣ ਦੀ ਚਾ
ਉੱਤੋਂ ਹੋਰ ਇਕ ਘਾਹ ਦੀ ਦਿੱਤੀ ਪੰਡ ਚੁਕਾ।
ਲਿੱਬੜੇ ਕਪੜੇ ਰੇਸ਼ਮੀ ਹੋਇਆ ਸਾਹੋ-ਸਾਹ
ਕੀਤਾ ਜੋ ਇਸ ਛੋਹਰ ਨਾਲ਼ ਚੰਗਾ ਆਦਰ ਭਾ।"
ਅੱਗਿਓਂ ਨਾਨਕ ਆਖਿਆ ਡਾਢੇ ਨਾਲ਼ ਪਿਆਰ
"ਕਰਮਾਂ ਵਾਲ਼ੀਏ! ਏਸ ਦੀ ਤੈਨੂੰ ਮੂਲ ਨਾ ਸਾਰ।
ਦਿੱਸੇ ਜੋ ਰੱਖੀ ਸਿਰ 'ਤੇ ਤੈਨੂੰ ਗੱਠੜੀ ਘਾਸ
ਦੀਨ ਦੁਨੀ ਦਾ ਛਤਰ ਇਸ ਰੱਖਿਐ ਸਿਰ ਖ਼ਾਸ।
ਰੇਸ਼ਮੀ ਬਸਤਰ ਲਿੱਬੜੇ ਚਿੱਕੜ ਛਿੱਟਾਂ ਨਾਲ਼
ਇਹ ਤਾਂ ਕੇਸਰ ਛਿੜਕਿਆ ਸਿਰ 'ਤੇ ਖ਼ੁਦ ਦਇਆਲ।"
ਦੱਸੀ ਲਹਿਣੇ ਸੇਵਕੀ ਵਿਚ ਸੇਵਾ ਕਰਨ ਦੀ ਹੱਦ
ਆਗਿਆਕਾਰੀ ਪੁੱਤਾਂ ਥੀਂ ਲਹਿਣਾ ਨਿਕਲਿਆ ਵੱਧ।

ਇਕੇਰਾਂ ਬਾਬਾ ਬੁੱਢਾ ਜੀ ਖੂਹ ਗੇੜ੍ਹ ਰਹੇ ਸੀ ਆਣ
ਲਹਿਣਾ ਗੁਰਾਂ ਨੂੰ ਵਿਚ ਚੁਬੱਚੇ ਕਰਾ ਰਹੇ ਇਸ਼ਨਾਨ।
ਅਚਨਚੇਤ ਬਾਬਾ ਨਾਨਕ ਜੀ ਉੱਚੀ ਕਰ ਆਵਾਜ਼
ਬੋਲੇ ਨਾਨਕ, "ਬੁੱਢਿਆ! ਕਿੰਨੀ ਬੀਤੀ ਰਾਤ ?"
"ਢਾਈ ਪਹਿਰ ਗੁਜ਼ਰੀ ਡੂਢ ਪਹਿਰ ਗਈ ਰਹਿ"
ਗੇੜਨ ਲੱਗੇ ਖੂਹ ਮੁੜ ਇਹ ਬਾਬਾ ਬੁੱਢਾ ਕਹਿ।
ਲਹਿਣੇ ਨੂੰ ਮੁਖ਼ਾਤਬ ਹੋ ਮੁੜ ਨਾਨਕ ਕੀਤਾ ਸਵਾਲ
ਪੁਰਖਾ! ਕਿੰਨੀ ਰਾਤ ਹੈ ਗੁਜ਼ਰੀ ਏ ਸੁਖ ਨਾਲ।
ਲਹਿਣੇ ਕਿਹਾ, "ਜਿਤਨੀ ਤੂੰ ਰੱਖੀ, ਉਤਨੀ ਰਹਿ ਗਈ
ਜਿਤਨੀ ਤੂੰ ਗੁਜ਼ਾਰੀ ਬਾਬਾ ਉਤਨੀ ਗੁਜ਼ਰ ਗਈ।"
ਇਕ ਤਰਫ਼ੀਂ 'ਬਾਬਾ ਬੁੱਢਾ ਜੀ' ਦੂਜਾ ਲਹਿਣਾ ਨਾਲ਼
'ਪਏ ਕਬੂਲ ਖਸੰਮ' ਕਰ ਮਰਦਾਂ ਵਾਲ਼ੀ ਘਾਲ।



UNISTAR BOOKS PVT LTD.
Unistar Books Pvt Ltd.

ਰਹਿੰਦਿਆਂ ਵਿਚ ਕਰਤਾਰਪੁਰ ਗੁਰ-ਸੰਗਤ ਸੇਵ-ਸੰਭਾਲ਼
ਪੁੱਤਰਾਂ ਵਾਲ਼ੇ ਕਉਲ ਵੀ ਲਹਿਣੇ ਦਿੱਤੇ ਪਾਲ਼।
ਹੁਕਮ ਉਹੀ ਮਨਵਾ ਸਕੇ ਜੋ ਤੁਰੇ ਹੁਕਮ ਦੇ ਨਾਲ਼
ਕਿੰਨੀਆਂ ਪਰਖਾਂ ਵਿਚ ਦੀ ਲਹਿਣਾ ਉੱਤਰੇ ਪਾਰ।
"ਚਾਹੇ ਗੰਦੇ ਨਾਲ਼ਿਓਂ ਕਟੋਰਾ ਕੱਢਣਾ ਬਾਹਰ
ਚਾਹੇ ਢੱਠੀ ਕੰਧ ਸੀ ਮੁੜ ਦੇਣੀ ਹੋਏ ਉਸਾਰ।
ਚਾਹੇ ਕੱਕਰ ਸਿਆਲ਼ ਵਿਚ ਧੋਣੇ ਬਸਤਰ ਪੰਡ
ਨਾਨਕ ਸੰਗ ਸੀ ਬੈਠਦੇ ਲਹਿਣਾ ਅਹੰ ਛੰਡ।"
ਪ੍ਰੇਮ ਵਾੜੀ ਨੂੰ ਸਿੰਜਿਆ ਉਸ ਨੇਹੁੰ ਜਲ ਦੇ ਨਾਲ਼
ਆਪਣਾ ਆਪ ਸੰਵਾਰਿਆ ਰਹਿ ਬਾਬੇ ਸੰਗ ਸੱਤ ਸਾਲ।

ਭੇਖ ਉਦਾਸੀ ਵਿਚ ਰਹਿਣ ਵੱਡੇ ਪੁੱਤ ਸਿਰੀ ਚੰਦ
ਖੁਭੇ ਲੱਖਮੀ ਦਾਸ ਸੀ ਵਿਚ ਦੁਨਿਆਵੀ ਰੰਗ।
ਰਾਤ ਦਿਹੁੰ ਬਾਬਾ ਨਾਨਕ ਸੋਚਣ ਸਾਸ ਗਿਰਾਸ
ਦੁਖੀ ਲੁਕਾਈ ਦਾ ਦਰਦ ਕੌਣ ਵੰਡਾਊ ਖ਼ਾਸ ?
ਲਿਖਦੇ ਹਨ ਸਤਿਬੀਰ ਸਿੰਘ ਪੁਸਤਕ **ਬਲ਼ਿਓ ਚਿਰਾਗ਼**
ਗੁਰਗੱਦੀ ਦੇ ਫ਼ੈਸਲੇ ਹਿੱਤ ਜੁੜੀ ਬਿਰਾਦਰੀ ਖ਼ਾਸ।

ਗੁਰਗੱਦੀ ਦੀ ਚੋਣ ਦੀ ਗੱਲ
ਪੁੱਜਦਿਆਂ ਪਿੰਡ ਨਾ ਲੱਗਾ ਪਲ।
ਚਾਅ ਨਾਲ਼ ਸਭ ਪੁੱਜੇ ਆਣ
ਗੁਰਗੱਦੀ ਦੀ ਰਸਮ ਨਿਭਾਣ।
ਰਾਵੀ ਕੰਢਾ ਰੌਣਕਾਂ ਮੱਲਿਆ
ਹੜ੍ਹ ਲੋਕਾਈ ਜਾਏ ਨਾ ਠੱਲ੍ਹਿਆ।
ਕੀਰਤਨ ਬਾਅਦ ਹੋਈ ਅਰਦਾਸ
ਜੁੜੀ ਬਰਾਦਰੀ ਨਾਨਕ ਪਾਸ।
"ਤੁਧੈ ਸਿਆਣਪ ਜਾਏ ਨ ਲੱਖ
ਫਿਰ ਭੀ ਗੱਦੀ ਪੁੱਤਰਾਂ ਹੱਕ।"

ਬਾਬੇ ਕਿਹਾ ਮੈਂ ਹੁੰਦਾ ਕੌਣ
ਲਹਿਣਾ ਉਸ ਅਕਾਲ ਦੀ ਚੋਣ।
ਸੁਣ ਬਰਾਦਰੀ ਕਿਹਾ ਫਟ
ਕੀ ਪੁੱਤਰ ਸੇਵਾ ਵਿਚ ਘੱਟ ?
"ਸੇਵਕ ਤੇ ਪੁੱਤਰਾਂ ਹੱਥ ਫ਼ਰਕ
ਬਹਿਸ਼ ਨਾਲ਼ੋਂ ਹੈ ਚੰਗੀ ਪਰਖ।



UNISTAR BOOKS PVT LTD
Unistar Books Pvt Ltd.

ਮੁੱਠੀ ਵਿਚ ਕਰ ਪੈਸਾ ਬੰਦ
ਸਨਮੁਖ ਹੋ ਬਾਬਾ ਸਿਰੀ ਚੰਦ।
ਆਖਿਆ, "ਦੱਸੋ ਬਰਖ਼ੁਦਰਦਾਰ
ਕੀ ਹੈ ਸਾਡੀ ਮੁੱਠ ਵਿਚਕਾਰ ?"
"ਪਿਤਾ ਜੀ ਤੁਹਾਡੀ ਮੁੱਠੀ ਵਿਚ
ਇਕ ਪੈਸਾ ਕਿਹਾ ਉਠ ਉਸ।"

ਲੱਖਮੀ ਦਾਸ ਦੀ ਲਈ ਪ੍ਰੀਖਿਆ
"ਮੁੱਠੀ ਵਿਚ ਕੀ ?" ਬਾਬੇ ਪੁੱਛਿਆ।
ਉਸ ਵੀ ਦੱਸਿਆ ਭੋਲ਼ੇ ਭਾ
"ਮੁੱਠੀ ਵਿਚ ਬੰਦ ਇਕ ਪੈਸਾ।"

ਲਹਿਣੇ ਦੇ ਪੁੱਛਣ 'ਤੇ ਆਣ
ਦੱਸਿਆ ਲਹਿਣੇ ਹੋ ਕੁਰਬਾਨ।
"ਪਾਤਸ਼ਾਹ! ਨਾਹ ਮੇਰੀ ਸ਼ਕਤ
ਬਖ਼ਸ਼ਿਸ਼ ਕਰੋ ਤਾਂ ਦੇਵਾਂ ਦੱਸ।
ਭਗਤੀ, ਗਿਆਨ, ਸਿਧ, ਨੌਨਿਧ
ਬਾਬਾ ਤੇਰੀ ਮੁੱਠ ਵਿਚ।"
ਸੁਣ ਕੇ ਬਾਬਾ ਹੋਏ ਨਿਹਾਲ
ਇਸੇ ਦੀ ਸੀ ਮੈਨੂੰ ਭਾਲ਼।
ਲਹਿਣਾ ਲਾਇਆ ਨਾਲ਼ ਜੋ ਹਿੱਕ
ਆਪਣੇ ਸੰਗ ਕੀਤਾ ਇਕ-ਮਿੱਕ।"

ਚੰਡਿਆ ਸੀ ਜੋ ਸਤਗੁਰਾਂ ਲਹਿਣਾ ਕਰੜਾਈ ਨਾਲ਼
ਕੰਚਨ ਵਤ ਉਹ ਚਮਕਿਆ ਪੈ ਕੁਠਾਲ਼ੀ ਢਾਲ਼।
ਬਾਬੇ ਮਾਤ ਸੁਲੱਖਣੀ ਨੂੰ ਪੁੱਛਿਆ ਸੀ ਇਕ ਵਾਰ
"ਸੱਚ ਦੱਸੀਂ! ਪ੍ਰਮੇਸ਼ਰ ਕੀਏ ? ਸਾਨੂੰ ਆਖ਼ਰਕਾਰ।
"ਸਾਡਾ ਪੁੱਤਰ ਲਹਿਣਾ ਹੈ ਜਾਂ ਫਿਰ ਸਿਰੀ ਚੰਦ
ਚੁੱਪ ਰਹਿ ਗਈ ਮਾਤ ਸੁਲੱਖਣੀ ਕੇਹੀ ਅਦਬ ਦੀ ਕੰਧ।"
ਸੇਵਾ ਅਤੇ ਨਿਮਰਤਾ ਵਿਚ ਹੈ ਸਨ ਜੋ ਬੇਜੋੜ
ਬਾਬੇ ਸਾਹਵੇਂ ਹੋਰ ਦੋ ਸੇਵਕ ਹੈਸਨ ਹੋਰ।
ਸੀਰਤ ਲਹਿਣੇ ਦੀ ਸੀ ਸੇਵਾ ਵਿਚੋਂ ਪ੍ਰਗਟ
ਕੱਚ ਜੋ ਕੰਚਨ ਹੋਂਵਦਾ ਪੈ ਵਦਾਣੀ ਸੱਟ।
ਪਰਖ ਕਸੌਟੀ ਸੀ ਬਾਬਾ ਸੇਵਾ ਦਾ ਆਧਾਰ
ਜੱਦੀ ਵਸਤੂ ਨਾ ਬਣੀ ਗੁਰਗੱਦੀ ਪਰਿਵਾਰ।



UNISTAR BOOKS PVT LTD.
Unistar Books Pvt Ltd.

ਵਿਚ ਲਹਿਣੇ ਦੀ ਘਾਲ਼ ਦਾ ਰਤੀ ਨਾ ਸੀ ਫ਼ਰਕ
ਭੇਖ ਵਟਾ ਸ਼ਿਕਾਰੀ ਦਾ ਕੀਤੀ ਬਾਬੇ ਪਰਖ।

ਹੱਥ ਕੁੱਤਕ ਮਗਰੇ ਕੁੱਤਾ ਤੁਰ ਪਏ ਨਗਰੋਂ ਬਾਹਰ
ਮਗਰੇ-ਮਗਰੇ ਆ ਰਹੀ ਭੀੜ ਪਿੱਛੇ ਦਾਤਾਰ।
ਲਿਖਤ ਵਿਚ ਨੇ ਦੱਸਦੇ ਇਕ ਗਿਣਤੀ ਅਨੁਸਾਰ
ਆਬਾਦੀ ਕਰਤਾਰਪੁਰ ਸੀ ਤਦੋਂ ਵੀਹ ਹਜ਼ਾਰ।
ਵੱਲ ਮਸਾਣਾਂ ਜਾ ਰਹੇ ਪਰਖ ਲਈ ਸੱਚ ਖੋਟ
ਭੀੜ ਖਿੰਡਾਣ ਨੂੰ ਪੈਸਿਆਂ ਦੀ ਕੀਤੀ ਬਾਬੇ ਸੋਟ।
ਮੋਹਰਾਂ ਪੈਸੇ ਹੀਰੇ ਪੰਨੇ ਦਿੱਤੇ ਜਦ ਲੁਟਾ
ਜੇਬਾਂ ਭਰ ਕੇ ਬਹੁਤ ਤਾਂ ਪਰਤੇ ਘਰਾਂ ਨੂੰ ਜਾ।
ਹੌਲ਼ੀ-ਹੌਲ਼ੀ ਘਰਾਂ ਨੂੰ ਮੁੜ ਗਏ ਸਾਰੇ ਲੋਕ
ਜਿਨ੍ਹਾਂ ਨੂੰ ਸੀ ਚਿੰਬੜੀ ਮਾਇਆ ਰੂਪੀ ਜੋਕ।
ਜੰਗਲ ਵਿਚ ਸੀ ਰਹਿ ਗਏ ਤਿੰਨ ਹੀ ਸੇਵਾਦਾਰ
ਲਹਿਣਾ, ਬੁੱਢਾ ਤੇ ਭਾਗੀਰਥ ਕਰਨੀ ਵਿਚ ਸਚਿਆਰ।
ਆਤਮਿਕ ਜੀਵਨ ਦੇ ਰਾਹ ਦੇ ਹੋਣ ਪੰਧਾਊ ਕੁਝ
ਬਾਕੀ ਦਾ ਜੀਵਨ ਧੰਦਿਆਂ ਵਿਚ ਰਾਤ ਦਿਨੇ ਰਹੇ ਲੁੱਜ।
ਭਾਗੀਰਥ ਡਿੱਠਾ ਜਦੋਂ ਸਤਿਗੁਰ ਰੂਪ ਭੈਆਨ
ਕੁਤਕੇ ਵਾਰ ਤੋਂ ਡਰਦਿਆਂ ਪਿਛਾਂਹ ਪਰਤੇ ਆਣ।
ਲਹਿਣਾ ਤੇ ਬਾਬਾ ਬੁੱਢਾ ਹੋਏ ਚਕ੍ਰਿਤ ਅਚਰਜ ਦੇਖ
ਚਾਦਰ ਹੇਠਾਂ ਰੱਖਿਆ ਸੀ ਮੁਰਦਾ ਕਿਸੀ ਲਪੇਟ।
ਚਵ੍ਹੀਂ ਗੁੱਠੀਂ ਬਲ਼ ਰਹੇ ਸੀ ਦੀਵੇ ਲਟ-ਲਟ ਚਾਰ
ਬਾਬਾ ਤੱਕ ਖਲੋ ਗਏ ਮੁੱਖੋਂ ਕਿਹਾ ਉਚਾਰ।
ਕੌਣ ਅਜਿਹਾ ਹੋ ਅੱਗੇ, ਭੱਖੇ ਇਸ ਮੁਰਦਾਰ
ਬਾਬੇ ਬੁੱਢੇ ਦਿਲ ਕੰਬਿਆ ਹੁਕਮ ਸੁਣ ਦਾਤਾਰ।
ਬਾਬਾ ਬੁੱਢਾ ਵੱਖ ਹੋਇ ਕੇ ਪਿਛਾਂਹ ਗਏ ਮੁੜ
ਮੰਨ ਰਜ਼ਾ ਲਹਿਣੇ ਕਿਹਾ, "ਹੇ ਮੇਰੇ ਸਤਗੁਰ!
ਸਿਰ ਵੰਨੀਂ ਜਾ ਪੈਰਾਂ ਵੰਨੀਂ ਖਾਵਾਂ ਕਿਧਰ ਵਾਰ ?"
ਵਿਚ ਵਿਚਾਲ਼ਿਓਂ ਖਾਣ ਦਾ ਹੁਕਮ ਕੀਤਾ ਕਰਤਾਰ।
ਚਾਦਰ ਚੱਕ ਜੋ ਦੇਖਿਆ ਲਹਿਣੇ ਭਰ ਕੇ ਨਜ਼ਰ
'ਕੜਾਹ ਤ੍ਰਿਹਾਵਲ' ਦਿਸਿਆ ਉਸੇ ਦਾ ਸੀ ਫ਼ਜ਼ਲ।
ਵਿਚ ਸੇਵਾ ਤੇ ਰਜ਼ਾ ਦੇ ਜੋ ਲਹਿਣੇ ਦੱਸੀ ਹੱਦ
ਤਾਹੀਓਂ ਲਹਿਣਾ ਗੁਰਾਂ ਨੂੰ ਸੀ ਪੁੱਤਰਾਂ ਨਾਲ਼ੋਂ ਵੱਧ।

UNISTAR BOOKS PVT LTD.
Unistar Books Pvt Ltd.
Unistar Books Pvt Ltd.
UNISTAR BOOKS PVT LTD.

"ਪੁਰਖਾ! ਤੂੰ ਕਿਉਂ ਨਾ ਗਿਆ ? ਪੁੱਛਿਆ ਫਿਰ ਦਾਤਾਰ
'ਮੇਰਾ ਕੋਈ ਠਉਰ ਨਾਹ' ਕਲ ਦੇ ਤਾਰਨਹਾਰ।"
ਬਾਬੇ ਕਿਹਾ, "ਲਹਿਣਿਆ, ਮੈਂ ਵੀ ਤੁਧ ਜੇਹਾ
ਜੋਤ ਟਿਕਾਵਣ ਲਈ ਜੋ ਟਿਕਾਣਾ ਲੱਭ ਰਿਹਾ।"

ਸੇਵ ਰਜ਼ਾ ਵਿਚ ਰਹਿਣ ਦੀ ਹੱਦ ਦੱਸੀ ਲਹਿਣੇ ਕਾਰ
ਅਕਾਲ ਵੱਲੋਂ ਹੁੰਡੀ ਲਹਿਣੇ ਨੂੰ ਬਾਬੇ ਦਿੱਤੀ ਤਾਰ।
ਪ੍ਰੇਮ-ਜਲ ਸੰਗ ਸਿੰਜ ਜੋ ਕੀਤੀ ਸੀ ਪ੍ਰੇਮ ਦੀ ਵਾੜ
ਅਨਿਕ ਸੇਵਕ ਲਹਿਣਾ ਜੀ ਨੇ ਪਾਲ਼ੇ ਕਉਲ ਕਰਾਰ।
ਦੁਨਿਆਵੀ ਕੋਈ ਪਾਤਸ਼ਾਹ ਨਾਨਕ ਦੀ ਥਾਂ ਹੁੰਦਾ
ਪੁੱਤਰਾਂ ਦੀ ਗੱਦੀ ਲਈ ਸਿਰ-ਧੜ ਬਾਜ਼ੀ ਲਾਉਂਦਾ।
ਛਿੜ ਨਾ ਜਾਵੇ ਗੁਰੂ ਘਰ ਮਤਾਂ ਵਿਰਾਸਤੀ ਜੰਗ
ਆਪਣੀ ਅਜ਼ਮਤਿ ਸ਼ਬਦ-ਸੁਰਤ ਦੇਇ ਲਹਿਣਾ ਲਾਇਆ ਅੰਗ।
"ਬਾਬਾਣੈ ਘਰ ਚਾਲ ਇਹ ਗੁਰਮੁਖ ਗਾਡੀ ਰਾਹ"
ਖ਼ੂਨ ਦੀ ਥਾਵੇਂ ਸੇਵਾ ਦਾ ਗੁਰ ਸੰਬੰਧ ਰੱਖਿਆ।

## ਲਹਿਣੇ ਤੋਂ ਅੰਗਦ

ਲਹਿਣੇ ਤੋਂ ਅੰਗਦ ਕੀਤਾ ਨਾਨਕ ਨੇ ਅੰਗ ਲਾ
ਤੋੜ ਵਿਰਾਸਤ ਦੀ ਪ੍ਰਥਾ ਉਲਟੀ ਗੰਗ ਵਹਾ।
ਗੁਰਿਆਈ ਦੇ ਤਿਲਕ ਲਈ ਕੀਤਾ ਗੁਰ ਫੁਰਮਾਨ
ਭਾਈ ਬੁੱਢਾ ਜੀ ਅਦਬ ਸੰਗ ਨੇੜੇ ਪੁੱਜੇ ਆਣ।
ਪੰਜ ਪੈਸੇ ਨਰੇਲ ਗੁਰ ਚਰਨਾਂ ਉੱਤੇ ਰੱਖ
ਮਸਤਕ ਦਿੱਤਾ ਤਿਲਕ ਤਦ ਜਾਣ ਗੁਰੂ ਪਰਤੱਖ।
ਵਿਚ ਉਦਾਸੀਆਂ ਸਦਅਮਰ ਲਿਖ ਬਾਣੀ ਦਸਤਾਵੇਜ਼
ਸੀਸ ਨਿਵਾ ਬਾਬੇ ਬਾਣੀ ਦੀ ਪੋਥੀ ਕੀਤੀ ਭੇਂਟ।
'ਸ਼ਬਦ ਵਿਚ ਹੀ ਹਭਾ ਕੁਝ' ਗੁਰੂ ਕਰਕੇ ਰੂਪਮਾਨ
ਸਿਰ 'ਤੇ ਛਤ੍ਰ ਝੁਲਾਇਆ ਨਾਨਕ ਲਹਿਣੇ ਦੇ ਆਣ।
ਬਲਵੰਡ ਜੀ ਜਾਣੇ ਜਾਂਦੇ ਗੁਰੂ ਨਾਨਕ ਦੇ ਸਮਕਾਲ
ਖ਼ਾਸ ਕਰ ਮੰਗਵਾਇ ਕੇ ਕਰਤਾਰਪੁਰ ਦਾਤਾਰ।
ਲਹਿਣੇ ਸੀਸ ਛਤ੍ਰ ਸ਼ੋਭਾ ਜੋ ਪੁੱਜੀ ਧੁਰ ਅਸਮਾਨ
ਲਿਖਦੇ ਹਨ ਬਲਵੰਡ ਜੀ ਇਉਂ ਗੁਰੂ ਗ੍ਰੰਥ ਵਿਚ ਆਣ।

ਹੋਰਿੰਓ ਗੰਗ ਵਹਾਈਐ ਦੁਨਿਆਈ ਆਖੈ ਕਿ ਕਿਓਨੁ॥
ਨਾਨਕ ਈਸਰਿ ਜਗਨਾਥਿ ਉਚਹਦੀ ਵੈਣੁ ਵਿਰਿਕਿਓਨੁ॥



UNISTAR BOOKS PVT LTD.
Unistar Books Pvt Ltd.

ਮਾਧਾਣਾ ਪਰਬਤੁ ਕਰਿ ਨੇਤ੍ਰਿ ਬਾਸਕੁ ਸਬਦਿ ਰਿੜਕਿਓਨੁ ॥
ਚਉਦਹ ਰਤਨ ਨਿਕਾਲਿਅਨੁ ਕਰਿ ਆਵਾ ਗਉਣੁ ਚਿਲਕਿਓਨੁ ॥
ਕੁਦਰਤਿ ਅਹਿ ਵੇਖਾਲੀਅਨੁ ਜਿਣਿ ਐਵਡ ਪਿਡ ਠਿਣਕਿਓਨੁ ॥
ਲਹਣੇ ਧਰਿਓਨੁ ਛਤ੍ਰੁ ਸਿਰਿ ਅਸਮਾਨਿ ਕਿਆੜਾ ਛਿਕਿਓਨੁ ॥
ਜੋਤਿ ਸਮਾਣੀ ਜੋਤਿ ਮਾਹਿ ਆਪੁ ਆਪੈ ਸੇਤੀ ਮਿਕਿਓਨੁ ॥
ਸਿਖਾਂ ਪੁਤ੍ਰਾਂ ਘੋਖਿ ਕੈ ਸਭ ਉਮਤਿ ਵੇਖਹੁ ਜਿ ਕਿਓਨੁ ॥
ਜਾਂ ਸੁਧੋਸੁ ਤਾਂ ਲਹਣਾ ਟਿਕਿਓਨੁ ॥੪॥ (**ਗੁਰੂ ਗ੍ਰੰਥ**, ਪੰਨਾ 967)

## ਲਹਿਣੇ ਲਈ ਆਦੇਸ਼

ਰਾਜ ਹਕੀਕੀ ਬਖਸ਼ਣਾ ਨਿਜ ਸੇਵਕ ਮੰਨ ਕੇ ਧਰਮ
ਦੁਨੀਆ ਦੇ ਇਤਿਹਸ ਵਿਚ ਸੀ ਇਕ ਨਿਵੇਕਲਾ ਕਰਮ।
ਮਾਈ ਬਿਰਾਈ ਘਰ ਸੀ 'ਮੰਜੀ' ਨਾਨਕ ਨੂਰ
ਲਹਿਣੇ ਨੂੰ ਫਿਰ ਜਾਣ ਦਾ ਕੀਤਾ ਹੁਕਮ ਹਜ਼ੂਰ।
ਮੰਜੀ ਦੀ ਬਖ਼ਸ਼ੀਸ਼ ਸੀ ਜੋ ਚਾਰ ਪਾਵਿਆਂ ਨਾਲ਼
ਪਹਿਲਾ ਪਾਵਾ 'ਚਕਿਤਸਾ' ਦੂਜਾ 'ਪੁਸਤਕਸਾਲ'।
ਤੀਜਾ ਪਾਵਾ 'ਪਾਠਸ਼ਾਲਾ' ਚੌਥਾ 'ਧਰਮਸ਼ਾਲ'
ਗੁਰਸਿੱਖ ਜੀਵਨ ਜਗਤ ਦੀ ਹੈ ਸੀ ਅਜਬ ਮਿਸਾਲ।
ਮਾਈ ਬਿਰਾਈ ਗ੍ਰਿਹਿ ਵਿਖੇ ਸੀ 'ਮੰਜੀ' ਇਹ ਵਿਸੇਖ
ਇਥੇ ਜਾਣ ਦਾ ਮਿਲਿਓ ਸੀ ਲਹਿਣੇ ਤਾਈਂ ਆਦੇਸ਼।
"ਪੁਰਖਾ ਜੀ! ਤੁਸੀਂ ਜਾਏ ਰਹੋ ਮਾਈ ਬਿਰਾਈ ਘਰ
ਮੰਜੀ ਸਾਡੇ ਬਹਿਣ ਦੀ ਲਹਿਣਾ ਜੀ! ਉਸ ਦਰ।
ਮੇਰਾ ਵਹੀ ਸਿੰਘਾਸਨ ਹੈ ਉੱਪਰ ਬੈਠੋ ਖ਼ਾਸ
ਇਥੇ ਤੁਸਾਂ ਨਹੀਂ ਆਵਣਾ ਅਸੀਂ ਆਵਾਂਗੇ ਪਾਸ।"
ਲਿਖਦੇ ਹਨ ਸਤਿਬੀਰ ਸਿੰਘ ਵਿਚ ਪੁਸਤਕ **ਬਲ਼ਿਓ ਚਿਰਾਗ਼**
ਸੌਂਪਣੀ ਕਰ ਬਲਵੰਡ ਦੀ ਕਿਹਾ ਬਾਬੇ, ਲਹਿਣਾ ਖ਼ਾਸ।
"ਇਸ ਕੋ ਨਾਲ਼ ਲੈ ਜਾਈਐ' ਬਾਬਾ ਕਿਹਾ ਆਣ
ਬਲਵੰਡ ਮੇਰਾ ਰਬਾਬੀ ਹੈ ਕੀਤਾ ਗੁਰ ਫੁਰਮਾਨ।
ਚਉਕੀ ਕਰੇਗਾ ਸ਼ਬਦ ਦੀ ਤੁਸਾਂ ਦੇ ਰੂ-ਬ-ਰੂ
ਜਿਉਂ ਦੰਦਾਂ ਮੇਂ ਜੀਭ ਰਵੇ ਇਸ ਕੋ ਰੱਖਣਾ ਇਉਂ।"
ਸ਼ਬਦ ਵਿਚ ਹੀ ਸਤਗੁਰੂ ਸਭ ਕਰਕੇ ਰੂਪਮਾਨ
ਸ਼ਬਦ ਵਿਚ ਹੀ ਢਾਲ਼ਿਆ ਖ਼ੁਦ ਦਾ ਜੀਵਨ ਆਣ।
'ਆਪ ਨਰਾਇਣ ਕਲਾਧਾਰ' ਨਾਨਕ ਰੂਪ ਅਕਾਲ
ਪੰਜ-ਭੌਤਕ ਜਾਮੇ ਵਿਚ ਧਰਮ ਸਤਿ ਮਸ਼ਾਲ।

UNISTAR BOOKS PVT LTD
Unistar Books Pvt
Unistar Books Pvt Ltd
UNISTAR BOOKS PVT LTD

ਨਿਜ-ਅੰਗ ਤੇ ਗੁਰ ਅੰਗਦ ਕਰ ਦਿੱਤਾ ਗੁਰ ਸਤਿਕਾਰ
ਸਭਨਾਂ ਸੀਸ ਝੁਕਾਇਆ ਸੰਗਤ ਤੇ ਪਰਿਵਾਰ।

ਧਰਮ ਪ੍ਰਚਾਰ ਦੇ ਕੇਂਦਰ ਦਾ ਕਰ ਵਿਸਥਾਰ ਖਡੂਰ
ਨੇੜ-ਤੇੜ ਦੇ ਰਿਸ਼ਤਿਆਂ ਨੂੰ ਸੱਦਿਆ ਫੇਰ ਹਜ਼ੂਰ।
ਸਿੱਖੀ ਨਿਯਮਤ ਨਿਯਮਾਂ ਦਾ ਦਿੱਤਾ ਗੁਰ ਉਪਦੇਸ਼
ਜੋੜੇ ਪਰਿਵਾਰਕ ਰਿਸ਼ਤੇ ਲਹਿਣੇ ਮੰਨ ਆਦੇਸ਼।
ਨਾਨਕ ਨਿਰਮਲ ਪੰਥ ਦੀ ਰੈਹਤ ਬੈਹਤ ਸੰਭਾਲ
ਸਿੱਖੀ ਮਹਿਲ ਉਸਾਰਿਆ ਕਰਕੇ ਕਰੜੀ ਘਾਲ਼।
ਨਾਨਕ ਦੀ ਅਜ਼ਮਤ ਅਤੇ ਸ਼ਬਦ ਦੀ ਸੁਰਤ ਸੰਭਾਲ਼
ਲਹਿਣੇ ਨੇ ਪੂਰਾ ਜੀਵਨ ਸ਼ਬਦ 'ਚ ਦਿੱਤਾ ਢਾਲ਼।
ਨਾਨਕ ਸ਼ਬਦ ਨੂੰ ਜੋੜਿਆ ਗੁਰ ਲਹਿਣੇ ਬਾਣੀ ਨਾਲ਼
ਨਾਨਕ ਜੋਤ ਦੀ ਏਕਤਾ ਦੀ ਪ੍ਰਮਾਣੀਕ ਮਿਸਾਲ।

ਧੰਨ ਉਹ ਭੂਮ ਰੰਗਾਵਲੀ ਧੰਨ ਤਲਵੰਡੀ ਬਾਰ
ਧੰਨ-ਧੰਨ ਦਾਈ ਦੌਲਤਾਂ ਜਿਸ ਤੱਕਿਆ ਨੂਰ ਜਮਾਲ।
ਧੰਨ ਜਨਨੀ ਮਾਂ ਤ੍ਰਿਪਤਾ ਪਿਤਾ ਕਾਲੂ ਪਰਧਾਨ
ਮਾਤ ਪਿਤਾ ਬਣ ਨੂਰ ਦੇ ਅਮਰ ਦੁਨੀ ਹੋਏ ਜੁਾਣ।
ਧੰਨ-ਧੰਨ ਬੇਬੇ ਨਾਨਕੀ ਧੰਨ ਜੈਰਾਮ ਦਰਵੇਸ਼।
ਪਿਆਰਿਆ ਤੇ ਸਤਿਕਾਰਿਆ ਨਾਨਕ ਵੀਰ ਹਮੇਸ਼।
ਧੰਨ-ਧੰਨ ਮਾਤ ਸੁਲੱਖਣੀ ਝੱਲੀ ਜਾਏ ਨਾ ਝਾਲ
'ਸਾਚ ਸੀਲ ਸੁਚ ਸੰਜਮੀ' ਪਰਮ ਪੁਰਖ ਦੀ ਨਾਰ।
ਧੰਨ ਸ੍ਰੀ ਚੰਦ, ਲੱਖਮੀ ਦਾਸ ਨਾਨਕ ਦੇ ਦੋ ਬਾਲ
ਦੈਵੀਪਣ ਤੇ ਦੁਨਿਆਦਾਰੀ ਦੀ ਸਨ ਅਜਬ ਮਿਸਾਲ।
ਧੰਨ ਸੀ ਹਾਕਮ ਰਾਏ ਬੁਲਾਰ ਵਿਚ ਤਲਵੰਡੀ ਬਾਰ
ਨੂਰ ਜਾਣ ਅੱਲਾਹ ਦਾ ਕੀਤਾ ਪੁੱਤਾਂ ਵਾਂਗ ਪਿਆਰ।
ਧੰਨ ਧੰਨ ਭਾਈ ਮਰਦਾਨਾ ਜਿਸ ਬਾਣੀ ਗਾ ਅਕਾਲ
ਅਕਾਲ ਰੂਪ ਦੇ ਸੰਗ ਹੈ ਬਣਿਆ ਸਾਥ ਕਮਾਲ।
ਧੰਨ-ਧੰਨ ਬਾਬਾ ਬੁੱਢਾ ਜੀ ਪਾ ਬਾਬੇ ਤੋਂ ਸਤਿਕਾਰ
ਰਸਮ ਨਿਭਾਈ ਗੁਰਗੱਦੀ ਰਹੇ ਛੇ ਪਾਤਸ਼ਾਹੀਆਂ ਨਾਲ਼।
ਧੰਨ ਅੰਗਦ ਜਿਸ ਅੰਗ ਲਾ ਨਾਨਕ ਰੂਪ ਅਕਾਲ
ਸਿੱਖੀ ਬੂਟਾ ਲਾਇਆ ਡੂੰਘੀ ਨੀਂਵ ਪਾਤਾਲ।
ਧੰਨ ਉਹ ਜੀਵ ਕਲਯੁਗੀ ਕਰ ਨਾਨਕ ਦੀਦਾਰ
ਨਾਮ ਰੂਪ ਬੇੜੇ ਚੜ੍ਹੇ ਭਵਜਲ ਉਤਰੇ ਪਾਰ।



UNISTAR BOOKS PVT LTD.
Unistar Books Pvt Ltd.

"ਧੰਨੁ ਸੁ ਕਾਗਦੁ ਕਲਮ ਧੰਨੁ ਧਨੁ ਭਾਂਡਾ ਧਨੁ ਮਸੁ॥
ਧਨੁ ਲੇਖਾਰੀ ਨਾਨਕਾ ਜਿਨਿ ਨਾਮੁ ਲਿਖਾਇਆ ਸਚੁ॥"

ਵਿਚ ਹਯਾਤੀ ਜਾਨਸ਼ੀਨ ਚੁਣ ਲਹਿਣੇ ਨੂੰ ਅੰਗ ਲਾ
'ਤੂੰ ਮੈਂ', 'ਮੈਂ ਤੂੰ' ਇਕ ਹੋਏ ਅੰਗਦ! ਗੁਰਾਂ ਕਿਹਾ।
ਕਰਕੇ ਸ਼ਬਦ ਦੀ ਥਾਪਣਾ ਬਖ਼ਸ਼ ਹਕੀਕੀ ਰਾਜ
ਦੀਨ ਦੁਨੀਆ ਛਤ੍ਰ ਸਿਰ ਲਹਿਣੇ ਧਰ ਮਹਾਰਾਜ।
ਹੱਥ ਜੋੜ ਖੜ੍ਹੇ ਹੋਏ ਅੰਗਦ ਨਾਨਕ ਦੁਆਰ
"ਸੰਗਤ ਨਾਲ਼ੋਂ ਟੁੱਟੀ ਪਾਤਸ਼ਾਹ ਲੜ ਲਾਈ ਐ ਜੀ ਪਾਰ।"
'ਤੇਰਾ ਸਦਕਾ ਸਭਾ ਬਖ਼ਸ਼ੀ' ਆਖਿਆ ਦੀਨ ਦਿਆਲ
ਗੁਰ ਅੰਗਦ ਪੈਰੀਂ ਪਏ ਸੁਣਦਿਆਂ ਬਚਨ ਰਸਾਲ।
ਬਣਿਆ ਲਹਿਣਾ ਅਨਿਨ ਸੇਵਕ ਤੇ ਪੱਕਾ ਰਾਜ਼ਦਾਰ
ਸਿਰ 'ਤੇ ਛਤ੍ਰ ਝੁਲਾ ਕੇ ਮੁੜ ਆਏ ਪੁਰ ਕਰਤਾਰ।
ਭੁੱਲੀ ਅੰਧ ਲੋਕਾਈ ਨੂੰ ਲਾਉਣ ਲਈ ਗੁਰ ਜਾਗ
ਨੇਰ੍ਹੀ ਤੋਂ ਨੇਰ੍ਹੀ ਨੁਕਰ ਵਿਚ ਬਾਲੇ ਗਿਆਨ ਚਿਰਾਗ਼।
ਅੰਗਦ ਰੰਗਿਆ ਨਾਮ ਰੰਗ ਸੀ ਦੇਹੀ ਚੋਲਾ ਖ਼ਾਸ
ਜੋਤ ਟਿਕਾਈ ਖ਼ੁਦ ਦੀ ਜਿਸ ਵਿਚ ਨਾਨਕ ਆਪ।
ਜੋਤ ਉਹੀ ਸੀ ਜੁਗਤ ਸਾਇ ਕਾਇਆ ਗਈ ਪਲਟ
'ਗੁਰ ਚੇਲਾ' 'ਚੇਲਾ ਗੁਰੂ', ਕਾਈ ਰਿਹਾ ਨਾ ਫ਼ਰਕ।
ਪੰਜ ਮਾਂਹ ਤੇ ਦਿਨ ਸਤਾਰਾਂ ਤੇ ਕੁੱਲ ਸੱਤਰ ਸਾਲ
ਕੱਟੇ ਜੋ ਸਰੀਰਕ ਜਾਮੇ ਨਾਨਕ ਰੂਪ ਅਕਾਲ।
ਪੁਰਾਤਨ ਜਨਮ ਸਾਖੀ ਦੇ ਲੇਖਕ ਦੇ ਅਨੁਸਾਰ
'ਚਲਾਣੈ ਦੇ ਘਰ ਗੁਰ ਬਾਬਾ' ਖ਼ਬਰ ਹੋਈ ਪਰਿਵਾਰ।

UNISTAR BOOKS PVT LTD.
Unistar Books Pvt
Unistar Books Pvt Ltd.
UNISTAR BOOKS PVT LTD.

## ਸੰਪੂਰਨ ਥੀਆ ਰਾਮ

ਸੱਦੇ ਆਏ ਜਾਨੀਆ ਹੁਕਮੀ ਹੁਕਮ ਹੋਆ
ਸਦਣਹਾਰਾ ਸਿਮਰਦੇ ਬਾਬਾ ਵਿਚ ਉਮਾਹ।
ਅਸੂ ਵਦੀ ਦਸਵੀਂ ਦਿਨ ਸੀ ਅੰਮ੍ਰਿਤ ਵੇਲ਼ਾ
ਪੁੱਜੇ ਹੇਠ ਸ਼ਰੀਂਹ ਦੇ ਗੁਰ ਰਾਵੀ ਕੰਢੇ ਜਾ।
ਅੰਤਿਮ ਵੇਲ਼ਾ ਜਾਣ ਗੁਰ ਪੈ ਗਏ ਮੰਜਾ ਡਾਹ
ਬੈਠੀ ਮਾਤ ਸੁਲੱਖਣੀ ਡਾਢਾ ਰੱਖ ਜੇਰਾ।
ਡੱਕੇ ਕੰਡਿਆਂ ਤੀਕਰਾਂ ਭਰ ਵਗਣ ਦਰਿਆ
ਰੋਵੇ ਬਿਰਹਾ ਤਨ ਦਾ ਮਨ ਬੈਰਾਗ਼ ਭਇਆ।
ਲੰਘ ਉੱਤੋਂ ਐਰਾਵਤੀ ਠੰਢੀ ਸ਼ੀਤ ਹਵਾ
ਬਾਬੇ ਕੋਲ਼ੋਂ ਲੰਘਦਿਆਂ ਝੁਕੀ ਸੀਸ ਨਿਵਾ।
ਬਾਬਾ ਰੰਗ ਵਿਸਮਾਦ ਥੀਂ 'ਅਸੁਨ ਆਓ ਪਿਰਾ'
ਸ਼ਬਦ ਗਾਉਣ ਸਤਸੰਗਤੀ ਦੇ ਉਪਦੇਸ਼ ਕਿਹਾ।
ਸੱਦਣਹਾਰਾ ਸਿਮਰਿਆ ਆਰਤੀ ਕੀਰਤਨ ਗਾ
ਬੈਰਾਗੀ ਸੰਗਤ ਭਈ ਤਿਤ ਮਹਲ ਸ਼ਬਦ ਹੋਆ।
ਰਲ ਮਿਲ ਗਾਇਆ ਸੰਗਤੀ ਨਿਰਭਓ ਕਾ ਸੋਹਿਲਾ
'ਪਵਣੁ ਗੁਰੂ ਪਾਣੀ ਪਿਤਾ' ਫਿਰ ਸਲੋਕ ਪੜ੍ਹਿਆ।
'ਕੇਤੀ ਛੁੱਟੀ ਨਾਲ' ਗੁਰ ਤਦ ਨੇਤਰ ਮੁੰਦੇ ਆ
ਢਕਿਆ ਮੁੱਖ ਸੰਗ ਚਾਦਰੇ ਗੁਰ ਮੱਥਾ ਟੇਕਿਆ।
ਅੰਗਦ ਮਾਹਿ ਅਭੇਦ ਕਰ ਕਾਇਆ ਪਲਟ ਥੀਆ
ਜੋਤ ਰਲ਼ੀ ਜਾ ਜੋਤ ਮਹਿੰ ਸੰਪੂਰਨ ਥੀਆ।
'ਬਲਿਓ ਚਿਰਾਗ਼ ਅੰਧਾਰ ਮਾਹਿੰ' ਸਭ ਕੁਲ ਉਧਰਿਆ
'ਕਲਿਜੁਗ ਪ੍ਰਮਾਣੁ ਨਾਨਕ ਗੁਰ', ਗੁਰ ਅੰਗਦ ਭਇਆ।

UNISTAR BOOKS PVT LTD.
Unistar Books Pvt Ltd.
Unistar Books Pvt Ltd.
Unistar Books Pvt Ltd.
UNISTAR BOOKS PVT LTD.

UNISTAR BOOKS PVT LTD.
Unistar Books Pv
Unistar Books Pvt Ltd.
UNISTAR BOOKS PVT LTD.